

# ਉਪਨਿਸ਼ਦਾਂ ਦੀਆਂ ਕਹਾਣੀਆਂ

ਭਗਵਾਨ ਸਿੰਘ

ਕਲਾਸਕੀ ਸਾਹਿਤ ਪੁਸਤਕਮਾਲਾ

# ਉਪਨਿਸ਼ਦਾਂ ਦੀਆਂ ਕਹਾਣੀਆਂ

ਭਗਵਾਨ ਸਿੰਘ

ਅਨੁਵਾਦਕ :

ਡਾ. ਰਤਨ ਸਿੰਘ ਜੱਗੀ

ਨੈਸ਼ਨਲ ਬੁਕ ਟਰੱਸਟ, ਇੰਡੀਆ

| LEICESTER CITY LIBRARIES | |
|---|---|
| 68404014661049 | |
| STAR | 10/6/09 |
| F | £2.25 |
| | |



ISBN 978-81-237-2855-1

1999 (ਸ਼ੱਕ ਸੰਮਤ 1921)

ਦੂਜਾ ਸੰਸਕਰਣ 2008 (ਸ਼ੱਕ ਸੰਮਤ 1929)



ਮੂਲ © ਭਗਵਾਨ ਸਿੰਘ

ਪੰਜਾਬੀ ਅਨੁਵਾਦ © ਨੈਸ਼ਨਲ ਬੁਕ ਟਰੱਸਟ, ਇੰਡੀਆ



Upanishadon Ki Kahaniyan *(Punjabi)*

ਮੁੱਲ : 45.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ

ਏ-5, ਗਰੀਨ ਪਾਰਕ, ਨਵੀਂ ਦਿੱਲੀ–110016 ਵੱਲੋਂ ਪ੍ਰਕਾਸ਼ਿਤ ।

# ਵਿਸ਼ੈ ਸੂਚੀ


ਕਹਾਣੀਕਾਰਾਂ ਦਾ ਜ਼ਮਾਨਾ VII

ਰੈਕਵ ਦੀ ਕਥਾ 1

ਸਭ ਤੋਂ ਪੁਰਾਣੀ ਚੋਣ-ਮੁਹਿੰਮ 8

ਬੇਚਾਰੀ ਸ਼ਤਰੂਪਾ 14

ਭਰਾਵਾਂ ਦਾ ਝਗੜਾ 18

ਬੇਚਾਰੇ ਪ੍ਰਜਾਪਤੀ 23

ਕਰਦਾ ਕਰਤਾ ਹੈ, ਭਰਦਾ ਕਰਣ ਹੈ 26

ਜਾਤੀਆਂ ਦਾ ਝਮੇਲਾ 31

ਹਿਰਣਯਸ਼੍ਰਿੰਗਾ ਗਊਆਂ ਅਤੇ ਬ੍ਰਹਮ 35

ਅਸ਼ਵਲ ਚੁੱਪ ਕਿਉਂ ਰਹਿੰਦੇ? 36

ਅਧਿਆਤਮਵਾਦੀ ਜੋਤਿ-ਗਿਆਨ 41

ਸਭ ਕੁਝ ਦੇਖਦਾ ਹੈ ਬ੍ਰਹਮਵਾਦੀ 44

ਅਦ੍ਰਿਸ਼ ਦਾ ਦਰਸ਼ਨ 49

ਬ੍ਰਹਮਵਾਦੀ ਜਾਤਿ ਨੂੰ ਨਹੀਂ ਮੰਨਦੇ 51

ਅਤਿ-ਪ੍ਰਸ਼ਨ ਤੋਂ ਬਚੋ 52

ਵਾਯੂ ਧਾਗਾ ਹੈ 53

ਫਿਰ ਉਹੀ ਗਾਰਗੀ 55

ਵਾਦੇ ਵਾਦੇ ਜਾਯਤੇ ਸਿਰਫ਼ ਕ੍ਰੋਧ 57

ਦੰਗਲ ਦਾ ਅੰਤਿਮ ਦੌਰ 66

ਬ੍ਰਹਮ ਦੀ ਲੱਤ 70

ਪਰਮਾਨੰਦ ਦਾ ਮੁੱਲ 75

ਆਚਾਰਯ ਦੇਵੋ ਮਾ ਭਵ 85
ਭੂਮਾ ਦਾ ਸੁਖ 93
ਵੈਸ਼ਵਾਨਰ ਆਤਮਾ 102
ਅਧਿਆਤਮਿਕ ਸਰੀਰ-ਵਿਗਿਆਨ 106
ਸ਼ਵੇਤਕੇਤੂ ਦਾ ਦੁਰਭਾਗ 110
ਘੋੜੇ ਦੇ ਮੂੰਹ ਤੋਂ 119
ਮੌਤ ਨੂੰ ਸਮਰਪਿਤ ਬਾਲਕ 130
ਸਤਿਕਾਮ 149
ਬ੍ਰਹਮਵਾਦੀ ਸਿੱਖਿਆ ਪ੍ਰਣਾਲੀ 164
ਉਸ਼ਸਤਿ 168
ਮੈਤ੍ਰੇਈ ਨੂੰ ਕੀ ਮਿਲਿਆ 174
ਮੌਤ ਹੀ ਬ੍ਰਹਮ ਹੈ 184
ਸਾਖਿਆਤਕਾਰ ਆਤਮ-ਸਾਖਿਆਤਕਾਰ ਲਈ 189
ਗੁਰੂ ਮਿਲੇ ਤਾਂ ਵਰੁਣ 200
ਕੁੱਤੇ ਦਾ ਬ੍ਰਹਮ-ਗਿਆਨ 203
ਬਹੁਤ ਔਖਾ ਹੈ ਸ਼ਵੇਤਕੇਤੂ ਨੂੰ ਸਮਝਾਉਣਾ 206
ਦ੍ਰਿਪਤ ਬਾਲਕੀ 211

# ਕਹਾਣੀਕਾਰਾਂ ਦਾ ਜ਼ਮਾਨਾ

ਇਹ ਜ਼ਮਾਨਾ ਵੀਹਵੀਂ ਸਦੀ ਤੋਂ ਓਨਾ ਹੀ ਦੂਰ ਸੀ ਜਿੰਨਾ ਸੁਪਰ-ਸੋਨਿਕ ਤੋਂ ਖੋਤਾ। ਰਫ਼ਤਾਰ ਵੀ ਉਹੀ। ਹਰ ਚੀਜ਼ ਢਿਲੀ-ਮੱਠੀ ਸੀ ਅਤੇ ਲੋਕ ਦੇਖਣ ਵਿਚ ਗੰਵਾਰ ਜਿਹੇ ਲਗਦੇ ਸਨ। ਦਾੜ੍ਹੀ ਵਧੀ ਹੋਈ, ਵਾਲ ਖਿਲਰੇ ਹੋਏ, ਵਿਚਾਰ ਉਲਝੇ ਹੋਏ। ਪਰ ਉਹ ਵੀਹਵੀਂ ਸਦੀ ਦੇ ਲੋਕਾਂ ਵਲ ਉਂਗਲ ਚੁਕ ਕੇ ਕਹਿ ਰਹੇ ਸਨ, ਉਨ੍ਹਾਂ ਮੂਰਖਾਂ ਨੂੰ ਵੇਖੋ। ਉਹ ਜ਼ਿਆਦਾ ਖਾਣ ਦੇ ਲੋਭ ਵਿਚ ਆਪਣੇ ਸਮੁੰਦਰ ਅਤੇ ਆਸਮਾਨ ਤਕ ਨੂੰ ਖਾਈ ਜਾ ਰਹੇ ਹਨ। ਆਪਣੇ ਭਵਿੱਖ ਨੂੰ ਖਾਂਦੇ ਜਾ ਰਹੇ ਹਨ ਅਤੇ ਫਿਰ ਵੀ ਆਪਣੇ ਆਪ ਨੂੰ ਵਿਗਿਆਨੀ ਸਮਝਦੇ ਹਨ। ਉਹ ਹਜ਼ਾਰਾਂ ਸਾਲਾਂ ਦੀ ਦੂਰੀ ਦੇ ਆਰ-ਪਾਰ ਦੇਖ ਰਹੇ ਸਨ, ਜਿਵੇਂ ਸਮਾਂ ਵੀ ਉਨ੍ਹਾਂ ਲਈ ਕਿਸੇ ਮੈਦਾਨ ਵਾਂਗ ਪੱਧਰਾ ਹੋਵੇ। ਉਨ੍ਹਾਂ ਦੀ ਇਸ ਮਸ਼ਕਰੀ ਨੂੰ ਸੁਣ ਕੇ ਆਪਣੀ ਸਦੀ ਦੇ ਗਿਆਨ ਉਤੇ ਗ਼ਰੂਰ ਕਰਨ ਵਾਲਾ ਮੈਂ ਸ਼ਰਮ ਨਾਲ ਸਿਰ ਚੁਕਣ ਦੇ ਸਮਰਥ ਵੀ ਨਹੀਂ ਸਾਂ ਅਤੇ ਮੈਨੂੰ ਲਗ ਰਿਹਾ ਸੀ ਕਿ ਮੈਂ ਸਚਮੁੱਚ ਰੈਕਵ ਜਾਤ-ਬਿਰਾਦਰੀ ਵਿਚ ਸ਼ਾਮਲ ਹੋ ਗਿਆ ਹਾਂ। ਉਨ੍ਹਾਂ ਨੂੰ ਇਸ ਤਰ੍ਹਾਂ ਹੱਸਣ ਦਾ ਕੁਝ ਕੁ ਅਧਿਕਾਰ ਵੀ ਸੀ, ਕਿਉਂਕਿ ਉਨ੍ਹਾਂ ਦੀਆਂ ਨਦੀਆਂ ਸਿਰਫ਼ ਬਰਸਾਤ ਵਿਚ ਗੰਧਲਾਉਂਦੀਆਂ ਸਨ। ਉਨ੍ਹਾਂ ਦਾ ਆਸਮਾਨ ਸਿਰਫ਼ ਹਨ੍ਹੇਰੀਆਂ ਚਲਣ ਨਾਲ ਧੁੰਦਲਾ ਹੁੰਦਾ ਸੀ। ਉਨ੍ਹਾਂ ਦੀ ਧੁੱਪ ਸਿਰਫ਼ ਬੱਦਲ ਘਿਰਨ ਤੇ ਮੈਲੀ ਹੁੰਦੀ ਸੀ, ਉਨ੍ਹਾਂ ਦੇ ਵਿਚਾਰ ਕੇਵਲ ਆਵੇਗ ਦੀ ਤੀਬਰਤਾ ਵਿਚ ਮੈਲੇ ਹੁੰਦੇ ਸਨ, ਉਨ੍ਹਾਂ ਦਾ ਸਰੀਰ ਕੇਵਲ ਕੰਮ ਕਰਦੇ ਸਮੇਂ ਮੈਲਾ ਹੁੰਦਾ ਸੀ, ਉਨ੍ਹਾਂ ਦੀ ਆਤਮਾ ਤਾਂ ਮੈਲੀ ਹੁੰਦੀ ਹੀ ਨਹੀਂ ਸੀ। ਉਹ ਹੱਸਦੇ ਸਨ ਤਾਂ ਉਨ੍ਹਾਂ ਦੇ ਹਾਸੇ ਵਿਚ ਖੁਸ਼ੀ ਝਲਕਦੀ ਸੀ, ਹੰਕਾਰ ਝਲਕਦਾ ਸੀ, ਵਿਅੰਗ ਝਲਕਦਾ ਸੀ, ਪਰ ਮਨ ਦੀ ਮਲੀਨਤਾ ਨਹੀਂ ਝਲਕਦੀ ਸੀ। ਉਹ ਉਨ੍ਹਾਂ ਦੇ ਦਿਲ ਅਤੇ ਦਿਮਾਗ ਵਿਚ ਕਿਧਰੇ ਨਹੀਂ ਸੀ।

ਉਹ ਬਹੁਤ ਘਟ ਦੁਖੀ ਹੁੰਦੇ ਸਨ ਕਿਉਂਕਿ ਉਨ੍ਹਾਂ ਦੀ ਦੁੱਖ ਦੀ ਪਰਿਭਾਸ਼ਾ ਵੱਖਰੀ ਸੀ। ਸਾਡੀ ਪਰਿਭਾਸ਼ਾ ਦੇ ਬਹੁਤ ਸਾਰੇ ਦੁੱਖਾਂ ਨੂੰ ਉਹ ਚੁੱਪਚਾਪ ਪੀ ਜਾਂਦੇ ਸਨ, ਜਿਵੇਂ ਉਹ ਦੁੱਖ ਹੋਵੇ ਹੀ ਨਾ। ਪਰ ਜਦੋਂ ਦੁੱਖ ਉਨ੍ਹਾਂ ਦੀ ਪਰਿਭਾਸ਼ਾ ਦੇ ਅਨੁਸਾਰ ਵੀ ਦੁੱਖ ਬਣ ਜਾਂਦਾ ਸੀ ਤਾਂ ਉਸ ਨਾਲ ਹੰਝੂਆਂ ਦੀ ਥਾਂ 'ਤੇ ਦਰਸ਼ਨ ਟਪਕਣ ਲਗਦਾ ਸੀ।

ਉਨ੍ਹਾਂ ਦੇ ਮੁਖੜਿਆਂ 'ਤੇ ਗਿਆਨ ਤੇਜ ਅਤੇ ਤ੍ਰਿਪਤੀ ਬਣ ਕੇ ਝਲਕਦਾ ਸੀ। ਉਨ੍ਹਾਂ ਦੀਆਂ ਜ਼ਰੂਰਤਾਂ ਬਹੁਤ ਘੱਟ ਸਨ। ਉਹ ਸਭ ਕੁਝ ਆਪਣੇ ਲਈ ਨਹੀਂ ਚਾਹੁੰਦੇ ਸਨ। ਪੇਟ ਭਰਨ ਉਪਰੰਤ ਉਨ੍ਹਾਂ ਦੀ ਭੁੱਖ ਤੇਜ਼ ਨਹੀਂ ਸੀ ਹੁੰਦੀ। ਉਹ ਬਹੁਤ ਘੱਟ ਚੀਜ਼ਾਂ ਤੋਂ ਡਰਿਆ ਕਰਦੇ ਸਨ, ਬਹੁਤ ਸਾਰੀਆਂ ਚੀਜ਼ਾਂ ਉਤੇ ਭਰੋਸਾ ਕਰਦੇ ਸਨ ਅਤੇ ਘਿਰਣਾ ਤਾਂ ਕਿਸੇ

ਚੀਜ਼ ਨੂੰ ਕਰਦੇ ਹੀ ਨਹੀਂ ਸਨ।

ਉਸ ਯੁਗ ਵਿਚ ਸੋਚਣ ਦੇ ਕੰਮ ਵਿਚ, ਸੋਚਣ ਵਿਚ ਮਾਹਿਰ ਲੋਕਾਂ ਨਾਲ, ਉਨ੍ਹਾਂ ਨੇ ਤਾਲ-ਮੇਲ ਕਰਨਾ ਸ਼ੁਰੂ ਕਰ ਦਿੱਤਾ ਸੀ ਜੋ ਹੁਣ ਤਕ ਸਾਰੇ ਕੰਮ ਬਿਨਾਂ ਸੋਚੇ-ਵਿਚਾਰੇ, ਸੀਨਾਜ਼ੋਰੀ ਨਾਲ ਕਰਦੇ ਆਏ ਸਨ। ਆਦਤ ਅਨੁਸਾਰ ਉਨ੍ਹਾਂ ਨੇ ਸੋਚਣ ਦਾ ਕੰਮ ਵੀ ਸੀਨਾਜ਼ੋਰੀ ਨਾਲ ਹੀ ਕਰਨਾ ਸ਼ੁਰੂ ਕੀਤਾ। ਪਹਿਲਾਂ ਤੋਂ ਚਲੇ ਆ ਰਹੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਉਹ ਇਸ ਤਰ੍ਹਾਂ ਉਲਟ-ਪੁਲਟ ਰਹੇ ਸਨ ਕਿ ਲਗਦਾ ਸੀ ਕੋਈ ਚੀਜ਼ ਆਪਣੀ ਸਹੀ ਥਾਂ ਉਤੇ ਰਹਿ ਹੀ ਨਹੀਂ ਸਕੇਗੀ। ਉਹ ਕਹਿੰਦੇ ਸਨ, ਵੇਦ ਵੇਦ ਨਹੀਂ ਹੈ, ਯੱਗ ਯੱਗ ਨਹੀਂ ਹੈ, ਗਿਆਨ ਗਿਆਨ ਨਹੀਂ ਹੈ, ਸੰਸਾਰ ਸੰਸਾਰ ਨਹੀਂ ਹੈ, ਪਰਾਇਆ ਪਰਾਇਆ ਨਹੀਂ ਹੈ, ਆਪਣਾ ਆਪਣਾ ਨਹੀਂ ਹੈ, ਉਨ੍ਹਾਂ ਦੇ ਗਿਆਨ ਦੇ ਸਾਧਨ ਬਹੁਤ ਸੀਮਿਤ ਅਤੇ ਵਿਸ਼ਵਾਸ ਕਰਨ ਯੋਗ ਨਹੀਂ ਸਨ, ਪਰ ਉਹ ਜੋ ਕੁਝ ਸੋਚਦੇ ਸਨ ਬਹੁਤ ਸਾਫ਼ ਸੋਚਦੇ ਸਨ ਕਿਉਂਕਿ ਨਿਡਰ ਹੋ ਕੇ ਸੋਚਦੇ ਸਨ।

ਸੋਚਣ ਦੇ ਕੰਮ ਵਿਚ ਜੁੱਟਣ ਵਾਲੇ ਇਨ੍ਹਾਂ ਨਵੇਂ ਸੋਚਵਾਨਾਂ ਲਈ ਸੋਚਣ ਦਾ ਕੰਮ ਨਵਾਂ-ਨਵਾਂ ਸੀ। ਇਸ ਲਈ ਉਹ ਬਹੁਤ ਜ਼ੋਰ ਲਗਾ ਕੇ ਸੋਚ ਰਹੇ ਸਨ ਅਤੇ ਲਗਾਤਾਰ ਸੋਚਦੇ ਹੀ ਜਾ ਰਹੇ ਸਨ। ਉਹ ਖ਼ੁਦ ਵੀ ਨਹੀਂ ਜਾਣਦੇ ਸਨ ਕਿ ਏਨਾ ਸੋਚ ਕੇ ਉਹ ਕਰਨਗੇ ਕੀ? ਅਤੇ ਆਪਣੇ ਓਜਸਵੀ ਵਿਚਾਰਾਂ ਨੂੰ ਰਖਣਗੇ ਕਿਥੇ? ਉਨ੍ਹਾਂ ਨੂੰ ਇਕ ਪਰੇਸ਼ਾਨੀ ਇਹ ਸੀ ਕਿ ਉਹ ਆਪਣੇ ਵਿਚਾਰਾਂ ਨੂੰ ਠੋਸ ਬਣਾਉਣ ਦੇ ਲੱਖ ਯਤਨ ਕਰਦੇ ਪਰ ਉਹ ਮੁੜ ਮੁੜ ਅਮੂਰਤ ਹੋ ਜਾਂਦੇ ਸਨ। ਇਨ੍ਹਾਂ ਨੂੰ ਠੋਸ ਬਣਾਉਣ ਲਈ ਉਹ ਗੱਲ ਗੱਲ ਵਿਚ ਕਹਾਣੀਆਂ ਅਤੇ ਕਵਿਤਾਵਾਂ, ਬੁਝਾਰਤਾਂ, ਅਤੇ ਉਲਟਬਾਂਸੀਆਂ ਘੜਦੇ ਸਨ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਧਰਤੀ ਤੋਂ ਆਕਾਸ਼ ਤਕ ਦੌੜਦੇ ਫਿਰਦੇ ਸਨ ਅਤੇ ਹਰ ਕਿਸੇ ਨੂੰ ਫੜ ਲੈਂਦੇ ਸਨ, ਪਰ ਗੱਲ ਕੁਝ ਇਹੋ ਜਿਹੀ ਸੀ ਕਿ ਵਾਰ-ਵਾਰ ਕਹਿਣ ਤੇ ਵੀ ਅਣਕਹੀ ਰਹਿ ਜਾਂਦੀ। ਠੋਸ ਬਣਾਉਣ ਦੀ ਕੋਸ਼ਿਸ਼ ਵਿਚ ਵੀ ਅਠੋਸ ਹੋ ਜਾਂਦੀ ਸੀ। ਸਮਝ ਵਿਚ ਆਉਂਦੇ ਹੋਏ ਵੀ ਸਮਝ ਵਿਚ ਨਹੀਂ ਸੀ ਆਉਂਦੀ। ਅਤੇ ਇਸ ਨੂੰ ਮੰਨਦੇ ਹੋਏ ਵੀ ਕੋਈ ਇਸ ਤਰ੍ਹਾਂ ਨਹੀਂ ਸੀ ਮੰਨਦਾ ਕਿ ਇਸ ਨੂੰ ਨਾ-ਮੰਨਣਾ ਨਾ ਕਿਹਾ ਜਾ ਸਕੇ। ਉਨ੍ਹਾਂ ਨੂੰ ਆਪਣੀ ਗੱਲ ਵਜ਼ਨਦਾਰ ਬਣਾਉਣ ਦਾ ਸ਼ੌਕ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਿਸੇ ਵਿਚਾਰ ਦਾ ਵਜ਼ਨ ਇਸ ਗੱਲ ਤੋਂ ਨਾਪਿਆ ਜਾ ਸਕਦਾ ਹੈ ਕਿ ਉਸ ਨੂੰ ਸਮਝਣ ਵਿਚ ਕਿਸੇ ਨੂੰ ਕਿੰਨਾ ਸਮਾਂ ਲਗਦਾ ਹੈ ਅਤੇ ਇਸ ਹੋੜ ਵਿਚ ਉਹ ਆਪਣੀਆਂ ਗੱਲਾਂ ਨੂੰ ਏਨਾ ਘੁਮਾ ਫਿਰਾ ਕੇ ਜਾਂ ਔਖੀਆਂ ਬਣਾ ਕੇ ਰਖਦੇ ਸਨ ਕਿ ਉਸਦਾ ਪਾਰ ਪਾਉਣ ਲਈ ਹਜ਼ਾਰਾਂ ਸਦੀਆਂ ਵੀ ਕਾਫ਼ੀ ਨਹੀਂ ਸਨ।

ਉਹ ਕੁਝ ਜਾਣਨ ਲਈ ਨਹੀਂ ਸੋਚਦੇ ਸਨ। ਜਾਣੇ ਹੋਏ ਦਾ ਆਨੰਦ ਲੈਣ ਲਈ ਸੋਚਦੇ ਸਨ। ਉਸਨੂੰ ਜੀਵਨ ਵਿਚ ਉਤਾਰਨ ਲਈ ਸੋਚਦੇ ਸਨ। ਸੋਚਦੇ ਰਹਿਣ ਲਈ ਸੋਚਦੇ ਸਨ। ਉਨ੍ਹਾਂ ਲੋਕਾਂ ਨੂੰ ਦੁਨੀਆ ਦੀ ਹਰ ਗੱਲ ਮਾਲੂਮ ਸੀ। ਜੋ ਹੋ ਚੁੱਕੀ ਉਹ ਵੀ, ਜੋ ਹੋਣ ਵਾਲੀ ਸੀ ਉਹ ਵੀ, ਅਤੇ ਜੋ ਨਹੀਂ ਸੀ ਹੋ ਸਕਦੀ ਉਹ ਵੀ। ਉਨ੍ਹਾਂ ਦੀਆਂ ਅੱਖਾਂ ਅੱਗੇ ਤਿੰਨੇ ਕਾਲ ਅਤੇ ਸੱਤੇ ਲੋਕ ਅੱਖ ਝਮਕਦਿਆਂ ਹੀ ਖੁਲ੍ਹ ਜਾਂਦੇ ਸਨ।

ਉਨ੍ਹਾਂ ਦੇ ਦੇਖਣ ਦਾ ਤਰੀਕਾ ਵੀ ਕੁਝ ਘੱਟ ਅਜੀਬ ਨਹੀਂ ਸੀ। ਸਾਨੂੰ ਕੁਝ ਦੇਖਣਾ

ਹੁੰਦਾ ਹੈ ਤਾਂ ਅਸੀਂ ਅੱਖਾਂ ਪਾੜ ਪਾੜ ਕੇ, ਐਨਕਾਂ, ਦੂਰਬੀਨ ਅਤੇ ਖੁਰਦਬੀਨ ਲਗਾ ਕੇ ਦੇਖਦੇ ਹਾਂ ਅਤੇ ਉਹ ਦੇਖਣ ਲਈ ਅੱਖਾਂ ਬੰਦ ਕਰ ਲੈਂਦੇ ਸਨ। ਉਨ੍ਹਾਂ ਵਿਚੋਂ ਜਾਣਕਾਰ ਲੋਕਾਂ ਦੀ ਮਾਨਤਾ ਸੀ ਕਿ ਬ੍ਰਹਿਮੰਡ ਬਾਹਰ ਨਹੀਂ ਹੈ ਸਾਰਾ ਬ੍ਰਹਿਮੰਡ ਉਨ੍ਹਾਂ ਦੇ ਅੰਦਰ ਭਰਿਆ ਹੋਇਆ ਹੈ। ਕਾਲ ਉਨ੍ਹਾਂ ਦੇ ਅੰਦਰ ਸਿਮਟਿਆ ਹੋਇਆ ਹੈ। ਬਾਹਰ ਤਾਂ ਉਸਦੀ ਛਾਇਆ ਮਾਤਰ ਹੈ। ਇਹ ਸੌਖੀ ਜਿਹੀ ਗੱਲ ਵੀ ਏਨੀ ਗੂੜ੍ਹ ਸੀ ਕਿ ਇਸਨੂੰ ਸਮਝਣ ਲਈ ਗੁਰੂ ਦਾ ਹੋਣਾ ਅਤੇ ਉਸਦੇ ਮੂੰਹੋਂ ਇਸਨੂੰ ਸੁਣਨਾ ਜ਼ਰੂਰੀ ਸੀ। ਉਸਦੀ ਅੱਖ ਕੁਝ ਇਸ ਤਰ੍ਹਾਂ ਬਣੀ ਸੀ ਕਿ ਪਲਕ ਝਮਕਦਿਆਂ ਹੀ ਉਨ੍ਹਾਂ ਦੀਆਂ ਪੁਤਲੀਆਂ ਬਾਹਰੋਂ ਅੰਦਰ ਪਰਤ ਜਾਂਦੀਆਂ ਸਨ ਅਤੇ ਕੋਈ ਚੀਜ਼ ਦੁਨੀਆ ਵਿਚ ਕਿਥੇ ਹੈ, ਕਿਉਂ ਹੈ, ਹੈ ਜਾਂ ਨਹੀਂ ਹੈ, ਹੋਵੇਗੀ ਜਾਂ ਨਹੀਂ ਹੋਵੇਗੀ, ਇਹ ਸਭ ਕੁਝ ਉਨ੍ਹਾਂ ਨੂੰ ਦਿਖਾਈ ਦੇਣ ਲਗ ਪੈਂਦਾ ਸੀ।

ਉਨ੍ਹਾਂ ਦੀ ਗਿਆਨ ਵਿਵੇਚਨਾ ਵਿਚ ਗਿਆਨ ਗਿਆਨ ਨਹੀਂ ਸੀ, ਪਰਲੇ ਦਰਜੇ ਦਾ ਅਗਿਆਨ ਸੀ। ਉਨ੍ਹਾਂ ਦੀ ਮਾਨਤਾ ਸੀ ਕਿ ਇਸ ਨਾਲ ਆਦਮੀ ਆਦਮੀ ਦੀ ਤਰ੍ਹਾਂ ਰਹਿਣ ਦੀ ਜਗ੍ਹਾ ਚਲਾਕ ਜਾਨਵਰਾਂ ਵਾਂਗ ਰਹਿਣ ਲਗਦਾ ਹੈ। ਬਹੁਤ ਜ਼ਿਆਦਾ ਖਾਂਦਾ ਹੈ, ਬਹੁਤ ਜ਼ਿਆਦਾ ਪੀਂਦਾ ਹੈ, ਬਹੁਤ ਜ਼ਿਆਦਾ ਭੋਗਦਾ ਹੈ, ਇੰਦ੍ਰੀਆਂ ਦਾ ਬਹੁਤ ਜ਼ਿਆਦਾ ਗ਼ੁਲਾਮ ਬਣਦਾ ਜਾਂਦਾ ਹੈ ਅਤੇ ਜੀਵਨ ਮਰਨ ਦੇ ਚੱਕਰ ਵਿਚ ਬਹੁਤ ਜ਼ਿਆਦਾ ਉਲਝਦਾ ਜਾਂਦਾ ਹੈ। ਉਹ ਆਪਣੀ ਚਲਾਕੀ ਵਿਚ ਵੀ ਮੂਰਖਤਾ ਕਰਦਾ ਹੈ ਕਿਉਂਕਿ ਕਾਲ-ਦੇਵ ਲਈ ਆਪਣੇ ਸਰੀਰ ਨੂੰ ਬੱਕਰੇ ਵਾਂਗ ਪਾਲ ਕੇ ਮੋਟਾ ਕਰਨ ਤੋਂ ਇਲਾਵਾ ਉਹ ਹੋਰ ਕੀ ਕਰਦਾ ਹੈ। ਅਸਲੀ ਗਿਆਨ ਤਾਂ ਜੀਵਨ ਅਤੇ ਜਗਤ ਦੇ ਪ੍ਰਤਿ ਸਹੀ ਦ੍ਰਿਸ਼ਟੀਕੋਣ ਹੈ।

ਇਕ ਅਜੀਬ ਗੱਲ ਇਹ ਸੀ ਕਿ ਉਨ੍ਹਾਂ ਨੂੰ ਅਗਿਆਨ ਨਾਲ ਵੀ ਓਨਾ ਹੀ ਪ੍ਰੇਮ ਸੀ ਜਿੰਨਾ ਗਿਆਨ ਨਾਲ ਸੀ। ਉਹ ਕਹਿੰਦੇ ਸਨ ਅਵਿਦਿਆ ਜਾਂ ਭੌਤਿਕ ਗਿਆਨ ਨਾਲ ਕੇਵਲ ਜੀਵਨ ਨਿਰਬਾਹ ਹੁੰਦਾ ਹੈ, ਕੇਵਲ ਮੌਤ 'ਤੇ ਜਿੱਤ ਪ੍ਰਾਪਤ ਹੁੰਦੀ ਹੈ। ਵਾਸਤਵਿਕ ਆਨੰਦ ਅਤੇ ਮੁਕਤੀ ਤਾਂ ਵਿਦਿਆ ਵਿਚ ਹੈ। ਇਸ ਬੋਧ ਵਿਚ ਹੈ ਕਿ ਸਾਰਾ ਬ੍ਰਹਿਮੰਡ ਸਾਡੇ ਅੰਦਰ ਹੈ ਅਤੇ ਅਸੀਂ ਹੀ ਇਸ ਸਾਰੇ ਬ੍ਰਹਿਮੰਡ ਵਿਚ ਹਾਂ। ਇਸ ਬ੍ਰਹਿਮੰਡ ਨੂੰ ਹਾਨੀ ਪਹੁੰਚਾ ਕੇ ਅਸੀਂ ਆਪਣਾ ਹੀ ਨੁਕਸਾਨ ਕਰਦੇ ਹਾਂ। ਇਹ ਵਿਸ਼ਵ ਸਾਡੇ ਵਿਚ ਹੈ ਅਤੇ ਇਸ ਵਿਸ਼ਵ ਵਿਚ ਅਸੀਂ ਹਾਂ। ਉਹ ਕਹਿੰਦੇ ਸਨ ਕਿ ਇਸ ਦੁਨੀਆ ਵਿਚ ਵੈਰ ਭਾਵ ਨਾਲ ਨਾ ਰਹੋ। ਮਿਤ੍ਰਤਾ ਨਾਲ ਰਹਿਣਾ ਸਿਖੋ।

ਉਹ ਕਹਾਣੀਕਾਰ ਨਹੀਂ ਸਨ ਪਰ ਕਹਾਣੀਆਂ ਘੜ ਰਹੇ ਸਨ। ਕਹਾਣੀ ਘੜਨ ਦਾ ਉਨ੍ਹਾਂ ਦਾ ਤਰੀਕਾ ਵੀ ਸ਼ਾਨਦਾਰ ਸੀ। ਸ਼ਬਦਾਂ ਦੀ ਥਾਂ ਉਹ ਜੀਉਂਦੇ ਜਾਗਦੇ ਪਾਤਰਾਂ ਨੂੰ ਚੁਕ ਲਿਆਉਂਦੇ ਅਤੇ ਫਿਰ ਉਨ੍ਹਾਂ ਤੋਂ ਜੋ ਚਾਹੁੰਦੇ ਅਖਵਾ ਲੈਂਦੇ, ਜਿਵੇਂ ਚਾਹੁੰਦੇ ਕਰਾ ਲੈਂਦੇ ਅਤੇ ਇਸ ਮਗਰੋਂ ਉਨ੍ਹਾਂ ਨੂੰ ਇਸ ਤਰ੍ਹਾਂ ਚੁੱਕ ਕੇ ਪਰੇ ਸੁੱਟਦੇ ਕਿ ਬਸ ਪਾਤਰਾਂ ਦੀਆਂ ਹੱਡੀਆਂ ਦਾ ਕੜਕਣਾ ਵੀ ਸੁਣਾਈ ਦਿੰਦਾ।

ਉਹ ਕਹਾਣੀਕਾਰ ਕਹਾਉਣ ਲਈ ਕਹਾਣੀਆਂ ਨਹੀਂ ਕਹਿ ਰਹੇ ਸਨ। ਉਹ ਕਹਾਣੀ ਕਹੇ ਬਿਨਾਂ ਰਹਿ ਨਹੀਂ ਸਕਦੇ ਸਨ। ਪਰ ਅਜਿਹੇ ਕਹਾਣੀਕਾਰ ਜੋ ਅਣਚਾਹੇ ਕਹਾਣੀ ਕਹਿ ਰਹੇ ਹੋਣ, ਕਹਾਣੀ ਦੇ ਨਾਲ ਕੁਝ ਨਵਾਂ ਗੁਲ ਤਾਂ ਖਿੜਾਉਣਗੇ ਹੀ। ਕਹਾਣੀ ਵਿਅਕਤੀ ਦੀ ਹੁੰਦੀ ਹੈ। ਇਨ੍ਹਾਂ ਨੂੰ ਕਹਾਣੀ ਉਸਦੀ ਕਹਿਣੀ ਪੈ ਗਈ ਸੀ ਜੋ ਸਮੁੱਚ ਦੇ

ਸਾਰ ਦਾ ਵੀ ਅਮੂਰਤਨ ਹੈ। ਉਨ੍ਹਾਂ ਨੇ ਕਹਾਣੀ ਦੇ ਤਕਾਜ਼ੇ ਨਾਲ ਇਸ ਨੂੰ ਪੁਰਸ਼ ਅਤੇ ਪ੍ਰਜਾਪਤੀ ਬਣਾ ਦਿੱਤਾ। ਹੁਣ ਇਹ ਅਜਿਹੇ ਧਾਕੜ ਕਹਾਣੀਕਾਰ ਬਣ ਗਏ ਜੋ ਅਨੁਭਵ ਕੀਤੇ ਸਚ ਨੂੰ ਬਦਲ ਕੇ ਕਹਾਣੀ ਅਨੁਸਾਰ ਇਕ ਨਵਾਂ ਸੱਚ ਘੜ ਲੈਂਦੇ ਸਨ ਅਤੇ ਘੜਦੇ ਸਮੇਂ ਇਸ ਗੱਲ ਤੋਂ ਬੇਖ਼ਬਰ ਬਣੇ ਰਹਿੰਦੇ ਸਨ ਕਿ ਉਹ ਕੁਝ ਘੜ ਵੀ ਰਹੇ ਹਨ। ਨਾਮ ਤਾਂ ਉਨ੍ਹਾਂ ਨੇ ਉਸੇ ਪੁਰਸ਼ ਦਾ ਦਿੱਤਾ ਅਤੇ ਗੱਲ ਇਹ ਸੀ ਕਿ ਨੱਕ-ਨਕਸ਼ ਨਦਾਰਦ। ਅੱਧੀ ਸਮੱਸਿਆ ਤਾਂ ਉਸ ਪੁਰਸ਼ ਦਾ ਪਤਾ ਮਾਲੂਮ ਕਰਨ ਦੀ ਸੀ ਜੋ ਹੈ ਵੀ ਅਤੇ ਨਹੀਂ ਵੀ ਹੈ। ਬਾਕੀ ਅੱਧੀ ਉਸਦੀ ਸ਼ਨਾਖਤ ਕਰਨ ਦੀ ਸੀ, ਜੋ ਨਿਰਾਕਾਰ ਤਾਂ ਹੈ ਪਰ ਏਨਾ ਨਿਰਾਕਾਰ ਵੀ ਨਹੀਂ ਕਿ ਉਸਨੂੰ ਆਕਾਰਹੀਣ ਕਿਹਾ ਜਾ ਸਕੇ। ਦੁਨੀਆ ਦੀ ਕਿਸੇ ਪੁਲਿਸ ਦਾ ਵਾਸਤਾ ਏਨੇ ਵੱਡੇ ਗੁਨਾਹਗਾਰ ਨਾਲ ਨਹੀਂ ਪਿਆ ਹੋਵੇਗਾ ਜਿਸਦੇ ਗੁਨਾਹਾਂ ਦਾ ਫਲ ਸਭ ਨੂੰ ਭੋਗਣਾ ਪੈ ਰਿਹਾ ਹੋਵੇ ਅਤੇ ਫਿਰ ਵੀ ਜਿਸਦੇ ਛਿਪਣ ਦੇ ਅੱਡੇ ਅਤੇ ਭੇਸ ਬਦਲਣ ਦੇ ਤਰੀਕੇ ਏਨੇ ਨਾਯਾਬ ਹੋਣ ਕਿ ਜਿਥੇ ਉਸਦੇ ਹੋਣ ਦਾ ਸ਼ਰਤੀਆ ਪਤਾ ਹੋਵੇ ਉਤੇ ਪਹੁੰਚਣ 'ਤੇ ਉਹ ਅਲੋਪ ਹੋਵੇ। ਜਿਸ ਨੂੰ ਪਛਾਣ ਕੇ ਉਸਨੂੰ ਪਕੜ ਲਉ ਪਰ ਨਜ਼ਰ ਮਾਰਦੇ ਹੀ ਕਹਿਣਾ ਪਵੇ, "ਮੁਆਫ ਕਰਨਾ, ਗਲਤੀ ਹੋ ਗਈ।" ਅਗਰ ਉਹ ਚੰਟ ਕਹਾਣੀਕਾਰ ਹੁੰਦੇ ਤਾਂ ਏਨਾ ਵੱਡਾ ਜੋਖਿਮ ਨਾ ਸਹੇੜਦੇ। ਕਹਾਣੀਕਾਰ ਕੁਝ ਇਲਤੀ ਅਤੇ ਕੁਝ ਚਲਾਕ ਕਿਸਮ ਦਾ ਜੀਵ ਹੁੰਦਾ ਹੈ ਜੋ ਸ਼ਹਿਦ ਵੀ ਕੁਝ ਇਸ ਅਦਾ ਨਾਲ ਚਟਦਾ ਹੈ ਕਿ ਦੇਖਣ ਵਾਲੇ ਨੂੰ ਲੱਗੇ ਉਹ ਮਖੀਰ ਦੇ ਛੱਤੇ ਨੂੰ ਮੂੰਹ ਮਾਰ ਰਿਹਾ ਹੈ। ਅਤੇ ਫਿਰ ਉਹ ਦੁਨੀਆਦਾਰ ਵੀ ਖ਼ਾਸਾ ਹੁੰਦਾ ਹੈ। ਉਹ ਸੋਚਦਾ ਘੱਟ ਹੈ, ਪਰ ਸੋਚਦਾ ਹੋਇਆ ਦਿਸਦਾ ਜ਼ਿਆਦਾ ਹੈ। ਲਿਖਦਾ ਘੱਟ ਹੈ ਪਰ ਲਿਖੇ ਹੋਏ ਨੂੰ ਵੇਚਣ ਦਾ ਢੇਰ ਸਾਰਾ ਇੰਤਜ਼ਾਮ ਕਰ ਲੈਂਦਾ ਹੈ।

ਉਹ ਵਿਚਾਰਾਂ ਨੂੰ ਕਹਾਣੀ ਅਤੇ ਕਹਾਣੀ ਨੂੰ ਕਵਿਤਾ ਅਤੇ ਕਹਾਣੀ ਅਤੇ ਕਵਿਤਾ ਦੋਹਾਂ ਨੂੰ ਘੋਟ-ਘਾਟ ਕੇ ਬ੍ਰਹਮ ਤੱਤ ਬਣਾ ਰਹੇ ਸਨ। ਇਸ ਨਾਲ ਇਕ ਨਵੀਂ ਵੰਨਗੀ ਪੈਦਾ ਹੋ ਰਹੀ ਸੀ। ਜਿਸ ਨੂੰ ਬੁੱਝੋ-ਤਾਂ-ਦੱਸੋ ਵੰਨਗੀ ਕਿਹਾ ਜਾ ਸਕਦਾ ਹੈ। ਉਹ ਅਜਿਹੇ ਲੋਕਾਂ ਦੇ ਲਈ ਮਸਾਲਾ ਤਿਆਰ ਕਰ ਰਹੇ ਸਨ ਜੋ ਪਾਠਸ਼ਾਲਾ ਤੋਂ ਏਨੀ ਦੂਰ ਰਖੇ ਜਾਂਦੇ ਸਨ ਕਿ ਉਨ੍ਹਾਂ ਦੇ ਸਰੀਰ ਦੀ ਛੋਹ ਨਾਲ ਅਪਵਿਤਰ ਹੋਈ ਹਵਾ ਵੀ ਪਾਠਸ਼ਾਲਾ ਵਿਚ ਪ੍ਰਵੇਸ਼ ਨਾ ਕਰ ਸਕੇ। ਉਨ੍ਹਾਂ ਦੀਆਂ ਕਹਾਣੀਆਂ ਅਕਹਾਣੀ ਵੰਨਗੀ ਦੀਆਂ ਆਦਿ ਕਹਾਣੀਆਂ ਸਨ। ਕੋਈ ਕਿੱਸਾਗੋ ਜੇ ਇਨ੍ਹਾਂ ਕਹਾਣੀਆਂ ਨੂੰ ਸੁਣਾਉਣ ਲਗਦਾ ਤਾਂ ਸ੍ਰੋਤਾ ਕਹਾਣੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਊਂਘਣਾ ਸ਼ੁਰੂ ਕਰ ਦਿੰਦਾ। ਇਸ ਨਾਲ ਇਨ੍ਹਾਂ ਕਹਾਣੀਆਂ ਦਾ ਨੁਕਸਾਨ ਨਹੀਂ ਹੋਇਆ। ਉਨ੍ਹਾਂ ਨੂੰ ਤਾਂ ਫ਼ਾਇਦਾ ਹੀ ਹੋਇਆ। ਸ੍ਰੋਤਿਆਂ ਦੀ ਊਂਘ ਅਤੇ ਝਪਕੀ ਦੇ ਪ੍ਰਤਾਪ ਨਾਲ ਕਹਾਣੀ ਬਾਰ-ਬਾਰ ਕਹੀ ਅਤੇ ਸੁਣੀ ਜਾਣ ਮਗਰੋਂ ਵੀ ਕਹਿਣ ਸੁਣਨ ਵਾਲਿਆਂ ਦਾ ਜੋ ਵੀ ਹੋਇਆ ਹੋਵੇ, ਇਨ੍ਹਾਂ ਕਹਾਣੀਆਂ ਦਾ ਕੁਝ ਨਹੀਂ ਵਿਗੜਿਆ। ਇਨ੍ਹਾਂ ਨੂੰ ਬਹੁਤਿਆਂ ਨੇ ਸੁਣਦੇ ਹੋਏ ਵੀ ਨਹੀਂ ਸੁਣਿਆ। ਪੜ੍ਹਦੇ ਹੋਇਆਂ ਵੀ ਨਹੀਂ ਪੜ੍ਹਿਆ, ਅਤੇ ਜਾਣਦੇ ਹੋਇਆਂ ਵੀ ਨਹੀਂ ਜਾਣਿਆ। ਉਨ੍ਹਾਂ ਦੀਆਂ ਕਵਿਤਾਵਾਂ ਮੁੜ-ਮੁੜ ਪੜ੍ਹੀਆਂ ਗਈਆਂ, ਪਰ ਉਹ ਅੱਜ ਵੀ ਪ੍ਰਾਣਵਾਯੂ ਵਾਂਗ ਸਫੂਰਤੀ-ਦਾਇਕ ਬਣੀਆਂ ਰਹਿ ਗਈਆਂ। ਉਨ੍ਹਾਂ ਦਾ ਦਰਸ਼ਨ ਅੱਜ ਵੀ ਇਤਨਾ ਪ੍ਰਾਣਵਾਨ ਹੈ ਕਿ ਲਗਦਾ

ਹੈ, ਇਹ ਸਾਡੇ ਯੁਗ ਦੇ ਗੰਭੀਰ ਪ੍ਰਸ਼ਨਾਂ ਨੂੰ ਲੈ ਕੇ ਹੀ ਲਿਖਿਆ ਗਿਆ ਹੈ। ਉਹ ਦੁਨੀਆ ਦੀ ਚਿੰਤਾ ਨਾ ਕਰਦੇ ਹੋਏ ਵੀ ਆਪਣੀ ਦੁਨੀਆ ਤੋਂ ਜ਼ਿਆਦਾ ਸਾਡੀ ਦੁਨੀਆ ਬਾਰੇ ਸੋਚ ਰਹੇ ਸਨ - ਵਾਯੂਮੰਡਲ ਦੇ ਵਿਨਾਸ਼ 'ਤੇ, ਪ੍ਰਾਕ੍ਰਿਤਕ ਸਾਧਨਾਂ ਦੀ ਗ਼ਲਤ ਵਰਤੋਂ 'ਤੇ, ਮੌਜ-ਮੇਲੇ ਵਾਲੀ ਸੰਸਕ੍ਰਿਤੀ ਦੀਆਂ ਬੁਰਾਈਆਂ 'ਤੇ, ਵਿਗਿਆਨ ਦੇ ਪਾਗਲਪਨ 'ਤੇ, ਮਾਨਵ ਮੁੱਲਾਂ ਦੇ ਨਿਘਾਰ 'ਤੇ, ਅਨੁਭਵ ਸ਼ੂੰਨਤਾ ਦੀ ਵਿਡੰਬਨਾ 'ਤੇ ਅਤੇ ਭਾਸ਼ਾ ਦੇ ਗ਼ਲਤ ਪ੍ਰਯੋਗ 'ਤੇ। ਇਸ ਦ੍ਰਿਸ਼ਟੀ ਤੋਂ ਉਹ ਅੱਜ ਦੇ ਮਹਾਨ ਤੋਂ ਮਹਾਨ ਵਿਗਿਆਨਿਕ ਦੀ ਤੁਲਨਾ ਵਿਚ ਵੀ ਜ਼ਿਆਦਾ ਦੂਰਦਰਸ਼ੀ ਸਨ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਹੋਏ ਉਨ੍ਹਾਂ ਦੀ ਦੁਨੀਆ ਤੋਂ ਹੁੰਦੇ ਹੋਏ ਆਪਣੀ ਦੁਨੀਆ ਵਿਚ ਪ੍ਰਵੇਸ਼ ਕਰਨ ਦਾ ਨਿੱਕਾ ਜਿਹਾ ਰਸਤਾ ਕੱਢਣ ਦੀ ਇਕ ਕੋਸ਼ਿਸ਼ ਅਸੀਂ ਇਥੇ ਕਰਨ ਜਾ ਰਹੇ ਹਾਂ। ਇਸ ਵਿਚ ਸਫਲ ਹੁੰਦੇ ਹਾਂ ਜਾਂ ਨਹੀਂ, ਇਹ ਤਾਂ ਅੱਗੇ ਚਲ ਕੇ ਹੀ ਪਤਾ ਲਗੇਗਾ।

ਇਕ ਗੱਲ ਨਿਸ਼ਚਿਤ ਹੈ। ਜਿਸ ਨੂੰ ਅਸੀਂ ਭਾਰਤੀ ਸੰਸਕ੍ਰਿਤੀ ਕਹਿੰਦੇ ਹਾਂ ਅਤੇ ਜਿਸ ਤੇ ਇਕ ਭਾਰਤੀ ਦੇ ਨਾਤੇ ਸਾਨੂੰ ਸਚਮੁਚ ਮਾਣ ਹੈ, ਉਸਦੀ ਜਿੰਦ-ਜਾਨ ਉਨ੍ਹਾਂ ਦਾ ਚਿੰਤਨ ਹੀ ਹੈ। ਧਾਰਮਿਕ ਕੱਟੜਤਾ ਦੇ ਅੱਜ ਦੇ ਯੁਗ ਵਿਚ ਇਹ ਜਾਣਨਾ ਸੁਖਦਾਇਕ ਹੋ ਸਕਦਾ ਹੈ ਕਿ ਉਹ ਧਰਮ ਨੂੰ ਨਿਸ਼ਠਾ ਅਤੇ ਮਾਨਵੀ ਸਨੇਹ ਤੋਂ ਵੱਖ ਕਰਕੇ ਨਹੀਂ ਦੇਖਦੇ ਸਨ। ਉਹ ਆਪਣੇ ਤੋਂ ਭਿੰਨ ਮਤ ਅਤੇ ਵਿਚਾਰ ਦੇ ਵਿਅਕਤੀਆਂ ਨੂੰ ਵੀ ਆਪਣਾ ਹੀ ਰੂਪ ਮੰਨਦੇ ਸਨ। ਉਹ ਜਾਣਦੇ ਸਨ ਕਿ ਇਸ ਨਾਲ ਮਨੁੱਖ ਕਿਸੇ ਨੂੰ ਘਿਰਣਾ ਨਹੀਂ ਕਰਦਾ। ਉਹ ਧਾਰਮਿਕ ਕੱਟੜਤਾ ਤੋਂ ਪੈਦਾ ਹੋਣ ਵਾਲੀ ਘਿਰਣਾ ਨੂੰ ਹੀ ਨਹੀਂ ਪਛਾਣਦੇ ਸਨ, ਸਗੋਂ ਇਸ ਘਿਰਣਾ ਵਿਚ ਬਾਹਰ ਆਉਣ ਦਾ ਰਸਤਾ ਵੀ ਜਾਣਦੇ ਸਨ :

**ਯਸਤੁ ਸਰਵਾਣਿ ਭੂਤਾਨਿ ਆਤਮਨਯੇਵਾਨੁਪਸ਼ਯਤਿ।**
**ਸਰਵਭੂਤੇਸ਼ੁ ਆਤਮਾਨੰ ਤਤੋ ਨ ਵਿਜੁਗੁਪਸਤੇ।।**

ਉਹ ਕਹਿ ਰਹੇ ਸਨ ਕਿ ਜੋ ਅਜਨਮਿਆਂ ਜਾਂ ਦੇਵਤਿਆਂ ਜਾਂ ਪਿਤਰਾਂ ਜਾਂ ਮਨੁੱਖਾਂ ਦੀ ਉਪਾਸਨਾ ਕਰਦਾ ਹੈ ਉਹ ਘੁੱਪ ਹਨ੍ਹੇਰੇ ਵਿਚ ਪੈਂਦਾ ਹੈ, ਪਰ ਜੋ ਗੁਮਾਨ ਵਿਚ ਰਹਿੰਦਾ ਹੈ ਕਿ ਉਹ ਤਾਂ ਸਰਬੋਤਮ ਸੱਤਾ ਦੀ ਉਪਾਸਨਾ ਕਰਦਾ ਹੈ ਉਹ ਇਸ ਤੋਂ ਵੀ ਵੱਧ ਹਨ੍ਹੇਰੇ ਵਿਚ ਹੈ। ਬਹੁਦੇਵਵਾਦ ਅਤੇ ਇਕੇਸ਼ਵਰਵਾਦ ਦੇ ਉਪਾਸਕਾਂ ਦੀ ਮੂਰਖਤਾ ਨੂੰ ਪਛਾਣਦੇ ਹੋਏ ਉਹ ਕਹਿ ਰਹੇ ਸਨ ਕਿ ਈਸ਼ਵਰ ਨਾਲ ਪ੍ਰੇਮ ਨਹੀਂ, ਮਨੁੱਖ ਨਾਲ ਪ੍ਰੇਮ ਕਰਨਾ ਸਿਖੋ। ਪ੍ਰਕਾਸ਼ ਦਾ, ਸਮਝਦਾਰੀ ਦਾ ਰਸਤਾ ਇਹੀ ਹੈ। ਦੇਵਤਿਆਂ ਅਤੇ ਪੁਜਾਰੀਆਂ ਦੇ ਚੱਕਰ ਵਿਚ ਪਓਗੇ ਤਾਂ ਆਪ ਤਾਂ ਗ਼ਲਤ ਹੋਵੋਗੇ, ਦੂਜਿਆਂ ਨੂੰ ਵੀ ਗ਼ਲਤ ਮਾਰਗ 'ਤੇ ਪਾਓਗੇ। ਮਨੁੱਖਾਂ ਨਾਲ ਪਿਆਰ ਦੀ ਥਾਂ ਉਨ੍ਹਾਂ ਨਾਲ ਘਿਰਣਾ ਕਰਨ ਲਗੋਗੇ ਅਤੇ ਫਿਰ ਆਪਣੇ ਆਪ ਨਾਲ ਵੀ ਘਿਰਣਾ ਕਰਨ ਲਗੋਗੇ ਕਿਉਂਕਿ ਦੂਜਿਆਂ ਨਾਲ ਪ੍ਰੇਮ ਕਰਨਾ ਅੰਤ ਵਿਚ ਆਪਣੇ ਆਪ ਨਾਲ ਪ੍ਰੇਮ ਕਰਨਾ ਹੈ ਅਤੇ ਦੂਜਿਆਂ ਨਾਲ ਘਿਰਣਾ ਆਪਣੇ ਆਪ ਨਾਲ ਵੀ ਘਿਰਣਾ ਕਰਨ ਦੇ ਹੀ ਸਮਾਨ ਹੈ :

**ਅੰਧੰ ਤਮ: ਪ੍ਰਵਿਸ਼ੰਤਿ ਯੇ ਅਸੰਭੂਤਿੰ ਉਪਾਸਤੇ।**
**ਤਤੋ ਭੂਯ ਇਵ ਤੇ ਤਮੋ ਯ ਉ ਸੰਭੂਤਯਾਂ ਰਤਾ:।।**

ਉਹ ਕਹਿ ਰਹੇ ਸਨ ਕਿ ਸੰਸਾਰ ਵਿਚ ਅਜਿਹਾ ਤਾਂ ਕੁਝ ਹੈ ਹੀ ਨਹੀਂ ਜਿਸ ਵਿਚ ਪਰਮਾਤਮਾ ਦਾ ਨਿਵਾਸ ਨਾ ਹੋਵੇ। ਉਸਨੂੰ ਪ੍ਰਾਪਤ ਕਰਨ ਲਈ ਕਿਸੇ ਮੰਦਿਰ, ਮਸਜਿਦ, ਗੁਰਦੁਆਰੇ ਜਾਂ ਗਿਰਜੇ ਵਿਚ ਜਾਣ ਦੀ ਜ਼ਰੂਰਤ ਨਹੀਂ। ਇਸ ਲਈ ਸੱਚਾ ਮਾਨਵ ਪ੍ਰੇਮ ਹੀ ਕਾਫ਼ੀ ਹੈ। ਪਰ ਇਹ ਮਾਨਵ ਪ੍ਰੇਮ ਖੋਖਲਾ ਸ਼ਬਦ ਨਹੀਂ ਹੈ। ਇਹ ਤੁਹਾਡੇ ਆਚਾਰ ਨਾਲ ਜੁੜਿਆ ਹੋਇਆ ਹੈ ਅਤੇ ਇਸ ਆਚਾਰ ਦਾ ਇਕ ਮਹੱਤਵਪੂਰਣ ਪੱਖ ਆਰਥਿਕ ਹੈ। ਤੁਸੀਂ ਤਿਆਗ ਪੂਰਵਕ ਭੋਗ ਕਰੋ। ਆਪਣੇ ਕੋਲ ਜ਼ਿਆਦਾ ਇਕੱਠਾ ਨਾ ਕਰੋ। ਲਾਲਚ ਵਿਚ ਅੰਨ੍ਹੇ ਨਾ ਬਣੋ। ਪੈਸਾ ਕਿਸੇ ਦਾ ਨਹੀਂ ਹੋਇਆ :

**ਈਸ਼ਾ ਵਾਸਯੰ ਇਦੰ ਸਰਵੰ ਯਤ ਕਿੰਚ ਜਗਤਯਾਂ ਜਗਤ।**
**ਤੇਨ ਤਸਕਤੇਨ ਭੁੰਜੀਥਾ ਸਾ ਗ੍ਰਿਧः ਕਸਯ ਸਵਿਦ ਧਨਮ॥**

ਸਾਡੀਆਂ ਬਹੁਤੀਆਂ ਧਾਰਮਿਕ ਗੁੰਥੀਆਂ ਅਤੇ ਆਪਸੀ ਕੁੜੱਤਣ ਦਾ ਕਾਰਣ ਇਹ ਹੈ ਕਿ ਅਸੀਂ ਧਰਮ ਨੂੰ ਕਰਮ ਤੋਂ ਵੱਖ ਕਰ ਲੈਂਦੇ ਹਾਂ। ਘਟੀਆ ਤੋਂ ਘਟੀਆ ਆਚਰਣ ਕਰਦੇ ਹੋਏ ਜਾਂ ਨਿਠੱਲੇ-ਪਨ ਦੀ ਜ਼ਿੰਦਗੀ ਜੀਉਂਦੇ ਹੋਏ ਧਰਮ ਦੇ ਨਾਂ ਤੇ ਕੁਝ ਮਿੰਟਾਂ ਦੀ ਪੂਜਾ, ਪਾਠ ਜਾਂ ਨਮਾਜ਼ ਕਰਕੇ ਛੁੱਟੀ ਪ੍ਰਾਪਤ ਕਰ ਲੈਂਦੇ ਹਾਂ ਅਤੇ ਬਾਕੀ ਸ਼ਕਤੀ ਨੂੰ ਆਪਣੇ ਧਰਮ ਦੀ ਸ੍ਰੇਸ਼ਠਤਾ ਪ੍ਰਮਾਣਿਤ ਕਰਨ ਲਈ ਦੂਜੇ ਧਰਮਾਂ ਅਤੇ ਵਿਸ਼ਵਾਸਾਂ ਨਾਲ ਘਿਰਣਾ ਕਰਨ ਵਿਚ ਪ੍ਰਗਟ ਕਰਦੇ ਹਾਂ। ਇਹ ਸੋਚਦੇ ਵੀ ਨਹੀਂ ਕਿ ਇਹ ਸਾਰੇ ਮਨੁੱਖ ਦੇ ਪਤਨ ਵਿਚ ਸਹਾਇਕ ਹੁੰਦੇ ਹਨ। ਉਹ ਇਸ ਦੀ ਥਾਂ ਤੇ ਸਾਰੀ ਉਮਰ ਸੱਚੇ ਮਨ ਨਾਲ ਕੰਮ ਕਰਦੇ ਰਹਿਣ ਦਾ ਸੁਝਾ ਦੇ ਰਹੇ ਸਨ ਕਿਉਂਕਿ ਪਵਿਤ੍ਰਤਾ, ਮਾਨਵੀ ਨਿਸ਼ਠਾ ਅਤੇ ਧਾਰਮਿਕ ਨਿਸ਼ਠਾ ਸਾਰਿਆਂ ਦੀ ਕਸੌਟੀ ਇਹੀ ਹੈ। ਜੇ ਇਸ ਵਿਚਾਰ ਦੀ ਮਹੱਤਤਾ ਨੂੰ ਠੀਕ ਉਹੀ ਥਾਂ ਮਿਲੇ ਤਾਂ ਨਾ ਤਾਂ ਕਿਧਰੇ ਧਾਰਮਿਕ ਦਵੈਸ਼ ਦਿਖਾਈ ਦੇਵੇ, ਨਾ ਧਾਰਮਿਕ ਭੇਦ ਅਤੇ ਧਰਮ-ਨਿਸ਼ਠਾ ਆਪ ਭੌਤਿਕ ਅਤੇ ਨੈਤਿਕ ਵਿਕਾਸ ਦੀ ਪੌੜੀ ਬਣ ਜਾਵੇ :

**ਕੁਰਵਨਨੇਵੇਹ ਕਰਮਾਣਿ ਜਿਜੀਵਿਸ਼ੇਤ ਸ਼ਤੰ ਸਮਾः।**
**ਏਵੰ ਤਵਯਿ ਨਾਨਯਥੇਤੇਸਤਿ ਨ ਕਰਮ ਲਿਪਯਤੇ ਨਰੇ॥**

ਇਹ ਕਹਾਣੀਆਂ ਉਪਨਿਸ਼ਦਾਂ ਦੀਆਂ ਹੀ ਹਨ। ਪਰ ਇਨ੍ਹਾਂ ਨੂੰ ਪੇਸ਼ ਕਰਨ ਵਿਚ ਥੋੜ੍ਹੀ ਛੋਟ ਲਈ ਗਈ ਹੈ। ਆਸ ਹੈ ਪਾਠਕਾਂ ਨੂੰ ਇਹ ਰੂਪ ਵੀ ਸੰਤੋਸ਼ਮਈ ਲਗੇਗਾ।

**— ਭਗਵਾਨ ਸਿੰਘ**

# ਰੈਕਵ ਦੀ ਕਥਾ

ਜਾਨਸ਼੍ਰੁਤਿ ਪੌਤ੍ਰਾਯਣ ਬਹੁਤ ਉਦਾਰ ਸੀ। ਬਹੁਤ ਦਾਨੀ। ਉਸ ਦੇ ਘਰ ਭੰਡਾਰਾ ਚਲਦਾ ਰਹਿੰਦਾ ਸੀ। ਕੋਈ ਵੀ ਹੋਵੇ ਕਿਧਰੋਂ ਵੀ ਆਇਆ ਹੋਵੇ, ਕਿਸੇ ਵੀ ਜਾਤ ਦਾ ਹੋਵੇ। ਚਾਰੇ ਪਾਸੇ ਉਸ ਦੇ ਨਾਂ ਦੀਆਂ ਧੁੰਮਾਂ ਪਈਆਂ ਸਨ। ਉਸ ਨੇ ਜਗ੍ਹਾ-ਜਗ੍ਹਾ ਸਰਾਵਾਂ ਅਤੇ ਧਰਮਸ਼ਾਲਾਵਾਂ ਬਣਵਾਈਆਂ ਹੋਈਆਂ ਸਨ, ਜਿਥੇ ਸਦਾਵਰਤ ਚਲਦਾ ਰਹਿੰਦਾ ਸੀ। ਉਹ ਚਾਹੁੰਦਾ ਸੀ ਕਿ ਸਭ ਲੋਕ ਉਸ ਦਾ ਦਿੱਤਾ ਹੋਇਆ ਅੰਨ ਹੀ ਖਾਣ।

ਦਾਨ ਪੁੰਨ ਕਰਨ ਨਾਲ ਇਕ ਖਾਸ ਤਰ੍ਹਾਂ ਦਾ ਤੇਜ ਪੈਦਾ ਹੁੰਦਾ ਹੈ। ਇਹ ਅੱਖਾਂ ਨਾਲ ਤਾਂ ਦਿਖਾਈ ਨਹੀਂ ਦਿੰਦਾ ਪਰ ਇਸ ਦਾ ਪ੍ਰਭਾਵ ਸਾਰਿਆਂ ਉਤੇ ਪ੍ਰਗਟ ਹੁੰਦਾ ਹੈ। ਉਸ ਦਾ ਤੇਜ ਸਵਰਗ ਤਕ ਪਸਰਿਆ ਹੋਇਆ ਸੀ। ਉਸਨੂੰ ਛੋਹਣ ਵਾਲਾ, ਉਸ ਨਾਲ ਈਰਖਾ ਕਰਨ ਵਾਲਾ, ਉਸ ਤੇਜ ਨਾਲ ਹੀ ਭਸਮ ਹੋ ਸਕਦਾ ਸੀ। ਜਿਵੇਂ ਚੰਦ੍ਰਮਾ ਦੀਆਂ ਰਿਸ਼ਮਾਂ ਦਿਨ ਵੇਲੇ ਦਿਖਾਈ ਨਹੀਂ ਦਿੰਦੀਆਂ, ਉਸੇ ਤਰ੍ਹਾਂ ਇਹ ਤੇਜ ਸਾਰਿਆਂ ਨੂੰ ਦਿਖਾਈ ਨਹੀਂ ਸੀ ਦਿੰਦਾ, ਪਰ ਰਾਤੀਂ ਤਿੱਖੀ ਦ੍ਰਿਸ਼ਟੀ ਰਖਣ ਵਾਲਿਆਂ ਨੂੰ ਦਿਖਾਈ ਦੇ ਜਾਂਦਾ ਸੀ। ਆਕਾਸ਼ ਵਿਚ ਇਹ ਤੇਜ ਜਿਸ ਉਚਾਈ ਤਕ ਪਸਰਿਆ ਹੋਇਆ ਸੀ, ਉਸ ਉਚਾਈ ਤਕ ਆਦਮੀ ਆਪਣੀਆਂ ਨੰਗੀਆਂ ਅੱਖਾਂ ਨਾਲ ਦੇਖ ਨਹੀਂ ਸੀ ਸਕਦਾ। ਸੋ, ਰਾਤ ਵੇਲੇ ਆਕਾਸ਼ ਵਿਚ ਉਡਦੇ ਹੋਏ ਹੰਸਾਂ ਨੇ ਇਸ ਤੇਜ ਨੂੰ ਦੇਖਿਆ। ਉਨ੍ਹਾਂ ਵਿਚੋਂ ਇਕ ਹੰਸ ਨੇ ਦੂਜੇ ਨੂੰ ਹੱਸਦੇ ਹੋਇਆਂ ਕਿਹਾ, ''ਦੇਖੋ ਤਾਂ ਜਾਨਸ਼੍ਰੁਤਿ ਦਾ ਤੇਜ ਆਕਾਸ਼ ਵਿਚ ਕਿਸ ਤਰ੍ਹਾਂ ਪਸਰਿਆ ਹੋਇਆ ਹੈ। ਇਸ ਤੋਂ ਬਚ ਕੇ ਚਲਣਾ ਨਹੀਂ ਤਾਂ ਭਸਮ ਹੋ ਜਾਉਗੇ।'' ਪਰ ਜਿਸ ਹੰਸ ਨੂੰ ਇਹ ਗੱਲ ਕਹੀ ਗਈ ਸੀ ਉਸ ਦਾ ਗਿਆਨ ਸਲਾਹ ਦੇਣ ਵਾਲੇ ਹੰਸ ਤੋਂ ਜ਼ਿਆਦਾ ਚੰਗਾ ਸੀ। ਉਸ ਨੇ ਕਿਹਾ, ''ਤੂੰ ਜਾਨਸ਼੍ਰੁਤਿ ਪੌਤ੍ਰਾਯਣ ਦੀ ਸਿਫ਼ਤ ਇਸ ਲਈ ਕਰ ਰਿਹਾ ਹੈਂ ਕਿਉਂਕਿ ਤੈਨੂੰ ਠੇਲ੍ਹੇ ਵਾਲੇ ਰੈਕਵ ਬਾਰੇ ਕੁਝ ਪਤਾ ਹੀ ਨਹੀਂ।''

ਹੁਣ ਪਹਿਲੇ ਨੂੰ ਜਿਗਿਆਸਾ ਹੋਈ, ਠੇਲ੍ਹੇ ਵਾਲੇ ਰੈਕਵ ਵਿਚ ਅਜਿਹੀ ਕੀ ਖ਼ਾਸ ਗੱਲ ਹੈ? ਦੂਜੇ ਹੰਸ ਨੇ ਹੱਸ ਕੇ ਕਿਹਾ, ''ਜੂਏ ਦੇ ਖੇਲ੍ਹ ਵਿਚ ਜਿਵੇਂ ਕ੍ਰਿਤ (ਕਰਮਫਲ) ਦੇ ਪਾਸੇ ਦੇ ਸਾਹਮਣੇ ਦੂਜੇ ਸਾਰੇ ਪਾਸੇ ਫਿੱਕੇ ਪੈ ਜਾਂਦੇ ਹਨ ਅਤੇ ਉਸ 'ਤੇ ਲਗਾਇਆ ਗਿਆ ਦਾਉ ਉਸ ਖਿਲਾੜੀ ਨੂੰ ਮਿਲ ਜਾਂਦਾ ਹੈ ਜਿਸ ਦਾ ਕ੍ਰਿਤ ਆ ਜਾਂਦਾ ਹੈ, ਉਸੇ ਤਰ੍ਹਾਂ ਦੂਜੇ ਲੋਕ ਜੋ ਵੀ ਉਤਮ ਕਰਮ ਕਰਦੇ ਹਨ ਉਨ੍ਹਾਂ ਦਾ ਪੁੰਨ ਰੈਕਵ ਕੋਲ ਪਹੁੰਚ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਰੈਕਵ ਜਿਸ ਵਿਦਿਆ ਨੂੰ ਜਾਣਦਾ ਹੈ ਉਸਨੂੰ ਹੋਰ ਕੋਈ ਨਹੀਂ ਜਾਣਦਾ।''

ਪੌਤ੍ਰਾਯਣ ਨੂੰ ਸਾਰੇ ਪੰਛੀਆਂ ਦੀ ਭਾਸ਼ਾ ਨਾ ਵੀ ਪਤਾ ਰਹੀ ਹੋਵੇ ਤਾਂ ਵੀ ਹੰਸਾਂ ਦੀ ਭਾਸ਼ਾ ਤਾਂ ਆਉਂਦੀ ਹੀ ਸੀ। ਲਗਦਾ ਹੈ ਉਸ ਨੂੰ ਉਣੀਂਦੇ ਦੀ ਬੀਮਾਰੀ ਵੀ ਸੀ। ਹੰਸ ਆਪਣੀ ਉਡਾਰੀ ਰਾਤ ਨੂੰ ਹੀ ਮਾਰਦੇ ਹਨ। ਉਹ ਸ਼ੁੱਧ ਆਤਮਾ ਵਾਲੇ ਹੁੰਦੇ ਹਨ, ਇਸ ਲਈ ਉਹ ਝੂਠ ਨਹੀਂ ਬੋਲਦੇ, ਇਹ ਤਾਂ ਸਾਰੇ ਜਾਣਦੇ ਹੀ ਹਨ। ਪੌਤ੍ਰਾਯਣ ਨੂੰ ਉਨ੍ਹਾਂ ਦੀ ਗੱਲ 'ਤੇ ਬਹੁਤ ਭਰੋਸਾ ਸੀ। ਉਸਨੇ ਹੰਸਾਂ ਦੀ ਗੱਲ ਬਾਤ ਸੁਣੀ ਅਤੇ ਉਨ੍ਹਾਂ ਦੀ ਗੱਲ ਦਾ ਕਾਇਲ ਵੀ ਹੋ ਗਿਆ।

ਉਸ ਤੋਂ ਅਗਲੇ ਦਿਨ ਚਾਰਣਾਂ ਨੇ ਜਦੋਂ ਉਸਦੀ ਉਸਤਤ ਗਾਉਣੀ ਸ਼ੁਰੂ ਕੀਤੀ ਤਾਂ ਉਸਨੇ ਕਿਹਾ, ''ਤੁਸੀਂ ਮੇਰੀ ਮਹਿਮਾ ਇਸ ਤਰ੍ਹਾਂ ਕਰ ਰਹੇ ਹੋ ਜਿਵੇਂ ਮੈਂ ਠੇਲ੍ਹੇ ਵਾਲਾ ਰੈਕਵ ਹੋਵਾਂ''।

ਇਹ ਗੱਲ ਸੁਣ ਕੇ ਉਨ੍ਹਾਂ ਭੱਟਾਂ ਨੂੰ ਵੀ ਰੈਕਵ ਬਾਰੇ ਉਤਸੁਕਤਾ ਹੋਈ। ਉਨ੍ਹਾਂ ਨੇ ਪੁੱਛਿਆ, ''ਮਹਾਰਾਜ, ਇਹ ਠੇਲ੍ਹੇ ਵਾਲਾ ਰੈਕਵ ਕੌਣ ਹੈ?'' ਰਾਜੇ ਨੇ ਹੰਸਾਂ ਦੀ ਗੱਲਬਾਤ ਉਨ੍ਹਾਂ ਨੂੰ ਦੱਸ ਦਿੱਤੀ।

ਪੌਤ੍ਰਾਯਣ ਨੇ ਸੋਚਿਆ ਜੇ ਰੈਕਵ ਸਚਮੁੱਚ ਏਨਾ ਤੇਜਸਵੀ ਹੈ ਤਾਂ ਉਸਦਾ ਪਤਾ ਲਗਾਉਣਾ ਚਾਹੀਦਾ ਹੈ ਅਤੇ ਉਸ ਤੋਂ ਉਹ ਵਿਦਿਆ ਸਿਖਣੀ ਚਾਹੀਦੀ ਹੈ। ਉਸਨੇ ਚੌਹੀਂ ਪਾਸੇ ਆਪਣੇ ਬੰਦੇ ਭਜਾਏ। ਰੈਕਵ ਦੀ ਤਲਾਸ਼ ਸ਼ੁਰੂ ਹੋ ਗਈ। ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਜਿਸ ਮਹਾਪ੍ਰਤਾਪੀ ਦੀ ਇਹ ਮਹਿਮਾ ਦੱਸੀ ਗਈ ਹੈ ਉਹ ਠੇਲ੍ਹੇ ਹੇਠਾਂ ਦੁਬਕਿਆ ਬੈਠਾ ਹੋ ਸਕਦਾ ਹੈ, ਇਸ ਲਈ ਰੈਕਵ ਉਤੇ ਕਿਸੇ ਦੀ ਨਜ਼ਰ ਹੀ ਨਹੀਂ ਪਈ। ਇਕ ਇਕ ਕਰਕੇ ਸਾਰੇ ਬੰਦੇ ਵਾਪਿਸ ਆ ਗਏ ਅਤੇ ਉਨ੍ਹਾਂ ਨੇ ਰਾਜੇ ਨੂੰ ਦੱਸਿਆ ਕਿ ਉਨ੍ਹਾਂ ਨੇ ਚੌਹਾਂ ਪਾਸੇ ਢੂੰਡ ਕੇ ਦੇਖ ਲਿਆ। ਰੈਕਵ ਦਾ ਤਾਂ ਕਿਧਰੇ ਪਤਾ ਹੀ ਨਹੀਂ ਚਲਦਾ। ਰਾਜੇ ਨੇ ਕਿਹਾ, ''ਭਲਿਓ ਲੋਕੋ, ਉਸਦੀ ਤਲਾਸ਼ ਉਥੇ ਕਰੋ ਜਿਥੇ ਬ੍ਰਾਹਮਣਾਂ ਦੀ ਤਲਾਸ਼ ਕੀਤੀ ਜਾਂਦੀ ਹੈ।''

ਉਂਜ ਇਹ ਗੱਲ ਕਿਧਰੇ ਵੀ ਨਹੀਂ ਲਿਖੀ ਹੋਈ ਕਿ ਬ੍ਰਹਮ-ਗਿਆਨੀ ਠੇਲ੍ਹੇ ਦੇ ਹੇਠਾਂ ਲੁਕ ਕੇ ਬੈਠੇ ਰਹਿੰਦੇ ਹਨ, ਪਰ ਇਸ ਵਾਰੀ ਉਨ੍ਹਾਂ ਨੇ ਰੈਕਵ ਨੂੰ ਢੂੰਡ ਹੀ ਲੈਣਾ ਸੀ ਅਤੇ ਇਸ ਵਿਚ ਉਹ ਸਫਲ ਵੀ ਹੋ ਗਏ। ਕਾਰਣ, ਰੈਕਵ ਦੇ ਮਿਲੇ ਬਿਨਾਂ ਨਾ ਜਾਨਸ਼੍ਰੁਤਿ ਪੌਤ੍ਰਾਯਣ ਦਾ ਕੰਮ ਚਲ ਸਕਦਾ ਸੀ, ਨਾ ਹੀ ਸਾਡੀ ਕਹਾਣੀ ਦਾ। ਇਹ ਸਰਦੀ ਦੇ ਦਿਨ ਸਨ ਅਤੇ ਰੈਕਵ ਨੂੰ ਖੁਰਕ ਹੋਣ ਲਗੀ ਸੀ। ਇਹ ਬਿਮਾਰੀ ਅਜਿਹੀ ਹੈ ਕਿ ਜਿਸਨੂੰ ਹੋ ਜਾਵੇ ਉਸਨੂੰ ਚੈਨ ਨਾਲ ਬੈਠਣ ਵੀ ਨਹੀਂ ਦਿੰਦੀ ਅਤੇ ਇਕ ਵਾਰ ਖੁਰਕਣਾ ਸ਼ੁਰੂ ਕੀਤਾ ਤਾਂ ਜਲਨ ਵਧਦੀ ਹੀ ਜਾਂਦੀ ਹੈ। ਇਹ ਵੀ ਅਜਿਹਾ ਹੀ ਮੌਕਾ ਸੀ। ਜਿਸ ਵੇਲੇ ਦੂਤ ਉਸਦੇ ਕੋਲ ਪਹੁੰਚਿਆ ਉਹ ਉਸ ਸਮੇਂ ਠੇਲੇ ਹੇਠ੍ਹਾਂ ਬੈਠਾ ਖੁਰਕ ਰਿਹਾ ਸੀ।

ਰਾਜੇ ਦੇ ਦੂਤ ਨੇ ਪੁੱਛਿਆ, ''ਕੀ ਆਪ ਠੇਲ੍ਹੇ ਵਾਲੇ ਰੈਕਵ ਹੋ?''

ਰੈਕਵ ਨੇ ਖੁਰਕਣਾ ਬੰਦ ਕਰਕੇ ਉਧਰ ਦੇਖਿਆ ਅਤੇ ਕਿਹਾ, ''ਹਾਂ ਭਾਈ, ਮੈਂ ਹੀ ਰੈਕਵ ਹਾਂ।''

ਅਨੁਮਾਨ ਕੀਤਾ ਜਾਂਦਾ ਹੈ ਕਿ ਦੂਤ ਨੇ ਇਸ ਤੋਂ ਬਾਅਦ ਆਪਣਾ ਪਰਿਚੈ ਦਿੱਤਾ

ਹੋਵੇਗਾ। ਪਰਿਚੈ ਦਿੰਦਿਆਂ ਉਸਨੇ ਸੋਚਿਆ ਹੋਵੇਗਾ ਕਿ ਉਸਦੇ ਇਸ ਪਰਿਚੈ ਦਾ ਰੈਕਵ ਉਤੇ ਅਸਰ ਜ਼ਰੂਰ ਪਵੇਗਾ, ਪਰ ਜਾਂ ਤਾਂ ਇਸ ਦੌਰਾਨ ਖੁਰਕ ਜ਼ਿਆਦਾ ਹੋ ਗਈ ਸੀ ਜਿਸ ਨਾਲ ਉਹ ਖਿਝ ਗਿਆ ਸੀ, ਜਾਂ ਉਹ ਆਪਣੇ ਸਾਹਮਣੇ ਜਾਨਸ਼੍ਰ੍ਰੁਤਿ ਨੂੰ ਕੁਝ ਸਮਝਦਾ ਹੀ ਨਹੀਂ ਸੀ, ਇਸ ਲਈ ਉਸਨੇ ਉਸਨੂੰ ਦਬਕਾ ਮਾਰ ਕੇ ਭਜਾ ਦਿੱਤਾ। ਕਹਾਣੀ ਥੋੜ੍ਹਾ ਲਿਖਣ-ਬਹੁਤਾ ਸਮਝਣ ਵਾਲੀ ਸ਼ੈਲੀ ਵਿਚ ਲਿਖੀ ਗਈ ਹੈ। ਗੱਲ ਕੀ ਪਰਿਚੈ ਦੇਣਾ ਅਤੇ ਡਾਂਟ ਖਾਣ ਦਾ ਅਨੁਮਾਨ ਕਰ ਲਿਆ ਗਿਆ ਹੈ। ਹੋ ਸਕਦਾ ਹੈ ਉਸ ਵਿਅਕਤੀ ਨੇ ਰੈਕਵ ਨੂੰ ਆਪਣਾ ਪਰਿਚੈ ਨਾ ਦਿੱਤਾ ਹੋਵੇ ਅਤੇ ਉਸਦੀ ਜਾਣਕਾਰੀ ਪ੍ਰਾਪਤ ਕਰਕੇ ਵਾਪਿਸ ਆ ਗਿਆ ਹੋਵੇ।

ਜਦੋਂ ਜਾਨਸ਼੍ਰ੍ਰੁਤਿ ਨੂੰ ਇਹ ਗੱਲ ਪਤਾ ਲਗੀ ਤਾਂ ਉਸਦੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ। ਉਹ ਛੇ ਸੌ ਗਊਆਂ, ਸੋਨੇ ਦਾ ਇਕ ਹਾਰ ਅਤੇ ਖਚਰਾਂ ਨਾਲ ਜੁਤਿਆ ਹੋਇਆ ਇਕ ਰਥ ਲੈ ਕੇ ਰੈਕਵ ਕੋਲ ਆਇਆ। ਇਹ ਜਿਸ ਜ਼ਮਾਨੇ ਦੀ ਗੱਲ ਹੈ ਉਸ ਜ਼ਮਾਨੇ ਦੀ ਸਿਖਿਆ ਪ੍ਰਣਾਲੀ ਅਜਿਹੀ ਹੀ ਸੀ ਕਿ ਇਸ ਵਿਚ ਖੋਤਿਆਂ ਨੂੰ ਕੁੱਟ-ਕੁੱਟ ਕੇ ਘੋੜਾ ਬਣਾਉਣ ਦੀ ਥਾਂ ਘੋੜਿਆਂ ਨੂੰ ਲੱਦ ਲੱਦ ਕੇ ਖੋਤਾ ਬਣਾਉਣਾ ਜ਼ਿਆਦਾ ਚੰਗਾ ਸਮਝਿਆ ਜਾਂਦਾ ਸੀ। ਨਤੀਜਾ ਇਹ ਸੀ ਕਿ ਘੋੜਿਆਂ ਦਾ ਕੰਮ ਵੀ ਖੋਤਿਆਂ ਅਤੇ ਖੱਚਰਾਂ ਨੂੰ ਹੀ ਨਿਭਾਉਣਾ ਪੈਂਦਾ ਸੀ। ਰਾਜਸੀ ਵਾਹਨਾਂ ਵਿਚ ਵੀ ਅਕਸਰ ਖੱਚਰ ਅਤੇ ਖੋਤੇ ਹੀ ਜੋੜੇ ਜਾਂਦੇ ਸਨ।

ਰਾਜਾ ਜੋ ਧਨ ਲੈ ਕੇ ਆਇਆ ਸੀ ਉਹ ਕਿਸੇ ਨੂੰ ਵੀ ਅਮੀਰ ਬਣਾਉਣ ਲਈ ਕਾਫ਼ੀ ਸੀ। ਪਰ ਉਸ ਸਮੇਂ ਜਦੋਂ ਉਸਨੂੰ ਖਾਰਸ਼ ਦੀ ਦਵਾਈ ਲੈ ਕੇ ਆਉਣੀ ਚਾਹੀਦੀ ਸੀ, ਉਹ ਬਿਨਾਂ ਸੋਚੇ ਸਮਝੇ, ਏਨੀ ਸਾਰੀ ਦੌਲਤ ਲੈ ਕੇ ਆਇਆ ਸੀ, ਰੈਕਵ ਗੁੱਸੇ ਵਿਚ ਆ ਗਿਆ। ਬੋਲਿਆ, "ਸ਼ੂਦਰ, ਲੈ ਜਾ ਆਪਣੀਆਂ ਇਹ ਗਊਆਂ, ਹਾਰ ਅਤੇ ਰਥ।" ਉਹ ਏਨੇ ਗੁੱਸੇ ਵਿਚ ਸੀ ਕਿ ਉਸਨੇ ਉਸਨੂੰ ਗੁੱਸੇ ਦਾ ਕਾਰਣ ਵੀ ਨਹੀਂ ਦੱਸਿਆ।

ਜਾਨਸ਼੍ਰ੍ਰੁਤਿ ਉਸ ਨੂੰ ਛੱਡਣ ਵਾਲਾ ਨਹੀਂ ਸੀ। ਉਸਨੇ ਕੁਝ ਸੋਚ ਵਿਚਾਰ ਕੇ ਅਸਲੀ ਕਾਰਣ ਵੀ ਜਾਣ ਲਿਆ। ਉਹ ਫਿਰ ਉਸ ਕੋਲ ਆਇਆ। ਇਸ ਵਾਰ ਉਸਨੇ ਗਊਆਂ ਦੀ ਸੰਖਿਆ ਇਕ ਹਜ਼ਾਰ ਕਰ ਦਿੱਤੀ। ਬਾਕੀ ਸਾਮਾਨ ਉਹੀ ਸੀ। ਜਿਸ ਪਿੰਡ ਵਿਚ ਉਸ ਸਮੇਂ ਰੈਕਵ ਠੇਲ੍ਹੇ ਹੇਠਾਂ ਦੁਬਕਿਆ ਪਿਆ ਸੀ ਉਹ ਪਿੰਡ ਵੀ ਉਹ ਰੈਕਵ ਨੂੰ ਦੇਣ ਲਈ ਤਿਆਰ ਸੀ। ਉਸ ਦੀ ਇਕ ਹੀ ਬੇਨਤੀ ਸੀ ਅਤੇ ਉਹ ਇਹ ਕਿ ਰੈਕਵ ਉਸਨੂੰ ਉਸ ਵਿਦਿਆ ਦਾ ਉਪਦੇਸ਼ ਜ਼ਰੂਰ ਦੇਵੇ ਜਿਸਦਾ ਗਿਆਨ ਉਸ ਤੋਂ ਬਿਨਾਂ ਕਿਸੇ ਦੂਜੇ ਨੂੰ ਨਹੀਂ ਸੀ ਅਤੇ ਜਿਸ ਨਾਲ ਦੂਜਿਆਂ ਦੇ ਪੁੰਨ ਦਾ ਲਾਭ ਵੀ ਉਸ ਨੂੰ ਮਿਲ ਰਿਹਾ ਸੀ। ਉਹ ਤੋਹਫ਼ਿਆਂ ਦੇ ਨਾਲ ਆਪਣੀ ਕੰਨਿਆ ਨੂੰ ਵੀ ਲੈਂਦਾ ਆਇਆ ਸੀ ਜੋ ਏਨੀ ਸੁੰਦਰ ਸੀ ਜਿਹੋ ਜਿਹੀਆਂ ਸੁੰਦਰੀਆਂ ਕੇਵਲ ਕਹਾਣੀਆਂ ਵਿਚ ਹੀ ਹੋਇਆ ਕਰਦੀਆਂ ਹਨ। ਰੈਕਵ ਨੇ ਸੋਚਿਆ ਹੁਣ ਖਾਣ ਪੀਣ ਦਾ ਇੰਤਜ਼ਾਮ ਹੋ ਹੀ ਗਿਆ ਹੈ, ਖੁਰਕ ਲਈ ਇਹ ਕੰਨਿਆ ਵੀ ਮਿਲ ਗਈ ਹੈ। ਜੇ ਇਸ ਵਾਰ ਵੀ ਨਾਂਹ ਕਰ ਦਿੱਤੀ ਤਾਂ ਸਾਰੀ ਉਮਰ ਫਿਰ ਇਸੇ ਹੀ ਠੇਲ੍ਹੇ ਹੇਠਾਂ ਕਟੇਗੀ। ਹੁਣ ਜਦੋਂ ਰਾਜੇ ਨੇ ਬੇਨਤੀ ਕੀਤੀ ਤਾਂ ਉਸਨੇ ਉਸਨੂੰ ਝਿੜਕਦੇ

ਹੋਏ ਕਹਿ ਵੀ ਦਿੱਤਾ, ''ਸ਼ੂਦਰ, ਇਹ ਸਭ ਜੋ ਤੂੰ ਲਿਆਇਆ ਹੈਂ ਉਹ ਤਾਂ ਠੀਕ ਹੀ ਹੈ, ਪਰ ਮੈਂ ਜੇ ਤੈਨੂੰ ਉਪਦੇਸ਼ ਦੇਣ ਲਈ ਤਿਆਰ ਹੋ ਗਿਆ ਹਾਂ ਤਾਂ ਧਨ ਦੇ ਲਾਲਚ ਕਰਕੇ ਨਹੀਂ, ਸਗੋਂ ਇਸ ਸੁੰਦਰ ਕੰਨਿਆ ਨੂੰ ਦੇਖ ਕੇ।

ਜਿਸ ਪਿੰਡ ਵਿਚ ਉਹ ਰੈਕਵ ਨੂੰ ਮਿਲਣ ਆਇਆ ਸੀ ਉਹ ਮਹਾਵ੍ਰਿਸ਼ ਦੇਸ਼ ਦਾ ਰੈਕਵ-ਪਰਣ ਪਿੰਡ ਸੀ। ਇਸ ਨੂੰ ਅੱਜ ਕੋਈ ਲੱਭਣ ਤੁਰੇ ਤਾਂ ਕਿਧਰੇ ਨਹੀਂ ਮਿਲੇਗਾ। ਪਰ ਕੌਣ ਜਾਣਦਾ ਹੈ ਕਿ ਇਸ ਕਹਾਣੀ ਨੂੰ ਪੜ੍ਹ ਕੇ ਕਿਸੇ ਨੇ ਕਿਸੇ ਪਿੰਡ ਦਾ ਇਹ ਨਾਂ ਰਖ ਹੀ ਲਿਆ ਹੋਵੇ।

ਰੈਕਵ ਨੇ ਉਪਦੇਸ਼ ਦਿੰਦੇ ਹੋਇਆਂ ਆਖਿਆ, 'ਵਾਯੂ ਹੀ ਉਹ ਤੱਤ ਹੈ ਜੋ ਸਾਰਿਆਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ। ਉਹੀ 'ਸੰਵਰਗ' (ਸਭ ਨੂੰ ਲੀਨ ਕਰਨ ਵਾਲਾ) ਹੈ। ਅੱਗ ਬੁਝ ਕੇ ਉਸੇ ਵਿਚ ਲੀਨ ਹੁੰਦੀ ਹੈ। ਜਲ ਸੁੱਕ ਕੇ ਹਵਾ ਵਿਚ ਲੀਨ ਹੁੰਦਾ ਹੈ।

ਭੌਤਿਕ ਪੱਧਰ 'ਤੇ ਜੋ ਸੱਚ ਹੈ ਉਹੀ ਆਤਮਿਕ ਪੱਧਰ ਤੇ ਵੀ ਠੀਕ ਹੈ। ਇਸ ਦ੍ਰਿਸ਼ਟੀ ਤੋਂ ਪ੍ਰਾਣ ਵਿਚ ਹੀ ਸਭ ਕੁਝ ਲੀਨ ਹੁੰਦਾ ਹੈ, ਇਸ ਲਈ ਪ੍ਰਾਣ ਹੀ 'ਸੰਵਰਗ' ਹੈ। ਅਸੀਂ ਸੌਂਦੇ ਹਾਂ ਤਾਂ ਬਾਣੀ ਪ੍ਰਾਣ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਨੇਤਰ ਪ੍ਰਾਣ ਵਿਚ ਪਰਤ ਜਾਂਦੇ ਹਨ, ਕੰਨ ਪ੍ਰਾਣ ਵਿਚ ਸਮਾ ਜਾਂਦੇ ਹਨ, ਮਨ ਪ੍ਰਾਣ ਵਿਚ ਚਲਾ ਜਾਂਦਾ ਹੈ। ਉਹੀ ਇਨ੍ਹਾਂ ਸਾਰਿਆਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ। ਸਾਰ ਇਹ ਹੈ ਕਿ ਉਹ ਵਾਯੂ ਜਾਂ ਪ੍ਰਾਣ ਵਾਯੂ ਹੀ ਆਤਮਾ ਹੈ। ਇਸ ਤੋਂ ਅਲੱਗ ਕੁਝ ਨਹੀਂ ਹੈ। ਅਤੇ ਇਸ ਤੋਂ ਬਾਹਰ ਕੁਝ ਨਹੀਂ ਹੈ। ਇਹੀ ਵਾਯੂ ਸਾਡੇ ਅੰਦਰ ਹੈ, ਇਹੀ ਬਾਹਰ। ਹਰ ਪਾਸੇ ਇਹੀ ਮੌਜੂਦ ਹੈ। ਇਸ ਲਈ ਅਸੀਂ ਉਹੀ ਹਾਂ ਜੋ ਅਸਾਡੇ ਬਾਹਰ ਦਿਸਦਾ ਹੈ ਉਹੀ ਸਾਡੇ ਅੰਦਰ ਹੈ।''

ਕਹਾਣੀ ਤਾਂ ਬਸ ਏਨੀ ਹੀ ਹੈ ਪਰ ਇਸ ਕਹਾਣੀ ਦੇ ਕੁਝ ਪੱਖ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਇਹ ਰੈਕਵ ਕੌਣ ਸੀ ਜੋ ਸਿੱਧ ਤਾਂ ਏਨਾ ਸੀ ਕਿ ਉਸ ਦੇ ਤੇਜ ਸਾਹਮਣੇ ਉਸ ਸਮੇਂ ਦੇ ਸਭ ਤੋਂ ਅਧਿਕ ਦਾਨਸ਼ੀਨ ਰਾਜੇ ਦਾ ਤੇਜ ਵੀ ਫਿੱਕਾ ਪੈ ਜਾਂਦਾ ਸੀ ਪਰ ਉਸਦੀ ਖੋਜ ਕਰਨ ਵੇਲੇ ਆਸਾਨੀ ਨਾਲ ਉਸਨੂੰ ਢੂੰਢਿਆ ਨਹੀਂ ਸੀ ਜਾ ਸਕਦਾ। ਉਹ ਅਜਿਹਾ ਕੀ ਕਰਦਾ ਸੀ ਕਿ ਠੇਲ੍ਹੇ ਨਾਲ ਉਸਦਾ ਨਿਤ ਸੰਬੰਧ ਹੋ ਗਿਆ ਸੀ? ਜਿਨ੍ਹਾਂ ਹੰਸਾਂ ਨੇ ਰੈਕਵ ਦੇ ਤੇਜ ਨੂੰ ਦੇਖਿਆ ਸੀ ਉਹ ਹੰਸ ਕੌਣ ਸਨ? ਉਸ ਰਾਜੇ ਦਾ ਨਾਂ ਜਾਨਸ਼੍ਰੁਤਿ ਪੌਤ੍ਰਾਯਣ ਕਿਉਂ ਸੀ? ਉਸਨੂੰ ਰੈਕਵ ਨੇ ਸ਼ੂਦਰ ਕਿਉਂ ਕਿਹਾ? ਰਾਜਾ ਭੇਟਾ ਵਿਚ ਸੋਨੇ ਦਾ ਹਾਰ, ਖੱਚਰਾਂ ਨਾਲ ਜੁਤਿਆ ਹੋਇਆ ਰਥ, ਇਕ ਹਜ਼ਾਰ ਗਊਆਂ ਅਤੇ ਕੰਨਿਆ ਨੂੰ ਭੇਟਾ ਵਜੋਂ ਕਿਉਂ ਲੈ ਕੇ ਆਇਆ ਸੀ? ਰੈਕਵ ਨੂੰ ਖੁਰਕ ਨਾਲ ਪੀੜਿਤ ਕਿਉਂ ਦਿਖਾਇਆ ਗਿਆ?

ਇਹ ਪ੍ਰਸ਼ਨ ਬੇ-ਸਿਰ ਪੈਰ ਜ਼ਰੂਰ ਹਨ ਪਰ ਜੇ ਅਸੀਂ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਾ ਲੱਭਿਆ ਤਾਂ ਇਸ ਕਹਾਣੀ ਦਾ ਬਹੁਤ ਕੁਝ ਰਹੱਸ ਵਿਚ ਹੀ ਲੁਕਿਆ ਰਹਿ ਜਾਵੇਗਾ। ਇਸ ਕਹਾਣੀ ਦਾ ਸਾਰਾ ਆਨੰਦ ਹੀ ਇਨ੍ਹਾਂ ਪ੍ਰਸ਼ਨਾਂ ਵਿਚ ਲੁਕਿਆ ਹੋਇਆ ਹੈ। ਜਿਵੇਂ ਸਰਗੁਣ ਬ੍ਰਹਮ ਦੇ ਉਪਾਸਕ ਉਸਦੀਆਂ ਮੂਰਤੀਆਂ ਬਣਾ ਕੇ, ਉਨ੍ਹਾਂ ਦਾ ਧਿਆਨ ਕਰਕੇ ਆਨੰਦਿਤ ਹੁੰਦੇ ਹਨ ਉਸੇ ਤਰ੍ਹਾਂ ਬ੍ਰਹਮਵਾਦੀ ਇਸ ਤਰ੍ਹਾਂ ਦੇ ਪ੍ਰਸ਼ਨਾਂ ਨਾਲ ਮੱਥਾ ਮਾਰਦੇ ਹੋਏ ਆਨੰਦ ਲੈਂਦੇ ਰਹੇ ਹਨ ਅਤੇ ਜੋ ਇਨ੍ਹਾਂ ਨੂੰ ਨਹੀਂ ਸਮਝ ਸਕਦੇ ਸਨ ਉਨ੍ਹਾਂ ਤੋਂ ਆਪਣੇ

ਆਪ ਨੂੰ ਸ੍ਰੇਸ਼ਠ ਸਮਝਦੇ ਰਹੇ ਹਨ। ਇਹੀ ਇਨ੍ਹਾਂ ਦਾ ਰਹੱਸ ਹੈ ਅਤੇ ਇਹੀ ਰਹੱਸਵਾਦ ਹੈ। ਇਸ ਲਈ ਬ੍ਰਹਮ ਵਿਦਿਆ ਦਾ ਪੂਰਾ ਗਿਆਨ ਗੁਰੂ ਤੋਂ ਬਿਨਾਂ ਸੰਭਵ ਹੀ ਨਹੀਂ ਸੀ। ਸਪਸ਼ਟ ਹੈ ਕਿ ਇਹ ਕਹਾਣੀ ਇਕ ਜਟਿਲ ਪ੍ਰਤੀਕ ਕਥਾ ਹੈ।

ਇਨ੍ਹਾਂ ਪ੍ਰਸ਼ਨਾਂ ਦਾ ਠੀਕ ਠੀਕ ਉੱਤਰ ਤਾਂ ਅਸੀਂ ਵੀ ਨਹੀਂ ਜਾਣਦੇ ਪਰ ਅਨੁਮਾਨ ਵਜੋਂ ਉਸ ਰਾਜੇ ਦਾ ਨਾਂ ਪੌਤ੍ਰਾਯਣ ਇਸ ਲਈ ਸੀ ਕਿ ਉਹ ਪ੍ਰਜਾ ਦੇ ਪਾਲਣ ਵਿਚ ਤੱਤਪਰ ਰਹਿੰਦਾ ਸੀ। ਕਿਹਾ ਜਾਂਦਾ ਹੈ ਕਿ ਉਹ ਜਾਨਸ਼੍ਰੁਤਿ ਨਾਂ ਦੇ ਕਿਸੇ ਵਿਅਕਤੀ ਦਾ ਪੋਤਰਾ ਸੀ ਪਰ ਜਾਨਸ਼੍ਰੁਤਿ ਨਾਂ ਇਸ ਲਈ ਰਖਿਆ ਗਿਆ ਪ੍ਰਤੀਤ ਹੁੰਦਾ ਹੈ ਕਿਉਂਕਿ ਉਸਦੀ ਦਾਨਸ਼ੀਲਤਾ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਜਨਸ਼੍ਰੁਤੀਆਂ (ਰਵਾਇਤਾਂ) ਪ੍ਰਚਲਿਤ ਹੋ ਗਈਆਂ ਸਨ। ਜਿਵੇਂ ਰੈਕਵ ਠੇਲ੍ਹੇ ਵਾਲਾ ਰੈਕਵ ਜਾਂ ਰੈਕਵ-ਸ਼ਾਕਟਾਯਨ ਸੀ ਉਸੇ ਤਰ੍ਹਾਂ ਹੀ ਉਹ ਜਨ-ਸ਼੍ਰੁਤੀਆਂ ਵਾਲਾ ਪੌਤ੍ਰਾਯਣ ਸੀ। ਪੌਤ੍ਰ ਦਾ ਸੰਬੰਧ ਤਾਂ ਯੱਗ ਪਰਾਯਣਤਾ (ਯੱਗ ਵਿਚ ਅਤਿ ਮਗਨਤਾ) ਨਾਲ ਵੀ ਹੋ ਸਕਦਾ ਸੀ। ਅਜਿਹੀ ਸਥਿਤੀ ਵਿਚ ਕਹਾਣੀਕਾਰ ਇਹ ਕਹਿਣਾ ਚਾਹੁੰਦਾ ਹੈ ਕਿ ਭਾਵੇਂ ਉਹ ਸਾਧਾਰਣ ਦਾਨੀ ਅਤੇ ਯੱਗ-ਪਰਾਯਣ ਦੋਵੇਂ ਸੀ। ਕਹਿਣਾ ਇਹ ਚਾਹੀਦਾ ਹੈ ਕਿ ਉਹ ਇੱਛਾ ਅਤੇ ਪੂਰਤੀ ਦੋਹਾਂ ਵਿਚ ਅਦੁੱਤੀ ਸੀ ਪਰ ਬ੍ਰਹਮ-ਵਿਦਿਆ ਜਾਣਨ ਵਾਲੇ ਰੈਕਵ ਦੇ ਸਾਹਮਣੇ ਉਸਦਾ ਪੁੰਨ ਪ੍ਰਤਾਪ ਨਾਂਹ ਮਾਤਰ ਸੀ।

ਹੰਸ ਤਾਂ ਸ਼ੁੱਧ ਆਤਮਾ ਦੇ ਪ੍ਰਤੀਕ ਹਨ ਹੀ। ਨਿਸੰਗ ਅਤੇ ਨਿਰਭੈ ਹੋਣ ਕਾਰਣ ਅਜਿਹੇ ਵਿਅਕਤੀ ਹੀ ਸਤਿ-ਅਸਤਿ ਦਾ ਸਹੀ ਵਿਵੇਕ ਕਰ ਸਕਦੇ ਹਨ ਅਤੇ ਬਾਹਰੀ ਆਡੰਬਰ ਵਲ ਧਿਆਨ ਨਾ ਦੇ ਕੇ ਮਨੁੱਖ ਦੀ ਆਤਮਿਕ ਉਨੱਤੀ ਦਾ ਨਿਰਣਾ ਕਰ ਸਕਦੇ ਹਨ। ਜਿਸ ਉਚਾਈ ਤੇ ਉਹ ਉੱਡ ਰਹੇ ਸਨ ਉਸ ਤੋਂ ਢੁੱਕਵੀਂ ਥਾਂ ਹੋਰ ਕਿਹੜੀ ਹੋ ਸਕਦੀ ਹੈ ਉਚਾਈ ਨਾਪਣ ਦੀ। ਯਸ਼ ਤਾਂ ਤੇਜ ਵਾਂਗ ਹੁੰਦਾ ਹੀ ਹੈ। ਯਸ਼ ਵਾਲੇ ਵਿਅਕਤੀ ਦੇ ਯਸ਼ ਨੂੰ ਮਲੀਨ ਕਰਨ ਵਾਲੇ ਨੂੰ ਉਸਦਾ ਯਸ਼ ਹੀ ਭਸਮ ਕਰ ਦਿੰਦਾ ਹੈ। ਜਿਸ ਵਿਅਕਤੀ ਕੋਲ ਉਹ ਉਸਦੀ ਬੁਰਾਈ ਕਰਦਾ ਹੈ ਉਸਦੀ ਨਜ਼ਰ ਵਿਚ ਉਹ ਆਪ ਡਿਗ ਜਾਂਦਾ ਹੈ ਪਰ ਯਸ਼ ਵਾਲੇ ਵਿਅਕਤੀ ਦਾ ਕੁਝ ਵੀ ਵਿਗਾੜ ਨਹੀਂ ਸਕਦਾ।

ਇਹ ਜਾਣ ਕੇ ਸਚਮੁੱਚ ਹੈਰਾਨੀ ਹੋਵੇਗੀ ਕਿ ਰੈਕਵ ਸ਼ਾਕਟਾਯਨ ਠੇਲ੍ਹੇ ਅਗੇ ਜੁੜਣ ਵਾਲੇ ਗੰਧਰਵ ਦੇਵ ਹੀ ਸਨ। ਆਪਣੇ ਗਿਆਨ ਦੇ ਹੰਕਾਰ ਵਿਚ ਅਸੀਂ ਇਹ ਮੰਨ ਲੈਂਦੇ ਹਾਂ ਕਿ ਮਨੁੱਖ ਸਾਰੇ ਪ੍ਰਾਣੀਆਂ ਤੋਂ ਹਰ ਦ੍ਰਿਸ਼ਟੀ ਤੋਂ ਸ੍ਰੇਸ਼ਠ ਹੈ। ਪ੍ਰਕ੍ਰਿਤੀ ਵਲ ਤਾਂ ਅਸੀਂ ਦੇਖਣਾ ਛੱਡ ਦਿੱਤਾ ਹੈ, ਉਸਨੂੰ ਖ਼ਤਮ ਜ਼ਰੂਰ ਕਰੀ ਜਾ ਰਹੇ ਹਾਂ। ਪਹਿਲਾਂ ਅਜਿਹਾ ਨਹੀਂ ਸੀ। ਲੋਕੀਂ ਜਾਣਦੇ ਸਨ ਕਿ ਅਨੇਕ ਜੀਵ ਮਨੁੱਖ ਤੋਂ ਅਨੇਕ ਮਾਮਲਿਆਂ ਵਿਚ ਜ਼ਿਆਦਾ ਸ੍ਰੇਸ਼ਠ ਹਨ। ਉਹ ਮਨੁੱਖ ਦੇ ਬਹੁਪ੍ਰਕਾਰੀ ਗੁਣਾਂ ਲਈ, ਮਨੁੱਖਾਂ ਤੋਂ ਨਹੀਂ, ਪ੍ਰਕਿਰਤੀ ਤੋਂ ਹੀ ਉਪਮਾਵਾਂ ਚੁਣਦੇ ਸਨ, ਇਹ ਉਸਦੀ ਸੂਰਵੀਰਤਾ ਹੋਵੇ ਜਾਂ ਧੀਰਜ ਸ਼ਕਤੀ ਹੋਵੇ ਜਾਂ ਦ੍ਰਿਸ਼ਟੀ, ਸ਼ਾਂਤੀ ਹੋਵੇ ਜਾਂ ਚਿੰਤਾ। ਕਠ, ਕੂਰਮ, ਮੰਡੂਕ, ਅਸ਼ਵਤਰ, ਤਿੱਤਿਰ ਆਦਿ ਨਾਵਾਂ ਨਾਲ ਉਪਨਿਸ਼ਦਾਂ ਦੀ ਰਚਨਾ ਕਰਨ ਵਾਲਿਆਂ ਲਈ ਇਹ ਪਸ਼ੂ ਉਨੇ ਤੁੱਛ ਨਹੀਂ ਸਨ ਜਿੰਨੇ ਅਸੀਂ ਸਮਝਦੇ ਹਾਂ। ਫਿਰ ਖੋਤੇ ਤੋਂ ਬੀਤਰਾਗ (ਇੱਛਾਹੀਨ) ਕਰਮਯੋਗੀ ਕੀ ਪ੍ਰਾਣੀ ਜਗਤ ਵਿਚ ਕੋਈ ਹੋਰ ਹੋ ਸਕਦਾ ਹੈ? ਬ੍ਰਹਮ ਵਿਦਿਆ ਦਾ ਉਪਦੇਸ਼ ਦੇਣ ਲਈ ਇਸ

ਤੋਂ ਉੱਚਾ ਆਦਰਸ਼ ਕੋਈ ਹੋਰ ਹੋ ਸਕਦਾ ਸੀ ਜੋ ਠੇਲ੍ਹੇ ਨੂੰ ਠੇਲ੍ਹਣ ਵਿਚ ਤਾਂ ਕਦੀ ਕੋਤਾਹੀ ਨਹੀਂ ਕਰਦਾ ਪਰ ਉਸ ਵਿਚ ਜੋ ਭੋਗ-ਪਦਾਰਥ ਲੱਦੇ ਹਨ, ਉਨ੍ਹਾਂ ਵਿਚ ਜ਼ਰਾ ਵੀ ਖਿਚ ਨਹੀਂ ਰਖਦਾ? ਕੀ ਉਸ ਤੋਂ ਨਿਰ-ਹੰਕਾਰ ਕੋਈ ਹੋਰ ਪ੍ਰਾਣੀ ਮਿਲ ਸਕਦਾ ਹੈ? ਅਤੇ ਧੀਰਜ ਦੀ ਤਾਂ ਉਹ ਸਾਖਿਆਤ ਮੂਰਤ ਹੈ ਹੀ। ਹੁਣ ਜਿਸ ਧਨ ਅਤੇ ਜਿਨ੍ਹਾਂ ਭੋਗ-ਪਦਾਰਥਾਂ ਨੂੰ ਠੇਲ੍ਹੇ ਉੱਤੇ ਲਦਵਾ ਕੇ ਰਾਜਾ ਅਤੇ ਵਜ਼ੀਰ ਦਾਨ ਆਦਿ ਲਈ ਮੰਗਾਉਂਦੇ ਹਨ ਜਾਂ ਲੈ ਕੇ ਜਾਂਦੇ ਹਨ ਉਸ ਵਿਚ ਸਭ ਤੋਂ ਜ਼ਿਆਦਾ ਮਿਹਨਤ ਕਿਸ ਨੇ ਕੀਤੀ? ਉਸ ਰਾਜੇ ਨੇ ਜਾਂ ਵਜ਼ੀਰ ਨੇ? ਜਾਂ ਫਿਰ ਉਸ ਠੇਲ੍ਹੇ ਦੇ ਅਗੇ ਜੁੜੇ ਖੋਤੇ ਨੇ? ਤੱਤ-ਦਰਸ਼ੀਆਂ ਦੀ ਦ੍ਰਿਸ਼ਟੀ ਵਿਚ ਸਾਰੇ ਦਾਨ-ਸ਼ੀਲ ਅਤੇ ਪੁੰਨ ਕਰਨ ਵਾਲੇ ਦੇ ਪੁੰਨ ਕ੍ਰਿਤ (ਕਰਮਫਲ) ਨਾਂ ਵਾਲੇ ਪਾਸੇ ਵਾਂਗ ਉਸ ਦੁਆਰਾ ਜਿੱਤ ਲਏ ਜਾਣ ਜੋ ਮਿਹਨਤ ਕਰਦਾ ਹੈ, ਤਾਂ ਇਸ ਵਿਚ ਕੁਝ ਗ਼ਲਤ ਤਾਂ ਨਹੀਂ।

ਇਸ ਸੁਝਾ 'ਤੇ ਹਾਸਾ ਆ ਸਕਦਾ ਹੈ ਕਿ ਖਿਚ-ਤਾਣ ਕਰਕੇ ਤੁਕ ਮਿਲਾਈ ਜਾ ਰਹੀ ਹੈ। ਇਹ ਸੱਚ ਹੈ ਕਿ ਉਸ ਜ਼ਮਾਨੇ ਵਿਚ ਇਸ ਤਰ੍ਹਾਂ ਦਾ ਬੋਧ ਪੈਦਾ ਨਹੀਂ ਹੋਇਆ ਸੀ ਕਿ ਮਿਹਨਤੀਆਂ ਅਤੇ ਵਾਂਝੇ ਹੋਇਆਂ ਨੂੰ ਏਨਾ ਮਹੱਤਵ ਦਿੱਤਾ ਜਾਂਦਾ ਪਰ ਫਲ ਦੀ ਅਕਾਂਖਿਆ ਤੋਂ ਮੁਕਤ ਹੋ ਕੇ ਨਿਰੰਤਰ ਕੰਮ ਕਰਨ ਨੂੰ ਆਦਰਸ਼ ਸਾਧਨਾ ਅਤੇ ਮੁਕਤੀ ਦਾ ਮਾਰਗ ਮੰਨਣ ਵਾਲਿਆਂ ਵਿਚ ਇਸਦੀ ਚੇਤਨਾ ਦਾ ਹੋਣਾ ਬੇਤੁਕਾ ਨਹੀਂ। ਇਨ੍ਹਾਂ ਬ੍ਰਹਮਵਾਦੀਆਂ ਤੋਂ ਇਲਾਵਾ ਲੋਕਾਂ ਵਿਚ ਅਨੇਕਾਂ ਮਿਹਨਤਕਸ਼ ਜਾਤੀਆਂ ਪ੍ਰਤਿ ਪਹਿਲਾਂ ਜੋ ਬੇਧਿਆਨੀ ਦੀ ਰੁਚੀ ਸੀ ਉਸ ਵਿਚ ਇਸ ਚਿੰਤਨ ਕਰਕੇ ਨਰਮੀ ਜ਼ਰੂਰ ਆਈ ਸੀ। ਜੋ ਵੀ ਹੋਵੇ ਜੇ ਸਾਡੀ ਰੈਕਵ ਦੀ ਪਛਾਣ ਸਹੀ ਹੈ ਤਾਂ ਮੰਨਣਾ ਪਵੇਗਾ ਕਿ ਖੋਤੇ ਦੇ ਹੀਂਗਣ ਦੀ ਜਿਸ ਕਿਰਿਆ ਕਾਰਣ ਰੈਕਵ ਦਾ ਨਾਂ ਰੈਕਵ ਪਿਆ ਸੀ, ਉਸਦੇ ਨਾਲ ਹੀ ਇਹ ਨਾਂ ਵੀ ਕਾਫ਼ੀ ਪੁਰਾਣਾ ਹੈ।

ਪਰ ਇਸ ਵਿਚ ਇਕ ਸਲੇਸ਼ (ਦੋਹਰਾ ਅਰਥ) ਵੀ ਲੁਕਿਆ ਹੋਇਆ ਹੈ। ਇਸ ਵਿਚੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਇਹ ਰਿਕ੍ਰ ਜਾਂ ਰਿਗਵੇਦ ਦੇ ਸਾਰ ਤੱਤ ਦਾ ਗਿਆਤਾ ਹੈ। ਇਹੀ ਤਾਂ ਵੇਦਾਂ ਦਾ ਸਾਰਤੱਤ ਹੈ। ਇਹ ਮਧੂ-ਵਿਦਿਆ ਜਾਂ ਬ੍ਰਹਮ ਵਿਦਿਆ ਹੈ ਅਤੇ ਇਸ ਲਈ ਉਸ ਪਿੰਡ ਦਾ ਨਾਂ ਵੀ ਰੈਕਵ-ਪਰਣ ਰਖਿਆ ਗਿਆ ਕਿ ਸੁਣ ਕੇ ਲੱਗੇ ਕਿ ਇਥੇ ਰਿਗਵੇਦ ਦੇ ਪੰਨਿਆਂ ਜਾਂ ਗ੍ਰੰਥ ਦੀ ਗੱਲ ਕੀਤੀ ਜਾ ਰਹੀ ਹੈ। ਦੇਸ਼ ਵੀ ਮਹਾਵ੍ਰਿਸ਼ ਹੈ। ਸਾਰੀਆਂ ਕਾਮਨਾਵਾਂ ਦੀ ਸਿੱਧੀ ਅਤੇ ਇਛਿਤ ਵਸਤੂਆਂ ਦੀ ਵਰਖਾ ਕਰਾਉਣ ਵਾਲਾ ਗਿਆਨ ਅਤੇ ਪੁੰਨ ਦਾ ਦੇਸ਼।

ਉਸ ਰੈਕਵ ਦੇਵ ਦਾ ਜਨਮ ਵੀ ਕੁਝ ਸਾਧਾਰਣ ਮਹੱਤਵ ਨਹੀਂ ਰਖਦਾ। ਸ਼ਾਸਤ੍ਰ ਕਹਿੰਦੇ ਹਨ ਕਿ ਸ੍ਰਿਸ਼ਟੀ ਦੇ ਆਦਿ ਵਿਚ ਹਿਰਣਯ-ਗਰਭ ਦੇ ਫਟਣ ਨਾਲ ਜੋ ਹੰਝੂ ਨਿਕਲਿਆ ਉਹ ਤਾਂ ਅਸ਼ਵ (ਘੋੜਾ) ਹੋਇਆ ਅਤੇ ਜਿਸਨੇ ਰਸ ਕਹਿ ਕੇ ਪੁਕਾਰਿਆ ਉਹ ਰਾਸਭ (ਖੋਤਾ) ਹੋਇਆ। ਰਸ ਦਾ ਜੋ ਅੰਸ਼ ਅੰਡੇ ਦੇ ਖੋਲ ਨਾਲ ਚਿਪਕਿਆ ਰਹਿ ਗਿਆ ਉਹ ਅਜ ਦਾ ਬ੍ਰਕਰਾ ਹੋਇਆ ਅਤੇ ਖੋਲ ਆਪ ਧਰਤੀ ਬਣ ਗਿਆ। ਤਾਂ ਰਾਸਭ ਤਾਂ ਰਸ ਦਾ ਗਿਆਤਾ ਅਤੇ ਪ੍ਰਵਕਤਾ ਹੈ ਹੀ। ਜਦੋਂ ਮਨੁੱਖ ਪੈਦਾ ਨਹੀਂ ਹੋਇਆ ਸੀ ਉਦੋਂ ਤੋਂ ਉਹ ਅਜਨਮਾ ਬ੍ਰਾਹਮਣ ਵੀ ਹੈ, ਬ੍ਰਹਮ ਦਾ ਗਿਆਤਾ। ਉਸਤੋਂ ਵੱਡਾ ਬ੍ਰਾਹਮਣ ਤਾਂ

ਕੋਈ ਦੂਜਾ ਹੋਇਆ ਹੀ ਨਹੀਂ। ਏਨਾ ਦਾਨਸ਼ੀਲ ਰਾਜਾ, ਜਿਸਦੀ ਮਹਿਮਾ ਦੀ ਤੂਤੀ ਚੌਹਾਂ ਪਾਸੇ ਵਜ ਰਹੀ ਸੀ ਪਰ ਜੋ ਬ੍ਰਹਮ-ਵਿਦਿਆ ਤੋਂ ਵਾਂਝਿਆ ਸੀ, ਉਹ ਉਸਦੇ ਸਾਹਮਣੇ ਸੂਦਰ ਤਾਂ ਹੋਇਆ ਹੀ। ਰੈਕਵ ਤਾਂ ਜਨਮ ਤੋਂ ਬ੍ਰਾਹਮਣ ਅਤੇ ਕਰਮ ਤੋਂ ਬ੍ਰਹਮਚਾਰੀ ਅਤੇ ਗਿਆਨ ਤੋਂ ਬ੍ਰਹਮ-ਗਿਆਤਾ। ਰਾਜਾ ਆਪ ਉਸ ਪਾਸ ਖੱਚਰਾਂ ਤੋਂ ਜੁੱਤਿਆ ਰਥ ਲੈ ਕੇ ਇਸ ਲਈ ਗਿਆ ਸੀ ਕਿ ਦੇਵਤਾ, ਹੁਣ ਤੁਸੀਂ ਖ਼ੁਦ ਇਕ ਰਥ ਦੇ ਮਾਲਕ ਹੋ ਜਾਓ। ਅੱਗੇ ਤੋਂ ਆਪ ਦੀ ਠੇਲ੍ਹਾ ਠੇਲ੍ਹਣ ਦੀ ਖੇਚਲ ਤੋਂ ਖਲਾਸੀ ਹੋ ਗਈ। ਘਾਹ ਚਰਦੇ ਹੋਇਆਂ ਗਰਦਨ ਦੁਖ ਜਾਂਦੀ ਹੋਵੇਗੀ। ਇਹ ਇਕ ਹਜ਼ਾਰ ਗਊਆਂ ਹਨ। ਇਨ੍ਹਾਂ ਦਾ ਦੁੱਧ ਪੀਓ। ਅਤੇ ਜਿਥੋਂ ਤਕ ਸੋਨੇ ਦੀ ਜ਼ੰਜੀਰ ਦਾ ਪ੍ਰਸ਼ਨ ਹੈ ਉਸਦਾ ਜੋ ਵੀ ਚਾਹੋ ਅਰਥ ਕੱਢੋ। ਪਹਿਲਾਂ ਖੋਤੇ ਬੰਨ੍ਹੇ ਵੀ ਜਾਂਦੇ ਸਨ, ਸ਼ਾਇਦ। ਪਰ ਅਸਲ ਗੱਲ ਤਾਂ ਇਹ ਹੈ ਕਿ ਲੋਕ ਆਪਣੇ ਘੋੜਿਆਂ, ਖੋਤਿਆਂ ਨੂੰ ਮੋਤੀਆਂ ਦੇ ਹਾਰ ਅਤੇ ਹਾਥੀਆਂ ਨੂੰ ਸੋਨੇ ਦੇ ਗਹਿਣੇ ਤਕ ਪੁਆਉਂਦੇ ਸਨ। ਖਾਜ ਨਾਲ ਸੜਦੇ, ਘਿਰਣਿਤ ਪ੍ਰਾਣੀ ਲਈ ਇਹ ਅਨੂਪਮ ਗਹਿਣਾ ਹੈ। ਪਰ ਇਨ੍ਹਾਂ ਭੌਤਿਕ ਵਸਤੂਆਂ ਵਿਚ ਰੈਕਵ ਦੀ ਕੀ ਰੁਚੀ ਹੋ ਸਕਦੀ ਸੀ। ਇਹ ਵੀ ਉਸਦੀ ਖਿਝ ਦਾ ਕਾਰਣ ਬਣਿਆ ਹੋ ਸਕਦਾ ਹੈ ਪਰ ਉਸ ਵਿਚ ਇਕ ਕਮਜ਼ੋਰੀ ਜ਼ਰੂਰ ਸੀ ਅਤੇ ਇਹ ਬ੍ਰਹਮ-ਵਿਦਿਆ ਦੇ ਲਈ ਕੋਈ ਕਮਜ਼ੋਰੀ ਵੀ ਨਹੀਂ ਸੀ। ਬ੍ਰਹਮ ਦੇ ਗਿਆਤਾ ਜੀਵਨ ਤੋਂ ਭੱਜ ਕੇ ਸੰਨਿਆਸ ਲੈਣ ਵਾਲੇ ਲੋਕ ਨਹੀਂ ਸਨ। ਕਬੀਰ ਦਾਸ ਜੀ ਨੇ ਕਿਹਾ – 'ਸਾਰਾ ਕਰਮ ਹਮਾਰਾ ਕੀਆ, ਹਮ ਕਰਮਨ ਤੇਂ ਨਿਆਰੇ ਹੋ।' ਉਹ ਗ੍ਰਹਿਸਥ ਧਰਮ ਤੋਂ ਭੱਜਣ ਵਾਲੇ ਲੋਕ ਨਹੀਂ ਸਨ, ਭਾਵੇਂ ਇਸ ਵਿਚ ਲੋੜ ਤੋਂ ਜ਼ਿਆਦਾ ਮੋਹ ਵੀ ਨਹੀਂ ਸਨ ਰਖਦੇ। ਲਗਦਾ ਹੈ ਉਨ੍ਹਾਂ ਦੇ ਬ੍ਰਹਮਚਾਰੀ ਜੀਵਨ ਦਾ ਸਮਾਂ ਪੂਰਾ ਹੋ ਗਿਆ ਸੀ, ਇਸ ਲਈ ਰਾਜ ਕੰਨਿਆ ਨੂੰ ਦੇਖ ਕੇ ਪੰਘਰ ਗਏ। ਅਤੇ ਉਸ ਰਾਜੇ ਨੂੰ ਵੀ ਉਪਦੇਸ਼ ਦੇਣ ਲਈ ਤਿਆਰ ਹੋ ਗਏ ਜੋ ਦਾਨ ਅਤੇ ਪੂਰਤੀ ਨੂੰ ਹੀ ਕਲਿਆਣ ਦਾ ਮਾਰਗ ਸਮਝਦਾ ਸੀ ਅਤੇ ਜਿਸਨੂੰ ਇਹ ਪਤਾ ਨਹੀਂ ਸੀ ਕਿ ਇਸ ਨਾਲ ਸਿਰਫ਼ ਸਵਰਗ ਪ੍ਰਾਪਤ ਕੀਤਾ ਜਾ ਸਕਦਾ ਹੈ। ਮੁਕਤੀ ਨਹੀਂ ਪ੍ਰਾਪਤ ਕੀਤੀ ਜਾ ਸਕਦੀ। ਗੱਲ ਕੀ ਮੁਕਤੀ ਦਾ ਸੌਦਾਗਰ ਬ੍ਰਹਮਵਾਦੀ ਜੇ ਕੁਰੂਪ ਘਿਰਣਿਤ ਗਰੀਬ, ਬੇਘਰ-ਬਾਰ ਵੀ ਹੋਵੇ, ਮਨੁੱਖ ਤਾਂ ਦੂਰ ਜੇ ਉਹ ਇਕ ਸਾਧਾਰਣ ਪਸ਼ੂ ਵੀ ਹੋਵੇ, ਪਰ ਬ੍ਰਹਮ-ਵਿਦਿਆ ਦਾ ਗਿਆਤਾ ਹੋਵੇ ਅਤੇ ਉਸਨੂੰ ਜੀਵਨ ਵਿਚ ਢਾਲ ਚੁਕਿਆ ਹੋਵੇ, ਤਾਂ ਉਹ ਸੁਖ, ਅਮੀਰੀ ਐਸ਼ਵਰਜ ਵਿਚ ਜੀਉਣ ਵਾਲੇ, ਮੰਦਿਰ ਅਤੇ ਧਰਮਸ਼ਾਲਾ ਬਣਾਉਣ ਵਾਲੇ ਅਤੇ ਲੰਗਰ ਅਤੇ ਸਦਾਵਰਤ ਲੁਟਾਉਣ ਵਾਲੇ, ਯੱਗ ਆਦਿ ਕਰਨ ਵਾਲੇ ਲੋਕਾਂ ਤੋਂ ਵੀ ਸ੍ਰੇਸ਼ਠ ਹੈ ਅਤੇ ਆਪਣੀ ਆਤਮਿਕ ਸੁੰਦਰਤਾ ਕਾਰਣ ਏਨਾ ਸੁੰਦਰ ਹੈ ਕਿ ਉਸਨੂੰ ਕੋਈ ਰਾਜਾ ਆਪਣੀ ਸੁੰਦਰ ਕੰਨਿਆ ਤਕ ਦਾਨ ਦੇ ਸਕੇ।

# ਸਭ ਤੋਂ ਪੁਰਾਣੀ ਚੋਣ-ਮੁਹਿੰਮ

ਦੇਵਤਿਆਂ ਦੀ ਉਤਪੱਤੀ ਉਦੋਂ ਹੋਈ ਸੀ ਜਦੋਂ ਅਜੇ ਮਨੁੱਖ ਪੈਦਾ ਨਹੀਂ ਸੀ ਹੋਇਆ। ਉਦੋਂ ਤਕ ਕਿਸੇ ਨੂੰ ਸਭਿਅਤਾ ਅਤੇ ਸਦਾਚਾਰ ਦਾ ਗਿਆਨ ਨਹੀਂ ਸੀ। ਦੇਵਤਿਆਂ ਦੇ ਆਪ-ਹੁਦਰੇ ਆਚਰਣ ਦਾ ਇਹ ਵੀ ਇਕ ਕਾਰਣ ਹੈ। ਆਪਸ ਵਿਚ ਕਿਸੇ ਗੱਲ ਕਾਰਣ ਹੀ ਝਗੜਦੇ ਰਹਿੰਦੇ ਸਨ ਕਿ ਉਨ੍ਹਾਂ ਵਿਚੋਂ ਕੌਣ ਕਿਸ ਤੋਂ ਵੱਡਾ ਹੈ ਅਤੇ ਦੂਜਿਆਂ ਤੋਂ ਵੱਡਿਆਂ ਵਿਚੋਂ ਸਭ ਤੋਂ ਵੱਡਾ ਕੌਣ ਹੈ। ਅਕਸਰ ਉਸ ਵਾਨਰੀ ਸੰਸਕ੍ਰਿਤੀ ਦੇ ਨਮੂਨੇ ਸਾਹਮਣੇ ਆਉਂਦੇ ਹਨ ਜਿਸ ਵਿਚ ਜੁਆਨੀ ਦੇ ਜੋਸ਼ ਵਿਚ ਕੋਈ ਵਾਨਰ ਵਿਗੜ ਕੇ ਪੁਰਾਣੇ ਬੁੱਢੇ ਬਜ਼ੁਰਗ ਸਰਦਾਰ ਪ੍ਰਤਿ ਬਗ਼ਾਵਤ ਹੀ ਨਹੀਂ ਕਰ ਬੈਠਦਾ, ਸਗੋਂ ਉਸਨੂੰ ਘਾਇਲ ਕਰਕੇ ਭਜਾ ਵੀ ਦਿੰਦਾ ਹੈ। ਘੱਟੋ-ਘੱਟ ਉਸ ਤੋਂ ਆਪਣੀ ਧੌਂਸ ਤਾਂ ਸਵੀਕਾਰ ਕਰਵਾ ਹੀ ਲੈਂਦਾ ਹੈ। ਆਦਮੀ ਪੈਦਾ ਹੋਇਆ, ਉਸ ਨੇ ਸਭਿਆਚਾਰ ਦੇ ਨਿਯਮ ਅਤੇ ਕਾਨੂੰਨ ਬਣਾਏ, ਪਰ ਉਸਨੂੰ ਦੇਖ ਕੇ ਵੀ ਦੇਵਤਿਆਂ ਨੇ ਕੁਝ ਨਾ ਸਿੱਖਿਆ, ਨਾ ਆਪਣੇ ਆਚਰਣ ਵਿਚ ਹੀ ਕੋਈ ਸੁਧਾਰ ਲਿਆਂਦਾ। ਉਲਟਾ ਆਪਣੇ ਉਸੇ ਜੰਗਲੀ ਕਾਨੂੰਨ ਅਨੁਸਾਰ ਮਨੁੱਖਾਂ ਦੁਆਰਾ ਭੇਟਾ ਕੀਤੇ ਜਾਣ ਵਾਲੇ ਭਾਗ ਨੂੰ ਲੈ ਕੇ ਵੀ ਖੋਹਾ-ਖੋਹੀ ਤੋਂ ਬਾਜ਼ ਨਹੀਂ ਸਨ ਆਉਂਦੇ। ਇੰਦਰ ਵਰਗਾ ਕੋਈ ਨਵਾਂ ਦੇਵਤਾ ਕਹਿੰਦਾ ਕਿ ਮਨੁੱਖ ਜਿੰਨਾ ਵੀ ਮਾਲ ਦੇਵਤਿਆਂ ਦੇ ਨਾਂ ਚੜ੍ਹਾਉਂਦਾ ਹੈ, ਉਹ ਸਾਰਾ ਮੈਂ ਇਕੱਲਾ ਹੀ ਖਾਵਾਂਗਾ ਅਤੇ ਰੁਦ੍ਰ ਜਾਂ ਪੂਸ਼ਾ (ਸੂਰਜ) ਜਾਂ ਵਰੁਣ ਵਰਗੇ ਦੇਵਤਿਆਂ ਦਾ ਮਨੋਬਲ ਤੋੜ ਕੇ ਉਨ੍ਹਾਂ ਤੋਂ ਆਪਣੀ ਸ੍ਰੇਸ਼ਠਤਾ ਦਾ ਲੋਹਾ ਮੰਨਵਾ ਲੈਂਦਾ ਸੀ। ਇਹ ਮਨੁੱਖ ਦੀ ਸੱਜਣਤਾ ਹੀ ਸੀ ਕਿ ਅਜਿਹਾ ਊਧਮ ਮਚਾਉਣ ਵਾਲੇ ਦੇਵਤਿਆਂ ਨੂੰ ਵੀ ਉਸ ਨੇ ਅੱਜ ਤਕ ਸਿਰ ਮੱਥੇ ਉਤੇ ਬਿਠਾਇਆ ਹੋਇਆ ਹੈ ਪਰ ਬ੍ਰਹਮਵਾਦੀਆਂ ਨੇ ਇਨ੍ਹਾਂ ਨੂੰ ਉਠਾ ਕੇ ਆਪਣੀ ਕਾਇਆ ਵਿਚ ਹੀ ਥਾਂ ਦੇ ਦਿੱਤੀ।

ਏਨਾ ਕਰਨ ਮਗਰੋਂ ਵੀ ਉਨ੍ਹਾਂ ਦੀ ਮੂਰਖਤਾ ਵਿਚ ਕੋਈ ਕਮੀ ਨਹੀਂ ਆਈ। ਅੱਜ ਤਕ ਸ੍ਰੇਸ਼ਠਤਾ ਦਾ ਜੋ ਝਗੜਾ ਕਿਧਰੇ ਆਸਮਾਨ ਆਦਿ ਵਿਚ ਹੁੰਦਾ ਰਿਹਾ ਹੋਵੇਗਾ, ਉਸ ਲਈ ਹੁਣ ਉਸਦੇ ਅੰਦਰ ਹੀ ਘਮਸਾਨ ਹੋਣ ਲਗਾ। ਮਨੁੱਖ ਦੇ ਦਿਲੋ-ਦਿਮਾਗ਼ ਵਿਚ ਵਸਣ ਮਗਰੋਂ ਵੀ ਦੇਵਤਿਆਂ ਨੇ ਉਸ ਤੋਂ ਕੁਝ ਨਾ ਸਿਖਿਆ। ਉਲਟਾ ਇਸ ਕੁਸੰਗਤ ਦਾ ਅਸਰ ਆਦਮੀ ਉਤੇ ਪੈਣ ਲਗਿਆ। ਉਜੱਡ ਦੇਵਤਿਆਂ ਵਰਗਾ ਗ਼ਲਤ ਆਦਰਸ਼ ਕਿਸੇ ਸਭਯ ਮਨੁੱਖ ਦੇ ਲਈ ਨਹੀਂ ਹੋ ਸਕਦਾ, ਇਸ ਬਾਰੇ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ। ਪਰ ਜੋ ਭੁੱਲ ਹੋ ਗਈ ਸੋ ਹੋ ਗਈ। ਉਸ ਇਕ ਭੁਲ ਦੀ ਸਜ਼ਾ ਉਹ ਅੱਜ ਤਕ ਭੁਗਤ ਰਿਹਾ ਹੈ। ਆਦਮੀ ਜਦੋਂ ਆਪਣੀ ਅਕਲ ਤੋਂ ਕੰਮ ਲੈਂਦਾ ਹੈ ਤਾਂ ਪ੍ਰੇਮ ਅਤੇ ਭਾਈਚਾਰੇ ਦੀ

ਗੱਲ ਕਰਦਾ ਹੈ, ਦੇਵਤਿਆਂ ਦੇ ਵਿਚ ਵਿਚਾਲੇ ਆਉਂਦਿਆਂ ਹੀ ਖ਼ੂਨ ਖ਼ਰਾਬਾ ਕਰਨ ਤੇ ਉਤਾਰੂ ਹੋ ਜਾਂਦਾ ਹੈ।

ਪਰ ਰੌਚਕ ਗੱਲ ਇਹ ਹੈ ਕਿ ਦੇਵਤੇ ਆਪਸ ਵਿਚ ਖ਼ੂਨ-ਖ਼ਰਾਬਾ ਨਹੀਂ ਕਰਦੇ ਸਨ। ਉਨ੍ਹਾਂ ਵਿਚੋਂ ਭਾਵੇਂ ਕੋਈ ਦੂਸਰੇ ਨਾਲ ਕਿੰਨਾ ਵੀ ਸਾੜਾ ਰਖਦਾ ਹੋਵੇ, ਪਰ ਉਸ ਨੂੰ ਹਰਾਉਂਦਾ ਲੋਕਤਾਂਤਰਿਕ ਤਰੀਕੇ ਨਾਲ ਹੀ ਸੀ। ਹਰੇਕ ਦੇਵਤਾ ਆਪਣੇ ਵਲੋਂ ਆਪਣਾ ਪ੍ਰਚਾਰ ਕਰਦਾ ਅਤੇ ਕਰਵਾਉਂਦਾ ਸੀ ਅਤੇ ਕੋਸ਼ਿਸ਼ ਕਰਦਾ ਸੀ ਕਿ ਦੂਸਰੇ ਉਸਦੀ ਸ੍ਰੇਸ਼ਠਤਾ ਨੂੰ ਸਵੀਕਾਰ ਕਰਨ। ਦੇਵਤਿਆਂ ਵਿਚ ਸਾਰੇ ਦੇਵਤੇ ਹੀ ਸਨ ਅਤੇ ਸਾਰਿਆਂ ਦੀਆਂ ਅਕਾਂਖਿਆਵਾਂ ਇਕੋ ਜਿਹੀਆਂ ਸਨ। ਉਨ੍ਹਾਂ ਵਿਚੋਂ ਸਾਰੇ ਦੂਜਿਆਂ ਨਾਲੋਂ ਵੱਡਾ ਬਣਨਾ ਚਾਹੁੰਦੇ ਸਨ। ਚੋਣਾਂ ਲਈ ਉਮੀਦਵਾਰ ਸਾਰੇ ਬਣਦੇ ਸਨ, ਸੋ ਉਮੀਦਵਾਰਾਂ ਅਤੇ ਵੋਟ ਪਾਉਣ ਵਾਲਿਆਂ ਦੀ ਸੰਖਿਆ ਬਰਾਬਰ ਹੁੰਦੀ ਸੀ।

ਅਸੀਂ ਜਿਸ ਜ਼ਮਾਨੇ ਵਿਚੋਂ ਲੰਘ ਰਹੇ ਹਾਂ ਉਸ ਵਿਚ ਸ਼ਰੀਰ ਦੀਆਂ ਇੰਦ੍ਰੀਆਂ ਨੇ ਪੁਰਾਤਨ ਦੇਵਤਿਆਂ ਤੋਂ ਉਨ੍ਹਾਂ ਦੀ ਦੇਵਤਾਈ ਖੋਹ ਲਈ ਹੈ। ਘੱਟ ਤੋਂ ਘੱਟ ਇਹ ਦਾਅਵਾ ਤਾਂ ਕਰਨ ਹੀ ਲਗੀਆਂ ਸਨ ਕਿ ਆਪਣੀ ਥਾਈਂ ਉਹ ਦੇਵਤਿਆਂ ਤੋਂ ਘੱਟ ਨਹੀਂ ਹਨ। ਪਹਿਲਾਂ ਕਿਹਾ ਜਾਂਦਾ ਸੀ ਕਿ ਰੁਦ੍ਰ ਹੀ ਸਾਰਿਆਂ ਵਿਚੋਂ ਵੱਡੇ ਅਤੇ ਸ੍ਰੇਸ਼ਠ ਦੇਵਤਾ ਹਨ। ਇਸੇ ਲਈ ਉਨ੍ਹਾਂ ਦਾ ਨਾਂ ਮਹੇਸ਼ ਪਿਆ ਸੀ। ਵਿਸ਼ਣੂ ਵਿਚਾਰੇ ਤਾਂ ਇੰਦ੍ਰ ਤੋਂ ਵੀ ਛੋਟੇ, ਉਪੇਂਦ੍ਰ ਮੰਨੇ ਜਾਂਦੇ ਸਨ। ਹੁਣ ਇਸ ਦੌਰ ਵਿਚ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਪ੍ਰਾਣ ਹੀ ਆਪਣੀ ਜਗ੍ਹਾ ਤੇ ਵੱਡਾ ਅਤੇ ਸ੍ਰੇਸ਼ਠ ਦੇਵਤਾ ਹੈ : **ਪ੍ਰਾਣੋ ਵੈ ਜਯੇਸ਼ਠੰ ਚ ਸ੍ਰੇਸ਼ਠੰ ਚ**

ਪ੍ਰਾਣ ਵਲੋਂ ਚੋਣ-ਮੁਹਿੰਮ ਵਿਚ ਦੂਜਿਆਂ ਨੂੰ ਇਹ ਕਹਿ ਕੇ ਫੁਸਲਾਇਆ ਜਾ ਰਿਹਾ ਸੀ ਕਿ ਜੋ ਇਸ ਦੀ ਸ੍ਰੇਸ਼ਠਤਾ ਮੰਨ ਲੈਣਗੇ ਉਨ੍ਹਾਂ ਨੂੰ ਆਪਣੇ ਭਾਈਚਾਰੇ, ਦਾਸਾਂ ਅਤੇ ਨਗਰ ਵਾਸੀਆਂ ਵਿਚ ਵਡੱਪਣ ਅਤੇ ਸ੍ਰੇਸ਼ਠਤਾ ਪ੍ਰਾਪਤ ਹੋਵੇਗੀ। ਪਰ ਇੰਦ੍ਰੀਆਂ ਵਿਚ ਸਾਰਿਆਂ ਨੂੰ ਆਪਣੀ ਯੋਗਤਾ ਅਤੇ ਸ੍ਰੇਸ਼ਠਤਾ ਉਤੇ ਭਰੋਸਾ ਸੀ। ਉਨ੍ਹਾਂ ਨੂੰ ਲਗਦਾ ਸੀ ਕਿ ਜੇ ਉਹ ਵਿਦ੍ਰੋਹ ਕਰ ਦੇਣ ਤਾਂ ਸਥਿਤੀ ਸੰਭਾਲਣੀ ਔਖੀ ਹੋ ਜਾਏਗੀ ਅਤੇ ਅੰਤ ਵਿਚ ਲਾਚਾਰ ਹੋ ਕੇ ਸਾਰਿਆਂ ਨੂੰ ਉਨ੍ਹਾਂ ਦੀ ਅਧੀਨਤਾ ਸਵੀਕਾਰ ਕਰਨੀ ਹੀ ਪਵੇਗੀ।

ਸੱਤਾ-ਪਰਿਵਰਤਨ ਦੇ ਇਸ ਕ੍ਰਮ ਵਿਚ ਵਸ਼ਿਸ਼ਠ ਨਾ ਤਾਂ ਇਸ ਨਾਂ ਦੇ ਰਿਸ਼ੀ ਰਹਿ ਗਏ, ਨਾ ਅਗਨੀ। ਬਾਣੀ ਵਲੋਂ ਇਹ ਪ੍ਰਚਾਰ ਕੀਤਾ ਗਿਆ ਕਿ ਉਹ (ਬਾਣੀ) ਹੀ ਅਗਨੀ ਦਾ ਅਧਿਆਤਮਿਕ ਪ੍ਰਤਿਨਿਧੀ ਹੈ। ਗੱਲ ਕੀ ਉਹੀ ਵਸ਼ਿਸ਼ਠ ਹੈ। ਇਸ ਦਾ ਕੁਝ ਅਸਰ ਵੀ ਹੋਇਆ ਸੀ। ਰਿਸ਼ੀ ਦੇ ਸਾਹਮਣੇ ਦੇਵਤਾ ਕੀ ਵੇਚਦਾ ਹੈ। ਰਿਸ਼ੀ ਤਾਂ ਮੰਤਰ ਨਾਲ ਉਸ ਨੂੰ ਵੱਸ ਵਿਚ ਕਰ ਹੀ ਲੈਂਦਾ ਹੈ। ਅਤੇ ਅਗਨੀ ਤਾਂ ਆਪਣੀ ਪ੍ਰਮੁਖਤਾ ਕਰਕੇ ਅਗਨੀ ਦੇਵਤਾ ਕਹੇ ਹੀ ਜਾਂਦੇ ਹਨ। ਲੋਕਾਂ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਜੋ ਬਾਣੀ ਨੂੰ ਵਸ਼ਿਸ਼ਠ ਮੰਨ ਲਵੇਗਾ ਉਹ ਆਪ ਵੀ ਸਮਾਜ ਵਿਚ ਵਸ਼ਿਸ਼ਠਤਾਈ ਪ੍ਰਾਪਤ ਕਰੇਗਾ। ਸ੍ਰੇਸ਼ਠ ਵਰਗ ਵਿਚ ਸ਼ਾਮਲ ਹੋਣ ਦੇ ਲੋਭ ਵਿਚ ਬਹੁਤ ਸਾਰੇ ਲੋਕ ਬਾਣੀ ਦੀ ਸ੍ਰੇਸ਼ਠਤਾ ਮੰਨਣ ਲਗੇ।

ਇਸੇ ਤਰ੍ਹਾਂ ਨੇਤਰਾਂ ਦੀ ਪ੍ਰਤਿਸ਼ਠਾ ਬਣ ਗਈ। ਅਤੇ ਉਨ੍ਹਾਂ ਵਲੋਂ ਪ੍ਰਚਾਰ ਕੀਤਾ ਜਾ

ਰਿਹਾ ਸੀ ਕਿ ਜੋ ਉਨ੍ਹਾਂ ਨੂੰ ਇਸ ਰੂਪ ਵਿਚ ਸਵੀਕਾਰ ਕਰੇਗਾ ਉਸਦੀ ਪ੍ਰਤਿਸ਼ਠਾ ਵਧੇਗੀ। ਜਾਣਨ ਵਾਲੇ ਜਾਣਦੇ ਸਨ ਕਿ ਅੱਖਾਂ ਦੀ ਸ਼ਰਮ ਦਾ ਪ੍ਰਤਿਸ਼ਠਾ ਨਾਲ ਕਿੰਨਾ ਡੂੰਘਾ ਸੰਬੰਧ ਹੈ।

ਕੰਨ ਆਪਣੀ ਸ੍ਰੇਸ਼ਠਤਾ ਦਾ ਦਾਅਵਾ ਕਰ ਰਹੇ ਸਨ। ਜਿਵੇਂ ਸਾਰੀਆਂ ਨਿਧੀਆਂ ਆ ਕੇ ਖਜ਼ਾਨੇ ਵਿਚ ਇਕੱਠੀਆਂ ਹੋ ਜਾਂਦੀਆਂ ਹਨ, ਉਸੇ ਤਰ੍ਹਾਂ ਸਾਰੀਆਂ ਧੁਨੀਆਂ ਕੰਨਾਂ ਵਿਚ ਪਹੁੰਚਦੀਆਂ ਹਨ। ਇਨ੍ਹਾਂ ਦਾ ਨਾਅਰਾ ਸੀ ਕਿ ਜੋ ਇਨ੍ਹਾਂ ਨੂੰ ਸ੍ਰੇਸ਼ਠ ਮੰਨੇਗਾ ਉਸਨੂੰ ਸੰਪਤੀ ਵੀ ਮਿਲੇਗੀ। ਉਸਨੂੰ ਸਾਰੀ ਉਮਰ ਕਿਸੇ ਚੀਜ਼ ਦੀ ਥੁੜ ਨਹੀਂ ਹੋਵੇਗੀ।

ਮਨ ਦੇ ਪੱਖ ਵਾਲੇ ਉਸਨੂੰ ਸ੍ਰੇਸ਼ਠ ਦੱਸ ਕੇ ਪ੍ਰਚਾਰ ਕਰ ਰਹੇ ਸਨ ਅਤੇ ਕਿਹਾ ਜਾ ਰਿਹਾ ਸੀ ਕਿ ਇਸ ਨੂੰ ਸ੍ਰੇਸ਼ਠ ਮੰਨਣ ਵਾਲੇ ਨੂੰ ਸਾਰੇ ਲੋਕੀਂ ਸ੍ਰੇਸ਼ਠ ਮੰਨਣਗੇ।

ਵੀਰਜ ਨੇ ਆਪਣਾ ਪ੍ਰਚਾਰ ਜਾਤ-ਬਿਰਾਦਰੀ ਦੇ ਆਧਾਰ ਤੇ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਭਾਰਤੀ ਇਤਿਹਾਸ ਵਿਚ ਜਾਤੀਵਾਦੀ ਪ੍ਰਚਾਰ ਮੁਹਿੰਮ ਦੀ ਸਭ ਤੋਂ ਪੁਰਾਣੀ ਮਿਸਾਲ ਹੈ ਅਤੇ ਸੰਭਵ ਹੈ ਅੱਜ ਦੇ ਜਾਤੀਵਾਦੀ ਪ੍ਰਚਾਰਕਾਂ ਨੇ ਆਪਣੀ ਪ੍ਰੇਰਣਾ ਇਥੋਂ ਹੀ ਲਈ ਹੋਵੇ। ਸੰਭਵ ਹੈ ਪਰੰਪਰਾ ਦੀ ਸਹੀ ਪਛਾਣ ਹੋਣ ਦੇ ਕਾਰਣ ਹੀ ਉਨ੍ਹਾਂ ਨੇ ਇਸ ਦੇ ਨਿਰਬਾਹ ਨੂੰ ਜ਼ਰੂਰੀ ਸਮਝਿਆ ਹੋਵੇ। ਉਸ ਵਲੋਂ ਕਿਹਾ ਜਾ ਰਿਹਾ ਸੀ ਕਿ ਇਹ ਜੋ ਸਾਰੀ ਸੰਪਦਾ ਹੈ, ਸਾਰੇ ਪਸ਼ੂ ਅਤੇ ਅੰਨ ਅਤੇ ਜਲ ਪ੍ਰਜਾਪਤੀ ਨੇ ਪੈਦਾ ਕੀਤੇ ਹਨ, ਉਹ ਸਾਰੇ ਵੀਰਜ ਦੀ ਬਿਰਾਦਰੀ ਦੇ ਹਨ। ਜੇ ਇਸ ਗੱਲ ਨੂੰ ਨਹੀਂ ਮੰਨੋਗੇ ਤਾਂ ਭੁੱਖੇ ਮਰਨ ਦੀ ਨੌਬਤ ਆ ਜਾਏਗੀ। ਜੇ ਅਜਿਹਾ ਮੰਨ ਲਿਆ ਤਾਂ ਸੰਤਾਨ ਅਤੇ ਪਸ਼ੂ ਤੇ ਅੰਨ-ਜਲ ਦੀ ਥੁੜ੍ਹ ਨਹੀਂ ਹੋਵੇਗੀ।

ਝਮੇਲਾ ਖੜ੍ਹਾ ਕੀਤਾ ਗਿਆ ਪ੍ਰਾਣ ਸਾਹਿਬ ਦੁਆਰਾ। ਕੇਵਲ ਵੱਡੇ ਅਤੇ ਸ੍ਰੇਸ਼ਠ ਹੋਣ ਨਾਲ ਉਸਦਾ ਕੰਮ ਨਹੀਂ ਚਲ ਰਿਹਾ ਹੋਵੇਗਾ। ਹੋ ਸਕਦਾ ਹੈ ਇਹ ਦੇਵਤਿਆਂ ਦੁਆਰਾ ਉਸਨੂੰ ਵੱਡਾ ਅਤੇ ਸ੍ਰੇਸ਼ਠ ਮੰਨਣ ਤੋਂ ਪਹਿਲਾਂ ਦੀ ਘਟਨਾ ਹੋਵੇ। ਪਰ ਸ਼ਾਇਦ ਝਗੜਾ ਬਸ ਇਸੇ ਗੱਲ ਨੂੰ ਲੈ ਕੇ ਹੋਇਆ ਕਿ ਉਹ ਆਪ ਵਿਸ਼ਿਸ਼ਠ ਵੀ ਹੈ ਯਾ ਨਹੀਂ। ਵਿਸ਼ਿਸ਼ਠ ਉਨ੍ਹਾਂ ਨੂੰ ਕੋਈ ਮੰਨਣ ਲਈ ਤਿਆਰ ਹੀ ਨਹੀਂ ਸੀ। ਉਹ ਬ੍ਰਹਮਾ ਕੋਲ ਪਹੁੰਚੇ ਅਤੇ ਉਨ੍ਹਾਂ ਕੋਲ ਸ਼ਿਕਾਇਤ ਕੀਤੀ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਆਪ ਹੀ ਨਿਸਚਿਤ ਕਰਨ ਕਿ ਉਨ੍ਹਾਂ ਵਿਚੋਂ ਕੌਣ ਵਿਸ਼ਿਸ਼ਠ ਹੈ।

ਬ੍ਰਹਮਾ ਕੋਲ ਵੀ ਕਿਹੋ ਜਿਹੇ ਮੁਕੱਦਮੇ ਹੁੰਦੇ ਹਨ ਅਤੇ ਇਨ੍ਹਾਂ ਦੇ ਫੈਸਲੇ ਉਨ੍ਹਾਂ ਨੂੰ ਕਿੰਨੀ ਸਾਵਧਾਨੀ ਨਾਲ ਕਰਨੇ ਪੈਂਦੇ ਹਨ। ਉਹ ਕਹਿਣ ਲਗੇ, "ਤੁਹਾਡੇ ਸਾਰਿਆਂ ਵਿਚੋਂ ਸ੍ਰੇਸ਼ਠ ਉਹੀ ਹੈ ਜਿਸਦੇ ਸਰੀਰ ਤੋਂ ਵੱਖ ਹੋ ਜਾਣ ਨਾਲ ਸਰੀਰ ਆਪਣੇ ਆਪ ਨੂੰ ਅਧਿਕ ਪਾਪੀ ਮੰਨਦਾ ਹੋਵੇ।"

ਹੁਣ ਆਪਣੀ ਸ੍ਰੇਸ਼ਠਤਾ ਦੀ ਧਾਂਕ ਜਮਾਉਣ ਲਈ ਸ਼ਬਦ (ਬਾਣੀ) ਸਰੀਰ ਨਾਲ ਵਿਦ੍ਰੋਹ ਕਰਕੇ ਵਖ ਹੋ ਗਿਆ। ਉਸ ਨੂੰ ਭਰਮ ਸੀ ਕਿ ਸ਼ਬਦ ਰਹਿਤ ਹੋ ਜਾਣ 'ਤੇ ਲੋਕੀਂ ਬੋਲ ਨਹੀਂ ਸਕਣਗੇ, ਉਹ ਆਪਣੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਣਗੇ ਅਤੇ ਨਸ਼ਟ ਹੋ ਜਾਣਗੇ। ਇਕ ਸਾਲ ਬਾਹਰ ਰਹਿ ਕੇ ਜਦੋਂ ਉਹ ਵਾਪਿਸ ਆਇਆ ਤਾਂ ਉਸਨੂੰ ਦੇਖ

ਕੇ ਬੜੀ ਹੈਰਾਨੀ ਹੋਈ ਕਿ ਸਾਰੇ ਪਹਿਲਾਂ ਵਾਂਗ ਹੀ ਮਸਤ-ਮਲੰਗ ਹਨ। ਉਸ ਤੋਂ ਬਗ਼ੈਰ ਕਿਸੇ ਦਾ ਕੁਝ ਵਿਗੜਿਆ ਹੀ ਨਹੀਂ। ਉਸਨੇ ਪੁੱਛਿਆ, ''ਮੇਰੇ ਬਗ਼ੈਰ ਤੁਸੀਂ ਕਿਵੇਂ ਜਿਉਂਦੇ ਰਹੇ?'

ਉਨ੍ਹਾਂ ਨੇ ਕਿਹਾ, 'ਉਸੇ ਤਰ੍ਹਾਂ ਜਿਵੇਂ ਗੁੰਗਾ ਬਾਣੀ ਰਹਿਤ ਹੋ ਕੇ ਵੀ ਸਾਹ ਲੈਂਦਾ ਹੈ, ਅੱਖਾਂ ਨਾਲ ਦੇਖਦਾ ਹੈ ਅਤੇ ਕੰਨਾਂ ਨਾਲ ਸੁਣਦਾ ਹੈ, ਮਨ ਨਾਲ ਜਾਣਦਾ ਅਤੇ ਵੀਰਜ ਨਾਲ ਪ੍ਰਜਾ ਦਾ ਵਾਧਾ ਕਰਦਾ ਹੋਇਆ ਜ਼ਿੰਦਾ ਰਹਿੰਦਾ ਹੈ।'

ਬਾਣੀ ਦਾ ਹੰਕਾਰ ਟੁੱਟ ਗਿਆ। ਹੁਣ ਦ੍ਰਿਸ਼ਟੀ ਦੀ ਵਾਰੀ ਆਈ। ਇਸ ਨੇ ਵੀ ਇਹੀ ਤਰੀਕਾ ਅਪਣਾਇਆ। ਇਸ ਨੂੰ ਵੀ ਇਹੀ ਗੁਮਾਨ ਸੀ ਕਿ ਇਸ ਤੋਂ ਬਗ਼ੈਰ ਲੋਕੀਂ ਇਧਰ-ਉਧਰ ਟਕਰਾਂ ਮਾਰਦੇ ਹੋਏ ਮਰ-ਖੱਪ ਜਾਣਗੇ। ਇਕ ਸਾਲ ਮਗਰੋਂ ਉਸ ਦੀ ਵੀ ਵਾਪਸੀ ਹੋਈ। ਉਸਦੀ ਹੈਰਾਨੀ ਵੀ ਦੇਖਣ ਯੋਗ ਸੀ। ਕਿਸੇ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ। ਉਸਨੇ ਵੀ ਇਹੀ ਸਵਾਲ ਕੀਤਾ ਅਤੇ ਜਵਾਬ, ਜਿਵੇਂ ਕਿ ਅਸੀਂ ਜਾਣਦੇ ਹਾਂ, ਇਹ ਮਿਲਿਆ ਕਿ ਜਿਵੇਂ ਅੰਨ੍ਹੇ ਜੀਉਂਦੇ ਹਨ ਅਤੇ ਦੇਖਣ ਤੋਂ ਸਿਵਾ ਸਾਰੇ ਕੰਮ ਕਰਦੇ ਹਨ, ਜੋ ਕੋਈ ਪ੍ਰਾਣੀ ਕਰਦਾ ਹੈ, ਉਹ ਆਪ ਵੀ ਕਰਦੇ ਰਹੇ ਅਤੇ ਜੀਉਂਦੇ ਰਹੇ।

ਇਹੀ ਕਿੱਸਾ ਕੰਨ ਨਾਲ ਹੋਇਆ। ਇਕ ਸਾਲ ਤਕ ਬਾਹਰ ਰਹਿਣ ਤੋਂ ਬਾਅਦ ਉਹ ਵੀ ਵਾਪਸ ਆਇਆ। ਸਵਾਲ ਅਤੇ ਜਵਾਬ ਦੋਵੇਂ ਆਸ ਤੋਂ ਉਲਟ ਰੀਤ ਨਾਲ ਹੀ ਸਾਹਮਣੇ ਆਏ। ਕੌਣ ਨਹੀਂ ਜਾਣਦਾ ਕਿ ਬਹੁਤ ਸਾਰੇ ਲੋਕ ਬੋਲੇ ਹੁੰਦੇ ਹਨ ਅਤੇ ਅਨੇਕਾਂ ਪ੍ਰਾਣੀਆਂ ਦੇ ਤਾਂ ਕੰਨ ਹੁੰਦੇ ਹੀ ਨਹੀਂ, ਫਿਰ ਵੀ ਉਹ ਸਿਵਾਏ ਸੁਣਨ ਦੇ ਦੂਜੇ ਸਾਰੇ ਕੰਮ ਕਰਦੇ ਹੋਇਆਂ ਜੀਉਂਦੇ ਰਹਿੰਦੇ ਹਨ।

ਮਨ ਦਾ ਮਹੱਤਵ ਇਨ੍ਹਾਂ ਸਾਰਿਆਂ ਤੋਂ ਅਧਿਕ ਹੈ। ਪਰ ਸੰਸਾਰ ਵਿਚ ਮੂੜ੍ਹ ਲੋਕ ਅਤੇ ਅਵਿਕਸਿਤ ਚੇਤਨਾ ਦੇ ਪ੍ਰਾਣੀ ਵੀ ਹੁੰਦੇ ਹੀ ਹਨ। ਬੁੱਧੀ ਭ੍ਰਿਸ਼ਟ ਹੋ ਜਾਣ ਜਾਂ ਯਾਦ-ਸ਼ਕਤੀ ਨਸ਼ਟ ਹੋ ਜਾਣ ਦੇ ਬਾਅਦ ਵੀ ਮਨੁੱਖ ਜੀਉਂਦਾ ਰਹਿੰਦਾ ਹੀ ਹੈ। ਉਸਨੂੰ ਲਗਿਆ ਕਿ ਵਿਦ੍ਰੋਹ ਦੇ ਇਕ ਸਾਲ ਦੇ ਸਮੇਂ ਵਿਚ ਨਿਆਸਰੇ ਭਟਕਦਿਆਂ ਹੋਇਆਂ ਉਸਨੇ ਆਪਣੇ ਆਪ ਨੂੰ ਹੀ ਦੁੱਖ ਦਿੱਤਾ ਹੈ। ਦੂਜਿਆਂ ਨੂੰ ਤਾਂ ਚੇਤਨਾ ਦੇ ਅਭਾਵ ਵਿਚ ਕਿਸੇ ਥੁੜ ਦਾ ਪਤਾ ਤਕ ਨਹੀਂ ਚਲਿਆ ਹੋਵੇਗਾ।

ਵੀਰਜ ਵੀ ਇਸੇ ਤਰ੍ਹਾਂ ਵਿਦ੍ਰੋਹ ਦਾ ਝੰਡਾ ਲੈ ਕੇ ਭੱਜਿਆ ਅਤੇ ਸਾਲ ਭਰ ਦੇ ਦੁਖ ਸਹਿਣ ਮਗਰੋਂ ਉਸ ਦੀ ਗਤੀ ਹੋਈ ਕਿਉਂਕਿ ਇੰਦ੍ਰੀਆਂ ਨੇ ਉਸਦੇ ਅਭਾਵ ਨੂੰ ਓਨੀ ਸ਼ਿੱਦਤ ਨਾਲ ਅਨੁਭਵ ਨਹੀਂ ਕੀਤਾ ਜਿੰਨੀ ਉਸਨੇ ਉਮੀਦ ਲਾ ਰਖੀ ਸੀ। ਸੁਣਨ ਨੂੰ ਮਿਲਿਆ ਕਿ ਕੀ ਨਪੁੰਸਕ ਜ਼ਿੰਦਾ ਨਹੀਂ ਰਹਿੰਦੇ ਅਤੇ ਪ੍ਰਜਾ ਦੇ ਵਾਧੇ ਦਾ ਕੰਮ ਛੱਡ ਕੇ ਦੂਸਰੇ ਸਾਰੇ ਕੰਮ ਨਹੀਂ ਕਰਦੇ।

ਹੁਣ ਆਈ ਪ੍ਰਾਣ ਦੀ ਵਾਰੀ। ਉਸਦੇ ਵਿਦ੍ਰੋਹ ਕਰਨ ਦੀ ਨੌਬਤ ਹੀ ਨਹੀਂ ਆਈ। ਜਿਉਂ ਹੀ ਉਸਨੇ ਆਪਣੇ ਵਿਦ੍ਰੋਹ ਦੀ ਘੋਸ਼ਣਾ ਕੀਤੀ, ਸਾਰੇ ਤੱਤ ਇਸ ਤਰ੍ਹਾਂ ਡਾਵਾਂਡੋਲ ਹੋ ਗਏ ਜਿਵੇਂ ਸਿੰਧੂ ਦੇਸ਼ ਦਾ ਵੱਡ-ਆਕਾਰੀ ਘੋੜਾ ਪੈਰ ਬੰਨ੍ਹਣ ਤੇ ਕਿੱਲੇ ਨੂੰ ਪੁਟ ਕੇ ਸੁਟ ਦਿੰਦਾ ਹੈ। ਸਾਰੇ ਉਸ ਨੂੰ ਪ੍ਰਾਰਥਨਾ ਕਰਨ ਲਗੇ। ਭਗਵਾਨ ਆਪ ਵਿਦ੍ਰੋਹ ਕਰਕੇ

ਕਿਧਰੇ ਨਾ ਜਾਓ। ਅਸੀਂ ਆਪ ਬਿਨਾ ਇਕ ਛਿਣ ਵੀ ਨਹੀਂ ਰਹਿ ਸਕਦੇ।''

ਪ੍ਰਾਣ ਨੂੰ ਇਹੀ ਤਾਂ ਚਾਹੀਦਾ ਸੀ। ਉਸਨੇ ਕਿਹਾ, ''ਜੇ ਅਜਿਹਾ ਹੈ ਤਾਂ ਤੁਸੀਂ ਮੈਨੂੰ ਬਲੀ ਦੇਣੀ ਕਬੂਲ ਕਰੋ। ਜਦ ਮੈਂ ਰਾਜਾ ਹਾਂ ਤਾਂ ਪ੍ਰਜਾ ਪਾਲਣ ਲਈ ਕਰ ਤਾਂ ਮੈਨੂੰ ਚਾਹੀਦਾ ਹੀ ਹੈ।'' ਦੂਜੀਆਂ ਇੰਦ੍ਰੀਆਂ ਨੇ ਹੱਥ ਜੋੜ ਲਏ, ''ਜੋ ਆਗਿਆ, ਮਹਾਰਾਜ।''

ਗੱਲ ਖ਼ਤਮ ਇਥੇ ਹੀ ਨਹੀਂ ਹੋਈ। ਜਦੋਂ ਸਾਰਿਆਂ ਨੂੰ ਆਪਸੀ ਹੈਸੀਅਤ ਦਾ ਬੋਧ ਹੋ ਗਿਆ ਤਾਂ ਸਾਰੇ ਪ੍ਰਾਣ ਦੇ ਸਾਹਮਣੇ ਖਿਮਾ ਮੰਗਣ ਲਗੇ। ਅੱਖ ਨੇ ਕਿਹਾ, ''ਮੈਂ ਆਪਣੇ ਆਪ ਨੂੰ ਵਸ਼ਿਸ਼ਠ ਸਮਝਦੀ ਸਾਂ, ਪਰ ਪ੍ਰਾਣਦੇਵ ਆਪ ਹੀ ਵਸ਼ਿਸ਼ਠ ਗੁਣ ਸੰਪੰਨ ਹੋ।''

ਅੱਖ ਨੇ ਬੇਨਤੀ ਕੀਤੀ, ''ਮੈਂ ਭਰਮ ਵਿਚ ਸਾਂ, ਜਹਾਂ ਪਨਾਹ। ਮੈਂ ਸਮਝ ਬੈਠੀ ਸੀ ਕਿ ਮੈਂ ਹੀ ਪ੍ਰਤਿਸ਼ਠਾ ਹਾਂ। ਪ੍ਰਤਿਸ਼ਠਾ ਯੁਕਤ ਵੀ ਆਪ ਹੀ ਹੋ।''

ਮਨ ਨਾ ਤਾਂ ਏਨਾ ਮੂਰਖ ਸੀ, ਨਾ ਏਨਾ ਬੇਸ਼ਰਮ ਕਿ ਉਹ ਆਪਣੀ ਗ਼ਲਤੀ ਨਾ ਮੰਨਦਾ। ਉਸਨੇ ਵੀ ਪਛਤਾਵਾ ਪ੍ਰਗਟ ਕੀਤਾ, ''ਮੈਂ ਤਾਂ ਆਪਣੇ ਆਪ ਨੂੰ ਹੀ ਸ੍ਰੇਸ਼ਠ ਸਮਝ ਲਿਆ ਸੀ। ਇਹ ਖ਼ਿਆਲ ਵੀ ਨਹੀਂ ਆਇਆ ਕਿ ਸ੍ਰੇਸ਼ਠਤਾ ਯੁਕਤ ਵੀ ਆਪ ਹੀ ਹੋ।''

ਵੀਰਜ ਨੇ ਤਾਂ ਪਾਣੀ ਪਾਣੀ ਹੋਣਾ ਹੀ ਸੀ। ਬੋਲਿਆ, ''ਕ੍ਰਿਪਾ-ਨਿਧਾਨ, ਆਪਣੇ ਆਪ ਨੂੰ ਪ੍ਰਜਾਪਤੀ ਸਮਝਣ ਦਾ ਮੇਰਾ ਘਮੰਡ ਆਪ ਨੇ ਚੂਰ ਕਰ ਦਿੱਤਾ ਹੈ। ਪ੍ਰਜਾਪਤੀ-ਪਨ ਨਾਲ ਸੰਪੂਰਣ ਆਪ ਹੀ ਹੋ। ਜੇ ਪ੍ਰਾਣ ਹੀ ਨਹੀਂ ਹੋਵੇਗਾ ਤਾਂ ਵੀਰਜ ਦਾ ਸੇਕ ਕਿਵੇਂ ਹੋਵੇਗਾ।''

ਪ੍ਰਾਣ ਨੇ ਕਿਹਾ, ''ਭਾਈ ਇਹ ਤਾਂ ਠੀਕ ਹੈ। ਤੁਸੀਂ ਸਾਰੇ ਕਹਿੰਦੇ ਹੋ ਤਾਂ ਮੈਂ ਵੀ ਮਨ ਲਿਆ ਕਿ ਇਹ ਸਭ ਮੈਂ ਹੀ ਹਾਂ। ਪਰ ਇਤਨਾ ਕੁਝ ਹੋਣ 'ਤੇ ਵੀ ਮੇਰਾ ਅੰਨ ਅਤੇ ਬਸਤ੍ਰ ਕੀ ਹੈ? ਤੁਸੀਂ ਸਾਰੇ ਤਾਂ ਆਪਣਾ-ਆਪਣਾ ਇੰਤਜ਼ਾਮ ਕਰ ਚੁਕੇ ਹੋ। ਮੇਰੀ ਤਾਂ ਕਿਸੇ ਨੂੰ ਚਿੰਤਾ ਹੀ ਨਹੀਂ।''

ਇਸਦਾ ਜੋ ਜਵਾਬ ਇੰਦ੍ਰੀਆਂ ਨੇ ਦਿੱਤਾ ਉਸਨੂੰ ਸੁਣ ਕੇ ਪ੍ਰਾਣ ਕਿਵੇਂ ਪ੍ਰਸੰਨ ਹੋ ਗਿਆ, ਇਹ ਤਾਂ ਉਹੀ ਜਾਣੇ। ਅਸੀਂ ਤੁਸੀਂ ਤਾਂ ਇਸ ਤੋਂ ਸੰਤੁਸ਼ਟ ਨਹੀਂ ਸੀ ਹੋ ਸਕਦੇ। ਸੰਭਵ ਹੈ ਅਸੀਂ ਪ੍ਰਾਣ ਦੇ ਸੁਭਾ ਨੂੰ ਜਾਣਦੇ ਹੀ ਨਾ ਹੋਈਏ। ਜਾਂ ਸੰਭਵ ਹੈ ਜੋ ਕੁਝ ਕਿਹਾ ਗਿਆ, ਉਸਦੇ ਗੂੜ੍ਹ ਅਰਥ ਨੂੰ ਨਾ ਜਾਣਦੇ ਹੋਈਏ। ਇੰਦ੍ਰੀਆਂ ਨੇ ਕਿਹਾ, ''ਕੁੱਤੇ-ਬਿਲੀ ਤੋਂ ਲੈ ਕੇ ਕੀੜੇ ਮਕੌੜੇ ਤਕ ਸਾਰੇ ਆਪ ਦੇ ਅੰਨ ਹਨ।''

ਸੰਭਵ ਹੈ ਉਨ੍ਹਾਂ ਨੇ ਕਿਹਾ ਹੋਵੇ ਕਿ ਜੀਵਨ ਦੇ ਅਨੇਕਾਂ ਰੂਪ ਹਨ ਅਤੇ ਇਸਦੀ ਰਖਿਆ ਲਈ ਸਭ ਕੁਝ ਖਾਣ-ਯੋਗ ਹੈ। ਜੋ ਕਹਿੰਦੇ ਹਨ 'ਇਹ ਨਾ ਖਾਓ, ਉਹ ਨਾ ਖਾਓ, ਉਹ ਜਾਂ ਤਾਂ ਮੂਰਖ ਹਨ ਜਾਂ ਮੌਤ ਦੇ ਉਪਾਸਕ। ਜੀਵਨ ਸਰਵ-ਸ੍ਰੇਸ਼ਠ ਹੈ ਅਤੇ ਇਸ ਤੋਂ ਉਤੇ ਕੁਝ ਵੀ ਨਹੀਂ। ਪਰ ਇਸ ਤਰ੍ਹਾਂ ਦੇ ਅੰਦਾਜ਼ਿਆਂ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ, ਇਸ ਲਈ ਅਗਲੀ ਗੱਲ ਵਲ ਧਿਆਨ ਦਿਓ ਤਾਂ ਜ਼ਿਆਦਾ ਚੰਗਾ ਹੋਵੇਗਾ। ਅੰਨ ਦੀ ਵਿਵਸਥਾ ਹੋ ਜਾਣ ਤੋਂ ਬਾਅਦ ਪ੍ਰਾਣ ਨੇ ਕਿਹਾ, ''ਮੇਰਾ ਬਸਤ੍ਰ ਕੀ ਹੋਵੇਗਾ?''

ਇੰਦ੍ਰੀਆਂ ਜੋ ਅਜੇ ਤਕ ਹੱਥ ਜੋੜ ਕੇ ਖੜ੍ਹੀਆਂ ਸਨ, ਬੋਲੀਆਂ, ''ਜਲ ਹੀ ਆਪ ਦਾ ਬਸਤ੍ਰ ਹੈ। ਜੇ ਅੰਨ ਮਿਲਦਾ ਰਹੇ ਬਸਤ੍ਰ ਨਾ ਮਿਲਣ ਤਾਂ ਵੀ ਠੰਡ ਜਾਂ ਲੂ ਨਾਲ ਆਦਮੀ

ਦੇ ਪ੍ਰਾਣ ਚਲੇ ਜਾਂਦੇ ਹਨ। ਆਪ ਲਈ ਜਲ ਤੋਂ ਜ਼ਿਆਦਾ ਠੀਕ ਹੋਰ ਕੋਈ ਬਸਤ੍ਰ ਨਹੀਂ ਹੋ ਸਕਦਾ।''

ਪ੍ਰਾਣ ਨੇ ਇਸ ਨੂੰ ਵੀ ਸਵੀਕਾਰ ਕਰ ਲਿਆ। ਗੱਲ ਕੀ ਉਸਦੇ ਭੱਟਾਂ ਵਲੋਂ ਕੀਤਾ ਗਿਆ ਗੁਣਗਾਨ ਉਚਿਤ ਨਹੀਂ ਲਗ਼ਦਾ ਕਿ ਜੋ ਪ੍ਰਾਣ ਨੂੰ ਇਸ ਰੂਪ ਵਿਚ ਜਾਣਦਾ ਹੈ ਅਤੇ ਇਸ ਰੂਪ ਵਿਚ ਇਸਦੀ ਉਪਾਸਨਾ ਕਰਦਾ ਹੈ ਉਹ ਨਾ-ਖਾਣ ਯੋਗ ਚੀਜ਼ਾਂ ਨਹੀਂ ਖਾਂਦਾ। ਜਿਸ ਚੀਜ਼ ਦੀ ਆਗਿਆ ਮਿਲੀ ਸੀ, ਉਹ ਤਾਂ ਇਹ ਕਿ ਪ੍ਰਾਣ ਰਖਿਆ ਲਈ ਸਭ ਕੁਝ ਖਾਣ-ਯੋਗ ਹੈ? ਸੰਭਵ ਹੈ ਭੱਟਾਂ ਦਾ ਆਸ਼ਾ ਇਹ ਹੋਵੇ ਕਿ ਕੋਈ ਮਨੁੱਖ ਜੋ ਵੀ ਆਹਾਰ ਕਰਦਾ ਹੈ ਉਹ ਨਾ ਖਾਣ ਯੋਗ ਹੋ ਹੀ ਨਹੀਂ ਸਕਦਾ। ਭੋਜਨ ਦਾ ਪੋਸ਼ਕ ਹੋਣਾ ਹੀ ਇਸਦੇ ਖਾਣ ਦੀ ਕਸੌਟੀ ਹੈ।

# ਬੇਚਾਰੀ ਸ਼ਤਰੂਪਾ

ਲੋਕ ਯਕੀਨ ਨਹੀਂ ਕਰਨਗੇ ਪਰ ਦੁਨੀਆ ਦੀ ਹਰ ਚੀਜ਼ ਵੇਦਾਂ ਨਾਲ ਸ਼ੁਰੂ ਹੋਈ ਅਤੇ ਹਰ ਚੀਜ਼ ਵੇਦਾਂਤੀਆਂ ਨੂੰ ਮਾਲੂਮ ਸੀ। ਜੋ ਹੋ ਚੁਕੀ ਸੀ ਉਹ ਵੀ, ਅਤੇ ਜੋ ਹੋਣ ਵਾਲੀ ਸੀ ਉਹ ਵੀ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦੇ ਸੂਖਮ ਆਕਾਰ ਦੇ ਬਾਵਜੂਦ ਹਰ ਚੀਜ਼ ਦੀ ਪੂਰਬ ਝਲਕ ਉਨ੍ਹਾਂ ਵਿਚ ਦੇ ਦਿੱਤੀ। ਜੇ ਉਨ੍ਹਾਂ ਨੂੰ ਸ਼ਰਧਾ ਨਾਲ ਪੜ੍ਹਿਆ ਜਾਵੇ ਤਾਂ ਹਰ ਚੀਜ਼ ਦਾ ਆਰੰਭ ਉਨ੍ਹਾਂ ਵਿਚ ਤਲਾਸ਼ ਕੀਤਾ ਜਾ ਸਕਦਾ ਹੈ। ਹੋਰਨਾਂ ਗੱਲਾਂ ਨੂੰ ਛੱਡ ਦੇਈਏ, ਕਿਉਂਕਿ ਉਨ੍ਹਾਂ ਵਿਚ ਵਿਸ਼ੇ ਦਾ ਵਿਸਥਾਰ ਹੋਵੇਗਾ, ਉਦਾਹਰਣ ਦੇ ਤੌਰ 'ਤੇ 'ਪੋਰਨੋਗ੍ਰਾਫੀ' (ਅਸ਼ਲੀਲ ਸਾਹਿੱਤ) ਨੂੰ ਹੀ ਲਈਏ ਜਿਸਦੀ ਬਾਰੀਕੀ ਦੀ ਸਮਝ ਆਦਿਮ ਸਮਾਜ ਵਿਚ ਕਿਸੇ ਨੂੰ ਨਹੀਂ ਸੀ। ਸਮਝ ਦੇ ਨਾ ਹੋਣ ਦਾ ਵੀ ਇਕ ਕਾਰਣ ਸੀ। ਆਦਿਮ ਸਮਾਜਾਂ ਦੀਆਂ ਰੋਕਾਂ, ਨਾਮ-ਧਰੀਕ ਸਭਯ ਸਮਾਜਾਂ ਵਾਂਗ ਓਨੀਆਂ ਜੀਵਨ ਵਿਰੋਧੀ ਨਹੀਂ ਸਨ ਕਿ ਉਹ ਮਨੁੱਖ ਦੇ ਅਜਿਹੇ ਸੰਜਮ ਦੀ ਮੰਗ ਕਰਦੀਆਂ ਕਿ ਉਹ ਕੁੰਠਿਤ ਅਤੇ ਮਾਨਸਿਕ ਰੂਪ ਤੋਂ ਲੂਲ੍ਹਾ ਹੋ ਕੇ ਰਹਿ ਜਾਂਦਾ। ਪਰ ਇਹ ਗੱਲ ਸਭਿਅਤਾ ਦੇ ਜਨਕ ਭਾਰਤ ਦੇਸ਼ ਬਾਰੇ ਨਹੀਂ ਕਹੀ ਜਾ ਸਕਦੀ ਜੋ ਉਸ ਸਮੇਂ ਹੀ ਸਭਯ ਹੁੰਦਾ ਜਾ ਰਿਹਾ ਸੀ ਜਦੋਂ ਸਭਯ ਹੋਣ ਦੀ ਜ਼ਰੂਰਤ ਤਕ ਨਹੀਂ ਸੀ। ਇਥੇ ਸਿਖਿਆ ਦੇ ਨਾਲ ਨਾਲ ਬ੍ਰਹਮਚਰਯ ਦਾ ਪਾਲਣ ਕਰਨਾ ਵੀ ਜ਼ਰੂਰੀ ਸੀ ਅਤੇ ਏਨਾ ਜ਼ਰੂਰੀ ਸੀ ਕਿ ਜੇ ਸਿੱਖਿਆ ਨਾ ਮਿਲੇ ਪਰ ਬ੍ਰਹਮਚਰਯ ਦਾ ਨਿਭਾ ਹੋ ਜਾਵੇ ਤਾਂ ਓਨੇ ਨਾਲ ਹੀ ਮਨੁੱਖ ਗਿਆਨੀ ਮੰਨ ਲਿਆ ਜਾਂਦਾ ਸੀ। ਬਹੁਤ ਸਾਰੇ ਲੋਕ ਇਸੇ ਲਈ ਸਾਰੀ ਉਮਰ ਬ੍ਰਹਮਚਾਰੀ ਬਣ ਕੇ ਲੋਕਾਂ ਵਿਚ ਆਦਰਯੋਗ ਥਾਂ ਪ੍ਰਾਪਤ ਕਰ ਲੈਂਦੇ ਸਨ, ਅਤੇ ਕੁਝ ਹੋਰ ਗਿਆਨੀ ਹੁੰਦੇ ਹੋਏ ਵੀ ਬ੍ਰਹਮਚਰਯ ਧਾਰਣ ਕਰਨਾ ਮਿਥ ਲੈਂਦੇ ਸਨ। ਇਸ ਤਰ੍ਹਾਂ ਬਹੁਤ ਸਾਰਿਆਂ ਨੂੰ ਬਾਲ-ਵਰਜਿਤ ਸਾਹਿੱਤ ਪੜ੍ਹ ਕੇ ਹੀ ਆਪਣੀਆਂ ਉਹ ਲੋੜਾਂ ਪੂਰੀਆਂ ਕਰ ਲੈਣੀਆਂ ਪੈਂਦੀਆਂ ਸਨ ਜਿਨ੍ਹਾਂ ਨੂੰ ਮਨੁੱਖ, ਬ੍ਰਹਮਚਰਯ ਭੰਗ ਕਰ ਕੇ ਪੂਰੀਆਂ ਕਰਦਾ ਸੀ। ਸ਼ਤਰੂਪਾ ਵਰਗੀਆਂ ਕਹਾਣੀਆਂ ਦੀ ਰਚਨਾ ਅਜਿਹੇ ਲੋਕਾਂ ਦੇ ਕਲਿਆਣ ਲਈ ਹੀ ਕੀਤੀ ਗਈ ਸੀ।

ਸ਼ਤਰੂਪਾ ਦਾ ਆਪਣਾ ਚਰਿਤ੍ਰ ਉਜਲਾ ਸੀ ਅਤੇ ਉਸਨੇ ਇਸ ਦੀ ਰਖਿਆ ਲਈ ਹਰ ਸੰਭਵ ਯਤਨ ਕੀਤੇ ਪਰ ਆਦਿ ਮਾਨਵ ਦੀ ਕਾਮ-ਵਾਸਨਾ ਕਾਰਣ ਉਹ ਆਪਣੇ ਸਨਮਾਨ ਦੀ ਰਖਿਆ ਕਰਨ ਵਿਚ ਸਫਲ ਨਹੀਂ ਹੋਈ। ਜੇ ਦੁਨੀਆ ਵਿਚ ਦੋ ਹੀ ਪ੍ਰਾਣੀ ਹੋਣ ਅਤੇ ਉਨ੍ਹਾਂ ਦੋਹਾਂ ਤੋਂ ਇਲਾਵਾ ਨਿਰਮੋਹੀ ਸਮਾਜ ਨਾਂ ਦੀ ਚੀਜ਼ ਬਿਲਕੁਲ ਗ਼ਾਇਬ ਹੋਵੇ ਤਾਂ ਸਮਾਜਿਕ ਮਰਿਆਦਾ ਪਾਲਣ ਕਰਨਾ ਬੇਕਾਰ ਹੈ।

ਪਰ ਸ਼ਤਰੂਪਾ ਦੀ ਕਹਾਣੀ ਦਾ ਡੂੰਘਾ ਸੰਬੰਧ ਵਿਸ਼ਵ ਦਰਸ਼ਨ ਨਾਲ ਹੈ। ਸੱਚੀ ਗੱਲ

ਤਾਂ ਇਹ ਹੈ ਕਿ ਜੇ ਸ਼ਤਰੂਪਾ ਦੇ ਸ਼ੀਲ ਭੰਗ ਦੀ ਘਟਨਾ ਨਾ ਘਟਦੀ, ਤਾਂ ਨਾ ਦੇਖਣ ਵਾਲੇ ਹੁੰਦੇ, ਨਾ ਦ੍ਰਿਸ਼ ਹੁੰਦੇ ਅਤੇ ਨਾ ਹੀ ਦਰਸ਼ਨ। ਉਹ ਕਹਿਣ ਨੂੰ ਤਾਂ ਇਕ ਮਾਦਾ ਹੀ ਰਹਿੰਦੀ ਹੈ ਅਤੇ ਨਾ ਕਹਿਣ ਨੂੰ ਸੋਾਖਿਆਤ ਵਿਸ਼ਵਮਾਤਾ ਜਾਂ ਪ੍ਰਕਿਰਤੀ।

ਕਹਾਣੀ ਅਤੇ ਦਰਸ਼ਨ ਜਿਥੇ ਨਾਲ ਨਾਲ ਆਉਂਦੇ ਹਨ ਉਥੇ ਕਹਾਣੀ ਪਹਿਲਾਂ ਆਉਂਦੀ ਹੈ ਅਤੇ ਦਰਸ਼ਨ ਬਾਅਦ ਵਿਚ ਨਿਚੋੜ ਦੇ ਰੂਪ ਵਿਚ। ਪਰ ਇਥੇ ਕਹਾਣੀ ਦਰਸ਼ਨ ਤੋਂ ਨਹੀਂ, ਆਦਰਸ਼ਨ ਅਤੇ ਆਦਰਸ਼ਨੀ ਰੂਪ ਵਿਚ ਸ਼ੁਰੂ ਹੁੰਦੀ ਹੈ ਅਤੇ ਪ੍ਰਾਣੀ ਵਿਗਿਆਨ ਵਿਚ ਪ੍ਰਗਟ ਹੁੰਦੀ ਹੈ, ਇਸ ਲਈ ਆਰੰਭ ਵਿਚ ਹੀ ਜੇ ਦਰਸ਼ਨ ਲੈ ਆਈਏ ਤਾਂ ਉਹ ਪਰਦੇ ਦਾ ਕੰਮ ਕਰਦਾ ਹੈ। ਜਿਥੇ ਪਰਦਾ ਜ਼ਰੂਰੀ ਹੈ ਉਥੇ ਪਰਦਾ-ਪ੍ਰਥਾ ਦੇ ਵਿਰੋਧੀਆਂ ਨੂੰ ਵੀ ਪਰਦੇ ਦੀ ਹਿਮਾਇਤ ਕਰਨੀ ਪਵੇਗੀ। ਇਸ ਤਰ੍ਹਾਂ ਇਹ ਉਸ ਤਰ੍ਹਾਂ ਦੀ ਕਹਾਣੀ ਬਣ ਜਾਂਦੀ ਹੈ ਜੋ ਨਿਚੋੜ ਤੋਂ ਸ਼ੁਰੂ ਹੋ ਕੇ ਕਹਾਣੀ ਨਾਲ ਖ਼ਤਮ ਹੁੰਦੀ ਹੈ।

ਕਹਿੰਦੇ ਹਨ ਕਿ ਦੁਨੀਆ ਦੇ ਸਾਰਿਆਂ ਬਖੇੜਿਆਂ ਦੀ ਜੜ੍ਹ ਹੈ ਮੇਰੇ ਅਤੇ ਤੇਰੇ ਦਾ ਬੋਧ। ਇਸ ਦੇ ਨਾਲ ਨਾਲ ਪ੍ਰਾਪਤੀ ਦਾ ਲੋਭ ਅਤੇ ਗੁਆਚਣ ਦਾ ਡਰ ਸ਼ੁਰੂ ਹੋ ਜਾਂਦਾ ਹੈ। ਜੋ ਇਕੱਲਾ ਅਤੇ ਅਦੁੱਤੀ ਸੀ, ਉਸਦੇ ਮਨ ਵਿਚ ਤਾਂ ਇਹ ਡਰ ਪੈਦਾ ਹੋ ਹੀ ਨਹੀਂ ਸਕਦਾ ਸੀ।

ਜਾਣਕਾਰ ਲੋਕ ਦੱਸਦੇ ਹਨ ਕਿ ਪਹਿਲਾਂ ਉਸਨੇ ਆਪਣੇ ਸਾਰੇ ਪਾਪਾਂ ਨੂੰ, ਸਾਰੇ ਕਰਮ-ਫਲਾਂ ਨੂੰ ਸਾੜ ਦਿੱਤਾ ਅਤੇ ਇਸ ਲਈ ਹੀ ਉਸਦਾ ਨਾਂ ਪੁਰਸ਼ ਸੀ, ਅਤੇ ਜੋ ਉਸਨੂੰ ਇਸ ਰੂਪ ਵਿਚ ਜਾਣ ਲੈਂਦਾ ਹੈ ਉਹ ਵੀ ਆਪਣੇ ਸਾਰੇ ਪਾਪ-ਪੁੰਨ ਦੇ ਲੇਪਾਂ ਨੂੰ ਭਸਮ ਕਰ ਦਿੰਦਾ ਹੈ। ਪਰ ਉਸ ਪਾਪ ਨੂੰ ਭਸਮ ਕਰ ਚੁਕੀ ਪਰਮ ਆਤਮਾ ਨੇ ਚੌਹਾਂ ਪਾਸੇ ਨਜ਼ਰ ਮਾਰ ਕੇ ਦੇਖਿਆ ਤਾਂ ਉਸਨੂੰ ਆਪਣੇ ਸਿਵਾ ਹੋਰ ਕੋਈ ਦਿਖਾਈ ਹੀ ਨਾ ਦਿੱਤਾ। ਇਸ ਦੇ ਨਾਲ ਹੀ ਉਸ ਦੇ ਅੰਦਰ ਹੰਕਾਰ ਪੈਦਾ ਹੋ ਗਿਆ। ਉਸ ਦੇ ਮੂੰਹੋਂ ਨਿਕਲਿਆ, "ਮੈਂ ਹਾਂ।"

ਨਹੀਂ ਉਹ ਅਜਿਹਾ ਮੈਂ ਹਾਂ ਨਹੀਂ ਕਹਿ ਸਕਦਾ ਸੀ। ਇਹ ਬਹੁਤ ਪੁਰਾਣੀ ਗੱਲ ਹੈ ਜਦੋਂ ਖ਼ੁਦਾ ਦੇ ਘਰ ਤਾਂ ਦੂਰ, ਬੰਦਿਆਂ ਦੇ ਘਰ ਵੀ ਹਿੰਦੀ ਨਹੀਂ ਸੀ ਬੋਲੀ ਜਾਂਦੀ। ਉਸਨੇ ਬ੍ਰਾਹਮੀ ਜਾਂ ਬ੍ਰਹਮ-ਬਾਣੀ ਵਿਚ ਹੀ ਇਹ ਗੱਲ ਕਹੀ ਹੋਵੇਗੀ ਅਤੇ ਬ੍ਰਹਮਵਾਦੀਆਂ ਨੇ ਉਸਦੀ ਗੂੰਜ ਪਕੜ ਕੇ ਦੇਵ ਭਾਸ਼ਾ ਵਿਚ ਉਲਥਾ ਕਰ ਦਿੱਤਾ ਹੋਵੇਗਾ, 'ਅਹਮਸਿਮ'। ਹੁਣ ਇਹੀ ਉਸਦਾ ਨਾਂ ਹੋ ਗਿਆ। ਇਹ ਜਾਣਕਾਰੀ ਸਿਰਫ਼ ਬਾਈਬਲ ਦੇ ਲੇਖਕਾਂ ਨੂੰ ਹੀ ਨਹੀਂ ਸੀ ਕਿ ਆਦਿ ਮਾਨਵ ਦੇ ਮੂੰਹੋਂ ਕਿਸੇ ਚੀਜ਼ ਲਈ ਜੋ ਵੀ ਸ਼ਬਦ ਨਿਕਲ ਗਿਆ ਉਹੀ ਉਸਦਾ ਨਾਂ ਹੋ ਗਿਆ। ਬ੍ਰਹਮਵਾਦੀਆਂ ਨੇ ਘੱਟ-ਤੋਂ-ਘੱਟ ਪ੍ਰਥਮ ਉੱਤਮ ਪੁਰਖ ਦੇ ਆਪਣੇ ਨਾਂ ਦੇ ਮਾਮਲੇ ਵਿਚ ਬਹੁਤ ਪਹਿਲਾਂ ਹੀ ਇਸ ਦੀ ਘੋਖ ਕਰ ਦਿੱਤੀ ਸੀ। ਹੁਣ ਉਸਦਾ ਨਾਂ ਹੀ 'ਅਹੰ' ਹੋ ਗਿਆ। ਉਸ ਵੇਲੇ ਜਦੋਂ ਉਸਨੂੰ ਛੱਡ ਕੇ ਕੋਈ ਦੂਜਾ ਨਹੀਂ ਸੀ, ਇਸ ਨਾਂ ਨਾਲ ਉਸਨੂੰ ਕੌਣ ਬੁਲਾਉਂਦਾ ਸੀ, ਇਹ ਤਾਂ ਨਹੀਂ ਪਤਾ, ਪਰ ਇਹ 'ਅਹੰ' ਨਾਂ ਆਦਮੀ ਨੂੰ ਇਤਨਾ ਚੰਗਾ ਲਗਾ ਕਿ ਅੱਜ ਵੀ ਬੁਲਾਏ ਜਾਣ ਨਾਲ ਕੋਈ ਵੀ ਵਿਅਕਤੀ ਇਹ ਮੈਂ ਹਾਂ, 'ਅਯਮਹਮ' ਕਹਿ ਕੇ ਆਪਣਾ ਦੂਜਾ ਨਾਂ ਦੱਸਦਾ ਹੈ।

ਜਦੋਂ ਉਸ ਨੂੰ ਇਹ ਗਿਆਨ ਹੋਇਆ ਕਿ ਉਹ ਇੱਕਲਾ ਹੈ, ਅਤੇ ਸੋਚੀਏ ਕਿ ਇਹ

ਬੋਧ ਉਸ ਮਹਾਵਿਰਾਟ ਅੰਧਕਾਰ ਅਤੇ ਸੰਨਾਟੇ ਵਿਚ ਹੋਇਆ ਜਦੋਂ ਚਾਰੇ ਪਾਸੇ ਉਸ ਤੋਂ ਸਿਵਾ ਕੁਝ ਹੋਰ ਨਹੀਂ ਸੀ, ਉਸਦੇ ਪਹਿਲੇ ਉਚਾਰਣ 'ਅਹਮਸਿਮ' ਨੂੰ ਸੁਣਨ ਵਾਲਾ ਕੋਈ ਕੰਨ ਅਤੇ ਢੋਣ ਵਾਲੀ ਹਵਾ ਤਕ ਨਹੀਂ ਸੀ ਤਾਂ ਉਸਨੂੰ ਕਿਹੋ ਜਿਹਾ ਲਗਿਆ ਹੋਵੇਗਾ? ਕਵੀ ਦਾ ਕਹਿਣਾ ਹੈ ਕਿ ਉਹ ਡਰ ਗਿਆ ਅਤੇ ਉਸਦਾ ਡਰ ਹੀ ਹੈ ਜੋ ਇਕੱਲਾ ਹੋਣ ਤੇ ਸਾਡੇ ਅੰਦਰ ਸਮਾ ਜਾਂਦਾ ਹੈ। ਪਰ ਫਿਰ ਉਸਨੇ ਸੋਚਿਆ ਕਿ ਮੇਰੇ ਤੋਂ ਇਲਾਵਾ ਹੋਰ ਕੋਈ ਹੈ ਹੀ ਨਹੀਂ ਤਾਂ ਇਹ ਡਰ ਕਿਸ ਤੋਂ! ਮੇਰਾ ਕੋਈ ਨੁਕਸਾਨ ਹੋ ਹੀ ਕਿਵੇਂ ਸਕਦਾ ਹੈ? ਇਹ ਵਿਚਾਰ ਆਉਂਦਿਆਂ ਹੀ ਉਸਦਾ ਡਰ ਖ਼ਤਮ ਹੋ ਗਿਆ। ਰਿਸ਼ੀ ਨੇ ਅਜਿਹਾ ਸਾਫ਼ ਤਾਂ ਨਹੀਂ ਲਿਖਿਆ ਪਰ ਉਸ ਦੀ ਗੱਲ ਦੇ ਅਰਥ ਕਢਦਿਆਂ, ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਡਰਾਂ ਦੀ ਜੜ੍ਹ ਦ੍ਵੈਤ ਹੀ ਹੈ। ਆਪਣੇ ਪਰਾਏ ਦਾ ਭੇਦ। ਜੇ ਪਰਾਏ ਨੂੰ ਵੀ ਆਪਣੇ ਵਰਗਾ ਜਾਂ ਆਪਣਾ ਹੀ ਬਣਾ ਲਈਏ ਤਾਂ ਆਪਣਾ ਹੀ ਸਾਰਾ ਡਰ ਦੂਰ ਹੋ ਜਾਏਗਾ, ਨਹੀਂ ਤਾਂ ਡਰ ਲਗਦਾ ਹੀ ਰਹੇਗਾ। ਆਪਣੇ ਆਪ ਨੂੰ ਇਕੱਲਿਆਂ ਦੇਖਣ ਵਾਲੇ ਨੂੰ ਭਲਾ ਮੋਹ ਅਤੇ ਸੋਗ ਕਿਵੇਂ ਹੋ ਸਕਦਾ ਹੈ : **ਤਤ੍ਰ ਕੋ ਮੋਹਃ ਕਃ ਸ਼ੋਕਃ ਏਕਤਵੰ ਅਨੁਪਸ਼ਯਤਃ**

ਇਕੱਲਾ ਸੀ ਇਸ ਲਈ ਰਮਣ ਕਿਸ ਨਾਲ ਕਰਦਾ। ਹੁਣ ਇਸ ਇਕੱਲੇਪਨ ਤੋਂ ਨਿਕਲਣ ਲਈ ਉਸਨੇ ਦੂਜੇ ਦੀ ਕਾਮਨਾ ਕੀਤੀ। ਉਹ ਅੰਤਹਕਰਣ ਦੀ ਸੋਚ-ਵਿਚਾਰ ਤੋਂ ਏਨਾ ਪ੍ਰੇਸ਼ਾਨ ਹੋ ਗਿਆ ਕਿ ਆਤਮ-ਬੰਧਨ ਵਿਚ ਗ੍ਰਸਿਆ ਗਿਆ। ਪ੍ਰੇਸ਼ਾਨੀ ਅਸਹਿ ਹੋ ਗਈ ਤਾਂ ਉਸਨੇ ਆਪਣੇ-ਆਪ ਨੂੰ ਹੀ ਚੀਰ ਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਅਤੇ ਇਥੋਂ ਹੀ ਸ਼ੁਰੂ ਹੋਇਆ ਬਖੇੜਿਆਂ ਦਾ ਅਸਲੀ ਦੌਰ। ਇਥੇ ਹੀ ਪੈਦਾ ਹੋਏ ਪਤੀ ਅਤੇ ਪਤਨੀ। ਆਦਮ ਦੀ ਪਸਲੀ ਤੋਂ ਨਹੀਂ, ਪਰਮ ਪੁਰਸ਼ ਦੀ ਕਾਇਆ ਦੇ ਅੱਧੇ ਹਿੱਸੇ ਤੋਂ ਪੈਦਾ ਹੋਈ ਇਸਤਰੀ। ਪਰਮ ਪੁਰਸ਼ ਤਾਂ ਪਹਿਲਾਂ ਤੋਂ ਹੀ ਸੀ, ਪਰ ਅਲਿੰਗੀ ਸੀ। ਸਿਰਜਨਾ ਕਰਨ ਵਾਲਾ ਪੁਰਸ਼ ਇਸਤਰੀ ਤੋਂ ਪਹਿਲਾਂ ਨਹੀਂ, ਉਸੇ ਦੇ ਅੰਦਰੋਂ ਪੈਦਾ ਹੋਇਆ। ਇਕ ਹੀ ਕਿਰਿਆ ਤੋਂ। ਇਕੱਠਿਆਂ।

ਯਾਗਵਲਕਯ ਨੂੰ ਇਹੋ ਜਿਹੀਆਂ ਬਹੁਤ ਸਾਰੀਆਂ ਗੱਲਾਂ ਪਤਾ ਸਨ, ਜੋ ਹੋਰ ਕਿਸੇ ਨੂੰ ਪਤਾ ਨਹੀਂ ਸਨ। ਉਹ ਯੱਗ ਦੇ ਵਕਤਾ ਜਾਂ ਵਲਕ, ਯਗਵਲਕ ਦੇਵਰਾਤਿ ਜਾਂ ਖ਼ੁਦ ਬ੍ਰਹਮਾ ਦੇ ਪੁੱਤਰ ਜੋ ਸਨ। ਯਾਗਵਲਕਯ ਦਾ ਕਹਿਣਾ ਹੈ ਕਿ ਇਸ ਲਈ ਮਨੁੱਖ ਦਾ ਸਰੀਰ ਦਾਲ ਵਾਂਗ ਦੋ ਸਮਾਨ ਅਰਧ-ਅੰਸ਼ਾਂ ਵਿਚ ਵੰਡਿਆ ਹੋਇਆ ਹੈ ਜਾਂ ਅਰਧ-ਵ੍ਰਿਗਲ ਹੈ। ਇਹੀ ਕਾਰਣ ਹੈ ਕਿ ਇਹ ਪੁਰਸ਼-ਅਰਧ ਆਕਾਸ਼ ਇਸਤ੍ਰੀ ਸਹਿਤ ਹੁੰਦਾ ਹੈ। ਇਸ ਦੇ ਇਸੇ ਸੰਜੋਗ ਨਾਲ ਮਨੁੱਖ ਪੈਦਾ ਹੋਏ।

ਇਸ ਮਗਰੋਂ ਇਕ ਵਿਚਿਤ੍ਰ ਲੁਕਣ-ਮੀਟੀ ਦੀ ਖੇਡ ਸ਼ੁਰੂ ਹੋਈ। ਇਸ ਖੇਡ ਨੇ ਦੁਨੀਆ ਨੂੰ ਅਨੇਕ ਤਰ੍ਹਾਂ ਦੇ ਜੀਵ-ਜੰਤੂਆਂ ਨਾਲ ਭਰ ਦਿੱਤਾ। ਕਹਾਣੀਕਾਰ ਉਤੇ ਯਕੀਨ ਕਰੀਏ ਤਾਂ ਹੋਇਆ ਇਹ ਕਿ ਉਹ ਪ੍ਰਥਮ ਇਸਤਰੀ ਜੋ ਪੁਰਸ਼ ਦੇ ਸਰੀਰ ਵਿਚੋਂ ਪੈਦਾ ਹੋਈ, ਉਸਦਾ ਨਾਂ ਸ਼ਤਰੂਪਾ ਸੀ। ਇਥੇ ਕਹਾਣੀਕਾਰ ਨੂੰ ਭੁਲੇਖਾ ਵੀ ਹੋ ਸਕਦਾ ਹੈ। ਉਸਨੂੰ ਸ਼ਤਰੂਪਾ ਨਾਂ ਅਨੇਕਾਂ ਰੂਪ ਧਾਰਣ ਕਰਨ ਉਪਰੰਤ ਮਿਲਿਆ ਹੋ ਸਕਦਾ ਹੈ। ਪਰ ਅਸੀਂ ਕ੍ਰਮ ਜਾਂ ਤਰਤੀਬ ਤੋਂ ਕੀ ਲੈਣਾ ਹੈ। ਨਾਂ ਇਕ ਵਾਰ ਜੁੜ ਗਿਆ ਤਾਂ ਉਹ ਨਾਮਧਾਰੀ ਅਤੇ

ਨਾਮ ਧਾਰਣ ਕਰਨ ਵਾਲੇ ਦੇ ਭੂਤ ਅਤੇ ਭਵਿਖ ਦੋਹਾਂ ਨੂੰ ਸਮੇਟ ਹੀ ਲੈਂਦਾ ਹੈ।

ਸ਼ਤਰੂਪਾ ਨੂੰ ਸਮਾਜਿਕ ਮਰਿਆਦਾ ਅਤੇ ਸ਼ਿਸ਼ਟਾਚਾਰ ਦਾ ਉਸ ਵੇਲੇ ਵੀ ਗਿਆਨ ਸੀ ਜਦੋਂ ਸਮਾਜ ਅਜੇ ਹੋਂਦ ਵਿਚ ਨਹੀਂ ਆਇਆ ਸੀ ਅਤੇ ਜਦੋਂ ਪੁਰਸ਼ ਆਪਣੇ ਪਾਗਲਪਨ ਵਿਚ ਆਪਣੇ ਆਪ ਨੂੰ ਸੰਭਾਲ ਹੀ ਨਹੀਂ ਸੀ ਰਿਹਾ। ਸ਼ਤਰੂਪਾ ਨੇ ਸੋਚਿਆ ਇਹ ਮੈਨੂੰ ਆਪਣੇ ਵਿਚੋਂ ਹੀ ਪੈਦਾ ਕਰਕੇ ਮੇਰੇ ਨਾਲ ਸਮਾਗਮ ਕਿਉਂ ਕਰਦਾ ਹੈ? ਉਸਨੇ ਫੈਸਲਾ ਕਰ ਲਿਆ ਕਿ ਉਹ ਲੁਕ ਕੇ ਆਪਣੀ ਇਜ਼ਤ ਦੀ ਰਾਖੀ ਕਰੇਗੀ। ਜੇ ਉਸ ਵੇਲੇ ਜੰਗਲ ਤੇ ਝਾੜੀਆਂ ਆਦਿ ਪੈਦਾ ਹੋ ਚੁਕੇ ਹੁੰਦੇ ਤਾਂ ਉਸਨੂੰ ਛਿਪਣ ਲਈ ਆਪਣਾ ਰੂਪ ਨਾ ਬਦਲਣਾ ਪੈਂਦਾ। ਕਿਉਂਕਿ ਇਹ ਸਭ ਨਹੀਂ ਸੀ, ਇਸ ਲਈ ਉਸਨੇ ਆਪਣੇ ਆਪ ਨੂੰ ਛਿਪਾਉਣ ਦਾ ਕੋਈ ਹੋਰ ਤਰੀਕਾ ਨਾ ਦੇਖ ਕੇ ਗਊ ਦਾ ਰੂਪ ਧਾਰਣ ਕਰ ਲਿਆ ਅਤੇ ਇਸ ਤੋਂ ਬਾਅਦ ਜੋ ਕੁਝ ਹੋਇਆ ਉਸਦਾ ਸਿੱਟਾ ਇਹ ਕਿ ਗਊ ਤੇ ਬਲਦ ਪੈਦਾ ਹੋਣ ਲੱਗੇ। ਇਸ ਪ੍ਰਯੋਗ ਦੇ ਵਿਅਰਥ ਹੋਣ ਤੇ ਵੀ ਉਸਦੀ ਸਮਝ ਵਿਚ ਇਹ ਗੱਲ ਨਹੀਂ ਆਈ ਕਿ ਰੂਪ ਬਦਲਣ ਅਤੇ ਛਿਪਣ ਦਾ ਕੋਈ ਲਾਭ ਨਹੀਂ। ਉਸਨੇ ਘੋੜੀ ਦਾ ਰੂਪ ਧਾਰਿਆ ਅਤੇ ਮਨੂ ਨੂੰ ਘੋੜਾ ਬਣਨਾ ਪਿਆ। ਇਸ ਨਾਲ ਘੋੜਾ ਜਾਤ ਪੈਦਾ ਹੋਈ। ਫਿਰ ਉਹ ਖੋਤੀ ਬਣ ਗਈ ਅਤੇ ਮਨੂ ਖੋਤਾ। ਇਸ ਤਰ੍ਹਾਂ ਇਕ ਖੁਰ ਵਾਲੇ ਪਸ਼ੂ ਪੈਦਾ ਹੋਏ। ਫਿਰ ਸ਼ਤਰੂਪਾ ਬੱਕਰੀ ਬਣ ਗਈ ਅਤੇ ਮਨੂ ਬੱਕਰਾ। ਫਿਰ ਉਹ ਭੇਡ ਬਣ ਗਈ ਅਤੇ ਮਨੂ ਨੂੰ ਭੇਡੂ ਬਣਨਾ ਪਿਆ। ਇਸ ਤਰ੍ਹਾਂ ਇਕ ਇਕ ਕਰਕੇ ਕੀੜੀ ਤੋਂ ਲੈ ਕੇ ਹਾਥੀ ਤਕ ਜਿੰਨੇ ਵੀ ਜੀਵ ਜੰਤੂਆਂ ਦੀ ਯਾਦ ਕਹਾਣੀਕਾਰ ਨੂੰ ਇਹ ਕਹਾਣੀ ਸੁਣਾਉਣ ਵੇਲੇ ਆ ਸਕੀ; ਉਨ੍ਹਾਂ ਸਾਰਿਆਂ ਦੀ ਉਤਪੱਤੀ ਹੋਈ। ਪਰ ਕੋਈ ਵੀ ਰੂਪ ਧਾਰਣ ਕਰਕੇ ਸ਼ਤਰੂਪਾ ਚੈਨ ਨਾਲ ਨਾ ਰਹਿ ਸਕੀ। ਸਗੋਂ ਉਪਰੋਂ ਕਬੀਰ ਵਰਗਿਆਂ ਦੇ ਮਿਹਣੇ ਵੀ ਸੁਣਨੇ ਪਏ ਜੋ ਉਸਨੂੰ ਠੱਗਣੀ ਆਦਿ ਕਹਿ ਕੇ ਗਾਲ੍ਹਾਂ ਕਢਦੇ ਰਹੇ। ਪਰ ਇਕ ਵਾਰ ਵੀ ਨਹੀਂ ਸੋਚਿਆ ਕਿ ਸ਼ਰਾਰਤ ਉਨ੍ਹਾਂ ਦੇ ਹੀ ਪੂਰਵ ਰੂਪ ਨੇ ਆਰੰਭ ਕੀਤੀ ਸੀ ਅਤੇ ਇਸ ਲਈ ਉਨ੍ਹਾਂ ਨੂੰ ਆਪਣੇ ਆਪ ਉਤੇ ਸ਼ਰਮ ਆਉਣੀ ਚਾਹੀਦੀ ਹੈ।

ਹੁਣ ਪ੍ਰਜਾਪਤੀ ਦੇ ਮਨ ਵਿਚ ਇਹ ਬੋਧ ਪੈਦਾ ਹੋਇਆ ਕਿ ਮੈਂ ਆਪ ਹੀ ਸਿਰਜਨਹਾਰ ਹਾਂ, ਮੈਂ ਹੀ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ : **ਸੋ ਅਵੇਦ, ਅਹੰ ਵਾਵ ਸ੍ਰਿਸ਼ਟਿਃ ਅਸਮਿ, ਅਹੰ ਹਿ ਇੰਦ ਸਰਵੰ ਅਸ੍ਰਿਕ੍ਰਿਸ਼ ਇਤਿ।** ਜੋ ਬਿਨਾਂ ਕੋਈ ਸ੍ਰਿਸ਼ਟੀ ਕੀਤੇ ਇਸ ਗੱਲ ਨੂੰ ਜਾਣ ਵੀ ਲਵੇ, ਉਹ ਆਪ ਵੀ ਸਿਰਜਨਹਾਰ ਹੋ ਜਾਂਦਾ ਹੈ।

# ਭਰਾਵਾਂ ਦਾ ਝਗੜਾ

ਸੌਂਕਣਾਂ ਦੇ ਕਲਾ-ਕਲੇਸ਼ ਦੀ ਸਭ ਤੋਂ ਪੁਰਾਣੀ ਕਹਾਣੀ ਪ੍ਰਜਾਪਤੀ ਦੀ ਨਾ ਸਮਝੀ ਅਤੇ ਮਾਨਵਤਾ ਦੇ ਮੰਦੇ ਭਾਗ ਨਾਲ ਉਸ ਦਿਨ ਹੀ ਸ਼ੁਰੂ ਹੋ ਗਈ ਜਦੋਂ ਦਿੱਤੀ ਦੇ ਹੁੰਦਿਆਂ ਉਨ੍ਹਾਂ ਨੇ ਅਦਿੱਤੀ ਨੂੰ ਪਤਨੀ ਬਣਾਉਣ ਦਾ ਨਿਸ਼ਚਾ ਕੀਤਾ। ਦਿੱਤੀ ਬਾਂਝ ਵੀ ਨਹੀਂ ਸੀ। ਬਹੁਤ ਸਾਰੇ ਬੱਚੇ ਉਸਨੇ ਪ੍ਰਜਾਪਤੀ ਨੂੰ ਜੰਮ ਦਿੱਤੇ ਸਨ। ਉਹ ਬਲਵਾਨ ਵੀ ਇਕ ਦੂਜੇ ਤੋਂ ਵਧ ਸਨ। ਪਰ ਅਦਿੱਤੀ ਨੇ ਆਉਂਦਿਆਂ ਹੀ ਉਹ ਜਾਦੂ ਕੀਤਾ ਕਿ ਘਰ ਵਿਚ ਹਰ ਰੋਜ਼ ਝਗੜਾ ਹੋਣ ਲਗਿਆ। ਅਤੇ ਜਦੋਂ ਅਦਿੱਤੀ ਦੇ ਬੱਚੇ ਵੱਡੇ ਹੋਏ ਤਾਂ ਮਾਤਾਵਾਂ ਤਾਂ ਪਿੱਛੇ ਹਟ ਗਈਆਂ, ਭਰਾਵਾਂ ਵਿਚ ਝਗੜਾ ਹੋਣ ਲੱਗਾ।

ਦੋਵੇਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਸਾਰਾ ਕਸੂਰ ਦੂਜੇ ਦੇ ਬੱਚਿਆਂ ਦੇ ਸਿਰ ਮੜ੍ਹਦੇ ਹੋਇਆਂ ਪ੍ਰਜਾਪਤੀ ਨੂੰ ਆਪਣੇ ਪੱਖ ਵਿਚ ਲਿਆਉਣ ਲਈ, ਉਨ੍ਹਾਂ ਨੂੰ ਉਲਟੀ ਪੱਟੀ ਪੜ੍ਹਾ ਕੇ ਪ੍ਰਜਾਪਤੀ ਕੋਲ ਭੇਜ ਦਿੰਦੀਆਂ। ਉਹ ਦੋਹਾਂ ਪੱਖਾਂ ਨੂੰ ਸਮਝਾ ਬੁਝਾ ਕੇ ਭੇਜਦੇ ਤਾਂ ਅਗਲੇ ਦਿਨ ਦੋਵੇਂ ਨਵਾਂ ਝਗੜਾ ਲੈ ਕੇ ਪਹੁੰਚ ਜਾਂਦੇ। ਭਰਾ ਜਿੰਨਾ ਹਿਤੈਸ਼ੀ ਤਾਂ ਕੋਈ ਹੁੰਦਾ ਹੀ ਨਹੀਂ, ਭਰਾ ਜਿਤਨਾ ਦੁਸ਼ਮਣ ਵੀ ਕੋਈ ਨਹੀਂ ਹੁੰਦਾ ਹੋਵੇਗਾ। ਇਕ ਵਾਰ ਝਗੜਾ ਹੋ ਗਿਆ ਤਾਂ ਦੋਵੇਂ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ। ਹਰ ਚੀਜ਼ ਨੂੰ ਆਪਣੇ ਕਬਜ਼ੇ ਵਿਚ ਕਰਨ ਜਾਂ ਦੂਜੇ ਤੋਂ ਖੋਹਣ ਦੀ ਕੋਸ਼ਿਸ਼ ਵਿਚ। ਦੂਜੇ ਦੇ ਹਰ ਕੰਮ ਨੂੰ ਵਿਗਾੜਨ ਦਾ ਯਤਨ। ਪੁਸ਼ਤ ਦਰ ਪੁਸ਼ਤ ਚਲਦਾ ਰਹਿੰਦਾ ਹੈ ਉਨ੍ਹਾਂ ਦਾ ਝਗੜਾ। ਹਰ ਕੰਮ ਇਕ ਦੂਜੇ ਨੂੰ ਨੀਵਾਂ ਦਿਖਾਉਣ ਜਾਂ ਹਰਾਉਣ ਲਈ ਕੀਤਾ ਜਾਣ ਲਗਦਾ ਹੈ। ਇਨ੍ਹਾਂ ਵਿਚੋਂ ਇਕ ਦੂਜੇ ਨੂੰ ਜਦੋਂ ਤਕ ਮਿਟਾ ਜਾਂ ਪੂਰੀ ਤਰ੍ਹਾਂ ਝੁਕਾ ਨਹੀਂ ਦਿੰਦਾ, ਉਦੋਂ ਤਕ ਝਗੜੇ ਦਾ ਅੰਤ ਨਹੀਂ ਹੁੰਦਾ।

ਪ੍ਰਜਾਪਤੀ ਦੀਆਂ ਇਨ੍ਹਾਂ ਦੋਹਾਂ ਪਤਨੀਆਂ ਤੋਂ ਪੈਦਾ ਹੋਈਆਂ ਸੰਤਾਨਾਂ ਦਾ ਵੀ ਇਹੀ ਹਾਲ ਸੀ। ਦੇਵਤੇ ਇਕ ਤਾਂ ਪਿਛਲੀ ਉਮਰ ਦੀ ਸੰਤਾਨ ਸਨ, ਇਸ ਲਈ ਕਮਜ਼ੋਰ ਸਨ। ਦੂਜੇ ਇਹ ਗਿਣਤੀ ਵਿਚ ਵੀ ਅਸੁਰਾਂ ਤੋਂ ਘੱਟ ਸਨ। ਉਨ੍ਹਾਂ ਨੂੰ ਰੋਣ ਅਤੇ ਸ਼ੋਰ ਮਚਾਉਣ ਦੀ ਆਦਤ ਵੀ ਸੀ। ਗੱਲ ਗੱਲ ਵਿਚ ਡੁਸਕਦੇ ਹੋਏ ਪ੍ਰਜਾਪਤੀ ਕੋਲ ਪਹੁੰਚ ਜਾਂਦੇ, "ਅਸੁਰਾਂ ਨੇ ਸਾਨੂੰ ਮਾਰਿਆ ਹੈ।" ਸਾਡੇ ਸਾਹਿਤ ਦਾ ਅੱਧਾ ਹਿੱਸਾ ਉਨ੍ਹਾਂ ਦੀ "ਬਚਾਓ, ਬਚਾਓ" ਦੀ ਗੂੰਜ ਨਾਲ ਭਰਿਆ ਹੋਇਆ ਹੈ ਅਤੇ ਬਾਕੀ ਅੱਧਾ ਉਨ੍ਹਾਂ ਨੂੰ ਬਚਾਉਣ ਲਈ ਪ੍ਰਜਾਪਤੀ ਜਾਂ ਭਗਵਾਨ ਦੀਆਂ ਕਾਰਗੁਜ਼ਾਰੀਆਂ ਨਾਲ। ਉਹ ਅਸੁਰਖਿਆ ਦੀ ਭਾਵਨਾ ਨਾਲ ਇਸ ਤਰ੍ਹਾਂ ਗ੍ਰੱਸੇ ਹੋਏ ਰਹਿਣ ਲਗੇ ਸਨ ਕਿ ਅਸੁਰ ਆਪਸ ਵਿਚ ਹੱਸਦੇ-ਬੋਲਦੇ ਤਾਂ ਵੀ ਉਨ੍ਹਾਂ ਨੂੰ ਲਲਕਾਰ ਦੇ ਰੂਪ ਵਿਚ ਹੀ ਸੁਣਾਈ ਦਿੰਦਾ ਸੀ। ਉਨ੍ਹਾਂ ਨੂੰ ਤਾਂ ਬਸ ਇਕ ਹੀ ਕੰਮ

ਰਹਿ ਗਿਆ ਸੀ। ਅਸੁਰਾਂ ਨੂੰ ਨੀਵਾਂ ਦਿਖਾਉਣ ਦਾ। ਉਹ ਉਨ੍ਹਾਂ ਨੂੰ ਹਰਾਉਣ ਲਈ ਤਰ੍ਹਾਂ ਤਰ੍ਹਾਂ ਦੇ ਉਪਾਉ ਕਰਦੇ ਰਹਿੰਦੇ। ਸਾਡੇ ਵਿਚੋਂ ਬਹੁਤ ਲੋਕੀਂ ਨਹੀਂ ਜਾਣਦੇ ਕਿ ਦੁਨੀਆ ਦੀਆਂ ਅੱਧੀਆਂ ਬੁਰਾਈਆਂ ਅਸੁਰਾਂ ਨੂੰ ਹਰਾਉਣ ਲਈ ਦੇਵਤਿਆਂ ਵਲੋਂ ਖੜੇ ਕੀਤੇ ਗਏ ਬਖੇੜੇ ਹਨ ਅਤੇ ਬਾਕੀ ਅੱਧੀਆਂ ਦੇਵਤਿਆਂ ਤੋਂ ਆਪਣਾ ਬਚਾਓ ਕਰਨ ਲਈ ਅਸੁਰਾਂ ਵਲੋਂ ਕੀਤੇ ਗਏ ਉਪਾਵਾਂ ਤੋਂ ਪੈਦਾ ਹੋਈਆਂ ਹਨ।

ਮਿਸਾਲ ਵਜੋਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਜਿਸ ਬਾਣੀ ਦੀ ਵਰਤੋਂ ਸੱਚ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਹੈ ਉਸੇ ਦੀ ਵਰਤੋਂ ਝੂਠ ਬੋਲਣ ਅਤੇ ਲੋਕਾਂ ਨੂੰ ਧੋਖਾ ਦੇਣ ਲਈ ਕਿਉਂ ਕੀਤੀ ਜਾਂਦੀ ਹੈ। ਇਸ ਦਾ ਸੰਬੰਧ ਵੀ ਅਸੁਰਾਂ ਦੇ ਝਗੜੇ ਨਾਲ ਹੀ ਹੈ। ਪਰ ਮਿਲਾਵਟ ਦਾ ਇਹ ਇਕੱਲਾ ਮਾਮਲਾ ਨਹੀਂ ਹੈ।

ਇਕ ਵਾਰ ਦੇਵਤਿਆਂ ਨੂੰ ਪਤਾ ਲਗਿਆ ਕਿ ਅਸੁਰਾਂ ਨੂੰ 'ਸਾਮਗਾਨ' ਜਾਂ 'ਉਦਗੀਥ' (ਸਾਮ-ਵੇਦ ਦੇ ਗਾਨ) ਨਾਲ ਹਰਾਇਆ ਜਾ ਸਕਦਾ ਹੈ। ਖ਼ਿਆਲ ਆਉਂਦਿਆਂ ਹੀ ਅਮਲ ਵਿਚ ਜੁਟ ਗਏ। ਦੇਵਤਿਆਂ ਨੇ ਬਾਣੀ ਨੂੰ ਕਿਹਾ, ''ਤੂੰ ਅਸਾਡੇ ਲਈ 'ਉਦਗਾਨ' ਕਰ।'' ਅਸੁਰਾਂ ਅਤੇ ਦੇਵਤਿਆਂ ਵਿਚ ਇਹ ਅੰਤਰ ਤਾਂ ਸੀ ਹੀ ਕਿ ਅਸੁਰ ਸੁਭਾਅ ਵਿਚ ਸਿਧੇ-ਸਾਦੇ ਸਨ। ਉਹ ਇਕ ਦੂਜੇ ਉਤੇ ਭਰੋਸਾ ਵੀ ਕਰਦੇ ਸਨ। ਦੇਵਤੇ ਚਾਲਾਕ ਸਨ, ਆਪਣੇ ਹਿੱਸੇ ਨੂੰ ਲੈ ਕੇ ਆਪਸ ਵਿਚ ਲੜਦੇ ਵੀ ਰਹਿੰਦੇ ਸਨ ਅਤੇ ਇਕ ਦੂਜੇ ਨਾਲ ਛੋਟੀ ਮੋਟੀ ਬੇਈਮਾਨੀ ਕਰਨ ਤੋਂ ਬਾਜ਼ ਨਹੀਂ ਸਨ ਆਉਂਦੇ। ਇਨ੍ਹਾਂ ਵਿਚ ਛੋਟੇ ਵੱਡੇ ਦਾ ਵੀ ਲਿਹਾਜ਼ ਨਹੀਂ ਕੀਤਾ ਜਾਂਦਾ ਸੀ, ਜਿਵੇਂ ਅਸੁਰਾਂ ਦੇ ਵਿਚ ਸੀ। ਸਭ ਤੋਂ ਛੋਟਾ ਇੰਦ੍ਰ, ਅਗਨੀ, ਵਰੁਣ ਅਤੇ ਰੁਦ੍ਰ ਆਦਿ ਪ੍ਰਾਚੀਨ ਦੇਵਤਿਆਂ ਨੂੰ ਰਹੇ-ਖਹੇ ਦੱਸ ਕੇ ਉਨ੍ਹਾਂ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਨ ਲਗਾ। ਉਹ ਸਫਲ ਵੀ ਹੋ ਗਿਆ ਸੀ, ਪਰ ਉਸ ਤੋਂ ਛੋਟਾ ਦੇਵਤਾ ਉਪੇਂਦ੍ਰ ਜਾਂ ਵਿਸ਼ਣੂ ਉਸ ਤੋਂ ਵੀ ਤੇਜ਼ ਨਿਕਲਿਆ ਅਤੇ ਇਕ ਵਾਰ ਉਸ ਦੀ ਐਯਾਸ਼ੀ ਲਈ ਅਲਕਾ ਦੀ ਇਕ ਨਿੱਕੀ ਜਿਹੀ ਨਗਰੀ ਦੇ ਕੇ ਪੂਰੇ ਸੰਸਾਰ ਦਾ ਅਧਿਕਾਰ ਖੋਹ ਲਿਆ। ਉਦੋਂ ਤੋਂ ਇੰਦ੍ਰ ਇਤਨਾ ਸ਼ੱਕੀ ਹੋ ਗਿਆ ਕਿ ਕਿਸੇ ਨੂੰ ਵੀ ਚੰਗਾ ਕੰਮ ਕਰਦਿਆਂ ਦੇਖ ਕੇ ਉਸਨੂੰ ਦਹਿਸ਼ਤ ਹੋਣ ਲਗਦੀ ਹੈ ਕਿ ਉਹ ਉਸਦਾ ਸਵਰਗ ਖੋਹਣ ਲਈ ਹੀ ਅਜਿਹਾ ਕਰ ਰਿਹਾ ਹੈ। ਕਿਸੇ ਨੂੰ ਤਪੱਸਿਆ ਕਰਦਿਆਂ ਦੇਖ ਕੇ ਉਹ ਘਬਰਾ ਜਾਂਦਾ ਕਿ ਕਿਧਰੇ ਉਹ - ਹਟੋ ਆਕਾਸ਼ ਦੇ ਮੇਘ ਰਾਹ ਤੋਂ ਸਵਰਗ ਲੁਟਣ ਅਸੀਂ ਆਉਂਦੇ ਹਾਂ - ਦਾ ਜਾਪ ਤਾਂ ਨਹੀਂ ਕਰ ਰਿਹਾ।

ਜਦੋਂ ਬਾਣੀ ਨੂੰ ਦੇਵਤਿਆਂ ਲਈ 'ਉਦਗਾਨ' ਕਰਨ ਲਈ ਕਿਹਾ ਗਿਆ ਤਾਂ ਉਸਨੇ ਹਾਂ ਤਾਂ ਕਰ ਦਿੱਤੀ ਅਤੇ 'ਉਦਗੀਥ' ਦਾ ਗਾਨ ਵੀ ਕਰ ਦਿੱਤਾ ਪਰ ਚਲਾਕੀ ਇਹ ਕੀਤੀ ਕਿ ਜੋ ਬਾਣੀ ਦਾ ਭੋਗ ਸੀ ਉਹ ਦੇਵਤਿਆਂ ਲਈ ਗਾਇਆ ਅਤੇ ਜੋ ਕਲਿਆਣਕਾਰੀ ਭਾਗ ਸੀ ਉਹ ਖੁਦ ਆਪਣੇ ਲਈ ਗਾਇਆ।

ਭਾਈ ਭਾਈ ਦਾ ਮਾਮਲਾ। ਇਕ ਜੋ ਕਰਦਾ ਉਹ ਦੂਜੇ ਨੂੰ ਪਤਾ ਲਗਣ ਵਿਚ ਦੇਰ ਨਾ ਲਗਦੀ। ਦੇਵਤਿਆਂ ਦੀ ਇਸ ਚਲਾਕੀ ਦਾ ਪਤਾ ਅਸੁਰਾਂ ਨੂੰ ਲਗ ਹੀ ਗਿਆ ਕਿ ਉਹ ਬਾਣੀ ਨੂੰ ਉਦਗਾਤਾ (ਯੱਗ ਦੇ ਮੰਤ੍ਰ ਪੜ੍ਹਨ ਵਾਲਾ) ਬਣਾ ਕੇ ਉਨ੍ਹਾਂ ਨੂੰ ਹਰਾਉਣਾ ਚਾਹੁੰਦੇ ਹਨ। ਹੁਣ ਉਹ ਬਾਣੀ ਕੋਲ ਗਏ ਅਤੇ ਉਸਨੂੰ ਪਾਪ ਨਾਲ ਲੇਪ ਦਿਤਾ।

ਉਦੋਂ ਤੋਂ ਬਾਣੀ ਦਾ ਪ੍ਰਯੋਗ ਉਲਟ ਜਾਂ ਅਸਤਿ ਭਾਸ਼ਣ ਲਈ ਵੀ ਹੋਣ ਲਗਿਆ ਅਤੇ ਜੋ ਅਜਿਹਾ ਭਾਸ਼ਣ ਕਰਦਾ ਹੈ ਉਹ ਪਾਪੀ ਹੋ ਜਾਂਦਾ ਹੈ।

ਦੇਵਤੇ ਹਿੰਮਤ ਨਹੀਂ ਹਾਰਦੇ ਸਨ। ਪਹਿਲਾ ਯਤਨ ਵਿਅਰਥ ਹੋ ਜਾਣ ਤੋਂ ਬਾਅਦ ਉਨ੍ਹਾਂ ਨੇ ਪ੍ਰਾਣ ਨੂੰ ਕਿਹਾ ਕਿ ਉਹ ਉਨ੍ਹਾਂ ਲਈ 'ਉਦਗਾਨ' ਕਰੇ। ਪ੍ਰਾਣ ਨੇ ਵੀ ਹਾਂ ਕਰ ਦਿੱਤੀ ਪਰ ਉਹੀ ਚਲਾਕੀ ਉਸਨੇ ਵੀ ਕੀਤੀ ਜੋ ਬਾਣੀ ਨੇ ਕੀਤੀ ਸੀ। ਪ੍ਰਾਣ ਨੇ ਵੀ ਜੋ ਭੋਗ ਦਾ ਅੰਸ਼ ਸੀ ਉਸਨੂੰ ਦੇਵਤਿਆਂ ਲਈ ਗਾਇਆ ਅਤੇ ਜੋ ਕਲਿਆਣ ਦਾ ਅੰਸ਼ ਸੀ, ਉਸਨੂੰ ਆਪਣੇ ਲਈ। ਇਸ ਵਾਰ ਵੀ ਅਸੁਰਾਂ ਨੂੰ ਇਹ ਪਤਾ ਚਲ ਗਿਆ ਕਿ ਉਦਗਾਨ ਕਰਨ ਵਾਲਾ ਕੌਣ ਹੈ ਅਤੇ ਇਸ ਵਾਰ ਵੀ ਉਨ੍ਹਾਂ ਨੇ ਪ੍ਰਾਣ ਕੋਲ ਆ ਕੇ ਉਸ ਨੂੰ ਪਾਪ ਨਾਲ ਲੇਪ ਦਿੱਤਾ। ਇਹੀ ਕਾਰਣ ਹੈ ਕਿ ਹਵਾ ਵਿਚ (ਸਵੱਛ) ਸਾਫ ਹਵਾ ਤੋਂ ਇਲਾਵਾ ਦੁਰਗੰਧ ਵੀ ਪੈਦਾ ਹੋ ਗਈ ਅਤੇ ਜੋ ਕੋਈ ਦੁਰਗੰਧ ਨੂੰ ਸੁੰਘਦਾ ਹੈ ਉਹ ਪਾਪ ਦਾ ਭਾਗੀ ਹੁੰਦਾ ਹੈ।

ਇਸ ਯਤਨ ਦੇ ਵਿਅਰਥ ਹੋਣ 'ਤੇ ਦੇਵਤਿਆਂ ਨੇ ਅੱਖਾਂ ਨੂੰ 'ਉਦਗਾਨ' ਦਾ ਭਾਰ ਸੌਂਪਿਆ। ਅੱਖਾਂ ਨੇ ਭੋਗ ਅੰਸ਼ ਨੂੰ ਦੇਵਤਿਆਂ ਲਈ ਦੇਖਿਆ ਅਤੇ ਕਲਿਆਣ ਅੰਸ਼ ਨੂੰ ਆਪਣੇ ਲਈ ਅਤੇ ਇਸ ਵਾਰ ਵੀ ਅਸੁਰਾਂ ਨੇ ਅੱਖਾਂ ਨੂੰ ਪਾਪ ਨਾਲ ਮਲੀਨ ਕਰਨ ਦਾ ਮੌਕਾ ਕੱਢ ਲਿਆ। ਇਹੀ ਕਾਰਣ ਹੈ ਕਿ ਅੱਖਾਂ ਨਾਲ ਕੁਝ ਅਜਿਹੀਆਂ ਚੀਜ਼ਾਂ ਵੀ ਦੇਖੀਆਂ ਜਾਂਦੀਆਂ ਹਨ ਜੋ ਨਾ ਦੇਖਣ-ਯੋਗ ਹੁੰਦੀਆਂ ਹਨ ਅਤੇ ਜੋ ਕੋਈ ਅਜਿਹੇ ਦ੍ਰਿਸ਼ ਦੇਖਦਾ ਹੈ ਉਹ ਪਾਪ ਦਾ ਭਾਗੀ ਹੁੰਦਾ ਹੈ।

ਕੰਨਾਂ ਨਾਲ ਆਦਮੀ ਬੁਰਾ ਸੁਣਦਾ ਹੈ, ਉਸਦੇ ਮਨ ਵਿਚ ਬੁਰੇ ਵਿਚਾਰ ਆਉਂਦੇ ਹਨ, ਇਸ ਦਾ ਇਤਿਹਾਸ ਵੀ ਇਹੀ ਹੈ। ਇਹ ਸਾਰੇ ਅਸੁਰਾਂ ਨੂੰ ਹਰਾਉਣ ਲਈ ਦੇਵਤਿਆਂ ਦੇ ਆਯੋਜਨ ਨੂੰ ਵਿਅਰਥ ਕਰਨ ਲਈ ਅਸੁਰਾਂ ਵਲੋਂ ਇਨ੍ਹਾਂ ਅੰਗਾਂ ਜਾਂ ਕ੍ਰਿਆਵਾਂ ਦੇ ਪਾਪ-ਲਿਪਤ ਕੀਤੇ ਜਾਣ ਦੇ ਸਿੱਟੇ ਹਨ। ਸਾਰੀ ਸ਼ਰਾਰਤ ਦੇਵਤਿਆਂ ਦੀ ਅਤੇ ਸਾਰਾ ਕਲੰਕ ਅਸੁਰਾਂ ਦੇ ਮੱਥੇ।

ਪ੍ਰਤੀਤ ਹੋਵੇਗਾ ਕਿ ਅਸੁਰਾਂ ਨਾਲ ਕਹਾਣੀਕਾਰ ਨੇ ਬਹੁਤ ਅਨਿਆਂ ਕੀਤਾ ਹੈ। ਪੁਰਾਣੇ ਜ਼ਮਾਨੇ ਵਿਚ ਦੇਵਤਿਆਂ ਅਤੇ ਕਵੀਆਂ ਵਿਚਾਲੇ ਕੁਝ ਮਿਲੀ-ਭਗਤ ਵੀ ਚਲਦੀ ਸੀ। ਪਹਿਲਾ ਦੂਜੇ ਦਾ ਖ਼ਿਆਲ ਰਖਦਾ ਸੀ ਅਤੇ ਦੂਜਾ ਪਹਿਲੇ ਦਾ। ਦੂਸਰਾ ਦੂਜਿਆਂ ਨੂੰ ਵੀ ਸਮਝਾਉਂਦਾ ਰਹਿੰਦਾ ਸੀ ਕਿ ਤੁਸੀਂ ਦੇਵਤਿਆਂ ਦਾ ਉਲੂ ਸਿੱਧਾ ਕਰੋ ਅਤੇ ਦੇਵਤੇ ਤੁਹਾਡਾ ਉੱਲੂ ਸਿੱਧਾ ਕਰਨਗੇ ਅਤੇ ਦੋਹਾਂ ਦੇ ਉੱਲੂ ਸਿਧਾ ਹੋ ਜਾਣ ਤੇ ਸ਼ਕਤੀ ਅਤੇ ਐਸ਼ਵਰਜ ਦੀ ਘਾਟ ਕਿਸੇ ਨੂੰ ਨਹੀਂ ਰਹੇਗੀ : **'ਦੇਵਾਨ ਭਾਵਯਤਾਨੇਨ ਤੇ ਦੇਵਾ: ਭਾਵਯੰਤੁ ਵ:। ਪਰਸਪਰੰ ਭਾਵਯੰਤ: ਸ਼੍ਰੇਯ: ਪਰੰਮ-ਅਵਾਪਸਜਥ।**

ਆਪਸੀ ਲੈ ਦੇ ਕੇ ਕੰਮ ਬਣਾਉਣ ਦਾ ਇਹ ਦਰਸ਼ਨ, ਜਿਸ ਉਤੇ ਭਾਰਤ ਦਾ ਲੋਕਤੰਤਰ ਟਿਕਿਆ ਹੋਇਆ ਹੈ, ਉਸ ਸਮੇਂ ਤੋਂ ਚਲਿਆ ਆ ਰਿਹਾ ਹੈ ਜਦੋਂ ਇਸਨੂੰ ਮਲੇਛ ਭਾਸ਼ਾ ਦੇ 'ਰਿਸ਼ਵਤ' ਸ਼ਬਦ ਨਾਲ ਨਹੀਂ, ਸਗੋਂ ਦੇਵ ਭਾਸ਼ਾ ਦੇ ਤੋਹਫੇ ਅਤੇ ਪੂਜਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ। ਇਹ ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਇਥੇ ਵੀ ਦੇਵਤਿਆਂ

ਦੇ ਨਾਲ ਕਹਾਣੀਕਾਰ ਨੇ ਕੋਈ ਸੌਦੇਬਾਜ਼ੀ ਕਰਨ ਮਗਰੋਂ ਉਨ੍ਹਾਂ ਨਾਲ ਪੱਖਪਾਤ ਕੀਤਾ ਅਤੇ ਅਸੁਰਾਂ ਨਾਲ ਧੋਖਾ ਕੀਤਾ ਸੀ ਅਤੇ ਬਾਣੀ ਨੂੰ ਆਪ ਪਾਪ-ਲਿਪਤ ਕਰ ਕੇ ਇਸਦਾ ਕਲੰਕ ਵਿਚਾਰੇ ਅਸੁਰਾਂ ਉਤੇ ਲਗਾ ਦਿੱਤਾ ਜੋ ਜੇ, ਮੰਨ ਲਈਏ, ਕਿ ਕੁਝ ਉਲਟਾ ਸਿੱਧਾ ਕਰ ਵੀ ਰਹੇ ਹਨ, ਤਾਂ ਇਨ੍ਹਾਂ ਕਹਾਣੀਕਾਰਾਂ ਦੇ ਬਿਆਨ ਅਨੁਸਾਰ ਵੀ ਆਤਮ-ਰਖਿਆ ਲਈ ਕਰ ਰਹੇ ਹਨ। ਇਸ ਦੀ ਛੋਟ, ਘੋਰ ਕਲਯੁਗ ਵਿਚ ਰਚੀ ਗਈ ਭਾਰਤੀ ਦੰਡ-ਸੰਘਤਾ ਵੀ ਦਿੰਦੀ ਹੈ। ਕਲਿਯੁਗ ਤੋਂ ਪਹਿਲਾਂ ਦੇ ਵਿਧਾਨਾਂ ਵਿਚ ਸੰਭਵ ਹੈ ਆਤਮ-ਰੱਖਿਆ ਦਾ ਅਧਿਕਾਰ ਵੀ ਸਾਰਿਆਂ ਨੂੰ ਨਹੀਂ ਸੀ। ਅਸੁਰ ਇਨ੍ਹਾਂ ਅਧਿਕਾਰਾਂ ਤੋਂ ਵਾਂਝਿਆਂ ਵਿਚ ਹੀ ਆਉਂਦੇ ਹਨ।

ਇਹੀ ਕਾਰਣ ਹੈ ਕਿ ਕਹਾਣੀਕਾਰ ਇਸ ਕਥਾ ਨੂੰ ਇਕ ਅਜਿਹੇ ਬਿੰਦੂ ਉਤੇ ਪਹੁੰਚਾਉਂਦਾ ਹੈ ਜੋ ਤਰਕ ਅਤੇ ਉਚਿਤਤਾ ਦੋਹਾਂ ਦ੍ਰਿਸ਼ਟੀਆਂ ਤੋਂ ਗ਼ੈਰ-ਜ਼ਰੂਰੀ ਹਨ।

ਕਥਾ ਅਨੁਸਾਰ ਆਖਿਰ ਵਿਚ ਦੇਵਤਿਆਂ ਨੇ ਮੂੰਹ ਵਿਚਲੇ ਪ੍ਰਾਣ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਲਈ 'ਉਦਗਾਨ' ਕਰੇ। ਉਨ੍ਹਾਂ ਨੇ 'ਤਥਾਅਸਤੂ' ਕਿਹਾ ਅਤੇ ਗਾਉਣ ਲੱਗੇ। ਅਸੁਰਾਂ ਨੂੰ ਇਸ ਦਾ ਵੀ ਪਤਾ ਲਗ ਗਿਆ। ਇਸ ਲਈ ਉਨ੍ਹਾਂ ਨੇ ਉਸ ਕੋਲ ਜਾ ਕੇ ਉਸਨੂੰ ਪਾਪ-ਲਿਪਤ ਕਰਨਾ ਚਾਹਿਆ। ਪਰ ਇਸ ਵਾਰ ਉਨ੍ਹਾਂ ਦੀ ਚਾਲ ਉਲਟੀ ਪਈ। ਜਿਵੇਂ ਪੱਥਰ ਨਾਲ ਟਕਰਾ ਕੇ ਮਿੱਟੀ ਦੀ ਢੀਮ ਭੁਰ ਜਾਂਦੀ ਹੈ, ਉਸੇ ਤਰ੍ਹਾਂ ਅਸੁਰ ਤਬਾਹ ਹੋ ਗਏ ਅਤੇ ਦੇਵਤਿਆਂ ਦਾ ਸਾਹ ਵਿਚ ਸਾਹ ਆਇਆ।

ਇਸ ਕਹਾਣੀ ਨੂੰ ਇਥੇ ਹੀ ਖ਼ਤਮ ਹੋ ਜਾਣਾ ਚਾਹੀਦਾ ਸੀ ਕਿਉਂਕਿ ਇਥੇ ਆ ਕੇ ਤਾਂ ਫਲਾਗਮ ਵੀ ਹੋ ਗਿਆ ਜਿਸ ਤੋਂ ਅੱਗੇ ਦੀ ਗੁੰਜਾਇਸ਼ ਤਾਂ ਕਿਸੇ ਵੀ ਨਾਟਕੀ ਤੋਂ ਨਾਟਕੀ ਨਾਟਕ ਵਿਚ ਨਹੀਂ ਹੁੰਦੀ। ਪਰ ਅਜਿਹਾ ਸੰਭਵ ਨਹੀਂ ਲਗਦਾ। ਜਾਣਕਾਰ ਲੋਕਾਂ ਦਾ ਕਹਿਣਾ ਹੈ ਕਿ ਇਹ ਕਹਾਣੀ ਸਿਰਫ਼ ਪਟਾਰੀ ਹੈ। ਜਿਵੇਂ ਕਿਸੇ ਵੱਡਮੁਲੇ ਹੀਰੇ ਨੂੰ ਪਟਾਰੀ ਵਿਚ ਰਖਕੇ ਬੰਦ ਕਰ ਦਿੱਤਾ ਜਾਵੇ, ਉਸੇ ਤਰ੍ਹਾਂ ਇਸ ਕਹਾਣੀ ਨੂੰ ਇਸ ਪਟਾਰੀ ਵਿਚ ਬੰਦ ਕਰ ਕੇ ਰਖਿਆ ਗਿਆ ਹੈ।

ਇਹ ਮੰਨ ਲੈਣ ਵਿਚ ਕੋਈ ਹਰਜ ਨਹੀਂ ਕਿ ਇਸ ਦਾਅਵੇ ਵਿਚ ਵੀ ਕੁਝ ਸਚਾਈ ਹੈ। ਦੇਵਤਿਆਂ ਅਤੇ ਅਸੁਰਾਂ ਦੀ ਇਹ ਕਹਾਣੀ ਉਪਰੋਂ ਦੇਖਣ ਨਾਲ ਜਿਤਨੀ ਵੀ ਸਰਲ ਦਿਸੇ, ਅੰਦਰੋਂ ਇਹ ਗੁੰਝਲਦਾਰ ਹੈ। ਬਹੁਤ ਸੰਭਵ ਹੈ ਇਹ ਪ੍ਰਜਾਪਤੀ ਸ੍ਰਿਸ਼ਟੀ ਦਾ ਰਚੈਤਾ ਨਹੀਂ, ਮਨੁੱਖ ਦਾ ਆਪਣਾ ਹੀ ਦਿਮਾਗ਼ ਹੋਵੇ। ਦਿਤੀ ਅਤੇ ਅਦਿਤੀ ਉਸਦੀ ਆਪਣੀ ਬੁੱਧੀ ਅਤੇ ਆਤਮਾ ਹੋਵੇ। ਆਸੁਰੀ ਸ਼ਕਤੀਆਂ ਮਨੁੱਖ ਦੀਆਂ ਆਪਣੀਆਂ ਹੀ ਜੈਵ (ਪੈਦਾ ਕੀਤੀਆਂ) ਪ੍ਰਵ੍ਰਿਤੀਆਂ ਹੋਣ ਜੋ ਅਧਿਕ ਪ੍ਰਾਚੀਨ ਅਤੇ ਸ਼ਕਤੀਸ਼ਾਲੀ ਤਾਂ ਹਨ ਹੀ। 'ਦੇਵਤਾ' ਉਨ੍ਹਾਂ ਦੀ ਅੰਦਰਲੀ ਚੇਤਨਾ ਅਤੇ ਵਿਵੇਕ ਦਾ ਜਾਂ ਸਦਵ੍ਰਿਤੀਆਂ ਦਾ ਹੀ ਦੂਜਾ ਨਾਂ ਹੋਵੇ ਜੋ ਮਨੁੱਖ ਦੀ ਆਤਮਿਕ ਉਨਤੀ ਵਿਚ ਇਨ੍ਹਾਂ ਅਸੁਰਾਂ ਜਾਂ ਜੈਵ-ਪ੍ਰਵ੍ਰਿਤੀਆਂ ਨੂੰ ਰੋਕ ਦਾ ਕਾਰਣ ਸਮਝ ਕੇ ਉਨ੍ਹਾਂ ਦਾ ਦਮਨ ਕਰਕੇ ਕਾਬੂ ਰਖਣ ਅਤੇ ਅਨੁਸ਼ਾਸਿਤ ਕਰਨ ਲਈ ਨਿਰੰਤਰ ਯਤਨਸ਼ੀਲ ਰਹਿੰਦੀਆਂ ਹੋਣ। ਉਨ੍ਹਾਂ ਦੇ ਯਤਨ ਵਾਰ ਵਾਰ ਅਸਫਲ ਤਾਂ ਹੁੰਦੇ ਹਨ ਪਰ ਦੇਵਤਾ ਜਾਂ ਵਿਵੇਕਵਾਨ ਅਤੇ ਆਪਣੀ ਆਤਮਿਕ ਉੱਨਤੀ ਲਈ ਲੱਕ ਬੰਨ੍ਹਣ ਵਾਲਾ ਵਿਅਕਤੀ ਨਿਰੰਤਰ ਉਨ੍ਹਾਂ ਦਾ ਦਮਨ ਅਤੇ ਵਸ ਕਰਨ ਦੇ ਯਤਨਾਂ ਵਿਚ ਲਗਿਆ

ਰਹਿੰਦਾ ਹੈ ਤਾਂ ਆਖਿਰ ਉਸ ਦੀ ਸਾਧਨਾ ਸਫਲ ਵੀ ਹੋ ਜਾਂਦੀ ਹੈ।

ਹਾਂ, ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਦੇ ਆਪਣੇ ਹੀ ਅੰਦਰਲੇ ਦੁਅੰਦ ਦੀ ਕਥਾ ਹੋਵੇ ਜਿਸ ਵਿਚ ਉਸਦਾ ਨੈਤਿਕ ਵਿਵੇਕ ਉਸਦੇ ਜੈਵ-ਤਕਾਜ਼ਿਆਂ ਅਤੇ ਦਬਾਵਾਂ ਨਾਲ ਨਿਰੰਤਰ ਸੰਘਰਸ਼ ਕਰਦਾ ਹੋਇਆ ਆਪਣੇ ਆਪ ਨੂੰ ਉਪਰ ਉਠਾਣ ਲਈ ਯਤਨ ਕਰਦਾ ਰਹਿੰਦਾ ਹੈ। ਇਹ ਵੀ ਸੰਭਵ ਹੈ ਕਿ ਇਹ ਉੱਤਰ-ਕਥਾ ਪੜ੍ਹਦੇ ਹੋਇਆਂ ਕਿਸੇ ਨੂੰ ਦੇਵਤੇ, ਦੇਵਤੇ ਦੇ ਰੂਪ ਵਿਚ ਨਹੀਂ, ਸਗੋਂ ਗਾਂਧੀ ਜੀ ਦੇ ਬੰਦਰਾਂ ਦੀ ਤਰ੍ਹਾਂ ਦਿਖਾਈ ਦੇਣ ਲਗਣ, ਪਰ ਸਾਡੀ ਸਮਸਿਆ ਇਹ ਹੈ ਕਿ ਜੇ ਸਮਸਿਆ ਸਿਰਫ਼ ਸ਼ੁਭ ਅਤੇ ਅਤੇ ਅਸ਼ੁਭ ਦੀ ਹੀ ਹੈ ਤਾਂ ਬਾਣੀ ਆਦਿ ਦੇ ਦੋ ਹੀ ਪੱਖ ਹੋਣੇ ਚਾਹੀਦੇ ਹਨ। ਇਹ ਕਲਿਆਣ ਵਾਲਾ ਤੀਜਾ ਪੱਖ ਕੀ ਹੈ, ਜਿਸਨੂੰ ਬਾਣੀ ਆਦਿ ਛਿਪਾ ਕੇ ਆਪਣੇ ਕੋਲ ਰੱਖ ਲੈਂਦੀ ਹੈ? ਸਾਰਿਆਂ ਦੇ ਤਿੰਨ ਹਿੱਸੇ ਹੀ ਕਿਉਂ ਕੀਤੇ ਗਏ ਹਨ? ਦੋ ਕਿਉਂ ਨਹੀਂ?

ਪਹਿਲੀ ਨਜ਼ਰੇ ਲਗਦਾ ਹੈ ਕਿ ਇਹ ਤਿੰਨ ਦੀ ਗਿਣਤੀ ਦਾ ਜਾਦੂ ਹੈ। ਹਰ ਚੀਜ਼ ਨੂੰ ਤਿੰਨ ਵਿਚ ਵੰਡ ਕੇ ਜਾਂ ਤਿੰਨ ਗੁਣਾਂ ਕਰਕੇ ਦੇਖਣ ਦੀ ਪ੍ਰਵ੍ਰਿਤੀ ਮਨੁੱਖ ਨੂੰ ਇਸ ਤਰ੍ਹਾਂ ਜਕੜ ਰਹੀ ਹੈ ਕਿ ਇਸਦੇ ਹੁੰਦਿਆਂ ਦੇਵਤਿਆਂ ਨੂੰ ਵੀ ਤਿੰਨ ਤੋਂ ਤੇਤੀ ਅਤੇ ਫਿਰ ਤਿੰਨ ਸੌ ਤੇਤੀ ਅਤੇ ਫਿਰ ਤੇਤੀ ਕਰੋੜ ਕਰਦਿਆਂ ਹੋਇਆਂ ਰਤਾ ਜਿੰਨੀ ਦੇਰ ਨਹੀਂ ਲਗਾਉਂਦੇ।

ਇਹ ਦੁਨੀਆ ਬੜੀ ਗੁੰਝਲਦਾਰ ਹੈ ਅਤੇ ਇਕ ਇਕ ਗਿਣਤੀ ਨੂੰ ਲੈ ਕੇ ਚਲੀਏ ਤਾਂ ਹਰ ਗਿਣਤੀ ਦੇ ਜਾਦੂਈ ਅਸਰ ਦਾ ਸਵਾਲ ਆਵੇਗਾ। ਪਰ ਸਿਰਫ਼ ਇਸੇ ਆਧਾਰ ਤੇ ਕਿਸੇ ਕਥਨ ਉਤੇ ਵਿਚਾਰ ਹੀ ਨਾ ਕਰਨਾ ਉਸ ਤੋਂ ਵੀ ਵੱਧ ਖ਼ਤਰਨਾਕ ਜਾਦੂ ਦੇ ਅਸਰ ਵਿਚ ਰਹਿਣ ਦਾ ਪ੍ਰਮਾਣ ਹੈ। ਇਸ ਤੀਜੇ ਨੂੰ ਖ਼ਾਰਜ ਕਰਨ ਦੀ ਕੋਸ਼ਿਸ਼ ਤਾਂ ਆਪਣੇ ਬਜ਼ੁਰਗ ਵੀ ਕਰਦੇ ਰਹੇ ਹਨ, ਪਰ ਉਨ੍ਹਾਂ ਨੂੰ ਵੀ ਇਸ ਤੀਜੇ ਨੂੰ ਅਕਸਰ ਸਵੀਕਾਰ ਕਰਨਾ ਹੀ ਪਿਆ। ਅਤੇ ਸੰਭਵ ਹੈ ਇਹ ਤੀਜਾ ਦੋ ਨਾਲੋਂ ਜ਼ਿਆਦਾ ਕਲਿਆਣਕਾਰੀ ਵੀ ਹੋਵੇ, ਦੇਵਾਂ ਅਤੇ ਅਸੁਰਾਂ ਵਿਚਾਲੇ ਮਨੁੱਖ ਵਾਂਗੂੰ। ਸੁਗੰਧ ਅਤੇ ਦੁਰਗੰਧ ਵਿਚ ਗੰਧਹੀਨਤਾ ਵਾਂਗੂੰ। ਸੱਚ ਅਤੇ ਝੂਠ ਨੂੰ ਪ੍ਰਗਟ ਕਰਨ ਵਾਲੀ ਭਾਸ਼ਾ ਤੋਂ ਵੱਖਰੀ ਰਮਣੀਕਤਾ ਪ੍ਰਗਟ ਕਰਨ ਵਾਲੀ ਭਾਸ਼ਾ ਵਾਂਗੂੰ। ਸ਼ਾਇਦ ਇਸ ਤੀਜੇ ਦੀ ਸਿੱਧੀ ਲਈ ਜ਼ਿਆਦਾ ਸਾਧਨਾ ਦੀ ਲੋੜ ਹੁੰਦੀ ਹੈ।

# ਬੇਚਾਰੇ ਪ੍ਰਜਾਪਤੀ

ਪ੍ਰਜਾਪਤੀ ਪਹਿਲਾਂ ਆਪਣੇ ਦੋ ਬੱਚਿਆਂ ਤੋਂ ਹੀ ਪ੍ਰੇਸ਼ਾਨ ਰਹਿੰਦੇ ਸਨ। ਦੋਹਾਂ ਦੀ ਆਪਸ ਵਿਚ ਬਣਦੀ ਨਹੀਂ ਸੀ ਅਤੇ ਦੋਵੇਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਪਾਗਲ ਬਣੇ ਰਹਿੰਦੇ ਸਨ। ਹੁਣ ਉਨ੍ਹਾਂ ਦੀ ਕੁਲ ਵਿਚ ਇਕ ਨਵਾਂ ਦੀਪਕ ਜਗਿਆ। ਪਤਾ ਨਹੀਂ, ਇਸਦੇ ਜਨਮ 'ਤੇ ਪ੍ਰਜਾਪਤੀ ਨੂੰ ਕੋਈ ਖ਼ੁਸ਼ੀ ਹੋਈ ਜਾਂ ਨਹੀਂ। ਕੁਝ ਦਿਨਾਂ ਪਿਛੋਂ ਉਨ੍ਹਾਂ ਨੂੰ ਸਾਰਿਆਂ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਅਤੇ ਉਨ੍ਹਾਂ ਦੇ ਸਾਰੇ ਕੀਤੇ ਕਰਾਏ 'ਤੇ ਪਾਣੀ ਫੇਰਨ ਵਾਲੀ ਉਨ੍ਹਾਂ ਦੀ ਇਹ ਤੀਜੀ ਸੰਤਾਨ ਹੀ ਸਿੱਧ ਹੋਣੀ ਸੀ, ਜਿਸ ਨੂੰ ਮਨੁੱਖ ਦੀ ਸੰਗਿਆ ਮਿਲੀ। ਇਹ ਵਖਰੀ ਗੱਲ ਹੈ ਕਿ ਜੇ ਇਸ ਤੀਜੀ ਸੰਤਾਨ ਨੇ ਆਪ ਪ੍ਰਜਾਪਤੀ ਅਤੇ ਆਪਣੇ ਦੋਹਾਂ ਵੱਡੇ ਭਰਾਵਾਂ ਅਸੁਰਾਂ ਅਤੇ ਦੇਵਤਿਆਂ ਦੇ ਬਾਰੇ ਚੁੱਪ ਧਾਰ ਲਈ ਹੁੰਦੀ ਤਾਂ ਕੋਈ ਉਨ੍ਹਾਂ ਦਾ ਨਾਮਲੇਵਾ ਨਾ ਮਿਲਦਾ। ਆਪਣੇ ਬਾਰੇ ਵੀ ਲਿਖਣ ਬੋਲਣ ਦਾ ਕੰਮ ਇਸੇ ਨੇ ਸੰਭਾਲ ਲਿਆ, ਇਸ ਲਈ ਇਸਦੀ ਆਪਣੀ ਨਾਲਾਇਕੀ ਦੀ ਸਹੀ ਤਸਵੀਰ ਇਸ ਦੀਆਂ ਆਪਣੀਆਂ ਲਿਖੀਆਂ ਕਹਾਣੀਆਂ ਵਿਚ ਨਹੀਂ ਮਿਲ ਸਕਦੀ।

ਇਥੇ ਉਸ ਵਲੋਂ ਕਲਮ-ਬੰਦ ਕੀਤੀ ਗਈ ਜਿਸ ਘਟਨਾ ਦਾ ਅਸੀਂ ਜ਼ਿਕਰ ਕਰਨ ਲੱਗੇ ਹਾਂ। ਉਸ ਅਨੁਸਾਰ ਪ੍ਰਜਾਪਤੀ ਦੀਆਂ ਇਨ੍ਹਾਂ ਤਿੰਨਾਂ ਸੰਤਾਨਾਂ ਨੇ ਉਨ੍ਹਾਂ ਕੋਲ ਰਹਿ ਕੇ ਬ੍ਰਹਮ-ਵਿਦਿਆ ਦਾ ਅਧਿਐਨ ਕੀਤਾ। ਅਧਿਐਨ ਖ਼ਤਮ ਹੋਣ ਮਗਰੋਂ ਦੇਵਤਿਆਂ ਨੇ ਕਿਹਾ, "ਹੁਣ ਆਪ ਸਾਨੂੰ ਉਪਦੇਸ਼ ਦਿਓ।"

ਪ੍ਰਜਾਪਤੀ ਨੂੰ ਕੂਟ (ਗੁੰਝਲਦਾਰ) ਭਾਸ਼ਾ ਵਿਚ ਬੋਲਣ ਦੀ ਆਦਤ ਹੈ। ਸੰਭਵ ਹੈ ਪ੍ਰਾਚੀਨ ਪਿਤਾ ਹੋਣ ਕਾਰਣ ਉਹ ਉਸ ਸਮੇਂ ਦੀ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਦੇ ਆਦੀ ਹੋਣ ਜਦੋਂ, ਸ਼ਬਦ ਹੀ ਨਹੀਂ, ਵਾਕ ਤਕ ਇਕ ਅੱਖਰੀ ਹੁੰਦੇ ਸਨ। ਉਪਦੇਸ਼ ਦੇ ਰੂਪ ਵਿਚ ਉਨ੍ਹਾਂ ਨੇ ਕੇਵਲ ਇਕ ਅੱਖਰ 'ਦ' ਦਾ ਉੱਚਾਰਣ ਕੀਤਾ ਅਤੇ ਦੇਵਤਿਆਂ ਨੂੰ ਇਸ਼ਾਰੇ ਨਾਲ ਪੁੱਛਿਆ, "ਕੁਝ ਪੱਲੇ ਪਿਆ ਕਿ ਨਹੀਂ?"

ਦੇਵਤਿਆਂ ਨੇ, ਦੇਵਤਿਆਂ ਵਰਗੀ ਚਲਾਕੀ ਅਤੇ ਆਤਮ-ਵਿਸ਼ਵਾਸ ਨਾਲ ਕਿਹਾ, "ਸਮਝ ਗਏ। ਆਪ ਨੇ ਕਿਹਾ ਹੈ ਕਿ ਦਮਨ ਕਰੋ।"

ਪ੍ਰਜਾਪਤੀ ਨੇ 'ਹਾਂ' ਕਹਿਣ ਲਈ ਆਪਣਾ ਸਿਰ ਹਿਲਾਇਆ ਤਾਂ ਉਨ੍ਹਾਂ ਦੀ ਦਾੜ੍ਹੀ ਹੀ ਨਹੀਂ, ਜਟਾਵਾਂ ਤਕ ਹਿਲ ਗਈਆਂ। ਗੱਲ ਦੇਵਤਿਆਂ ਨੇ ਬਿਲਕੁਲ ਠੀਕ ਸਮਝੀ ਸੀ। ਉਨ੍ਹਾਂ ਨੂੰ ਪ੍ਰਜਾਪਤੀ ਨੇ ਪੈਦਾ ਹੀ ਇਸ ਲਈ ਕੀਤਾ ਸੀ ਕਿ ਉਹ ਹਰ ਕਿਸੇ ਦਾ ਦਮਨ ਕਰਦੇ ਰਹਿਣ ਅਤੇ ਜਿਸ ਦੇ ਮਨ ਵਿਚ ਆਵੇ ਉਹ ਉਨ੍ਹਾਂ ਦੀ ਓਟ ਲੈ ਕੇ ਕਿਸੇ ਦਾ ਵੀ

ਦਮਨ ਕਰਦਾ ਰਹੇ।

ਕਾਇਦੇ ਅਨੁਸਾਰ ਸਾਰਿਆਂ ਤੋਂ ਪਹਿਲਾਂ ਅਸੁਰਾਂ ਨੂੰ ਦੀਖਿਆ ਮਿਲਣੀ ਚਾਹੀਦੀ ਸੀ। ਉਹ ਵੱਡੇ ਵੀ ਸਨ, ਬਹੁਮਤ ਵਿਚ ਵੀ ਸਨ, ਅਤੇ ਸ਼ਕਤੀ-ਸ਼ਾਲੀ ਵੀ। ਪਰ ਦੇਵਤੇ ਕਿਸੇ ਨਿਯਮ ਅਤੇ ਸ਼ਿਸ਼ਟਾਚਾਰ ਦਾ ਧਿਆਨ ਤਾਂ ਰਖਦੇ ਨਹੀਂ, ਇਸ ਲਈ ਉਹ ਕੁੱਦ ਕੇ ਪਹਿਲਾਂ ਆ ਗਏ। ਅਸੁਰਾਂ ਨੂੰ ਹੁਣ ਮੌਕਾ ਤਾਂ ਮਿਲਣਾ ਹੀ ਚਾਹੀਦਾ ਸੀ। ਪਰ ਦੇਵਤਿਆਂ ਤੋਂ ਉਨ੍ਹਾਂ ਦੇ ਉਜਲੇ ਕਾਰਨਾਮਿਆਂ ਦੀ ਥਾਂ ਕਾਲੇ ਕਾਰਨਾਮੇ ਸਿੱਖਣ ਵਾਲਾ ਮਨੁੱਖ ਉਨ੍ਹਾਂ ਨੂੰ ਧੱਕਾ ਦੇ ਕੇ ਅੱਗੇ ਆ ਗਿਆ, ''ਦੀਖਿਆ ਹੁਣ ਮੈਂ ਲਵਾਂਗਾ।''

ਜੇ ਪ੍ਰਜਾਪਤੀ ਨੂੰ ਆਪਣੀ ਔਲਾਦ ਉਤੇ ਜ਼ਰਾ ਵੀ ਕਾਬੂ ਹੁੰਦਾ ਤਾਂ ਉਹ ਹੁਣ ਵੀ ਮਨੁੱਖ ਨੂੰ ਮਨ੍ਹਾਂ ਕਰ ਸਕਦੇ ਸਨ, ''ਸ਼ਿਸ਼ਟਾਚਾਰ ਸਿੱਖੋ ਅਤੇ ਵੱਡੇ ਭਰਾ ਜੀ ਤੋਂ ਖਿਮਾ ਮੰਗੋ।'' ਪਰ ਇਹ ਆਦਤਾਂ ਤਾਂ ਉਨ੍ਹਾਂ ਨੂੰ ਇਥੇ ਅਧਿਐਨ ਦੇ ਨਿਵਾਸ ਸਮੇਂ ਹੀ ਪਈਆਂ ਸਨ ਅਤੇ ਇਨ੍ਹਾਂ ਬੱਚਿਆਂ ਤੋਂ ਜ਼ਿਆਦਾ ਉਹ ਆਪ ਇਸ ਸਭ ਲਈ ਜ਼ਿੰਮੇਵਾਰ ਸਨ। ਹੁਣ ਇਸ ਬੁਢਾਪੇ ਵਿਚ ਉਹ ਇਨ੍ਹਾਂ ਨੂੰ ਡਾਂਟਦੇ ਤਾਂ ਵੀ ਕੀ ਸੁਧਾਰ ਹੋਣਾ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਵੀ ਉਹੀ ਮੰਤ੍ਰ ਦਿੱਤਾ ਅਤੇ ਪੁੱਛਿਆ, ''ਸਮਝ ਵਿਚ ਆਇਆ ਕੁਝ?''

''ਛੋਟੇ ਨੇ, ਛੋਟਿਆਂ ਵਾਲੀ ਮੂਰਖਤਾ ਨਾਲ, ਕਿਹਾ, ''ਸਮਝ ਗਏ। ਆਪ ਨੇ ਸਾਨੂੰ ਦਾਨ ਕਰਨ ਲਈ ਕਿਹਾ ਹੈ।''

ਪ੍ਰਜਾਪਤੀ ਮੁਸਕੁਰਾਏ, ''ਜਾ ਬੇਟਾ ਤੈਨੂੰ ਤਾਂ ਆਪਣੀ ਗੁਸਤਾਖ਼ੀ ਦਾ ਦੰਡ ਤੇਰੀ ਆਪਣੀ ਖੋਪੜੀ ਨੇ ਹੀ ਦੇ ਦਿੱਤਾ। ਆਪਣਾ ਪੇਟ ਭਰਨ ਦਾ ਇੰਤਜ਼ਾਮ ਹੋਵੇ ਜਾਂ ਨਾ, ਧਰਤੀ ਤੋਂ ਲੈ ਕੇ ਆਸਮਾਨ ਤਕ ਦੇ ਦੇਵਤਿਆਂ ਲਈ ਦਾਨ ਕਰਦਾ ਰਹੀਂ।'' ਪ੍ਰਗਟ ਰੂਪ ਵਿਚ ਉਨ੍ਹਾਂ ਨੇ 'ਹਾਂ' ਵਜੋਂ ਸਿਰ ਹਿਲਾ ਕੇ ਦੱਸਿਆ ਕਿ ਉਨ੍ਹਾਂ ਦਾ ਮੰਤ੍ਰ ਸਮਝਣ ਵਿਚ ਉਨ੍ਹਾਂ ਤੋਂ ਵੀ ਕੋਈ ਭੁੱਲ ਨਹੀਂ ਹੋਈ।

ਹੁਣ ਆਈ ਬੇਚਾਰੇ ਅਸੁਰਾਂ ਦੀ ਵਾਰੀ। ਸ਼ਰਾਫ਼ਤ ਪਿਤਾ ਸਾਹਮਣੇ ਵੀ ਕਿੰਨੀ ਭਾਰੂ ਪੈਂਦੀ ਹੈ, ਇਸ ਦਾ ਅਹਿਸਾਸ ਤਾਂ ਉਨ੍ਹਾਂ ਦੇ ਚਿਹਰੇ ਉਤੇ ਸਪਸ਼ਟ ਸੀ। ਨਾਲ ਹੀ ਇਹ ਜ਼ਿੱਦ ਵੀ ਦਿਖਾਈ ਦੇ ਰਹੀ ਸੀ ਕਿ ਉਹ ਇਸਨੂੰ ਕਿਸੇ ਵੀ ਕੀਮਤ 'ਤੇ ਛੱਡਣ ਲਈ ਤਿਆਰ ਨਹੀਂ ਹਨ। ਜੇ ਦੁਨੀਆ ਤੋਂ ਸ਼ਰਾਫ਼ਤ ਹੀ ਉਠ ਜਾਏਗੀ ਤਾਂ ਬੇਚਾਰੇ ਅਸੁਰ ਜਿੰਦਾ ਰਹਿ ਕੇ ਕੀ ਕਰਨਗੇ?

ਉਨ੍ਹਾਂ ਨੇ ਹੱਥ ਜੋੜ ਕੇ ਪ੍ਰਜਾਪਤੀ ਸਾਹਮਣੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਹੁਣ ਤਾਂ ਗੁਰੂ-ਮੰਤ੍ਰ ਦੇ ਹੀ ਦੇਣ। ਪ੍ਰਜਾਪਤੀ ਨੇ ਉਸੇ ਇਕਾਖਰੀ ਭਾਸ਼ਾ ਦੀ ਵਰਤੋਂ ਕੀਤੀ ਜਿਸ ਵਿਚ ਸ਼ਾਇਦ, ਇਕ ਛੱਡ ਕੇ ਦੂਜਾ ਅੱਖਰ ਪੈਦਾ ਹੀ ਨਹੀਂ ਹੋਇਆ ਸੀ। ਉਨ੍ਹਾਂ ਨੇ ਅਸੁਰਾਂ 'ਤੇ ਵੀ ਉਹੀ ਸੁਆਲ ਕੀਤਾ 'ਸਮਝ ਵਿਚ ਆਇਆ ਕੁਝ?'

ਅਸੁਰਾਂ ਨੇ ਕਿਹਾ, ''ਸਮਝ ਗਏ। ਆਪ ਨੇ ਸਾਨੂੰ ਦਇਆ ਕਰਨ ਦਾ ਉਪਦੇਸ਼ ਦਿੱਤਾ ਹੈ।'

ਪ੍ਰਜਾਪਤੀ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਕੁਝ ਬੋਲੇ ਤਾਂ ਨਹੀਂ ਪਰ ਅਸੁਰਾਂ ਨੇ ਇਹ ਜ਼ਰੂਰ ਸੋਚਿਆ ਹੋਵੇਗਾ ਕਿ ਉਹ ਆਪਣੀ ਮੂਕ ਭਾਸ਼ਾ ਵਿਚ ਕਹਿ ਰਹੇ ਹਨ,

''ਜਾਓ ਪੁੱਤਰ, ਮੈਂ ਜੋ ਸਿਖਾਉਣਾ ਚਾਹੁੰਦਾ ਸਾਂ, ਉਹ ਸਿਰਫ਼ ਤੁਸੀਂ ਹੀ ਸਮਝੇ ਹੋ, ਪਰ ਕਾਸ਼ ਤੁਹਾਨੂੰ ਪਤਾ ਹੁੰਦਾ ਕਿ ਇਸ ਦਇਆ ਦੇ ਕਾਰਣ ਹੀ ਤੁਹਾਨੂੰ ਕਿੰਨੇ ਜ਼ੁਲਮ ਸਹਿਣੇ ਪੈਣਗੇ ਅਤੇ ਉਪਰੋਂ ਦੇਵਤਿਆਂ ਅਤੇ ਮਨੁੱਖਾਂ ਵਲੋਂ ਗੱਲ ਗੱਲ ਵਿਚ ਤੁਹਾਨੂੰ ਬਦਨਾਮ ਕੀਤਾ ਜਾਵੇਗਾ।

ਜੋ ਲੋਕ ਅਜਿਹੇ ਮਾਮਲਿਆਂ ਵਿਚ ਸੂਖਮ ਜਾਣਕਾਰੀ ਰਖਦੇ ਹਨ ਉਨ੍ਹਾਂ ਅਨੁਸਾਰ ਅੱਜ ਵੀ ਮੇਘ ਗਰਜਨ ਤੋਂ ਦ ਦ ਦ ਦੀ ਇਹੀ ਦੈਵੀ ਧੁਨੀ ਪੈਦਾ ਹੁੰਦੀ ਹੈ। ਕੁਝ ਲੋਕਾਂ ਦੀ ਇਹ ਵੀ ਧਾਰਣਾ ਹੈ ਦੇਵਤੇ ਇਨ੍ਹਾਂ ਤਿੰਨਾਂ ਵਿਚੋਂ ਸਭ ਤੋਂ ਜ਼ਿਆਦਾ ਆਪਹੁਦਰੇ ਸਨ। ਸੁਖ ਭੋਗਾਂ ਵਿਚ ਜ਼ਿਆਦਾ ਮਗਨ ਰਹਿੰਦੇ ਸਨ, ਇਸ ਲਈ ਪ੍ਰਜਾਪਤੀ ਨੇ ਉਨ੍ਹਾਂ ਨੂੰ ਆਪਣੀਆਂ ਕਾਮਨਾਵਾਂ ਅਤੇ ਵਾਸਨਾਵਾਂ ਦਾ ਦਮਨ ਕਰਨ ਲਈ ਕਿਹਾ। ਅਸੁਰ ਜ਼ਿਆਦਾ ਜ਼ਾਲਮ ਸਨ ਉਨ੍ਹਾਂ ਨੂੰ ਦੂਜਿਆਂ ਪ੍ਰਤਿ ਦਇਆ ਭਾਵ ਅਪਣਾਉਣ ਲਈ ਕਿਹਾ, ਇਸ ਤਰਕ-ਸੰਗਲੀ ਅਨੁਸਾਰ ਮਨੁੱਖ ਜ਼ਰੂਰ ਕੰਜੂਸ ਹੋਵੇਗਾ। ਦੇਵਤਿਆਂ ਅਤੇ ਅਸੁਰਾਂ ਦੇ ਉਲਟ ਉਹ ਇਕੱਲਾ ਹੀ ਅਜਿਹਾ ਹੈ ਜੋ ਧਨ ਜੋੜ ਕੇ ਰਖਦਾ ਹੈ ਅਤੇ ਜਿੰਨਾ ਵੀ ਧਨ ਜੁੜਦਾ ਜਾਂਦਾ ਹੈ ਓਨਾ ਹੀ ਜ਼ਿਆਦਾ ਧਨ ਦਾ ਲੋਭੀ ਹੁੰਦਾ ਜਾਂਦਾ ਹੈ। ਉਹ ਇਕੱਲਾ ਹੀ ਹੈ ਜੋ ਦੂਜਿਆਂ ਦੇ ਮਾਲ ਉਤੇ ਨਜ਼ਰ ਰਖਦਾ ਹੈ। ਆਪਣੇ ਕੋਲ ਬਹੁਤ ਕੁਝ ਹੁੰਦਿਆਂ ਹੋਇਆਂ ਵੀ ਆਪਣੀ ਜਾਤ ਦੇ ਲੋਕਾਂ ਨੂੰ ਭੁੱਖਾ ਮਰਨ ਦਿੰਦਾ ਹੈ। ਪ੍ਰਜਾਪਤੀ ਨੇ ਉਸਨੂੰ ਦਾਨ ਕਰਨ ਲਈ ਕਿਹਾ ਤਾਂ ਕੁਝ ਵੀ ਗ਼ਲਤ ਨਹੀਂ ਕਿਹਾ। ਪਰ ਇਹ ਆਪਣਾ ਪਾਪ ਛੁਪਾਉਣ ਲਈ ਦੇਵਤਿਆਂ ਅਤੇ ਉਨ੍ਹਾਂ ਦਾ ਢੰਗ ਅਪਣਾਉਣ ਵਾਲੇ ਮਨੁੱਖਾਂ ਦੀ ਮਿਲੀ ਭੁਗਤ ਨਾਲ ਘੜੀ ਹੋਈ ਕਹਾਣੀ ਪ੍ਰਤੀਤ ਹੁੰਦੀ ਹੈ। ਜੇ ਇਹ ਤਿੰਨੇ ਗੁਣ ਹਨ ਅਤੇ ਸ੍ਰੇਸ਼ਠ ਗੁਣ ਹਨ ਤਾਂ ਇਨ੍ਹਾਂ ਨਾਲ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨੂੰ ਵਾਂਝਿਆ ਰਖਣਾ ਨਾ ਤਾਂ ਪ੍ਰਜਾਪਤੀ ਲਈ ਉਚਿਤ ਸੀ, ਨਾ ਵਾਂਝਿਆਂ ਰਹਿਣਾ ਕਿਸੇ ਲਈ ਸਹਿਣਯੋਗ ਹੋਣਾ ਚਾਹੀਦਾ ਹੈ।

# ਕਰਦਾ ਕਰਤਾ ਹੈ, ਭਰਦਾ ਕਰਣ ਹੈ

ਦੇਵਤਿਆਂ ਨਾਲ ਭਗਵਾਨ ਦਾ ਕੁਝ ਜ਼ਿਆਦਾ ਪ੍ਰੇਮ ਹੈ। ਉਹ ਸਿਰਫ਼ ਉਨ੍ਹਾਂ ਦੀ ਪੀੜ ਹੀ ਸਮਝਦੇ ਹਨ। ਸਿਰਫ਼ ਉਨ੍ਹਾਂ ਦੀ ਪੁਕਾਰ ਉਤੇ ਹੀ ਦੌੜਦੇ ਹਨ। ਕਦੀ ਕਦੀ ਤਾਂ ਦੇਵਤਿਆਂ ਨੂੰ ਸਹਾਇਤਾ ਲਈ ਬੇਨਤੀ ਕਰਨੀ ਪੈਂਦੀ ਹੈ, ਪਰ ਅਕਸਰ ਉਹ ਉਨ੍ਹਾਂ ਦੀ ਆਵਾਜ਼ 'ਤੇ ਹੀ ਘਬਰਾਏ ਹੋਏ ਨੌਕਰ ਵਾਂਗ ਭੱਜ ਪੈਂਦੇ ਹਨ। ਉਹ ਉਨ੍ਹਾਂ ਲਈ ਬੇਈਮਾਨੀ ਅਤੇ ਧੋਖਾਬਾਜ਼ੀ ਵੀ ਕਰ ਸਕਦੇ ਹਨ। ਉਹ ਕੁਝ ਵੀ ਕਰ ਲੈਣ, ਦੇਵਤੇ ਕਿਸੇ ਵੀ ਹਾਲਤ ਵਿਚ ਖੁਸ਼ ਰਹਿ ਹੀ ਨਹੀਂ ਸਕਦੇ। ਉਹ ਇੰਨੇ ਕਮਜ਼ੋਰ ਹਨ ਕਿ ਮਰਿਆ ਹੋਇਆ ਅਸੁਰ ਵੀ ਉਨ੍ਹਾਂ ਉਤੇ ਭਾਰੂ ਪੈਂਦਾ ਹੈ।

ਇਕ ਵਾਰ ਭਗਵਾਨ ਨੇ ਸੋਚਿਆ ਕਿ ਇਨ੍ਹਾਂ ਦੀ ਰੋਜ਼ ਰੋਜ਼ ਦੀ ਰੋਣ-ਧੋਣ ਤੋਂ ਛੁਟਕਾਰਾ ਪਾਉਣ ਲਈ ਕਿਉਂ ਨਾ ਇਨ੍ਹਾਂ ਨੂੰ ਹੀ ਅਸੁਰਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਬਣਾ ਦਿੱਤਾ ਜਾਵੇ। ਉਨ੍ਹਾਂ ਨੇ ਅਜਿਹਾ ਕਰ ਵੀ ਦਿੱਤਾ। ਦੇਵਤਿਆਂ ਨੇ ਅਸੁਰਾਂ ਉਤੇ ਜਿੱਤ ਵੀ ਪ੍ਰਾਪਤ ਕਰ ਲਈ। ਪਰ ਤਾਕਤ ਦਾ ਨਸ਼ਾ ਕੁਝ ਅਜਿਹਾ ਚੜ੍ਹਿਆ ਕਿ ਪੈਰ ਡੋਲਣ ਲਗੇ। ਭਗਵਾਨ ਨੇ ਸੋਚਿਆ ਸੀ ਕਿ ਕੁਝ ਦਿਨਾਂ ਲਈ ਕਸ਼ੀਰ-ਸਾਗਰ ਦੇ ਹਲਕੇ ਹਲਕੇ ਹੁਲਾਰਿਆਂ ਵਿਚ ਲੱਛਮੀ ਨੂੰ ਪਵਾਂਦ ਵਲ ਬਿਠਾ ਕੇ, ਪੈਰ ਦਬਵਾਉਂਦਿਆਂ ਹੋਇਆਂ ਮਿਠੇ-ਮਿਠੇ ਸੁਫਨੇ ਦੇਖਣ ਦੀ ਫੁਰਸਤ ਮਿਲ ਗਈ, ਪਰ ਸੁਫਨੇ ਵਿਚ ਵੀ ਉਨ੍ਹਾਂ ਦੀ ਹੁੜਦੰਗ ਦਾ ਸ਼ੋਰ ਸੁਣਾਈ ਦੇਣ ਲਗਿਆ।

ਭਗਵਾਨ ਨੇ ਸੋਚਿਆ ਦੇਵਤਿਆਂ ਨੂੰ ਹੀਣ-ਭਾਵਨਾ ਤਾਂ ਸ਼ੋਭਾ ਦਿੰਦੀ ਹੈ ਪਰ ਉਨ੍ਹਾਂ ਦਾ ਮਹਾਨ-ਭਾਵੀ ਬੋਧ ਤਾਂ ਇਕ ਦਿਨ ਮੇਰੀ ਵੀ ਛੁੱਟੀ ਕਰ ਦੇਵੇਗਾ। ਜਦੋਂ ਅਸੁਰ ਹੀ ਕਿਸੇ ਨੂੰ ਆਪਣੇ ਤੋਂ ਵੱਡਾ ਨਹੀਂ ਮੰਨਦੇ ਤਾਂ ਅਸੁਰਾਂ ਤੋਂ ਤਾਕਤਵਰ ਹੋ ਚੁਕੇ ਦੇਵਤੇ ਤਾਂ ਮੇਰੀ ਅਧੀਨਗੀ ਵਿਚ ਬਿਲਕੁਲ ਨਹੀਂ ਰਹਿਣਗੇ ਅਤੇ ਮੇਰਾ ਵਿਸ਼ਵ ਸਾਮਰਾਜ ਖੰਡਿਤ ਹੀ ਹੋ ਜਾਏਗਾ, ਸਗੋਂ ਸੰਭਵ ਹੈ ਕਿ ਉਸ ਖੰਡਿਤ ਸਾਮਰਾਜ ਵਿਚ ਮੇਰੇ ਹਿੱਸੇ ਮੇਰੇ ਕਸ਼ੀਰ-ਸਾਗਰ ਦਾ ਇਹ ਸਾਰਾ ਖੇਤਰ ਵੀ ਨਾ ਰਹੇ। ਇਹ ਵਿਚਾਰ ਆਉਂਦਿਆਂ ਹੀ ਉਹ ਘਬਰਾ ਉਠੇ। ਉਨ੍ਹਾਂ ਨੂੰ ਚਿੰਤਾ ਇਸ ਗੱਲ ਦੀ ਵੀ ਸੀ ਕਿ ਦੇਵਤੇ ਅਹਿਸਾਨ ਮੰਨਣ ਨੂੰ ਵੀ ਤਿਆਰ ਨਹੀਂ ਸਨ। ਉਹ ਸੋਚਦੇ ਸਨ ਕਿ ਅਸੁਰਾਂ ਨੂੰ ਉਨ੍ਹਾਂ ਨੇ ਆਪਣੀ ਹੀ ਸ਼ਕਤੀ ਨਾਲ ਹਰਾ ਦਿੱਤਾ ਹੈ। ਭਗਵਾਨ ਦੀ ਅੱਧੀ ਚਿੰਤਾ ਤਾਂ ਆਪਣੇ ਆਪ ਕਰਕੇ ਸੀ ਅਤੇ ਅੱਧੀ ਦੇਵਤਿਆਂ ਦੀ ਭਲਾਈ ਲਈ। ਉਹ ਸੋਚ ਰਹੇ ਸਨ ਕਿ ਜੇ ਦੇਵਤਿਆਂ ਵਿਚ ਇਹ ਅਭਿਮਾਨ ਬਣਿਆ ਰਿਹਾ ਤਾਂ ਇਨ੍ਹਾਂ ਦਾ ਵਿਨਾਸ਼ ਹੋ ਜਾਏਗਾ। ਆਖ਼ਿਰ ਅਸੁਰਾਂ ਦਾ ਨਾਸ਼ ਵੀ ਉਨ੍ਹਾਂ ਦੇ ਹੰਕਾਰ ਕਾਰਨ ਹੀ ਹੋਇਆ ਸੀ। ਅਸੁਰ ਕਹਿੰਦੇ ਸਨ, ਸਾਡੇ ਤੋਂ ਵੱਡਾ ਕੌਣ

ਹੈ ਜਿਸ ਦੀ ਅਸੀਂ ਆਰਾਧਨਾ ਕਰੀਏ, ਜਿਸ ਲਈ ਯੱਗ ਕਰੀਏ। ਉਹ ਸਭ ਕੁਝ ਨੂੰ ਆਪਣੇ ਭੋਗ ਦੀ ਵਸਤੂ ਸਮਝ ਕੇ ਆਪ ਹੀ ਭੋਗਦੇ ਰਹੇ। ਦੇਵਤਿਆਂ ਦਾ ਹਿੱਸਾ ਦਿੱਤਾ ਹੀ ਨਹੀਂ ਅਤੇ ਇਸ ਘੁਮੰਡ ਵਿਚ ਉਨ੍ਹਾਂ ਦਾ ਵਿਨਾਸ਼ ਹੋ ਗਿਆ। ਵੈਦਿਕ ਵਚਨ ਗ਼ਲਤ ਤਾਂ ਹੋ ਹੀ ਨਹੀਂ ਸਕਦਾ, **'ਅਤਿਮਾਨੇਨ ਤੇ ਵੈ ਅਸੁਰਾ ਕਥੰ ਨੁ ਵਯੰ ਜੁਹੁਯਾਮ ਇਤਿ ਵਦੰਤ: ਪਰਾਬਭੂਵੁ:''**। ਹੁਣ ਇਸੇ ਤਰ੍ਹਾਂ ਜੇ ਦੇਵਤਿਆਂ ਨੇ ਭਗਵਾਨ ਨੂੰ ਮੰਨਣਾ ਅਤੇ ਉਸ ਦਾ ਧਿਆਨ ਰਖਣਾ ਬੰਦ ਕਰ ਦਿੱਤਾ ਤਾਂ ਉਸ ਨੂੰ ਉਨ੍ਹਾਂ ਦਾ ਅਭਿਮਾਨ ਵੀ ਤੋੜਨਾ ਪਵੇਗਾ ਅਤੇ ਇਹ ਸੋਚ ਕੇ ਭਗਵਾਨ ਨੂੰ ਕਲੇਸ਼ ਹੋ ਰਿਹਾ ਸੀ। ਦੇਵਤਿਆਂ ਨੂੰ ਨਸ਼ਟ ਕਰਨ ਦੇ ਮੁਕਾਬਲੇ ਵਿਚ ਉਨ੍ਹਾਂ ਦੇ ਹੰਕਾਰ ਨੂੰ ਖ਼ਤਮ ਕਰਨਾ ਜ਼ਿਆਦਾ ਉਚਿਤ ਸਮਝ ਕੇ ਭਗਵਾਨ ਨੇ ਯਕਸ਼ ਦਾ ਰੂਪ ਧਾਰਣ ਕੀਤਾ ਅਤੇ ਉਨ੍ਹਾਂ ਦੇ ਸਾਹਮਣੇ ਪ੍ਰਗਟ ਹੋ ਗਏ। ਦੇਵਤਿਆਂ ਦੀ ਹਾਲਤ ਖ਼ਰਾਬ। ਏਨਾ ਦੈਵੀ ਸਰੂਪ ਅਤੇ ਵਿਸ਼ਾਲ ਆਕਾਰ ਦੇ ਕਿਸੇ ਪੁਰਸ਼ ਨੂੰ ਉਨ੍ਹਾਂ ਨੇ ਅੱਜ ਤਕ ਨਹੀਂ ਸੀ ਦੇਖਿਆ। ਉਨ੍ਹਾਂ ਨੇ ਸੋਚਿਆ, ਇਹ ਕੌਣ ਹੈ, ਇਸਦਾ ਪਤਾ ਤਾਂ ਕਰਨਾ ਹੀ ਚਾਹੀਦਾ ਹੈ। ਸਮੱਸਿਆ ਸੀ ਕਿ ਬਿੱਲੀ ਦੇ ਗੱਲ ਵਿਚ ਟੱਲੀ ਬੰਨ੍ਹੇ ਕੌਣ? ਉਨ੍ਹਾਂ ਦੀ ਤਾਕਤ ਦਾ ਪਤਾ ਲਾਉਣ ਅਤੇ ਪਰਿਚੈ ਜਾਣਨ ਲਈ ਉਨ੍ਹਾਂ ਕੋਲ ਜਾਵੇ ਕੌਣ? ਅੰਤ ਵਿਚ ਫੈਸਲਾ ਹੋਇਆ ਕਿ ਦੇਵਤਿਆਂ ਵਿਚ ਸਭ ਤੋਂ ਪੁਰਾਣੇ, ਸਭ ਤੋਂ ਅਨੁਭਵੀ ਅਤੇ ਸਭ ਤੋਂ ਤੇਜਸਵੀ ਅਗਨੀ ਦੇਵਤਾ ਹਨ, ਇਸ ਲਈ ਉਨ੍ਹਾਂ ਨੂੰ ਹੀ ਯਕਸ਼ ਕੋਲ ਭੇਜਿਆ ਜਾਵੇ। ਅਗਨੀ ਨੂੰ ਦੇਵਤਿਆਂ ਨੇ 'ਜਾਤ ਵੇਦਾ'* ਅਤੇ 'ਕਾਵਿ ਕ੍ਰਤੂ'* ਆਦਿ ਕਹਿ ਕੇ ਉਨ੍ਹਾਂ ਦਾ ਦਿਮਾਗ਼ ਚੜ੍ਹਾ ਰਖਿਆ ਸੀ। ਉਹ ਦੇਵਤਿਆਂ ਦੇ ਪੁਰੋਹਿਤ ਸਨ ਅਤੇ ਦੂਤ ਦੇ ਕੰਮ ਤੇ ਅਕਸਰ ਉਨ੍ਹਾਂ ਨੂੰ ਭੇਜਿਆ ਜਾਂਦਾ ਸੀ। ਇਨ੍ਹਾਂ ਸਾਰਿਆਂ ਕਾਰਣਾਂ ਕਰਕੇ ਉਹ ਆਪ ਵੀ ਮੰਨਦੇ ਸਨ ਕਿ ਇਸ ਤਰ੍ਹਾਂ ਦੇ ਕੰਮ ਦੂਜੇ ਦੇਵਤਿਆਂ ਨਾਲੋਂ ਉਹ ਜ਼ਿਆਦਾ ਚਾਲਾਕੀ ਨਾਲ ਕਰ ਸਕਦੇ ਹਨ। ਉਨ੍ਹਾਂ ਦੇ ਤੇਜ ਦਾ ਤਾਂ ਕਹਿਣਾ ਹੀ ਕੀ! ਉਨ੍ਹਾਂ ਦੀ ਸ਼ਕਲ ਦੇਖ ਕੇ ਰਾਖਸ਼ਾਂ ਦੀ ਤਾਂ ਨਾਨੀ ਮਰ ਜਾਂਦੀ ਸੀ। ਉਨ੍ਹਾਂ ਨੇ ਉਨ੍ਹਾਂ ਦਾ ਇਕ ਨਾਂ ਹੀ 'ਰਕਸ਼ੋਹਾ' ਜਾਂ ਰਾਖਸ਼ਾਂ ਦਾ ਨਾਸ਼ ਕਰਨ ਵਾਲਾ ਰਖਿਆ ਹੋਇਆ ਸੀ। ਉਨ੍ਹਾਂ ਨੇ ਸੋਚਿਆ, ਜੇ ਇਹ ਕੋਈ ਰਾਖਸ਼ ਹੋਇਆ ਤਾਂ ਉਨ੍ਹਾਂ ਨੂੰ ਦੇਖਦਿਆਂ ਹੀ ਰਾਖ ਹੋ ਜਾਵੇਗਾ।

ਸੋ ਦੇਵਤਿਆਂ ਨੇ ਕਿਹਾ, ''ਜਨਮ ਲੈਂਦਿਆਂ ਹੀ ਸਭ ਕੁਝ ਜਾਣ ਲੈਣ ਵਾਲੇ ਅਗਨੀ ਦੇਵ, ਆਪ ਜਾ ਕੇ ਪਤਾ ਕਰੋ ਕਿ ਇਹ ਯਕਸ਼ ਕੌਣ ਹੈ?''

ਅਗਨੀ ਦੇਵ ਨੂੰ ਏਨਾ ਸੁਣਨ ਦੀ ਹੀ ਲੋੜ ਸੀ। ਉਨ੍ਹਾਂ ਨੇ ਜ਼ਰਾ ਵੀ ਸੋਚਿਆ ਵਿਚਾਰਿਆ ਨਾ, ਘੁਮੰਡ ਨਾਲ ਉਠੇ ਅਤੇ ਕੁਝ ਕੁਝ ਗ਼ਰੂਰ ਨਾਲ ਭਰੇ ਹੋਏ ਹੀ ਯਕਸ਼ ਪਾਸ ਜਾ ਧਮਕੇ। ਉਨ੍ਹਾਂ ਨੇ ਸੋਚਿਆ ਸੀ ਕਿ ਉਨ੍ਹਾਂ ਨੂੰ ਦੇਖਦਿਆਂ ਹੀ ਯਕਸ਼ ਦੇ ਹੋਸ਼ ਉਡ ਜਾਣਗੇ ਪਰ ਯਕਸ਼ ਉਤੇ ਕੋਈ ਅਸਰ ਨਾ ਹੋਇਆ। ਉਸ ਨੇ ਤਾਂ ਉਨ੍ਹਾਂ ਨੂੰ ਪਛਾਣਿਆਂ ਤਕ ਨਹੀਂ।

ਯਕਸ਼ ਨੇ ਪੁੱਛਿਆ, ''ਆਪ ਦਾ ਪਰਿਚੈ।''

ਅਗਨੀ ਨੇ ਬਾਹਰ ਦੀ ਅੱਗ ਨੂੰ ਸਮੇਟਦਿਆਂ ਅਤੇ ਅੰਦਰ ਦੀ ਅੱਗ ਨਾਲ ਝੁਲਸਦੇ ਹੋਇਆਂ ਸੋਚਿਆ, ਇਹ ਮੂਰਖ ਕੌਣ ਹੈ ਜੋ ਇਹ ਵੀ ਨਹੀਂ ਜਾਣਦਾ ਕਿ ਮੈਂ ਹੀ ਅਗਨੀ

*ਅਗਨੀਦੇਵ ਦੇ ਨਾਂਮਾਤਰ

ਹਾਂ। ਮੇਰੇ ਤੇਜ ਨਾਲ ਸਾਰਾ ਜਗਤ ਪ੍ਰਭਾਵਿਤ ਹੈ ਅਤੇ ਇਹ ਮੈਨੂੰ ਸਾਖਿਆਤ ਦੇਖ ਕੇ ਵੀ ਮੇਰਾ ਪਰਿਚੈ ਪੁੱਛ ਰਿਹਾ ਹੈ। ਦੂਤ ਦੇ ਕੰਮ ਦਾ ਲੰਮਾ ਅਨੁਭਵ ਹੋਣ ਕਰਕੇ ਸਾਫ਼ ਤਾਂ ਨਾ ਕਿਹਾ ਕਿ ਮੈਂ ਤੇਰੇ ਵਾਂਗੂ ਮੂਰਖ ਨਹੀਂ ਹਾਂ, ਪਰ ਰਾਜਨੀਤਿਕ ਭਾਸ਼ਾ ਵਿਚ ਬੇਨਤੀ ਕੀਤੀ, ''ਮੈਨੂੰ ਜਾਤਵੇਦਾ ਕਹਿੰਦੇ ਹਨ। ਸਾਰੀ ਦੁਨੀਆ ਮੇਰੇ ਨਾਂ ਅਤੇ ਰੂਪ ਤੋਂ ਵਾਕਿਫ਼ ਹੈ। ਹੈਰਾਨੀ ਦੀ ਗੱਲ ਹੈ ਕਿ ਆਪ ਨੂੰ ਮੇਰੇ ਬਾਰੇ ਕੁਝ ਵੀ ਪਤਾ ਨਹੀਂ।''

ਯਕਸ਼ ਨੇ ਕਿਹਾ, 'ਓ, ਤੁਸੀਂ ਅਗਨੀ ਦੇਵ ਹੋ। ਤੁਸੀਂ ਸਭ ਕੁਝ ਜਾਣਦੇ ਹੋ ਅਤੇ ਪੈਦਾ ਹੁੰਦਿਆਂ ਹੀ ਸਭ ਕੁਝ ਜਾਣ ਲੈਂਦੇ ਹੋ। ਇਕ ਮੈਂ ਮੂਰਖ ਜੋ ਏਨਾ ਵੱਡਾ ਹੋ ਗਿਆ ਅਤੇ ਆਪ ਵਰਗੀ ਵਿਲੱਖਣ ਹਸਤੀ ਦਾ ਨਾਂ ਤਕ ਨਹੀਂ ਜਾਣਦਾ। ਹੁਣ ਆਪ ਇਹ ਵੀ ਦੱਸ ਦਿਓ ਕਿ ਆਪ ਦੀ ਵਿਸ਼ੇਸ਼ਤਾ ਕੀ ਹੈ? ਆਪ ਦੀ ਉਹ ਤਾਕਤ ਕੀ ਹੈ ਜਿਸ ਕਾਰਣ ਸਾਰੀ ਦੁਨੀਆ ਆਪ ਨੂੰ ਜਾਣਦੀ ਹੈ?

ਅਗਨੀ ਨੇ ਕਿਹਾ, ''ਮੇਰੀ ਤਾਕਤ ਤਾਂ ਇਹ ਹੈ ਕਿ ਜੇ ਚਾਹਾਂ ਤਾਂ ਸਾਰੀ ਦੁਨੀਆ ਨੂੰ ਸਾੜ ਕੇ ਸੁਆਹ ਕਰ ਦਿਆਂ ਅਤੇ ਤੂੰ ਜੋ ਆਕੜ ਕੇ ਮੇਰੇ ਸਾਹਮਣੇ ਖੜੋਤਾ ਹੈਂ, ਤੇਰੀ ਤਾਂ ਸੁਆਹ ਦਾ ਵੀ ਪਤਾ ਨਹੀਂ ਲਗੇਗਾ।''

ਯਕਸ਼ ਨੇ ਅਗਨੀ ਦੇ ਸਾਹਮਣੇ ਇਕ ਸੁੱਕਾ ਤੀਲਾ ਰਖ ਦਿੱਤਾ। ਕਿਹਾ, ''ਪੂਰੀ ਦੁਨੀਆ ਨੂੰ ਸਾੜਨ ਦਾ ਕਸ਼ਟ ਆਪ ਕਿਉਂ ਕਰੋਗੇ, ਇਹ ਤੀਲਾ ਹੈ, ਇਸਨੂੰ ਹੀ ਸਾੜ ਦਿਓ; ਆਪ ਦੀ ਤਾਕਤ ਦਾ ਪ੍ਰਮਾਣ ਇਸ ਤੋਂ ਮਿਲ ਜਾਏਗਾ।''

ਹੁਣ ਅਗਨੀ ਦੇਵ ਨੇ ਉਸ ਤੀਲੇ ਨੂੰ ਭਸਮ ਕਰਨ ਦੇ ਇਰਾਦੇ ਨਾਲ ਉਸਨੂੰ ਛੋਹਿਆ। ਉਸ ਉਤੇ ਕੋਈ ਅਸਰ ਨਾ ਹੋਇਆ। ਦੁਨੀਆ ਵਿਚ ਕੁਝ ਅਜਿਹੇ ਵੀ ਪਦਾਰਥ ਹਨ ਜੋ ਮਾਮੂਲੀ ਅੱਗ ਨਾਲ ਨਹੀਂ ਸੜਦੇ। ਉਨ੍ਹਾਂ ਲਈ ਜ਼ਿਆਦਾ ਸਾੜ ਦੀ, ਅਧਿਕ ਤਾਪਮਾਨ ਦੀ ਲੋੜ ਹੁੰਦੀ ਹੈ, ਜਿਸ ਨਾਲ ਉਹ ਪੰਘਰਨ ਲਗਦੇ ਹਨ। ਅਗਨੀ ਨੇ ਆਪਣੀ ਪੂਰੀ ਸਾੜ-ਸ਼ਕਤੀ ਉਸ ਤੀਲੇ ਉਤੇ ਲਗਾ ਦਿੱਤੀ ਪਰ ਉਸ ਦਾ ਕੁਝ ਵੀ ਨਾ ਵਿਗੜਿਆ। ਅਗਨੀ ਨੂੰ ਹਾਰ ਮੰਨ ਕੇ ਵਾਪਿਸ ਆਉਣਾ ਪਿਆ।

ਅਗਨੀ ਨੂੰ ਮੂੰਹ ਲਟਕਾਈ ਆਉਂਦਿਆਂ ਵੇਖ ਕੇ ਵਾਯੂ ਦੇਵਤਾ ਬਹੁਤ ਪ੍ਰਸੰਨ ਸੀ। ਉਹ ਮੰਨਦਾ ਸੀ ਕਿ ਅਗਨੀ ਨੂੰ ਜੋ ਪ੍ਰਧਾਨਤਾ ਮਿਲੀ ਹੋਈ ਹੈ ਉਹ ਅਕਾਰਣ ਹੈ। ਉਸ ਬਗ਼ੈਰ ਤਾਂ ਅੱਗ ਬਲ ਵੀ ਨਹੀਂ ਸਕਦੀ। ਉਸ ਦੀ ਸ਼ਕਤੀ ਨੂੰ ਸਮਝੇ ਬਿਨਾਂ ਦੇਵਗਣ ਅਗਨੀ ਨੂੰ ਪ੍ਰਧਾਨ ਮੰਨਦੇ ਹਨ। ਸੋਚਿਆ, ਮੈਨੂੰ ਸਮਾਂ ਮਿਲਿਆ ਹੈ ਤਾਂ ਵਿਖਾ ਦਿਆਂਗਾ ਕਿ ਮੇਰੀ ਸ਼ਕਤੀ ਕੀ ਹੈ? ਅਤੇ ਸਾਡੇ ਦੋਹਾਂ ਵਿਚੋਂ ਕੌਣ ਜ਼ਿਆਦਾ ਪੂਜਣ-ਯੋਗ ਹੈ? ਇਹ ਅਜਿਹਾ ਸੋਚ ਹੀ ਰਿਹਾ ਸੀ ਕਿ ਦੇਵਤਿਆਂ ਨੇ ਉਸ ਨੂੰ ਯਕਸ਼ ਕੋਲ ਜਾ ਕੇ ਉਨ੍ਹਾਂ ਦਾ ਪਰਿਚੈ ਪ੍ਰਾਪਤ ਕਰਨ ਦਾ ਭਾਰ ਸੌਂਪਣ ਦਾ ਫੈਸਲਾ ਕਰ ਲਿਆ। ਉਨ੍ਹਾਂ ਦੇ ਪ੍ਰਸਤਾਵ 'ਤੇ ਉਹ ਤੁਰਤ ਆਤਮ ਵਿਸ਼ਵਾਸ ਨਾਲ ਉਠਿਆ ਅਤੇ ਯਕਸ਼ ਦੇ ਸਾਹਮਣੇ ਪਹੁੰਚਿਆ।

ਯਕਸ਼ ਨੇ ਪ੍ਰਸ਼ਨ ਕੀਤਾ, ''ਆਪ ਕੌਣ ਹੋ, ਸ੍ਰੀਮਾਨ ਜੀ?''

ਵਾਯੂ ਨੂੰ ਵੀ ਉਹੀ ਹੈਰਾਨੀ ਹੋਈ। ਸਾਰਾ ਸੰਸਾਰ ਕੇਵਲ ਮੇਰੀ ਛੋਹ ਨਾਲ ਹੀ ਮੈਨੂੰ ਜਾਣ ਲੈਂਦਾ ਹੈ। ਮੇਰੇ ਬਿਨਾਂ ਲੋਕ ਘੁੱਟ ਕੇ ਮਰ ਜਾਂਦੇ ਹਨ ਅਤੇ ਇਹ ਮੇਰਾ ਨਾਂ ਤਕ ਨਹੀਂ

ਜਾਣਦਾ। ਵਾਯੂ ਦੇਵ ਤਾਂ ਸੁਭਾ ਤੋਂ ਕੁਝ ਚੰਚਲ ਵੀ ਹਨ ਅਤੇ ਆਪਣੀ ਕਾਹਲ ਕਰਕੇ ਜਿਥੇ ਵੀ ਜਾਂਦੇ ਹਨ ਉਥੇ ਕੋਈ ਨਾ ਕੋਈ ਅਨਰਥ ਕਰਕੇ ਹੀ ਮੁੜਦੇ ਹਨ, ਇਸ ਲਈ ਹੌਂਕਦੇ ਹੋਏ ਬੋਲੇ, "ਮੈਂ ਮਾਤਰਿਸ਼ਵਾ ਪਵਨ ਹਾਂ। ਸਾਰਾ ਸੰਸਾਰ ਮੇਰੇ ਪ੍ਰਤਾਪ ਨੂੰ ਜਾਣਦਾ ਹੈ। ਮੈਂ ਪਹਾੜਾਂ ਨੂੰ ਉਖਾੜ ਸੁੱਟਦਾ ਹਾਂ, ਜੰਗਲਾਂ ਨੂੰ ਤੋੜ ਕੇ ਰਖ ਦਿੰਦਾ ਹਾਂ। ਵਿਸ਼ਾਲ ਸਮੁੰਦਰਾਂ ਨੂੰ ਵੀ ਪਾਰ ਕਰ ਜਾਂਦਾ ਹਾਂ।"

ਯਕਸ਼ ਨੇ ਮੁੜ ਤੀਲੇ ਵਲ ਸੰਕੇਤ ਕਰ ਕੇ ਕਿਹਾ, "ਕਿਵੇਂ ਉਡਾਉਂਦੇ ਹੋ, ਇਸ ਦਾ ਨਮੂਨਾ ਤਾਂ ਵਿਖਾਓ।"

ਪਵਨ ਨੇ ਹਲਕੇ ਜਿਹੇ ਝੌਂਕੇ ਨਾਲ ਉਸਨੂੰ ਉਡਾਉਣਾ ਚਾਹਿਆ। ਤੀਲੇ ਦਾ ਕੁਝ ਵੀ ਨਾ ਵਿਗੜਿਆ। ਉਹ ਆਪਣਾ ਵੇਗ ਵਧਾਉਣ ਲੱਗੇ ਅਤੇ ਝਖੜ ਦਾ ਰੂਪ ਧਾਰ ਲਿਆ ਪਰ ਤੀਲਾ ਜਿਥੇ ਸੀ, ਉਥੇ ਹੀ ਰਿਹਾ। ਉਸ ਉਤੇ ਕੋਈ ਅਸਰ ਨਾ ਹੋਇਆ। ਵਾਯੂ ਬਹੁਤ ਸ਼ਰਮਿੰਦਾ ਹੋਇਆ। ਨੀਵੀਂ ਪਾਏ ਉਹ ਦੇਵਤਿਆਂ ਕੋਲ ਮੁੜ ਆਇਆ।

ਹੁਣ ਇਨ੍ਹਾਂ ਦੋ ਪ੍ਰਾਕਰਮੀ ਦੇਵਤਿਆਂ ਦੇ ਅਸਫਲ ਹੋਣ 'ਤੇ ਦੇਵਤਿਆਂ ਨੇ ਇੰਦਰ ਨੂੰ ਕਿਹਾ, "ਇਹ ਕੰਮ, ਆਪ ਨੂੰ ਛੱਡ ਕੇ ਦੂਜਾ ਹੋਰ ਕੋਈ ਨਹੀਂ ਕਰ ਸਕਦਾ। ਆਪ ਤਾਂ ਸਾਰੇ ਦੇਵਤਿਆਂ ਦੇ ਸਿਰਮੌਰ ਹੋ। ਆਪ ਲਈ ਕੁਝ ਵੀ ਅਸੰਭਵ ਤਾਂ ਹੈ ਨਹੀਂ। ਹੁਣ ਆਪ ਹੀ ਕ੍ਰਿਪਾ ਕਰੋ।"

ਇੰਦਰ ਦੇ ਹੰਕਾਰ ਦੀਆਂ ਤਾਂ ਕਹਾਣੀਆਂ ਪ੍ਰਚਲਿਤ ਹਨ। ਉਹ ਉਠੇ ਅਤੇ ਯਕਸ਼ ਵਲ ਵਧੇ ਪਰ ਕੀ ਦੇਖਦੇ ਹਨ ਕਿ ਯਕਸ਼ ਅੰਤਰ ਧਿਆਨ ਹੋ ਗਿਆ ਹੈ? ਉਸ ਤੋਂ ਪੁੱਛੇ ਕੀ ਤੇ ਜਵਾਬ ਕੀ ਲੈ ਕੇ ਆਵੇ ਦੇਵਤਿਆਂ ਕੋਲ। ਇੰਦਰ ਨੂੰ ਆਪਣੀ ਮਾਇਆਵੀ ਸ਼ਕਤੀ ਦਾ ਵੀ ਅਭਿਮਾਨ ਹੈ ਅਤੇ ਉਹ ਇਸ ਦੇ ਬਲ ਤੇ ਕਈ ਪ੍ਰਕਾਰ ਦੇ ਰੂਪ ਧਾਰਨ ਕਰ ਲੈਂਦੇ ਹਨ : "**ਇੰਦ੍ਰ: ਮਾਯਾਭਿ: ਪੁਰੁ ਰੂਪ ਈਯਤੇ**"। ਪਰ ਉਨ੍ਹਾਂ ਦੀ ਮਾਇਆ ਵੀ ਬੇਕਾਰ। ਉਹ ਜਿਥੇ ਸਨ ਉਥੇ ਹੀ ਖੜੋਤੇ ਰਹਿ ਗਏ। ਪਰ ਠੀਕ ਉਸ ਵੇਲੇ ਆਕਾਸ਼ ਤੋਂ ਇਕ ਇਸਤ੍ਰੀ ਪ੍ਰਗਟ ਹੋਈ। ਉਹ ਹਿਮਾਚਲ ਦੀ ਪੁੱਤਰੀ ਉਮਾ ਸੀ। ਇੰਦਰ ਉਸ ਕੋਲ ਪਹੁੰਚੇ ਅਤੇ ਪੁੱਛਿਆ ਕਿ ਆਪਣੇ ਪ੍ਰਗਟ ਹੋਣ ਤੋਂ ਪਹਿਲਾਂ ਇਥੇ ਜੋ ਮੌਜੂਦ ਸੀ, ਉਹ ਯਕਸ਼ ਕੌਣ ਸੀ?"

ਉਮਾ ਨੇ ਦੱਸਿਆ, "ਉਹ ਬ੍ਰਹਮ ਸੀ। ਉਸੇ ਦੀ ਸ਼ਕਤੀ ਨਾਲ ਤੁਸਾਂ ਦੇਵਤਿਆਂ ਨੇ ਅਸੁਰਾਂ ਉਤੇ ਜਿੱਤ ਪ੍ਰਾਪਤ ਕੀਤੀ ਸੀ, ਪਰ ਗ਼ਫ਼ਲਤ ਕਰ ਕੇ ਇਹ ਮੰਨ ਬੈਠੇ ਸੀ ਕਿ ਇਹ ਜਿੱਤ ਤੁਸੀਂ ਆਪ ਪ੍ਰਾਪਤ ਕੀਤੀ ਹੈ। ਤੁਸੀਂ ਆਪਣੇ ਆਪ ਨੂੰ ਕਰਤਾ ਮੰਨ ਲਿਆ ਜਦ ਕਿ ਤੁਸੀਂ ਨਮਿਤ ਮਾਤਰ ਹੋ। ਉਹ ਜੇ ਆਪਣੀ ਸ਼ਕਤੀ ਵਾਪਸ ਲੈ ਲੈਣ ਤਾਂ ਤੁਹਾਡੇ ਪਰਮ ਸ਼ਕਤੀਸ਼ਾਲੀ ਅਗਨੀ ਅਤੇ ਪਵਨ ਦੀ ਜੋ ਦਸ਼ਾ ਹੋਈ ਹੈ, ਉਸ ਨੂੰ ਤੁਸੀਂ ਵੇਖ ਹੀ ਚੁੱਕੇ ਹੋ। ਉਨ੍ਹਾਂ ਦੀ ਸ਼ਕਤੀ ਦੀ ਉਸਨੇ ਸੀਮਾ ਦੱਸ ਕੇ ਉਨ੍ਹਾਂ ਦਾ ਹੰਕਾਰ ਤੋੜ ਦਿੱਤਾ, ਪਰ ਤੁਸੀਂ ਜੋ ਅਭਿਮਾਨ-ਵਸ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਠ ਮੰਨਣ ਲੱਗੇ ਸੀ, ਉਨ੍ਹਾਂ ਨੇ ਆਪ ਨਾਲ ਤਾਂ ਗੱਲ ਵੀ ਨਹੀਂ ਕੀਤੀ"।

---

*ਵਾਯੂ ਦਾ ਇਕ ਨਾਮਾਂਤਰ

ਪਰਮਾਤਮਾ ਨੇ ਸਾਰੇ ਦੇਵਤਿਆਂ ਵਿਚੋਂ ਅਗਨੀ, ਵਾਯੂ ਅਤੇ ਇੰਦਰ ਨੂੰ ਹੀ ਆਪਣੀਆਂ ਸੀਮਾਵਾਂ ਨੂੰ ਜਾਣਨ ਦਾ ਮੌਕਾ ਦਿੱਤਾ, ਉਹ ਹੀ ਉਸ ਦੇ ਦਰਸ਼ਨ ਕਰ ਸਕੇ ਤੇ ਉਸ ਦੀ ਮਹਿਮਾ ਨੂੰ ਜਾਣ ਸਕੇ। ਇਸ ਤਰ੍ਹਾਂ ਇਹ ਤਿੰਨੇ ਦੇਵਤੇ ਹੀ ਦੇਵਤਿਆਂ ਵਿਚੋਂ ਸ੍ਰੇਸ਼ਠ ਹਨ। ਇਨ੍ਹਾਂ ਵਿਚੋਂ ਹੀ ਇੰਦਰ ਸਾਰਿਆਂ ਤੋਂ ਵੱਡੇ ਹਨ ਕਿਉਂਕਿ ਅਗਨੀ ਅਤੇ ਵਾਯੂ ਨੂੰ ਤਾਂ ਬ੍ਰਹਮ ਦੀ ਸ਼ਕਤੀ ਦੇ ਦਰਸ਼ਨ ਹੋਏ ਜਦੋਂ ਕਿ ਇੰਦਰ ਨੂੰ ਤਾਂ ਉਮਾ ਨੇ ਸਪਸ਼ਟ ਰੂਪ ਵਿਚ ਦੱਸਿਆ ਵੀ ਕਿ ਉਹ ਕੌਣ ਸੀ ਅਤੇ ਉਸਦੀ ਮਹਿਮਾ ਨਾਲ ਹੀ ਸਾਰੇ ਦੇਵਤੇ ਮਹਾਨ ਅਤੇ ਉਸਦੀ ਸ਼ਕਤੀ ਨਾਲ ਹੀ ਸ਼ਕਤੀਮਾਨ ਹਨ।

ਪਰਮਾਤਮਾ ਬ੍ਰਹਮ ਆਪਣੀ ਮਹਿਮਾ ਨਾ ਤਾਂ ਹਮੇਸ਼ਾ ਪ੍ਰਗਟ ਕਰਦਾ ਰਹਿੰਦਾ ਹੈ, ਨਾ ਦੂਜਿਆਂ ਦੀਆਂ ਸੀਮਾਵਾਂ ਵਲ ਬਾਰ ਬਾਰ ਧਿਆਨ ਦਿਵਾਉਂਦਾ ਹੈ। ਸਾਰੇ ਇਹ ਮੰਨਦੇ ਹੋਏ ਆਪਣੇ ਆਪਣੇ ਕੰਮ ਕਰਦੇ ਰਹਿੰਦੇ ਹਨ ਕਿ ਉਹ ਜੋ ਕੁਝ ਵੀ ਕਰ ਰਹੇ ਹਨ ਆਪਣੇ ਨਿਰਣੈ, ਆਪਣੀ ਨਿਜੀ ਯੋਗਤਾ ਅਤੇ ਸ਼ਕਤੀ ਦੇ ਬਲ ਤੇ ਕਰ ਰਹੇ ਹਨ। ਬਸ ਕਦੀ ਕਦਾਈਂ ਹੀ ਬਿਜਲੀ ਦੀ ਛਿਣ-ਮਾਤਰ ਚਮਕ ਵਾਂਗ, ਪਲਕ ਝਮਕਾਉਣ ਦੀ ਤਰ੍ਹਾਂ, ਉਨ੍ਹਾਂ ਨੂੰ ਬ੍ਰਹਮ ਦੀ ਸ਼ਕਤੀ ਅਤੇ ਸਾਰੀਆਂ ਚੀਜ਼ਾਂ ਵਿਚ ਉਸ ਦੀ ਸੱਤਾ ਅਤੇ ਸਾਰੇ ਕਾਰਜਾਂ ਦੇ ਪ੍ਰੇਰਕ ਅਤੇ ਕਰਤਾ ਹੋਣ ਦਾ ਆਭਾਸ ਮਿਲ ਜਾਂਦਾ ਹੈ। ਜੇ ਉਨ੍ਹਾਂ ਨੇ ਇਸ ਸੰਕੇਤ ਨੂੰ ਗ੍ਰਹਿਣ ਕਰ ਲਿਆ ਤਾਂ ਉਨ੍ਹਾਂ ਦਾ ਜੀਵਨ ਬਦਲ ਜਾਂਦਾ ਹੈ, ਨਹੀਂ ਤਾਂ ਉਨ੍ਹਾਂ ਦਾ ਵਿਨਾਸ਼ ਨਿਸਚਿਤ ਹੈ। ਜੋ ਕੁਝ ਵੀ ਹੁੰਦਾ ਹੈ, ਇਥੋਂ ਤਕ ਕਿ ਉਸਦੀ ਸਰਬ-ਵਿਆਪਕਤਾ ਅਤੇ ਸਰਬਸ਼ਕਤੀਮਾਨਤਾ ਦਾ ਬੋਧ ਤਕ, ਸਾਡੀਆਂ ਇੱਛਾਵਾਂ ਅਤੇ ਵਿਚਾਰਾਂ ਦੀ ਅਗਵਾਈ ਤਕ, ਉਸ ਦੇ ਹੀ ਚਾਹੁਣ ਅਤੇ ਕਰਨ ਨਾਲ ਹੰਦਾ ਹੈ। 'ਸੋ ਜਾਨਹਿ ਜੇਹਿ ਦੇਇ ਜਨਾਈ।' ਇਹ ਬੋਧ ਕਿਸੇ ਨੂੰ ਛੋਟਾ ਨਹੀਂ ਬਣਾਉਂਦਾ ਸਗੋਂ ਉਸਦੀ ਮਹਿਮਾ ਨੂੰ ਵਧਾਉਂਦਾ ਹੀ ਹੈ। ਸਾਰਿਆਂ ਨੂੰ ਤਾਂ ਇਸ ਬੋਧ ਦਾ ਵੀ ਮੌਕਾ ਨਹੀਂ ਮਿਲਦਾ।

# ਜਾਤੀਆਂ ਦਾ ਝਮੇਲਾ

ਬ੍ਰਹਮਵਾਦੀ ਕਹਾਣੀਕਾਰਾਂ ਨਾਲ ਇਕ ਮੁਸ਼ਕਲ ਇਹ ਆਉਂਦੀ ਹੈ ਕਿ ਸ੍ਰੋਤੇ ਦਾ ਵਿਸ਼ਵਾਸ ਬਣਦੇ ਹੀ ਉਹ ਕਹਾਣੀ ਦੀ ਥਾਂ ਗਿਆਨ ਸੁਣਾਉਣਾ ਸ਼ੁਰੂ ਕਰ ਦਿੰਦੇ ਹਨ। ਗਿਆਨ ਉਨ੍ਹਾਂ ਲਈ ਇਕ ਅਜਿਹਾ ਘੋਲ ਸੀ ਜਿਸ ਵਿਚ ਪੈਂਦਿਆ ਹੀ ਵਿਅਕਤੀ ਵਿਚ ਕੁਝ ਅਜਿਹੀ ਰਾਸਾਇਣਿਕ ਤਬਦੀਲੀ ਹੋ ਜਾਂਦੀ ਸੀ ਕਿ ਉਹ ਉਹ ਨਹੀਂ ਸੀ ਰਹਿੰਦਾ, ਕੁਝ ਹੋਰ ਹੋ ਜਾਂਦਾ ਸੀ। ਮੋਟੇ ਤੌਰ ਤੇ ਇਹ ਗੱਲ ਅੱਜ ਵੀ ਸੱਚ ਹੈ, ਪਰ ਉਹ ਅਤਿਵਾਦ ਦੇ ਆਦੀ ਸਨ, ਇਸ ਲਈ ਲੋਕਾਂ ਨੂੰ ਸਮਝਾਉਂਦੇ ਸਨ ਕਿ ਜਾਣਨਾ ਹੀ ਹੋਣਾ ਹੈ। ਉਨ੍ਹਾਂ ਨੇ ਇਸਦਾ ਏਨਾ ਸ਼ੋਰ ਮਚਾਇਆ ਕਿ ਸੱਤ ਸਮੁੰਦਰੋਂ ਪਾਰ ਦਾ ਇਕ ਘੁੱਟ-ਗੁਜ਼ਰੇ ਜ਼ਮਾਨੇ ਦਾ ਮੁਨੀ ਵੀ ਉਨ੍ਹਾਂ ਦੇ ਸੁਰ ਵਿਚ ਸੁਰ ਮਿਲਾ ਕੇ ਗਾਉਣ ਲੱਗਾ ਕਿ ਸੋਚਣਾ ਹੀ ਹੋਣਾ ਹੈ, ਹੋਣ ਦਾ ਪ੍ਰਮਾਣ।

ਪਰ ਕਦੀ ਕਦੀ ਉਹ ਰੁਕ ਕੇ ਸੋਚਦੇ ਕਿ ਕਿਧਰੇ ਉਹ ਗ਼ਲਤ ਤਾਂ ਨਹੀਂ ਸੋਚ ਰਹੇ ਅਤੇ ਫਿਰ ਇਸ ਸਿੱਟੇ ਉਤੇ ਪਹੁੰਚ ਜਾਂਦੇ ਕਿ ਉਨ੍ਹਾਂ ਦਾ ਸੋਚਣਾ ਗ਼ਲਤ ਹੋ ਹੀ ਨਹੀਂ ਸਕਦਾ। ਮਧੂ-ਵਿਦਿਆ ਦਾ ਇਕ ਜਾਣਕਾਰ ਇਸ ਤਰ੍ਹਾਂ ਸੋਚ ਰਿਹਾ ਸੀ। ਉਸਦੇ ਮਨ ਵਿਚ ਸਵਾਲ ਉਠਿਆ ਕਿ ਲੋਕੀਂ ਕਹਿੰਦੇ ਹਨ ਕਿ ਜੋ ਬ੍ਰਹਮ-ਵਿਦਿਆ ਨੂੰ ਜਾਣ ਲਵੇਗਾ ਉਹ ਸਭ ਕੁਝ ਹੋ ਜਾਵੇਗਾ – **ਬ੍ਰਹਮਵਿਦਯਯਾ ਸਰਵੰ ਭਵਿਸ਼ਯੰਤਃ** — ਪਰ ਉਸ ਬ੍ਰਹਮ ਨੇ ਕੀ ਜਾਣਿਆ ਜੋ ਉਹ ਸਭ ਕੁਝ ਹੋ ਗਿਆ? ਸੋਚਦਿਆਂ ਸੋਚਦਿਆਂ ਉਸ ਨੂੰ ਇਕ ਜਵਾਬ ਸੁੱਝਿਆ। ਪਹਿਲਾਂ ਤਾਂ ਲੈ ਦੇ ਕੇ ਇਹ ਬ੍ਰਹਮ ਹੀ ਸੀ। ਜਾਣਨ ਵਾਲਾ ਵੀ ਉਹੀ, ਜਾਣੇ ਜਾਣ ਯੋਗ ਵੀ ਉਹੀ। ਜਾਣੇ ਬਿਨਾਂ ਕੁਝ ਹੋ ਹੀ ਨਹੀਂ ਸਕਦਾ, ਇਸ ਤਰ੍ਹਾਂ ਉਸਨੇ ਆਪਣੇ ਆਪ ਨੂੰ ਹੀ ਜਾਣਿਆਂ ਹੋਵੇਗਾ। ਜਾਣਨ ਦੇ ਨਾਂ ਤੇ ਹੋਰ ਹੈ ਵੀ ਕੀ ਸੀ? ਜੇ ਕੁਝ ਸੀ ਤਾਂ ਉਹ ਇਹ ਕਿ ਮੈਂ ਬ੍ਰਹਮ ਹਾਂ – **'ਅਹੰ ਬ੍ਰਹਮਾਸਿਮ'**। ਇਸ ਬ੍ਰਹਮ ਨੂੰ ਜਿਸ ਜਿਸ ਨੇ ਜਾਣਿਆ ਉਹ ਉਸੇ ਦਾ ਪ੍ਰਤਿ-ਰੂਪ ਹੋ ਗਿਆ, ਕਿਉਂਕਿ ਜਾਣਨਾ ਹੀ ਹੋਣਾ ਹੈ। ਬ੍ਰਹਮ ਨੂੰ ਜਾਣਨ ਵਾਲਾ ਬ੍ਰਹਮ ਹੋ ਜਾਂਦਾ ਹੈ। ਉਹੀ ਅਸੀਂ ਹਾਂ।

ਉਹ ਬ੍ਰਹਮ ਹੀ ਸਾਡੀ ਆਤਮਾ ਹੈ, ਇਹ ਮਤ ਸਭ ਤੋਂ ਪਹਿਲਾਂ ਰਿਸ਼ੀ ਵਾਮਦੇਵ ਨੇ ਪ੍ਰਚਲਿਤ ਕੀਤਾ। ਉਨ੍ਹਾਂ ਨੂੰ ਇਹ ਸੁਝਿਆ ਸੀ ਕਿ ਮੈਂ ਹੀ ਸੂਰਜ ਹੋਇਆ ਸਾਂ। ਮੈਂ ਹੀ ਮਨੂ ਹੋਇਆ ਸਾਂ। ਹੁਣ ਜੇ ਕੋਈ ਆਪਣੇ ਆਪ ਨੂੰ ਸੂਰਜ ਵੰਸ਼ ਦਾ ਅਤੇ ਮਨੂ ਦੇ ਵੰਸ਼ ਦਾ ਮੰਨਦਾ ਹੈ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਕਾਰਣ ਇਹ ਕਿ ਇਕ ਤਾਂ ਉਹ ਆਤਮਾ ਤੋਂ ਭਿੰਨ ਨਹੀਂ। ਉਸੇ ਬ੍ਰਹਮ ਤੋਂ ਸਭ ਦੀ ਉਤਪੱਤੀ ਹੋਈ ਹੈ; ਪਰ ਜੇ ਕੋਈ ਕਹਿੰਦਾ ਹੈ ਕਿ ਉਸਨੂੰ ਛੱਡ ਕੇ ਕੋਈ ਹੋਰ ਸੂਰਜਬੰਸੀ ਨਹੀਂ ਹੈ, ਮਨੂ ਦੀ ਸੰਤਾਨ ਨਹੀਂ

ਹੈ ਤਾਂ ਉਹ ਝੂਠ ਬੋਲਦਾ ਹੈ। ਜਾਂ ਕੀ ਪਤਾ ਸੱਚ ਹੀ ਬੋਲਦਾ ਹੋਵੇ। ਜੋ ਇਹ ਜਾਣਦੇ ਹੀ ਨਹੀਂ ਉਹ ਅਜਿਹਾ ਮੰਨ ਹੀ ਕਿਵੇਂ ਸਕਦੇ ਹਨ ਅਤੇ ਫਿਰ ਉਹੋ ਜਿਹਾ ਹੋ ਕਿਵੇਂ ਸਕਦਾ ਹੈ? ਪਰ ਜੋ ਜਾਣਦੇ ਅਤੇ ਮੰਨਦੇ ਹਨ ਉਹ ਤਾਂ ਸਭ ਕੁਝ ਹੋ ਹੀ ਜਾਂਦੇ ਹਨ। ਜੋ ਕੁਝ ਉਹ ਬ੍ਰਹਮ ਹੈ, ਉਹੀ ਉਹ ਸਭ। ਪਰ ਜੋ ਇਸ ਗੱਲ ਨੂੰ ਨਹੀਂ ਜਾਣਦੇ, ਜੋ ਇਹ ਨਹੀਂ ਮੰਨਦੇ ਕਿ ਮੇਰੇ ਤੋਂ ਕੁਝ ਭਿੰਨ ਹੈ ਅਤੇ ਇਸ ਰੂਪ ਵਿਚ ਉਸਦੀ ਉਪਾਸਨਾ ਕਰਦੇ ਹਨ, ਉਹ ਦੇਵਤਿਆਂ ਦੇ ਪਸ਼ੂ ਹਨ : ''**ਯਥਾ ਪਸ਼ੂ: ਏਵੰ ਸ ਦੇਵਾਨਾਮ**''। ਜਿਵੇਂ ਸੰਸਾਰ ਵਿਚ ਬਹੁਤ ਸਾਰੇ ਪਸ਼ੂ ਮਨੁੱਖਾਂ ਦਾ ਪਾਲਣ ਕਰਦੇ ਹਨ, ਉਸੇ ਤਰ੍ਹਾਂ ਇਹ ਦੇਵਤਿਆਂ ਦਾ ਪਾਲਣ ਕਰਦੇ ਹਨ। ਦੇਵਤੇ ਆਪ ਨਹੀਂ ਚਾਹੁੰਦੇ ਕਿ ਮਨੁੱਖ ਬ੍ਰਹਮ ਤੱਤ ਨੂੰ ਜਾਣਨ। ਕੌਣ ਚਾਹੇਗਾ ਕਿ ਉਸ ਦਾ ਪਸ਼ੂ ਬੰਧਨ ਤੁੜਾ ਕੇ ਭੱਜ ਜਾਵੇ ਅਤੇ ਉਸ ਤੋਂ ਉਸਨੂੰ ਜੋ ਖ਼ੁਰਾਕ ਮਿਲਦੀ ਹੈ, ਉਹ ਬੰਦ ਹੋ ਜਾਵੇ।

ਜੋ ਲੋਕ ਸੋਚਦੇ ਹਨ ਕਿ ਜਨਮ ਤੋਂ ਕੋਈ ਸ੍ਰੇਸ਼ਠ ਅਤੇ ਕੋਈ ਅਸ੍ਰੇਸ਼ਠ ਹੁੰਦਾ ਹੈ, ਉਹ ਕੁਝ ਸਮਝਦੇ ਹੀ ਨਹੀਂ। ਜਾਣਨ ਨਾਲ ਹੀ ਸਭ ਕੁਝ ਹੁੰਦਾ ਹੈ। ਬ੍ਰਹਮ ਨੂੰ ਜੋ ਆਪਣੇ ਤੋਂ ਭਿੰਨ ਨਹੀਂ ਮੰਨਦਾ ਉਹ ਬ੍ਰਾਹਮਣ ਹੈ। ਸੂਰਜ ਹੀ ਬ੍ਰਹਮ ਹੈ। ਸੂਰਜ ਤੋਂ ਜੋ ਆਪਣੇ ਆਪ ਨੂੰ ਅਭਿੰਨ ਮੰਨਦਾ ਹੈ ਉਹ ਕਸ਼ੱਤਰੀ ਹੈ ਅਤੇ ਜੋ ਭਿੰਨ ਮੰਨ ਕੇ ਉਪਾਸਨਾ ਕਰਦਾ ਹੈ, ਉਹ ਕੋਈ ਵੀ ਹੋਵੇ, ਉਹ ਦੇਵਤਿਆਂ ਦਾ ਪਸ਼ੂ ਅਤੇ ਮਨੁੱਖਾਂ ਵਿਚ ਸੂਦਰ ਹੈ।

ਜਾਤੀਆਂ ਕਿਵੇਂ ਪੈਦਾ ਹੋਈਆਂ? ਜੇ ਬ੍ਰਹਮ ਤੋਂ ਪੈਦਾ ਹੋਈਆਂ ਤਾਂ ਵੀ ਕਿਉਂ ਪੈਦਾ ਹੋਈਆਂ?

ਪਹਿਲਾਂ ਇਕੱਲਾ ਬ੍ਰਹਮ ਹੀ ਤਾਂ ਸੀ। ਇਕੱਲਾ ਹੋਣ ਕਾਰਣ ਉਹੀ ਸਭ ਕੁਝ ਸੀ। ਸਾਰੇ ਵਰਣ ਉਸੇ ਵਿਚ ਸਨ। ਜਾਤੀਆਂ ਦੀ ਕੋਈ ਵੰਡ ਨਹੀਂ ਸੀ। ਪਰ ਉਸ ਹਾਲਤ ਵਿਚ ਉਸ ਅਲੌਕਿਕ ਸ਼ਕਤੀ ਦਾ ਅਭਾਵ ਸੀ। ਉਹ ਪਾਲਣ ਆਦਿ ਕਸ਼ੱਤਰੀਆਂ ਨੂੰ ਸੋਭਣ ਕਰਮ ਕਰਨ ਦੇ ਸਮਰਥ ਨਹੀਂ ਸੀ। ਉਸਨੇ ਆਪਣੇ ਰੂਪ ਦਾ ਵਿਸਥਾਰ ਕਰ ਕੇ, ਫੈਲਾ ਕੇ, ਕਸ਼ੱਤਰੀਪਨ ਵਿਕਸਿਤ ਕਰ ਕੇ ਦੇਵਤਿਆਂ ਵਿਚ ਇੰਦਰ, ਵਰੁਣ, ਸੋਮ, ਰੁਦ੍ਰ, ਮੇਘ, ਯਮ, ਮਿਰਤੂ ਅਤੇ ਸੂਰਜ ਆਦਿ ਕਸ਼ੱਤਰੀ ਦੇਵਤਿਆਂ ਦੀ ਸ੍ਰਿਸ਼ਟੀ ਕੀਤੀ। ਇਸ ਲਈ ਕਸ਼ੱਤਰੀ ਤੋਂ ਸ੍ਰੇਸ਼ਠ ਕੋਈ ਨਹੀਂ ਹੈ। ਇਹੀ ਕਾਰਣ ਹੈ ਕਿ ਰਾਜਸੂਯ ਯੱਗ ਵਿਚ ਬ੍ਰਾਹਮਣ ਹੇਠਾਂ ਬੈਠ ਕੇ ਕਸ਼ੱਤਰੀਆਂ ਦੀ ਉਪਾਸਨਾ ਕਰਦਾ ਹੈ – '**ਕਸ਼ਤ੍ਰਾਤਪਰੰ ਨਾਸਤਿ। ਤਸਮਾਤ ਬ੍ਰਾਹਮਣ : ਕਸ਼ਤ੍ਰਿਯਾਮਧਸਤਾਤ ਉਪਾਸਤੇ ਰਾਜਸੂਯੇ।**' ਉਹ ਕਸ਼ੱਤਰੀ ਹੋ ਕੇ ਆਪਣੇ ਯਸ਼ ਨੂੰ ਧਾਰਣ ਕਰਦਾ ਹੈ। ਇਹ ਬ੍ਰਹਮ ਹੀ ਕਸ਼ੱਤਰੀ ਦੀ ਯੋਨੀ ਹੈ, ਕਿਉਂਕਿ ਇਸੇ ਨਾਲ ਕਸ਼ੱਤਰੀ ਦੀ ਉਤਪੱਤੀ ਹੋਈ – '**ਸ ਏਸ਼ ਕਸ਼ਤ੍ਰਸਜ ਯੋਨੀ? ਯਤ ਬ੍ਰਹਮ**'। ਅਤੇ ਜੋ ਕਸ਼ੱਤਰੀ ਬ੍ਰਾਹਮਣ ਦੀ ਹਿੰਸਾ ਕਰਦਾ ਹੈ, ਉਹ ਆਪਣੀ ਯੋਨੀ ਦਾ ਹੀ ਨਾਸ ਕਰਦਾ ਹੈ। ਆਪਣੀ ਹੀ ਜੜ੍ਹ ਪੁੱਟਦਾ ਹੈ।

ਉਹ ਹੁਣ ਵੀ ਅਲੌਕਿਕ ਕਰਮ ਕਰਨ ਦੇ ਸਮਰਥ ਨਾ ਹੋਇਆ। ਕਸ਼ੱਤਰੀ ਜਾਂ ਪ੍ਰਸਾਸਨ-ਤੰਤ੍ਰ ਦੇ ਵਿਕਸਿਤ ਹੋਣ 'ਤੇ ਰਾਹ ਅਤੇ ਘਰ ਬਾਹਰ ਸਾਰਿਆਂ ਦੀ ਸੁਰੱਖਿਆ, ਵਿਵਸਥਾ ਅਤੇ ਸ਼ਾਂਤੀ ਬਣਾਈ ਰਖ ਸਕਣ ਦੀ ਸ਼ਕਤੀ ਤਾਂ ਉਸ ਨੇ ਹਾਸਲ ਕਰ ਲਈ ਪਰ ਅਲੌਕਿਕਤਾ ਲਈ ਤਾਂ ਐਸ਼ਵਰਜ ਜ਼ਰੂਰੀ ਹੈ। ਉਹ ਵਪਾਰ ਤੋਂ ਹੀ ਸੰਭਵ ਹੈ, ਇਸ

ਲਈ ਉਸਨੇ ਵੈਸ਼ ਜਾਤੀ ਦੇ ਵਸੂ, ਰੁਦ੍ਰ, ਆਦਿਤ੍ਰਯ, ਵਿਸ਼ਵਦੇਵ ਅਤੇ ਮਾਰੁਤ ਆਦਿ ਦੇਵਤਿਆਂ ਦੀ ਸ੍ਰਿਸ਼ਟੀ ਕੀਤੀ। ਸ਼ਾਂਤੀ ਅਤੇ ਵਿਵਸਥਾ ਦੇ ਬਿਨਾਂ ਤਾਂ ਕੋਈ ਘਰ ਤੋਂ ਨਿਕਲ ਹੀ ਨਹੀਂ ਸਕਦਾ ਸੀ। ਇਸ ਲਈ ਕਸ਼ੱਤਰੀ ਤੋਂ ਪਹਿਲਾਂ ਵੈਸ਼ ਦੀ ਸ੍ਰਿਸ਼ਟੀ ਸੰਭਵ ਹੀ ਨਹੀਂ ਸੀ। ਕਾਰਣ ਇਹ ਕਿ ਜਦ ਸ਼ੁਰੂ ਵਿਚ ਵੰਡ-ਵੰਡਾਰੇ ਅਤੇ ਲੈਣ ਦੇਣ ਦੀ ਵਿਵਸਥਾ ਨਹੀਂ ਸੀ ਹੋਈ ਤਦ ਵਪਾਰ ਦਾ ਅਰਥ ਸੀ ਦੂਰੋਂ ਦੂਰੋਂ ਵਸਤੂਆਂ ਲਿਆ ਕੇ ਫੇਰੀ ਲਗਾ ਕੇ ਵੇਚਣਾ। ਸਥਾਨਿਕ ਉਤਪਾਦਨ ਲਈ ਕੋਈ ਬਾਣੀਏ ਦੀ ਦੁਕਾਨ 'ਤੇ ਨਹੀਂ ਜਾਂਦਾ। ਬਾਣੀਏ ਨੂੰ ਆਪਣੀਆਂ ਲੋੜੀਂਦੀਆਂ ਚੀਜ਼ਾਂ ਭਾਵੇਂ ਨੇੜੇ ਦੇ ਹੀ ਕੇਂਦਰ ਤੋਂ ਮਿਲ ਜਾਂਦੀਆਂ ਹੋਣ ਪਰ ਇਨ੍ਹਾਂ ਦਾ ਪੈਦਾ ਹੋਣ ਦੀ ਮੂਲ ਥਾਂ ਅਥਵਾ ਮੰਡੀ ਦੂਰ ਹੀ ਹੁੰਦੀ ਹੈ। ਅਤੇ ਕਿਉਂਕਿ ਵਪਾਰੀ ਵੀ ਦਲ ਬਣਾ ਕੇ ਵਪਾਰ ਲਈ ਨਿਕਲਦੇ ਸਨ, ਇਸ ਲਈ ਉਹ ਦੇਵਤੇ ਵੀ ਗਣਾਂ (ਸਮੂਹ) ਵਿਚ ਹੀ ਵਿਚਰਦੇ ਹਨ।

ਅਲੌਕਿਕ ਸ਼ਕਤੀ ਵਾਲੇ ਕਰਮ ਕਰਨ ਦੀ ਸਮਰਥਾ ਉਸ ਵਿਚ ਇਸ ਤੋਂ ਬਾਅਦ ਵੀ ਨਹੀਂ ਆਈ। ਵਣਜ ਵਪਾਰ ਲਈ ਤਾਂ ਵਾਧੂ ਉਤਪਾਦਨ ਚਾਹੀਦਾ ਹੈ। ਸਥਾਨਿਕ ਸ਼ਿਲਪ ਅਤੇ ਉੱਦਮਾਂ ਦਾ ਵਿਕਾਸ ਚਾਹੀਦਾ ਹੈ ਅਤੇ ਇਸ ਲਈ ਸਿਖਿਅਤ ਅਤੇ ਗ਼ੈਰ-ਸਿਖਿਅਤ ਮਿਹਨਤ-ਕਸ਼ਾਂ ਦੀ ਸੈਨਾ ਚਾਹੀਦਾ ਹੈ। ਇਸ ਲਈ ਉਸਨੇ ਸ਼ੂਦਰ ਵਰਣ ਦੇ ਦੇਵਤਾ 'ਪੂਸ਼ਾ' ਦੀ ਸ੍ਰਿਸ਼ਟੀ ਕੀਤੀ। ਜੋ ਕੁਝ ਵੀ ਹੈ ਉਸਦਾ ਪੋਸ਼ਣ ਇਹ ਪੂਸ਼ਾ ਹੀ ਕਰਦੇ ਹਨ। ਪੂਸ਼ਾ ਵੀ ਸੂਰਜ ਦੇ ਹੀ ਰੂਪ ਹਨ ਪਰ ਪੋਸ਼ਣ ਕਰਨ ਵਾਲੇ। ਇਹ ਧਰਤੀ ਆਪ ਵੀ ਪੂਸ਼ਾ ਹੈ, ਕਿਉਂਕਿ ਇਹੀ ਸਾਰਿਆਂ ਦਾ ਪੋਸ਼ਣ ਕਰਦੀ ਹੈ। ਪਸ਼ੂ ਵੀ ਪੂਸ਼ਾ ਹਨ। ਉਹ ਵੀ ਸਾਰਿਆਂ ਦਾ ਪੋਸ਼ਣ ਕਰਦੇ ਹਨ।

ਪਰ ਐਸ਼ਵਰਜ ਤਾਂ ਹੀ ਆ ਸਕਦਾ ਹੈ ਜਦੋਂ ਨਿਆਂ ਅਤੇ ਸੱਚ ਦਾ ਪਾਲਣ ਹੋਵੇ। ਸਾਰਿਆਂ ਨੂੰ ਬਰਾਬਰ ਅਤੇ ਉਚਿਤ ਫਲ ਮਿਲ ਸਕੇ। ਇਸ ਦਾ ਮੂਲ ਸੱਚ ਅਤੇ ਧਰਮ ਹੈ। ਇਸ ਤਰ੍ਹਾਂ ਕਸ਼ੱਤਰੀ ਨੂੰ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ। ਇਸੇ ਨਾਲ ਰਾਸ਼ਟਰ ਮਜ਼ਬੂਤ ਹੁੰਦਾ ਹੈ ਅਤੇ ਰਾਜੇ ਵਿਚ ਸ਼ਕਤੀਸ਼ਾਲੀ ਦੁਸ਼ਮਣਾਂ ਨੂੰ ਵੀ ਜਿਤਣ ਦੀ ਸ਼ਕਤੀ ਆ ਜਾਂਦੀ ਹੈ।

ਤਾਂ ਇਹ ਹਨ ਚਾਰੇ ਵਰਣ। ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ। ਇਨ੍ਹਾਂ ਸਾਰਿਆਂ ਵਿਚ ਇਕ ਹੀ ਬ੍ਰਹਮ ਬਿਰਾਜਮਾਨ ਹੈ। ਇਹੀ ਬ੍ਰਹਮ ਅਗਨੀ ਰੂਪ ਵਿਚ ਦੇਵਤਿਆਂ ਵਿਚ ਬ੍ਰਾਹਮਣ ਹੋਇਆ ਅਤੇ ਮਨੁੱਖਾਂ ਵਿਚ ਬ੍ਰਾਹਮਣ ਰੂਪ ਵਿਚ ਬ੍ਰਾਹਮਣ, ਕਸ਼ੱਤਰੀ ਰੂਪ ਵਿਚ ਕਸ਼ੱਤਰੀ, ਵੈਸ਼ ਰੂਪ ਵਿਚ ਵੈਸ਼ ਅਤੇ ਸ਼ੂਦਰ ਰੂਪ ਵਿਚ ਸ਼ੂਦਰ।

**'ਤਤ ਅਗਿਨਨਾ ਏਵ ਦੇਵੇਸ਼ੁ ਬ੍ਰਹਮ ਅਭਵਤ ਬ੍ਰਾਹਮਣੋ ਮਨੁਸ਼ਯੇਸ਼ੁ ਕਸ਼ਤ੍ਰਿਯੇਣ' ਕਸ਼ਤ੍ਰਿਯ:, ਵੈਸਯੇਨ ਵੈਸ਼ਯ; ਸ਼ੂਦ੍ਰੇਣ ਸ਼ੂਦ੍ਰ:**। ਇਸ ਲਈ ਜੇ ਕਿਸੇ ਕਰਮ ਫਲ ਦੀ ਇੱਛਾ ਹੈ ਤਾਂ ਉਹ ਇਨ੍ਹਾਂ ਦੇ ਮਾਧਿਅਮ ਨਾਲ ਹੀ ਸੰਭਵ ਹੈ। ਦੇਵਤਿਆਂ ਵਿਚ ਅਗਨੀ ਅਤੇ ਮਨੁੱਖਾਂ ਵਿਚ ਬ੍ਰਾਹਮਣ। ਅਗਨੀ ਵਿਚ ਜੋ ਆਹੂਤੀ ਪਾਈ ਜਾਂਦੀ ਹੈ ਉਹ ਸਿੱਧੀ ਦੇਵਤਿਆਂ ਅਤੇ ਪਿਤਰਾਂ ਨੂੰ ਪਹੁੰਚਦੀ ਹੈ ਅਤੇ ਬ੍ਰਾਹਮਣ ਨੂੰ ਜੋ ਖੁਆਇਆ ਪਿਆਇਆ ਜਾਂਦਾ ਹੈ ਉਹ ਵੀ ਦੇਵਤਿਆਂ ਅਤੇ ਪਿਤਰਾਂ ਨੂੰ ਪਹੁੰਚਦਾ ਹੈ।

ਇਕ ਰਾਜ਼ ਦੀ ਗੱਲ ਇਹ ਵੀ ਹੈ ਕਿ ਜੋ ਮਨੁੱਖ ਆਤਮਲੋਕ ਦਾ ਦਰਸ਼ਨ ਕੀਤੇ

ਬਿਨਾਂ ਹੀ ਇਸ ਸੰਸਾਰ ਤੋਂ ਚਲਾ ਜਾਂਦਾ ਹੈ ਉਹ ਸੋਗ ਅਤੇ ਮੋਹ ਤੋਂ ਖ਼ਲਾਸ ਨਹੀਂ ਹੋ ਸਕਦਾ। ਉਸਦਾ ਇਹ ਜੀਵਨ ਕੁਝ ਉਸ ਤਰ੍ਹਾਂ ਬੇਕਾਰ ਹੈ ਜਿਵੇਂ ਵੇਦ ਦਾ ਅਜਿਹਾ ਪਾਠ ਜਿਸਦਾ ਰਹੱਸ ਨਾ ਸਮਝਿਆ ਗਿਆ ਹੋਵੇ ਜਾਂ ਕੋਈ ਅਜਿਹਾ ਕਰਮ ਜਿਸਦਾ ਅਨੁਸ਼ਠਾਨ ਨਾ ਕੀਤਾ ਗਿਆ ਹੋਵੇ। ਇਸ ਤਰ੍ਹਾਂ ਮਨੁੱਖ ਨੂੰ ਆਤਮਲੋਕ ਦੀ ਹੀ ਉਪਾਸਨਾ ਕਰਨੀ ਚਾਹੀਦੀ ਹੈ। ਆਪਣੇ ਸਰੂਪ ਨੂੰ ਜਾਣਨਾ ਚਾਹੀਦਾ ਹੈ। ਉਹ ਹੈ ਇਹ ਬੋਧ ਕਿ ਸੰਸਾਰ ਵਿਚ ਉਹ ਕੋਈ ਕਰਮ ਕਿਉਂ ਨਾ ਕਰ ਰਿਹਾ ਹੋਵੇ, ਉਹ ਹੈ ਬ੍ਰਹਮ ਦਾ ਪ੍ਰਤਿਰੂਪ ਹੀ।

ਰਹੱਸ ਦੀ ਇਕ ਹੋਰ ਗੱਲ ਇਹ ਹੈ ਕਿ ਇਹ ਆਤਮਾ ਹੀ ਸਾਰੇ ਜੀਵਾਂ ਦਾ ਲੋਕ ਹੈ। ਇਸ ਨਾਲ ਹੀ ਭਿੰਨ ਭਿੰਨ ਕਰਮ ਭਿੰਨ ਭਿੰਨ ਲੋਕਾਂ ਨੂੰ ਅਤੇ ਵੱਖ ਵੱਖ ਪ੍ਰਾਣੀਆਂ ਅਤੇ ਜੀਵ ਜੰਤੂਆਂ ਨੂੰ ਪਹੁੰਚਦੇ ਹਨ। ਉਸੇ ਵਿਚ ਇਨ੍ਹਾਂ ਸਾਰਿਆਂ ਦਾ ਨਿਵਾਸ ਹੈ। ਇਹ ਕੁਝ ਇਸ ਤਰ੍ਹਾਂ ਦੀ ਸਥਿਤੀ ਹੈ ਜਿਵੇਂ ਜਿਸ ਘਰ ਨੂੰ ਅਸੀਂ ਆਪਣਾ ਸਮਝਦੇ ਹਾਂ ਉਸੇ ਵਿਚ ਕੁੱਤੇ, ਬਿੱਲੀ, ਪੰਛੀ, ਕੀਟ-ਪਤੰਗ ਅਤੇ ਕੀੜੀਆਂ ਆਦਿ ਦਾ ਵੀ ਨਿਵਾਸ਼ ਹੁੰਦਾ ਹੈ। ਅਤੇ ਉਹ ਇਸਨੂੰ ਆਪਣਾ ਹੀ ਘਰ ਸਮਝਦੇ ਹਨ — **ਯਤ੍ਰ ਅਸਯ ਗ੍ਰਿਹੇਸ਼ੁ ਸ੍ਵਾਪਦਾ ਵਯਾਂਸਿ ਪਿਪੀਲਿਕਾਭਯ ਉਪਜੀਵੰਤਿ ਤੇਨ ਤੇਸ਼ਾਂ ਲੋਕੋ**। ਇਸ ਲਈ ਮਨੁੱਖ ਨੂੰ ਸਾਰੇ ਜੀਵਾਂ ਪ੍ਰਤਿ ਮਿੱਤਰ ਭਾਵ ਰੱਖਣਾ ਚਾਹੀਦਾ ਹੈ। ਜਿਵੇਂ ਉਹ ਇਸ ਗੱਲ ਦਾ ਯਤਨ ਕਰਦਾ ਹੈ ਕਿ ਉਸਦੇ ਆਪਣੇ ਲੋਕ ਦੀ ਹਾਨੀ ਨਾ ਹੋਵੇ, ਉਸੇ ਤਰ੍ਹਾਂ ਉਸਨੂੰ ਇਸ ਗੱਲ ਦਾ ਯਤਨ ਕਰਨਾ ਚਾਹੀਦਾ ਹੈ ਕਿ ਕਿਸੇ ਵੀ ਜੀਵ ਦਾ ਨਾਸ਼ ਨਾ ਹੋਵੇ। ਅਜਿਹੀ ਸਥਿਤੀ ਵਿਚ ਦੂਜੇ ਸਾਰੇ ਪ੍ਰਾਣੀ ਵੀ ਇਸ ਗੱਲ ਦਾ ਧਿਆਨ ਰਖਣਗੇ ਕਿ ਉਨ੍ਹਾਂ ਦੀ ਹਾਨੀ ਵੀ ਨਾ ਹੋਵੇ – **ਯਥਾ ਹ ਵੈ ਸਵਾਯ ਲੋਕਾਯ ਅਰਿਸ਼ਿੰਟ ਇੱਛੇਤ ਏਵੰ ਹ ਏਵੰ ਵਿਦੇ ਸਰਵਾਣਿ ਭੂਤਾਨਿ ਅਰਿਸ਼ਿੰਟ ਇਚਛੰਤਿ**'।

# ਹਿਰਣਯਸ਼੍ਰਿੰਗਾ ਗਊਆਂ ਅਤੇ ਬ੍ਰਹਮ

ਰਾਜਾ ਜਨਕ ਕੋਲ ਸ਼ਾਇਦ ਗਊਆਂ ਜ਼ਿਆਦਾ ਸਨ। ਗੰਗਾ ਅਤੇ ਨਾਰਾਯਣੀ ਦੀ ਘਾਟੀ ਵਿਚ ਚਰਾਂਦਾਂ ਦੀ ਥੁੜ ਤਾਂ ਨਹੀਂ ਸੀ। ਗਊਆਂ ਦੀ ਗਿਣਤੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੁੰਦਾ ਰਹਿੰਦਾ ਸੀ। ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਇਨ੍ਹਾਂ ਲਈ ਚਰਾਂਦਾਂ ਦਾ ਪ੍ਰਬੰਧ ਕਿਸ ਤਰ੍ਹਾਂ ਕੀਤਾ ਜਾਵੇ। ਜੀਵ ਵਧ ਸਕਦੇ ਸਨ ਪਰ ਉਨ੍ਹਾਂ ਦੇ ਰਾਜ ਦੀ ਧਰਤੀ ਜਿੰਨੀ ਸੀ, ਓਨੀ ਹੀ ਰਹਿਣੀ ਸੀ। ਯੁੱਧ-ਪ੍ਰੇਮੀ ਹੁੰਦੇ ਤਾਂ ਗੁਆਂਢੀ ਰਾਜਾਂ 'ਤੇ ਹਮਲਾ ਕਰਕੇ ਉਨ੍ਹਾਂ ਦੀ ਧਰਤੀ ਜਿੱਤ ਕੇ ਉਸਨੂੰ ਆਪਣੀਆਂ ਗਊਆਂ ਲਈ ਚਰਾਂਦਾਂ ਬਣਾ ਦਿੰਦੇ। ਯੁੱਧ ਉਨ੍ਹਾਂ ਨੂੰ ਪਸੰਦ ਨਹੀਂ ਸੀ। ਗੁਆਂਢੀ ਰਾਜਾਂ 'ਤੇ ਹਮਲਾ ਕਰਨ ਦਾ ਓਨਾ ਲਾਭ ਵੀ ਨਹੀਂ ਸੀ। ਸੀਮਾਵਰਤੀ ਖੇਤਰ ਦੇ ਬਾਹਰ ਧਾਵਾ ਬੋਲ ਕੇ ਤਾਂ ਉਨ੍ਹਾਂ ਦੇ ਰਾਜ ਦੀਆਂ ਗਊਆਂ ਹੀ ਖੇਤ ਖਲਵਾੜੇ ਸਾਫ਼ ਕਰ ਆਉਂਦੀਆਂ ਸਨ। ਇਸ ਲਈ ਉਨ੍ਹਾਂ ਨੇ ਇਕ ਅਜੀਬ ਤਰਕੀਬ ਕੱਢੀ। ਗਊਆਂ ਦੀ ਗਿਣਤੀ ਜ਼ਿਆਦਾ ਹੋ ਜਾਂਦੀ ਤਾਂ ਕੋਈ ਸੈਮੀਨਾਰ ਕਰ ਲੈਂਦੇ। ਇਸ ਨੂੰ ਉਹ ਯੱਗ ਕਿਹਾ ਕਰਦੇ ਸਨ ਕਿਉਂਕਿ 'ਸੈਮੀਨਾਰ' ਸ਼ਬਦ ਤੋਂ ਉਸ ਸਮੇਂ ਭਾਰਤ ਦੇਸ਼ ਦਾ ਕੋਈ ਵੀ ਵਿਅਕਤੀ ਜਾਣੂ ਨਹੀਂ ਸੀ, ਮਿਥਿਲਾ ਦਾ ਤਾਂ ਹੋ ਹੀ ਨਹੀਂ ਸੀ ਸਕਦਾ। ਪਰ ਇਸ ਯੱਗ ਦੇ ਸਾਰੇ ਵਿਧਾਨ ਬੜੇ ਬੇਤੁਕੇ ਸਨ। ਇਸ ਵਿਚ ਉਹ ਦੂਰ ਦੁਰਾਡੇ ਰਾਜਾਂ ਦੇ ਅਜਿਹੇ ਵਿਦਵਾਨ ਬੁਲਾਉਂਦੇ, ਜਿਨ੍ਹਾਂ ਨੂੰ ਉਨ੍ਹਾਂ ਦੇ ਮੰਤਵਾਂ ਦਾ ਪਤਾ ਹੀ ਨਹੀਂ ਸੀ ਹੁੰਦਾ। ਉਨ੍ਹਾਂ ਨੂੰ ਉਹ ਕਿਸੇ ਪ੍ਰਸ਼ਨ ਵਿਚ ਉਲਝਾ ਕੇ ਜੋ ਵੀ ਉੱਤਰ ਮਿਲਦਾ, ਉਸ ਤੋਂ ਖੁਸ਼ ਹੋ ਕੇ, ਹਜ਼ਾਰ-ਦੋ-ਹਜ਼ਾਰ ਗਊਆਂ ਇਕੱਠੀਆਂ ਹੀ ਦਾਨ ਦੇ ਦਿੰਦੇ। ਹੁਣ ਉਹ ਗਊਆਂ ਉਨ੍ਹਾਂ ਵਿਦਵਾਨਾਂ ਦੇ ਨਾਲ ਉਨ੍ਹਾਂ ਦੇ ਦੇਸ਼ਾਂ ਵਿਚ ਪਹੁੰਚ ਕੇ ਚਰਨਾ ਅਤੇ ਸਿੰਗ ਮਾਰਨਾ ਸ਼ੁਰੂ ਕਰ ਦਿੰਦੀਆਂ। ਕੁਝ ਲੋਕਾਂ ਦਾ ਵਿਚਾਰ ਇਹ ਹੈ ਕਿ ਉਥੇ ਪਹੁੰਚ ਕੇ ਉਹ ਦੁੱਧ ਅਤੇ ਵੱਛੇ ਵੀ ਦਿੰਦੀਆਂ ਰਹੀਆਂ ਹੋਣਗੀਆਂ। ਅਸੀਂ ਇਸ ਨੂੰ ਅੱਧਾ ਸੱਚ ਅਤੇ ਅੱਧਾ ਸੱਚਾ-ਜਿਹਾ ਹੀ ਮੰਨ ਸਕਦੇ ਹਾਂ। ਵੱਛੇ ਦੇਣ ਲਈ ਉਹ ਨੈਤਿਕ ਦ੍ਰਿਸ਼ਟੀ ਤੋਂ ਪ੍ਰਤਿਬੱਧਤ ਨਹੀਂ ਸਨ। ਉਨ੍ਹਾਂ ਨੂੰ ਵੱਛੀਆਂ ਦੇਣ ਦਾ ਵੀ ਉਤਨਾ ਹੀ ਅਧਿਕਾਰ ਸੀ। ਅਜਿਹਾ ਕਰਨਾ ਉਨ੍ਹਾਂ ਦਾ ਕਰੱਤਵ ਵੀ ਸੀ। ਇਸ ਬਗ਼ੈਰ ਉਹ ਆਪਣੇ ਭਵਿੱਖ ਦੀ ਹੋਂਦ ਦੀ ਰਖਿਆ ਨਹੀਂ ਕਰ ਸਕਦੀਆਂ ਸਨ। ਪੁਰਸ਼ ਪ੍ਰਧਾਨ ਚਿੰਤਨ ਕਰਕੇ ਇਸ ਵਲ ਧਿਆਨ ਹੀ ਨਹੀਂ ਦਿੱਤਾ ਗਿਆ।

ਜਿਥੋਂ ਤਕ ਦੁੱਧ ਦਾ ਸਵਾਲ ਹੈ, ਇਸ ਗੱਲ ਦੀ ਕਲਪਨਾ ਕਰਦਿਆਂ ਵੀ ਡਰ ਲਗਦਾ ਹੈ ਕਿ ਜਿਨ੍ਹਾਂ ਵਿਦਵਾਨਾਂ ਨੂੰ ਇਹ ਹਜ਼ਾਰ ਗਊਆਂ ਮਿਲਦੀਆਂ ਰਹੀਆਂ ਹੋਣਗੀਆਂ ਉਹ ਦਿਨ ਰਾਤ ਦੁੱਧ ਹੀ ਚੋਂਦੇ ਰਹੇ ਹੋਣਗੇ। ਇਕ ਹਜ਼ਾਰ ਗਊਆਂ ਦੀ ਧਾਰ ਕੱਢਣਾ ਕੋਈ

ਮਜ਼ਾਕ ਨਹੀਂ ਹੈ ਅਤੇ ਸਾਡੇ ਰਿਸ਼ੀ ਲੋਕ ਸੋਚਾਂ ਸੋਚਣ ਵਿਚ ਏਨੇ ਮਗਨ ਰਹਿੰਦੇ ਸਨ ਕਿ ਇਹ ਕੰਮ ਉਨ੍ਹਾਂ ਨੂੰ ਕਰਨਾ ਵੀ ਹੁੰਦਾ ਤਾਂ ਦੁਧਾਰੂ ਦੀ ਥਾਂ ਸੁੱਕੀ ਗਊ ਦੇ ਥਣ ਹੇਠਾਂ ਜਾ ਬੈਠਦੇ ਅਤੇ ਆਪਣੇ ਹੱਥ ਪੈਰ ਤੁੜਵਾ ਲੈਂਦੇ। ਇਸ ਤੋਂ ਇਹ ਸਾਬਿਤ ਹੋ ਚੁਕਾ ਹੋਵੇਗਾ ਕਿ ਦੁੱਧ ਗਊਆਂ ਦੇ ਵਛੜਿਆਂ ਦੇ ਪੀਣ ਲਈ ਛੱਡ ਦਿੱਤਾ ਜਾਂਦਾ ਰਿਹਾ ਹੋਵੇਗਾ।

ਰਾਜਾ ਜਨਕ ਦੀ ਚਾਲਾਕੀ ਪਹਿਲਾਂ ਤਾਂ ਕਿਸੇ ਨੂੰ ਸਮਝ ਨਾ ਆਈ ਪਰ ਜਦੋਂ ਆਈ ਤਾਂ ਉਨ੍ਹਾਂ ਨੇ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ। ਕਿਹਾ, "ਮਹਾਰਾਜ, ਆਪ ਆਪਣੇ ਗਊ-ਚਕ੍ਰ ਨੂੰ ਚਲਾਉਣ ਨਾਲ ਜੋ ਵਿਸ਼ਵ-ਵਿਜੈ ਕਰਦੇ ਜਾ ਰਹੇ ਹੋ ਉਸ ਤੇ ਸਾਨੂੰ ਇਤਰਾਜ਼ ਹੈ। ਅਸੀਂ ਹੁਣ ਗਊਆਂ ਤਾਂ ਲਵਾਂਗੇ ਜੇ ਆਪ ਉਨ੍ਹਾਂ ਦੇ ਸਿੰਗਾਂ ਉਤੇ ਦਸ ਦਸ ਤੋਲੇ ਸੋਨਾ ਮੜ੍ਹਾ ਕੇ ਦਿਉਗੇ।"

ਜਨਕ ਕੋਲ ਸੋਨੇ ਦੀ ਥੁੜ ਵੀ ਨਹੀਂ ਸੀ। ਗੰਗਾ ਦੇ ਮਾਰਗ ਦੁਆਰਾ ਜੋ ਵਪਾਰ ਦੂਰ ਦੁਰਾਡੇ ਦੇਸ਼ਾਂ ਨਾਲ ਹੁੰਦਾ ਸੀ, ਉਸ ਤੋਂ ਕਰ ਰੂਪ ਵਿਚ ਸੋਨਾ ਵੀ ਕਾਫ਼ੀ ਮਿਲ ਜਾਂਦਾ ਸੀ। ਦੂਜਾ ਕੋਈ ਚਾਰਾ ਨਾ ਦੇਖ ਕੇ ਉਨ੍ਹਾਂ ਨੇ ਉਹ ਸ਼ਰਤ ਵੀ ਮੰਨ ਲਈ ਸੀ।

ਅਜਿਹੇ ਹੀ ਇਕ ਸੈਮੀਨਾਰ ਵਿਚ ਉਨ੍ਹਾਂ ਨੇ ਕੁਰੂ ਅਤੇ ਪੰਚਾਲ ਦੇਸ਼ਾਂ ਦੇ ਬ੍ਰਾਹਮਣਾਂ ਨੂੰ ਬੁਲਵਾਇਆ। ਗਊਆਂ ਦੇ ਸਿੰਗਾਂ ਉਤੇ ਦਸ ਦਸ ਤੋਲੇ ਸੋਨਾ ਵੀ ਮੜ੍ਹਵਾ ਦਿੱਤਾ। ਵਿਦਵਾਨ ਦੂਰੋਂ ਦੂਰੋਂ ਆਏ ਸਨ, ਇਸ ਲਈ ਉਨ੍ਹਾਂ ਦੀ ਯੋਗਤਾ ਦੇ ਵਿਸ਼ੇ ਬਾਰੇ ਜਨਕ ਨੂੰ ਸੁਣਿਆ ਸੁਣਾਇਆ ਗਿਆਨ ਸੀ। ਸੋਚਿਆ, ਕੋਈ ਟੇਢਾ ਪ੍ਰਸ਼ਨ ਕਰ ਦਿਆਂ ਤਾਂ ਪਤਾ ਨਹੀਂ ਇਨ੍ਹਾਂ ਵਿਚੋਂ ਕਿਸੇ ਨੂੰ ਜਵਾਬ ਸੁਝੇ ਜਾਂ ਨਾ ਅਤੇ ਗਊਆਂ ਇਥੇ ਦੀਆਂ ਇਥੇ ਹੀ ਰਹਿ ਜਾਣ। ਗਊਆਂ ਦਾ ਜਾਣਾ ਜ਼ਰੂਰੀ ਸੀ ਅਤੇ ਪ੍ਰਸ਼ਨ ਅਜਿਹਾ ਹੋਣਾ ਚਾਹੀਦਾ ਸੀ ਕਿ ਰਾਮ ਬਾਣ ਵਾਂਗ ਬੇਅਰਥ ਨਾ ਜਾਵੇ। ਪ੍ਰਸ਼ਨ ਕੀ ਹੋਵੇ, ਇਹ ਸੁੱਝ ਨਹੀਂ ਸੀ ਰਿਹਾ, ਪਰ ਸੋਚਣ ਨਾਲ ਕੋਈ ਨਾ ਕੋਈ ਹੱਲ ਤਾਂ ਨਿਕਲ ਹੀ ਆਉਂਦਾ ਹੈ, ਇਸ ਲਈ ਉਹ ਸੋਚੀ ਜਾ ਰਹੇ ਸਨ। ਉਪਾਅ ਨਿਕਲਿਆ ਵੀ। ਉਨ੍ਹਾਂ ਨੂੰ ਖ਼ਿਆਲ ਆਇਆ ਕਿ ਉਨ੍ਹਾਂ ਨੂੰ ਹੋਰ ਕੁਝ ਨਾ ਵੀ ਆਉਂਦਾ ਹੋਵੇ ਤਾਂ ਵੀ ਇਨ੍ਹਾਂ ਵਿਚੋਂ ਕੋਈ ਤਾਂ ਹੋਵੇਗਾ ਜੋ ਦੂਜਿਆਂ ਤੋਂ ਚੰਗਾ ਬ੍ਰਹਮ-ਵਾਦੀ ਹੋਵੇਗਾ। ਕੰਮ ਬਣ ਗਿਆ। ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਆਪ ਸਭ ਵਿਚੋਂ ਜੋ ਸਾਰਿਆਂ ਤੋਂ ਵੱਡਾ ਬ੍ਰਹਮ-ਸਰੂਪੀ ਹੈ ਉਹ ਇਹ ਗਊਆਂ ਲੈ ਜਾਵੇ।

ਸਵਾਲ ਸਿੱਧਾ ਸੀ, ਪਰ ਕੁਰੂ-ਪੰਚਾਲ ਵਿਚ ਉਨ੍ਹੀਂ ਦਿਨੀਂ ਗਿਆਨ ਦਾ ਪੱਧਰ ਕੁਝ ਅਜਿਹਾ ਸੀ ਕਿ ਇਹ ਸਰਲ ਪ੍ਰਸ਼ਨ ਵੀ ਟੇਢਾ ਲੱਗ ਰਿਹਾ ਸੀ। ਕਿਸੇ ਦੀ ਹਿੰਮਤ ਗਊਆਂ ਨੂੰ ਖੋਲ੍ਹਣ ਜਾਂ ਖੁਲ੍ਹਵਾਉਣ ਦੀ ਨਹੀਂ ਸੀ। ਹੁਣ ਯਾਗਵਲਕਯ ਨੇ ਆਪਣੇ ਇਕ ਚੇਲੇ ਸੋਮਸ੍ਰਵਾ ਨੂੰ ਬੁਲਾ ਕੇ ਕਿਹਾ, "ਤੂੰ ਗਊਆਂ ਨੂੰ ਸੰਭਾਲ ਲੈ।"

## ਅਸ਼ਵਲ ਚੁੱਪ ਕਿਉਂ ਰਹਿੰਦੇ?

ਉਥੇ ਹਾਜ਼ਰ ਬ੍ਰਾਹਮਣਾਂ ਨੂੰ ਹੁਣ ਹੋਸ਼ ਅਤੇ ਕ੍ਰੋਧ ਦੋਵੇਂ ਇਕੱਠੇ ਆਏ। ਉਹ ਸੰਸਦ ਵਿਚ ਪ੍ਰਸ਼ਨ-ਕਾਲ ਵਿਚ ਹੋਣ ਵਾਲੇ ਹੱਲਾ ਬੋਲ ਦੀ ਪਰੰਪਰਾ ਦੀ ਤਿੰਨ ਹਜ਼ਾਰ ਸਾਲ ਡੂੰਘੀ ਨੀਂਹ ਰਖਦੇ ਹੋਏ ਵੱਖ-ਵੱਖ ਕੋਨਿਆਂ ਤੋਂ ਚੀਕਣ ਲੱਗੇ, "ਇਹ ਵਿਅਕਤੀ ਸਾਡੇ ਸਾਰਿਆਂ ਵਿਚੋਂ ਆਪਣੇ ਆਪ ਨੂੰ ਸਭ ਤੋਂ ਵੱਡਾ ਬ੍ਰਹਮ-ਸਰੂਪੀ ਕਿਵੇਂ ਕਹਿੰਦਾ ਹੈ?"

ਉਸ ਜ਼ਮਾਨੇ ਵਿਚ ਉਚੈਸ਼੍ਰੋਵਾ ਯੰਤ੍ਰ (ਲਾਊਡ ਸਪੀਕਰ) ਦੀ ਕਾਢ ਨਹੀਂ ਕੱਢੀ ਗਈ ਸੀ। ਏਨੇ ਸਾਰੇ ਲੋਕਾਂ ਨੂੰ ਚੁੱਪ ਕਰਾਉਣ ਲਈ ਜਿੰਨਾ ਉੱਚਾ ਬੋਲਣਾ ਜ਼ਰੂਰੀ ਹੋ ਗਿਆ ਸੀ, ਉਤਨੇ ਜ਼ੋਰ ਨਾਲ ਬੋਲਣਾ ਜਨਕ ਨੂੰ ਪਸੰਦ ਨਹੀਂ ਸੀ। ਰਾਜਾ ਉਂਜ ਵੀ ਜਾਂ ਤਾਂ ਹੌਲੀ ਜਿਹੀ ਬੋਲਦਾ ਹੈ ਜਾਂ ਗਰਜਦਾ ਹੈ। ਯਾਗਵਲਕਯ ਨੇ ਜੋ ਕੁਝ ਕੀਤਾ ਸੀ ਉਸ ਨਾਲ ਜਨਕ ਦੀ ਚਿੰਤਾ ਵਧ ਗਈ ਸੀ। ਜੇ ਗਊਆਂ ਜਨਕ ਕੋਲੋਂ ਯਾਗਵਲਕਯ ਕੋਲ ਪਹੁੰਚ ਗਈਆਂ ਤਾਂ ਵੀ ਚਰਾਂਦ ਦੀ ਸਮੱਸਿਆ ਤਾਂ ਉਸੇ ਤਰ੍ਹਾਂ ਬਣੀ ਰਹਿ ਗਈ। ਇਹ ਗੱਲ ਉਹ ਸਾਰਿਆਂ ਸਾਹਮਣੇ ਕਹਿਣਾ ਵੀ ਨਹੀਂ ਸਨ ਚਾਹੁੰਦੇ। ਜਨਕ ਦੇ ਮਨੋਭਾਵ ਨੂੰ ਤਾੜਦੇ ਹੋਇਆਂ ਉਨ੍ਹਾਂ ਦੇ ਹਵਨ-ਕਰਤਾ ਅਸ਼ਵਲ ਨੇ ਯਾਗਵਲਕਯ ਨੂੰ ਲਿਤਾੜਣ ਲਈ ਉੱਚੀ ਆਵਾਜ਼ ਵਿਚ ਕਿਹਾ, "ਯਾਗਵਲਕਯ, ਕੀ, ਸਾਡੇ ਸਾਰੇ ਬ੍ਰਾਹਮਣਾਂ ਵਿਚੋਂ ਸਭ ਤੋਂ ਵੱਡੇ ਬ੍ਰਹਮ-ਸਰੂਪੀ ਤੁਸੀਂ ਹੀ ਹੋ?"

ਯਾਗਵਲਕਯ ਦੀ ਜਨਕ ਦੇ ਦਰਬਾਰ ਵਿਚ ਜੋ ਇਜ਼ਤ-ਮਾਣ ਸੀ ਉਸ ਤੋਂ ਅਸ਼ਵਲ ਜ਼ਰੂਰ ਸੜਦੇ ਰਹੇ ਹੋਣਗੇ। ਇਸੇ ਲਈ ਉਨ੍ਹਾਂ ਨੇ ਯਾਗਵਲਕਯ ਲਈ ਇੱਜ਼ਤ ਪੂਰਵਕ ਸੰਬੋਧਨ ਤਕ ਦਾ ਪ੍ਰਯੋਗ ਨਹੀਂ ਕੀਤਾ ਸੀ। ਸੰਭਵ ਹੈ ਅਜਿਹਾ ਗਊਆਂ ਦੇ ਮਿਥਿਲਾ ਰਾਜ ਵਿਚ ਰਹਿ ਜਾਣ ਦੀ ਸੰਭਾਵਨਾ ਤੋਂ ਪੈਦਾ ਹੋਏ ਸੰਕਟ-ਬੋਧ ਦੇ ਕਾਰਣ ਹੋਇਆ ਹੋਵੇ। ਇਕ ਹੋਰ ਸੰਭਾਵਨਾ ਇਹ ਹੈ ਕਿ ਕੁਰੂ-ਪੰਚਾਲ ਤੋਂ ਆਏ ਬ੍ਰਹਮ-ਵਿਦਿਆ ਦੇ ਬ੍ਰਾਹਮਣਾਂ ਦੇ ਨਾਲ ਕਈ ਦਿਨਾਂ ਤੋਂ ਲਗਾਤਾਰ ਵਾਰਤਾਲਾਪ ਕਰਦੇ ਰਹਿਣ ਕਾਰਣ ਉਨ੍ਹਾਂ ਦੀ ਭਾਸ਼ਾ ਕੁਝ ਪੰਚਾਲੀ ਹੋ ਗਈ ਹੋਵੇ।

ਯਾਗਵਲਕਯ ਵਿਦਵਾਨ ਕਿੰਨੇ ਸਨ ਇਹ ਤਾਂ ਪਤਾ ਨਹੀਂ ਪਰ ਹਾਜ਼ਿਰ ਜਵਾਬ ਬਹੁਤ ਸਨ। ਬੋਲੇ, "ਬ੍ਰਹਮ-ਸਰੂਪੀ ਨੂੰ ਤਾਂ ਅਸੀਂ ਪ੍ਰਣਾਮ ਕਰਦੇ ਹਾਂ। ਸਾਡੀ ਤਾਂ ਇਕ ਹੀ ਇੱਛਾ ਸੀ, ਗਊਆਂ ਨੂੰ ਹਾਸਿਲ ਕਰਨਾ, ਉਹ ਅਸੀਂ ਕਰ ਲਿਆ।"

ਅਸ਼ਵਲ ਨੇ ਕਿਹਾ, "ਰੱਸੇ ਖੋਲ੍ਹਣ ਨਾਲ ਕੁਝ ਨਹੀਂ ਹੋਣ ਵਾਲਾ, ਯਾਗਵਲਕਯ। ਗਊਆਂ ਰੱਸੇ ਖੋਲ੍ਹਣ ਵਾਲੇ ਨੂੰ ਨਹੀਂ ਦਿੱਤੀਆਂ ਗਈਆਂ। ਇਹ ਸਭ ਤੋਂ ਵੱਡੇ ਬ੍ਰਹਮਵਾਦੀ ਨੂੰ ਦਿੱਤੀਆਂ ਗਈਆਂ ਹਨ, ਇਸ ਲਈ ਆਪਣੀ ਸ੍ਰੇਸ਼ਠਤਾ ਤੈਨੂੰ ਪ੍ਰਮਾਣਿਤ ਕਰਨੀ ਪਵੇਗੀ।"

ਯਾਗਵਲਕਯ ਬੈਠੇ ਮੁਸਕਰਾਉਂਦੇ ਰਹੇ।

ਅਸ਼ਵਲ ਨੇ ਪ੍ਰਸ਼ਨ ਕੀਤਾ, "ਯਾਗਵਲਕਯ, ਤੂੰ ਇਹ ਤਾਂ ਜਾਣਦਾ ਹੀ ਹੈਂ ਕਿ ਇਹ ਜੋ ਕੁਝ ਵੀ ਹੈ, ਸਭ ਮੌਤ ਨਾਲ ਵਿਆਪਤ ਹੈ। ਛਿਣ ਪ੍ਰਤਿ ਛਿਣ ਹਰ ਚੀਜ਼ ਬਦਲ ਰਹੀ ਹੈ। ਕਿਸੇ ਨਾ ਕਿਸੇ ਅਨੁਪਾਤ ਵਿਚ ਉਹ ਹਰ ਪਲ ਨਸ਼ਟ ਹੋ ਰਹੀ ਹੈ। ਆਪਣੇ ਪੂਰਵ-ਰੂਪ ਨੂੰ ਤਿਆਗ ਰਹੀ ਹੈ। ਪਰਿਵਰਤਨ ਮੌਤ ਦਾ ਅਰੁਕ ਕ੍ਰਮ ਹੀ ਤਾਂ ਹੈ। ਯਜਮਾਨ ਉਸ ਮੌਤ ਦਾ ਕਿਸ ਸਾਧਨ ਦੁਆਰਾ ਉਲੰਘਨ ਕਰੇ?"

ਯਾਗਵਲਕਯ ਨੇ ਕਿਹਾ, "ਪਹਿਲਾਂ ਤਾਂ ਇਹ ਸਮਝੋ ਕਿ ਵਾਸਤਵਿਕ ਯੱਗ ਹੈ ਕੀ? ਤਾਂ ਫਿਰ ਇਹ ਸਮਝ ਵਿਚ ਆਏਗਾ ਕਿ ਸੱਚਾ ਯਜਮਾਨ ਕੌਣ ਹੈ। ਵਿਜਯ ਅਤੇ ਉਲੰਘਣ ਦੀ ਗੱਲ ਤਾਂ ਇਸ ਪਿਛੋਂ ਆਏਗੀ?" ਫਿਰ ਬਗ਼ੈਰ ਕਿਸੇ ਇੰਤਜ਼ਾਰ ਦੇ ਉਨ੍ਹਾਂ ਨੇ ਅੱਗੇ

ਕਹਿਣਾ ਸ਼ੁਰੂ ਕੀਤਾ, "ਯੱਗ ਅੱਗ ਬਾਲ ਕੇ, ਉਸ ਵਿਚ ਹਵਨ-ਸਾਮਗ੍ਰੀ ਪਾਉਂਦੇ ਰਹਿਣ ਨੂੰ ਨਹੀਂ ਕਹਿੰਦੇ। ਵਾਸਤਵਿਕ ਯੱਗ ਹੈ ਮਾਨਸ ਯੱਗ। ਇਸ ਲਈ ਯਜਮਾਨ 'ਰਿਤਵਿਕ' ਰੂਪੀ ਅਗਨੀ ਅਤੇ ਬਾਣੀ ਦੁਆਰਾ ਉਸ ਮੌਤ ਦਾ ਉਲੰਘਣ ਕਰਦਾ ਹੈ। ਇਹ ਬਾਣੀ ਹੀ ਯੱਗ ਹੈ। ਉਹੀ ਅਗਨੀ ਹੈ। ਉਹੀ ਯੱਗ ਕਰਾਉਣ ਵਾਲਾ ਹੈ। ਉਹੀ ਮੁਕਤੀ ਹੈ। ਉਹੀ ਅਤਿ ਮੁਕਤੀ ਹੈ।" ਯਾਗਵਲਕਯ ਦੀ ਇਹ ਗੱਲ ਉਸ ਸਮੇਂ ਕਿੰਨੇ ਲੋਕਾਂ ਦੀ ਸਮਝ ਵਿਚ ਆਈ ਅਤੇ ਕਿਸ ਰੂਪ ਵਿਚ ਸਮਝ ਵਿਚ ਆਈ, ਇਹ ਦੱਸਣਾ ਤਾਂ ਔਖਾ ਹੈ ਪਰ ਆਪਣੀ ਸੀਮਾ ਵਿਚ ਅਸੀਂ ਇਹ ਜ਼ਰੂਰ ਮੰਨ ਸਕਦੇ ਹਾਂ ਕਿ ਜੇ ਬਾਣੀ ਰਾਹੀਂ ਉਨ੍ਹਾਂ ਨੇ ਮੌਤ ਦਾ ਉਲੰਘਣ ਨਾ ਕੀਤਾ ਹੁੰਦਾ ਤਾਂ ਅੱਜ ਉਹ ਸਾਡੇ ਲਈ ਜ਼ਿੰਦਾ ਨਾ ਹੁੰਦੇ।

ਅਸ਼ਵਲ ਯਾਗਵਲਕਯ ਨਾਲ ਜੋ ਹੋੜ ਕਰਦੇ ਸਨ, ਤਾਂ ਉਨ੍ਹਾਂ ਨੇ ਵੀ ਕੁਝ ਪੜ੍ਹਿਆ, ਸੁਣਿਆ ਅਤੇ ਸੋਚਿਆ ਤਾਂ ਸੀ ਹੀ। ਉਨ੍ਹਾਂ ਨੂੰ ਹੋਰ ਸਮਕਾਲੀ ਚਿੰਤਕਾਂ ਦੇ ਵਿਚਾਰਾਂ ਦਾ ਪਤਾ ਸੀ। ਉਹ ਜਾਣਦੇ ਸਨ ਕਿ ਥਕਾਵਟ, ਨਿਰਾਸ਼ਾ, ਅੰਧਕਾਰ, ਕ੍ਰਿਸ਼ਨ ਪੱਖ (ਵਦੀ), ਇਹ ਵੀ ਮੌਤ ਦੇ ਹੀ ਰੂਪ ਹਨ। ਅਤੇ ਫਿਰ ਸਮਾਂ ਤਾਂ ਆਪ ਕਾਲ ਹੈ। ਮੌਤ ਦਾ ਰੂਪ। ਇਸ ਲਈ ਉਨ੍ਹਾਂ ਨੇ ਅਗਲਾ ਪ੍ਰਸ਼ਨ ਕੀਤਾ, "ਯਾਗਵਲਕਯ, ਸੰਸਾਰ ਵਿਚ ਜੋ ਕੁਝ ਹੈ ਉਹ ਦਿਨ ਅਤੇ ਰਾਤ ਨਾਲ ਜੁੜਿਆ ਹੋਇਆ ਹੈ, ਰਾਤ ਅਤੇ ਦਿਨ – ਦੇ ਹੀ ਅਧੀਨ ਹੈ। ਯਜਮਾਨ ਦਿਨ ਅਤੇ ਰਾਤ ਦਾ ਉਲੰਘਨ ਕਿਵੇਂ ਕਰ ਸਕਦਾ ਹੈ?"

ਯਾਗਵਲਕਯ ਨੇ ਕਿਹਾ, "**ਅਧਵਰਯੁ ਰਿਤਵਿਕ ਅਤੇ ਚਕਸ਼ੂ ਰੂਪੀ ਆਦਿਤਯ ਦੁਆਰਾ।** ਯੱਗ ਦਾ ਅਧਵਰਯੁ ਹੈ ਚਕਸ਼ੂ (ਨੇਤਰ)। ਇਹ ਚਕਸ਼ੂ ਹੀ ਅਦਿਤਯ ਹਨ। ਉਹੀ ਮੁਕਤੀ ਹੈ। ਉਹੀ ਅਤਿਮੁਕਤੀ ਹੈ।

ਅਸ਼ਵਲ ਨੇ ਮੁੜ ਪ੍ਰਸ਼ਨ ਕੀਤਾ, "ਸਭ ਕੁਝ ਪੂਰਬ ਪੱਖ ਅਤੇ ਉੱਤਰ ਪੱਖ ਨਾਲ ਵਿਆਪਤ ਹੈ। ਪੂਰਬ ਪੱਖ ਅਤੇ ਉਤਰ ਪੱਖ ਦੇ ਵਸ ਵਿਚ ਹੈ। ਯਜਮਾਨ ਇਨ੍ਹਾਂ ਤੋਂ ਕਿਸ ਤਰ੍ਹਾਂ ਮੁਕਤ ਹੋ ਸਕਦਾ ਹੈ?"

ਯਾਗਵਲਕਯ ਦਾ ਉੱਤਰ ਸੀ – "ਉਦਗਾਤਾ (ਯੱਗ ਵਿਚ ਸਾਮ-ਗਾਨ ਕਰਨ ਵਾਲਾ) ਰਿਤਵਿਕ ਤੋਂ ਅਤੇ ਵਾਯੂ ਪ੍ਰਾਣ ਤੋਂ। ਕਾਰਣ ਉਦਗਾਤਾ ਯੱਗ ਦਾ ਪ੍ਰਾਣ ਹੈ। ਪ੍ਰਾਣ ਹੀ ਵਾਯੂ ਹੈ, ਉਹੀ ਉਦਗਾਤਾ, ਮੁਕਤੀ ਅਤੇ ਅਤਿਮੁਕਤੀ ਵੀ ਹੈ।"

ਅਸ਼ਵਲ ਨੇ ਅਗਲਾ ਪ੍ਰਸ਼ਨ ਕੀਤਾ, "ਖਗੋਲ ਕਿਸੇ 'ਤੇ ਟਿਕਿਆ ਹੋਇਆ ਨਹੀਂ ਹੈ। ਉਥੇ ਪਹੁੰਚਣ ਦਾ ਕੋਈ ਰਸਤਾ ਨਹੀਂ ਹੈ। ਫਿਰ ਯਜਮਾਨ ਸਵਰਗ ਲੋਕ ਵਿਚ ਚੜ੍ਹਦਾ ਕਿਵੇਂ ਹੈ?"

"ਬ੍ਰਹਮਾ ਰਿਤਵਿਕ ਰਾਹੀਂ। ਮਨ ਰੂਪੀ ਚੰਦ੍ਰਮਾ ਨਾਲ। ਇਹ ਜੋ ਮਨ ਹੈ ਉਹ ਆਪ ਚੰਦ੍ਰਮਾ ਹੈ। ਉਹੀ ਬ੍ਰਹਮਾ ਵੀ ਹੈ। ਉਹ ਮੁਕਤੀ ਅਤੇ ਅਤਿਮੁਕਤੀ ਵੀ ਹੈ।" ਯਾਗਵਲਕਯ ਨੇ ਕਿਹਾ ਅਤੇ ਉਨ੍ਹਾਂ ਦੇ ਜਵਾਬ ਨਾਲ ਅਸ਼ਵਲ ਅਸਹਿਮਤ ਨਹੀਂ ਹੋਇਆ, ਕਿਉਂਕਿ ਉਨ੍ਹਾਂ ਨੇ ਨਾ ਤਾਂ ਉਨ੍ਹਾਂ ਦੇ ਕਿਸੇ ਉੱਤਰ ਨੂੰ ਗ਼ਲਤ ਕਿਹਾ ਅਤੇ ਨਾ ਹੀ ਅਗੋਂ ਕੋਈ ਟਿੱਪਣੀ ਕੀਤੀ।

ਅਸ਼ਵਲ ਯਾਗਵਲਕਯ ਦੇ ਤਾਬੜ-ਤੋੜ ਜਵਾਬਾਂ ਨੂੰ ਤਾਬੜ-ਤੋੜ ਸਵਾਲਾਂ ਦੇ ਰੂਪ

ਵਿਚ ਸਹਿ ਰਹੇ ਸਨ। ਪਰ ਆਪਣਾ ਮਨੋਬਲ ਡਿਗ ਜਾਣ ਦੇ ਬਾਵਜੂਦ ਹਾਰ ਮੰਨਣ ਲਈ ਤਿਆਰ ਨਹੀਂ ਸਨ ਹੋ ਰਹੇ। ਉਨ੍ਹਾਂ ਨੇ ਸੋਚਿਆ ਕਿ ਹੁਣ ਸਵਾਲਾਂ ਦਾ ਰੁਖ ਬਦਲਣਾ ਚਾਹੀਦਾ ਹੈ। ਪੁੱਛਿਆ, ''ਯਾਗਵਲਕਯ ਅੱਜ ਦੇ ਯੱਗ ਵਿਚ ਹੁੰਦਾ ਕਿੰਨੀਆਂ ਰਿਚਾਵਾਂ ਨਾਲ ਸ਼ਸਤ੍ਰ ਦੀ ਉਸਤਤ ਕਰੇਗਾ?''

ਯਾਗਵਲਕਯ ਨੇ ਕਿਹਾ, ''ਤਿੰਨ ਨਾਲ।''

ਉਨ੍ਹਾਂ ਦਾ ਨਾਂ ਕੀ ਹੈ?

''ਪੁਰੋਨੁਵਾਕਯਾ ਜਾਂ ਯੱਗ ਤੋਂ ਪਹਿਲਾਂ ਪੜ੍ਹੀਆਂ ਜਾਣ ਵਾਲੀਆਂ ਰਿਚਾਵਾਂ, ਯਾਜਯਾ ਜਾਂ ਯੱਗ ਦੇ ਸਮੇਂ ਪੜ੍ਹੀਆਂ ਜਾਣ ਵਾਲੀਆਂ ਰਿਚਾਵਾਂ ਅਤੇ ਸ਼ਸਯਾ ਜਾਂ ਸ਼ਸਤ੍ਰ-ਕਰਮ ਦੇ ਲਈ ਪ੍ਰਯੁਕਤ ਰਿਚਾਵਾਂ।''

ਅਸ਼ਵਲ ਨੇ ਪੁੱਛਿਆ, ''ਇਨ੍ਹਾਂ ਨਾਲ ਯਜਮਾਨ ਕਿਨ੍ਹਾਂ ਕਿਨ੍ਹਾਂ ਨੂੰ ਜਿੱਤ ਲੈਂਦਾ ਹੈ।''

''ਸਾਰੇ ਪ੍ਰਾਣੀ ਸਮੁਦਾਇ ਨੂੰ''

ਅਸ਼ਵਲ ਪ੍ਰਸ਼ਨ ਪੁੱਛ ਕੇ ਯਾਗਵਲਕਯ ਦੇ ਉੱਤਰ ਤੋਂ ਜਿੰਨੀ ਅਸਾਨੀ ਨਾਲ ਸੰਤੁਸ਼ਟ ਹੋ ਜਾਂਦੇ ਸਨ ਉਸ ਨਾਲ ਕੌਰਵੀ ਅਤੇ ਪੰਚਾਲੀ ਪੰਡਤਾਂ ਨੂੰ ਲਗ ਰਿਹਾ ਸੀ ਕਿ ਉਹ ਪੂਰੀ ਬਹਿਸ ਨਕਲੀ ਹੈ। ਉਹ ਸੋਚ ਰਹੇ ਸਨ ਕਿ ਦੋਹਾਂ ਨੇ ਮਿਲ ਕੇ ਆਪਣੇ ਪ੍ਰਸ਼ਨ ਉੱਤਰ ਪਹਿਲਾਂ ਹੀ ਤੈਅ ਕਰ ਲਏ ਹਨ, ਜਿਸ ਨਾਲ ਉਹ ਉਨ੍ਹਾਂ ਉਤੇ ਪੂਰਬ (ਵਾਸੀਆਂ) ਦੀ ਧਾਕ ਜਮਾ ਸਕਣ।

ਅਸ਼ਵਲ ਨੇ ਪੁੱਛਿਆ, ''ਅੱਜ ਇਸ ਯੱਗ ਵਿਚ ਅਧਵਰਯੁ ਕਿੰਨੀਆਂ ਅਹੂਤੀਆਂ ਹੋਮ ਕਰੇਗਾ?''

ਯਾਗਵਲਕਯ ਨੇ ਉੱਤਰ ਦਿੱਤਾ, ''ਤਿੰਨ''।

''ਕਿਹੜੀਆਂ ਤਿੰਨ?''

''ਇਕ ਉਹ ਜੋ ਹੋਮ ਤੋਂ ਬਾਅਦ ਬਲਦੀ ਹੁੰਦੀ ਹੈ, ਦੂਜੀ ਉਹ ਜੋ ਹੋਮ ਕਰਨ 'ਤੇ ਆਵਾਜ਼ ਕਰਦੀ ਹੈ ਅਤੇ ਤੀਜੀ ਉਹ ਜੋ ਹੋਮ ਕਰਨ 'ਤੇ ਭੂਮੀ ਵਿਚ ਲੀਨ ਹੋ ਜਾਂਦੀ ਹੈ।''

''ਇਨ੍ਹਾਂ ਰਾਹੀਂ ਯਜਮਾਨ ਕਿਸ ਨੂੰ ਜਿੱਤਦਾ ਹੈ?''

ਯਾਗਵਲਕਯ ਦਾ ਉੱਤਰ ਤਿਆਰ ਸੀ, ''ਜੋ ਹਵਨ ਕਰਨ ਮਗਰੋਂ ਪ੍ਰਕਾਸ਼ ਦਿੰਦੀ ਹੈ, ਉਸ ਨਾਲ ਸਵਰਗ ਲੋਕ ਨੂੰ, ਕਿਉਂਕਿ ਸਵਰਗ ਪ੍ਰਕਾਸ਼ਮਾਨ ਹੈ। ਹੋਮ ਕਰਦੇ ਸਮੇਂ ਜੋ ਆਵਾਜ਼ ਕਰਦੀ ਹੈ ਉਸ ਨਾਲ ਪਿਤਰਲੋਕ ਨੂੰ, ਕਿਉਂਕਿ ਉਸ ਵਿਚ ਸ਼ੋਰ ਬਹੁਤ ਜ਼ਿਆਦਾ ਹੈ। ਜੋ ਹੋਮ ਕਰਨ ਮਗਰੋਂ ਧਰਤੀ ਵਿਚ ਲੀਨ ਹੋ ਜਾਂਦੀ ਹੈ ਉਸ ਨਾਲ ਮਨੁੱਖ ਲੋਕ ਨੂੰ, ਕਿਉਂਕਿ ਮ੍ਰਿਤਲੋਕ ਇਨ੍ਹਾਂ ਤਿੰਨਾਂ ਵਿਚ ਸਭ ਤੋਂ ਹੇਠਾਂ ਹੈ।''

ਅਸ਼ਵਲ ਨੇ ਫਿਰ ਪੁਛਿਆ। ''ਬ੍ਰਹਮਾ ਯੱਗ ਦੇ ਦੱਖਣ ਵਲ ਬੈਠ ਕੇ ਕਿੰਨੇ ਦੇਵਤਿਆਂ ਦੁਆਰਾ ਯੱਗ ਦੀ ਰਖਿਆ ਕਰਦਾ ਹੈ?''

''ਇਕ ਦੁਆਰਾ।''

''ਉਹ ਕੌਣ ਹੈ?''

ਯਾਗਵਲਕਯ ਨੇ ਕਿਹਾ ਮਨ। ਮਨ ਦਾ ਉਸੇ ਤਰ੍ਹਾਂ ਕੋਈ ਅੰਤ ਨਹੀਂ ਹੈ ਜਿਵੇਂ ਦੇਵ-ਸਮਾਜ ਦਾ ਕੋਈ ਅੰਤ ਨਹੀਂ। ਇਸ ਤਰ੍ਹਾਂ ਮਨ ਦੁਆਰਾ ਯਜਮਾਨ ਅਨੰਤ ਲੋਕਾਂ ਨੂੰ ਜਿੱਤ ਲੈਂਦਾ ਹੈ।''

ਹੁਣ ਪ੍ਰਸ਼ਨ ਦਾ ਆਖੀਰਲਾ ਦੌਰ ਆਇਆ। ਅਸ਼ਵਲ ਨੇ ਪੁੱਛਿਆ, ''ਯਾਗਵਲਕਯ, ਅੱਜ ਇਸ ਯੱਗ ਵਿਚ ਉਦਗਾਤਾ ਕਿੰਨੀਆਂ ਸਤੋਤ੍ਰੀ ਰਿਚਾਵਾਂ ਦਾ ਗਾਇਨ ਕਰੇਗਾ?''

''ਤਿੰਨਾਂ ਦਾ''।

''ਕਿਹੜੀਆਂ ਤਿੰਨ''?

''ਪੁਰੋਨੁਵਾਕਯਾ, ਯਾਜਯਾ ਅਤੇ ਸ਼ਸਯਾ।''

''ਇਨ੍ਹਾਂ ਦਾ ਪਰਿਚੈ ਕੀ ਹੈ?''

ਪ੍ਰਾਣ ਪੁਰੋਨੁਵਾਕਯਾ ਹੈ, ਅਪਾਨ ਯਾਜਯਾ ਹੈ ਅਤੇ ਵਿਆਨ ਸ਼ਸਯਾ।

''ਇਨ੍ਹਾਂ ਨਾਲ ਯਜਮਾਨ ਕਿਸਨੂੰ ਜਿਤਦਾ ਹੈ?''

''ਪੁਰੋਨੁਵਾਕਯਾ ਨਾਲ ਮਿਰਤੂਲੋਕ ਨੂੰ, ਯਾਜਯਾ ਨਾਲ ਆਕਾਸ਼ ਨੂੰ ਅਤੇ ਸ਼ਸਯਾ ਨਾਲ ਪ੍ਰਕਾਸ਼ ਲੋਕ ਨੂੰ।''

ਹੁਣ ਅਸ਼ਵਲ ਨੂੰ ਕੋਈ ਪ੍ਰਸ਼ਨ ਸੁਝ ਹੀ ਨਹੀਂ ਸੀ ਰਿਹਾ ਜਿਸ ਨਾਲ ਉਹ ਯਾਗਵਲਕਯ ਦੇ ਗਿਆਨ ਨੂੰ ਚੁਣੌਤੀ ਦੇ ਸਕੇ। ਉਹ ਹਾਰ ਚੁਕਿਆ ਸੀ। ਉਸ ਦੇ ਮੂੰਹ ਵਿਚੋਂ ਕੋਈ ਸ਼ਬਦ ਨਹੀਂ ਸੀ ਨਿਕਲ ਰਿਹਾ। ਯੱਗ-ਵਿਧਾਨ ਦੇ ਬਾਰੇ ਪ੍ਰਸ਼ਨ ਕਰਦਿਆਂ ਉਹ ਸੋਚ ਰਿਹਾ ਸੀ ਕਿ ਜੇ ਯਾਗਵਲਕਯ ਬ੍ਰਹਮਵਾਦੀ ਯੱਗ ਦੀ ਥਾਂ ਕਰਮਕਾਂਡੀ ਯੱਗ ਦਾ ਵਿਵੇਚਨ ਕਰ ਬੈਠਾ ਤਾਂ ਉਥੇ ਹੀ ਉਸ ਦੀ ਸਾਰੀ ਬ੍ਰਹਮ-ਸਰੂਪਤਾ ਦੀ ਪੋਲ ਖੁਲ੍ਹ ਜਾਏਗੀ ਅਤੇ ਜਿੱਤ ਅਸ਼ਵਲ ਦੀ ਹੋ ਜਾਏਗੀ। ਪਰ ਯਾਗਵਲਕਯ ਏਨੇ ਹੰਢੇ ਹੋਏ ਵਿਦਵਾਨ ਸਨ ਕਿ ਉਨ੍ਹਾਂ ਨੇ ਉਸਨੂੰ ਕਿਧਰੇ ਵੀ ਉਂਗਲੀ ਰਖਣ ਦਾ ਮੌਕਾ ਹੀ ਨਹੀਂ ਦਿੱਤਾ।

ਸੱਜਣੋ! ਜੇ ਆਪ ਸੱਜਣ ਨਹੀਂ ਵੀ ਹੋ ਤਾਂ ਵੀ ਇਹ ਮੰਨਦੇ ਹੀ ਹੋਵੋਗੇ ਕਿ ਜਦੋਂ ਕਹਾਣੀ ਵਿਚ ਕਥਾਕਾਰ ਦਾ ਕੁੱਦ ਕੇ ਆ ਜਾਣਾ ਸੌਂਦਰਯ-ਸ਼ਾਸਤ੍ਰੀ ਦ੍ਰਿਸ਼ਟੀ ਤੋਂ ਆਚਾਰ-ਸੰਘਤਾ ਦੇ ਉਲਟ ਹੈ ਤਾਂ ਕਹਾਣੀਕਾਰ ਦੀ ਕਹਾਣੀ ਪੇਸ਼ ਕਰਨ ਵਾਲੇ ਕਿੱਸਾਗੋ ਦੇ ਲਈ ਤਾਂ ਇਹ ਪਾਪ ਮੰਨਿਆ ਜਾਣਾ ਚਾਹੀਦਾ ਹੈ। ਪਰ ਪਹਿਲੀ ਗੱਲ ਇਹ ਹੈ ਕਿ ਕਹਾਣੀ ਖ਼ਤਮ ਹੋ ਚੁਕੀ ਹੈ, ਇਸ ਲਈ ਵਿਚ ਵਿਚਾਲੇ ਕੁਦਣ ਦਾ ਆਰੋਪ ਹੀ ਗ਼ਲਤ ਹੈ। ਦੂਜੀ ਗੱਲ ਇਹ ਕਿ ਕਿੱਸਾਗੋ ਦੀ ਸਮਾਜਿਕ ਹੈਸੀਅਤ ਬਹੁਤ ਸਾਧਾਰਣ ਰਹੀ ਹੈ, ਇਸ ਲਈ ਇੱਜ਼ਤ ਦਾ ਖ਼ਤਰਾ ਉਠਾ ਕੇ ਉਹ ਹਮੇਸ਼ਾ ਤੋਂ ਕਹਾਣੀ ਵਿਚ ਕੁੱਦਣ ਦੇ ਆਦੀ ਰਹੇ ਹਨ। ਇਨ੍ਹਾਂ ਦੇ ਇਸ ਕੁਦਣ ਦੇ ਹੰਕਾਰ ਕਾਰਣ ਉਨ੍ਹਾਂ ਦੀ ਪਰੰਪਰਾ ਨੂੰ ਕਾਇਮ ਰਖਦੇ ਹੋਇਆਂ ਇਹ ਕਹਿਣਾ ਜ਼ਰੂਰੀ ਹੋ ਜਾਂਦਾ ਹੈ ਕਿ ਉਪਰੋਂ ਭੋਲੇ ਦਿਸਣ ਵਾਲੇ ਅਤੇ ਆਪਣੇ ਆਪ ਨੂੰ ਦੁਨੀਆਦਾਰੀ ਤੋਂ ਬੇਖ਼ਬਰ ਦੱਸਣ ਵਾਲੇ ਇਹ ਬ੍ਰਹਮਵਾਦੀ ਲੋਕ ਛਲ-ਕਪਟ ਵਿਚ ਖ਼ਾਸੇ ਪ੍ਰਬੀਨ ਸਨ ਅਤੇ ਅਧਿਆਤਮ ਦੀ ਓਟ ਲੈ ਕੇ ਸਮਾਜ ਵਿਚ ਉਲਟ-ਫੇਰ ਕਰ ਰਹੇ ਸਨ। ਉਹ ਯੱਗ ਦੀ ਮਹਿਮਾ ਨੂੰ ਚੁਣੌਤੀ ਦੇਣ ਤੋਂ ਡਰ ਰਹੇ ਸਨ, ਕਿਉਂਕਿ ਯੱਗਾਂ ਪ੍ਰਤਿ ਜਨ-ਸਾਧਾਰਣ ਵਿਚ ਜੋ ਵਿਸ਼ਵਾਸ ਉਸ ਵੇਲੇ ਵੀ ਬਾਕੀ ਬਚਿਆ

ਰਹਿ ਗਿਆ ਸੀ, ਉਸਨੂੰ ਦੇਖਦਿਆਂ ਉਨ੍ਹਾਂ ਨੂੰ ਚੁਣੌਤੀ ਦੇਣ ਦਾ ਮਤਲਬ ਆਪਣੀ ਸਾਖ ਗੁਆਉਣਾ ਸੀ। ਉਹ ਵੇਦਾਂ ਅਤੇ ਵੈਦਿਕ ਰੀਤੀ ਵਿਧਾਨ ਨੂੰ ਚੁਣੌਤੀ ਦਿੱਤੇ ਬਿਨਾਂ, ਉਨ੍ਹਾਂ ਦੀ ਅਜਿਹੀ ਵਿਆਖਿਆ ਕਰ ਰਹੇ ਸਨ ਜਿਸ ਵਿਚ ਯੱਗ ਬਾਹਰੀ ਕਰਮ-ਕਾਂਡ ਦੀ ਥਾਂ ਅੰਦਰਲੀ ਸਾਧਨਾ ਦਾ ਰੂਪ ਲੈਂਦਾ ਜਾ ਰਿਹਾ ਸੀ। ਉਹ ਯੱਗ ਦੇ ਸੰਪਾਦਕਾਂ - ਅਧਵਰਯੁ, ਹੋਤਾ, ਉਦਗਾਤਾ ਅਤੇ ਬ੍ਰਹਮਾ ਦੀ ਵੀ ਨਵੀਂ ਵਿਆਖਿਆ ਕਰ ਰਹੇ ਸਨ। ਉਹ ਦੱਸ ਰਹੇ ਸਨ ਕਿ ਕਿਸੇ ਅਕਾਂਖਿਆ ਨਾਲ ਯੱਗ ਅਤੇ ਅਨੁਸ਼ਠਾਨ ਕਰਨ ਨਾਲ ਜੇ ਮਨੁੱਖ ਨੂੰ ਕੁਝ ਮਿਲਿਆ ਵੀ ਤਾਂ ਸਵਰਗ ਮਿਲ ਸਕਦਾ ਹੈ। ਇਸ ਨਾਲ ਜੀਣ-ਮਰਨ ਦੇ ਚੱਕਰ ਤੋਂ ਮੁਕਤੀ ਨਹੀਂ ਮਿਲ ਸਕਦੀ। ਅਮਰਤਾ-ਪ੍ਰਾਪਤ ਨਹੀਂ ਹੋ ਸਕਦੀ। ਦੂਜੇ ਪਾਸੇ ਉਹ ਉਨ੍ਹਾਂ ਲੋਕਾਂ ਦੀਆਂ ਕਮਜ਼ੋਰੀਆਂ ਵੀ ਜਾਣਦੇ ਸਨ ਜਿਨ੍ਹਾਂ ਲਈ ਧਰਮ ਅਤੇ ਸਾਧਨਾ ਤਾਂ ਹੀ ਕੋਈ ਅਰਥ ਰਖਦੀ ਹੈ, ਜੇ ਇਸ ਤੋਂ ਕੋਈ ਲਾਭ ਹੋਵੇ। ਇਸ ਲਈ ਉਨ੍ਹਾਂ ਨੂੰ ਆਪਣੇ ਵਲ ਖਿਚਣ ਲਈ ਤਿੰਨਾਂ ਲੋਕਾਂ ਦੀ ਵਿਜੈ ਦਾ ਜਾਂ ਅਜਿਹਾ ਹੀ ਦੂਜੇ ਲਾਭਾਂ ਦਾ ਵੀ ਬਾਰ ਬਾਰ ਉਲੇਖ ਕਰਦੇ ਰਹਿੰਦੇ ਸਨ। ਇਨ੍ਹਾਂ ਨੇ ਯੱਗ ਨੂੰ ਆਤਮਿਕ ਯੱਗ ਬਣਾ ਕੇ, ਸਾਰੇ ਵਰਣਾਂ ਅਤੇ ਜਮਾਤਾਂ ਲਈ ਸਾਧਣਯੋਗ ਨਿਸ਼ਾਨਾ ਬਣਾ ਕੇ, ਇਕ ਅਜਿਹੀ ਮਜ਼ਬੂਤ ਨੀਂਹ ਰਖੀ ਜਿਸਦੇ ਅਭਾਵ ਵਿਚ ਮਾਨਵ-ਅਧਿਕਾਰ ਦੇ ਮਸੀਹਾ ਘੱਟੋ ਘੱਟ ਭਾਰਤ ਵਿਚ ਤਾਂ ਅਨਾਥ ਅਨੁਭਵ ਕਰਦੇ ਹੀ।

## ਅਧਿਆਤਮਵਾਦੀ ਜੋਤਿ-ਗਿਗਿਆਨ

ਜਦ ਅਸ਼ਵਲ ਯਾਗਵਲਕਯ ਨੂੰ ਪ੍ਰਸ਼ਨ ਕਰ ਰਹੇ ਸਨ ਤਦ (ਆਰਤਭਾਗ) ਬੇਚੈਨੀ ਨਾਲ ਇਸ ਗੱਲ ਦੀ ਉਡੀਕ ਕਰ ਰਹੇ ਸਨ ਕਿ ਉਹ ਚੁੱਪ ਕਰਨ ਤਾਂ ਉਹ ਆਪਣੇ ਸਵਾਲ ਪੁੱਛਣ। ਉਸ ਜ਼ਮਾਨੇ ਵਿਚ ਜਦੋਂ ਬਹੁਤ ਸਾਰੇ ਲੋਕ ਕਿਸੇ ਦਾ ਵਿਰੋਧ ਕਿਸੇ ਸਭਾ ਵਿਚ ਕਰਦੇ ਸਨ ਤਾਂ ਵੀ ਇਕੋ ਵੇਲੇ ਬੋਲਣਾ ਸ਼ੁਰੂ ਨਹੀਂ ਸਨ ਕਰਦੇ। ਜਿਸ ਮਰਿਆਦਾ ਨੂੰ ਨਿਭਾਉਣ ਲਈ ਸਪੀਕਰ ਨੂੰ ਬਾਰ ਬਾਰ ਮਾਈਕ ਚੁੱਕਣਾ ਅਤੇ ਖੁਦ ਉਠ ਕੇ ਖੜ੍ਹਾ ਹੋਣਾ ਪੈਂਦਾ ਹੈ, ਉਸ ਮਰਿਆਦਾ ਨੂੰ ਨਿਭਾਉਣ ਦਾ ਕੰਮ ਉਸ ਸਮੇਂ ਦੇ ਪੰਡਿਤ ਆਪਣੇ ਆਪ ਕਰ ਲੈਂਦੇ ਸਨ। ਜਦੋਂ ਇਕ ਵਿਅਕਤੀ ਦੇ ਸਾਰੇ ਪ੍ਰਸ਼ਨਾਂ ਦਾ ਜਵਾਬ ਮਿਲ ਜਾਂਦਾ ਤਾਂ ਦੂਜਾ ਅੱਗੇ ਆ ਜਾਂਦਾ ਅਤੇ ਉਦੋਂ ਤਕ ਬੋਲਦਾ ਜਾਂ ਪ੍ਰਸ਼ਨ ਕਰਦਾ ਰਹਿੰਦਾ ਜਦੋਂ ਤਕ ਉਸਦੇ ਮਨ ਵਿਚ ਉਠੇ ਅਤੇ ਉਠ ਸਕਣ ਵਾਲੇ ਸਾਰੇ ਸਵਾਲ ਮੁੱਕ ਨਾ ਜਾਂਦੇ। ਕਾਰਣ, ਉੱਤਰ ਦੇਣ ਵਾਲੇ ਨੂੰ ਇਹ ਛੋਟ ਨਹੀਂ ਸੀ ਕਿ ਉਹ ਕਹਿ ਸਕੇ ਕਿ ਇਸ ਪ੍ਰਸ਼ਨ ਦਾ ਉੱਤਰ ਉਸ ਨੂੰ ਆਉਂਦਾ ਨਹੀਂ ਸੀ, ਇਸ ਦੇ ਵਿਸ਼ੇ ਬਾਰੇ ਪੂਰੀ ਜਾਣਕਾਰੀ ਅਜੇ ਮਿਲੀ ਨਹੀਂ ਹੈ। ਇਸ ਲਾਚਾਰੀ ਦੇ ਕਾਰਣ ਉਸਨੂੰ ਸਾਰੇ ਸੰਭਵ ਅਤੇ ਅਸੰਭਵ ਸਵਾਲਾਂ ਦਾ ਉੱਤਰ ਲੈ ਕੇ ਸਭਾ ਵਿਚ ਆਉਣਾ ਹੁੰਦਾ ਸੀ।

ਆਰਤਭਾਗ ਨੂੰ ਲੱਗ ਰਿਹਾ ਸੀ ਕਿ ਅਸ਼ਵਲ ਨੂੰ ਨਾ ਤਾਂ ਬ੍ਰਹਮ-ਜੋਤਿ ਗਿਗਿਆਨ ਦਾ ਸਹੀ ਗਿਆਨ ਹੈ, ਨਾ ਅਤਿ-ਭੌਤਕੀ ਦਾ। ਯੱਗ-ਵਿਗਿਆਨ ਦੀ ਜਾਣਕਾਰੀ ਵੀ ਸੰਤੋਸ਼ਜਨਕ ਨਹੀਂ ਲਗ ਰਹੀ ਸੀ। ਉਨ੍ਹਾਂ ਦਾ ਅਜਿਹਾ ਸੋਚਣਾ ਕੁਝ ਹੱਦ ਤਕ ਠੀਕ ਵੀ ਸੀ। ਬ੍ਰਹਮਵਾਦੀਆਂ ਨੇ ਯੱਗ ਤੇ ਹਵਨ ਅਤੇ ਯਜਨ ਤੇ ਯਜਮਾਨ ਅਤੇ ਯੱਗ ਕਰਨ ਵਾਲੇ

ਪੁਰੋਹਿਤਾਂ ਦੀ ਹੀ ਪਰਿਭਾਸ਼ਾ ਨਹੀਂ ਬਦਲੀ ਸੀ। ਉਨ੍ਹਾਂ ਨੇ ਚੁੱਪ-ਚਾਪ, ਜਾਂ ਚਾਹੋ ਤਾਂ ਕਹਿ ਲਓ ਕਿ ਸਿਰਫ਼ ਬ੍ਰਹਮ ਚਰਚਾ ਨਾਲ ਹੀ ਦੀਨ ਅਤੇ ਦੁਨੀਆ ਦੋਹਾਂ ਦੀਆਂ ਪੁਰਾਣੀਆਂ ਧਾਰਣਾਵਾਂ ਨੂੰ ਤੋੜ ਦਿੱਤਾ ਸੀ। ਉਨ੍ਹਾਂ ਲਈ ਮੌਤ ਦਾ ਅਰਥ ਮੌਤ ਨਹੀਂ ਸੀ। ਉਨ੍ਹਾਂ ਦੀ ਪਰਿਭਾਸ਼ਾ ਅਨੁਸਾਰ ਜੀਵਨ ਅਤੇ ਜਗਤ ਪ੍ਰਤਿ ਅਗਿਆਨ ਜਨਿਤ ਮੋਹ ਹੀ ਮੌਤ ਸੀ ਅਤੇ ਮਰ ਕੇ ਪਰਮ ਬ੍ਰਹਮ ਵਿਚ ਲੀਨ ਹੋ ਜਾਣਾ ਹੀ ਅਮਰਤਾ। ਸੋ, ਆਰਤਭਾਗ ਨੇ ਸ੍ਰਿਸ਼ਟੀ ਅਤੇ ਵਿਨਾਸ਼ ਦੇ ਉਨ੍ਹਾਂ ਪੱਖਾਂ ਨੂੰ ਲੈ ਕੇ ਬਹਿਸ ਸ਼ੁਰੂ ਕੀਤੀ ਜਿਨ੍ਹਾਂ ਦੀ ਸਮਝ, ਸ਼ਾਇਦ, ਅਸ਼ਵਲ ਨੂੰ ਨਹੀਂ ਸੀ।

ਆਰਤਭਾਗ ਨੇ ਪੁੱਛਿਆ, ''ਯਾਗਵਲਕਯ ਕੀ ਤੂੰ ਦਸ ਸਕਦਾ ਹੈਂ ਕਿ ਗ੍ਰਹਿ ਕਿੰਨੇ ਹਨ ਅਤੇ ਅਤਿਗ੍ਰਹਿ ਕਿੰਨੇ ਹਨ?'' ਜੇ ਉਨ੍ਹਾਂ ਦੇ ਪ੍ਰਸ਼ਨ ਤੋਂ ਇਹ ਲਗੇ ਕਿ ਉਹ ਕਿਸੇ ਵੇਧਸ਼ਾਲਾ (ਜੰਤ੍ਰਾਂ ਨਾਲ ਗ੍ਰਹਿਆਂ ਦੀ ਚਾਲ ਵੇਖਣ ਵਾਲੀ ਥਾਂ) ਵਿਚ ਕੰਮ ਕਰਦੇ ਰਹੇ ਹੋ ਸਕਦੇ ਹਨ ਤਾਂ ਇਸਨੂੰ ਗ਼ਲਤ ਸਿੱਧ ਕਰਨ ਦਾ ਕੋਈ ਉਪਾਅ ਸਾਡੇ ਕੋਲ ਨਹੀਂ ਹੈ। ਇਤਿਹਾਸ ਨੂੰ ਫੋਲਣ ਨਾਲ ਅਜਿਹਾ ਲਗਦਾ ਹੈ ਕਿ ਵੈਦਿਕ ਕਾਲ ਵਿਚ ਹੀ ਕੁਝ ਅਜਿਹੀਆਂ ਵੇਧਸ਼ਾਲਾਵਾਂ ਬਣ ਗਈਆਂ ਸਨ ਜਿਥੇ ਬੈਠ ਕੇ ਕੁਝ ਲੋਕ ਸਿਰਫ਼ ਆਕਾਸ਼ ਨੂੰ ਹੀ ਘੂਰਦੇ ਰਹੇ ਹੋਣਗੇ। ਅਜਿਹਾ ਨਾ ਹੁੰਦਾ ਤਾਂ ਉਹ **'ਤਦ ਵਿਸ਼ਣੋ: ਪਰਮੰ ਪਦੰ ਸਦਾ ਪਸ਼ਯੰਤਿ ਸੂਰਯ:, ਦਿਦੀਵ ਚਕਸ਼ੂ: ਆਤਨਮ'** ਆਦਿ ਕਿਉਂ ਲਿਖਦੇ। ਪਰ ਜਿਵੇਂ ਕਿ ਉਨ੍ਹਾਂ ਦੇ ਲਿਖੇ ਤੋਂ ਜ਼ਾਹਿਰ ਹੈ, ਵੇਧਸ਼ਾਲਾਵਾਂ ਦਾ ਪ੍ਰਬੰਧ ਚੰਗਾ ਨਹੀਂ ਸੀ ਅਤੇ ਉਨ੍ਹਾਂ ਨੂੰ ਨੰਗੀ ਅੱਖ ਨਾਲ ਹੀ ਦੇਖਣਾ ਪੈਂਦਾ ਸੀ, ਜਿਸ ਕਰਕੇ ਉਨ੍ਹਾਂ ਦੀਆਂ ਅੱਖਾਂ ਤਣਾਉ ਨਾਲ ਦਰਦ ਕਰਨ ਲਗ ਪੈਂਦੀਆਂ ਸਨ। ਅਤੇ ਉਨ੍ਹਾਂ ਵਿਚ ਚਕਾਚੌਂਧ ਆਉਣ ਲਗ ਪੈਂਦੀ ਸੀ। ਬਾਅਦ ਵਿਚ ਲਾਪਰਵਾਹੀ ਕਾਰਣ ਇਹ ਗ੍ਰਹਿ ਪ੍ਰਯੋਗਸ਼ਾਲਾਵਾਂ ਸ਼ਾਇਦ ਪੂਰੀ ਤਰ੍ਹਾਂ ਨਸ਼ਟ ਹੋ ਗਈਆਂ ਸਨ ਅਤੇ ਇਸ ਲਈ ਬ੍ਰਹਮਵਾਦੀਆਂ ਨੇ ਤੈਅ ਕੀਤਾ ਕਿ ਬ੍ਰਹਿਮੰਡ ਦੀ ਤਲਾਸ਼ ਆਪਣੇ ਅੰਦਰ ਹੀ ਕਰਨੀ ਚਾਹੀਦੀ ਹੈ। ਜੋ ਅੰਦਰ ਹੈ ਉਹੀ ਬਾਹਰ। ਜੋ ਪਿੰਡ ਵਿਚ ਹੈ ਉਹੀ ਬ੍ਰਹਿਮੰਡ ਵਿਚ। ਇਹ ਸੂਝ ਅੱਖਾਂ ਦੀ ਸਿਹਤ ਲਈ ਵੀ ਠੀਕ ਸੀ। ਜੇ ਗ੍ਰਹਿ-ਪ੍ਰਯੋਗ-ਸ਼ਾਲਾਵਾਂ ਦਾ ਅਰਥ ਅਸੀਂ ਪਿੰਡ ਵਿਚ ਸਮਾਏ ਅਤੇ ਫਿਰ ਵੀ ਨਾ ਸਮਾਏ ਹੋਏ ਬ੍ਰਹਿਮੰਡ ਦੇ ਨਿਰੀਖਣ ਦੀ ਗ੍ਰਹਿ-ਪ੍ਰਯੋਗਸ਼ਾਲਾ ਲੈਣਾ ਚਾਹੀਏ ਤਾਂ ਇਸ ਵਿਚ ਕੋਈ ਹਰਜ ਵੀ ਨਹੀਂ। ਪਰ ਉਸ ਹਾਲਤ ਵਿਚ ਕਿਸੇ ਯੰਤਰ ਦਾ ਸਵਾਲ ਹੀ ਨਹੀਂ ਉਠਦਾ। ਪੁਤਲੀਆਂ ਨੂੰ ਉਲਟਾ ਕੇ ਅੰਦਰ ਕਰ ਲੈਣਾ ਹੀ ਕਾਫ਼ੀ ਸੀ।

ਜਿਵੇਂ ਕਿ ਆਸ ਕੀਤੀ ਜਾਂਦੀ ਹੈ, ਆਰਤਭਾਗ ਦੇ ਪ੍ਰਸ਼ਨ ਤੋਂ ਵੀ ਯਾਗਵਲਕਯ ਨਾ ਤਾਂ ਘਬਰਾਏ, ਨਾ ਹੀ ਰੁਕੇ। ਉਨ੍ਹਾਂ ਨੇ ਉੱਤਰ ਦੇਣ ਤੋਂ ਪਹਿਲਾਂ ਸੋਚਣ ਦਾ ਸਮਾਂ ਵੀ ਨਹੀਂ ਲਿਆ। ਰਟੇ ਹੋਏ ਪਹਾੜੇ ਵਾਂਗੂ ਬੋਲਣ ਲੱਗੇ, ''ਗ੍ਰਹਿਆਂ ਦੀ ਗਿਣਤੀ ਅੱਠ ਹੈ ਅਤੇ ਅਤਿਗ੍ਰਹਿ ਵੀ ਅੱਠ ਹੀ ਹਨ।'' ਯਾਗਵਲਕਯ ਮੁਸਕਰਾ ਰਹੇ ਸਨ ਕਿ ਹੁਣ ਇਹ ਉਨ੍ਹਾਂ ਦੇ ਨਾਂ ਪੁੱਛੇਗਾ। ਇਕ ਵਾਰ ਮਨ ਵਿਚ ਆਇਆ ਕਿ ਜਦੋਂ ਉਨ੍ਹਾਂ ਨੇ ਪੁੱਛਣਾ ਇਹੀ ਹੈ ਤਾਂ ਪੁੱਛਣ ਲਈ ਉਡੀਕੇ ਬਿਨਾਂ, ਆਪੇ ਹੀ ਕਿਉਂ ਨਾ ਦੱਸ ਦਿੱਤਾ ਜਾਵੇ, ਪਰ ਮਰਿਆਦਾ ਦਾ ਧਿਆਨ ਕਰਕੇ ਰੁਕ ਗਏ। ਹੋਇਆ ਉਹੀ ਜੋ ਹੋ ਸਕਦਾ ਸੀ। ਆਰਤਭਾਗ ਨੇ ਉਹੀ ਸਵਾਲ ਕੀਤਾ ਜਿਸ ਦੀ ਉਨ੍ਹਾਂ ਨੂੰ ਉਡੀਕ ਸੀ।

ਯਾਗਵਲਕਯ ਨੇ ਕਿਹਾ, "ਇਕ ਗ੍ਰਹਿ ਪ੍ਰਾਣ ਹੈ। ਇਹ ਅਪਾਨ ਰੂਪੀ ਅਤਿਗ੍ਰਹਿ ਨਾਲ ਗ੍ਰਸਿਆ ਹੈ, ਕਿਉਂਕਿ ਅਪਾਨ ਨਾਲ ਹੀ ਗੰਧ ਨੂੰ ਸੁੰਘਿਆ ਜਾਂਦਾ ਹੈ। ਦੂਜਾ ਗ੍ਰਹਿ ਵਾਕ (ਬਾਣੀ) ਹੈ। ਇਸੇ ਨਾਲ ਅਸੀਂ ਨਾਵਾਂ ਦਾ ਉੱਚਾਰਣ ਕਰਦੇ ਹਾਂ। ਇਸ ਵਾਕ ਦਾ ਅਤਿਗ੍ਰਹਿ ਹੈ ਨਾਮ-ਰੂਪ। ਇਸੇ ਨਾਲ ਬਾਣੀ ਅਤਿ-ਗ੍ਰਸਿਤ ਹੁੰਦੀ ਹੈ। ਤੀਜਾ ਗ੍ਰਹਿ ਹੈ ਜੀਭ। ਇਸ ਨਾਲ ਅਸੀਂ ਸਾਰੇ ਰਸਾਂ ਨੂੰ ਗ੍ਰਹਿਣ ਕਰਦੇ ਹਾਂ। ਰਸ ਹੀ ਇਸ ਦਾ ਅਤਿਗ੍ਰਹਿ ਹੈ। ਚੌਥਾ ਗ੍ਰਹਿ ਹੈ ਚਕਸ਼ੂ (ਅੱਖ)। ਇਸੇ ਨਾਲ ਅਸੀਂ ਰੂਪ ਨੂੰ ਗ੍ਰਹਿਣ ਕਰਦੇ ਹਾਂ। ਰੂਪ ਹੀ ਇਸ ਦਾ ਅਤਿਗ੍ਰਹਿ ਹੈ, ਜਿਸ ਨਾਲ ਇਹ ਗ੍ਰਸਿਤ ਹੈ। ਪੰਜਵਾਂ ਗ੍ਰਹਿ ਕੰਨ ਹੈ। ਇਸੇ ਨਾਲ ਅਸੀਂ ਨਾਦ ਨੂੰ ਸੁਣਦੇ ਹਾਂ। ਨਾਦ ਜਾਂ ਸ਼ਬਦ ਹੀ ਇਸ ਦਾ ਅਤਿਗ੍ਰਹਿ ਹੈ ਜਿਸ ਨਾਲ ਇਹ ਗ੍ਰਹਿਣ ਕੀਤਾ ਜਾਂਦਾ ਹੈ। ਛੇਵਾਂ ਗ੍ਰਹਿ ਹੈ ਮਨ, ਜਿਸ ਨਾਲ ਅਸੀਂ ਕਾਮਨਾ ਕਰਦੇ ਹਾਂ, ਇਸ ਲਈ ਕਾਮਨਾ ਇਸ ਦਾ ਅਤਿ-ਗ੍ਰਹਿ ਹੈ। ਸੱਤਵਾਂ ਹੱਥ ਹੈ, ਜਿਸ ਨਾਲ ਕੰਮ ਕੀਤਾ ਜਾਂਦਾ ਹੈ ਅਤੇ ਕੰਮ ਹੀ ਇਸ ਦਾ ਅਤਿਗ੍ਰਹਿ ਹੈ। ਅੱਠਵਾਂ ਗ੍ਰਹਿ ਤੁੱਚਾ (ਚਮੜੀ) ਹੈ ਜਿਸ ਦਾ ਕਾਰਜ ਛੋਹ ਹੈ।" ਯਾਗਵਲਕਯ ਨੇ ਉਦਾਹਰਣ ਸਹਿਤ ਦੱਸ ਦਿੱਤਾ।

ਆਰਤਭਾਗ ਨੇ ਤੁਰਤ ਉਹ ਸਵਾਲ ਕੀਤਾ ਜੋ ਉਨ੍ਹਾਂ ਦੀ ਸਮਝ ਅਨੁਸਾਰ ਜ਼ਿਆਦਾ ਟੇਢਾ ਸੀ। ਬੋਲੇ, "ਯਾਗਵਲਕਯ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਸਭ ਮੌਤ ਦਾ ਭੋਜਨ ਹੈ। ਫਿਰ ਦੇਵਤਾ ਕੌਣ ਹੈ ਜਿਸਦਾ ਖਾਸ-ਪਦਾਰਥ ਮੌਤ ਆਪ ਹੈ?"

ਯਾਗਵਲਕਯ ਹੈਰਾਨ ਨਾ ਹੋਏ। ਬੋਲੇ "ਅਗਨੀ ਹੀ ਮਿਰਤੂ ਹੈ। ਉਹੀ ਸਾਰੀਆਂ ਨਾਸ਼ਵਾਨ ਚੀਜ਼ਾਂ ਵਿਚ ਛਿਪ ਕੇ ਉਸੇ ਤਰ੍ਹਾਂ ਬੈਠੀ ਹੈ ਜਿਵੇਂ ਚਿੜੀ ਆਪਣੇ ਆਲ੍ਹਣੇ ਵਿਚ ਦੁਬਕ ਕੇ ਬੈਠਦੀ ਹੈ। ਇਸ ਅਪ੍ਰਗਟ ਰੂਪ ਵਿਚ ਵੀ ਉਨ੍ਹਾਂ ਨੂੰ ਅੰਦਰੋਂ ਅੰਦਰ ਸਾੜਦੀ ਹੀ ਰਹਿੰਦੀ ਹੈ। ਜੇ ਕਿਸੇ ਵਸਤੂ ਨੂੰ ਤਾਪਹੀਣਤਾ ਦੀ ਸਥਿਤੀ ਵਿਚ ਲੱਖਾਂ ਸਾਲਾਂ ਤਕ ਰਖਿਆ ਜਾਵੇ ਤਾਂ ਉਸਦੇ ਰੂਪ ਵਿਚ ਵਿਕਾਰ ਅਤੇ ਪਰਿਵਰਤਨ ਨਹੀਂ ਆਵੇਗਾ। ਜਲ ਹੀ ਅੱਗ ਨੂੰ ਖਾ ਜਾਂਦਾ ਹੈ। ਠੰਢਕ ਹੀ ਉਸਨੂੰ ਬੁਝਾ ਦਿੰਦੀ ਹੈ। ਇਸ ਤਰ੍ਹਾਂ ਮੌਤ ਜਲ ਦਾ ਆਹਾਰ ਹੈ। ਪਰ ਜਲ ਆਪਣੇ ਆਪ ਵਿਚ ਕੀ ਹੈ? ਇਹ ਤਾਂ ਆਪ ਬ੍ਰਹਮ ਹੈ। ਰਸ ਹੀ ਤਾਂ ਹੈ ਉਹ। ਜੋ ਇਸ ਗੱਲ ਨੂੰ ਸਮਝ ਲਵੇ ਉਹ ਮਰ ਹੀ ਨਹੀਂ ਸਕਦਾ।"

ਆਰਤਭਾਗ ਨੇ ਪੁੱਛਿਆ, "ਜਿਸ ਵੇਲੇ ਪ੍ਰਾਣੀ ਮਰਦਾ ਹੈ ਉਸ ਵੇਲੇ ਉਸਦੇ ਪ੍ਰਾਣ ਉਪਰ ਜਾਂਦੇ ਹਨ ਜਾਂ ਨਹੀਂ ਜਾਂਦੇ?"

ਯਾਗਵਲਕਯ ਨੇ ਨਾਸਤਿਕਾਂ ਦੀ ਸਪਸ਼ਟਤਾ ਅਤੇ ਆਤਮ-ਵਿਸ਼ਵਾਸ ਨਾਲ ਕਿਹਾ, "ਇਥੋਂ ਕੁਝ ਨਹੀਂ ਜਾਂਦਾ, ਸਭ ਕੁਝ ਇਥੇ ਹੀ ਲੀਨ ਹੋ ਜਾਂਦਾ ਹੈ। ਪ੍ਰਾਣ ਨਿਕਲਣ ਦੇ ਨਾਲ ਉਲਟੇ ਹੋਏ ਵਾਯੂ ਦਾ ਇਸ ਵਿਚ ਪ੍ਰਵੇਸ਼ ਹੋ ਜਾਂਦਾ ਹੈ ਜਿਸ ਨਾਲ ਸਰੀਰ ਫੁੱਲ ਜਾਂਦਾ ਹੈ। ਅਤੇ ਉਸਦਾ ਭਾਰ ਵੱਧ ਜਾਂਦਾ ਹੈ ਅਤੇ ਉਹ ਜਿਥੇ ਹੈ ਉਥੇ ਹੀ ਪਿਆ ਰਹਿੰਦਾ ਹੈ।"

ਆਰਤਭਾਗ ਸਚਮੁਚ ਯਾਗਵਲਕਯ ਦੇ ਵਿਚਾਰਾਂ ਤੋਂ, ਉਨ੍ਹਾਂ ਦੇ ਹੌਸਲੇ ਤੋਂ ਉਨ੍ਹਾਂ ਦੀ ਸਪਸ਼ਟਤਾ ਤੋਂ ਹੈਰਾਨ ਸਨ। ਉਨ੍ਹਾਂ ਨੇ ਪੁੱਛਿਆ, "ਯਾਗਵਲਕਯ ਕੀ ਤੂੰ ਇਹ ਦੱਸ ਸਕਦਾ ਹੈਂ ਕਿ ਮਰਨ ਪਿਛੋਂ ਮਨੁੱਖ ਨੂੰ ਕੀ ਨਹੀਂ ਛੱਡਦਾ?"

"ਉਸਦਾ ਨਾਂ। ਨਾਂ ਵਸਤੂ ਦੇ ਅਭਾਵ ਵਿਚ ਵੀ ਬਣਿਆ ਰਹਿੰਦਾ ਹੈ। ਇਹ ਮਨੁੱਖ ਦੇ ਮਰ ਜਾਣ ਮਗਰੋਂ ਵੀ ਜ਼ਿੰਦਾ ਰਹਿੰਦਾ ਹੈ। ਇਸਦਾ ਅੰਤ ਨਹੀਂ ਹੁੰਦਾ। ਇਹ ਅਨੰਤ ਹੈ।" ਯਾਗਵਲਕਯ ਕੁਝ ਦੇਰ ਰੁਕੇ। ਸ਼ਾਇਦ ਕੁਝ ਕਹਿਣਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਵਿਸ਼ੇਸ਼ ਕੁਝ ਨਹੀਂ ਕਿਹਾ। ਪਿਛਲੇ ਵਾਕ ਨੂੰ ਹੀ ਦੋਹਰਾ ਕੇ ਰਹਿ ਗਏ। "ਨਾਂ ਦਾ ਅੰਤ ਨਹੀਂ ਹੈ, ਵਿਸ਼ਵਦੇਵਾਂ ਵਾਂਗ, ਜਿਸਨੂੰ ਇਸ ਅਨੰਤਤਾ ਦਾ ਬੋਧ ਹੋ ਜਾਂਦਾ ਹੈ ਉਹ ਇਸ ਦੁਆਰਾ ਹੀ ਅਨੰਤ ਲੋਕ ਨੂੰ ਜਿੱਤ ਲੈਂਦਾ ਹੈ।"

ਆਰਤਭਾਗ ਹੁਣ ਨਿਰਾਸ਼ ਹੋ ਚਲੇ ਸਨ। ਯਾਗਵਲਕਯ ਨੂੰ ਨਿਰੁੱਤਰ ਕਰਨਾ ਸੰਭਵ ਨਹੀਂ ਸੀ। ਫਿਰ ਵੀ ਉਨ੍ਹਾਂ ਨੇ ਇਕ ਅਖੀਰਲਾ ਅਤੇ ਦੁਨੀਆ ਦਾ ਸਭ ਤੋਂ ਔਖਾ ਸਵਾਲ ਪੁੱਛ ਲਿਆ, "ਯਾਗਵਲਕਯ, ਜਦੋਂ ਮ੍ਰਿਤਕ ਦਾ ਵਾਕ ਅਗਨੀ ਵਿਚ ਲੀਨ ਹੋ ਜਾਂਦਾ ਹੈ, ਪ੍ਰਾਣ ਵਾਯੂ ਵਿਚ, ਚਕਸ਼ੂ ਸੂਰਜ ਵਿਚ, ਮਨ ਚੰਦ੍ਰਮਾ ਵਿਚ, ਸ੍ਰੋਤ੍ਰ (ਕੰਨ) ਦਿਸ਼ਾ ਵਿਚ, ਸ਼ਰੀਰ ਪ੍ਰਿਥਵੀ ਵਿਚ, ਹਿਰਦਾ-ਆਕਾਸ਼ ਭੌਤਿਕ ਆਕਾਸ਼ ਵਿਚ, ਲੋਮ (ਰੋਮ) ਔਸਧੀਆਂ ਵਿਚ, ਕੇਸ਼ ਬਨਸਪਤੀਆਂ ਵਿਚ ਅਤੇ ਲੋਹਿਤ (ਲਹੂ) ਅਤੇ ਵੀਰਜ ਜਲ ਵਿਚ ਲੀਨ ਹੋ ਜਾਂਦੇ ਹਨ ਉਸ ਵੇਲੇ ਇਹ ਪੁਰਸ਼ ਕਿਥੇ ਰਹਿੰਦਾ ਹੈ?"

ਆਰਤਭਾਗ ਨੇ ਨਿਰੁੱਤਰ ਕਰ ਹੀ ਦਿੱਤਾ। ਯਾਗਵਲਕਯ ਨੇ ਹੱਸਦਿਆਂ ਕਿਹਾ, "ਪਿਆਰੇ ਆਰਤਭਾਗ, ਤੂੰ ਮੈਨੂੰ ਆਪਣਾ ਹੱਥ ਫੜਾ, ਆਪਾਂ ਦੋਵੇਂ ਇਸ ਪ੍ਰਸ਼ਨ ਦਾ ਉੱਤਰ ਲੱਭਾਂਗੇ। ਇਹ ਪ੍ਰਸ਼ਨ ਭਰੀ ਸਭਾ ਵਿਚ ਕਰਨ ਯੋਗ ਨਹੀਂ ਹੈ?"

ਹੁਣ ਦੋਵੇਂ ਉਠ ਕੇ ਇਕਾਂਤ ਵਿਚ ਚਲੇ ਗਏ ਅਤੇ ਵਿਚਾਰ ਕਰਦੇ ਰਹੇ। ਭਲਾ ਅਜਿਹੇ ਵੀ ਸਵਾਲ ਸਭ ਦੇ ਸਾਹਮਣੇ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਜਵਾਬ ਨਾ ਮਿਲ ਸਕੇ ਅਤੇ ਸ੍ਰੋਤਾ ਇਹ ਸਮਝ ਲਵੇ ਕਿ ਦੁਨੀਆ ਦੀਆਂ ਕੁਝ ਗੱਲਾਂ ਦਾ ਪਤਾ ਰਿਸ਼ੀਆਂ ਨੂੰ ਵੀ ਨਹੀਂ ਹੈ। ਹੁਣ ਉਹ ਮਿਲ ਕੇ ਇਸ ਨੂੰ ਸੁਲਝਾ ਰਹੇ ਸਨ। ਪ੍ਰਸ਼ਨ ਆਰਤਭਾਗ ਨੇ ਕਰ ਤਾਂ ਦਿੱਤਾ ਪਰ ਉੱਤਰ ਉਸ ਨੂੰ ਵੀ ਪਤਾ ਨਹੀਂ ਸੀ। ਫਿਰ ਉਨ੍ਹਾਂ ਨੇ ਵਿਚਾਰ-ਵਟਾਂਦਰੇ ਨਾਲ ਨਿਸ਼ਚਿਤ ਕੀਤਾ ਕਿ ਮਰਨ ਉਪਰੰਤ, ਸਭ ਕੁਝ ਲੀਨ ਹੋ ਜਾਣ ਤੋਂ ਬਾਅਦ ਵੀ ਕਰਮ ਬਚਿਆ ਰਹਿੰਦਾ ਹੈ। ਮਨੁੱਖ ਦੇ ਸ਼ੁਭ ਅਤੇ ਅਸ਼ੁਭ ਕਰਮਾਂ ਦਾ ਸੰਗ੍ਰਹਿ ਬਚਿਆ ਰਹਿੰਦਾ ਹੈ। ਇਸੇ ਦੇ ਪ੍ਰਭਾਵ ਨਾਲ, ਪਾਪ ਅਤੇ ਪੁੰਨ ਦੇ ਇਸੇ ਸੰਗ੍ਰਹਿ ਦੇ ਸਿੱਟੇ ਵਜੋਂ ਮਨੁੱਖ ਮੁੜ ਜਨਮ ਲੈਂਦਾ ਹੈ।

ਹੁਣ ਇਸ ਤੋਂ ਅਗੇ ਕੋਈ ਪ੍ਰਸ਼ਨ ਨਾ ਤਾਂ ਆਰਤਭਾਗ ਤੋਂ ਹੋ ਸਕਦਾ ਸੀ, ਨਾ ਹੀ ਹੋਇਆ।

## ਸਭ ਕੁਝ ਦੇਖਦਾ ਹੈ ਬ੍ਰਹਮਵਾਦੀ

ਪ੍ਰਸ਼ਨ ਤਾਂ ਆਰਤਭਾਗ ਦੇ ਘੱਟ ਟੇਢੇ ਨਹੀਂ ਸਨ ਪਰ ਲਹਯ ਦੇ ਪੋਤੇ ਭੁਜਯੁ ਨੇ ਆਪਣੇ ਪ੍ਰਸ਼ਨ ਨੂੰ ਯਕਸ਼ ਪ੍ਰਸ਼ਨ ਬਣਾ ਦਿੱਤਾ। ਪਹਿਲਾਂ ਉਨ੍ਹਾਂ ਨੇ ਇਕ ਘਟਨਾ ਦਾ ਉਲੇਖ ਕੀਤਾ। ਕਿਹਾ, "ਇਕ ਵਾਰ ਜਦੋਂ ਮੈਂ ਮਦ੍ਰ ਦੇਸ਼ ਵਿਚ ਘੁੰਮ ਰਿਹਾ ਸਾਂ ਤਾਂ 'ਕਪੀ' ਗੋਤਰ ਵਿਚ ਪੈਦਾ ਹੋਏ ਪਤੰਜਲ ਦੇ ਘਰ ਪਹੁੰਚਿਆ। ਉਸਦੀ ਲੜਕੀ ਨੂੰ ਗੰਧਰਵ ਦਾ ਪ੍ਰਵੇਸ਼ ਹੋ ਗਿਆ ਸੀ। ਲੜਕੀ ਸਿਆਣੀ ਹੋਈ ਅਤੇ ਉਸਦੇ ਵਿਆਹ ਵਿਚ ਜ਼ਰਾ ਜਿੰਨੀ ਵੀ ਦੇਰ ਹੋਈ ਤਾਂ

ਉਸਨੂੰ ਰਾਹ ਵਿਚ ਆਉਂਦੇ ਆਉਂਦੇ ਗੰਧਰਵ ਜਾਂ ਭੂਤ ਸਵਾਰ ਹੋ ਜਾਂਦਾ ਹੈ ਅਤੇ ਬੜੀ ਝਾੜ-ਫੂਕ ਕਰਾਉਣੀ ਪੈਂਦੀ ਹੈ। ਇਹ ਤਾਂ ਸਾਰੇ ਜਾਣਦੇ ਹਨ। ਗੰਧਰਵਾਂ ਦਾ ਪ੍ਰਵੇਸ਼ ਸੁੰਦਰ ਲੜਕੀਆਂ ਅਤੇ ਔਰਤਾਂ ਉਤੇ ਹੀ ਜ਼ਿਆਦਾ ਹੁੰਦਾ ਹੈ, ਇਹ ਵੀ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਹੈ। ਇਸ ਲਈ ਕਿਹਾ ਵੀ ਜਾਂਦਾ ਹੈ ਕਿ ਗੰਧਰਵਾਂ ਦੀ ਨਜ਼ਰ ਸੁੰਦਰ ਜਵਾਨ ਔਰਤਾਂ ਉਤੇ ਹੀ ਰਹਿੰਦੀ ਹੈ – **ਯੋਸ਼ਿਤ ਕਾਮਾ ਵੈ ਗੰਧਰਵਾ**ः। ਅਸੀਂ ਉਨ੍ਹਾਂ ਨੂੰ ਪੁੱਛਿਆ, ਤੂੰ ਕੌਣ ਹੈਂ? ਤਾਂ ਉਸਨੇ ਦੱਸਿਆ ਕਿ ਉਸਦਾ ਨਾਂ ਸੁਧਨਵਾ ਆਂਗੀਰਸ ਹੈ। ਹੁਣ ਲੋਕ ਉਸਨੂੰ ਪੁੱਛਣ ਲਗੇ ਕਿ ਫਲਾਣੇ ਵਿਅਕਤੀ ਦਾ ਮਰਨ ਤੋਂ ਬਾਅਦ ਕੀ ਹੋਇਆ ਅਤੇ ਫਲਾਣੇ ਵਿਅਕਤੀ ਦੀ ਮਰਨ ਤੋਂ ਬਾਅਦ ਕੀ ਗਤੀ ਹੋਈ ਅਤੇ ਉਹ ਸਾਰਿਆਂ ਦਾ ਜਵਾਬ ਦੇਣ ਲੱਗਾ ਤਾਂ ਮੈਂ ਉਸਨੂੰ ਪੁੱਛਿਆ, "ਪਰੀਕਸ਼ਿਤ ਦੇ ਪੁੱਤਰ ਜਨਮੇਜਾ ਕਿਥੇ ਹਨ?" ਹੁਣ ਉਹੀ ਸਵਾਲ ਅਸੀਂ ਆਪ ਨੂੰ ਕਰਦੇ ਹਾਂ। "ਦੱਸੋ "ਪਰੀਕਸ਼ਿਤ ਜਨਮੇਜਾ ਕਿਥੇ ਗਏ?"

ਪ੍ਰਸ਼ਨ ਬੜਾ ਹੀ ਅਜੀਬ ਸੀ। ਇਸ ਵਿਚ ਕੁਝ ਅਸਾਧਾਰਣ ਯੋਗਤਾ ਦਾ ਘੁਮੰਡ ਵੀ ਭਰਿਆ ਹੋਇਆ ਸੀ। ਜੋ ਰਹੱਸ ਕਿਸੇ ਗੁਰੂ ਜਾਂ ਆਚਾਰਜ ਨੂੰ ਪ੍ਰਾਪਤ ਹੋ ਹੀ ਨਹੀਂ ਸਕਦਾ, ਜੋ ਗਿਆਨ ਮੌਤ ਮਗਰੋਂ ਹੀ ਪ੍ਰਾਪਤ ਹੁੰਦਾ ਹੈ, ਉਸਦਾ ਗਿਆਨ ਹੋ ਗਿਆ ਸੀ, ਭੁਜਯੁ ਨੂੰ। ਉਨ੍ਹਾਂ ਨੂੰ ਦੈਵੀ ਗਿਆਨ ਪ੍ਰਾਪਤ ਸੀ ਅਤੇ ਹੁਣ ਯਾਗਵਲਕਯ ਨੂੰ ਉਹ ਚੁਣੌਤੀ ਦੇ ਰਹੇ ਸਨ, ਕਿ ਕੀ ਉਸਨੂੰ ਇਹ ਗਿਆਨ ਪ੍ਰਾਪਤ ਹੈ?

ਪਰ ਯਾਗਵਲਕਯ ਤੋਂ ਵੱਡਾ ਗਿਆਨੀ ਸੰਸਾਰ ਵਿਚ ਕੋਈ ਹੋਰ ਸੀ ਹੀ ਨਹੀਂ। ਜਿਸ ਗੱਲ ਨੂੰ ਕੋਈ ਦੂਜਾ ਜਾਣ ਹੀ ਨਹੀਂ ਸਕਦਾ ਸੀ, ਜੋ ਗਿਆਨ ਅਲੌਕਿਕ ਹੈ ਅਤੇ ਕਿਸੇ ਇਕ ਨੂੰ ਅਜੀਬ ਹਾਲਤਾਂ ਵਿਚ ਹੀ ਪ੍ਰਾਪਤ ਹੋਇਆ ਸੀ, ਉਸ ਦੀ ਜਾਣਕਾਰੀ ਵੀ ਯਾਗਵਲਕਯ ਨੂੰ ਸੀ। ਉਹ ਸ਼ਾਸਤ੍ਰ-ਦ੍ਰਿਸ਼ਟੀ ਤੋਂ ਪਰਿਪੂਰਣ ਸਨ। ਆਤਮ-ਦ੍ਰਿਸ਼ਟੀ ਤੋਂ ਭਰੇ ਪੂਰੇ ਸਨ। ਦੈਵੀ-ਦ੍ਰਿਸ਼ਟੀ ਤੋਂ ਵੀ ਸੰਪੰਨ ਸਨ। ਉਨ੍ਹਾਂ ਨੂੰ ਇਹ ਪਤਾ ਸੀ ਕਿ ਉਸ ਦੁਰੇਡੇ ਮਦ੍ਰ ਦੇਸ਼ ਵਿਚ ਯਕਸ਼ ਨੇ ਭੁਜਯੁ ਨੂੰ ਕੀ ਉੱਤਰ ਦਿੱਤਾ ਹੋਵੇਗਾ। ਉਨ੍ਹਾਂ ਨੇ ਕਿਹਾ, "ਗੰਧਰਵ ਨੇ ਤਾਂ ਇਹੀ ਕਿਹਾ ਹੋਵੇਗਾ ਕਿ ਪਰੀਕਸ਼ਿਤ ਉਥੇ ਗਏ ਜਿਥੇ ਅਸ਼ਵਮੇਧ ਕਰਨ ਵਾਲੇ ਜਾਂਦੇ ਹਨ।"

ਭੁਜਯੁ ਨੇ ਕਿਹਾ, "ਗੱਲ ਤਾਂ ਠੀਕ ਹੈ। ਪਰ ਅਸ਼ਵਮੇਧ ਯੱਗ ਕਰਨ ਵਾਲੇ ਕਿਥੇ ਜਾਂਦੇ ਹਨ?"

ਪ੍ਰਸ਼ਨ ਹੋਰ ਵੀ ਜਟਿਲ ਹੋ ਗਿਆ, ਪਰ ਯਾਗਵਲਕਯ ਦਾ ਗਿਆਨ ਵੀ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਜੋ ਕੁਝ ਦੱਸਿਆ ਉਸ ਨੂੰ ਤਾਂ ਕੇਵਲ ਉਹੀ ਜਾਣ ਸਕਦੇ ਸਨ। ਨਾ ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਜਾਣਿਆ ਹੋਵੇਗਾ, ਨਾ ਬਾਅਦ ਵਿਚ ਕਿਸੇ ਨੂੰ ਜਾਣਨ ਦਾ ਮੌਕਾ ਹੀ ਮਿਲਿਆ ਹੋਵੇਗਾ। ਜਿਸ ਗੰਧਰਵ ਨਾਲ ਭੁਜਯੁ ਦਾ ਸਾਹਮਣਾ ਹੋਇਆ ਸੀ ਉਹ ਉਸਦਾ ਉੱਤਰ ਜਾਣਦਾ ਸੀ ਜਾਂ ਨਹੀਂ, ਸਾਨੂੰ ਨਹੀਂ ਪਤਾ। ਭੁਜਯੁ ਨੇ ਯਾਗਵਲਕਯ ਦੇ ਕਥਨ ਦਾ ਨਾ ਤਾਂ ਵਿਰੋਧ ਕੀਤਾ, ਨਾ ਹੁੰਗਾਰਾ ਭਰਿਆ।

ਯਾਗਵਲਕਯ ਉਸ ਲੋਕ ਦੇ ਭੂ-ਮੰਡਲ ਦਾ ਆਕਾਰ ਦੱਸਣ ਲਗੇ। ਉਨ੍ਹਾਂ ਨੇ ਜੋਤਿਸ਼-ਗਣਿਤ ਦਾ ਸਹਾਰਾ ਲਿਆ, ਕਿਉਂਕਿ ਇਸ ਤੋਂ ਬਿਨਾਂ ਉਸ ਲੋਕ ਦੀ ਜਾਣਕਾਰੀ

ਦੇਣਾ ਸੰਭਵ ਹੀ ਨਹੀਂ ਸੀ। ਸੂਰਜ ਦੇ ਰਥ ਨੂੰ ਦੇਵ-ਰਥ ਤਾਂ ਕਿਹਾ ਹੀ ਜਾਂਦਾ ਹੈ। ਇਹ ਦੇਵ-ਰਥ ਇਕ ਦਿਨ ਵਿਚ ਕਿੰਨੀ ਦੂਰੀ ਚਲਦਾ ਹੈ ਉਸ ਨੂੰ ਦੇਵ-ਰਥਾਹਨ ਕਹਿੰਦੇ ਹਨ। ਜਿਨ੍ਹਾਂ ਲੋਕਾਂ ਨੂੰ ਇਹ ਪੱਕਾ ਪਤਾ ਹੈ ਕਿ ਦੁਨੀਆ ਦੇ ਅੱਜ ਤਕ ਦੇ ਸਾਰੇ ਗਿਆਨ ਦਾ ਸ੍ਰੋਤ ਵੇਦ ਹੀ ਹਨ, ਉਨ੍ਹਾਂ ਨੂੰ ਇਹ ਜਾਣ ਕੇ ਵਿਸ਼ੇਸ਼ ਮਾਣ ਮਹਿਸੂਸ ਹੋਣਾ ਚਾਹੀਦਾ ਹੈ ਕਿ ਪ੍ਰਕਾਸ਼-ਵਰਸ਼ ਦੀ ਕਲਪਨਾ ਭਾਵੇਂ ਅੱਜ ਦੀ ਚੀਜ਼ ਹੋਵੇ ਪਰ ਇਸ ਕਲਪਨਾ ਦਾ ਮੂਲ-ਬੀਜ ਉਪਨਿਸ਼ਦਾਂ ਵਿਚ ਮੌਜੂਦ ਸੀ। ਯਾਗਵਲਕਯ ਨੇ ਦਸਿਆ ਕਿ ਬੱਤੀ ਦੇਵਰਥਾਹਨਾਂ ਦੇ ਬਰਾਬਰ ਹੈ ਉਹ ਲੋਕ ਜਿਥੇ ਅਸ਼ਵਮੇਧਯਾਜੀ ਮਰਨ ਉਪਰੰਤ ਜਾਂਦਾ ਹੈ।

ਉਨ੍ਹਾਂ ਨੂੰ ਉਸ ਲੋਕ ਦੇ ਭੂਗੋਲ ਅਤੇ ਖਗੋਲ ਦਾ ਵੀ ਗਿਆਨ ਸੀ। ਉਸਦੇ ਨਿਵਾਸੀਆਂ ਬਾਰੇ ਤਾਂ ਪਤਾ ਸੀ ਹੀ, ਪਰ ਉਥੇ ਉਨ੍ਹਾਂ ਦੀ ਕਾਇਆ ਧਰਤੀ-ਪੁੱਤਰਾਂ ਤੋਂ ਭਿੰਨ ਸੀ, ਇਹ ਵੀ ਉਹ ਜਾਣਦੇ ਸਨ। ਦੱਸਿਆ, ਉਸ ਲੋਕ ਦੀ ਧਰਤੀ ਨੂੰ, ਚੌਹਾਂ ਪਾਸਿਓਂ, ਦੂਣੀ ਧਰਤੀ ਨੇ ਘੇਰਿਆ ਹੋਇਆ ਹੈ। ਜਿਸ ਦਾ ਆਸ਼ਾ ਇਹ ਲਗਦਾ ਹੈ ਕਿ ਉਹ ਲੋਕ ਧਰਤੀ ਦੇ ਵਿਚ ਹੁੰਦੇ ਹੋਇਆਂ ਵੀ ਧਰਤੀ ਤੋਂ ਬਿਨਾਂ ਸੀ। ਕੌਣ ਜਾਣਦਾ ਹੈ ਉਹ ਕਿਸੇ ਲੋਕ ਦੇ ਵਿਚਲੇ ਦੇਸ਼ ਦੀ ਗੱਲ ਕਰ ਰਹੇ ਹੋਣ। ਫਿਰ ਉਸ ਧਰਤੀ ਨੂੰ ਚੌਹਾਂ ਪਾਸਿਓਂ ਉਸ ਤੋਂ ਦੁਗਣੇ ਸਮੁੰਦਰ ਨੇ ਘਿਰਿਆ ਹੋਇਆ ਹੈ। ਇਕ ਅਜੀਬ ਗੱਲ ਇਹ ਸੀ ਕਿ ਯਾਗਵਲਕਯ ਨੂੰ ਪਤਾ ਸੀ ਕਿ ਸਾਰੇ ਲੋਕ ਪਿੰਡਾਕਾਰ ਜਾਂ ਗੋਲ ਹਨ ਅਤੇ ਇਸ ਮਾਮਲੇ ਵਿਚ ਉਹ ਭਾਰਤ ਦੇਸ ਸਹਿਤ ਉਨ੍ਹਾਂ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਤੋਂ ਅਗੇ ਸਨ ਜੋ ਮੰਨਦੇ ਸਨ ਕਿ ਧਰਤੀ ਚਪਟੀ ਹੈ। ਉਹ ਪੁਰਾਣਾਂ ਦੇ ਉਨ੍ਹਾਂ ਜਾਣੂਆਂ ਤੋਂ ਵੀ ਅਗੇ ਸਨ ਜੋ ਮੰਨਦੇ ਸਨ ਕਿ ਧਰਤੀ ਕੁਝ ਵਿਚਿਤ੍ਰ ਪ੍ਰਾਣੀਆਂ ਦੀ ਪਿਠ ਜਾਂ ਫਨ ਜਾਂ ਸਿੰਗ ਉਤੇ ਟਿਕੀ ਹੋਈ ਹੈ। ਸੰਭਵ ਹੈ ਉਹ ਆਪਣੀ ਤਰ੍ਹਾਂ ਦੇ ਇਕਲੇ ਆਦਮੀ ਨਾ ਰਹੇ ਹੋਣ। ਜਿਥੇ ਅਸ਼ਵਮੇਧਯਾਜੀ ਜਾਂਦਾ ਹੈ ਉਹ ਲੋਕ ਇਕੱਲਾ ਨਹੀਂ ਹੈ। ਅਜਿਹੇ ਸ਼ਾਇਦ ਅਨੇਕਾਂ ਲੋਕ ਹਨ। ਅਸ਼ਵਮੇਧ ਦੀ ਮਹਿਮਾ ਹੀ ਕੁਝ ਅਜਿਹੀ ਹੈ ਕਿ ਇਸ ਨਾਲ ਯਜਮਾਨ, ਪਤਾ ਨਹੀਂ, ਕਈ ਲੋਕਾਂ ਨੂੰ ਜਿੱਤ ਲੈਂਦਾ ਹੈ ਅਤੇ ਪਤਾ ਨਹੀਂ ਕਿਹੜੇ ਕਿਹੜੇ ਪਾਪਾਂ ਨੂੰ ਧੋ ਸੁਟਦਾ ਹੈ ਅਤੇ ਫਿਰ ਵੀ ਕੁਝ ਪੁੰਨ ਰਾਖਵਾਂ ਰਹਿ ਜਾਂਦਾ ਹੈ ਜਿਸ ਨੂੰ ਉਹ ਕਿਸੇ ਔਖੀ ਘੜੀ ਲਈ ਸੰਭਾਲ ਕੇ ਰਖਦਾ ਹੈ। ਹੁਣ ਇਹ ਤਾਂ ਕੋਈ ਗੱਲ ਨਾ ਹੋਈ ਕਿ ਅਸ਼ਵਮੇਧ ਕਰਨ ਵਾਲੇ ਨੇ ਕਿਸੇ ਲੋਕ ਨੂੰ ਜਿੱਤ ਵੀ ਲਿਆ ਅਤੇ ਉਥੇ ਪਹੁੰਚ ਕੇ ਦੇਖਿਆ ਉਥੇ ਤਾਂ ਪਹਿਲਾਂ ਹੀ ਕਈ ਮਹਾਰਾਜੇ ਬਣੇ ਬੈਠੇ ਹਨ ਅਤੇ ਉਨ੍ਹਾਂ ਦੇ ਪਹੁੰਚਣ ਤੇ ਉਸ ਨੂੰ ਧੱਕੇ ਦੇ ਕੇ ਕੱਢ ਰਹੇ ਹਨ ਜਾਂ ਦਾਖਲ ਹੋਣ ਉਪਰੰਤ ਜਾਣ-ਪਛਾਣ ਵਧਾਉਣ ਲਈ ਖਿਚ-ਖਿਚਾਈ ਉਤੇ ਉਤਾਰੂ ਹਨ। ਉਸਨੂੰ ਤਾਂ ਪੂਰਾ ਲੋਕ ਚਾਹੀਦਾ ਹੈ। ਭਾਵੇਂ ਸੁੰਨਸਾਨ ਹੀ ਹੋਵੇ, ਭਾਵੇਂ ਵੀਰਾਨ ਹੋਵੇ, ਉਥੇ ਆਪਣੇ ਆਪ ਤੋਂ ਇਲਾਵਾ ਕਿਸੇ ਹੋਰ ਦੂਜੇ ਨੂੰ ਨਾ ਦੇਖ ਕੇ ਆਤਮ-ਪੜਚੋਲ ਕਰਕੇ ਉਥੋਂ ਭਜਣ ਦੀ ਵੀ ਭਾਵੇਂ ਨੌਬਤ ਆ ਜਾਵੇ, ਪਰ ਜਿੱਤੇ ਹੋਏ ਲੋਕ ਤੇ ਇਕ-ਮਾਤਰ ਅਧਿਕਾਰ ਤਾਂ ਹੋਣਾ ਹੀ ਚਾਹੀਦਾ ਹੈ। ਉਥੇ ਪਹੁੰਚ ਕੇ ਤਾਂ **'ਏਕੋਅਹੰ ਦ੍ਵਿਤੀਯੋ ਨਾਸਤਿ'** ਦੇ ਹੰਕਾਰ ਦੀ ਤਸੱਲੀ ਹੋਵੇ। ਜੋ ਵੀ ਹੋਵੇ, ਇਹ ਲੋਕ ਏਨੇ ਕੋਲ ਕੋਲ ਹਨ ਕਿ ਇਕ ਤੋਂ ਦੂਜੇ ਵਿਚ ਪਹੁੰਚਣ ਲਈ ਇਕ ਛਾਲ ਤਕ ਨਹੀਂ ਮਾਰਨੀ ਪੈਂਦੀ। ਏਨੇ ਨੇੜੇ ਕਿ ਚਲਣ

ਵੇਲੇ ਜ਼ਰਾ ਵੀ ਉਕਾਈ ਹੋਈ ਕਿ ਇਸ ਲੋਕ ਤੋਂ ਦੂਜੇ ਵਿਚ ਪਹੁੰਚ ਗਏ। ਕਾਰਣ ਇਹ ਹੈ ਕਿ ਇਨ੍ਹਾਂ ਦੇ ਵਿਚਾਲੇ ਦਾ ਆਕਾਸ਼ ਛੁਰੀ ਦੀ ਧਾਰ ਤੋਂ ਵੀ ਪਤਲਾ ਹੈ। ਮੱਖੀ ਦੇ ਖੰਭ ਤੋਂ ਵੀ ਪਤਲਾ ਹੈ। ਇੰਦਰ ਨੇ ਪੰਛੀ ਹੋ ਕੇ ਉਨ੍ਹਾਂ ਪਰੀਕਸ਼ਿਤਾਂ ਨੂੰ ਵਾਯੂ ਨੂੰ ਦੇ ਦਿੱਤਾ ਅਤੇ ਵਾਯੂ ਉਨ੍ਹਾਂ ਨੂੰ ਲੈ ਕੇ ਉਸ ਲੋਕ ਵਿਚ ਗਿਆ ਜਿਥੇ ਅਸ਼ਵਮੇਧ ਯੱਗ ਕਰਨ ਵਾਲੇ ਰਹਿੰਦੇ ਸਨ। ਇਸ ਇੰਦਰ ਨੂੰ ਜੋ ਹਜ਼ਾਰ ਘੋੜਿਆਂ ਦੇ ਰਥ ਉਤੇ ਚਲਣ ਵਾਲਾ ਇੰਦਰ ਸਮਝੇਗਾ ਉਹ ਗ਼ਲਤੀ ਕਰੇਗਾ। ਇਹ ਚਿਤਾ ਦੀ ਅਗਨੀ ਹੈ ਜਿਸਦਾ ਗੂੜ੍ਹ ਨਾਂ ਇੰਦਰ ਰਿਹਾ ਹੋਵੇਗਾ। ਉਸ ਲੋਕ ਵਿਚ ਮਨੁੱਖ ਹੋਂਦ-ਗਵਾਚੇ ਸਰੀਰ ਨਾਲ ਬਿਰਾਜਦਾ ਹੈ। ਇਹ ਸਿਰਫ਼ ਆਪਣੇ ਕਰਮਾਂ ਦਾ ਫਲ ਭੋਗਣ ਲਈ ਹੁੰਦਾ ਹੈ। ਉਸ ਸਥਿਤੀ ਦੀ ਕਲਪਨਾ ਕਰੋ ਜਿਸ ਨਾਲ ਆਪ '**ਬਿਨੁ ਪਦ ਚਲੈ ਸੁਨੈ ਬਿਨ ਕਾਨਾ। ਕਰ ਬਿਨ ਕਰਮ ਕਰੈ ਵਿਧਿ ਨਾਨਾ।**' ਵਾਲੀ ਉਲਟਬਾਸੀ ਦੀ ਸਥਿਤੀ ਵਿਚ ਪਹੁੰਚ ਗਏ ਹੋ ਜਾਂ ਵੀਹਵੀਂ ਸਦੀ ਦੇ ਮਸ਼ੀਨ-ਯੁਗ ਵਿਚ ਜਿਸ ਵਿਚ ਉਲਟਬਾਂਸੀਆਂ ਹੀ ਯੁਗ ਦਾ ਸਚ ਬਣ ਜਾਂਦੀਆਂ ਹਨ। ਅਸੀਂ ਇਸ ਚੱਕਰ ਨੂੰ ਘਟ ਕਰਦਿਆਂ ਇਹ ਦੱਸ ਦੇਈਏ ਕਿ ਯਾਗਵਲਕਯ ਨੂੰ ਇਹ ਪਤਾ ਸੀ ਕਿ ਯਕਸ਼ ਨੇ ਭੁਜਯੁ ਨੂੰ ਉਸ ਲੋਕ ਦੀ ਇਸ ਰੂਪ ਵਿਚ ਜਾਣਕਾਰੀ ਦਿੱਤੀ ਹੋਵੇਗੀ ਅਤੇ ਉਹ ਅਸਲੋਂ ਆਪਣੀ ਗੱਲ ਨਾ ਕਹਿ ਕੇ ਉਸ ਗੰਧਰਵ ਦੀ ਗੱਲ ਹੀ ਦੱਸ ਰਹੇ ਸਨ। ਉਸ ਗੰਧਰਵ ਨੇ ਵੀ ਉਥੇ ਅਸ਼ਵਮੇਧ ਕਰਨ ਵਾਲਿਆਂ ਨੂੰ ਲੈ ਜਾਣ ਵਿਚ ਵਾਯੂ ਦੀ ਵੀ ਪ੍ਰਸ਼ੰਸਾ ਕੀਤੀ ਸੀ, ਇਸ ਲਈ ਵਾਯੂ ਹੀ ਵਿਅਕਤੀ ਹੈ ਅਤੇ ਵਾਯੂ ਹੀ ਸਮੁੱਚ ਹੈ। ਜੋ ਇਸ ਗੱਲ ਨੂੰ ਜਾਣਦਾ ਹੈ ਉਸ ਨੂੰ ਆਪਣੇ ਵਰਤਮਾਨ ਜਨਮ ਤੋਂ ਮੁਕਤ ਹੋਣ ਲਈ ਇਕ ਵਾਰ ਤਾਂ ਮਰਨਾ ਹੀ ਹੋਵੇਗਾ; ਪਰ ਮੁੜ ਉਹ ਕਦੀ ਨਹੀਂ ਮਰੇਗਾ; ਜਿਸ ਨੂੰ ਜੇ ਸਮਝ ਵਿਚ ਆਉਣ ਵਾਲੀ ਭਾਸ਼ਾ ਵਿਚ ਬਿਆਨ ਕਰੀਏ ਤਾਂ ਉਹ ਮੁਕਤੀ ਪਾ ਜਾਏਗਾ। ਉਸਨੂੰ ਦੁਬਾਰਾ ਜਨਮ ਲੈਣਾ ਹੀ ਨਹੀਂ ਪਵੇਗਾ।

ਯਾਗਵਲਕਯ ਦੀ ਮਹਿਮਾ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋ ਸਕਦਾ ਸੀ ਕਿ ਉਹ ਹਜ਼ਾਰਾਂ ਕੋਹਾਂ ਦੀ ਦੂਰੀ 'ਤੇ ਕਿਸੇ ਵਿਚਿਤ੍ਰ ਪਰਿਸਥਿਤੀ ਵਿਚ ਕਿਸੇ ਇਕ ਨੂੰ ਹੋਏ ਸਾਖਿਆਤਕਾਰ ਅਤੇ ਉਸ ਤੋਂ ਪ੍ਰਾਪਤ ਹੋਏ ਗਿਆਨ ਦਾ ਪ੍ਰਤੱਖ-ਦਰਸ਼ੀ ਵਾਂਗ ਵੇਰਵਾ ਦੇ ਸਕਦੇ ਸਨ। ਪਰ ਸਾਡੇ ਲਈ ਤਾਂ ਉਸ ਮਨੁੱਖ ਦੀ ਮਹਿਮਾ ਵੀ ਘਟ ਨਹੀਂ ਜੋ ਇਸ ਕਹਾਣੀ ਵਿਚੋਂ ਕੁਝ ਕੱਢ ਕੇ ਬਾਹਰ ਲਿਆ ਸਕੇ। ਆਪਣੀ ਸਮਝ ਵਿਚ ਤਾਂ ਕੁਝ ਆਉਂਦਾ ਦਿਸਦਾ ਨਹੀਂ, ਇਸ ਲਈ ਮੁੜ ਮੁੜ ਜੰਮਣਾ ਮਰਨਾ ਤਾਂ ਨਿਸ਼ਚਿਤ ਹੀ ਹੈ। ਜੇ ਕੁਝ ਸਮਝ ਆ ਰਿਹਾ ਹੈ ਤਾਂ ਬਸ ਇਹ ਕਿ ਜਿਸ ਪ੍ਰਾਣ ਤੱਤ ਜਾਂ ਵਾਯੂ ਤੱਤ ਦੀ ਮਹਿਮਾ ਉਨ੍ਹਾਂ ਨੇ ਇਕ ਵੱਖਰੀ ਪ੍ਰਸ਼ਨਮਾਲਾ ਦੇ ਸੰਦਰਭ ਵਿਚ ਆਰਤਭਾਗ ਨੂੰ ਦੱਸੀ ਸੀ, ਉਸੇ ਦਾ ਇਕ ਨਵੇਂ ਰੂਪ ਵਿਚ ਵਿਖਿਆਨ ਭੁਜਯੁ ਪ੍ਰਤਿ ਕਰ ਰਹੇ ਸਨ। ਉਨ੍ਹਾਂ ਦੀ ਗੱਲ ਸੁਣ ਕੇ ਭੁਜਯੁ ਨੂੰ ਚੁੱਪ ਕਰ ਜਾਣਾ ਚਾਹੀਦਾ ਸੀ ਅਤੇ ਉਹ ਚੁਪ ਹੋ ਗਿਆ, ਪਰ ਸਾਡੇ ਮਨਾਂ ਵਿਚ ਕੁਝ ਸ਼ੰਕਾਵਾਂ ਪੈਦਾ ਹੋ ਰਹੀਆਂ ਹਨ। ਇਹ ਇੰਦਰ ਜੋ ਪੰਛੀ ਬਣ ਕੇ ਪਰੀਕਸ਼ਿਤਾਂ ਨੂੰ ਉਸ ਵਿਚਿਤ੍ਰ ਲੋਕ ਵਿਚ ਲੈ ਜਾਂਦਾ ਹੈ ਜਿਸ ਦੇ ਭੂਗੋਲ ਦੇ ਵਿਵਰਣ ਨੂੰ ਪੜ੍ਹਨ ਉਪਰੰਤ ਵੀ ਸਭ ਤੋਂ ਜ਼ਿਆਦਾ ਨਾ ਸਮਝ ਆਉਣ ਵਾਲਾ ਉਸਦਾ ਭੂਗੋਲ ਹੀ ਲਗਦਾ ਹੈ, ਜੋ ਅਗਨੀ ਦਾ ਹੀ ਇਕ ਰੂਪ ਹੈ ਤਾਂ ਫਿਰ ਇਹ ਪ੍ਰਸ਼ਨ ਕਰਨ ਵਾਲਾ ਭੁਜਯੁ ਕੌਣ ਹੈ। ਕਿਧਰੇ ਇਹ

ਵੀ ਅਗਨੀ ਦਾ ਰੂਪ ਤਾਂ ਨਹੀਂ। ਇਸ ਵਿਚ ਜੋ ਕੁਝ ਵੀ ਪਾਇਆ ਜਾਂਦਾ ਹੈ ਉਸਨੂੰ ਇਹ ਖਾ ਜਾਂਦਾ ਹੈ, ਇਸ ਲਈ ਇਹ 'ਹੁਤਭੁਕ' ਤਾਂ ਕਿਹਾ ਹੀ ਜਾਂਦਾ ਹੈ, 'ਭੁਜਯੁ' ਵੀ ਕਿਹਾ ਜਾਂਦਾ ਹੈ। ਇਸ ਤਰਕ ਨਾਲ ਤਾਂ ਯੱਗ ਨੂੰ ਵੀ ਭੁਜਯੁ ਕਿਹਾ ਜਾਂਦਾ ਹੈ। ਮੌਤ ਬਾਰੇ ਜਿਗਿਆਸਾ ਨਾਲ ਵਿਆਕੁਲ ਦੂਜਾ ਵਿਅਕਤੀ ਨਚਿਕੇਤਾ ਹੈ। ਉਹ ਵੀ ਉਸ ਕਥਾ ਅਨੁਸਾਰ ਅਗਨੀ ਦਾ ਹੀ ਇਕ ਨਾਂ ਹੈ। ਗੰਧਰਵ ਦੇ ਪ੍ਰਵੇਸ਼ ਪਿਛੇ ਵੀ ਇਥੇ ਕੁਝ ਦਾਲ ਵਿਚ ਕਾਲਾ ਦਿਖਾਈ ਦਿੰਦਾ ਹੈ। ਕੁਝ ਲੋਕ ਸੂਰਜ ਨੂੰ ਹੀ ਗੰਧਰਵ ਮੰਨਦੇ ਹਨ ਅਤੇ ਸੂਰਜ ਲੋਕ ਦਾ ਹੀ ਦੂਜਾ ਨਾ ਯਮਲੋਕ ਜਾਂ 'ਸੁਅਰਕ' ਜਾਂ 'ਸਵਰ-ਗ' ਹੈ। ਕਿਧਰੇ ਇਹ ਚਰਿਤ੍ਰ ਅਤੇ ਇਹ ਵਿਵਰਣ ਪ੍ਰਤੀਕਾਤਮਕ ਤਾਂ ਨਹੀਂ ਅਤੇ ਇਹ ਚਰਿਤ੍ਰਕਥਾ ਪ੍ਰਤੀਕ ਕਥਾ ਤਾਂ ਨਹੀਂ? ਸਾਨੂੰ ਖੇਦ ਹੈ ਤਾਂ ਸਿਰਫ਼ ਇਹ ਕਿ ਪ੍ਰਸ਼ਨ-ਕਰਤਾ ਦੇ ਰੂਪ ਵਿਚ ਭੁਜਯੁ ਦੀ ਥਾਂ 'ਤੇ ਅਸੀ ਨਾ ਹੋਏ। ਕੁਝ ਹੋਰ ਛਾਣ-ਬੀਣ ਤੋਂ ਬਾਅਦ ਸ਼ਾਇਦ ਯਾਗਵਲਕਯ ਇਹ ਵੀ ਦੱਸ ਹੀ ਦਿੰਦੇ ਕਿ ਜਿਨ੍ਹਾਂ ਲੋਕਾਂ ਦੀ ਗੱਲ ਉਹ ਕਰ ਰਹੇ ਸਨ ਉਹ ਮਨੁੱਖ ਦੇ ਅੰਦਰ ਹੀ ਸਥਿਤ ਹਨ। ਜਿਸ ਵਾਯੂ ਦੀ ਗੱਲ ਕਰ ਰਹੇ ਸਨ ਉਹ ਪ੍ਰਾਣ ਵਾਯੂ ਹੀ ਹੈ। ਜਿਸ ਸੂਖਮ ਆਕਾਸ਼ ਵਲ ਉਹ ਸੰਕੇਤ ਕਰ ਰਹੇ ਸਨ ਜੋ ਏਨਾ ਬਾਰੀਕ ਹੈ ਕਿ ਉਸ ਵਿਚੋਂ ਸੂਈ ਵੀ ਨਹੀਂ ਨਿਕਲ ਸਕਦੀ, ਇਸ ਲਈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਜਾਂ ਪਾਰ ਪਾਇਆ ਜਾ ਸਕਦਾ ਹੈ, ਤਾਂ ਵਾਯੂ ਰਾਹੀਂ ਉਹ ਵੀ ਸਾਡੇ ਅੰਦਰ ਹੀ ਹੈ ਅਤੇ ਉਸਨੂੰ ਪ੍ਰਾਣਾਯਾਮ ਅਤੇ ਸਾਧਨਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਅਤੇ ਅੰਤ ਵਿਚ ਉਨ੍ਹਾਂ ਨੂੰ ਸਪਸ਼ਟ ਸ਼ਬਦਾਂ ਵਿਚ ਸਵੀਕਾਰ ਕਰਨਾ ਹੀ ਪੈਂਦਾ ਹੈ ਕਿ ਅਸ਼ਵਮੇਧ ਆਦਿ ਦੇ ਵੱਡੇ ਅਤੇ ਬਹੁਤੇ ਖਰਚੇ ਨਾਲ ਕੀਤੇ ਜਾਣ ਵਾਲੇ ਕੰਮਾਂ ਨਾਲ ਜੋ ਲਾਭ ਕਿਸੇ ਨੂੰ ਹੁੰਦਾ ਹੈ ਉਹ ਸਾਰਾ ਬ੍ਰਹਮ-ਵਿਦਿਆ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਅਸ਼ਵ-ਮੇਧ ਸਹਿਤ ਹੋਰ ਸਾਰੇ ਅਨੁਸ਼ਠਾਨਾਂ ਨਾਲ ਜੋ ਪੁੰਨ ਮਿਲਦਾ ਹੈ ਉਹ ਬ੍ਰਹਮ-ਵਿਦਿਆ ਨਾਲ ਪ੍ਰਾਪਤ ਹੋਣ ਵਾਲੇ ਸੰਭਵ ਲਾਭ ਦੀ ਤੁਲਨਾ ਵਿਚ ਛੋਟਾ ਹੈ। ਨਚਿਕੇਤਾ ਨੂੰ ਇਕ ਦੂਜੇ ਰੂਪ ਵਿਚ ਯਮ ਨੇ ਵੀ ਕਿਹਾ ਸੀ ਕਿ ਉਸਦੇ ਪਿਤਾ ਨੇ ਆਪਣੀ ਸਾਰੀ ਸੰਪੰਤੀ ਲੁਟਾ ਕੇ ਜੋ ਮਹਾਨ ਯੱਗ ਕੀਤਾ ਸੀ, ਉਸਦਾ ਲਾਭ ਬ੍ਰਹਮ-ਵਿਦਿਆ ਦੀ ਤੁਲਨਾ ਵਿਚ ਤੁੱਛ ਹੈ।

ਆਪਣਾ ਨਾਂ ਯਾਗਵਲਕਯ ਰਖ ਕੇ ਯੱਗ ਦਾ ਇਤਨਾ ਤਿੱਖਾ ਆਲੋਚਕ ਅਤੇ ਉਸ ਉਤੇ ਸਿੱਧਾ ਵਾਰ ਕਰਨ ਦੀ ਥਾਂ ਇਸ ਨੂੰ ਭੁਚਲਾਉਣ ਵਾਲਾ ਇਹ ਵਿਅਕਤੀ ਕੌਣ ਸੀ ਜਿਸਦੀ ਆਤਮਾ ਪੂਰੇ ਉਪਨਿਸ਼ਦ ਦੇ ਚਿੰਤਨ ਅਤੇ ਅੰਦੋਲਨ ਨੂੰ ਏਨੀ ਡੂੰਘਾਈ ਨਾਲ ਪ੍ਰਭਾਵਿਤ ਕਰ ਰਹੀ ਸੀ ਅਤੇ ਜੋ ਆਪਣੇ ਸਮੇਂ ਦੇ ਰਾਜਿਆਂ ਨੂੰ ਯੱਗ ਦੇ ਆਯੋਜਨਾਂ ਨਾਲ ਉਸੇ ਤਰ੍ਹਾਂ ਲੀਨ ਕਰਦਾ ਹੋਇਆ ਆਤਮਿਕ ਉੱਨਤੀ ਦੀ ਇਕ ਨਵੀਂ ਦਿਸ਼ਾ ਦਿਖਾ ਰਿਹਾ ਸੀ ਜਿਸ ਤਰ੍ਹਾਂ ਇਸ ਪਿਛੋਂ ਬੁੱਧ ਨੇ ਕੀਤਾ। ਯਾਗਵਲਕਯ ਨਾ ਹੁੰਦੇ ਤਾਂ ਕੀ ਬੁੱਧ ਬੁੱਧ ਹੋ ਸਕਦੇ ਸਨ? ਬੁੱਧ ਦਾ ਮੁੱਲਾਂਕਣ ਤਾਂ ਹੋਇਆ ਹੈ ਪਰ ਇਹ ਮਹਾਨ ਤੱਤਦਰਸ਼ੀ ਦਾ ਕੀ ਸਹੀ ਮੁਲਾਂਕਣ ਹੋ ਸਕਿਆ ਹੈ, ਜਿਸਦਾ ਦਰਸ਼ਨ ਹੀ ਬੁੱਧ ਦਾ ਮਾਰਗ ਸੀ। ਜਿਸ ਦੀਆਂ ਮਾਨਤਾਵਾਂ ਦੀ ਵਿਆਖਿਆ ਕਰਨ ਵਾਲੇ ਦੇ ਵਿਚਾਰ ਪੁਰਾਤਨ-ਪੰਥੀਆਂ ਨੂੰ ਬੁੱਧ ਮਤ ਦੇ ਏਨੇ ਨੇੜੇ ਲਗੇ ਕਿ ਉਹ ਉਸ ਨੂੰ ਛਿਪਿਆ ਹੋਇਆ ਬੋਧ-ਪ੍ਰਛੰਨ ਬੋਧ – ਕਹਿ ਕੇ ਉਸਦੀ ਨਿਖੇਧੀ ਕਰਦੇ ਰਹੇ, ਪਰ ਇਹ ਨਹੀਂ ਤਾੜ ਸਕੇ ਕਿ ਉਹ ਜਿਨ੍ਹਾਂ ਤੱਤ-ਚਿੰਤਕਾਂ ਦੇ ਵਿਚਾਰਾਂ

ਦਾ ਪ੍ਰਤਿਪਾਦਨ ਕਰ ਰਿਹਾ ਹੈ ਉਨ੍ਹਾਂ ਨੂੰ ਦੇਖਦੇ ਹੋਏ ਖੁਦ ਬੁੱਧ ਨੂੰ ਪ੍ਰਛੰਨ ਵੇਦਾਂਤੀ ਕਿਹਾ ਜਾ ਸਕਦਾ ਸੀ। ਬੁੱਧ ਨੇ ਤਾਂ ਇਸਨੂੰ ਛਿਪਾਇਆ ਵੀ ਨਹੀਂ। ਆਪਣੇ ਆਪ ਨੂੰ 'ਵੇਦਗੂ' ਅਤੇ 'ਵੇਦੰਤਗੂ' ਕਹਿ ਕੇ ਇਹ ਸਵੀਕਾਰ ਕੀਤਾ ਕਿ ਇਨ੍ਹਾਂ ਨੂੰ ਉਨ੍ਹਾਂ ਨੇ ਡੂੰਘਾਈ ਨਾਲ ਸਮਝਿਆ ਸੀ ਅਤੇ ਇਨ੍ਹਾਂ ਦੇ ਪ੍ਰਾਣਵਾਨ ਅੰਸ਼ਾਂ ਨੂੰ ਆਪਣੇ ਦਰਸ਼ਨ ਵਿਚ ਅਪਣਾਇਆ ਸੀ। ਅਸੀਂ ਜਿਸ ਕਾਰਣ ਯਾਗਵਲਕਯ ਦੇ ਅਸਾਧਾਰਣ ਮਹੱਤਵ ਦੀ ਗੱਲ ਕਰ ਰਹੇ ਹਾਂ, ਉਹ ਕੁਝ ਵੱਖਰਾ ਹੈ। ਉਹ ਆਪਣਾ ਕੰਮ ਠੀਕ ਉਸੇ ਮਿਤਰ-ਭਾਵ ਨਾਲ ਕਰ ਰਹੇ ਸਨ ਜੋ ਬੁੱਧ ਦਾ ਆਦਰਸ਼ ਸੀ, ਜਿਸਦਾ ਨਿਭਾ ਬੁੱਧ ਤੋਂ ਵੀ ਨਹੀਂ ਹੋ ਸਕਿਆ, ਪਰ ਇਨ੍ਹਾਂ ਵੇਦਾਂਤੀਆਂ ਨਾਲ ਇਸ ਹੱਦ ਤਕ ਹੋਇਆ ਕਿ ਇਨ੍ਹਾਂ ਦੇ ਵਿਚਾਰਾਂ ਨੂੰ ਅਤੇ ਇਨ੍ਹਾਂ ਦੀਆਂ ਕ੍ਰਿਤੀਆਂ ਨੂੰ ਸਾਂਭ-ਸੰਭਾਲ ਕੇ ਰਖਣ ਦਾ ਕੰਮ ਵੀ ਉਨ੍ਹਾਂ ਲੋਕਾਂ ਨੇ ਕੀਤਾ ਜਿਨ੍ਹਾਂ ਦੇ ਵਿਚਾਰਾਂ ਦੀ ਤਰਕ-ਹੀਣਤਾ ਅਤੇ ਮਾਨਤਾਵਾਂ ਦੀ ਨਿਰਾਰਥਕਤਾ ਉਤੇ ਇਸ ਵਿਚ ਸਹਿੰਦੀ ਸੱਟ ਮਾਰੀ ਗਈ ਸੀ। ਕੀ ਇਹੀ ਕਾਰਣ ਨਹੀਂ ਹੈ ਕਿ ਬੁੱਧਮਤ ਦੇ ਨਿਘਾਰ ਦੇ ਬਾਵਜੂਦ ਇਹ ਨਿਘਰਿਆ ਨਹੀਂ ਅਤੇ ਸਮਾਜਿਕ ਅਤੇ ਅਧਿਆਤਮਿਕ ਅਧਿਕਾਰਾਂ ਦੇ ਸੰਘਰਸ਼ ਵਿਚ ਬਾਰ ਬਾਰ ਮਸ਼ਾਲ ਬਣ ਕੇ ਸਾਹਮਣੇ ਆਉਂਦਾ ਰਿਹਾ। ਪਰ ਅਜੇ ,ਤਾਂ ਯਾਗਵਲਕਯ ਦੀਆਂ ਪਤਾ ਨਹੀਂ, ਕਿੰਨੀਆਂ ਕਹਾਣੀਆਂ ਸੁਣਨੀਆਂ ਰਹਿੰਦੀਆਂ ਹਨ।

## ਅਦ੍ਰਿਸ਼ ਦਾ ਦਰਸ਼ਨ

ਯਾਗਵਲਕਯ ਜਿਸ ਆਤਮ-ਵਿਸ਼ਵਾਸ ਅਤੇ ਅਧਿਕਾਰ ਨਾਲ ਅਸ਼ਵਲ, ਆਰਤਭਾਗ ਅਤੇ ਭੁਜਯੁ ਦੇ ਪ੍ਰਸ਼ਨਾਂ ਦੇ ਉੱਤਰ ਦੇ ਚੁਕੇ ਸਨ, ਉਸ ਨਾਲ ਪੂਰੀ ਸਭਾ ਕੀਲੀ ਗਈ ਸੀ। ਜਿਨ੍ਹਾਂ ਵਿਦਵਾਨਾਂ ਨੇ ਉਨ੍ਹਾਂ ਤੋਂ ਹੁਣ ਕੋਈ ਪ੍ਰਸ਼ਨ ਨਹੀਂ ਕੀਤਾ ਸੀ, ਉਨ੍ਹਾਂ ਦਾ ਹੌਸਲਾ ਵੀ ਚੁਣੌਤੀ ਭਰੇ ਅੰਦਾਜ਼ ਵਿਚ ਉਨ੍ਹਾਂ ਤੋਂ ਕੁਝ ਪੁੱਛਣ ਦਾ ਨਹੀਂ ਸੀ ਰਿਹਾ। ਹੁਣ ਉਹ ਯਾਗਵਲਕਯ ਨੂੰ ਸ਼ਰਧਾ ਨਾਲ ਇਸ ਤਰ੍ਹਾਂ ਵੇਖ ਰਹੇ ਸਨ ਜਿਵੇਂ ਸ਼ਿਸ਼ ਆਪਣੇ ਆਚਾਰਯ ਨੂੰ ਵੇਖਦਾ ਹੈ। ਆਪਣੇ ਆਪ ਨੂੰ ਬ੍ਰਹਮ-ਗਿਆਤਾ ਅਤੇ ਪੰਡਤ ਮੰਨਣ ਵਾਲੇ ਅਨੇਕਾਂ ਵਿਦਵਾਨ ਸਨ ਜੋ ਯਾਗਵਲਕਯ ਤੋਂ ਅਜੇ ਵੀ ਕੁਝ ਪੁੱਛਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਪੁੱਛਿਆ ਵੀ, ਪਰ ਇਹ ਸੋਚ ਕੇ ਨਹੀਂ ਕਿ ਉਨ੍ਹਾਂ ਨੂੰ ਲਾਜਵਾਬ ਕਰਨਾ ਹੈ, ਸਗੋਂ ਆਪਣੀ ਜਿਗਿਆਸਾ ਮਿਟਾਉਣ ਲਈ ਜਾਂ ਆਪਣੀਆਂ ਮਾਨਤਾਵਾਂ ਅਤੇ ਵਿਚਾਰਾਂ ਦੀ ਯਾਗਵਲਕਯ ਤੋਂ ਪੁਸ਼ਟੀ ਕਰਾਉਣ ਲਈ।

ਭੁਜਯੁ ਦੇ ਪ੍ਰਸ਼ਨਾਂ ਦਾ ਉੱਤਰ ਦਿੱਤੇ ਜਾਣ ਤੋਂ ਬਾਅਦ ਉਸ਼ਸਤ ਖੜ੍ਹੇ ਹੋਏ। ਚਕ੍ਰ ਦੇ ਪੁੱਤਰ ਉਸ਼ਸਤ ਆਪਣੇ ਸਮੇਂ ਦੇ ਬਹੁਤ ਹੀ ਆਦਰਯੋਗ ਵਿਦਵਾਨਾਂ ਵਿਚੋਂ ਸਨ ਪਰ ਉਨ੍ਹਾਂ ਨੇ ਬੜੀ ਨਿਮ੍ਰਤਾ ਨਾਲ ਕਿਹਾ, "ਮੈਨੂੰ ਆਪ ਇਹ ਸਮਝਾਓ ਕਿ ਜੋ ਸਾਖਿਆਤ, ਅਪਰੋਖ ਬ੍ਰਹਮ ਅਤੇ ਸਾਰਿਆਂ ਦੇ ਅੰਦਰ ਮੌਜੂਦ ਆਤਮਾ ਹੈ, ਉਹ ਕੀ ਹੈ?"

ਦੇਖਣ ਨੂੰ ਪ੍ਰਸ਼ਨ ਬਹੁਤ ਸਰਲ ਸੀ। ਵਿਚਿਤ੍ਰ ਤਾਂ ਨਹੀਂ ਸੀ। ਪਰ ਇਸ ਨਾਲ ਵਿਚਿਤ੍ਰ ਹੋਰ ਕੋਈ ਪ੍ਰਸ਼ਨ ਹੋ ਵੀ ਕੀ ਸਕਦਾ ਸੀ ਜਿਸ ਵਿਚ ਉਸ ਬ੍ਰਹਮ ਦੇ ਸਾਖਿਆਤ ਜਾਂ ਇੰਦਰੀ-ਗੋਚਰ ਸਰੂਪ ਦਾ ਵਰਣਨ ਕਰਨ ਲਈ ਕਿਹਾ ਜਾ ਰਿਹਾ ਸੀ। ਮਨੁੱਖ ਵਿਚ, ਕਿਸੇ ਇਕ ਵਿਅਕਤੀ ਵਿਚ, ਜੋ ਆਤਮਾ ਅਹੰ ਭਾਵ ਨਾਲ ਵਿਅਕਤ ਹੁੰਦੀ ਹੈ ਉਸ ਦੀ ਗਤੀ

ਅਤੇ ਸਥਿਤੀ ਅਤੇ ਮਰਨ ਤੋਂ ਬਾਅਦ ਦੀ ਉਸ ਦੀ ਨੇਤ (ਭਾਗ) ਦੀ ਵਿਆਖਿਆ ਤਾਂ ਹੋ ਚੁਕੀ ਸੀ, ਪਰ ਆਤਮਾ ਜੋ ਸਾਰਿਆਂ ਦੇ ਅੰਦਰ ਮੌਜੂਦ ਹੈ, ਉਸਦਾ ਨਿਰੂਪਣ ਕਰਨਾ ਬਾਕੀ ਰਹਿ ਗਿਆ ਸੀ।

ਯਾਗਵਲਕਯ ਨੇ ਕਿਹਾ, ''ਇਹ ਤੇਰੀ ਆਪਣੀ ਆਤਮਾ ਹੀ ਸਾਰਿਆਂ ਦੇ ਅੰਦਰ ਮੌਜੂਦ ਹੈ। ਆਪਾ-ਪਰ ਦਾ ਭੇਦ ਸਿਰਫ਼ ਮਹਿਸੂਸ ਹੁੰਦਾ ਹੈ।''

ਉਸ਼ਸਤ ਨੇ ਕੁਝ ਹੋਰ ਸਪਸ਼ਟ ਉੱਤਰ ਚਾਹਿਆ। ਉਨ੍ਹਾਂ ਨੇ ਪੁੱਛਿਆ, ''ਮੇਰੀ ਆਤਮਾ ਹੀ ਸਰਬਤ੍ਰ ਹੈ, ਇਹ ਤਾਂ ਮੰਨ ਲਿਆ, ਪਰ, ਪ੍ਰਸ਼ਨ ਇਹ ਹੈ ਕਿ ਮੇਰੀ ਕਿਹੜੀ ਆਤਮਾ? ਉਸਦਾ ਜੋ ਲੱਛਣ ਹੋਵੇ ਉਹ ਦੱਸੋ ਤਾਂ ਕਿ ਅਸੀਂ ਉਸਦਾ ਸਾਹਮਣਾ ਕਰ ਸਕੀਏ।''

''ਮੈਂ ਉਸ ਆਤਮਾ ਦੀ ਗੱਲ ਕਰ ਰਿਹਾ ਹਾਂ ਜਿਸ ਦੇ ਕਾਰਣ ਤੁਹਾਡੇ ਸਰੀਰ ਵਿਚ ਸਾਹ ਦਾ ਲੈਣਾ ਅਤੇ ਕੱਢਣਾ ਹੁੰਦਾ ਹੈ। ਜਿਸ ਨਾਲ ਅਪਾਨ, ਉਦਾਨ ਅਤੇ ਵਿਯਾਨ ਕਿਰਿਆਵਾਂ ਹੁੰਦੀਆਂ ਹਨ। ਇਹ ਪ੍ਰਾਣਵਾਯੂ ਹੀ ਬ੍ਰਹਮ ਹੈ। ਇਹੀ ਸਰਵਾਂਤਰ ਆਤਮਾ ਹੈ। ਇਹੀ ਉਸਦਾ ਪ੍ਰਤੱਖ ਅਤੇ ਅਪ੍ਰਤੱਖ ਬੋਧ ਹੈ। ਉਸੇ ਨੇ ਸਾਨੂੰ ਬਾਹਰੋਂ ਘੇਰਿਆ ਹੋਇਆ ਹੈ ਅਤੇ ਅੰਦਰ ਵੀ ਮੌਜੂਦ ਹੈ। ਉਸੇ ਵਿਚ ਸਥਿਤ ਅਸੀਂ ਆਪਣੇ ਨਾਸ਼ਵਾਨ ਸਰੀਰ ਦੇ ਮਿਟਣ ਉਪਰੰਤ ਲੀਨ ਹੋ ਜਾਂਦੇ ਹਾਂ।'' ਉਸ਼ਸਤ ਨੇ ਕਿਹਾ, ''ਸਪਸ਼ਟ ਤਾਂ ਹੋਇਆ ਪਰ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋਇਆ। ਮੈਨੂੰ ਇਹ ਦੱਸੋ ਜਿਵੇਂ ਲੋਕ ਕਿਸੇ ਬਲਦ ਜਾਂ ਘੋੜੇ ਨੂੰ ਫੜ ਕੇ ਦਿਖਾਉਂਦੇ ਹਨ ਕਿ ਇਹ ਬਲਦ ਹੈ ਅਤੇ ਇਹ ਘੋੜਾ। ਇਸਦਾ ਪ੍ਰਤੱਖ ਬੋਧ ਕਿਵੇਂ ਸੰਭਵ ਹੈ?''

ਯਾਗਵਲਕਯ ਕੁਝ ਦੇਰ ਸੋਚਦੇ ਰਹੇ, ਫਿਰ ਬੋਲੇ, ''ਪ੍ਰਤੱਖ ਬੋਧ ਦੀ ਵੀ ਇਕ ਸੀਮਾ ਹੈ। ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਹੋਂਦ ਦੀ ਪ੍ਰਤੀਤੀ ਕਰਾਈ ਜਾ ਸਕਦੀ ਹੈ, ਪਰ ਉਸ ਰੂਪ ਵਿਚ ਪ੍ਰਤੱਖ ਨਹੀਂ ਕਰਾਇਆ ਜਾ ਸਕਦਾ ਜਿਸ ਰੂਪ ਵਿਚ ਕਿਸੇ ਬਲਦ ਜਾਂ ਘੋੜੇ ਨੂੰ ਪ੍ਰਤੱਖ ਕਰਾਇਆ ਜਾ ਸਕਦਾ ਹੈ। ਗਿਆਤਾ ਨੂੰ ਆਪ ਆਪਣਾ ਪ੍ਰਤੱਖ ਗਿਆਨ ਕਰਾਉਣਾ ਸੰਭਵ ਨਹੀਂ''। ਉਹ ਉਸੇ ਜਾਣੀ ਪਛਾਣੀ ਉਦਾਹਰਣ ਵਲ ਪਰਤੇ ਜਿਸਦਾ ਸਹਾਰਾ ਬ੍ਰਹਮਵਾਦੀਆਂ ਦੁਆਰਾ ਆਮ ਤੌਰ 'ਤੇ ਲਿਆ ਜਾਂਦਾ ਸੀ ਅਤੇ ਜਿਸਨੂੰ ਅਨੇਕਾਂ ਮੌਕਿਆਂ ਤੇ ਉਸ਼ਸਤ ਸੁਣ ਵੀ ਚੁਕੇ ਹੋਣਗੇ।'' ਜਿਨ੍ਹਾਂ ਅੱਖਾਂ ਨਾਲ ਬਾਹਰੀ ਜਗਤ ਨੂੰ ਵੇਖਿਆ ਜਾਂਦਾ ਹੈ, ਉਹ ਆਪਣੇ ਆਪ ਨੂੰ ਨਹੀਂ ਵੇਖ ਸਕਦੀਆਂ। ਜਿਨ੍ਹਾਂ ਕੰਨਾਂ ਨਾਲ ਬਾਹਰ ਦੀਆਂ ਸਾਰੀਆਂ ਧੁਨੀਆਂ ਨੂੰ ਸੁਣਿਆ ਜਾਂਦਾ ਹੈ ਉਹ ਆਪਣੇ ਆਪ ਨੂੰ ਨਹੀਂ ਸੁਣ ਸਕਦੇ। ਜਿਸ ਨੱਕ ਨਾਲ ਬਾਹਰ ਦੀ ਗੰਧ ਸੁੰਘੀ ਜਾਂਦੀ ਹੈ ਉਹ ਆਪਣੇ ਆਪ ਨੂੰ ਨਹੀਂ ਸੁੰਘ ਸਕਦੀ। ਜਿਸ ਜੀਭ ਨਾਲ ਹੋਰ ਪਦਾਰਥਾਂ ਦਾ ਰਸ ਲਿਆ ਜਾਂਦਾ ਹੈ ਉਹ ਆਪਣਾ ਸੁਆਦ ਨਹੀਂ ਜਾਣ ਸਕਦੀ। ਜਿਸ ਤੁੱਚਾ (ਚਮੜੀ) ਨਾਲ ਦੂਜਿਆਂ ਦਾ ਸਪਰਸ਼ ਕੀਤਾ ਜਾਂਦਾ ਹੈ ਉਹ ਆਪਣਾ ਸਪਰਸ਼ ਆਪ ਨਹੀਂ ਕਰ ਸਕਦੀ। ਜਿਸ ਮਨ ਨਾਲ ਇਕ ਦੂਜੇ ਦਾ ਮਨਨ ਕੀਤਾ ਜਾਂਦਾ ਹੈ ਉਹ ਆਪ ਆਪਣਾ ਮਨਨ ਨਹੀਂ ਕਰ ਸਕਦਾ। ਗਿਆਤਾ ਆਪ ਆਪਣਾ ਪ੍ਰਤੱਖ ਬੋਧ ਕਿਵੇਂ ਕਰ ਸਕਦਾ ਹੈ ਉਸ਼ਸਤ? ਇਹ ਤਾਂ ਸੰਭਵ ਹੀ ਨਹੀਂ।''

ਉਸ਼ਸਤ ਦਾ ਆਪਣਾ ਮਤ ਵੀ ਇਹੀ ਰਿਹਾ ਹੋਵੇਗਾ, ਕਿਉਂਕਿ ਇਸ ਪਿਛੋਂ ਉਹ

ਚੁੱਪ ਹੋ ਗਏ। ਉਨ੍ਹਾਂ ਦੇ ਮੁਖ ਉਤੇ ਨਾ ਤਾਂ ਕਿਸੇ ਤਰ੍ਹਾਂ ਦੀ ਖਿਝ ਸੀ ਨਾ ਹਾਰ ਦਾ ਅਹਿਸਾਸ।

## ਬ੍ਰਹਮਵਾਦੀ ਜਾਤਿ ਨੂੰ ਨਹੀਂ ਮੰਨਦੇ

ਉਸ਼ਸਤ ਦੇ ਚੁੱਪ ਹੋਣ ਤੋਂ ਬਾਅਦ ਕਹੋਲ ਉਠੇ। ਉਹ ਕੁਸ਼ੀਤਕ ਦੇ ਪੁੱਤਰ ਸਨ ਅਤੇ ਆਪ ਪ੍ਰਸਿੱਧ ਬ੍ਰਹਮ-ਗਿਆਤਾ ਸਨ। ਉਨ੍ਹਾਂ ਦੇ ਪਿਤਾ ਦਾ ਨਾਂ ਤਾਂ ਸਾਰਾ ਸੰਸਾਰ ਜਾਣਦਾ ਸੀ। ਉਨ੍ਹਾਂ ਦੀਆਂ ਰਚਨਾਵਾਂ ਨੂੰ ਬਹੁਤ ਆਦਰ-ਪੂਰਵਕ ਪੜ੍ਹਿਆ ਜਾਂਦਾ ਸੀ। ਉਨ੍ਹਾਂ ਨੇ ਕਿਹਾ, ''ਸਰਵਾਂਤਰ ਆਤਮਾ ਹੈ, ਇਹ ਤਾਂ ਤੂੰ ਦਸ ਦਿੱਤਾ। ਉਸ ਨੂੰ ਸਥੂਲ ਵਸਤੂਆਂ ਵਾਂਗ ਪ੍ਰਤੱਖ ਨਹੀਂ ਕਰਾਇਆ ਜਾ ਸਕਦਾ। ਪਰ ਉਹ ਕੌਣ ਹੈ ਜਿਸ ਨੂੰ ਜਾਣ ਲੈਣ ਉਪਰੰਤ ਮਨੁੱਖ ਭੁੱਖ, ਪਿਆਸ, ਸ਼ੋਕ, ਮੋਹ, ਜਰਾ, ਮਿਰਤੂ ਤੋਂ ਪਾਰ ਹੋ ਜਾਂਦਾ ਹੈ।''

ਕੁਸ਼ੀਤਕ ਜਿੰਨੇ ਵੀ ਵੱਡੇ ਬ੍ਰਹਮਗਿਆਨੀ ਕਿਉਂ ਨਾ ਰਹੇ ਹੋਣ, ਉਨ੍ਹਾਂ ਦੇ ਪੁੱਤਰ ਦੇ ਵਿਚਾਰਾਂ ਵਿਚ ਕੁਝ ਅਸਪਸ਼ਟਤਾ ਸੀ। ਉਹ ਜਾਂ ਤਾਂ ਯਾਗਵਲਕਯ ਦੇ ਉੱਤਰ ਨੂੰ ਧਿਆਨ ਨਾਲ ਸੁਣ ਨਹੀਂ ਸਕੇ ਜਾਂ ਕਿਸੇ ਕਾਰਣ ਉਨ੍ਹਾਂ ਦੇ ਮਨ ਵਿਚ ਕੋਈ ਅਜਿਹੀ ਗੰਢ ਬਣੀ ਰਹਿ ਗਈ ਸੀ ਜਿਸ ਨਾਲ ਉਹ ਯਾਗਵਲਕਯ ਨੂੰ ਉਲਝਾ ਕੇ ਉਸ ਦਾ ਲਾਭ ਉਠਾਉਣਾ ਚਾਹੁੰਦੇ ਸਨ। ਯਾਗਵਲਕਯ ਨੇ ਕਿਹਾ ਕਿ ਉਹ ਆਪਣਾ ਪ੍ਰਸ਼ਨ ਕੁਝ ਹੋਰ ਸਪਸ਼ਟ ਕਰਨ, ਤਾਂ ਉਹ ਬੋਲੇ, ''ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਸ ਬ੍ਰਹਮ ਨੂੰ ਜਾਂ ਆਪਣੇ ਆਤਮ-ਸਰੂਪ ਨੂੰ ਪਛਾਣ ਲੈਣ ਤੋਂ ਬਾਅਦ ਮਨੁੱਖ ਕਿਸ ਰੂਪ ਵਿਚ ਆਚਰਣ ਕਰਦਾ ਹੈ, ਅਤੇ ਇਸ ਨਾਲ ਕੀ ਬਣਦਾ ਹੈ।''

ਯਾਗਵਲਕਯ ਦਾ ਉੱਤਰ ਸੀ, ''ਸਾਡੀ ਇਹ ਆਤਮਾ ਜੋ ਭੁੱਖ-ਤ੍ਰੇਹ, ਸੋਗ-ਮੋਹ, ਜਰਾ-ਮਿਰਤੂ ਤੋਂ ਪਰੇ ਹੈ ਉਸਨੂੰ ਜਾਣ ਲੈਣ ਤੋਂ ਬਾਅਦ ਬ੍ਰਾਹਮਣ ਪੁੱਤਰ ਦੀ ਕਾਮਨਾ, ਧਨ ਦੀ ਕਾਮਨਾ, ਲੋਕ ਦੀ ਕਾਮਨਾ, ਤੋਂ ਮੁਕਤ ਹੋ ਕੇ ਭਿਖਿਆ ਮੰਗਦਾ ਹੋਇਆ ਵਿਚਰਦਾ ਹੈ। ਇਨ੍ਹਾਂ ਅਕਾਂਖਿਆਵਾਂ ਵਿਚ ਭੇਦ ਨਹੀਂ ਹੈ। ਇਹ ਮੂਲ ਰੂਪ ਵਿਚ ਇਕ ਹੀ ਹਨ। ਜੋ ਪੁੱਤਰ ਦੀ ਇੱਛਾ ਹੈ, ਉਹੀ ਧਨ ਦੀ ਇੱਛਾ ਹੈ, ਅਤੇ ਜੋ ਧਨ ਦੀ ਇੱਛਾ ਹੈ ਉਹੀ ਲੋਕ ਦੀ ਇੱਛਾ ਹੈ। ਇਕ ਦੂਜੇ ਨੂੰ ਪ੍ਰੇਰਿਤ ਕਰਦੀਆਂ ਹਨ ਅਤੇ ਇਹ ਸਾਰੀਆਂ ਮਨੁੱਖ ਨੂੰ ਮੋਹ ਵਿਚ ਪਾ ਕੇ ਉਸਦੀ ਚੇਤਨਾ ਨੂੰ ਮੈਲਾ ਕਰ ਦਿੰਦੀਆਂ ਹਨ। ਇਸ ਲਈ ਬ੍ਰਾਹਮਣ ਉਹੀ ਹੈ ਜੋ ਬ੍ਰਹਮ ਨੂੰ ਜਾਣਦਾ ਹੈ ਅਤੇ ਜੋ ਬ੍ਰਹਮ ਨੂੰ ਜਾਣਦਾ ਹੈ ਉਸਨੂੰ ਚਾਹੀਦਾ ਹੈ ਕਿ ਉਹ ਵਿਦਵਤਾ ਪ੍ਰਾਪਤ ਕਰਨ ਉਪਰੰਤ ਇਸ ਤਰ੍ਹਾਂ ਰਹੇ ਜਿਵੇਂ ਉਹ ਕੁਝ ਨਹੀਂ ਜਾਣਦਾ। ਜਿਵੇਂ ਉਹ ਇਕ ਬੱਚਾ ਹੈ। ਇਸ ਭਾਵ ਦੇ ਉਤਪੰਨ ਹੋ ਜਾਣ ਮਗਰੋਂ ਉਹ ਬ੍ਰਾਹਮਣ ਤੋਂ ਮੁਨੀ ਹੋ ਜਾਂਦਾ ਹੈ ਅਤੇ ਅਮੌਨ ਅਤੇ ਮੌਨ ਦਾ ਪੂਰੀ ਤਰ੍ਹਾਂ ਸੰਪਾਦਨ ਕਰਕੇ ਉਹ ਬ੍ਰਾਹਮਣ ਹੁੰਦਾ ਹੈ। ਕੁਝ ਲੋਕ ਕਹਿਣਗੇ ਕਿ ਇਹ ਤਾਂ ਬ੍ਰਾਹਮਣ ਦਾ ਲਛਣ ਨਹੀਂ ਹੈ। ਬ੍ਰਾਹਮਣ ਤਾਂ ਬ੍ਰਾਹਮਣ-ਪਰਿਵਾਰ ਵਿਚ ਪੈਦਾ ਹੁੰਦਾ ਹੈ ਅਤੇ ਇਸ ਜਨਮ ਦੇ ਕਾਰਣ ਹੀ ਬ੍ਰਾਹਮਣ ਹੁੰਦਾ ਹੈ, ਪਰ ਮੈਂ ਕਹਿੰਦਾ ਹਾਂ ਬ੍ਰਾਹਮਣ ਇਸੇ ਨੂੰ ਕਹਿੰਦੇ ਹਨ। ਬਾਕੀ ਸਾਰੇ ਬ੍ਰਾਹਮਣ ਨਹੀਂ ਹਨ। ਉਹ ਤਾਂ ਮੌਤ ਅਤੇ ਸੋਗ ਦੀ ਗ੍ਰਾਹੀ ਹਨ –

**ਬਾਲਯੰ ਚ ਪਾਂਡਿਤਯੰ ਚ ਨਿਰਵਿਦਯ ਅਥ ਮੁਨਿः। ਮੌਨੰ ਚ ਅਮੌਨੰ ਚ**

**ਨਿਰਵਿਦਯ ਅਥ ਬ੍ਰਾਹਮਣ:। ਸ: ਬ੍ਰਾਹਮਣ: ਕੇਨ ਸਯਾਤ। ਯੇਨ ਸਯਾਤ ਤੇਨ ਈਦ੍ਰਿਸ਼ ਏਵ ਅਤੋ ਅਨਯਤ ਆਰਤਮ।''**

ਕਹੋਲ ਚੁੱਪ ਹੋ ਗਏ। ਯਾਗਵਲਕਯ ਦੇ ਵਿਚਾਰਾਂ ਵਿਚ ਜੋ ਅੱਗ ਸੀ, ਵਰਣ ਵਿਵਸਥਾ ਬਾਰੇ ਜੋ ਛਿਪੀ ਚੁਣੌਤੀ ਸੀ, ਉਹ ਸ਼ਾਇਦ ਉਨ੍ਹਾਂ ਦੀ ਇਕਲੀ ਸੂਝ ਨਹੀਂ ਸੀ। ਇਹ ਅੱਗ ਤਤਕਾਲੀਨ ਬੁੱਧੀ-ਜੀਵੀਆਂ ਅਤੇ ਤੱਤ-ਚਿੰਤਕਾਂ ਦੇ ਮਨ ਵਿਚ ਭਰ ਗਈ ਸੀ। ਤਾਂ ਹੀ ਕੋਈ ਉਨ੍ਹਾਂ ਦਾ ਵਿਰੋਧ ਨਹੀਂ ਕਰ ਰਿਹਾ ਸੀ। ਯਾਗਵਲਕਯ ਦੀ ਆਪਣੀ ਵਿਸ਼ੇਸ਼ਤਾ ਇਹ ਸੀ ਕਿ ਉਹ ਸਿੱਧਾਂਤਿਕ ਗੱਲ-ਬਾਤ ਕਰਨ ਵਿਚ ਬਹੁਤ ਪ੍ਰਬੀਨ ਸਨ ਅਤੇ ਇਸ ਲਈ ਕਿਸੇ ਵੀ ਗੱਲ ਨੂੰ ਜ਼ਿਆਦਾ ਓਜਸਵੀ ਰੂਪ ਵਿਚ, ਜ਼ਿਆਦਾ ਸਪਸ਼ਟਤਾ ਨਾਲ ਪੇਸ਼ ਕਰ ਲੈਂਦੇ ਸਨ।

## ਅਤਿ-ਪ੍ਰਸ਼ਨ ਤੋਂ ਬਚੋ

ਹੁਣ ਵਚਕਨੁ ਦੀ ਪੁੱਤਰੀ ਗਾਰਗੀ ਨੇ ਅਜਿਹੇ ਸਵਾਲ ਪੁੱਛਣੇ ਸ਼ੁਰੂ ਕੀਤੇ ਜਿਨ੍ਹਾਂ ਦਾ ਸੰਬੰਧ ਉਪਨਿਸ਼ਦ ਕਾਲੀਨ ਬ੍ਰਹਿਮੰਡ-ਦਰਸ਼ਨ ਅਤੇ ਸ੍ਰਿਸ਼ਟੀ-ਚੱਕਰ ਨਾਲ ਸੀ। ਸਵਾਲ ਛੋਟੇ ਅਤੇ ਜਵਾਬ ਉਸ ਤੋਂ ਵੀ ਛੋਟੇ। ਗਾਰਗੀ ਵਾਚਕਨਵੀ ਨੇ ਪੁੱਛਿਆ, ''ਸਭ ਕੁਝ ਤਾਂ ਜਲ ਵਿਚ ਓਤਪ੍ਰੋਤ ਹੈ ਫਿਰ ਜਲ ਕਿਸ ਤੋਂ ਓਤਪ੍ਰੋਤ ਹੈ?''

ਯਾਗਵਲਕਯ ਨੇ ਕਿਹਾ, ''ਵਾਯੂ ਵਿਚ।''

''ਵਾਯੂ ਕਿਸ ਵਿਚ ਓਤਪ੍ਰੋਤ ਹੈ?''

''ਆਕਾਸ਼ ਲੋਕ ਵਿਚ''।

''ਆਕਾਸ਼ ਲੋਕ ਕਿਸ ਵਿਚ ਓਤਪ੍ਰੋਤ ਹੈ?''

''ਗੰਧਰਵ ਲੋਕ ਵਿਚ।''

''ਗੰਧਰਵ ਲੋਕ ਕਿਸ ਵਿਚ ਓਤਪ੍ਰੋਤ ਹੈ?''

''ਸੂਰਜ (ਆਦਿਤਯ) ਲੋਕ ਵਿਚ।''

''ਸੂਰਜ (ਆਦਿਤਯ) ਲੋਕ ਕਿਸ ਵਿਚ ਓਤਪ੍ਰੋਤ ਹੈ?''

''ਚੰਦ੍ਰ ਲੋਕਾਂ ਵਿਚ।''

''ਚੰਦ੍ਰ ਲੋਕ ਕਿਸ ਵਿਚ ਓਤਪ੍ਰੋਤ ਹਨ?''

''ਨਛੱਤਰ ਲੋਕਾਂ ਵਿਚ।''

''ਨੱਛਤਰ ਲੋਕ ਕਿਸ ਵਿਚ ਓਤਪ੍ਰੋਤ ਹਨ?''

''ਦੇਵ ਲੋਕ ਵਿਚ।''

''ਦੇਵ ਲੋਕ ਕਿਸ ਵਿਚ ਸਮਾਇਆ ਹੋਇਆ ਹੈ?''

ਇਸ ਕ੍ਰਮ ਨਾਲ ਦੇਵ ਲੋਕ ਇੰਦਰ ਲੋਕ ਵਿਚ, ਇੰਦਰ ਲੋਕ ਪ੍ਰਜਾਪਤੀ ਲੋਕ ਵਿਚ ਅਤੇ ਪ੍ਰਜਾਪਤੀ ਲੋਕ ਬ੍ਰਹਮ ਲੋਕ ਵਿਚ ਸਮੋਇਆ ਹੋਇਆ ਦੱਸਿਆ ਗਿਆ ਹੈ। ਇਸ ਤੇ ਜਦੋਂ ਵਾਚਕਨਵੀ ਗਾਰਗੀ ਨੇ ਪੁੱਛਿਆ, ''ਬ੍ਰਹਮਲੋਕ ਕਿਸ ਵਿਚ ਸਮਾਹਿਤ ਹੈ?''

ਤਾਂ ਯਾਗਵਲਕਯ ਬੋਲੇ, "ਗਾਰਗੀ ਇਹ ਅਤਿ-ਪ੍ਰਸ਼ਨ ਹੈ। ਸਾਰੀਆਂ ਜਿਗਿਆਸਾਵਾਂ ਦਾ ਇਕ ਅੰਤਿਮ ਬਿੰਦੂ ਹੈ ਜਿਸ ਤੋਂ ਅਗੇ ਨਾ ਤਾਂ ਪ੍ਰਸ਼ਨ ਹੋ ਸਕਦੇ ਹਨ, ਨਾ ਉੱਤਰ ਦਿੱਤੇ ਜਾ ਸਕਦੇ ਹਨ। ਇਨ੍ਹਾਂ ਬਾਰੇ ਜੋ ਕੁਝ ਸ਼ਾਸਤ੍ਰਾਂ ਵਿਚ ਲਿਖਿਆ ਹੈ ਜਾਂ ਜੋ ਕੁਝ ਵਿਸ਼ਵਾਸ ਕਰਨ ਯੋਗ ਲੋਕੀਂ ਕਹਿੰਦੇ ਹਨ, ਉਸ ਨੂੰ ਮੰਨ ਲੈਣਾ ਹੀ ਕਾਫੀ ਹੈ। ਅਤਿ-ਪ੍ਰਸ਼ਨ ਕਰੇਂਗੀ ਤਾਂ ਤੇਰਾ ਮਸਤਕ ਡਿਗ ਜਾਏਗਾ – **ਮਾ ਅਤਿਪ੍ਰਾਕਸ਼ੀ : ਮਾ ਤੇ ਮੂਰਧਾ ਵਯਪਪਤਤ।**"

ਗਾਰਗੀ ਤਾਂ ਡਰ ਕੇ ਜਾਂ ਜਿਵੇਂ ਵੀ ਚੁੱਪ ਹੋ ਗਈ। ਸਾਡੇ ਮਨ ਵਿਚ ਇਹ ਪ੍ਰਸ਼ਨ ਬਣਿਆਂ ਹੀ ਰਹਿ ਜਾਂਦਾ ਹੈ ਕਿ ਕੀ ਬ੍ਰਹਮਵਾਦੀ ਲੋਕ ਵੀ ਲੋਕਾਂ ਨੂੰ ਡਰਾ ਧਮਕਾ ਕੇ ਚੁੱਪ ਕਰਾ ਦਿੰਦੇ ਸਨ? ਇਹ ਉੱਤਰ ਕੀ ਕਾਫ਼ੀ ਨਹੀਂ ਸੀ ਕਿ ਇਸ ਦੇ ਬਾਰੇ ਤਾਂ ਮੈਨੂੰ ਵੀ ਕੁਝ ਨਹੀਂ ਪਤਾ। ਕੀ ਜਿਸ ਤਰ੍ਹਾਂ ਉਨ੍ਹਾਂ ਨੇ ਆਰਤਭਾਗ ਨੂੰ ਕਿਹਾ ਸੀ, ਇਸ ਪ੍ਰਸ਼ਨ ਦਾ ਉੱਤਰ ਤਾਂ ਮੈਨੂੰ ਵੀ ਨਹੀਂ ਆਉਂਦਾ, ਚਲੋ ਇਕਾਂਤ ਵਿਚ ਮਿਲ ਕੇ ਇਸ ਬਾਰੇ ਵਿਚਾਰ ਕਰਦੇ ਹਾਂ, ਉਹੋ ਜਿਹਾ ਕੋਈ ਜਵਾਬ ਉਹ ਗਾਰਗੀ ਨੂੰ ਦੇ ਨਹੀਂ ਸਨ ਸਕਦੇ। ਸ਼ਾਇਦ ਉਹ ਇਸ ਨੂੰ ਵਿਚਾਰਣਯੋਗ ਹੀ ਨਹੀਂ ਸਨ ਮੰਨਦੇ। ਪ੍ਰਸ਼ਨ ਕਰਨ ਵਾਲੇ ਨੂੰ ਪ੍ਰਸ਼ਨ ਦੀ ਮਰਿਆਦਾ ਦਾ ਉਲੰਘਣ ਨਹੀਂ ਕਰਨਾ ਚਾਹੀਦਾ। ਉਸ ਨੂੰ ਅਜਿਹਾ ਪ੍ਰਸ਼ਨ ਨਹੀਂ ਕਰਨਾ ਚਾਹੀਦਾ ਜਿਸ ਦਾ ਉੱਤਰ ਕੋਈ ਦੇ ਹੀ ਨਹੀਂ ਸਕਦਾ। ਪਰ ਇਹ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਥੋੜ੍ਹੀ ਜਿਹੀ ਧੌਂਸ ਦਿਖਾਣ ਨਾਲ ਅਜਿਹੇ ਲੋਕਾਂ ਨੂੰ ਵੀ ਕੰਮ ਲੈਣਾ ਪੈਂਦਾ ਸੀ ਜੋ ਇਸ ਨੂੰ ਚੰਗੀ ਚੀਜ਼ ਨਹੀਂ ਮੰਨਦੇ ਸਨ।

### ਵਾਯੂ ਧਾਗਾ ਹੈ

ਅਰੁਣ ਰਿਸ਼ੀ ਦਾ ਪੁੱਤਰ ਉਦਾਲਕ ਬਹੁਤ ਡੂੰਘੀ ਸੂਝ-ਬੂਝ ਰਖਦਾ ਸੀ। ਜਦੋਂ ਸਾਰੇ ਇਕ ਇਕ ਕਰਕੇ ਯਾਗਵਲਕਯ ਦੀ ਸ੍ਰੇਸ਼ਠਤਾ ਨੂੰ ਸਵੀਕਾਰ ਕਰਦੇ ਅਤੇ ਇਸ ਬਾਰੇ ਨਿਰਾਸ਼ ਹੁੰਦੇ ਜਾ ਰਹੇ ਸਨ ਕਿ ਉਸਨੂੰ ਕੋਈ ਨਿਰੁੱਤਰ ਨਹੀਂ ਕਰ ਸਕਦਾ, ਉਦੋਂ ਵੀ ਉਸਦੀ ਨਜ਼ਰ ਗਊਆਂ ਉਤੇ ਟਿਕੀ ਹੋਈ ਸੀ। ਅਤੇ ਉਹ ਇਕ ਅਜਿਹਾ ਜਟਿਲ ਪ੍ਰਸ਼ਨ ਤਿਆਰ ਕਰਨ ਵਿਚ ਲਗਾ ਹੋਇਆ ਸੀ ਜਿਸਦਾ ਉੱਤਰ ਯਾਗਵਲਕਯ ਤੋਂ ਨਾ ਦਿੱਤਾ ਜਾ ਸਕੇ।

ਆਪਣੇ ਬਾਰੇ ਉਸਨੇ ਜੋ ਕੁਝ ਦੱਸਿਆ ਉਸ ਤੋਂ ਇਹ ਪ੍ਰਗਟ ਹੋ ਰਿਹਾ ਸੀ ਕਿ ਜਾਂ ਤਾਂ ਉਹ ਵੀ ਉਸ ਘੁਮੱਕੜ ਦਲ ਵਿਚ ਸ਼ਾਮਿਲ ਸੀ ਜੋ ਮਦ੍ਰ ਦੇਸ਼ ਵਿਚ ਉਸ ਵੇਲੇ ਪਹੁੰਚਿਆ ਸੀ ਜਦੋਂ ਹਨੂਮਾਨ ਜੀ ਦੇ ਗੋਤ ਵਾਲੇ ਕਪੀ ਪੰਤਜਲ ਦੀ ਕੰਨਿਆ ਵਿਚ ਯਕਸ਼ ਦਾ ਪ੍ਰਵੇਸ਼ ਹੋਇਆ ਸੀ, ਯਾ ਉਨ੍ਹਾਂ ਤੋਂ ਇਸ ਵਿਚਿਤ੍ਰ ਘਟਨਾ ਦੀ ਚਰਚਾ ਸੁਣ ਕੇ ਕੋਈ ਦੂਜਾ ਦਲ ਉਥੇ ਪਹੁੰਚਿਆ ਸੀ, ਜਿਸ ਵਿਚ ਉਹ ਸ਼ਾਮਿਲ ਹੋਇਆ ਸੀ। ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਸਨੂੰ ਭੁਜਯੁ ਨੇ ਕੰਨਿਆ ਸਮਝ ਲਿਆ ਸੀ ਉਹ ਪੰਤਜਲ ਦੀ ਪਤਨੀ ਸੀ। ਉਸਨੂੰ ਆਪਣੀ ਸੁੰਦਰਤਾ ਤੇ ਬਹੁਤ ਮਾਣ ਸੀ। ਦੂਜਿਆਂ ਤੋਂ ਪ੍ਰਸ਼ੰਸਾ ਕਰਾਉਣ ਦੀ ਇਤਨੀ ਭੁੱਖ ਕਿ ਜਦੋਂ ਕੋਈ ਸੁੰਦਰ ਨੌਜੁਆਨ ਬਾਹਰ ਤੋਂ ਭਿਖਿਆ ਮੰਗਣ ਲਈ ਫੇਰੀ ਲਗਾਉਂਦਾ ਹੋਇਆ ਉਥੇ ਪਹੁੰਚ ਜਾਂਦਾ ਤਾਂ ਉਸ ਨੂੰ ਹਿਸਟੀਰਿਆ ਦਾ ਦੌਰਾ ਪੈ ਜਾਇਆ ਕਰਦਾ। ਜਦੋਂ ਆਰੁਣਿ ਉਦਾਲਕ ਉਥੇ ਪਹੁੰਚੇ ਤਾਂ ਉਸ ਨੂੰ ਫਿਰ ਦੌਰਾ ਪੈ ਗਿਆ। ਸੰਭਵ ਹੈ ਇਹ ਦਲ ਕੁਝ ਸ਼ਰਾਰਤੀ ਵੀ ਹੋਵੇ, ਇਸ ਲਈ ਕੋਈ ਬਹਾਨਾ ਬਣਾ ਕੇ ਉਦੋਂ ਤਕ

ਉਥੇ ਹੀ ਰਹਿ ਗਿਆ ਹੋਵੇ ਜਦੋਂ ਤਕ ਕਿ ਉਸ ਨੂੰ ਹੋਰ ਦੌਰਾ ਨਾ ਪੈ ਜਾਵੇ। ਦੂਜੀ ਸੰਭਾਵਨਾ ਇਸ ਲਈ ਜ਼ਿਆਦਾ ਠੀਕ ਲਗਦੀ ਹੈ ਕਿ ਇਨ੍ਹਾਂ ਸਾਹਮਣੇ ਗੰਧਰਵ ਨੇ ਕੁਝ ਭਿੰਨ ਰਹੱਸਾਂ ਉਤੇ ਪ੍ਰਕਾਸ਼ ਪਾਇਆ ਸੀ।

ਅਰੁਣਿ ਨੇ ਦੱਸਿਆ, ''ਇਕ ਵਕਤ ਦੀ ਗੱਲ ਹੈ ਕਿ ਅਸੀਂ ਯੱਗ-ਵਿਦਿਆ ਦਾ ਅਧਿਐਨ ਕਰਦੇ ਹੋਏ ਮਦ੍ਰ ਦੇਸ਼ ਵਿਚ ਕਪਿ ਗੋਤ ਵਿਚ ਉਤਪੰਨ ਪਤੰਜਲ ਦੇ ਘਰ ਰਹਿੰਦੇ ਸਾਂ। ਉਸਦੀ ਪਤਨੀ ਨੂੰ ਗੰਧਰਵ ਦਾ ਆਵੇਸ਼ ਹੁੰਦਾ ਰਹਿੰਦਾ ਸੀ। ਅਸੀਂ ਉਸ ਗੰਧਰਵ ਨੂੰ ਪੁੱਛਿਆ, ''ਤੂੰ ਕੌਣ ਹੈ? ਤਾਂ ਉਹ ਬੋਲਿਆ, ਮੈਂ ਆਥਰਵਨ ਕਬੰਧ ਹਾਂ।

ਉਸ ਗੰਧਰਵ ਨੇ ਕਪੀ ਪਤੰਜਲ ਤੋਂ ਪੁੱਛਿਆ, ਕੀ ਤੂੰ ਉਸ ਸੂਤਰ ਨੂੰ ਜਾਣਦਾ ਹੈ ਜਿਸਦੇ ਰਾਹੀਂ ਇਹ ਲੋਕ, ਪਰਲੋਕ ਅਤੇ ਸਾਰੇ ਭੂਤ ਬੰਨ੍ਹੇ ਹੋਏ ਹਨ?

ਪਤੰਜਲ ਨੇ ਮੁੜ ਆਪਣੀ ਨਿਰਲੇਪਤਾ ਪ੍ਰਗਟ ਕੀਤੀ।

ਇਸ 'ਤੇ ਉਸ ਗੰਧਰਵ ਨੇ ਕਿਹਾ, ਕਾਪਯ, ਜੋ ਉਸ ਸੂਤਰ ਨੂੰ ਅਤੇ ਉਸ ਅੰਤਰਯਾਮੀ ਨੂੰ ਜਾਣਦਾ ਹੈ ਉਹ ਬ੍ਰਹਮ-ਗਿਆਤਾ ਹੈ, ਲੋਕ-ਗਿਆਤਾ ਹੈ, ਦੇਵ-ਗਿਆਤਾ ਹੈ, ਭੂਤ-ਗਿਆਤਾ ਹੈ, ਆਤਮ-ਗਿਆਤਾ ਹੈ, ਅਤੇ ਸਭ ਕੁਝ ਜਾਣਨਹਾਰ ਹੈ। ਫਿਰ ਉਸ ਗੰਧਰਵ ਨੇ ਪਤੰਜਲ ਨੂੰ ਭਾਵ ਉਥੇ ਹਾਜ਼ਰ ਸਾਰਿਆਂ ਨੂੰ ਇਹ ਦੱਸਿਆ ਕਿ ਉਹ ਸੂਤਰ ਕੀ ਹੈ ਅਤੇ ਉਹ ਅੰਤਰਯਾਮੀ ਕੌਣ ਹੈ। ਉਥੇ ਮੈਂ ਵੀ ਹਾਜ਼ਰ ਸਾਂ। ਇਸ ਲਈ ਇਹ ਭੇਦ ਮੈਂ ਵੀ ਜਾਣਦਾ ਹਾਂ।''

ਇਸ ਅਸਾਧਾਰਣ ਗਿਆਨ ਦੇ ਬਲ 'ਤੇ ਉਨ੍ਹਾਂ ਨੇ ਯਾਗਵਲਕਯ ਨੂੰ ਚੁਣੌਤੀ ਦਿੰਦੇ ਹੋਇਆਂ ਕਿਹਾ, ''ਕੀ ਆਪ ਦੱਸ ਸਕਦੇ ਹੋ ਕਿ ਉਹ ਸੂਤਰ ਕੀ ਹੈ ਅਤੇ ਉਹ ਅੰਤਰਯਾਮੀ ਕੌਣ ਹੈ? ਜੇ ਤੂੰ ਉਸ ਸੂਤਰ ਨੂੰ ਅਤੇ ਉਸ ਅੰਤਰਜਾਮੀ ਨੂੰ ਜਾਣੇ ਬਿਨਾਂ ਗਊਆਂ ਨੂੰ ਲੈ ਜਾਏਂਗਾ ਤਾਂ ਤੇਰਾ ਸਿਰ ਕੱਟ ਕੇ ਡਿੱਗ ਪਵੇਗਾ।''

ਯਾਗਵਲਕਯ ਨੂੰ ਉਹ ਸੂਤਰ ਵੀ ਪਤਾ ਸੀ ਅਤੇ ਉਸ ਅੰਤਰਯਾਮੀ ਨੂੰ ਵੀ ਜਾਣਦੇ ਸਨ।

ਉਦਾਲਕ ਨੇ ਕਿਹਾ, ''ਜਾਣਦੇ ਹੋ ਤਾਂ ਦੱਸੋ। 'ਜਾਣਦਾ ਹਾਂ' ਕਹਿਣ ਨਾਲ ਕੀ ਹੁੰਦਾ ਹੈ। ਇਸ ਤਰ੍ਹਾਂ ਤਾਂ ਕੋਈ ਵੀ ਫੜ੍ਹ ਮਾਰ ਸਕਦਾ ਹੈ। ਦੱਸ ਕਿ ਤੂੰ ਇਸ ਬਾਰੇ ਕੀ ਜਾਣਦਾ ਹੈਂ?''

ਯਾਗਵਲਕਯ ਨੇ ਕਿਹਾ, ''ਇਹ ਲੋਕ, ਪਰਲੋਕ, ਸਾਰੇ ਭੂਤ ਸਮੂਹ, ਵਾਯੂ ਰੂਪੀ ਸੂਤਰ ਨਾਲ ਬੰਨ੍ਹੇ ਹੋਏ ਹਨ। ਆਦਮੀ ਜਦੋਂ ਮਰ ਜਾਂਦਾ ਹੈ ਤਾਂ ਉਸ ਦੀ ਪ੍ਰਾਣ-ਵਾਯੂ ਨਿਕਲ ਜਾਂਦੀ ਹੈ ਅਤੇ ਇਸੇ ਕਾਰਣ ਲੋਕ ਕਹਿੰਦੇ ਹਨ ਇਸ ਦੇ ਅੰਗ ਢਿੱਲੇ ਪੈ ਗਏ ਹਨ।''

ਆਰੁਣਿ ਉਦਾਲਕ ਨੇ ਕਿਹਾ, ''ਠੀਕ ਹੈ। ਇਸ ਉੱਤਰ ਨਾਲ ਮੈਂ ਸੰਤੁਸ਼ਟ ਹਾਂ, ਪਰ ਅੰਤਰਯਾਮੀ ਦਾ ਵਰਣਨ ਕਰੋ।''

ਹੁਣ ਯਾਗਵਲਕਯ ਨੂੰ ਇਕ-ਇਕ ਪਿੰਡ ਅਤੇ ਸੱਤਾ ਦਾ ਨਾਂ ਲੈ ਕੇ ਸਮਝਾਉਣਾ ਸੀ ਕਿ ਉਨ੍ਹਾਂ ਦੇ ਅੰਦਰ ਕੌਣ ਵਿਦਮਾਨ ਹੈ, ਕਿਉਂਕਿ ਇਸ ਤਰ੍ਹਾਂ ਦੇ ਵਿਵੇਚਨ ਵੇਲੇ

ਸਮਾਂ ਜਿੰਨਾ ਵੀ ਲੱਗੇ, ਇਸ ਤੋਂ ਬਿਨਾਂ ਸ੍ਰੋਤਿਆਂ ਨੂੰ ਸਪਸ਼ਟ ਰੂਪ ਵਿਚ ਕੋਈ ਗੱਲ ਸਮਝ ਵਿਚ ਆ ਹੀ ਨਹੀਂ ਸਕਦੀ ਸੀ ਅਤੇ ਜੇ ਕੋਈ ਪਦਾਰਥ ਜਾਂ ਪਿੰਡ ਗਿਣਨ ਵਿਚ ਆਉਣੋਂ ਰਹਿ ਗਿਆ ਤਾਂ ਫਿਰ ਸ਼ੰਕਾ ਕੀਤੀ ਜਾ ਸਕਦੀ ਸੀ ਕਿ ਉਸ ਦੇ ਅੰਦਰ ਕੌਣ ਹੈ ਅਤੇ ਕੌਣ ਉਸਨੂੰ ਜਾਣਦਾ ਹੈ ਅਤੇ ਅੰਦਰੋਂ ਉਸ ਨੂੰ ਸੰਚਾਲਿਤ ਅਤੇ ਨਿਯਮਿਤ ਕਰਦਾ ਹੈ, ਪਰ ਉਹ ਉਸ ਨੂੰ ਜਾਣਦਾ ਨਹੀਂ। ਇਹ ਇਕ ਲੰਮਾ ਵਿਖਿਆਨ ਸੀ ਜੋ ਅੱਜ ਦੇ ਪਾਠਕਾਂ ਲਈ ਕੁਝ ਅਕਾਊ ਅਤੇ ਭਗਤਾਂ ਲਈ ਅਤਿਅੰਤ ਸੰਖਿਪਤ ਅਤੇ ਸੂਤਰਬੱਧ ਪ੍ਰਤੀਤ ਹੋ ਸਕਦਾ ਹੈ।

ਯਾਗਵਲਕਯ ਨੇ ਕਿਹਾ, ''ਜੋ ਧਰਤੀ ਦੇ ਅੰਦਰ ਰਹਿੰਦਾ ਹੈ, ਧਰਤੀ ਜਿਸਦਾ ਸਰੀਰ ਹੈ, ਜੋ ਅੰਦਰ ਰਹਿ ਕੇ ਪ੍ਰਿਥਵੀ ਦੀ ਗਤੀ ਅਤੇ ਪ੍ਰਕ੍ਰਿਤੀ ਨੂੰ ਨਿਯਮਿਤ ਅਤੇ ਸੰਚਾਲਿਤ ਕਰਦਾ ਹੈ, ਉਹ ਤੇਰੀ ਆਤਮਾ ਹੀ ਅੰਤਰਯਾਮੀ ਅਮ੍ਰਿਤ ਹੈ। ਜੋ ਜਲ ਵਿਚ ਰਹਿੰਦਾ ਹੈ, ਜਲ ਹੀ ਜਿਸਦਾ ਰੀਰ ਹੈ। ਜਲ ਨੂੰ ਜੋ ਅੰਦਰ ਤੋਂ ਨਿਯਮਿਤ ਕਰਦਾ ਹੈ ਉਹ ਅਮ੍ਰਿਤ ਅੰਤਰਯਾਮੀ ਵੀ ਤੁਹਾਡੀ ਆਤਮਾ ਹੀ ਹੈ।'' ਇਹੀ ਗੱਲ ਉਨ੍ਹਾਂ ਨੇ ਅਗਨੀ, ਖਗੋਲ, ਵਾਯੂ, ਪ੍ਰਕਾਸ਼-ਲੋਕ, ਸੂਰਜ, ਦਿਸ਼ਾਵਾਂ, ਚੰਦ੍ਰ ਲੋਕਾਂ, ਨਛੱਤਰਾਂ, ਆਕਾਸ਼ਾਂ, ਅੰਧਕਾਰ, ਤੇਜ, ਸਾਰੇ ਭੂਤ ਸਮੁਦਾਵਾਂ, ਪ੍ਰਾਣਾਂ, ਉੱਚਾਰਾਂ, ਚਕਸ਼ੂਆਂ (ਅੱਖਾਂ), ਕੰਨਾਂ, ਮਨਾਂ, ਤੁੱਚਾਵਾਂ, ਜਲਾਂ, ਗਿਆਨਾਂ, ਵਿਗਿਆਨਾਂ ਬਾਰੇ ਸਪਸ਼ਟ ਰੂਪ ਵਿਚ ਦੁਹਰਾਈ ਅਤੇ ਦੱਸਿਆ, ''ਇਨ੍ਹਾਂ ਵਿਚੋਂ ਹਰ ਇਕ ਦੇ ਅੰਦਰ ਵਰਤਮਾਨ ਹੁੰਦਿਆਂ ਹੋਇਆਂ, ਉਨ੍ਹਾਂ ਨੂੰ ਨਿਯਮਿਤ ਅਤੇ ਨਿਰਦੇਸ਼ਿਤ ਕਰਦੇ ਹੋਇਆਂ ਵੀ ਉਹ ਇਨ੍ਹਾਂ ਲਈ ਅਗਿਆਤ ਅਤੇ ਅਦ੍ਰਿਸ਼ ਰਹਿ ਜਾਂਦਾ ਹੈ। ਉਹ ਆਪ ਦਿਖਾਈ ਨਹੀਂ ਦਿੰਦਾ, ਪਰ ਦ੍ਰਸ਼ਟਾ ਹੈ, ਸੁਣਦਾ ਹੈ ਪਰ ਸੁਣਿਆ ਨਹੀਂ ਜਾਂਦਾ, ਮਨਨ ਕਰਦਾ ਹੈ ਪਰ ਮਨਨ ਹੁੰਦਾ ਨਹੀਂ। ਜਾਣਦਾ ਹੈ, ਪਰ ਜਾਣਿਆਂ ਨਹੀਂ ਜਾਂਦਾ – **ਅਦ੍ਰਿਸ਼ਟਃ ਦ੍ਰਸ਼ਟਾ, ਅਸ਼ਰੁਤਃ ਸ੍ਰੋਤਾ, ਅਮਤਃ ਮੰਤਾ, ਅਵਿਗਿਆਤਃ ਵਿਗਿਆਤਾ। ਨ ਅਨਯਃ ਅਤਃ ਅਸਿਤ ਦ੍ਰਸ਼ਟਾ, ਨ ਅਨਯਃ ਅਸਤਿ ਮੰਤਾਃ ਨ ਅਨਯਃ ਅਸਤਿ ਵਿਗਿਆਤਾ।** ਉਨ੍ਹਾਂ ਤੋਂ ਭਿੰਨ ਕੋਈ ਦ੍ਰਸ਼ਟਾ ਸ੍ਰੋਤਾ, ਮੰਤਾ, ਵਿਗਿਆਤਾ ਹੈ ਹੀ ਨਹੀਂ। ਕੇਵਲ ਉਹੀ ਹੈ। ਉਸ ਤੋਂ ਭਿੰਨ ਸਭ ਕੁਝ ਨਾਸ਼ਵਾਨ ਹੈ।''

ਆਰੁਣਿ ਅਵਾਕ ਰਹਿ ਗਿਆ।

## ਫਿਰ ਉਹੀ ਗਾਰਗੀ

ਹੁਣ ਯਾਗਵਲਕਯ ਦੀ ਪ੍ਰਤਿਭਾ ਅਤੇ ਬ੍ਰਹਮ-ਗਿਆਨ ਦੇ ਸਾਰੇ ਕਾਇਲ ਹੋ ਗਏ ਸਨ। ਪਰ ਇਸੇ ਵੇਲੇ ਗਾਰਗੀ ਸਾਰੇ ਵਿਦਵਾਨਾਂ ਨੂੰ ਸੰਬੋਧਿਤ ਕਰਦਿਆਂ ਬੋਲੀ, ''ਹੁਣ ਅੰਤ ਵਿਚ ਮੈਂ ਯਾਗਵਲਕਯ ਤੋਂ ਦੋ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ। ਜੇ ਉਨ੍ਹਾਂ ਨੇ ਇਸਦਾ ਉੱਤਰ ਦੇ ਦਿੱਤਾ ਤਾਂ ਮੰਨਣਾ ਪਵੇਗਾ ਕਿ ਬ੍ਰਹਮ ਬਾਰੇ ਵਿਚਾਰ-ਵਟਾਂਦਰੇ ਵਿਚ ਉਨ੍ਹਾਂ ਨੂੰ ਕੋਈ ਪਛਾੜ ਨਹੀਂ ਸਕਦਾ। ਜੇ ਆਪ ਸਾਰੇ ਆਗਿਆ ਦਿਓ ਤਾਂ ਮੈਂ ਉਨ੍ਹਾਂ ਤੋਂ ਇਹ ਪ੍ਰਸ਼ਨ ਪੁੱਛਾਂ।''

ਸਾਰਿਆਂ ਨੇ ਇਸ ਦੀ ਆਗਿਆ ਦੇ ਦਿੱਤੀ। ਗਾਰਗੀ ਹੁਣ ਯਾਗਵਲਕਯ ਵਲ ਮੁੜੀ ਅਤੇ ਚੁਣੌਤੀ ਭਰੇ ਸੁਰ ਵਿਚ ਆਖਿਆ, ''ਯਾਗਵਲਕਯ, ਕਾਸ਼ੀ ਜਾਂ ਵਿਦੇਹ ਦਾ ਕੋਈ

ਯੋਧਾ ਜਿਵੇਂ ਯੁੱਧ-ਭੂਮੀ ਵਿਚ ਧਨੁਸ਼ ਚੜ੍ਹਾ ਕੇ ਦੋ ਤਿੱਖੇ ਕਸ਼ਟ-ਦਾਇਕ ਬਾਣ ਲੈ ਕੇ ਖੜ੍ਹੋਤਾ ਹੋਵੇ, ਉਸੇ ਤਰ੍ਹਾਂ ਦੇ ਦੋ ਤਿੱਖੇ ਪ੍ਰਸ਼ਨ ਲੈ ਕੇ ਮੈਂ ਆਪ ਅੱਗੇ ਖੜ੍ਹੋਤੀ ਹਾਂ। ਜੇ ਆਗਿਆ ਹੋਵੇ ਤਾਂ ਮੈਂ ਇਹ ਪ੍ਰਸ਼ਨ ਆਪ ਜੀ ਨੂੰ ਕਰਾਂ?''

ਯਾਗਵਲਕਯ ਨੇ ਕਿਹਾ, ''ਪੁੱਛੋ। ਜੋ ਵੀ ਪੁੱਛਣਾ ਚਾਹੋ, ਪੁੱਛੋ।''

ਗਾਰਗੀ ਨੇ ਕਿਹਾ, ''ਜੋ ਪ੍ਰਕਾਸ਼ ਲੋਕ ਤੋਂ ਉਤੇ ਹੈ ਅਤੇ ਧਰਤੀ ਦੇ ਹੇਠਾਂ ਹੈ, ਪ੍ਰਕਾਸ਼ ਲੋਕ ਤੇ ਪ੍ਰਿਥਵੀ ਦੇ ਵਿਚ ਵਿਚਾਲੇ ਹੈ ਅਤੇ ਜਿਸ ਵਿਚ ਇਹ ਧਰਤੀ, ਪ੍ਰਕਾਸ਼-ਲੋਕ, ਭੂਤ, ਵਰਤਮਾਨ ਅਤੇ ਭਵਿਖਤ ਸਾਰੇ ਓਤਪ੍ਰੋਤ ਹਨ, ਉਹ ਕੀ ਹੈ?

ਇਸ ਦਾ ਜੋ ਉੱਤਰ ਯਾਗਵਲਕਯ ਨੇ ਦਿੱਤਾ ਉਹ ਉੱਤਰ ਉਨ੍ਹਾਂ ਨੂੰ ਛੱਡ ਕੇ ਇਕ ਹੀ ਵਿਅਕਤੀ ਦੇ ਸਕਦਾ ਸੀ। ਉਹ ਖ਼ੁਦ ਵੀ ਬ੍ਰਹਮ-ਵਾਦੀਆਂ ਦੀ ਭਾਸ਼ਾ ਵਿਚ ਕਹਿੰਦਾ ਸੀ ਕਿ ਇਹ ਕਾਲ ਅਨੰਤ ਤਾਂ ਨਹੀਂ ਹੈ ਪਰ ਏਨਾ ਵਿਸਤ੍ਰਿਤ ਹੈ ਕਿ ਇਸਦੇ ਅੰਤ ਦੀ ਕਲਪਨਾ ਤਕ ਨਹੀਂ ਕੀਤੀ ਜਾ ਸਕਦੀ। ਇਸ ਲਈ ਇਹ ਅਨੰਤ ਨਹੀਂ ਹੈ ਫਿਰ ਵੀ ਅਨੰਤ ਹੈ। ਜੋ ਮੰਨਦਾ ਸੀ ਕਿ ਇਹ ਆਕਾਸ਼ ਜਾਂ ਸਪੇਸ ਅਨੰਤ ਤਾਂ ਨਹੀਂ ਹੈ ਪਰ ਏਨਾ ਵਿਸਤ੍ਰਿਤ ਹੈ ਕਿ ਇਸ ਦੇ ਅੰਤ ਦੀ ਕਲਪਨਾ ਮਨੁੱਖੀ ਮਨ ਦੇ ਲਈ ਅਸੰਭਵ ਹੈ, ਇਸ ਲਈ ਇਹ ਅਨੰਤ ਨਾ ਹੁੰਦੇ ਹੋਏ ਵੀ ਅਨੰਤ ਹੈ। ਜੋ ਮੰਨਦਾ ਸੀ ਕਿ ਕਾਲ ਵੀ ਆਕਾਸ਼ ਦਾ ਹੀ ਇਕ ਵਿਸਥਾਰ ਹੈ। ਆਕਾਸ਼ ਦ੍ਰਵਯ ਦਾ ਵਿਸਤਾਰ ਅਤੇ ਊਰਜਾ ਵੀ ਦ੍ਰਵਯ ਦਾ ਹੀ ਇਕ ਰੂਪ ਅਤੇ ਇਸ ਤਰ੍ਹਾਂ ਇਸ ਤਿੰਨ ਵਿਸਤਾਰਾਂ ਵਾਲੇ ਬ੍ਰਹਿਮੰਡ ਨੂੰ ਇਕ ਪਰਮ ਅਤੇ ਰਹੱਸਮਈ ਮਹਾਸ਼ੂੰਨ ਵਿਚ ਪਹੁੰਚਾ ਦਿੰਦਾ ਹੈ ਜਿਸਦਾ ਅੰਤ ਅਤੇ ਆਦਿ ਸਭ ਕੁਝ ਨੇਤਿ-ਨੇਤਿ ਦੇ ਰੂਪ ਵਿਚ ਹੀ ਵਿਵੇਚਿਤ ਹੋ ਸਕਦਾ ਹੈ। ਪਰ ਇਹ ਆਦਮੀ ਯਾਗਵਲਕਯ ਤੋਂ ਤਿੰਨ ਹਜ਼ਾਰ ਸਾਲ ਹੇਠਾਂ ਅਤੇ ਹਜ਼ਾਰ ਯੋਜਨ ਦੂਰ ਬੈਠਾ ਸੀ। ਇਹ ਸੀ ਆਇੰਸਟਾਈਨ।

ਯਾਗਵਲਕਯ ਨੇ ਕਿਹਾ, ''ਹੇ ਗਾਰਗੀ, ਜੋ ਪ੍ਰਕਾਸ਼-ਲੋਕ ਤੋਂ ਉਤੇ, ਧਰਤੀ ਦੇ ਹੇਠਾਂ ਅਤੇ ਇਨ੍ਹਾਂ ਦੋਹਾਂ ਦੇ ਮੱਧ ਵਿਚ ਹੈ ਅਤੇ ਜਿਸ ਵਿਚ ਇਹ ਪ੍ਰਕਾਸ਼ ਅਤੇ ਧਰਤੀ ਅਤੇ ਭੂਤ, ਭਵਿਖਤ ਅਤੇ ਵਰਤਮਾਨ ਓਤਪ੍ਰੋਤ ਹਨ ਉਹ ਆਕਾਸ਼ ਹੈ – **ਯਤ ਊਰਧਵੰ ਗਾਰਗਿ ਦਿਵਃ ਯਤ ਵਾ ਅਕ ਪ੍ਰਿਥਵਯਾਃ ਯਤ ਅੰਤਰਾ ਦਯਾਵਾਪ੍ਰਿਥਿਵੀ ਇਮੇ ਯਤ ਭੂਤੰ ਚ ਭਵਤ ਚ ਭਵਿਸ਼ਯਤ ਚ ਇਤਿ ਏਤਤ ਆਚਕਸ਼ਤ ਆਕਾਸ਼ੇ ਤਤ ਓਤੰ ਚ ਪੋਤੰ ਚ।''**

ਗਾਰਗੀ ਨੇ ਇਸ ਉੱਤਰ ਤੇ ਯਾਗਵਲਕਯ ਨੂੰ ਨਮਸਕਾਰ ਕੀਤਾ। ਅਸੀਂ ਆਪ ਵੀ ਕਰ ਸਕਦੇ ਹਾਂ। ਹੁਣ ਗਾਰਗੀ ਨੇ ਆਪਣਾ ਦੂਜਾ ਤੀਰ ਸੰਭਾਲਿਆ। ਇਹ ਪਹਿਲੇ ਪ੍ਰਸ਼ਨ ਦਾ ਉਲਟ ਸੀ ਅਤੇ ਉਸੇ ਭਾਸ਼ਾ ਵਿਚ ਹਰੇਕ ਪਦ ਦਾ ਪੁਨਰਕਥਨ ਕਰਦਿਆਂ ਪੁੱਛਿਆ ਕਿ ਉਹ ਆਕਾਸ਼ ਜੋ ਪ੍ਰਕਾਸ਼-ਲੋਕ ਤੋਂ ਉਤੇ, ਧਰਤੀ ਦੇ ਹੇਠਾਂ, ਇਨ੍ਹਾਂ ਦੋਹਾਂ ਦੇ ਵਿਚਕਾਰ ਹੈ ਅਤੇ ਜਿਸ ਵਿਚ ਇਹ ਅਤੇ ਕਾਲ ਦੇ ਤਿੰਨੋਂ ਭੇਦ ਓਤਪ੍ਰੋਤ ਹਨ, ਉਹ ਕਿਸ ਵਿਚ ਓਤਪ੍ਰੋਤ ਹੈ?''

**ਯਾਗਵਲਕਯ ਨੇ ਕਿਹਾ, ''ਬ੍ਰਹਮਵੇਤਾ ਲੋਕ ਉਸਨੂੰ ਅੱਖਰ ਕਹਿੰਦੇ ਹਨ। ਉਹ ਨਾ ਸਥੂਲ ਹੈ, ਨਾ ਅਣੂ ਰੂਪ ਹੈ, ਨਾ ਲਘੂ ਹੈ, ਨਾ ਦੀਰਘ ਹੈ, ਨਾ ਧਾਤੂ ਵਰਗਾ ਹੈ, ਨਾ**

ਦ੍ਰਵ ਵਰਗਾ ਹੈ, ਨਾ ਛਾਇਆ ਹੈ, ਨਾ ਤਮ (ਹਨ੍ਹੇਰਾ) ਹੈ, ਨਾ ਵਾਯੂ ਹੈ, ਨਾ ਆਕਾਸ਼ ਹੈ, ਨਾ ਸੰਗ ਹੈ, ਨਾ ਰਸ ਹੈ, ਨਾ ਗੰਧ ਹੈ, ਨਾ ਨੇਤਰ ਹੈ, ਨਾ ਕੰਨ ਹੈ, ਨਾ ਬਾਣੀ ਹੈ, ਨਾ ਮਨ ਹੈ, ਨਾ ਤੇਜ਼ ਹੈ, ਨਾ ਪ੍ਰਾਣ ਹੈ, ਨਾ ਮੁਖ ਹੈ, ਨਾ ਮਾਪ ਹੈ, ਨਾ ਅਵਕਾਸ਼ ਹੈ, ਨਾ ਅੰਤਰ ਹੈ, ਨਾ ਬਾਹਰ ਹੈ, ਉਹ ਨਾ ਤਾਂ ਕੁਝ ਖਾਂਦਾ ਹੈ ਅਤੇ ਨਾ ਕੋਈ ਉਸਨੂੰ ਖਾਂਦਾ ਹੈ।''

ਯਾਗਵਲਕਯ ਨੇ ਅੱਗੋਂ ਕਿਹਾ, ''ਗਾਰਗੀ ਇਸ ਅੱਖਰ ਦੇ ਪ੍ਰਸ਼ਾਸਨ ਵਿਚ ਸੂਰਜ ਅਤੇ ਚੰਦ੍ਰਮਾ ਵਿਸ਼ੇਸ਼ ਰੂਪ ਧਾਰਣ ਕੀਤੇ ਹੋਇਆਂ ਸਥਿਤ ਹਨ। ਇਸ ਦੇ ਪ੍ਰਸ਼ਾਸਨ ਵਿਚ ਪ੍ਰਕਾਸ਼ ਅਤੇ ਧਰਤੀ ਸਥਿਤ ਹਨ। ਇਸ ਅੱਖਰ ਦੇ ਪ੍ਰਸ਼ਾਸਨ ਵਿਚ ਹੀ ਪਲ, ਮੁਹੂਰਤ, ਦਿਨ-ਰਾਤ, ਪੱਖ, ਮਹੀਨੇ, ਰੁੱਤਾਂ, ਵਰ੍ਹੇ, ਆਪਣਾ ਵਿਸ਼ੇਸ਼ ਰੂਪ ਧਾਰਣ ਕੀਤੇ ਹੋਏ ਸਥਿਤ ਹਨ। ਇਸੇ ਅੱਖਰ ਦੇ ਪ੍ਰਸ਼ਾਸਨ ਨਾਲ ਹੀ ਪੂਰਬ ਅਤੇ ਪੱਛਮ ਅਤੇ ਹੋਰ ਵੱਖ ਵੱਖ ਦਿਸ਼ਾਵਾਂ ਨੂੰ ਚੱਲਣ ਵਾਲੀਆਂ ਨਦੀਆਂ ਵਹਿੰਦੀਆਂ ਹਨ। ਇਸ ਅੱਖਰ ਦੇ ਪ੍ਰਸ਼ਾਸਨ ਵਿਚ ਹੀ ਲੋਕ ਦਾਤੇ ਦੀ ਪ੍ਰਸ਼ੰਸਾ ਕਰਦੇ ਹਨ, ਦੇਵਗਣ ਯਜਮਾਨ ਦੀ ਪ੍ਰਸ਼ੰਸਾ ਕਰਦੇ ਅਤੇ ਪਿਤਰਗਣ ਦਰਵੀਹੋਮ (ਹੋਮ ਵੇਲੇ ਸਾਮਗ੍ਰੀ ਪਾਉਣ ਵਾਲੀ ਕੜਛੀ) ਦਾ ਅਨੁਸਰਣ ਕਰਦੇ ਹਨ।''

ਯਾਗਵਲਕਯ ਨੂੰ ਕੋਈ ਜਲਦੀ ਨਹੀਂ ਸੀ। ਹੁਣ ਇਹ ਅਖੀਰਲਾ ਪ੍ਰਸ਼ਨ ਸੀ ਇਸ ਲਈ ਵਿਸਤਾਰ ਵਿਚ ਜਾਣ ਨਾਲ ਵੀ ਇਸ ਗੱਲ ਦਾ ਸ਼ੱਕ ਨਹੀਂ ਸੀ ਕਿ ਕਿਸੇ ਨੂੰ ਆਪਣੀ ਸ਼ੰਕਾ ਪ੍ਰਗਟ ਕਰਨ ਦਾ ਮੌਕਾ ਨਹੀਂ ਮਿਲੇਗਾ। ਉਹ ਦੱਸਣ ਲੱਗਾ, ''ਜੋ ਕੋਈ ਇਸ ਅੱਖਰ ਨੂੰ ਜਾਣੇ ਬਿਨਾਂ ਹਵਨ ਕਰਦਾ ਹੈ, ਯੱਗ ਕਰਦਾ ਹੈ, ਹਜ਼ਾਰਾਂ ਸਾਲ ਤਪ ਕਰਦਾ ਹੈ, ਉਸਦਾ ਹਵਨ, ਯਗ, ਤਪ ਸਭ ਬੇਅਰਥ ਹੋ ਜਾਂਦਾ ਹੈ। ਜੋ ਇਸ ਅੱਖਰ ਨੂੰ ਜਾਣੇ ਬਿਨਾਂ ਇਸ ਲੋਕ ਤੋਂ ਮਰ ਜਾਂਦਾ ਹੈ, ਉਹ ਅਭਾਗਾ ਹੈ ਅਤੇ ਜੋ ਇਸ ਨੂੰ ਜਾਣਨ ਉਪਰੰਤ ਮਰਦਾ ਹੈ, ਉਹੀ ਬ੍ਰਾਹਮਣ ਹੈ। ਉਹ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ।''

ਆਵੇਸ਼ ਵਿਚ ਆ ਕੇ ਉਹ ਮੁੜ ਆਪਣੇ ਉਸੇ ਵਾਕ ਨੂੰ ਦੁਹਰਾਉਣ ਲੱਗਾ ਜਿਸਦਾ ਆਖਿਆਨ ਕੁਝ ਸਮੇਂ ਪਹਿਲਾਂ ਕੀਤਾ ਸੀ। ਉਹ ਅੱਖਰ ਦ੍ਰਿਸ਼ਯ ਨਾ ਹੋਣ ਤੇ ਵੀ ਦ੍ਰਿਸ਼ਯ ਹੈ, ਸ੍ਰਵਯ ਨਾ ਹੋਣ ਤੇ ਵੀ ਸ੍ਰੋਤਾ ਹੈ, ਨਾ ਸੋਚਿਆ ਜਾ ਸਕਣ ਵਾਲਾ ਹੋ ਕੇ ਵੀ ਸੋਚਿਆ ਜਾ ਸਕਦਾ ਹੈ। ਅਨਜਾਣ ਹੋਣ ਤੇ ਵੀ ਜਾਣਕਾਰ ਹੈ। ਉਸ ਤੋਂ ਵੱਖਰਾ ਕੋਈ ਦ੍ਰਸ਼ਟਾ, ਸ੍ਰੋਤਾ, ਗਿਆਤਾ ਨਹੀਂ ਹੈ। ਇਸ ਲਈ ਇਸ ਵਿਸ਼ੇ ਬਾਰੇ ਤਾਂ ਕੋਈ ਸ਼ਕ ਹੀ ਨਹੀਂ ਕਿ ਅੱਖਰ ਵਿਚ ਹੀ ਇਹ ਆਕਾਸ਼ ਓਤਪ੍ਰੋਤ ਹੈ।

## ਵਾਦੇ ਵਾਦੇ ਜਾਯਤੇ ਸਿਰਫ ਕ੍ਰੋਧ

(ਖੰਡਨ ਮੰਡਨ ਨਾਲ ਕੇਵਲ ਕ੍ਰੋਧ ਪੈਦਾ ਹੁੰਦਾ ਹੈ)

ਬ੍ਰਹਮਵਾਦੀਆਂ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਲਈ ਪੂਰਾ ਪ੍ਰਪੰਚ ਹੀ ਭਰਮ ਹੈ ਤਾਂ ਫਿਰ ਉਸ ਗੋਸ਼ਟੀ ਦੀ ਸਮਾਪਤੀ ਭਰਮ ਕਿਉਂ ਨਾ ਸਿਧ ਹੁੰਦੀ ਜਿਸ ਵਿਚ ਸਾਰੇ ਬ੍ਰਹਮ-ਵਾਦੀਆਂ ਤੋਂ ਆਗਿਆ ਲੈ ਕੇ ਉਨ੍ਹਾਂ ਵਲੋਂ ਅੰਤ ਵਿਚ ਗਾਰਗੀ ਨੇ ਯਾਗਵਲਕਯ ਨੂੰ ਦੋ ਪ੍ਰਸ਼ਨ ਪੁੱਛੇ ਸਨ। ਸਾਰਿਆਂ ਨੇ ਇਹ ਸ਼ਰਤ ਮੰਨ ਲਈ ਸੀ ਕਿ ਜੇ ਯਾਗਵਲਕਯ ਨੇ ਇਨ੍ਹਾਂ ਦੋਹਾਂ ਪ੍ਰਸ਼ਨਾਂ ਦੇ ਉੱਤਰ ਦੇ ਦਿੱਤੇ ਤਾਂ ਇਹ ਮੰਨ ਲਿਆ ਜਾਵੇਗਾ ਕਿ ਉਨ੍ਹਾਂ

ਨੂੰ ਕੋਈ ਨਹੀਂ ਹਰਾ ਸਕਦਾ। ਯਾਗਵਲਕਯ ਦੇ ਉੱਤਰ ਤੋਂ ਸੰਤੁਸ਼ਟ ਹੋ ਜਾਣ ਉਪਰੰਤ ਕਿਸੇ ਨੂੰ ਕੋਈ ਸਵਾਲ ਨਹੀਂ ਸੀ ਪੁੱਛਣਾ ਚਾਹੀਦਾ। ਪਰ ਜੇ ਚਿੜੀ 'ਚੋਂ ਅੰਡਾ ਨਿਕਲ ਸਕਦਾ ਹੈ ਤਾਂ ਅੰਡੇ 'ਚੋਂ ਚਿੜੀ ਕਿਉਂ ਨਹੀਂ ਨਿਕਲ ਸਕਦੀ? ਆਰੰਭ ਤੋਂ ਅੰਤ ਹੋ ਸਕਦਾ ਹੈ ਤਾਂ ਅੰਤ ਤੋਂ ਆਰੰਭ ਕਿਉਂ ਨਹੀਂ ਹੋ ਸਕਦਾ? ਅਸੀਂ ਤਾਂ ਇਹ ਮੰਨਦੇ ਹਾਂ ਕਿ ਜਿਵੇਂ ਜੀਵਨ ਦੇ ਚੱਕਰ ਹੁੰਦੇ ਹਨ ਉਸੇ ਤਰ੍ਹਾਂ ਇਨ੍ਹਾਂ ਗੋਸ਼ਠੀਆਂ ਦੇ ਵੀ ਚੱਕਰ ਹੁੰਦੇ ਹੋਣਗੇ। ਇਕ ਦਿਨ ਵਿਚ ਬ੍ਰਹਮਵਾਦੀ ਦੇ ਅੰਦਰ ਬੈਠੇ ਬ੍ਰਹਮ ਨੂੰ ਆਪਣੇ ਅੰਦਰ ਬਿਰਾਜਮਾਨ ਬ੍ਰਹਮ ਤੋਂ ਆਸਮਾਨ ਦਿਖਾ ਕੇ ਯਾਗਵਲਕਯ ਅਗਲੇ ਦਿਨ ਤਕ ਲਈ ਅੱਖਾਂ ਬੰਦ ਕਰ ਲੈਂਦੇ ਹੋਣਗੇ।

ਸੱਚੀ ਗੱਲ ਤਾਂ ਇਹ ਹੈ ਕਿ ਏਨੀ ਦੂਰੋਂ ਆਏ ਹੋਏ ਇਹ ਬ੍ਰਾਹਮਣ ਇਕ ਦਿਨ ਲਈ ਤਾਂ ਆਏ ਨਹੀਂ ਸਨ। ਉਨ੍ਹਾਂ ਨੇ ਕਈ ਹਫ਼ਤੇ ਉਥੇ ਰਹਿਣਾ ਸੀ। ਚੁੱਪ ਰਹਿ ਨਹੀਂ ਸਨ ਸਕਦੇ। ਸ਼ੁਗਲ ਲਈ ਕੁਝ ਗੱਲ-ਬਾਤ ਹੁੰਦੀ ਰਹਿਣੀ ਚਾਹੀਦੀ ਸੀ। ਜੇ ਗੋਸ਼ਠੀ ਲਈ ਮਿਥਿਲਾ ਵਰਗੀ ਜ਼ਮੀਨ ਅਤੇ ਜਨਕ ਵਰਗਾ ਦਰਬਾਰ ਨਹੀਂ ਸੀ ਮਿਲ ਸਕਦਾ ਤਾਂ ਬ੍ਰਹਮ ਵਰਗਾ ਵਿਸ਼ਾ ਵੀ ਕਿਥੇ ਮਿਲ ਸਕਦਾ ਸੀ, ਜਿਸ ਵਿਚ ਬਾਰਬਾਰ, ਖੋਜਣ ਵਾਲਾ ਉਸ ਵਿਚ ਹੀ ਗੁਆਚ ਜਾਵੇ, ਜਿਸਨੂੰ ਖੋਜ ਰਿਹਾ ਹੈ। ਇਸ ਲਈ ਅਸੀਂ ਜਿਸ ਚਰਚਾ ਨੂੰ ਏਨੇ ਸੰਖੇਪ ਵਿਚ ਕੀਤਾ ਹੈ ਇਹ ਚਲੀ ਬਹੁਤ ਲੰਬੀ ਹੋਵੇਗੀ। ਬਾਤਚੀਤ ਕਦੀ ਕਦਾਈਂ ਗ਼ੈਰ-ਪਾਰਲੀਮਾਨੀ ਪੱਧਰ 'ਤੇ ਪਹੁੰਚ ਗਈ ਹੋਵੇ ਤਾਂ ਵੀ ਕੋਈ ਹੈਰਾਨੀ ਨਹੀਂ। ਮਾਮਲਾ ਗਊਆਂ ਦਾ ਹੀ ਨਹੀਂ, ਗਊਆਂ ਦੇ ਸਿੰਗਾਂ ਅਤੇ ਖੁਰਾਂ ਨਾਲ ਬੰਨ੍ਹੀ ਚੀਜ਼ ਦਾ ਵੀ ਸੀ, ਜਿਸ ਕਾਰਨ ਇਨ੍ਹਾਂ ਦਾ ਤਿਖਾਪਨ ਅਕਸਰ ਵੱਧ ਜਾਂਦਾ ਰਿਹਾ ਹੋਵੇਗਾ। ਯਾਗਵਲਕਯ ਦਾ ਬ੍ਰਹਮ ਦੂਜੇ ਬ੍ਰਹਮਵਾਦੀਆਂ ਦੇ ਬ੍ਰਹਮ ਦਾ ਹਿੱਸਾ ਹੜਪ ਰਿਹਾ ਸੀ ਅਤੇ ਇਸ ਦਾ ਦੁੱਖ ਭਾਸ਼ਾ ਵਿਚ ਵੀ ਏਨਾ ਤਾਂ ਦਿਖਾਈ ਦੇ ਹੀ ਰਿਹਾ ਹੈ ਕਿ ਕੋਈ ਯਾਗਵਲਕਯ ਨੂੰ 'ਆਪ' ਨਹੀਂ ਕਹਿ ਰਿਹਾ ਸੀ। ਇਹ ਸਾਡੀ ਸਮਝ ਦੀ ਭੁਲ ਵੀ ਹੋ ਸਕਦੀ ਹੈ ਅਤੇ ਕੁਰੂ-ਪੰਚਾਲ ਤੋਂ ਆਏ ਹੋਏ ਲੋਕਾਂ ਦਾ ਆਪਣਾ ਤਰੀਕਾ ਵੀ, ਜੋ ਹਰਿਆਣਵੀ ਸੰਬੋਧਨਾਂ ਵਿਚ ਅੱਜ ਤਕ ਬਣਿਆ ਰਹਿ ਗਿਆ ਹੈ। ਜੇ ਸਾਡਾ ਇਹ ਅਨੁਮਾਨ ਗ਼ਲਤ ਵੀ ਹੋਵੇ ਤਾਂ ਵੀ ਏਨਾ ਤਾਂ ਸੱਚ ਹੈ ਹੀ ਕਿ ਜੇ ਗਾਰਗੀ ਅੰਤ ਵਿਚ ਆਪਣੇ ਹੱਥ ਵਿਚ ਦੋ ਤੀਰ ਸੰਭਾਲ ਕੇ ਯਾਗਵਲਕਯ ਦੇ ਸਾਹਮਣੇ ਉੱਤਰੀ ਸੀ ਤਾਂ ਸ਼ਾਕਲਯ ਨੇ ਆਪਣੀ ਪਿੱਠ ਤੇ ਸਵਾਲਾਂ ਦਾ ਪੂਰਾ ਤਰਕਸ਼ ਬੰਨ੍ਹ ਰਖਿਆ ਸੀ ਅਤੇ ਗਾਰਗੀ ਦੇ ਹਟਦਿਆਂ ਹੀ ਯਾਗਵਲਕਯ ਦੇ ਸਾਹਮਣੇ ਖੜ੍ਹੇ ਹੋ ਗਏ ਸਨ।

ਉਨ੍ਹਾਂ ਨੇ ਤਾਬੜਤੋੜ ਪ੍ਰਸ਼ਨ ਕਰਨੇ ਸ਼ੁਰੂ ਕੀਤੇ ਅਤੇ ਯਾਗਵਲਕਯ ਹਰ ਇਕ ਦਾ ਜਵਾਬ ਦੇਣ ਲਗੇ।

ਸ਼ਾਕਲਯ ਨੇ ਪੁੱਛਿਆ, ''ਦੇਵਗਣ ਕਿੰਨੇ ਹਨ?''

ਯਾਗਵਲਕਯ ਬੋਲੇ, ''ਸਾਰੇ ਦੇਵਤਿਆਂ ਵਾਲੇ ਸੂਕਤਾਂ (ਮੰਤ੍ਰਾਂ) ਵਿਚ ਜਿੰਨੇ ਦੱਸੇ ਗਏ ਹਨ।''

''ਗਿਣਤੀ ਦੱਸੋ?''

ਯਾਗਵਲਕਯ ਇਸ ਚਾਲ ਨੂੰ ਸਮਝ ਰਹੇ ਸਨ। ਜੇ ਕੋਈ ਇਕ ਗਿਣਤੀ ਦੱਸੀ ਗਈ ਤਾਂ ਉਹ ਵੈਦਿਕ ਗਣਿਤ ਦੇ ਹਿਸਾਬ ਨਾਲ ਗ਼ਲਤ ਹੋ ਜਾਵੇਗੀ। ਇਸ ਲਈ ਗਿਣਤੀ ਦੱਸਣ ਦੀ ਥਾਂ ਉਨ੍ਹਾਂ ਨੇ ਗੋਲ-ਮੋਲ ਜਵਾਬ ਦਿੱਤਾ। ਹੁਣ ਇਸ ਤਰ੍ਹਾਂ ਕਰਨਾ ਸੰਭਵ ਨਹੀਂ ਸੀ। ਬੋਲੇ, "ਇਕ ਹਿਸਾਬ ਨਾਲ ਤਿੰਨ ਹਨ, ਦੂਜੇ ਹਿਸਾਬ ਨਾਲ ਤਿੰਨ ਸੌ ਅਤੇ ਇਕ ਹਿਸਾਬ ਨਾਲ ਤਿੰਨ ਹਜ਼ਾਰ – **ਤਯਸ਼ਚ, ਤ੍ਰੀ ਚ ਸ਼ਤਾ ਤ੍ਰਯਸ਼ਚ ਤ੍ਰੀ ਚ ਸਹਸ੍ਰ ਇਤਿ।** ਜਵਾਬ ਉਸ ਕਵੀਰਾਜ ਵਰਗਾ ਸੀ ਜੋ ਇਕ ਦਰਖ਼ਤ ਦੇ ਮੁਕੱਦਮੇ ਵਿਚ ਬਿਆਨ ਦਿੰਦਿਆ ਬੋਲਿਆ ਇਕ ਹਿਸਾਬ ਨਾਲ ਇਕ, ਇਕ ਹਿਸਾਬ ਨਾਲ ਛੇ, ਇਕ ਹਿਸਾਬ ਨਾਲ ਇਕ ਵੀ ਨਹੀਂ ਅਤੇ ਇਕ ਹਿਸਾਬ ਨਾਲ ਨੌਂ। ਜਦੋਂ ਬਿਆਨ ਹਾਕਮ ਦੀ ਸਮਝ ਵਿਚ ਨਾ ਆਇਆ ਤਾਂ ਉਸਨੇ ਸਮਝਾਇਆ, ਦਰਖ਼ਤ ਤਾਂ ਇਕ ਹੀ ਹੈ ਹਜ਼ੂਰ ਪਰ, ਛੇ ਦਰਖਤਾਂ ਜਿੰਨਾ ਫੈਲਿਆ ਹੋਇਆ ਹੈ। ਜੇ ਹਜ਼ੂਰ ਨੇ ਫੈਸਲਾ ਮੇਰੇ ਹਕ ਵਿਚ ਨਾ ਕੀਤਾ ਤਾਂ ਹੁੰਦੇ ਹੋਇਆਂ ਵੀ ਮੇਰੇ ਲਈ ਨਾ ਹੋਣ ਦੇ ਬਰਾਬਰ ਹੈ ਤੇ ਇਕ ਤਰ੍ਹਾਂ ਨੌਂ ਹੈ ਕਿਉਂਕਿ ਇਹ ਨੌਂ ਦਰਖਤਾਂ ਜਿੰਨਾ ਫਲ ਦਿੰਦਾ ਹੈ। ਹਾਕਿਮ ਅੰਗ੍ਰੇਜ਼ ਸੀ ਅਤੇ ਇਸ ਪ੍ਰਬੰਧ-ਕੌਸ਼ਲ 'ਤੇ ਖੁਸ਼ ਹੋ ਕੇ ਉਸ ਨੇ ਫੈਸਲਾ ਉਸ ਦੇ ਹੱਕ ਵਿਚ ਦੇ ਦਿੱਤਾ।

ਸ਼ਾਕਲਯ ਨੇ ਵੀ ਸਹਿਮਤੀ ਜਤਾਈ ਅਤੇ ਇਸ ਮਾਮਲੇ ਵਿਚ ਯਾਗਵਲਕਯ ਦਾ ਉੱਤਰ ਸਹੀ ਸਿਧ ਹੋਇਆ। ਹੁਣ ਸ਼ਾਕਲਯ ਨੇ ਪੁੱਛਿਆ, "ਦੇਵ ਕਿੰਨੇ ਹਨ?"

ਇਹ ਦੇਵਤੇ ਅਤੇ ਦੇਵਤਿਆਂ ਦਾ ਭੇਦ ਸਾਨੂੰ ਜਿੰਨਾ ਵੀ ਪਰੇਸ਼ਾਨ ਕਰੇ ਪੁਰਾਣੇ ਜ਼ਮਾਨੇ ਦੇ ਲੋਕਾਂ ਨੂੰ ਨਹੀਂ ਕਰਦਾ ਸੀ। ਇਸ ਲਈ ਜਦੋਂ ਯਾਗਵਲਕਯ ਨੇ ਗਿਣਤੀ ਤੇਤੀ ਦੱਸੀ ਤਾਂ ਸ਼ਾਕਲਯ ਨੇ ਇਸ ਨੂੰ ਵੀ ਮੰਨ ਲਿਆ। ਅਤੇ ਦੁਬਾਰਾ ਉਹੀ ਸਵਾਲ ਕੀਤਾ ਤਾਂ ਯਾਗਵਲਕਯ ਨੇ ਛੇ ਦੇਵਤੇ ਦੱਸੇ ਅਤੇ ਸ਼ਾਕਲਯ ਨੇ ਇਸ ਨੂੰ ਵੀ ਮੰਨ ਲਿਆ ਅਤੇ ਮੁੜ ਉਹੀ ਸਵਾਲ ਕੀਤਾ। ਯਾਗਵਲਕਯ ਨੇ ਇਸ ਵਾਰ ਕਿਹਾ 'ਤਿੰਨ' ਅਤੇ ਸ਼ਾਕਲਯ ਨੂੰ ਇਸ ਬਾਰੇ ਵੀ ਇਤਰਾਜ਼ ਨਹੀਂ ਸੀ। ਉਸਨੇ ਇਕ ਵਾਰ ਫਿਰ ਪੁੱਛਿਆ, "ਕਿੰਨੇ ਦੇਵ ਹਨ।" ਤਾਂ ਯਾਗਵਲਕਯ ਨੇ ਕਿਹਾ 'ਦੋ'। ਹੁਣ ਜਿਵੇਂ ਕਿ ਆਪ ਅਨੁਮਾਨ ਲਾ ਸਕਦੇ ਹੋ ਸ਼ਾਕਲਯ ਨੇ ਮੁੜ ਇਸੇ ਪ੍ਰਸ਼ਨ ਨੂੰ ਦੁਹਰਾਇਆ ਹੋਵੇਗਾ ਅਤੇ ਇਸਦੇ ਉੱਤਰ ਵਿਚ ਯਾਗਵਲਕਯ ਨੇ ਇਕ ਕਿਹਾ ਹੋਵੇਗਾ। ਪਰ ਬ੍ਰਹਮਵਾਦੀਆਂ ਦੇ ਨਾਲ ਅਨੁਮਾਨ 'ਤੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਯਾਗਵਲਕਯ ਨੇ ਸਾਨੂੰ ਉਤਸੁਕਤਾ ਵਿਚ ਪਾਉਣ ਲਈ ਇਕ ਦੀ ਥਾਂ ਤੇ ਡੇਢ ਜਾਂ ਪੌਣਾ ਵੀ ਗਿਣਤੀ ਦੱਸੀ ਸੀ ਅਤੇ ਇਕ ਦੀ ਗਿਣਤੀ ਨੂੰ ਅਗਲੇ ਪ੍ਰਸ਼ਨ ਤਕ ਮੁਲਤਵੀ ਕਰ ਦਿੱਤਾ ਸੀ। ਹੁਣ ਇਕ ਦੀ ਗਿਣਤੀ ਨੂੰ ਵੀ ਸ਼ਾਕਲਯ ਨੇ ਡੇਢ ਦੀ ਹੀ ਤਰ੍ਹਾਂ ਸਵੀਕਾਰ ਕਰ ਲਿਆ ਅਤੇ ਪੁੱਛਿਆ, "ਯਾਗਵਲਕਯ, ਉਹ ਤਿੰਨ, ਤਿੰਨ ਸੌ ਅਤੇ ਤਿੰਨ ਹਜ਼ਾਰ, ਦੇਵ ਕਿਹੜੇ ਕਿਹੜੇ ਹਨ?"

ਯਾਗਵਲਕਯ ਦੇ ਹੁਣ ਤਕ ਦੇ ਗਿਆਨ ਤੋਂ ਸਾਨੂੰ ਇਹ ਪਤਾ ਲਗ ਚੁਕਾ ਹੈ ਕਿ ਉਹ ਕਿਸੇ ਪ੍ਰਸ਼ਨ ਤੋਂ ਹੈਰਾਨ ਨਹੀਂ ਹੁੰਦੇ ਸਨ ਇਸ ਲਈ ਇਸ ਪ੍ਰਸ਼ਨ ਤੋਂ ਵੀ ਨਹੀਂ ਹੋਏ। ਉਨ੍ਹਾਂ ਨੇ ਸ਼ਾਕਲਯ ਨੂੰ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਸਾਰਿਆਂ ਨੂੰ ਜੋ ਉਸ ਸਭਾ ਵਿਚ ਹਾਜ਼ਰ ਸਨ ਅਤੇ ਉਕਤਾ ਕੇ ਉਬਾਸੀ ਨਹੀਂ ਲੈ ਰਹੇ ਸਨ, ਜੋ ਪ੍ਰਸ਼ਨੋਤਰ ਦੇ ਇਤਨਾ ਖਿਚ ਵਾਲਾ ਮੋੜ ਲੈਣ ਕਾਰਨ ਸ਼ਾਇਦ ਹੀ ਕੋਈ ਲੈ ਰਿਹਾ ਹੋਵੇਗਾ, ਇਕ ਰਾਜ਼ ਦੀ ਗੱਲ ਦੱਸੀ,

''ਗਿਣਤੀ ਦਾ ਇਹ ਵਿਸਥਾਰ ਤਾਂ ਦੇਵਤਿਆਂ ਦੀ ਮਹਿਮਾ ਵਰਣਨ ਲਈ ਹੈ। ਉਨ੍ਹਾਂ ਦੀ ਵਾਸਤਵਿਕ ਗਿਣਤੀ ਤਾਂ ਤੇਤੀ ਹੀ ਹੈ।''

ਸ਼ਾਕਲਯ ਪ੍ਰਸ਼ਨ ਕਰਨਾ ਜਾਣਦੇ ਸਨ ਪਰ ਅਸਹਿਮਤ ਹੋਣਾ ਨਹੀਂ ਸਨ ਜਾਣਦੇ। ਉਹ ਇਸ ਨਾਲ ਵੀ ਸਹਿਮਤ ਹੋ ਗਏ, ਪਰ ਸੋਚਿਆ ਕਿ ਤੇਤੀ ਦੇ ਨਾਂ ਗਿਣਾਉਣ ਵਿਚ ਕਿਧਰੇ ਤਾਂ ਗ਼ਲਤੀ ਹੋਵੇਗੀ ਹੀ, ਸੋ ਇਨ੍ਹਾਂ ਦੇ ਨਾਂ ਪੁੱਛ ਲਏ।

ਯਾਗਵਲਕਯ ਨੂੰ ਇਹ ਪਹਾੜੇ ਦੀ ਤਰ੍ਹਾਂ ਯਾਦ ਸਨ। ਬੋਲੇ, ਅੱਠ ਵਸੂ, ਗਿਆਰਾਂ ਰੁਦ੍ਰ। ਬਾਰ੍ਹਾਂ ਆਦਿਤਯ, ਇਕ ਇੰਦਰ ਅਤੇ ਇਕ ਪ੍ਰਜਾਪਤੀ।''

ਸ਼ਾਕਲਯ ਨੇ ਆਪਣੇ ਮਨ ਵਿਚ ਜੋੜ ਕੀਤਾ। ਸੰਖਿਆ ਠੀਕ ਸੀ। ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਸੰਭਵ ਨਹੀਂ ਸੀ, ਨਾ ਉਨ੍ਹਾਂ ਨੇ ਕੀਤਾ। ਅਗਲਾ ਸਵਾਲ ਕਰ ਦਿੱਤਾ, ''ਇਹ ਵਸੂ ਕੌਣ ਹਨ?''

ਯਾਗਵਲਕਯ ਨੇ ਇਕ ਇਕ ਦਾ ਨਾਂ ਗਿਣਾਇਆ, ''ਅੱਗਨੀ, ਪ੍ਰਿਥਵੀ, ਆਦਿਤਯ, ਪ੍ਰਕਾਸ਼-ਲੋਕ, ਚੰਦ੍ਰਮਾ ਅਤੇ ਨੱਛਤਰ – ਇਹ ਅੱਠ ਵਸੂ ਹਨ। ਇਨ੍ਹਾਂ ਵਿਚ ਇਹ ਸਾਰਾ ਸੰਸਾਰ ਸਮਾਇਆ ਹੋਇਆ ਹੈ, ਇਸੇ ਲਈ ਇਨ੍ਹਾਂ ਨੂੰ ਵਸੂ ਕਿਹਾ ਜਾਂਦਾ ਹੈ।''

ਸ਼ਾਕਲਯ ਨੇ ਪੁੱਛਿਆ – ''ਰੁਦ੍ਰ ਕੌਣ ਹੈ?''

ਯਾਗਵਲਕਯ ਨੇ ਕਿਹਾ, ''ਮਨੁੱਖ ਦੀਆਂ ਜੋ ਦਸ ਪ੍ਰਾਣ-ਇੰਦ੍ਰੀਆਂ ਹਨ ਅਤੇ ਇਕ ਜੋ ਮਨ ਹੈ ਇਨ੍ਹਾਂ ਨੂੰ ਹੀ ਸਮੁੱਚੇ ਤੌਰ 'ਤੇ ਰੁਦ੍ਰ ਕਿਹਾ ਜਾਂਦਾ ਹੈ।'' ਉਨ੍ਹਾਂ ਨੇ ਇਸ ਗੱਲ ਦੀ ਵੀ ਵਿਆਖਿਆ ਕਰ ਦਿੱਤੀ ਕਿ ਇਨ੍ਹਾਂ ਨੂੰ ਰੁਦ੍ਰ ਕਿਉਂ ਕਿਹਾ ਜਾਂਦਾ ਹੈ। ਇਸ ਵਿਆਖਿਆ ਅਨੁਸਾਰ ਜਦੋਂ ਮੌਤ ਦੇ ਸਮੇਂ ਇਹ ਮਨੁੱਖ ਦੇ ਸਰੀਰ ਨੂੰ ਛੱਡਦੇ ਹਨ ਉਸ ਵੇਲੇ ਉਸਦੇ ਸਕੇ ਸੰਬੰਧੀਆਂ ਨੂੰ ਰੋਣਾ ਪੈਂਦਾ ਹੈ, ਇਸ ਲਈ ਇਨ੍ਹਾਂ ਦਾ ਨਾਮ ਰੁਦ੍ਰ ਪੈ ਗਿਆ – **ਅਥ ਰੋਦਯੰਤਿ ਤਤ ਯਤ ਰੋਦਯੰਤਿ ਤਸਮਾਤ ਰੁਦ੍ਰਾ।''**

ਇਸ ਵਿਆਖਿਆ ਨੂੰ ਸੰਭਵ ਹੈ, ਦੂਜੇ ਨਾ ਮੰਨਦੇ ਰਹੇ ਹੋਣ, ਪਰ ਬ੍ਰਹਮਵਾਦੀ ਹਰ ਚੀਜ਼ ਨੂੰ ਨਵੀਂ ਦ੍ਰਿਸ਼ਟੀ ਤੋਂ ਦੇਖਦੇ ਆ ਰਹੇ ਸਨ ਅਤੇ ਉਨ੍ਹਾਂ ਵਿਚ ਅਜਿਹੀ ਵਿਆਖਿਆ ਮੰਨਣਯੋਗ ਹੋ ਸਕਦੀ ਸੀ। ਜੇ ਰੁਦ੍ਰ ਆਪ ਦੇਵਤੇ ਹੋ ਜਾਂਦੇ ਤਾਂ ਬ੍ਰਹਮ ਨਾਲ ਉਨ੍ਹਾਂ ਦਾ ਕੋਈ ਸਿਲਸਿਲਾ ਕਾਇਮ ਕਰਨਾ ਜ਼ਰੂਰੀ ਹੋ ਜਾਂਦਾ। ਫਿਰ ਵੇਦਾਂ ਵਿਚ ਰੁਦ੍ਰ ਦੇ ਪੁੱਤਰਾਂ ਜਾਂ ਮਰੁਤਾਂ ਦਾ ਗਣ ਗਿਣਾਇਆ ਹੀ ਗਿਆ ਹੈ। ਰੌਦ੍ਰਾਂ ਨੂੰ ਰੁਦ੍ਰ ਬਣਾਉਣ ਵਿਚ ਹਰਜ ਵੀ ਕੀ ਸੀ। ਜੇ ਪੂਰੀ ਸ੍ਰਿਸ਼ਟੀ ਨੂੰ ਆਪਣੇ ਅੰਦਰ ਹੀ ਦੇਖਿਆ ਜਾ ਸਕਦਾ ਸੀ ਤਾਂ ਮਰੁਤਾਂ ਦੇ ਭਿਆਨਕ ਰੂਪ ਧਾਰਣ ਕਰਨ 'ਤੇ ਹੋਣ ਵਾਲੇ ਮਹਾਂ ਵਿਕਾਸ ਦੇ ਮੁਕਾਬਲੇ ਤੇ ਇਨ੍ਹਾਂ ਇੰਦ੍ਰੀਆਂ ਅਤੇ ਮਨ ਨੂੰ ਬੇਕਾਬੂ ਅਤੇ ਕ੍ਰੋਧਵਾਨ ਹੋ ਕੇ ਆਪਣਾ ਹੀ ਵਿਨਾਸ਼ ਕਰਨ ਵਾਲਾ ਦੱਸਿਆ ਜਾ ਸਕਦਾ ਸੀ। ਇਨ੍ਹਾਂ ਸਾਰੀਆਂ ਸਮਾਨਤਾਵਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸ਼ਾਕਲਯ ਨੂੰ ਇਹ ਵਿਆਖਿਆ ਵੀ ਮੰਨਣੀ ਪਈ।

ਹੁਣ ਸ਼ਾਕਲਯ ਨੇ ਆਦਿਤਯਾਂ ਬਾਰੇ ਪ੍ਰਸ਼ੰਨ ਕੀਤਾ।

ਯਾਗਵਲਕਯ ਨੇ ਕਿਹਾ, ''ਸਾਲ ਦੇ ਬਾਰ੍ਹਾਂ ਮਹੀਨੇ ਹੀ ਆਦਿਤਯ ਹਨ। ਇਹ ਸਾਰਿਆਂ ਦਾ ਆਦਾਨ (ਗ੍ਰਹਿਣ) ਕਰਦੇ ਜਾਂਦੇ ਹਨ, ਸਾਰਿਆਂ ਨੂੰ ਅਪਣਾਉਂਦੇ ਜਾਂਦੇ ਹਨ,

ਇਸ ਲਈ ਇਹ ਆਦਿਤਯ ਕਹੇ ਜਾਂਦੇ ਹਨ।'' ਇਹ ਤਾਂ ਮੰਨਣਾ ਹੀ ਪਵੇਗਾ ਕਿ ਇਹ ਵਿਆਖਿਆਵਾਂ ਖਾਸੀਆਂ ਰੌਚਕ ਸਨ ਅਤੇ ''ਅਦਿਤੀ ਦੇ ਪੁੱਤਰ ਆਦਿਤਯ ਕਹਾਏ ਅਤੇ ਦਿਤਿ ਦੇ ਪੁੱਤਰ ਦਾਨਵ'' ਵਰਗੀਆਂ ਵਿਆਖਿਆਵਾਂ ਤੋਂ ਸੁਲਝੀਆਂ ਹੋਈਆਂ ਵੀ ਸਨ।

ਹੁਣ ਸ਼ਾਕਲਯ ਨੇ ਇੰਦਰ ਅਤੇ ਪ੍ਰਜਾਪਤੀ ਦਾ ਪਰਿਚੈ ਇਕੋ ਵੇਲੇ ਪੁੱਛਿਆ।

ਯਾਗਵਲਕਯ ਨੇ ਕਿਹਾ, ''ਸਤਨਯਿਤਨੁ ਜਾਂ ਪ੍ਰਕਾਸ਼ ਹੀ ਇੰਦਰ ਹੈ ਅਤੇ ਯੱਗ ਹੀ ਪ੍ਰਜਾਪਤੀ।''

ਸ਼ਾਕਲਯ ਨੇ 'ਸਤਨਯਿਤਨੁ' ਸ਼ਬਦ ਦਾ ਆਸ਼ਾ ਜਾਣਨਾ ਚਾਹਿਆ, ਤਾਂ ਯਾਗਵਲਕਯ ਨੇ ਇਸਨੂੰ ਅਸ਼ਨਿ ਜਾਂ ਵਜਰ ਦੱਸਿਆ ਅਤੇ ਪ੍ਰਜਾਪਤੀ ਦਾ ਆਸ਼ਾ ਪੁਛਣ ਤੇ ਉਸਨੂੰ ਪਸ਼ੂ ਦੱਸਿਆ। ਸ਼ਾਕਲਯ ਚੰਗੇ ਵਿਆਕਰਣਕਾਰ ਸਨ ਅਤੇ ਸ਼ਬਦਾਂ ਦੀ ਚੀਰ ਫਾੜ ਕਰਨਾ ਉਨ੍ਹਾਂ ਦਾ ਸ਼ੌਕ ਸੀ। ਉਨ੍ਹਾਂ ਨੇ ਵਿਚਾਰ ਕਰਕੇ ਦੇਖਿਆ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਵੀ ਵਿਆਖਿਆ ਕੁਝ ਗ਼ਲਤ ਨਹੀਂ ਸੀ। ਪਸ਼ੂ ਦਾ ਤਾਂ ਸ਼ਾਬਦਿਕ ਅਰਥ ਹੀ ਪੋਸ਼ਣ ਦੇਣ ਵਾਲਾ ਅਤੇ ਪ੍ਰਜਾਪਤੀ ਤਾਂ ਪ੍ਰਜਾ ਦਾ ਪਾਲਣ ਕਰਨ ਵਾਲੇ ਨੂੰ ਹੀ ਕਹਿੰਦੇ ਹਨ। ਉਨ੍ਹਾਂ ਨੇ ਆਪਣੀ ਤਸੱਲੀ ਪ੍ਰਗਟ ਕੀਤੀ, ਜਿਸਦਾ ਅਰਥ ਸੀ ਅਗਲਾ ਪ੍ਰਸ਼ਨ ਸਾਹਮਣੇ ਕਰ ਦੇਣਾ, ''ਛੇ ਦੇਵਤੇ ਕਿਹੜੇ ਹਨ?''

ਯਾਗਵਲਕਯ ਨੇ ਉਨ੍ਹਾਂ ਦੇ ਨਾਂ ਦੱਸੇ, ''ਅਗਨੀ, ਪ੍ਰਿਥਵੀ, ਵਾਯੂ, ਖਗੋਲ, ਆਦਿਤਯ, ਅਤੇ ਪ੍ਰਕਾਸ਼-ਲੋਕ।'' ਉਨ੍ਹਾਂ ਨੇ ਨਾਲ ਹੀ ਇਹ ਵੀ ਸਪਸ਼ਟ ਕਰ ਦਿੱਤਾ ਕਿ ਇਨ੍ਹਾਂ ਦਾ ਵਿਸਤਾਰ ਕਰਨ ਨਾਲ ਵਸੂ ਆਦਿ ਤੇਤੀ ਦੇਵਤੇ ਬਣ ਜਾਂਦੇ ਹਨ।

ਹੁਣ ਤਿੰਨਾਂ ਦੀ ਗਿਣਤੀ ਦੱਸਣੀ ਪਈ। ਯਾਗਵਲਕਯ ਦਾ ਉੱਤਰ ਸੀ, ਤਿੰਨੇ ਲੋਕ ਹੀ ਤਿੰਨ ਦੇਵਤੇ ਹਨ ਅਤੇ ਇਨ੍ਹਾਂ ਅੰਦਰ ਹੀ ਸਾਰੇ ਦੇਵਤੇ ਆ ਜਾਂਦੇ ਹਨ। ਫਿਰ ਦੋ ਦੇਵਤਿਆਂ ਦੀ ਵਿਆਖਿਆ ਉਨ੍ਹਾਂ ਦੇ ਅੰਨ ਅਤੇ ਪ੍ਰਾਣ ਕਹਿ ਕੇ ਕਰ ਦਿੱਤੀ। ਡੇਢ ਦੇਵਤਿਆਂ ਦੇ ਵਿਸ਼ੇ ਬਾਰੇ ਜਿਗਿਆਸਾ ਕਰਨ ਤੇ ਉਨ੍ਹਾਂ ਨੇ ਵਾਯੂ ਦਾ ਨਾਂ ਲਿਆ। ਇਹ ਜੋ ਪ੍ਰਵਾਹਿਤ ਹੁੰਦਾ ਹੈ ਉਹੀ ਡੇਢ ਹੈ। ਇਹ ਵਿਆਖਿਆ ਸ਼ਾਕਲਯ ਨੂੰ ਕੁਝ ਜਚੀ ਨਹੀਂ। ਉਨ੍ਹਾਂ ਨੇ ਇਤਰਾਜ਼ ਕੀਤਾ, ''ਇਹ ਤਾਂ ਇਕ ਹੀ ਹੈ। ਇਸ ਨੂੰ ਡੇਢ ਕਿਵੇਂ ਮੰਨਿਆ ਜਾਵੇ?''

ਯਾਗਵਲਕਯ ਨੇ ਉਹ ਵਿਆਖਿਆ ਦਿੱਤੀ ਜਿਸਨੂੰ ਕੇਵਲ ਉਹੀ ਦੇ ਸਕਦਾ ਸੀ ਜੋ ਵਾਦ-ਵਿਵਾਦ ਦੇ ਦਾਉ-ਪੇਚ ਨਾਲ ਮੰਜਿਆ ਹੋਇਆ ਹੋਵੇ। ਕਹਿਣ ਲੱਗੇ, ''ਵਾਯੂ ਇਸ ਲਈ ਅੱਧੀ ਜ਼ਿਆਦਾ ਹੈ, ਕਿਉਂਕਿ ਇਸੇ ਵਿਚ ਸਾਰੇ ਰਿਧੀਆਂ ਪਾਉਂਦੇ ਹਨ। ਅਰਧ ਅਤੇ ਰਿੱਧੀ ਵਿਚ ਜੋ ਸੰਪ੍ਰਸਾਰਣ ਦਾ ਵਿਆਕਰਣਿਕ ਸੂਤਰ ਯਾਦ ਆਇਆ ਤਾਂ ਸ਼ਾਕਲਯ ਕੋਲ ਅੱਗੋਂ ਕਰਨ ਲਈ ਇਕ ਸਵਾਲ ਹੀ ਬਚਿਆ ਸੀ। ਉਹ ਇਕ ਕੌਣ ਹੈ?''

ਇਸਦਾ ਉੱਤਰ ਉਥੇ ਬੈਠੇ ਸਾਰੇ ਵਿਦਵਾਨ ਜਾਣਦੇ ਸਨ। ਬ੍ਰਹਮਵਾਦੀ ਤਰਕਸ਼ਾਸਤ੍ਰ ਤੋਂ ਹੁਣ ਤਕ ਦੇ ਪਰਿਚੈ ਦਾ ਲਾਭ ਉਠਾ ਕੇ ਅਸੀਂ ਵੀ ਦੱਸ ਸਕਦੇ ਹਾਂ ਕਿ ਯਾਗਵਲਕਯ ਨੇ ਅੰਤ ਵਿਚ ਪ੍ਰਾਣ ਦਾ ਹੀ ਨਾਂ ਲਿਆ ਹੋਵੇਗਾ ਅਤੇ ਇਸੇ ਨੂੰ ਬ੍ਰਹਮ ਦੱਸ ਕੇ ਇਹ ਸਿੱਧ ਕਰ ਦਿੱਤਾ ਹੋਵੇਗਾ ਕਿ ਪ੍ਰਾਣਾਯਾਮ ਵਿਚ ਹੀ ਸਾਰੇ ਜਪ, ਯੱਗ, ਗਿਆਨ, ਅਤੇ ਸਿੱਧੀਆਂ ਸਮਾਈਆਂ ਹੋਈਆਂ ਹਨ।

ਯਾਗਵਲਕਯ ਦੇ ਉੱਤਰ ਨੂੰ ਸ਼ਾਕਲਯ ਕੱਟ ਤਾਂ ਨਾ ਸਕਿਆ, ਪਰ ਉਹ ਆਸਾਨੀ ਨਾਲ ਮੈਦਾਨ ਛੱਡਣ ਵਾਲੇ ਨਹੀਂ ਸਨ। ਉਨ੍ਹਾਂ ਨੇ ਆਪਣੀ ਖਿਝ ਪ੍ਰਗਟ ਕਰਦੇ ਹੋਇਆਂ ਕਿਹਾ, ਯਾਗਵਲਕਯ, ਤੈਨੂੰ ਕੁਝ ਖ਼ਾਸ ਆਉਂਦਾ ਜਾਂਦਾ ਤਾਂ ਹੈ ਨਹੀਂ, ਝੂਠ-ਮੂਠ ਦਾ ਗਿਆਨੀ ਬਣਿਆਂ ਫਿਰਦਾ ਹੈ। ਹੁਣ ਮੈਂ ਜਿਹੜਾ ਸਵਾਲ ਤੈਨੂੰ ਕਰਨ ਲੱਗਾ ਹਾਂ ਉਸ ਦਾ ਜਵਾਬ ਦੇਵੇਂ ਤਾਂ ਮੰਨਾ, ਅਤੇ ਫਿਰ ਸਰੀਰ ਅਤੇ ਆਤਮਾ ਦਾ ਇਕ ਗੁੰਝਲਦਾਰ ਰੂਪਕ ਤਿਆਰ ਕਰਦੇ ਹੋਇਆਂ ਬੁਝਾਰਤ ਬਣਾ ਕੇ ਪ੍ਰਸ਼ਨ ਕੀਤਾ ਕਿ ਇਸ ਨੂੰ ਜੋ ਜਾਣਦਾ ਹੈ, ਉਹੀ ਪੰਡਿਤ ਹੈ। ਤੂੰ ਜਾਣਦਾ ਹੈ ਤਾਂ ਦੱਸ। ਬੁਝਾਰਤ ਕੁਝ ਇਸ ਤਰ੍ਹਾਂ ਦੀ ਸੀ ਕਿ ਕੌਣ ਹੈ ਜਿਸਦਾ ਆਯਤਨ (ਸਥਾਨ, ਘਰ) ਪ੍ਰਿਥਵੀ ਹੈ, ਅਗਨੀ ਲੋਕ ਮਨ ਹੈ, ਜਿਸਦੇ ਅਧਿਆਤਮ ਨੂੰ ਜਾਣਨ ਵਾਲਾ ਪੰਡਿਤ ਹੋ ਜਾਂਦਾ ਹੈ? ਯਾਗਵਲਕਯ ਨੇ ਇਸਦਾ ਉੱਤਰ ਦੇ ਕੇ ਆਪਣੇ ਆਪ ਨੂੰ ਪੰਡਿਤ ਸਿੱਧ ਕਰ ਦਿੱਤਾ। ਪਰ ਅਜੇ ਉਨ੍ਹਾਂ ਦੇ ਪੰਡਿਤ ਮੰਨ ਲਏ ਜਾਣ ਲਈ ਦੇਰੀ ਸੀ। ਬੁਝਾਰਤਾਂ ਦਾ ਕੋਈ ਅੰਤ ਨਹੀਂ ਸੀ। ਕਾਮ ਆਯਤਨ ਵਾਲੇ ਕਾਮਮਈ ਪੁਰਖ ਦੇ ਵਿਸ਼ੇ ਵਿਚ ਪ੍ਰਸ਼ਨ ਜਿਸਦਾ ਦੇਵਤਾ ਇਸਤਰੀ ਹੈ, ਆਦਿਤਯ ਵਿਚ ਸਥਿਤ ਰੂਪ ਆਯਤਨ ਵਾਲੇ ਪੁਰਖ ਬਾਰੇ ਜਿਸਦਾ ਦੇਵਤਾ ਸਤ੍ਰਯ ਹੈ, ਆਕਾਸ਼ ਆਯਤਨ ਵਾਲੇ ਪ੍ਰਾਤਿਸ੍ਰੁਤਕ (ਪੂਰਤੀ ਕਰਨ ਵਾਲਾ) ਪੁਰਖ ਬਾਰੇ ਜਿਸਦਾ ਦੇਵਤਾ ਦਿਸ਼ਾਵਾਂ ਹਨ, ਅੰਧਕਾਰ ਆਯਤਨ ਵਾਲੇ ਛਾਇਆਮਈ ਪੁਰਖ ਬਾਰੇ ਜਿਸਦਾ ਦੇਵਤਾ ਮੌਤ ਹੈ, ਰੂਪ ਆਯਤਨ ਵਾਲੇ ਦਰਪਣ ਵਿਚ ਸਥਿਤ ਪੁਰਖ ਬਾਰੇ ਜਿਸਦਾ ਦੇਵਤਾ ਅਸੁ ਹੈ, ਜਲ ਵਿਚ ਸਥਿਤ ਪੁਰਖ ਬਾਰੇ ਜਿਸ ਦਾ ਦੇਵਤਾ ਵਰਣ ਹੈ, ਵੀਰਜ ਆਯਤਨ ਵਾਲੇ ਪੁੱਤਰ-ਰੂਪ ਪੁਰਖ ਬਾਰੇ ਜਿਸਦਾ ਦੇਵਤਾ ਪ੍ਰਜਾਪਤੀ ਹੈ। ਇਕ ਤੋਂ ਬਾਅਦ ਇਕ ਬੁਝਾਰਤ। ਯਾਗਵਲਕਯ ਨੂੰ ਇਸ ਸਭ ਦਾ ਗਿਆਨ ਸੀ। ਯਾਗਵਲਕਯ ਦਾ ਇਹ ਗਿਆਨ ਅਤੇ ਸ਼ਾਕਲਯ ਦੇ ਇਹ ਪ੍ਰਸ਼ਨ ਬਾਰ ਬਾਰ ਸਿੱਧਾਂ ਅਤੇ ਸੰਤਾਂ ਦੁਆਰਾ ਆਪਣੀਆਂ ਗੰਭੀਰ ਗੋਸ਼ਠੀਆਂ ਵਿਚ ਦੁਹਰਾਏ ਜਾਂਦੇ ਰਹੇ ਹਨ ਅਤੇ ਏਨਾ ਜਾਣ ਲੈਣ ਦੇ ਬਲ 'ਤੇ ਸਿਖਿਆ ਅਤੇ ਸਭਿਆਚਾਰ 'ਚ ਚੌਖਟੇ ਤੋਂ ਬਾਹਿਰ ਕਢ ਦਿੱਤੇ ਜਾਣ ਦੇ ਬਾਅਦ ਵੀ ਉਹ ਪੰਡਿਤਾਂ ਅਤੇ ਗਿਆਨੀਆਂ ਤੋਂ ਆਪਣੇ ਆਪ ਨੂੰ ਆਪਣੇ ਘੇਰੇ ਵਿਚ ਕਿੰਨਾ ਸ੍ਰੇਸ਼ਠ ਸਮਝਦੇ ਰਹੇ ਹਨ, ਇਸ ਦਾ ਕੁਝ ਕੁਝ ਗਿਆਨ ਸਾਨੂੰ ਹੈ। ਅਨੇਕਾਂ ਵਿਧੀਆਂ ਅਤੇ ਅਨੇਕਾਂ ਉਦਾਹਰਣਾਂ ਤੋਂ ਇਕ ਹੀ ਗੱਲ ਨੂੰ ਦੁਹਰਾਉਣਾ ਜਿੰਨਾ ਵੀ ਨੀਰਸ ਲਗੇ, ਇਸ ਦੇ ਪਿਛੇ ਦਾ ਮਾਨਵੀ ਸੰਦੇਸ਼ ਇੱਕਲਾ ਏਨਾ ਵਡਾ ਸੱਚ ਹੈ ਕਿ ਬਾਰ-ਬਾਰ ਇਸ ਨਾਲ ਟਕਰਾ ਕੇ ਮੁੜਨ ਪਿਛੋਂ, ਆਪਣੇ ਉੱਚੇ ਗਿਆਨ ਅਤੇ ਤਕਨੀਕੀ ਵਿਕਾਸ ਦੇ ਬਾਵਜੂਦ ਮਾਨਵ ਸਮਾਜ ਅੱਜ ਤਕ ਇਸ ਸਰਲ ਪਾਠ ਨੂੰ ਅੰਦਰ ਵਸਾ ਨਹੀਂ ਸਕਿਆ। ਬ੍ਰਹਮਵਾਦੀਆਂ ਨੇ ਆਪ ਇਸ ਦਾ ਕਿੰਨਾ ਅੰਸ਼ ਹਿਰਦੇ ਵਿਚ ਵਸਾਇਆ ਸੀ, ਇਸ ਨੂੰ ਕੌਣ ਦੱਸ ਸਕਦਾ ਹੈ।

ਸ਼ਾਕਲਯ ਦੇ ਮੁੜ ਮੁੜ ਇਨ੍ਹਾਂ ਸਵਾਲਾਂ ਤੋਂ ਯਾਗਵਲਕਯ ਖਿਝ ਚਲੇ ਸਨ। ਉਨ੍ਹਾਂ ਨੂੰ ਲੱਗਿਆ ਸ਼ਾਕਲਯ ਨੂੰ ਉਨ੍ਹਾਂ ਦੇ ਸਾਥੀ ਬ੍ਰਾਹਮਣਾਂ ਨੇ ਥਾਪੜਾ ਦਿੱਤਾ ਹੈ, ਇਸੇ ਲਈ ਏਨਾ ਉਛਲ ਉਛਲ ਕੇ ਉਹ ਸਵਾਲ ਕਰ ਰਿਹਾ ਹੈ। ਹੁਣ ਸ਼ਾਕਲਯ ਦਾ ਕੋਈ ਪ੍ਰਸ਼ਨ ਤਾਂ ਬਾਕੀ ਰਿਹਾ ਨਹੀਂ ਸੀ, ਜਿਸਦਾ ਉੱਤਰ ਨਾ ਦੇ ਸਕਣ ਕਰ ਕੇ ਯਾਗਵਲਕਯ ਨੂੰ ਗਊਆਂ ਤੋਂ ਹੱਥ ਧੋਣਾ ਪੈਂਦਾ। ਉਹ ਵਿਅੰਗ ਕਰਨੋਂ ਕਿਉਂ ਟਲਦੇ। ਹੱਸ ਕੇ ਕਹਿਣ ਲੱਗੇ, "ਸ਼ਾਕਲਯ

ਇਨ੍ਹਾਂ ਬ੍ਰਾਹਮਣਾਂ ਨੇ ਤੈਨੂੰ ਅੰਗਾਰਾ ਕੱਢਣ ਵਾਲਾ ਚਿਮਟਾ ਬਣਾ ਰਖਿਆ ਹੈ – **ਤਵਾਂ ਸਿਵਤ ਇਮੇ ਬ੍ਰਾਹਮਣਾ ਅੰਗਾਰ ਆਵਕਸ਼ਯਣੰ ਅਕ੍ਰਤਾ ਇਤਿ।''**

ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿਸੇ ਦਾ ਚਮਚਾ ਹੋਣ ਦਾ ਅੱਜ ਦਾ ਚਾਲੂ ਅਤੇ ਅਧਿਕ ਚਾਲੂ ਹੋ ਜਾਣ ਦੇ ਕਾਰਨ ਕੁਝ ਭੈੜਾ ਲਗਣ ਵਾਲਾ ਮੁਹਾਵਰਾ ਸਿੱਧਾ ਅਧਿਆਤਮਵਾਦੀਆਂ ਤੋਂ ਲਿਆ ਗਿਆ ਹੈ, ਪਰ ਦੂਜਿਆਂ ਨੂੰ ਆਪਣਾ ਚਮਚਾ ਬਣਾਉਣ ਵਾਲਿਆਂ ਦੀ ਭਾਰਤੀ ਪਰੰਪਰਾ ਕਾਫ਼ੀ ਲੰਮੀ ਹੈ, ਇਹ ਤਾਂ ਮੰਨਣਾ ਹੀ ਪਵੇਗਾ।

ਅੱਜ ਦੇ ਨਿਘਾਰ ਦੇ ਦੌਰ ਵਿਚ ਵੀ ਕਿਸੇ ਨੂੰ ਚਮਚਾ ਕਿਹਾ ਜਾਵੇ ਤਾਂ ਉਸ ਨੂੰ ਬੁਰਾ ਲਗਦਾ ਹੈ। ਚਮਚਿਆਂ ਨੂੰ ਵੀ। ਅਧਿਆਤਮਿਕ ਉਨਤੀ ਦੇ ਉਸ ਜ਼ਮਾਨੇ ਵਿਚ ਇਕ ਰਿਸ਼ੀ ਨੂੰ ਤਾਂ ਇਹ ਗੱਲ ਬੁਰੀ ਲਗਣੀ ਹੀ ਸੀ। ਸ਼ਾਕਲਯ ਯਾਗਵਲਕਯ ਦੀ ਟਿੱਪਣੀ ਉਤੇ ਸੜ ਬਲ ਗਿਆ। ਜਿਹੜੀ ਗਲ ਮਾੜੀ ਲਗੀ ਉਹ ਇਹ ਕਿ ਯਾਗਵਲਕਯ ਨੇ ਕੁਰੂ-ਪੰਚਾਲ ਦੇ ਉਨ੍ਹਾਂ ਬ੍ਰਾਹਮਣਾਂ ਉਤੇ ਇਤਰਾਜ਼ ਕਿਉਂ ਕੀਤਾ। ਆਦਮੀ ਆਪਣੀ ਤੌਹੀਨ ਤਾਂ ਸਹਿ ਲਵੇ, ਦੇਸ਼, ਜਾਤੀ ਦੀ ਤੌਹੀਨ ਨਹੀਂ ਸਹੀ ਜਾਂਦੀ। ਸ਼ਾਕਲਯ ਕਹਿਣ ਲੱਗੇ, ਤੂੰ ਕੁਰੂ-ਪੰਚਾਲ ਦੇ ਬ੍ਰਾਹਮਣਾਂ ਨੂੰ ਤਾਹਨੇ ਦੇਣ ਲਗਾ ਹੈਂ?

ਯਾਗਵਲਕਯ ਵੀ ਆਕੜ ਗਏ। ਉਸ ਬ੍ਰਹਮ-ਵਿਦਿਆ ਦਾ ਲਾਭ ਕੀ ਜੇ ਬ੍ਰਹਮਗਿਆਤਾ ਦੇ ਗੌਰਵ ਦੀ ਰਖਿਆ ਨਾ ਕਰ ਸਕੇ। ਇਸ ਗੌਰਵ ਦੇ ਬੋਧ ਨੇ ਹੀ ਤਾਂ ਬ੍ਰਹਮ ਨੂੰ ਬ੍ਰਹਮ ਬਣਾਇਆ ਸੀ। ਕਹਿਣ ਲੱਗੇ, ਬ੍ਰਹਮਗਿਆਤਾ ਤਾਂ ਹਾਂ। ਅਤੇ ਹਾਂ ਇਸ ਲਈ ਕਿ ਮੈਂ ਦੇਵਤਿਆਂ ਅਤੇ ਪ੍ਰਤਿਸ਼ਠਾ-ਸਹਿਤ ਦਿਸ਼ਾਵਾਂ ਦਾ ਗਿਆਨ ਰਖਦਾ ਹਾਂ – **ਦਿਸ਼ੋ ਵੇਦ ਸਦੇਵਾ: ਸਾਪ੍ਰਤਿਸ਼ਠਾ ਇਤਿ।''**

ਹੁਣ ਜਿਵੇਂ ਕਿ ਆਪ ਅਨੁਮਾਨ ਲਗਾ ਚੁੱਕੇ ਹੋਵੋਗੇ। ਦਿਸ਼ਾ ਅਤੇ ਪ੍ਰਤਿਸ਼ਠਾ ਨੂੰ ਸ਼ਾਕਲਯ ਨੇ ਵੀ ਆਪਣੀ ਪ੍ਰਤਿਸ਼ਠਾ ਦਾ ਪ੍ਰਸ਼ਨ ਬਣਾ ਲਿਆ। ਚੁਣੌਤੀ ਦਿੱਤੀ, ''ਜੇ ਤੂੰ ਦੇਵਤਿਆਂ ਅਤੇ ਪ੍ਰਤਿਸ਼ਠਾ ਸਹਿਤ ਦਿਸ਼ਾਵਾਂ ਨੂੰ ਜਾਣਨਾ ਹੈਂ ਤਾਂ ਦੱਸ ਕਿ ਪੂਰਬ ਵਲ ਤੂੰ ਕਿਸ ਦੇਵਤੇ ਨਾਲ ਜੁੜਿਆ ਹੋਇਆ ਹੈਂ?''

ਯਾਗਵਲਕਯ ਕਹਿਣ ਲੱਗੇ, ''ਆਦਿਤਯ ਨਾਲ।''

ਸ਼ਾਕਲਯ ਨੇ ਪੁੱਛਿਆ, ''ਆਦਿਤਯ ਕਿਸ ਵਿਚ ਪ੍ਰਤਿਸ਼ਠਿਤ ਹੈ?''

ਯਾਗਵਲਕਯ ਕਹਿਣ ਲੱਗੇ, ''ਨੇਤਰ ਵਿਚ।''

ਸਾਕਲਯ ਨੇ ਮੁੜ ਪੁੱਛਿਆ, ''ਨੇਤਰ ਕਿਸ ਵਿਚ ਪ੍ਰਤਿਸ਼ਠਤ ਹਨ?''

ਯਾਗਵਲਕਯ ਨੇ ਕਿਹਾ, ''ਰੂਪ ਵਿਚ।''

ਸ਼ਾਕਲਯ ਨੇ ਫਿਰ ਪੁੱਛਿਆ, ''ਰੂਪ ਕਿਸ ਵਿਚ ਪ੍ਰਤਿਸ਼ਠਿਤ ਹੈ।''

ਯਾਗਵਲਕਯ ਨੇ ਕਿਹਾ, ''ਹਿਰਦੇ ਵਿਚ। ਕਾਰਣ ਜਾਣਨਾ ਚਾਹੁੰਦੇ ਹੋ ਤਾਂ ਇਹ ਸਮਝ ਲਓ ਕਿ ਚੰਗੀ ਸੂਰਤ ਦੇਖਣ ਤੇ ਹਿਰਦੇ ਦੇ ਆਲੇ ਦੁਆਲੇ ਹੀ ਸਾਰੇ ਮੁਹਾਵਰੇ ਘੜੇ ਜਾਂਦੇ ਹਨ।''

ਸ਼ਾਕਲਯ ਨੇ ਮੰਨਿਆ ਕਿ ਯਾਗਵਲਕਯ ਜੋ ਕਹਿ ਰਹੇ ਹਨ ਉਹ ਠੀਕ ਹੀ ਹੈ। ਸ਼ਾਕਲਯ ਨੇ ਸਾਰੀਆਂ ਦਿਸ਼ਾਵਾਂ ਬਾਰੇ ਵਾਰੀ ਵਾਰੀ ਪ੍ਰਸ਼ਨ ਕੀਤੇ। ਇਹ ਤਾਂ ਯਾਗਵਲਕਯ

ਦੀ ਵਿਸ਼ੇਸ਼ਗਤਾ ਦਾ ਖੇਤਰ ਸੀ, ਉਹ ਦੱਸਦੇ ਚਲੇ ਗਏ। ਜੋ ਕੁਝ ਸ਼ਾਕਲਯ ਨੂੰ ਜਾਣਨ ਨੂੰ ਮਿਲਿਆ ਉਹ ਇਹ ਸੀ ਕਿ ਦੱਖਣ ਦਿਸ਼ਾ ਵਿਚ ਉਹ ਯਮ ਦੇਵਤਾ ਨਾਲ ਯੁਕਤ ਸਨ ਜੋ ਯੱਗ ਵਿਚ ਪ੍ਰਤਿਸ਼ਠਿਤ ਹਨ। ਯੱਗ ਦੱਖਣਾ ਵਿਚ ਅਤੇ ਦੱਖਣਾ ਸ਼ਰਧਾ ਵਿਚ ਪ੍ਰਤਿਸ਼ਠਿਤ ਹੈ। ਜੇ ਅਜਿਹਾ ਨਾ ਹੁੰਦਾ ਤਾਂ ਲੋਕ ਕਿਸੇ ਦੇ ਪੁੱਤਰ ਨੂੰ ਦੇਖ ਕੇ ਇਹ ਨਾ ਕਹਿੰਦੇ ਕਿ ਇਹ ਤਾਂ ਜਿਵੇਂ ਉਸਦੇ ਹਿਰਦੇ ਵਿਚੋਂ ਹੀ ਨਿਕਲਿਆ ਹੈ। ਉੱਤਰ ਦਿਸ਼ਾ ਵਿਚ ਉਹ ਸੋਮ ਨਾਲ ਯੁਕਤ ਸਨ ਜੋ ਦੀਖਿਆ ਵਿਚ ਪ੍ਰਤਿਸ਼ਠਿਤ ਸੀ। ਦੀਖਿਆ ਆਪ ਸੱਚ ਵਿਚ ਪ੍ਰਤਿਸ਼ਠਿਤ ਹੈ। ਅਜਿਹਾ ਨਾ ਹੁੰਦਾ ਤਾਂ ਦੀਕਸ਼ਿਤ ਵਿਅਕਤੀ ਸੱਚ ਬੋਲਣ 'ਤੇ ਏਨਾ ਜ਼ੋਰ ਨਹੀਂ ਦਿੰਦੇ। ਸੱਚ ਨਿਸਚੇ ਹੀ ਹਿਰਦੇ ਵਿਚ ਪ੍ਰਤਿਸ਼ਠਿਤ ਹੈ।

ਸਾਡਾ ਦਿਸ਼ਾਵਾਂ ਦਾ ਗਿਆਨ ਕੁਝ ਸੀਮਿਤ ਹੈ। ਆਤਮਵਾਦੀ ਧ੍ਰੁਵਾ ਨਾਂ ਦੀ ਇਕ ਦਿਸ਼ਾ ਨੂੰ ਵੀ ਜਾਣਦੇ ਸਨ ਜੋ ਅੱਜ ਕਲ੍ਹ ਲੋਪ ਹੋ ਚੁਕੀ ਹੈ। ਉਸ ਧ੍ਰੁਵਾ ਦਿਸ਼ਾ ਵਿਚ ਯਾਗਵਲਕਯ ਅਗਨੀ ਦੇਵਤਾ ਨਾਲ ਯੁਕਤ ਸਨ ਜੋ ਵਾਕ ਵਿਚ ਪ੍ਰਤਿਸ਼ਠਿਤ ਹੈ ਅਤੇ ਵਾਕ ਆਪ ਹਿਰਦੇ ਵਿਚ ਪ੍ਰਤਿਸ਼ਠਿਤ ਹੈ।

ਸ਼ਾਕਲਯ ਨੇ ਸੋਚਿਆ ਯਾਗਵਲਕਯ ਹਰ ਚੀਜ਼ ਨੂੰ ਹਿਰਦੇ ਵਿਚ ਪ੍ਰਤਿਸ਼ਠਿਤ ਦੱਸੀ ਜਾ ਰਹੇ ਹਨ, ਸੋ ਇਸ ਤੋਂ ਅੱਗੇ ਦੀ ਗਤੀ ਨਹੀਂ ਹੈ, ਇਸ ਗਿਆਨੀ ਦੀ। ਜੇ ਇਹ ਪੁੱਛਿਆ ਜਾਵੇ ਕਿ ਮਨ ਕਿਸ ਵਿਚ ਪ੍ਰਤਿਸ਼ਠਿਤ ਹੈ ਤਾਂ ਯਾਗਵਲਕਯ ਦੀ ਪੋਲ ਖੁਲ੍ਹ ਜਾਏਗੀ। ਇਥੇ ਹੀ ਸ਼ਾਕਲਯ ਤੋਂ ਇਤਨੀ ਵੱਡੀ ਭੁਲ ਹੋ ਗਈ ਕਿ ਇਸ ਨੂੰ ਭੁਲ ਨਾ ਕਹਿ ਕੇ ਮੂਰਖਤਾ ਕਹਿਣਾ ਜ਼ਿਆਦਾ ਠੀਕ ਹੋਵੇਗਾ ਅਤੇ ਇਸਦੇ ਬਾਵਜੂਦ ਇਹ ਨਿਸ਼ਚਿਤ ਕਰਨ ਵਿਚ ਕਠਿਨਾਈ ਹੋਵੇਗੀ ਕਿ ਮੂਰਖਤਾ ਦੀਆਂ ਸੱਤ ਕਿਸਮਾਂ ਵਿਚੋਂ ਇਸ ਨੂੰ ਕਿਹੜੀ ਕਿਸਮ ਵਿਚ ਰਖਿਆ ਜਾਵੇ। ਕਾਰਣ, ਇਥੋਂ ਚਰਚਾ ਇਕ ਅਜਿਹੀ ਦਿਸ਼ਾ ਵਲ ਮੁੜੀ ਜਿਸਦਾ ਅੰਤ ਬੜਾ ਦੁੱਖਮਈ ਸੀ। ਕਹਾਣੀਕਾਰ ਦਾ ਇਹ ਫਰਜ਼ ਹੈ ਕਿ ਉਹ ਦੁੱਖਮਈ ਘਟਨਾ ਨੂੰ ਦੁੱਖ ਦੀ ਘੜੀ ਵਿਚ ਹੀ ਬਿਆਨ ਕਰੇ। ਕਹਾਣੀਕਾਰ ਨੇ ਅਜਿਹਾ ਕੀਤਾ ਵੀ ਪਰ ਕਿੱਸਾਗੋ ਨੂੰ ਆਪਣੇ ਸ੍ਰੋਤਿਆਂ ਦੇ ਦਿਲ-ਦਿਮਾਗ਼ ਦਾ ਵੀ ਖ਼ਿਆਲ ਰਖਣਾ ਪੈਂਦਾ ਹੈ। ਜੇ ਝਟਕਾ ਇਕ ਦਮ ਲੱਗੇ ਤਾਂ ਉਸਨੂੰ ਸੰਭਾਲਣ ਵਿਚ ਸਾਰੇ ਸ੍ਰੋਤੇ ਸਫਲ ਨਹੀਂ ਹੋ ਸਕਦੇ। ਦਿਲ ਦੀਆਂ ਬੀਮਾਰੀਆਂ ਦੇ ਊਰਧਮੁਖ ਵਕ੍ਰ ਨੂੰ ਧਿਆਨ ਵਿਚ ਰਖਦੇ ਹੋਏ ਅੱਜ ਉਸਦਾ ਕਰੱਤਵ ਬਣਦਾ ਹੈ, ਉਹ ਉਸਦੀ ਅਗਲੀ ਸੂਚਨਾ ਸ੍ਰੋਤਿਆਂ ਨੂੰ ਦੁੱਖ ਸਹਿਣ ਦੀ ਤਿਆਰੀ ਲਈ ਦੇ ਦੇਵੇ।

ਜੋ ਗੱਲ ਅਜੇ ਤਕ ਛਿਪੀ ਹੋਈ ਸੀ ਉਹ ਇਹ ਸੀ ਕਿ ਯਾਗਵਲਕਯ ਬ੍ਰਹਮ-ਵਿਦਿਆ ਦੇ ਨਾਲ-ਨਾਲ ਥੋੜ੍ਹੀ ਬਹੁਤ ਪ੍ਰੇਤ-ਸਾਧਨਾ ਵੀ ਕਰਦੇ ਸਨ। ਜਦੋਂ ਉਨ੍ਹਾਂ ਨੇ ਆਪਣੇ ਨਾਲ ਉਲਝਣ ਵਾਲਿਆਂ ਦੇ ਉਨ੍ਹਾਂ ਰਹੱਸਮਈ ਪ੍ਰਸ਼ਨਾਂ ਦਾ ਉੱਤਰ ਦਿੱਤਾ ਸੀ ਜੋ ਉਨ੍ਹਾਂ ਨੂੰ ਮਦ੍ਰ ਦੇਸ਼ ਵਿਚ ਪਤੰਜਲ ਦੇ ਪਰਿਵਾਰ ਦੇ ਨਿਜੀ ਦੁਰਭਾਗ ਅਤੇ ਆਪਣੇ ਸੌਭਾਗ ਨਾਲ ਗੰਧਰਵ ਤੋਂ ਸੁਣਨ ਨੂੰ ਮਿਲੇ ਸਨ, ਤਦ ਹੀ ਉਨ੍ਹਾਂ ਨੂੰ ਸ਼ੱਕ ਹੋ ਜਾਣਾ ਚਾਹੀਦਾ ਸੀ। ਅਜਿਹਾ ਨਹੀਂ ਹੋਇਆ ਤਾਂ ਜਦ ਉਨ੍ਹਾਂ ਨੇ ਗਾਰਗੀ ਨੂੰ ਕਿਹਾ ਸੀ ਕਿ ਅਤਿਪ੍ਰਸ਼ਨ ਕਰੇਗੀ ਤਾਂ ਤੇਰਾ ਸਿਰ ਕੱਟ ਕੇ ਹੇਠਾਂ ਡਿਗ ਪਵੇਗਾ, ਉਦੋਂ ਤੋਂ ਹੀ ਜਾਣ ਲੈਣਾ ਚਾਹੀਦਾ ਸੀ। ਪਰ ਦੁਰਭਾਗ ਕਿ ਉਨ੍ਹਾਂ ਦਾ ਧਿਆਨ ਤਾਂ ਉਧਰ ਗਿਆ ਹੀ ਨਹੀਂ, ਕਿੱਸਾਗੋ ਨੂੰ ਵੀ ਇਸ ਘੜੀ ਤੋਂ ਪਹਿਲਾਂ

ਤਕ ਇਸਦਾ ਸ਼ੱਕ ਨਹੀਂ ਹੋਇਆ ਅਤੇ ਉਹ ਆਪਣੇ ਸ੍ਰੋਤਿਆਂ ਨੂੰ ਉਰੇ ਪਰੇ ਦੀਆਂ ਗੱਲਾਂ ਸਮਝਾਉਂਦਾ ਰਿਹਾ। ਅਸੀਂ ਇਸੇ ਦਾ ਯਤਨ ਇਕ ਵਾਰ ਹੋਰ ਕਰਦੇ ਹੋਏ ਇਹ ਸਮਝਾਉਣਾ ਚਾਹਾਂਗੇ ਕਿ ਇਸ ਤੋਂ ਬਾਅਦ ਯਾਗਵਲਕਯ ਨੇ ਸ਼ਾਕਲਯ ਨੂੰ ਹੀ ਪ੍ਰੇਤ ਦੇ ਰੂਪ ਵਿਚ ਅਰਥਾਤ 'ਅਹੱਲਿਕ' ਕਹਿਕੇ ਸੰਬੋਧਨ ਕੀਤਾ ਹੋਵੇਗਾ। ਉਨ੍ਹਾਂ ਨੇ ਜੀਂਦੇ ਜਾਗਦੇ ਆਦਮੀ ਨੂੰ ਅਹੱਲਿਕ ਜਾਂ ਦਿਨ ਵਿਚ ਅਦ੍ਰਿਸ਼ ਹੋ ਜਾਣ ਵਾਲਾ ਅਤੇ ਰਾਤੀਂ ਪ੍ਰਗਟ ਹੋਣ ਵਾਲਾ ਨਿਸ਼ਾਚਰ ਕਿਹਾ ਹੋਵੇ, ਇਹ ਤਾਂ ਹੋ ਸਕਦਾ ਹੈ ਪਰ ਅਜਿਹਾ ਤਾਂ ਹੀ ਹੋਇਆ ਹੋ ਸਕਦਾ ਹੈ ਜਦੋਂ ਉਹ ਪੂਰੀ ਤਰ੍ਹਾਂ ਖਿੱਝ ਉਠੇ ਹੋਣਗੇ। ਉਹ ਦੇਖ ਰਹੇ ਸਨ ਕਿ ਸ਼ਾਕਲਯਤ ਅਤਿਪ੍ਰਸ਼ਨ ਵਲ ਅਗੇ ਵਧ ਰਹੇ ਹਨ, ਇਹ ਸੋਚ ਕੇ ਉਨ੍ਹਾਂ ਨੂੰ ਆਪਣੇ ਉਤੇ ਕਾਬੂ ਨਹੀਂ ਰਿਹਾ ਹੋਵੇਗਾ।

ਯਾਗਵਲਕਯ ਨੇ ਕਿਹਾ, "ਅਹੱਲਿਕ, ਜੇ ਤੂੰ ਸਮਝਦਾ ਹੈਂ ਕਿ ਸੌਣ ਵੇਲੇ ਇਹ ਆਤਮਾ ਜਾਂ ਪ੍ਰਾਣ ਜਾਂ ਹਿਰਦਾ ਕਿਧਰੇ ਹੋਰ ਚਲਾ ਜਾਂਦਾ ਹੈ, ਜਿਵੇਂ ਕਿ ਕੁਝ ਲੋਕ ਸੋਚਦੇ ਹਨ, ਅਤੇ ਇਸੇ ਵਿਚਾਰ ਨਾਲ ਤੂੰ ਇਹ ਪ੍ਰਸ਼ਨ ਕੀਤਾ ਹੈ ਕਿ ਇਹ ਵੀ ਕਿਸੇ ਹੋਰ ਚੀਜ਼ ਵਿਚ ਪ੍ਰਤਿਸ਼ਠਿਤ ਹੈ, ਤਾਂ ਇਹ ਸਮਝ ਲੈ ਕਿ ਜੇ ਅਜਿਹਾ ਹੋ ਜਾਵੇ ਤਾਂ ਇਸ ਸਰੀਰ ਨੂੰ ਕੁੱਤੇ ਖਾ ਜਾਣ, ਗਿਰਝਾਂ ਅਤੇ ਇੱਲਾਂ, ਜਾਂ ਨੋਚ ਲੈਣ – **ਸਵਾਨੋ ਵਾ ਏਨਤ ਅਦਯੁ: ਵਯਾਂਸਿ ਵਾ ਏਨਤ ਵਿਸਥਨੀਰਨ।** ਇਸ ਲਈ ਇਹ ਸਮਝੋ ਕਿ ਇਹ ਹਿਰਦਾ ਜਾਂ ਆਤਮਾ ਸਰੀਰ ਵਿਚ ਅਤੇ ਸਰੀਰ ਇਸ ਆਤਮਾ ਜਾਂ ਹਿਰਦੇ ਵਿਚ ਹੀ ਪ੍ਰਤਿਸ਼ਠਿਤ ਹੈ। ਕ੍ਰੋਧ ਨਾਲ ਉਸ ਦਾ ਚਿਹਰਾ ਲਾਲ ਹੋ ਗਿਆ ਸੀ, ਉਸਦੇ ਵਾਕ ਲੰਬੇ ਹੋ ਚਲੇ ਸਨ।

ਸ਼ਾਕਲਯ ਦੇ ਦੁਰਭਾਗ ਕਿ ਉਨ੍ਹਾਂ ਨੇ ਜਾਂ ਤਾਂ ਇਧਰ ਧਿਆਨ ਨਹੀਂ ਕੀਤਾ ਜਾਂ ਧਿਆਨ ਦਿੱਤਾ ਪਰ ਇਸਦੀ ਚਿੰਤਾ ਨਹੀਂ ਕੀਤੀ। ਉਸਨੇ ਕਿਹਾ, "ਯਾਗਵਲਕਯ, ਜੇ ਤੇਰਾ ਸ਼ਰੀਰ ਅਤੇ ਤੇਰੀ ਆਤਮਾ ਇਕ ਦੂਜੇ ਵਿਚ ਪ੍ਰਤਿਸ਼ਠਿਤ ਹਨ ਤਾਂ ਇਹ ਦੋਵੇਂ ਕਿਸ ਵਿਚ ਪ੍ਰਤਿਸ਼ਠਿਤ ਹਨ?"

ਯਾਗਵਲਕਯ ਨੇ ਅੱਖਾਂ ਤਰੇੜ ਕੇ ਕਿਹਾ, "ਪ੍ਰਾਣ ਵਿਚ।" ਅਤੇ ਫਿਰ ਪ੍ਰਸ਼ਨਾਵਲੀ ਦੇ ਉੱਤਰ ਜਿਸ ਰੂਪ ਵਿਚ ਦਿੱਤੇ ਗਏ, ਉਨ੍ਹਾਂ ਦਾ ਕੁਝ ਪਰਿਚੈ ਸਾਨੂੰ ਪਹਿਲਾਂ ਤੋਂ ਹੀ ਪਤਾ ਹੈ। ਪ੍ਰਾਣ ਅਪਾਨ ਵਿਚ, ਅਪਾਨ ਵਿਆਨ ਵਿਚ, ਵਿਆਨ ਉਦਾਨ ਵਿਚ, ਉਦਾਨ ਸਮਾਨ ਵਿਚ, ਪ੍ਰਤਿਸ਼ਠਿਤ ਦੱਸਿਆ ਗਿਆ। ਇਹ ਸਮਾਨ ਹੀ ਹੈ ਜਿਸਦੀ ਵਿਆਖਿਆ ਸੰਭਵ ਨਹੀਂ। ਇਸੇ ਨੂੰ ਨੇਤਿ-ਨੇਤਿ ਕਹਿ ਕੇ ਦਰਸਾਇਆ ਜਾਂਦਾ ਹੈ – **"ਸਮਾਨ ਇਤਿ ਸ ਏਸ਼ ਨੇਤਿ ਨੇਤਿ ਆਤਮਾ।"** ਇਹ ਗ੍ਰਹਿਣ ਨਹੀਂ ਕੀਤਾ ਜਾ ਸਕਦਾ, ਨਾਸ਼ ਨਹੀਂ ਹੁੰਦਾ, ਨਿਰਲਿਪਤ ਹੈ, ਦਿਆਲੂ ਅਤੇ ਅਹਿੰਸਿਤ ਹੈ। ਇਹ ਅੱਠ ਆਯਤਨ ਹਨ। ਅੱਠ ਲੋਕ ਹਨ। ਅੱਠ ਦੇਵ ਹਨ। ਅੱਠ ਪੁਰਖ ਹਨ। ਅਤੇ ਹੁਣ ਯਾਗਵਲਕਯ ਨੇ ਕਿਹਾ, "ਹੁਣ ਮੈਂ ਤੈਨੂੰ ਪੁੱਛਦਾ ਹਾਂ ਕਿ ਉਹ ਜਿਸਨੇ ਉਨ੍ਹਾਂ ਪੁਰਖਾਂ ਨੂੰ ਜਾਣ ਕੇ, ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਮੇਟ ਕੇ, ਉਪਾਧੀ-ਜਨਕ ਧਰਮਾਂ ਦਾ ਉਲੰਘਣ ਕੀਤਾ ਹੋਇਆ ਹੈ, ਉਹ ਉਪਨਿਸ਼ਦਿਕ ਜਾਂ ਗੂੜ੍ਹ ਪੁਰਖ ਕੌਣ ਹੈ? ਜੇ ਤੂੰ ਮੈਨੂੰ ਇਸਦਾ ਸਪਸ਼ਟ ਉੱਤਰ ਨਾ ਦਿੱਤਾ ਤਾਂ ਤੇਰਾ ਸਿਰ ਕੱਟ ਕੇ ਡਿੱਗ ਪਵੇਗਾ।

ਸ਼ਾਕਲਯ ਬਦ-ਕਿਸਮਤ ਇਸ ਦਾ ਉੱਤਰ ਨਹੀਂ ਜਾਣਦਾ ਸੀ ਅਤੇ ਉਸਦੀ ਜੋ

ਦਸ਼ਾ ਹੋਈ ਉਸਦੀ ਆਪ ਕਲਪਨਾ ਕਰ ਸਕਦੇ ਹੋ। ਜੇ ਉਸਦਾ ਸਿਰ ਕਟ ਕੇ ਡਿਗਣ ਤਕ ਹੀ ਗੱਲ ਖ਼ਤਮ ਹੋ ਜਾਂਦੀ ਤਾਂ ਵੀ ਕੋਈ ਗੱਲ ਸੀ। ਯਾਗਵਲਕਯ ਨੇ ਕੁਝ ਅਜਿਹੀ ਜੁਗਤ ਕੀਤੀ ਕਿ ਸਬੂਤ ਵੀ ਗ਼ਾਇਬ ਹੋ ਜਾਵੇ। ਸੋ ਚੋਰਾਂ ਨੇ ਉਸਦੇ ਪਿੰਜਰ ਨੂੰ ਪਤਾ ਨਹੀਂ ਕੀ ਸਮਝ ਕੇ ਚੁਰਾ ਲਿਆ – ''**ਤੰ ਹ ਨ ਮੇਨੇ ਸ਼ਾਕਲਯ। ਤਸਯ ਹ ਮੂਰਧਾ ਵਿਪਪਾਤ ਅਪਿ ਹ ਅਸਯ ਪਰਿਮੋਸ਼ਿਣੋ ਅਸਥੀਨਿ ਅਪ ਜਹਨੁ: ਅਨਯਤ: ਮਨਯਮਾਨਾ:।**

ਇਸ ਅੰਤਿਮ ਘਟਨਾ ਨੂੰ ਸੋਚ ਕੇ ਹੀ ਅਸੀਂ ਇਹ ਕਲਪਨਾ ਕਰ ਲਈ ਸੀ ਕਿ ਯਾਗਵਲਕਯ ਪ੍ਰੇਤ-ਸਾਧਨਾ ਵੀ ਕਰਦੇ ਰਹੇ ਹੋਣਗੇ। ਭਰੀ ਸਭਾ ਵਿਚ ਸਬੂਤ ਗ਼ਾਇਬ ਕਰਾਉਣ ਲਈ ਕੋਈ ਹੋਰ ਉਪਾਉ ਦਿਖਾਈ ਨਹੀਂ ਦਿੰਦਾ। ਉਸ ਪਵਿੱਤਰ ਜ਼ਮਾਨੇ ਵਿਚ ਅਧਿਆਤਮਿਕ ਮਾਫ਼ੀਆ ਦੀ ਗੱਲ ਤਾਂ ਸੋਚੀ ਹੀ ਨਹੀਂ ਜਾ ਸਕਦੀ। ਇਹ ਗੱਲ ਹੋਰ ਹੈ ਕਿ ਇਹ ਸਾਰੀ ਘਟਨਾਵਲੀ ਯਾਗਵਲਕਯ ਨੇ ਜਾਂ ਤਾਂ ਖੁਦ ਹੀ ਇਸ ਤਰ੍ਹਾਂ ਘੜ ਕੇ ਪੇਸ਼ ਕਰ ਦਿੱਤੀ ਹੋਵੇ ਜਾਂ ਉਨ੍ਹਾਂ ਦੇ ਸ਼ਿਸ਼ਾਂ ਨੇ ਆਪਣੇ ਆਚਾਰਯ ਦਾ ਗੌਰਵ ਵਧਾਉਣ ਲਈ ਰਚ ਲਈ ਹੋਵੇਗੀ। ਇਕੋ ਇਕ ਉਪਾਅ ਇਹ ਬਚ ਜਾਂਦਾ ਹੈ ਕਿ ਇਸ ਕਹਾਣੀ ਦੇ ਮਾਧਿਅਮ ਦੁਆਰਾ ਵਿਵੇਚਨ ਦਾ ਇਕ ਕਾਲਪਨਿਕ ਪਾਸਾਰ ਤਿਆਰ ਕੀਤਾ ਗਿਆ ਤੇ ਜਿਸ ਵਿਚ ਯਾਗਵਲਕਯ ਦੇ ਨਾਲ ਆਪਣੇ ਵੇਲੇ ਦੇ ਇਨ੍ਹਾਂ ਪ੍ਰਸਿੱਧ ਲੋਕਾਂ ਨੂੰ ਪਾਤਰ ਬਣਾਇਆ ਗਿਆ। ਗਊਆਂ ਦੀ ਗਿਣਤੀ ਅਤੇ ਉਨ੍ਹਾਂ ਦੇ ਸਿੰਗ ਅਤੇ ਪੈਰਾਂ ਵਿਚ ਬੰਨ੍ਹੇ ਹੋਏ ਸੋਨੇ ਦੇ ਪਿਛੋਕੜ ਦੀ ਅਤਿਕਥਨੀ ਬਾਰੇ ਚੁੱਪ ਰਹਿਣਾ ਹੀ ਚੰਗਾ ਹੈ।

## ਦੰਗਲ ਦਾ ਅੰਤਿਮ ਦੌਰ

ਇਕ ਸੱਜਣ, ਜੋ ਸ਼ਬਦਾਂ ਨੂੰ ਲੈ ਕੇ ਖ਼ਾਸੀਆਂ ਅਟਕਲਬਾਜ਼ੀਆਂ ਕਰ ਲੈਂਦੇ ਹਨ, ਮੰਨਦੇ ਹਨ ਕਿ ਇਹ ਜੋ 'ਦੰਗਲ' ਸ਼ਬਦ ਹੈ, ਉਹ ਰਾਜ-ਸਭਾਵਾਂ ਵਿਚ ਹੋਣ ਵਾਲੀਆਂ ਬਹਿਸਾਂ ਦੌਰਾਨ ਉਠਣ ਵਾਲੇ ਦੰਗੇ ਤੋਂ ਬਣਿਆ ਹੈ। ਉਸ ਦੰਗੇ ਨੂੰ ਦੇਖ ਕੇ ਕੁਝ ਭਲੇ-ਮਾਣਸ ਇਹ ਸੋਚ ਕੇ ਚੁਪ ਰਹਿ ਜਾਂਦੇ ਰਹੇ ਹੋਣਗੇ ਕਿ ਇਹ ਹੋ ਕੀ ਰਿਹਾ ਹੈ ਅਤੇ ਇਸੇ ਤੋਂ 'ਦੰਗ ਰਹਿ ਜਾਣਾ' ਮੁਹਾਵਰਾ ਬਣਿਆ ਹੋ ਸਕਦਾ ਹੈ। ਜਦ ਇਸੇ ਦੀ ਨਕਲ ਲੋਕ ਸੜਕ ਉਤੇ ਕਰਦੇ ਰਹੇ ਹੋਣਗੇ ਤਾਂ ਦੰਗੇ ਹੋ ਜਾਂਦੇ ਰਹੇ ਹੋਣਗੇ।

ਮੈਂ ਉਨ੍ਹਾਂ ਦੀਆਂ ਗੱਲਾਂ ਨੂੰ ਓਨੀ ਗੰਭੀਰਤਾ ਨਾਲ ਨਹੀਂ ਲੈਂਦਾ ਜਿੰਨੀ ਗੰਭੀਰਤਾ ਨੂੰ ਉਹ ਜ਼ਰੂਰੀ ਮੰਨਦੇ ਹਨ, ਪਰ ਸ਼ਾਕਲਯ ਦੀ ਗਤ ਬਣਾਉਣ ਤੋਂ ਬਾਅਦ ਜਨਕ ਦੀ ਸਭਾ ਵਿਚ ਯਾਗਵਲਕਯ ਨੂੰ ਦੂਜੇ ਬ੍ਰਹਮ-ਗਿਆਨੀਆਂ ਨੂੰ ਲਲਕਾਰਦੇ ਦੇਖ ਕੇ ਲਗਦਾ ਹੈ, ਕੀ ਪਤਾ ਉਨ੍ਹਾਂ ਦੀ ਗੱਲ ਸਹੀ ਹੀ ਹੋਵੇ। ਯਾਗਵਲਕਯ, ਜਿਸਦੀ ਹਿੰਮਤ ਹੋਵੇ ਸਾਹਮਣੇ ਆ ਜਾਵੇ, ਜੇ ਇਕ ਦੀ ਹਿੰਮਤ ਨਾ ਪੈਂਦੀ ਹੋਵੇ ਤਾਂ ਸਾਰੇ ਇਕੋ ਵੇਲੇ ਮੈਦਾਨ ਵਿਚ ਡਟ ਜਾਓ, ਇਸ ਤਰ੍ਹਾਂ ਦੇ ਉਤਸਾਹ ਨਾਲ ਆਪਣਾ ਬ੍ਰਹਮਵਾਦੀ ਪਲਾਸ਼ਦੰਡ ਘੁਮਾ ਰਹੇ ਸਨ, ''ਆਪ ਬ੍ਰਾਹਮਣਾਂ ਵਿਚੋਂ ਜਿਸਨੇ ਹੋਰ ਵੀ ਪੁੱਛਣਾ ਹੋਵੇ ਉਹ ਪੁੱਛ ਲਵੇ ਜਾਂ ਚਾਹੇ ਤਾਂ ਸਾਰੇ ਇਕੋ ਵੇਲੇ ਪੁੱਛ ਲਵੇ, ਅਤੇ ਨਹੀਂ ਤਾਂ ਜੋ ਉੱਤਰ ਦੇਣਾ ਚਾਹੇ ਉਸ ਨੂੰ ਮੈਂ ਸਵਾਲ ਕਰਦਾ ਰਹਾਂ, ਜਾਂ ਕਿਸੇ ਇਕ ਦੀ ਹਿੰਮਤ ਨਾ ਹੋਵੇ ਤਾਂ ਤੁਸਾਂ ਸਾਰਿਆਂ ਨੂੰ ਸਵਾਲ ਕਰਦਾ ਹਾਂ – **ਬ੍ਰਾਹਮਣਾ ਭਗਵੰਤੋ ਯੋ ਵ: ਕਾਮਯਤੇ ਸ ਮਾ ਪ੍ਰਿਚਛਤੁ, ਸਰਵੇ ਵਾ ਮਾ ਪ੍ਰਿਚਛਤ।**

**ਯੋ ਵ: ਕਾਮਯਤੇ, ਤੰ ਵ: ਪ੍ਰਿਚਛਾਮਿ, ਸਰਵਾਨ ਵਾ ਵ: ਪ੍ਰਿਚਛਾਮਿ ਇਤਿ।''**

ਏਨਾ ਆਤਮ-ਵਿਸ਼ਵਾਸ ਸੀ ਯਾਗਵਲਕਯ ਨੂੰ ਆਪਣੇ ਆਪ ਉਤੇ। ਹਾਂ, ਇਸ ਆਤਮ-ਵਿਸ਼ਵਾਸ ਤੋਂ ਇਲਾਵਾ ਇਕ ਫ਼ਰਕ ਹੋਰ ਵੀ ਸੀ। ਜਿਥੇ ਪੱਛਮ ਤੋਂ ਆਏ ਬ੍ਰਹਮ-ਗਿਆਨੀ ਹਰਿਆਣਵੀ ਸੰਸਕ੍ਰਿਤ ਵਿਚ ਯਾਗਵਲਕਯ ਨੂੰ ਸੰਬੋਧਨ ਕਰ ਰਹੇ ਸਨ, ਜਿਨ੍ਹਾਂ ਵਿਚ ਆਦਰ-ਸੂਚਕ ਪੜਨਾਂਵ ਦੀ ਘਾਟ ਸੀ ਅਤੇ ਸਾਰਾ ਵਿਚਾਰ-ਵਟਾਂਦਰਾ ਤੂੰ – ਤੇਰਾ ਦੇ ਸਹਾਰੇ ਹੀ ਚਲਾਇਆ ਜਾ ਰਿਹਾ ਸੀ, ਉਥੇ ਯਾਗਵਲਕਯ ''ਇਹ ਪੂਰਬ ਹੈ, ਪੂਰਬ ਵਾਲੇ ਪੜਨਾਂਵ ਦਾ ਮਹੱਤਵ ਜਾਣਦੇ ਹਨ,'' ਵਾਲੀ ਨਜ਼ਾਕਤ ਨਾਲ ਉਨ੍ਹਾਂ ਨੂੰ ਪੂਜਣਯੋਗ ''ਬ੍ਰਾਹਮਣੋ-ਬ੍ਰਾਹਮਣਾ ਭਗਵੰਤੇ'' ਕਹਿਕੇ ਸੰਬੋਧਿਤ ਕਰ ਰਹੇ ਸਨ ਜੋ ਆਮ ਤੌਰ ਤੇ ਗੁਰੂ-ਜਨਾਂ ਲਈ ਹੀ ਵਰਤਿਆ ਜਾਂਦਾ ਹੈ।

ਸਭਾ ਵਿਚ ਚੁੱਪ-ਚਾਪ ਹੋ ਗਈ। ਬ੍ਰਹਮਵਾਦੀਆਂ ਦਾ ਹੇਠਲਾ ਸਾਹ ਹੇਠਾਂ ਅਤੇ ਉਤਲਾ ਸਾਹ ਉਤੇ। ਯਾਗਵਲਕਯ ਦੇ ਗਿਆਨ ਦਾ ਖੌਫ਼ ਘੱਟ ਨਹੀਂ ਸੀ, ਪਰ ਸ਼ਾਕਲਯ ਦੇ ਨਾਲ ਜੋ ਕੁਝ ਹੋਇਆ, ਉਸ ਨੂੰ ਦੇਖਦਿਆਂ ਕਿਸ ਦੀ ਹਿੰਮਤ ਹੁੰਦੀ ਜੋ ਉਨ੍ਹਾਂ ਸਾਹਮਣੇ ਖੜ੍ਹਾ ਹੁੰਦਾ। ਦੌੜਨ ਦਾ ਕੋਈ ਉਪਾਉ ਨਹੀਂ ਸੀ। ਉਨ੍ਹਾਂ ਦੇ ਹਾਂ ਜਾਂ ਨਾਂਹ ਕਰਨ ਦੀ ਉਡੀਕ ਵੀ ਯਾਗਵਲਕਯ ਨੇ ਨਹੀਂ ਕੀਤੀ। ਉਨ੍ਹਾਂ ਨੇ ਇਕ ਲੰਬਾ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ।

ਇਹ ਜਗਦੀਸ਼ ਚੰਦਰ ਬੋਸ ਤੋਂ ਵੀ ਤਿੰਨ ਹਜ਼ਾਰ ਸਾਲ ਪਹਿਲਾਂ ਦੀ ਘਟਨਾ ਹੈ। ਕਹਿੰਦੇ ਹਨ ਕਿ ਜਗਦੀਸ਼ ਚੰਦਰ ਬੋਸ ਨੂੰ ਕੁਝ ਪੁਰਾਣੀਆਂ ਕਿਤਾਬਾਂ ਤੋਂ ਆਪਣੇ ਤਜਰਬਿਆਂ ਲਈ ਸੂਤਰ ਵੀ ਮਿਲਿਆ ਸੀ, ਜਿਸ ਨਾਲ ਉਨ੍ਹਾਂ ਨੇ ਬਨਸਪਤੀਆਂ ਵਿਚ ਵੀ ਜੀਵਨ ਦੇ ਪ੍ਰਮਾਣ ਪੇਸ਼ ਕੀਤੇ ਸਨ। ਇਸ ਵੇਲੇ ਯਾਗਵਲਕਯ ਦਾ ਇਹ ਪ੍ਰਵਚਨ ਰਿਹਾ ਹੋ ਸਕਦਾ ਹੈ। ਉਸ ਸਭਾ ਵਿਚ ਬੈਠੇ ਲੋਕਾਂ ਦੀ ਸਮਝ ਵਿਚ ਤਾਂ ਕੁਝ ਆਉਣਾ ਨਹੀਂ ਸੀ। ਤ੍ਰਿਕਾਲ-ਦਰਸ਼ੀ ਹੋਣ ਦੇ ਨਾਤੇ ਭਵਿਖ ਵਿਚ ਪੈਦਾ ਹੋਣ ਵਾਲੇ ਇਸ ਭਾਰਤੀ-ਵਿਗਿਆਨਿਕ ਨੂੰ ਪ੍ਰੇਰਿਤ ਕਰਨ ਲਈ ਹੀ ਯਾਗਵਲਕਯ ਨੇ ਭਾਸ਼ਣ ਸ਼ੁਰੂ ਕੀਤਾ ਹੋਵੇਗਾ।

ਉਹ ਕਹਿਣ ਲੱਗੇ, ''ਇਹ ਬਿਲਕੁਲ ਸੱਚ ਹੈ ਕਿ ਮਨੁੱਖ ਦਾ ਨਾਸ਼ਵਾਨ ਸਰੀਰ ਅਤੇ ਜੀਵਨ ਰੁੱਖਾਂ ਅਤੇ ਬਨਸਪਤੀਆਂ ਤੋਂ ਵੱਖ ਨਹੀਂ ਹੁੰਦਾ। ਜੇ ਬ੍ਰਿਛ ਦੇ ਪੱਤੇ ਹੁੰਦੇ ਹਨ ਤਾਂ ਮਨੁੱਖ ਦੇ ਸਰੀਰ ਉਤੇ ਰੋਮ ਹੁੰਦੇ ਹਨ। ਮਨੁੱਖ ਦੇ ਸਰੀਰ ਵਿਚ ਚਮੜੀ ਹੁੰਦੀ ਹੈ ਅਤੇ ਬ੍ਰਿਛ ਦੇ ਸਰੀਰ ਤੇ ਛਿਲ। ਮਨੁੱਖ ਦੀ ਚਮੜੀ ਛਿਲੀ ਜਾਵੇ ਤਾਂ ਉਸ 'ਚੋਂ ਲਹੂ ਨਿਕਲਦਾ ਹੈ ਤਾਂ ਬ੍ਰਿਛ ਦੇ ਸਰੀਰ ਵਿਚੋਂ ਰਸ ਨਿਕਲਦਾ ਹੈ ਜੋ ਗੂੰਦ ਬਣ ਜਾਂਦਾ ਹੈ। ਇਸੇ ਲਈ ਜ਼ਿਆਦਾ ਸੱਟ ਵਜਣ ਨਾਲ ਸਰੀਰ ਤੋਂ ਲਹੂ ਵਗਦਾ ਰਹਿੰਦਾ ਹੈ ਅਤੇ ਬ੍ਰਿਛ ਤੋਂ ਰਸ ਨਿਕਲਦਾ ਰਹਿੰਦਾ ਹੈ। ਮਨੁੱਖ ਦੇ ਸਰੀਰ ਵਿਚ ਮਾਸ ਹੁੰਦਾ ਹੈ ਅਤੇ ਬ੍ਰਿਛ ਦੀ ਛਿਲ ਹੇਠਾਂ ਸ਼ਕਰ। ਮਨੁੱਖ ਦੀਆਂ ਨਾੜੀਆਂ ਹੁੰਦੀਆਂ ਹਨ ਤਾਂ ਬ੍ਰਿਛ ਦੇ ਅੰਦਰ ਕਿਨਾਟ ਜਾਂ ਛਿਲ ਅੰਦਰ ਰਸ-ਵਾਹੀ ਜਾਲ। ਮਨੁੱਖ ਦੇ ਸਰੀਰ ਵਿਚ ਹੱਡੀਆਂ ਹੁੰਦੀਆਂ ਹਨ ਤਾਂ ਬ੍ਰਿਛ ਦੇ ਅੰਦਰ ਲੱਕੜੀ। ਜਿਥੋਂ ਤਕ ਮਿਝ ਦਾ ਸਵਾਲ ਹੈ, ਉਹ ਦੋਹਾਂ ਵਿਚ ਬਰਾਬਰ ਹੀ ਹੁੰਦੀ ਹੈ।

ਬਨਸਪਤੀ ਜੀਵਨ ਬਾਰੇ ਇਸ ਪਰਿਚਯਾਤਮਕ ਭਾਸ਼ਣ ਤੋਂ ਬਾਅਦ ਉਹ ਦਰਸ਼ਨ ਸ਼ਾਸਤ੍ਰ ਵਲ ਮੁੜੇ। ਉਨ੍ਹਾਂ ਨੇ ਵਿਵੇਚਨ ਨੂੰ ਪ੍ਰਸ਼ਨ ਵਿਚ ਬਦਲ ਦਿੱਤਾ, "ਜੇ ਬ੍ਰਿਛ ਕੱਟ ਜਾਵੇ ਤਾਂ ਉਹ ਆਪਣੇ ਮੂਲ ਤੋਂ ਮੁੜ ਫੁਟ ਪੈਂਦਾ ਹੈ। ਜੇ ਮੌਤ ਮਨੁੱਖ ਨੂੰ ਕਟ ਦੇਵੇ ਤਾਂ ਉਹ ਕਿਸ ਮੂਲ ਤੋਂ ਫੁਟੇਗਾ?

ਕਿਸੇ ਨੇ ਕਿਹਾ, "ਉਹ ਵੀਰਜ ਤੋਂ ਪੈਦਾ ਹੋਵੇਗਾ। ਉਹੀ ਮਨੁੱਖ ਦਾ ਮੂਲ ਹੈ। ਉਸਦੀ ਉਤਪੱਤੀ ਦਾ ਸ੍ਰੋਤ।

ਯਾਗਵਲਕਯ ਸ਼ਾਇਦ ਉਨ੍ਹਾਂ ਨੂੰ ਹਰਾਉਣਾ ਨਹੀਂ ਚਾਹੁੰਦੇ ਸਨ। ਹਾਰੇ ਹੋਇਆਂ ਨੂੰ ਕੀ ਹਰਾਉਣਾ? ਉਹ ਆਪਣੀ ਸ੍ਰੇਸ਼ਠਤਾ ਦੀ ਧਾਕ ਉਨ੍ਹਾਂ ਦੇ ਦਿਲਾਂ ਉੱਤੇ ਜਮਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਉਸ ਵਿਅਕਤੀ ਦਾ ਮਜ਼ਾਕ ਕਰਨ ਦੀ ਥਾਂ ਉਸਨੂੰ ਸਮਝਾਇਆ, "ਅਜਿਹਾ ਨਾ ਆਖੋ। ਮੈਂ ਬੀਜ ਦੀ ਗੱਲ ਨਹੀਂ ਕਰ ਰਿਹਾ। ਬੀਜ ਤੋਂ ਤਾਂ ਰੁੱਖ ਵੀ ਪੈਦਾ ਹੁੰਦਾ ਹੈ। ਮੈਂ ਇਸ ਤੋਂ ਵੱਖਰੀ ਸਥਿਤੀ ਦੀ ਗੱਲ ਕਰ ਰਿਹਾ ਹਾਂ ਜਿਸ ਵਿਚ ਰੁਖ ਦੇ ਕਟ ਜਾਣ 'ਤੇ ਉਸਦੇ ਮੂਲ ਤੋਂ ਮੁੜ ਨਵੀਆਂ ਕੌਂਪਲਾਂ ਨਿਕਲ ਆਉਂਦੀਆਂ ਹਨ। ਫਿਰ ਵੀਰਜ ਤਾਂ ਜੀਉਂਦੇ ਮਨੁੱਖ ਦੇ ਸਰੀਰ ਵਿਚ ਹੁੰਦਾ ਹੈ। ਪ੍ਰਸ਼ਨ ਤਾਂ ਇਹ ਹੈ ਕਿ ਜੇ ਮੌਤ ਮਨੁੱਖ ਨੂੰ ਕਟ ਦੇਵੇ ਤਾਂ ਮੁੜ ਕਿਸ ਮੂਲ ਤੋਂ ਪੈਦਾ ਹੋਵੇਗਾ।"

ਕਿਸੇ ਨੇ ਕਿਹਾ, "ਇਕ ਵਾਰ ਪੈਦਾ ਹੋ ਗਿਆ ਸੋ ਹੋ ਗਿਆ। ਮਰਨ ਉਪਰੰਤ ਮੁੜ ਪੈਦਾ ਨਹੀਂ ਹੁੰਦਾ।"

ਯਾਗਵਲਕਯ ਨੇ ਫਿਰ ਸਮਝਾਇਆ, ਪੈਦਾ ਹੋਣ ਦਾ ਇਹ ਕ੍ਰਮ ਤਾਂ ਜਾਰੀ ਰਹਿੰਦਾ ਹੈ। ਪੈਦਾ ਤਾਂ ਹੁੰਦਾ ਹੀ ਹੈ। ਪ੍ਰਸ਼ਨ ਇਹ ਹੈ ਕਿ ਇਸ ਨੂੰ ਮਰਨ ਉਪਰੰਤ ਕੌਣ ਪੈਦਾ ਕਰਦਾ ਹੈ?

ਇਸ ਪ੍ਰਸ਼ਨ ਦਾ ਉੱਤਰ ਕੋਈ ਨਾ ਦੇ ਸਕਿਆ।

ਯਾਗਵਲਕਯ ਨੇ ਵੀ ਇਸਦਾ ਬੜਾ ਗੋਲ-ਮੋਲ ਜਵਾਬ ਦਿੱਤਾ। ਕਹਿਣ ਲੱਗੇ, "ਵਿਗਿਆਨ ਆਨੰਦ ਬ੍ਰਹਮ ਹੈ। ਉਹ ਦਾਨਸ਼ੀਲ ਦੀ ਪਰਮ-ਗਤੀ ਹੈ। ਬ੍ਰਹਮ-ਨਿਸ਼ਠ ਬ੍ਰਹਮਵੇਤਾ ਦਾ ਧਰਮ ਆਸਰਾ ਹੈ।" ਅਸੀਂ ਅਨੁਮਾਨ ਹੀ ਲਗਾ ਸਕਦੇ ਹਾਂ ਕਿ ਇਸ ਕਥਨ ਦਾ ਕੀ ਮੰਤਵ ਹੈ। ਅਨੁਮਾਨ ਗ਼ਲਤ ਵੀ ਹੋ ਸਕਦਾ ਹੈ, ਜਿਵੇਂ ਕਿ ਅਨੁਮਾਨ ਅਕਸਰ ਹੁੰਦੇ ਰਹਿੰਦੇ ਹਨ। ਸ਼ਾਇਦ ਉਹ ਕਹਿ ਰਹੇ ਸਨ, ਬ੍ਰਹਮ ਗਿਆਨੀਓ, ਤੁਹਾਡੇ ਸਾਰਿਆਂ ਵਿਚਕਾਰ ਮੈਂ ਇਕਲਾ ਹੀ ਬ੍ਰਹਮ-ਨਿਸ਼ਠ ਹਾਂ ਤੇ ਤੁਹਾਡਾ ਪਰਮ-ਆਸਰਾ ਵੀ ਮੈਂ ਹੀ ਹਾਂ। ਇਸ ਪ੍ਰਸ਼ਨ ਦਾ ਉੱਤਰ ਤੁਸੀਂ ਤਾਂ ਹੀ ਜਾਣ ਸਕੋਗੇ, ਜਦ ਮੇਰੀ ਸ਼ਰਣ ਵਿਚ ਆਓਗੇ। ਮੇਰੇ ਸ਼ਿਸ਼ ਬਣੋਗੇ।"

ਕੁਰੂ-ਪੰਚਾਲ ਤੋਂ ਆਏ ਬ੍ਰਾਹਮਣਾਂ ਨੂੰ ਇਸ ਵਾਰ ਜੇ ਗਊਆਂ ਦਾ ਲਾਭ ਹੋਇਆ ਹੋਵੇਗਾ ਤਾਂ ਉਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਨਹੀਂ ਕੋੜੀਆਂ ਵਿਚ ਹੀ ਰਹੀ ਹੋਵੇਗੀ। ਮਹਾਰਾਜ ਜਨਕ ਦੀ ਸਮਸਿਆ ਓਨੀ ਹੀ ਬਣੀ ਰਹੀ। ਗਊਆਂ ਲਈ ਚਰਾਂਦਾਂ ਦਾ

ਇੰਤਜ਼ਾਮ ਤਾਂ ਉਨ੍ਹਾਂ ਦੇ ਰਾਜ ਵਿਚ ਹੀ ਹੋਣਾ ਸੀ। ਉਨ੍ਹਾਂ ਨੂੰ ਇਹ ਵਿਸ਼ਵਾਸ ਜ਼ਰੂਰ ਹੋ ਗਿਆ ਹੋਵੇਗਾ ਕਿ ਉਨ੍ਹਾਂ ਦੇ ਯਾਗਵਲਕਯ ਜੀ ਦੀ ਬ਼ਰਾਬਰੀ ਦਾ ਬ੍ਰਹਮਗਿਆਨੀ ਸਾਰੇ ਸੰਸਾਰ ਵਿਚ ਨਹੀਂ ਹੈ ਕਿਉਂਕਿ ਵਿਸ਼ਵ ਪ੍ਰਾਚੀਨ ਕਾਲ ਵਿਚ ਜਾਂ ਤਾਂ ਉੱਤਰ ਭਾਰਤ ਵਿਚ ਸਿਮਟ ਆਉਂਦਾ ਸੀ, ਜਾਂ ਉੱਤਰ ਭਾਰਤ ਪਸਰ ਕੇ ਪੂਰਾ ਵਿਸ਼ਵ ਬਣ ਜਾਇਆ ਕਰਦਾ ਸੀ। ਕੁਰੂ-ਪੰਚਾਲ ਦੇ ਬ੍ਰਾਹਮਣ ਯਾਗਵਲਕਯ ਦੇ ਸ਼ਿਸ਼ ਬਣ ਕੇ ਜ਼ਰੂਰ ਪਰਤੇ। ਪਰ ਸੱਚੇ ਗੁਰੂ ਦੀ ਪ੍ਰਾਪਤੀ ਤੋਂ ਵੱਡਾ ਲਾਭ ਹੋਰ ਕੀ ਹੋ ਸਕਦਾ ਹੈ।

# ਬ੍ਰਹਮ ਦੀ ਲੱਤ

ਯਾਗਵਲਕਯ ਲੋਕ ਅਤੇ ਪਰਲੋਕ ਦੋਹਾਂ ਵਿਚਕਾਰ ਸੰਤੁਲਨ ਰਖਦੇ ਸਨ। ਦੇਣ ਵਾਲਾ ਰਾਜਾ ਹੋਵੇ ਅਤੇ ਉਸਦੇ ਦਰਬਾਰ ਤਕ ਸਿਧੀ ਪਹੁੰਚ ਹੋਵੇ ਤਾਂ ਚਿੰਤਾ ਕਿਸ ਗੱਲ ਦੀ। ਜਾਣ ਲਈ ਕੋਈ ਭੂਮਿਕਾ ਜ਼ਰੂਰ ਬਣਾਉਣੀ ਪੈਂਦੀ ਸੀ। ਜਨਕ ਇਸ ਬਾਰੇ ਜਾਣਦੇ ਸਨ। ਉਹ ਅਕਸਰ ਵਿਅੰਗ ਵਿਚ ਕੁਝ ਕਹਿ ਵੀ ਦਿੰਦੇ ਤਾਂ ਯਾਗਵਲਕਯ ਆਪਣੇ ਹਾਸ-ਵਿਅੰਗ ਅਤੇ ਹਾਜ਼ਰ-ਜਵਾਬੀ ਨਾਲ ਵਾਤਾਵਰਣ ਨੂੰ ਖੁਸ਼ਗਵਾਰ ਬਣਾ ਦਿੰਦੇ।

ਉਸ ਦਿਨ ਜਨਕ ਦੀ ਸਭਾ ਲੱਗੀ ਹੋਈ ਸੀ। ਉਹ ਰਾਜ-ਆਸਣ 'ਤੇ ਬੈਠੇ ਸਨ। ਉਸੇ ਵੇਲੇ ਯਾਗਵਲਕਯ ਆਏ। ਜਨਕ ਦੇਖਦਿਆਂ ਹੀ ਪ੍ਰਯੋਜਨ ਸਮਝ ਗਏ। ਪੁੱਛਿਆ, "ਪਸ਼ੂ ਪ੍ਰਾਪਤੀ ਦੇ ਸਥੂਲ ਪ੍ਰਯੋਜਨ ਨਾਲ ਆਏ ਹੋ ਜਾਂ ਬ੍ਰਹਮ-ਚਰਚਾ ਦੇ ਸੂਖਮ ਪ੍ਰਯੋਜਨ ਨਾਲ?"

ਯਾਗਵਲਕਯ ਜਨਕ ਦੀਆਂ ਆਦਤਾਂ ਤੋਂ ਜਾਣੂ ਸਨ। ਦਰਬਾਰ ਵਿਚ ਪਹੁੰਚਣ 'ਤੇ ਆਮ ਤੌਰ ਤੇ ਤਾਂ ਉਹ ਸੁਖ-ਸਮਾਚਾਰ ਹੀ ਪੁੱਛਦੇ ਸਨ। ਭੂਮਿਕਾ ਤਿਆਰ ਕਰਨ ਲਈ ਉਨ੍ਹਾਂ ਨੂੰ ਖੁਦ ਹੀ ਸੂਖਮ ਦੀ ਚਰਚਾ ਆਰੰਭ ਕਰਕੇ ਸਥੂਲ ਤਕ ਪਹੁੰਚਣਾ ਪੈਂਦਾ ਸੀ, ਪਰ ਜੇ ਇਸ ਵਿਚਾਲੇ ਕੋਈ ਵਿਦਵਾਨ ਉਨ੍ਹਾਂ ਦਾ ਗਿਆਨ ਵਧਾ ਕੇ ਗਿਆ ਹੁੰਦਾ ਤਾਂ ਉਹ ਉਸ ਨਵੇਂ ਵਿਚਾਰ ਦੀ ਗੱਲ ਕਰਦਿਆਂ ਯਾਗਵਲਕਯ ਨੂੰ ਛੇੜਦੇ ਜ਼ਰੂਰ ਸਨ ਅਤੇ ਸੁਖ-ਸਾਂਦ ਦੀ ਥਾਂ ਸਥੂਲ ਅਤੇ ਸੂਖਮ ਵਾਲੀ ਭਾਸ਼ਾ ਨਾਲ ਸਵਾਗਤ ਕਰਦੇ ਸਨ। ਜੇ ਮਹਾਰਾਜ ਨੇ ਛੇੜਿਆ ਸੀ ਤਾਂ ਕੋਈ ਨਵਾਂ ਵਿਦਵਾਨ ਉਨ੍ਹਾਂ ਦੇ ਮਨ ਵਿਚ ਕੋਈ ਨਵੀਂ ਪ੍ਰੇਰਣਾ ਜਗਾ ਕੇ ਜ਼ਰੂਰ ਗਿਆ ਸੀ, ਇਸ ਲਈ ਯਾਗਵਲਕਯ ਨੇ ਕਿਹਾ, "ਮੈਂ ਇਕ ਲਈ ਤਾਂ ਆਉਂਦਾ ਹੀ ਨਹੀਂ ਹਾਂ। ਪਹਿਲਾਂ ਤਾਂ ਆਪ ਦੱਸੋ ਕਿ ਇਸ ਦੌਰਾਨ ਆਪ ਦੀ ਕਿਸ-ਕਿਸ ਨਾਲ ਬ੍ਰਹਮ ਚਰਚਾ ਹੋਈ? ਕਿਸਨੇ ਕੀ ਕਿਹਾ?

ਜਨਕ ਇਸੇ ਪ੍ਰਸ਼ਨ ਲਈ ਤਾਂ ਆਤੁਰ ਸਨ। ਕਿਹਾ, "ਇਕ ਦਿਨ ਸ਼ਿਲਿਨ ਦੇ ਪੁੱਤਰ ਆਏ ਸਨ। ਕਹਿ ਰਹੇ ਸਨ ਕਿ ਵਾਕ ਹੀ ਬ੍ਰਹਮ ਹੈ। "ਵਾਗਵੈ ਬ੍ਰਹਮ।"

ਯਾਗਵਲਕਯ ਦੀ ਵਿਸ਼ੇਸ਼ਤਾ ਇਹ ਸੀ ਕਿ ਦੂਜੇ ਜੋ ਕੁਝ ਜਾਣਦੇ ਸਨ, ਉਸ ਨੂੰ ਤਾਂ ਉਹ ਜਾਣਦੇ ਹੀ ਸਨ, ਉਸ ਤੋਂ ਜ਼ਿਆਦਾ ਵੀ ਉਹ ਜਾਣਦੇ ਸਨ। ਉਨ੍ਹਾਂ ਨੇ ਕਿਹਾ, "ਸ਼ੈਲਿਨੀ ਤਾਂ ਮਾਤਰਦੇਵ ਅਤੇ ਪਿਤਰਦੇਵ ਹੋਣ ਦੇ ਨਾਲ-ਨਾਲ ਆਚਾਰਯ-ਦੇਵ ਵੀ ਹੈ। ਜੇ ਉਸ ਨੇ ਅਜਿਹਾ ਕਿਹਾ ਹੈ ਤਾਂ ਠੀਕ ਹੀ ਕਿਹਾ ਹੈ। ਕਾਰਣ ਜੇ ਕੋਈ ਬੋਲੇ ਹੀ ਨਾ ਤਾਂ ਉਸ ਨੂੰ ਬ੍ਰਹਮ-ਗਿਆਨ ਤਾਂ ਹੋ ਨਹੀਂ ਸਕਦਾ। ਪਰ ਇਹ ਦੱਸੋ ਕਿ ਉਸਨੇ ਇਹ ਦੱਸਿਆ

ਕਿ ਨਹੀਂ ਕਿ ਬਾਣੀ ਦਾ ਆਯਤਨ (ਸਥਾਨ) ਜਾਂ ਪ੍ਰਤਿਸ਼ਠਾ ਕੀ ਹੈ?''

ਉਸਨੇ ਆਯਤਨ ਅਤੇ ਪ੍ਰਤਿਸ਼ਠਾ ਬਾਰੇ ਤਾਂ ਕੁਝ ਨਹੀਂ ਕਿਹਾ ਸੀ। ਅੱਧੀ ਗੱਲ ਦੱਸੀ ਸੀ, ਅੱਧਾ ਜਾਂ ਤਾਂ ਲੁਕਾ ਗਿਆ ਜਾਂ ਫਿਰ ਉਹ ਜਾਣਦਾ ਹੀ ਨਹੀਂ ਸੀ। ਯਾਗਵਲਕਯ ਨੇ ਕਿਹਾ, ''ਇਹ ਤਾਂ ਲੰਗੜਾ ਬ੍ਰਹਮ ਹੋਇਆ। ਇਕ ਪੈਰ ਵਾਲਾ।''

ਇਹੀ ਤਾਂ ਵਿਸ਼ੇਸ਼ਤਾ ਹੈ ਯਾਗਵਲਕਯ ਦੀ। ਇਕ ਹੀ ਵਾਕ ਵਿਚ ਦੂਜੇ ਨੂੰ ਕੱਟ ਕੇ ਰਖ ਦਿੰਦੇ ਅਤੇ ਪਤਾ ਵੀ ਨਹੀਂ ਲਗਦਾ ਕਿ ਕੋਈ ਗੱਲ ਉਨ੍ਹਾਂ ਨੇ ਹੰਕਾਰ ਵਸ ਆਖੀ ਹੈ। ਜਨਕ ਨੇ ਕਿਹਾ, ''ਉਨ੍ਹਾਂ ਨੇ ਨਹੀਂ ਦੱਸਿਆ ਤਾਂ ਆਪ ਦਸੋ?''

ਯਾਗਵਲਕਯ ਨੇ ਕਿਹਾ, ''ਵਾਕ ਹੀ ਉਸਦਾ ਆਯਤਨ ਹੈ ਅਤੇ ਆਕਾਸ਼ ਉਸਦੀ ਪ੍ਰਤਿਸ਼ਠਾ। 'ਸ਼ਬਦ' ਆਕਾਸ਼ ਦਾ ਹੀ ਤਾਂ ਗੁਣ ਹੈ। ਇਸ ਦੀ ਉਪਾਸਨਾ 'ਪ੍ਰਗਿਆ' ਦੇ ਰੂਪ ਵਿਚ ਕਰਨੀ ਚਾਹੀਦੀ ਹੈ।''

ਜਨਕ ਨੇ ਪੁੱਛਿਆ, ''ਇਹ 'ਪ੍ਰਗਿਆ' ਕੀ ਬਲਾ ਹੈ?''

ਯਾਗਵਲਕਯ ਬੋਲੇ, ''ਪ੍ਰਗਿਆ ਵਾਕ ਹੀ ਤਾਂ ਹੈ। ਬਾਣੀ ਤੋਂ ਹੀ ਆਪਣੇ ਪਰਾਏ ਦਾ ਗਿਆਨ ਹੁੰਦਾ ਹੈ। ਉਸੇ ਤੋਂ ਰਿਗਵੇਦ, ਯਜੁਰਵੇਦ, ਅਥਰਵਵੇਦ, ਇਤਿਹਾਸ, ਪੁਰਾਣ, ਵਿਦਿਆ, ਉਪਨਿਸ਼ਦ, ਸ਼ਲੋਕ, ਸੂਤਰ, ਅਨੁਵਿਖਿਆਨ ('ਬ੍ਰਾਹਮਣ' ਦਾ ਉਹ ਭਾਗ ਜਿਸ ਵਿਚ ਕਠਿਨ ਸੂਤ੍ਰ ਦੀ ਵਿਆਖਿਆ ਹੋਵੇ), ਵਿਖਿਆਨ, ਇਸ਼ਟ, ਹੁਤ (ਹਵਨ-ਸਾਮਗ੍ਰੀ), ਆਸ਼ਿਤ (ਸ਼ੀਤ-ਪ੍ਰਸਾਦ) ਜਾਂ ਭੁੱਖੇ ਨੂੰ ਭੋਜਨ ਦੇਣ ਦੇ ਪੁੰਨ, ਪਾਇਤ ਜਾਂ ਪਿਆਸੇ ਨੂੰ ਪਾਣੀ ਪਿਲਾਉਣ ਦਾ ਪੁੰਨ, ਇਸ ਲੋਕ, ਪਰਲੋਕ, ਅਤੇ ਸਾਰੇ ਭੂਤ ਦਾ ਗਿਆਨ ਹੁੰਦਾ ਹੈ। ਮਹਾਰਾਜ, ਵਾਕ ਸਚਮੁਚ ਪਰਬ੍ਰਹਮ ਹੈ। ਵਾਕ ਦੀ ਇਸ ਰੂਪ ਵਿਚ ਉਪਾਸਨਾ ਹੀ ਪ੍ਰਗਿਆ ਦੀ ਉਪਾਸਨਾ ਹੈ।'' ਫਿਰ ਯਾਗਵਲਕਯ ਨੂੰ ਯਾਦ ਆਇਆ ਕਿ ਕੁਝ ਵਿਅਕਤੀਗਤ ਲਾਭ ਦਿਖਾਏ ਬਿਨਾਂ ਜਨਕ ਵੈਦੇਹ ਨੂੰ ਵੀ ਉਨ੍ਹਾਂ ਦੀ ਪੂਰੀ ਗੱਲ ਸਮਝ ਵਿਚ ਨਹੀਂ ਆਏਗੀ, ਇਸ ਲਈ ਅਗੇ ਜੋੜਿਆ, ''ਜੋ ਵਾਕ ਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ ਉਹ ਵਾਕ ਚਤੁਰ ਹੁੰਦਾ ਹੈ। ਉਸ ਨੂੰ ਬਾਣੀ ਉਤੇ ਅਧਿਕਾਰ ਹੋ ਜਾਂਦਾ ਹੈ ਅਤੇ ਸਾਰੇ ਲੋਕ ਉਸਦਾ ਸਤਿਕਾਰ ਕਰਦੇ ਹਨ। ਉਹ ਦੇਵਤਾ ਬਣ ਕੇ ਦੇਵਤਿਆਂ ਵਿਚੋਂ ਇਕ ਹੋ ਜਾਂਦਾ ਹੈ।''

ਜਨਕ ਪ੍ਰਸੰਨ ਹੋ ਗਏ। ਕਹਿਣ ਲਗੇ, ''ਮੈਂ ਆਪ ਨੂੰ ਹਾਥੀ ਵਰਗੇ ਮੋਟੇ ਤਾਜ਼ੇ ਹਜ਼ਾਰ ਬਲਦ ਦਿੰਦਾ ਹਾਂ – **ਹਸਤਯ ਰਿਸ਼ਭੰ ਸਹਸ੍ਰੰ ਦਦਾਮਿ।** ਕੁਝ ਜਾਣਕਾਰ ਲੋਕ ਕਹਿੰਦੇ ਹਨ, ਬਲਦ ਦੇਣ ਦਾ ਰਿਵਾਜ ਤਾਂ ਸੀ ਨਹੀਂ, ਇਸ ਲਈ ਇਥੇ ਆਸ਼ਾ ਹਾਥੀ ਵਰਗੇ ਬਲਦ ਪੈਦਾ ਕਰਨ ਵਾਲੀਆਂ ਗਊਆਂ ਦੇਣਾ ਹੋ ਸਕਦਾ ਹੈ।

ਯਾਗਵਲਕਯ ਦੀ ਅਸਾਧਾਰਣ ਪ੍ਰਸਿੱਧੀ ਅਤੇ ਜਨਕ ਦੇ ਦਰਬਾਰ ਵਿਚ ਵਿਸ਼ੇਸ਼ ਆਦਰ ਦਾ ਰਹੱਸ ਇਹ ਸੀ ਕਿ ਉਹ ਦਾਨ-ਦਕਸ਼ਣਾ ਗ੍ਰਹਿਣ ਕਰਦੇ ਸਮੇਂ ਮੌਕੇ ਦੀ ਉਚਿਤਤਾ ਦਾ ਪੂਰਾ ਧਿਆਨ ਰਖਦੇ ਸਨ। ਉਨ੍ਹਾਂ ਨੇ ਕਿਹਾ, ''ਮੈਨੂੰ ਤਾਂ ਮੇਰੇ ਪਿਤਾ ਜੀ ਨੇ ਇਹ ਸਿਖਿਆ ਦਿੱਤੀ ਹੈ ਕਿ ਜਦੋਂ ਤਕ ਸ਼ਿਸ਼ ਪੂਰੀ ਤਰ੍ਹਾਂ ਕਿਰਤਾਰਥ ਨਾ ਹੋ ਜਾਵੇ ਉਦੋਂ ਤਕ ਉਸ ਤੋਂ ਕੋਈ ਧਨ ਨਹੀਂ ਲੈਣਾ ਚਾਹੀਦਾ। ਇਸ ਲਈ ਆਪ ਦੱਸੋ ਕਿ ਇਸ ਦੌਰਾਨ

ਆਪ ਦੀ ਕਿਸੇ ਹੋਰ ਵੀ ਬ੍ਰਹਮਗਿਆਨੀ ਨਾਲ ਮੁਲਾਕਾਤ ਹੋਈ ਸੀ ਜਾਂ ਨਹੀਂ? ਜੇ ਹੋਈ ਸੀ ਤਾਂ ਉਸਨੇ ਕੀ ਸਿਖਾਇਆ?

ਅਜਿਹਾ ਲਗਦਾ ਹੈ ਕਿ ਯਾਗਵਲਕਯ ਜਨਕ ਨੂੰ ਆਪਣੇ ਪ੍ਰਭਾਵ ਤੋਂ ਬਾਹਰ ਨਿਕਲਣ ਹੀ ਨਹੀਂ ਸਨ ਦੇਣਾ ਚਾਹੁੰਦੇ, ਇਸ ਲਈ ਜਿਥੇ ਉਨ੍ਹਾਂ ਨੂੰ ਪਤਾ ਚਲਦਾ ਕਿ ਕੁਝ ਬ੍ਰਹਮਗਿਆਨੀ ਜਨਕ ਨੂੰ ਮਿਲ ਕੇ ਵਾਦ-ਵਿਵਾਦ ਕਰ ਕੇ ਗਏ ਹਨ, ਉਹ ਕੋਈ ਨਾ ਕੋਈ ਬਹਾਨਾ ਪਾ ਕੇ ਉਥੇ ਪਹੁੰਚ ਜਾਂਦੇ ਅਤੇ ਉਸ ਦੇ ਸਿਖਾਏ ਪੜ੍ਹਾਏ ਦੀ ਕਾਟ ਕੀਤੇ ਬਿਨਾਂ ਹੀ ਆਪਣੇ ਆਪ ਨੂੰ ਉਸ ਤੋਂ ਉਪਰ ਸਿੱਧ ਕਰਕੇ ਆਪਣੀ ਧਾਂਕ ਜਮਾ ਕੇ ਵਾਪਿਸ ਪਰਤ ਆਉਂਦੇ ਸਨ। ਜੇ ਯਾਗਵਲਕਯ ਨੇ ਕਿਹਾ ਸੀ ਕਿ ਉਹ ਦੋਹਾਂ ਪ੍ਰਯੋਜਨਾਂ ਲਈ ਆਏ ਹਨ ਤਾਂ ਇਸ ਵਿਚ ਵੀ ਉਨ੍ਹਾਂ ਦੀ ਚਲਾਕੀ ਸੀ। ਜੇ ਕਹਿੰਦੇ ਕੇਵਲ ਬ੍ਰਹਮਚਰਚਾ ਲਈ ਆਏ ਹਾਂ ਤਾਂ ਜਨਕ ਨੂੰ ਪਤਾ ਲਗ ਜਾਂਦਾ ਕਿ ਉਹ ਉਨ੍ਹਾਂ ਨਾਲ ਚਰਚਾ ਕਰਕੇ ਗਏ ਹੋਏ ਬ੍ਰਹਮ-ਗਿਆਨੀਆਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਆਏ ਹਨ। ਇਸ ਲਈ ਉਹ ਦੋਹਾਂ ਦਾ ਇਕੋ ਵੇਲੇ ਉਲੇਖ ਕਰਕੇ ਉਨ੍ਹਾਂ ਨੂੰ ਭਰਮ ਵਿਚ ਵੀ ਰਖਣਾ ਚਾਹੁੰਦੇ ਸਨ।

ਜਨਕ ਨੇ ਦੱਸਿਆ, ''ਸ਼ੁਲਬ ਦੇ ਪੁੱਤਰ ਉਦੰਕ ਵੀ ਆਏ ਸਨ। ਉਹ ਕਹਿ ਰਹੇ ਸਨ ਕਿ ਪ੍ਰਾਣ ਹੀ ਬ੍ਰਹਮ ਹੈ।''

ਯਾਗਵਲਕਯ ਨੇ ਫਿਰ ਉਦੰਕ ਦੀ ਵੀ ਉਸੇ ਤਰ੍ਹਾਂ ਪ੍ਰਸ਼ੰਸਾ ਕੀਤੀ ਜਿਵੇਂ ਸ਼ੈਲਿਨੀ ਦੀ ਕੀਤੀ ਸੀ, ''ਸ਼ੁਲਬ ਤਾਂ ਏਨੇ ਵੱਡੇ ਤੱਤ-ਗਿਆਨੀ ਹਨ। ਉਨ੍ਹਾਂ ਦੇ ਸੂਤਰਾਂ ਨੂੰ ਕੌਣ ਨਹੀਂ ਜਾਣਦਾ ਫਿਰ ਉਦੰਕ ਮਾਤਾ-ਭਗਤ, ਪਿਤਾ-ਭਗਤ, ਅਤੇ ਆਚਾਰਯ-ਭਗਤ ਵੀ ਹਨ। ਉਹ ਕੋਈ ਗ਼ਲਤ ਉਪਦੇਸ਼ ਤਾਂ ਦੇ ਹੀ ਨਹੀਂ ਸਕਦੇ। ਜੇ ਉਨ੍ਹਾਂ ਨੇ ਪ੍ਰਾਣ ਨੂੰ ਹੀ ਬ੍ਰਹਮ ਕਿਹਾ ਹੈ ਤਾਂ ਇਹ ਵੀ ਠੀਕ ਹੀ ਹੈ, ਕਿਉਂਕਿ ਜੋ ਪ੍ਰਾਣਾਯਾਮ ਨਹੀਂ ਕਰੇਗਾ ਉਸਨੂੰ ਤਾਂ ਬ੍ਰਹਮ ਦੀ ਸਿੱਧੀ ਹੋ ਹੀ ਨਹੀਂ ਸਕਦੀ। ਪਰੰਤੂ ਆਪ ਇਹ ਦੱਸੋ ਕਿ ਉਨ੍ਹਾਂ ਨੇ ਆਪ ਨੂੰ ਪ੍ਰਾਣ ਦਾ ਆਯਤਨ ਅਤੇ ਪ੍ਰਤਿਸ਼ਠਾ ਵੀ ਦੱਸੀ ਕਿ ਨਹੀਂ?''

ਅੱਜ ਦੀ ਦੁਨੀਆ ਦਾ ਕੋਈ ਆਦਮੀ ਇਹ ਨਹੀਂ ਸਮਝ ਸਕੇਗਾ ਕਿ ਬ੍ਰਹਮਗਿਆਨੀ ਹਰ ਗੱਲ ਅਧੂਰੀ ਕਿਉਂ ਦੱਸ ਕੇ ਜਾਂਦੇ ਸਨ। ਆਯਤਨ ਅਤੇ ਪ੍ਰਤਿਸ਼ਠਾ ਦੱਸਣ ਵਿਚ ਉਨ੍ਹਾਂ ਨੂੰ ਕਿਉਂ ਸੰਕੋਚ ਹੁੰਦਾ ਸੀ। ਉਦੰਕ ਨੇ ਵੀ ਆਯਤਨ ਅਤੇ ਪ੍ਰਤਿਸ਼ਠਾ ਦੀ ਗੱਲ ਲੁਕਾ ਲਈ ਸੀ। ਜਦੋਂ ਜਨਕ ਨੇ ਇਹ ਗੱਲ ਉਨ੍ਹਾਂ ਨੂੰ ਦੱਸੀ ਤਾਂ ਉਨ੍ਹਾਂ ਨੇ ਮੁੜ ਉਹੀ ਵਾਕ ਦੁਹਰਾਇਆ, ''ਮਹਾਰਾਜ ਇਹ ਤਾਂ ਇਕ ਪੈਰ ਵਾਲਾ ਬ੍ਰਹਮ ਹੋਇਆ। ਇਹ ਚਲੇਗਾ ਕਿਵੇਂ?''

ਜਨਕ ਨੇ ਫਿਰ ਪ੍ਰਾਰਥਨਾ ਕੀਤੀ ਜਿਸ ਦਾ ਅਗਾਊਂ ਅੰਦਾਜ਼ਾ ਅਸੀਂ ਸਾਰੇ ਕਰ ਸਕਦੇ ਹਾਂ। ਇਸ ਤੇ ਯਾਗਵਲਕਯ ਨੇ ਦੱਸਿਆ, ''ਪ੍ਰਾਣ ਹੀ ਉਸਦਾ ਆਯਤਨ ਅਤੇ ਆਕਾਸ਼ ਉਸਦੀ ਪ੍ਰਤਿਸ਼ਠਾ ਹੈ। ਉਸਦੀ ਉਪਾਸਨਾ ਪ੍ਰਿਯ ਰੂਪ ਵਿਚ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਪ੍ਰਾਣ ਹੀ ਪ੍ਰਿਯਤਾ ਹੈ। ਉਸੇ ਲਈ ਲੋਕ ਅਜਿਹੇ ਆਦਮੀ ਤੋਂ ਵੀ ਯੱਗ-ਕਰਮ ਕਰਾਉਂਦੇ ਹਨ ਜੋ ਇਸ ਦੀ ਯੋਗਤਾ ਨਹੀਂ ਰਖਦਾ। ਉਸੇ ਲਈ ਲੋਕ ਅਜਿਹੇ ਵਿਅਕਤੀ ਤੋਂ ਵੀ ਗ੍ਰਹਿਣ ਕਰ ਲੈਂਦੇ ਹਨ ਜਿਸ ਤੋਂ ਕੁਝ ਗ੍ਰਹਿਣ ਨਹੀਂ ਕਰਨਾ ਚਾਹੀਦਾ। ਇਸੇ ਕਰ ਕੇ ਉਹ ਜਿਸ ਦਿਸ਼ਾ ਵਿਚ ਵੀ ਜਾਂਦੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਸ਼ੰਕਾ ਬਣੀ ਰਹਿੰਦੀ

ਹੈ ਕਿ ਕਿਧਰੋਂ ਉਨ੍ਹਾਂ ਦੀ ਜਾਨ ਉਤੇ ਹੀ ਨਾ ਬਣ ਆਵੇ। ਇਸੇ ਲਈ ਰਾਜਨ, ਪ੍ਰਾਣ ਹੀ ਬ੍ਰਹਮ ਹੈ ਅਤੇ ਜੋ ਇਸਨੂੰ ਬ੍ਰਹਮ ਮੰਨ ਕੇ ਉਪਾਸਨਾ ਕਰਦਾ ਹੈ ਉਸਦੇ ਪ੍ਰਾਣ ਉਸਨੂੰ ਕਦੀ ਨਹੀਂ ਤਿਆਗਦੇ। ਉਹ ਸਾਰੇ ਭੂਤਾਂ ਤੋਂ ਉਪਹਾਰ (ਭੇਟਾ) ਪ੍ਰਾਪਤ ਕਰਦਾ ਹੋਇਆ ਦੇਵ ਲੋਕ ਨੂੰ ਜਾਂਦਾ ਹੈ।''

ਜਨਕ ਦੀ ਜਿਹੋ ਜਿਹੀ ਆਦਤ ਸੀ, ਉਨ੍ਹਾਂ ਨੇ ਇਸ ਗੱਲ 'ਤੇ ਪ੍ਰਸੰਨ ਹੋ ਕੇ ਇਕ ਹਜ਼ਾਰ ਬਲਦ ਹੋਰ ਦੇ ਦਿੱਤੇ ਅਤੇ ਜਿਵੇਂ ਕਿ ਯਾਗਵਲਕਯ ਨੂੰ ਉਸਦੇ ਪਿਤਾ ਜੀ ਨੇ ਸਿਖਾਇਆ ਸੀ, ਉਹ ਆਪਣੇ ਸ਼ਿਸ਼ ਨੂੰ ਸੰਤੁਸ਼ਟ ਕੀਤੇ ਬਿਨਾਂ ਉਸਦਾ ਧਨ ਨਹੀਂ ਲੈ ਸਕਦੇ ਸਨ ਅਤੇ ਉਨ੍ਹਾਂ ਦੇ ਸਰਬੋਤਮ ਅਨੁਮਾਨ ਅਨੁਸਾਰ ਅਜੇ ਜਨਕ ਪੂਰੀ ਤਰ੍ਹਾਂ ਕਿਰਤਾਰਥ ਨਹੀਂ ਹੋਏ ਸਨ। ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਇਸ ਦੌਰਾਨ ਉਨ੍ਹਾਂ ਨੂੰ ਕੋਈ ਹੋਰ ਵੀ ਆ ਕੇ ਮਿਲਿਆ ਹੋਵੇ ਅਤੇ ਕੁਝ ਹੋਰ ਸਮਝਾ ਗਿਆ ਹੋਵੇ ਤਾਂ ਉਹ ਉਸਨੂੰ ਵੀ ਦੱਸਣ ਦਾ ਕਸ਼ਟ ਕਰਨ।

ਯਾਗਵਲਕਯ ਦਾ ਅਨੁਮਾਨ ਅਕਸਰ ਅਚੁੱਕ ਹੁੰਦਾ ਸੀ। ਇਹ ਵੀ ਸਹੀ ਸਿੱਧ ਹੋਇਆ। ਜਨਕ ਨੂੰ ਦੱਸਣਾ ਹੀ ਪਿਆ ਕਿ ਵ੍ਰਿਸ਼ਣ ਦਾ ਪੁੱਤਰ ਬਰੁਕ ਜਿਸਨੂੰ ਲੋਕ ਬਕੁ-ਵਾਸ਼ਰਣ ਕਹਿੰਦੇ ਸਨ, ਇਹ ਦੱਸ ਰਹੇ ਸਨ ਕਿ ਚਕਸ਼ੂ (ਦ੍ਰਿਸ਼ਟੀ) ਹੀ ਬ੍ਰਹਮ ਹੈ।

ਯਾਗਵਲਕਯ ਨੇ ਬਿਲਕੁਲ ਉਨ੍ਹਾਂ ਸ਼ਬਦਾਂ ਵਿਚ, ਉਸੇ ਸ਼ੈਲੀ ਵਿਚ ਦੱਸਿਆ ਕਿ ਬਕੁਵਾਸ਼ਰਣ ਨੇ ਜੋ ਕੁਝ ਦੱਸਿਆ ਹੈ ਉਹ ਗ਼ਲਤ ਹੋ ਹੀ ਨਹੀਂ ਸਕਦਾ। ਸਵਾਲ ਉਹੀ ਸੀ ਕਿ ਉਨ੍ਹਾਂ ਨੇ ਪੂਰਾ ਗਿਆਨ ਦਿੱਤਾ ਜਾਂ ਅਧੂਰਾ। ਆਯਤਨ ਅਤੇ ਪ੍ਰਤਿਸ਼ਠਾ ਦੀ ਗੱਲ ਉਨ੍ਹਾਂ ਨੇ ਛਿਪਾ ਤਾਂ ਨਹੀਂ ਲਈ। ਬਕੁਵਾਸ਼ਰਣ ਨੇ ਵੀ ਇਕ ਪੈਰ ਵਾਲੇ ਬ੍ਰਹਮ ਦਾ ਆਖਿਆਨ ਕੀਤਾ ਸੀ ਇਸ ਲਈ ਯਾਗਵਲਕਯ ਨੂੰ ਦੱਸਣਾ ਪਿਆ ਕਿ ਚਕਸ਼ੂ ਬ੍ਰਹਮ ਦਾ ਆਯਤਨ ਹੈ, ਅਤੇ ਪ੍ਰਤਿਸ਼ਠਾ ਹੈ ਆਕਾਸ਼। ਇਸਦੀ ਉਪਾਸਨਾ ਸੱਤ ਦੇ ਰੂਪ ਵਿਚ ਕਰਨੀ ਚਾਹੀਦੀ ਹੈ।

ਜਨਕ ਨੂੰ ਸੱਚਾਈ ਬਾਰੇ ਵੀ ਕੁਝ ਗਿਆਨ ਨਹੀਂ ਸੀ, ਇਸ ਲਈ ਉਸਦੀ ਜਿਗਿਆਸਾ ਸ਼ਾਂਤ ਕਰਨ ਲਈ ਯਾਗਵਲਕਯ ਨੂੰ ਦੱਸਣਾ ਪਿਆ ਕਿ ਜਦੋਂ ਕਿਸੇ ਗੱਲ ਦੀ ਸਚਾਈ ਜਾਣਨੀ ਹੁੰਦੀ ਹੈ ਤਾਂ ਪੁੱਛਿਆ ਜਾਂਦਾ ਹੈ ਕਿ ਕੀ ਕਿਸੇ ਨੇ ਇਸ ਨੂੰ ਦੇਖਿਆ ਹੈ। ਜਦੋਂ ਕੋਈ ਕਹਿੰਦਾ ਹੈ ਉਸਨੇ ਦੇਖਿਆ ਹੈ ਤਾਂ ਉਸਨੂੰ ਸੱਚ ਮੰਨਿਆ ਜਾਂਦਾ ਹੈ। ਇਸ ਲਈ ਚਕਸ਼ੂ ਹੀ ਬ੍ਰਹਮ ਹੈ। ਅਤੇ ਫਿਰ ਬ੍ਰਹਮ ਹੀ ਚਕਸ਼ੂ ਰੂਪ ਵਿਚ ਉਪਾਸਨਾ ਕਰਨ ਦਾ ਲਾਭ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਅਜਿਹਾ ਕਰਨ ਵਾਲੇ ਦੀਆਂ ਅੱਖਾਂ ਦੀ ਰੌਸ਼ਨੀ ਨਹੀਂ ਜਾਂਦੀ। ਉਹ ਸੌ ਸਾਲ ਦੀ ਉਮਰ ਤਕ ਆਪਣੀਆਂ ਅੱਖਾਂ ਨਾਲ ਦੇਖਦਾ ਹੈ।

ਹੁਣ ਇਹ ਦੱਸਣਾ ਜ਼ਰੂਰੀ ਨਹੀਂ ਕਿ ਇਸ ਵਿਆਖਿਆ ਤੋਂ ਪ੍ਰਸੰਨ ਹੋ ਕੇ ਜਨਕ ਨੇ ਹਾਥੀ ਵਰਗੇ ਇਕ ਹਜ਼ਾਰ ਬਲਦ ਯਾਗਵਲਕਯ ਨੂੰ ਦਾਨ ਦਿੱਤੇ ਅਤੇ ਯਾਗਵਲਕਯ ਨੇ ਆਪਣੇ ਪਿਤਾ ਨੂੰ ਯਾਦ ਕਰਦਿਆਂ ਹੋਇਆਂ ਬੇਨਤੀ ਕੀਤੀ ਕਿ ਜਨਕ ਜੇ ਕਿਸੇ ਹੋਰ ਬ੍ਰਹਮ-ਗਿਆਨੀ ਨੂੰ ਮਿਲੇ ਹੋਣ, ਤਾਂ ਉਸਦਾ ਵੀ ਹਵਾਲਾ ਦੇਣ; ਤਾਂ ਜੋ ਯਾਗਵਲਕਯ ਦੱਸ ਸਕੇ ਕਿ ਮਹਾਰਾਜ ਨੂੰ ਕਿਸ ਤਰ੍ਹਾਂ ਅਧੂਰਾ ਗਿਆਨ ਦੇ ਕੇ ਬ੍ਰਹਮ-ਗਿਆਨੀ ਲੋਕ ਪੱਟੀ ਪੜ੍ਹਾ ਜਾਂਦੇ ਸਨ।

ਗਰਦਭੀ ਵਿਪੀਤ ਭਾਰਦ੍ਵਾਜ ਨੇ ਆ ਕੇ ਜਨਕ ਨੂੰ ਦੱਸਿਆ ਕਿ ਕੰਨ ਹੀ ਬ੍ਰਹਮ ਹੈ। ਦੱਸਿਆ ਉਸਨੇ ਵੀ ਅਧੂਰਾ ਹੀ ਸੀ। ਯਾਗਵਲਕਯ ਨੇ ਦੱਸਿਆ ਕਿ ਕੰਨ ਹੀ

ਇਸਦਾ ਆਯਤਨ ਅਤੇਂ ਆਕਾਸ਼ ਪ੍ਰਤਿਸ਼ਠਾ ਹੈ। ਪ੍ਰਸ਼ਨੋਤਰ ਦੇ ਕ੍ਰਮ ਤੋਂ ਇਹ ਪਤਾ ਲਗਾ ਕਿ ਇਸਦੀ ਅਨੰਤ ਰੂਪ ਵਿਚ ਉਪਾਸਨਾ ਕਰਨੀ ਚਾਹੀਦੀ ਹੈ ਕਿਉਂਕਿ ਦਿਸ਼ਾਵਾਂ ਅਨੰਤ ਹਨ। ਕੋਈ ਕਿਸੇ ਵੀ ਦਿਸ਼ਾ ਵਿਚ ਭਾਵੇਂ ਕਿੰਨਾ ਵੀ ਅਗੇ ਕਿਉਂ ਨਾ ਚਲਦਾ ਜਾਵੇ, ਉਹ ਉਸ ਦਿਸ਼ਾ ਦਾ ਅੰਤ ਨਹੀਂ ਪਾ ਸਕਦਾ। ਜੋ ਵਿਅਕਤੀ ਦਿਸ਼ਾਵਾਂ ਦੀ ਉਪਾਸਨਾ ਇਸ ਰੂਪ ਵਿਚ ਕਰਦਾ ਹੈ ਉਹ ਜੀਵਨ ਦੇ ਅੰਤ ਤਕ ਸੁਣਦਾ ਹੈ ਅਤੇ ਸਾਰੇ ਭੂਤਾਂ ਦੁਆਰਾ ਆਦਰ ਪਾਉਂਦਾ ਹੋਇਆ ਦੇਵ-ਲੋਕ ਨੂੰ ਜਾਂਦਾ ਹੈ। ਯਾਗਵਲਕਯ ਨੂੰ ਇਕ ਹਜ਼ਾਰ ਬਲਦ ਹੋਰ ਮਿਲ ਗਏ।

ਇਸ ਕ੍ਰਮ ਤੋਂ ਅਗੇ ਜਨਕ ਨੇ ਸਤਯ ਕਾਮ ਜਾਬਾਲ ਨਾਲ ਆਪਣੀ ਮੁਲਾਕਾਤ ਦਾ ਹਵਾਲਾ ਦਿੱਤਾ ਜਿਨ੍ਹਾਂ ਨੇ ਮਨ ਨੂੰ ਬ੍ਰਹਮ ਦੱਸਿਆ ਸੀ, ਪਰ ਇਸਦਾ ਆਯਤਨ ਅਤੇ ਪ੍ਰਤਿਸ਼ਠਾ ਦਸੇ ਬਿਨਾਂ ਹੀ ਚਲੇ ਗਏ ਸਨ। ਯਾਗਵਲਕਯ ਤੋਂ ਪਤਾ ਲਗਾ ਕਿ ਮਨ ਦਾ ਆਯਤਨ ਮਨ ਹੈ ਅਤੇ ਆਕਾਸ਼ ਇਸਦੀ ਪ੍ਰਤਿਸ਼ਠਾ ਹੈ। ਇਸਦੀ ਆਨੰਦ ਰੂਪ ਵਿਚ ਉਪਾਸਨਾ ਕੀਤੀ ਜਾਣੀ ਚਾਹੀਦੀ ਹੈ। ਮਨੁੱਖ ਮਨ ਤੋਂ ਹੀ ਇਸਤਰੀ ਦੀ ਅਕਾਂਖਿਆ ਕਰਦਾ ਹੈ। ਮਨ ਦੇ ਅਨੁਰੂਪ ਪੁੱਤਰ ਪੈਦਾ ਹੁੰਦਾ ਹੈ। ਮਨ ਬ੍ਰਹਮ ਹੈ, ਇਹ ਤਾਂ ਇਸੇ ਤੋਂ ਪ੍ਰਮਾਣਿਤ ਹੋ ਜਾਂਦਾ ਹੈ। ਆਨੰਦ ਰੂਪ ਵਿਚ ਇਸ ਦੀ ਉਪਾਸਨਾ ਕਰਨ ਨਾਲ ਮਨ ਦੁਰਬਲ ਅਤੇ ਡਾਵਾਂ-ਡੋਲ ਨਹੀਂ ਹੁੰਦਾ।

ਵਿਦਗਧ ਸ਼ਾਕਲਯ ਨੇ ਜਨਕ ਨੂੰ ਦੱਸਿਆ ਸੀ ਕਿ ਹਿਰਦਾ ਹੀ ਬ੍ਰਹਮ ਹੈ ਅਤੇ ਇਹ ਕਥਨ ਵੀ ਠੀਕ ਉਨ੍ਹਾਂ ਕਾਰਣਾਂ ਕਰਕੇ ਅਤੇ ਉਨ੍ਹਾਂ ਹੀ ਰੂਪਾਂ ਵਿਚ ਸੱਚ ਸੀ, ਪਰ ਸੀ ਇਕ ਪੈਰ ਵਾਲਾ ਬ੍ਰਹਮ ਹੀ, ਜਿਸਦੇ ਦੂਜੇ ਪੈਰ ਨੂੰ ਲੱਭਦਿਆਂ ਹੋਇਆਂ ਯਾਗਵਲਕਯ ਨੇ ਹਿਰਦੇ ਨੂੰ ਆਯਤਨ ਅਤੇ ਆਕਾਸ਼ ਨੂੰ ਪ੍ਰਤਿਸ਼ਠਾ ਦੱਸਿਆ ਅਤੇ ਫਿਰ ਸਥਿਤੀ ਰੂਪ ਵਿਚ ਇਸਦੀ ਉਪਾਸਨਾ ਦਾ ਸੁਝਾ ਦਿੱਤਾ। 'ਜਿਗਿਆਸਾ' ਦੇ ਕ੍ਰਮ ਵਿਚ ਦੱਸਿਆ ਕਿ ਹਿਰਦਾ ਹੀ ਸਥਿਤਤਾ ਹੈ, ਇਸੇ ਵਿਚ ਸਾਰੇ ਭੂਤ ਪ੍ਰਤਿਸ਼ਠਿਤ ਹੁੰਦੇ ਹਨ। ਇਸ ਲਈ ਹਿਰਦਾ ਬ੍ਰਹਮ ਤਾਂ ਹੈ ਹੀ, ਬਾਹਰਲੇ ਜਗਤ ਨੂੰ ਅੰਤਰਵਰਤੀ ਕਰਨ ਵਾਲੇ ਦਾ ਹਿਰਦਾ ਕਦੀਂ ਡੋਲਦਾ ਨਹੀਂ ਹੈ। ਸਾਰੇ ਭੂਤਾਂ ਨਾਲ ਸੰਬੰਧਿਤ ਹੁੰਦਾ ਹੋਇਆ ਉਹ ਦੇਵ ਲੋਕ ਜਾਂਦਾ ਹੈ।

ਹੁਣ ਇਨ੍ਹਾਂ ਦੋਹਾਂ ਸੁਝਾਵਾਂ ਤੋਂ ਬਾਅਦ ਉਨ੍ਹਾਂ ਨੂੰ ਦੋ ਹਜ਼ਾਰ ਮੋਟੇ ਤਕੜੇ ਬਲਦ ਹੋਰ ਮਿਲ ਗਏ। ਛੇ ਹਜ਼ਾਰ ਬਲਦਾਂ ਨੂੰ ਪ੍ਰਾਪਤ ਕਰਨ ਉਪਰੰਤ ਯਾਗਵਲਕਯ ਨੇ ਮਹਿਸੂਸ ਕੀਤਾ ਕਿ ਹੁਣ ਉਹ ਆਪਣੇ ਸ਼ਿਸ਼ ਨੂੰ ਸੰਤੁਸ਼ਟ ਕਰ ਚੁਕੇ ਹਨ ਅਤੇ ਉਨ੍ਹਾਂ ਦੇ ਪਿਤਾ ਦੀ ਆਤਮਾ ਉਨ੍ਹਾਂ ਨੂੰ ਨਹੀਂ ਕੋਸੇਗੀ। ਇਨ੍ਹਾਂ ਨੂੰ ਲੈ ਕੇ ਉਨ੍ਹਾਂ ਨੇ ਕੀ ਕੀਤਾ ਹੋਵੇਗਾ, ਇਹ ਸਿਰਫ਼ ਅਨੁਮਾਨ ਦਾ ਵਿਸ਼ਾ ਹੈ ਅਤੇ ਅਨੇਕਾਂ ਅਨੁਮਾਨਾਂ ਵਿਚ ਇਕ ਅਨੁਮਾਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਗੰਗਾ ਕਿਨਾਰੇ ਲੈ ਜਾ ਕੇ ਵੇਚ ਦਿੱਤਾ ਅਤੇ ਉਥੋਂ ਇਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪਹੁੰਚ ਗਏ। ਜਿਸ ਥਾਂ ਤੇ ਉਨ੍ਹਾਂ ਨੇ ਬਲਦਾਂ ਨੂੰ ਵੇਚਿਆ ਹੋਵੇਗਾ, ਸੰਭਵ ਹੈ ਉਥੇ ਹੀ, ਉਸ ਸਮੇਂ ਤੋਂ ਹੀ, ਹਰੀਹਰ ਛੱਤਰ ਦਾ ਬਲਦਾਂ ਦਾ ਮੇਲਾ ਲਗਣਾ ਸ਼ੁਰੂ ਹੋ ਗਿਆ, ਜਿਸ ਵਿਚ ਮੌਕਾ ਦੇਖ ਕੇ ਕਿੰਨਿਆਵਾਂ ਦੇ ਅਭਿਲਾਸ਼ੀ ਬਾਲਕ ਵੀ ਸ਼ਾਮਿਲ ਹੋਣ ਲੱਗੇ।

# ਪਰਮਾਨੰਦ ਦਾ ਮੁੱਲ

ਜਨਕ ਦੀ ਜਿਗਿਆਸਾ ਦਾ ਕੋਈ ਅੰਤ ਨਹੀਂ ਸੀ। ਉਹ ਉਸ ਅਵਸਥਾ ਨੂੰ ਪਹੁੰਚ ਗਏ ਸਨ ਜਿਥੇ ਪਹੁੰਚ ਕੇ ਵਿਦਵਾਨ ਲੋਕ ਜਾਣੀ ਹੋਈ ਚੀਜ਼ ਨੂੰ ਜਾਣਨ ਤੋਂ ਬਾਅਦ ਭੁੱਲ ਜਾਇਆ ਕਰਦੇ ਹਨ ਤਾਂ ਕਿ ਉਹ ਕਿਸੇ ਨਵੇਂ ਗਿਆਨੀ ਤੋਂ ਉਸ ਬਾਰੇ ਲੰਮੀ ਚਰਚਾ ਕਰਨ ਉਪਰੰਤ ਫਿਰ ਜਾਣ ਸਕਣ ਕਿ ਉਹ ਪਹਿਲਾਂ ਤੋਂ ਕੀ ਜਾਣਦੇ ਸਨ ਅਤੇ ਉਸਨੂੰ ਵਿਸ਼ਵਾਸ ਦਿਵਾ ਸਕਣ ਕਿ ਸਭ ਕੁਝ ਜਾਣਦੇ ਹੋਏ ਵੀ ਉਹ ਕੁਝ ਨਹੀਂ ਸਨ ਜਾਣਦੇ। ਉਨ੍ਹਾਂ ਲਈ ਗਿਆਨ ਪਾਰੇ ਦੀ ਤਰੰਗ ਸਮਾਨ ਹੁੰਦਾ ਹੈ। ਗਿਆਨ-ਚਰਚਾ ਦੌਰਾਨ ਉਸਦੇ ਝੂਟੇ ਝਟਕੇ ਸਹਿੰਦੇ ਹੋਏ ਜਿਵੇਂ ਕਿਵੇਂ ਬਾਹਰ ਆਉਂਦੇ ਹਨ। ਲੰਮੇ ਅਰਸੇ ਤਕ ਉਸਦੇ ਨਸ਼ੇ ਦੀ ਖ਼ੁਮਾਰੀ ਵਿਚ ਅੱਖਾਂ ਬੰਦ ਕਰਕੇ ਪਏ ਰਹਿੰਦੇ ਹਨ। ਫਿਰ ਖ਼ੁਮਾਰ ਉੱਤਰ ਜਾਂਦਾ ਹੈ। ਅੱਖਾਂ ਖੁਲ੍ਹ ਜਾਂਦੀਆਂ ਹਨ। ਦੁਨੀਆਦਾਰੀ ਦੇ ਦੋ ਚਾਰ ਛੋਟੇ-ਮੋਟੇ ਕੰਮ ਕਰਦੇ ਹਨ, ਕਿਉਂਕਿ ਲੋਕ-ਨਿਰਬਾਹ ਤਾਂ ਉਸੇ ਨਾਲ ਸੰਭਵ ਹੈ। ਫਿਰ ਗਿਆਨ ਲਈ ਬੇਚਾਨ ਹੋ ਜਾਂਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਪੜ੍ਹੇ ਲਿਖੇ ਲੋਕ ਇਕ ਕਿਤਾਬ ਖ਼ਤਮ ਕਰਨ ਤੋਂ ਬਾਅਦ ਅਗਲੇ ਦਿਨ ਦੂਜੀ ਅਤੇ ਫਿਰ ਤੀਜੀ ਅਤੇ ਚੌਥੀ ਕਿਤਾਬ ਕਿਉਂ ਪੜ੍ਹਦੇ ਅਤੇ ਹਰ ਕਿਤਾਬ ਪੜ੍ਹਨ ਮਗਰੋਂ ਪਹਿਲਾਂ ਤੋਂ ਜ਼ਿਆਦਾ ਨਾ-ਸਮਝ ਕਿਉਂ ਮਹਿਸੂਸ ਕਰਦੇ। ਕਲਾਸਕੀ ਬੇਵਕੂਫ਼ੀ ਦੇ ਸਾਰੇ ਲਤੀਫ਼ੇ ਦਾਰਸ਼ਨਿਕਾਂ, ਕਵੀਆਂ ਅਤੇ ਵਿਗਿਆਨਿਕਾਂ ਨੂੰ ਲੈ ਕੇ ਕਿਉਂ ਘੜੇ ਜਾਂਦੇ ਸਨ। ਇਹ ਗੱਲ ਮੋਟੇ ਤੌਰ ਤੇ ਗਿਆਨ਼ ਦੇ ਸਾਰੇ ਰੂਪਾਂ ਬਾਰੇ ਸੱਚ ਹੈ, ਪਰ ਵਿਸ਼ੇਸ਼ ਤੌਰ ਤੇ ਬ੍ਰਹਮ-ਗਿਆਨ ਬਾਰੇ ਹੀ ਸੱਚ ਹੈ। ਗਿਆਨ ਦਾ ਇਹ ਇਕੱਲਾ ਰੂਪ ਹੈ ਜਿਸ ਵਿਚ ਪਹਿਲਾਂ ਹੀ ਸਾਫ਼ ਦੱਸ ਦਿੱਤਾ ਜਾਂਦਾ ਹੈ ਕਿ ਜੇ ਤੂੰ ਜਾਣਨ ਲਈ ਜਾਣ ਰਿਹਾ ਹੈਂ ਤਾਂ ਤੈਥੋਂ ਵੱਡਾ ਮੂਰਖ ਕੋਈ ਨਹੀਂ। ਹਾਂ, ਜੇ ਨਾਦਾਨ ਸਿੱਧ ਹੋਣ ਲਈ ਜਾਣ ਰਿਹਾ ਹੈਂ ਤਾਂ ਤੈਥੋਂ ਵੱਡਾ ਗਿਆਨੀ ਕੋਈ ਦੀਵਾ ਲੈ ਕੇ ਢੂੰਡਣ ਲਗਿਆਂ ਵੀ ਨਹੀਂ ਮਿਲੇਗਾ – ਉਂਜ ਤਾਂ ਦੀਵਾ ਲੈ ਕੇ ਢੂੰਢਣਾ ਤਾਂ ਘਰ ਦੇ ਅੰਦਰ ਹੀ ਸੰਭਵ ਹੈ। ਬਾਹਰ ਦੀ ਹਵਾ ਨਾਲ ਤਾਂ ਦੀਵਾ ਖ਼ੁਦ ਬੁਝ ਜਾਏਗਾ। ਖ਼ੈਰ, ਜਨਕ ਨੂੰ ਗਿਆਨ ਦੇ ਨਿਰੰਤਰ ਨਾਦਾਨ ਬਣਾਉਂਦੇ ਜਾਣ ਵਾਲੇ ਇਸੇ ਬ੍ਰਾਂਡ ਦੀ ਆਦਤ ਪੈ ਚੁੱਕੀ ਸੀ, ਇਸ ਲਈ ਜਦੋਂ ਤਲਬ ਉਠਦੀ ਤਾਂ ਉਹ ਝਟਪਟ ਕਿਸੇ ਬ੍ਰਹਮਗਿਆਨੀ ਨੂੰ ਬੁਲਵਾ ਲੈਂਦੇ। ਜੇ ਤਲਬ ਜ਼ਿਆਦਾ ਜ਼ੋਰ ਦੀ ਹੁੰਦੀ ਅਤੇ ਅੰਦੇਸ਼ਾ ਹੁੰਦਾ ਕਿ ਬ੍ਰਹਮ-ਗਿਆਨੀ ਦੇ ਆਉਣ ਵਿਚ ਦੇਰ ਹੋ ਸਕਦੀ ਹੈ ਤਾਂ ਆਪ ਭਜਦੇ ਹੋਏ ਉਸ ਕੋਲ ਪਹੁੰਚ ਜਾਂਦੇ।

ਇਕ ਵਾਰ ਉਹ ਆਸਣ ਉਤੇ ਬੈਠੇ ਹੋਏ ਸਨ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਕੁਸ਼ਾਸਣ ਸਿੰਘਾਸਨ ਤੋਂ ਬਹੁਤ ਵੱਖਰਾ ਪੂਲੇ ਦੇ ਬਣੇ ਹੋਏ ਮੂੜ੍ਹੇ ਵਰਗਾ ਹੋਵੇਗਾ ਜੋ ਜਨਕ

ਦੀ ਹੈਸੀਅਤ ਅਤੇ ਜ਼ਰੂਰਤ ਨੂੰ ਦੇਖਦੇ ਹੋਇਆਂ ਕਾਫ਼ੀ ਸੁੰਦਰ ਅਤੇ ਵੱਡਾ ਬਣਾਇਆ ਗਿਆ ਹੋਵੇਗਾ। ਸੰਭਵ ਹੈ ਇਹ ਪਤਲੇ ਬੈਂਤ ਦਾ ਬਣਿਆ ਹੋਇਆ ਹੋਵੇ ਜਿਸ ਨੂੰ ਪੂਲਾ ਤਾਂ ਨਹੀਂ ਪਰ ਕੁਸ਼ ਕਿਹਾ ਜਾਂਦਾ ਹੈ ਅਤੇ ਨਾਲ ਹੀ ਇਹ ਵੀ ਸੰਭਵ ਹੈ ਕਿ 'ਕੁਰਸੀ' ਸ਼ਬਦ ਇਸ ਕੁਸ਼ਾਸਣ ਤੋਂ ਹੀ ਨਿਕਲਿਆ ਹੋਵੇ। ਜੋ ਵੀ ਹੋਵੇ ਉਨ੍ਹਾਂ ਨੂੰ ਇਕਦਮ ਬ੍ਰਹਮ-ਗਿਆਨ ਦੀ ਇੱਛਾ ਹੋਈ ਅਤੇ ਆਸਣ ਉਤੇ ਬੈਠੇ ਰਹਿਣਾ ਉਨ੍ਹਾਂ ਲਈ ਅਸੰਭਵ ਹੋ ਗਿਆ।

ਉਹ ਉਠੇ ਅਤੇ ਯਾਗਵਲਕਯ ਕੋਲ ਪਹੁੰਚੇ। ਉਨ੍ਹਾਂ ਨੂੰ ਹੱਥ ਜੋੜ ਕੇ ਨਮਸਕਾਰ ਕੀਤਾ ਅਤੇ ਕਿਹਾ, ''ਯਾਗਵਲਕਯ ਜੀ ਮੈਨੂੰ ਉਪਦੇਸ਼ ਦਿਉ।''

ਯਾਗਵਲਕਯ ਮੁਸਕਰਾ ਕੇ ਕਹਿਣ ਲੱਗੇ, ''ਮਹਾਰਾਜ, ਆਪ ਨੂੰ ਉਪਦੇਸ਼ ਦੀ ਕੀ ਜ਼ਰੂਰਤ। ਆਪ ਤਾਂ ਉਸੇ ਤਰ੍ਹਾਂ ਇਕਾਗਰ ਹੋ ਗਏ ਹੋ ਜਿਵੇਂ ਕੋਈ ਲੰਬੇ ਰਸਤੇ ਦਾ ਯਾਤਰੀ ਰਥ ਜਾਂ ਕਿਸ਼ਤੀ ਉਤੇ ਬੈਠਣ ਦੇ ਬਾਅਦ ਰਸਤੇ ਵਲੋਂ ਬੇਫ਼ਿਕਰ ਹੋ ਜਾਂਦਾ ਹੈ। ਆਪ ਤਾਂ ਵੇਦਾਂ ਦੇ ਡੂੰਘੇ ਗਿਆਤਾ ਹੋ ਗਏ ਹੋ, ਸਾਰੇ ਵੇਦਾਂ ਦਾ ਗਿਆਨ ਆਪ ਨੂੰ ਹੋ ਗਿਆ ਹੈ। ਆਪ ਉਪਨਿਸ਼ਦਾਂ ਦੇ ਗਿਆਨ ਤੋਂ ਭਲੀ-ਭਾਂਤ ਜਾਣੂ ਹੋ ਗਏ ਹੋ। ਉਪਨਿਸ਼ਦਾਂ ਦਾ ਕੋਈ ਅਜਿਹਾ ਗਿਆਨ ਨਹੀਂ ਹੈ ਜੋ ਆਪ ਨੂੰ ਦੱਸਣ ਲਈ ਬਾਕੀ ਰਹਿ ਗਿਆ ਹੋਵੇ।''

ਫਿਰ ਉਨ੍ਹਾਂ ਨੇ ਇਕ ਛੋਟਾ ਜਿਹਾ ਸਵਾਲ ਕੀਤਾ, ''ਇਹ ਸਭ ਕੁਝ ਜਾਣਨ ਤੋਂ ਬਾਅਦ ਵੀ ਕੀ ਆਪ ਨੂੰ ਇਹ ਮਾਲੂਮ ਹੈ ਕਿ ਇਹ ਸਰੀਰ ਛੁਟ ਜਾਣ ਦੇ ਮਗਰੋਂ ਆਪ ਨੂੰ ਕਿਥੇ ਜਾਣਾ ਹੈ।''

ਸੱਚੀ ਗੱਲ ਤਾਂ ਇਹ ਹੈ ਕਿ ਯਾਗਵਲਕਯ ਜਨਕ ਨੂੰ 'ਆਪ' ਕਹਿ ਕੇ ਸੰਬੋਧਿਤ ਨਹੀਂ ਕਰ ਰਹੇ ਸਨ। ਉਹ ਉਨ੍ਹਾਂ ਨੂੰ 'ਰਾਜਨ' ਅਤੇ 'ਸਮਰਾਟ' ਕਹਿ ਕੇ ਤਾਂ ਸੰਬੋਧਨ ਕਰ ਰਹੇ ਸਨ ਪਰ ਲਗਾਤਾਰ 'ਤੂੰ' ਕਹੀ ਜਾ ਰਹੇ ਸਨ। ਬ੍ਰਹਮਵਾਦੀਆਂ ਦੀ ਹਾਲਤ ਕੁਝ ਕੁਝ ਸੂਫ਼ੀ ਫ਼ਕੀਰਾਂ ਵਰਗੀ ਲਗਦੀ ਹੈ ਜੋ ਆਪਣੇ ਸਾਹਮਣੇ ਬਾਦਸ਼ਾਹਾਂ ਨੂੰ ਕੁਝ ਨਹੀਂ ਸਮਝਦੇ ਸਨ ਅਤੇ ਜਦੋਂ ਬਾਦਸ਼ਾਹ ਉਨ੍ਹਾਂ ਦੇ ਹਜ਼ੂਰ ਪੇਸ਼ ਹੁੰਦੇ ਸਨ ਤਾਂ ਉਨ੍ਹਾਂ ਨੂੰ 'ਤੂੰ' ਕਹਿ ਕੇ ਸੰਬੋਧਨ ਕਰਦੇ ਸਨ। ਇਸ ਨਿਡਰਤਾ ਦਾ ਉਨ੍ਹਾਂ ਦੇ ਵਰਤਮਾਨ ਅਤੇ ਭਵਿਖ ਵਿਚ ਹੋਣ ਵਾਲੇ ਸ਼ਾਗਿਰਦਾਂ ਉਤੇ ਏਨਾ ਡੂੰਘਾ ਅਸਰ ਪੈਂਦਾ ਸੀ ਕਿ ਉਹ ਸੰਤ ਵਿਚ ਹੋਰ ਕਿਸੇ ਸ਼ਕਤੀ ਦੀ ਤਲਾਸ਼ ਕਰਨ ਦੀ ਜ਼ਹਿਮਤ ਹੀ ਮੁੱਲ ਨਹੀਂ ਸਨ ਲੈਂਦੇ। ਇਹ ਅਨੁਮਾਨ ਜੇ ਗ਼ਲਤ ਹੋਣ ਤਾਂ ਇਹ ਸੋਚ ਕੇ ਸੰਤੋਸ਼ ਕਰ ਲੈਣਾ ਹੋਵੇਗਾ ਕਿ ਈਸ਼ਵਰ, ਰਾਜਾ ਅਤੇ ਮਾਤਾ ਲਈ 'ਤੂੰ' ਦਾ ਸੰਬੋਧਨ ਹੀ ਚਲਦਾ ਹੈ।

ਜਨਕ ਨੇ ਕਿਹਾ, ''ਇਹ ਤਾਂ ਮੈਨੂੰ ਪਤਾ ਨਹੀਂ। ਤੁਸੀਂ ਖ਼ੁਦ ਹੀ ਦੱਸੋ ਕਿ ਮੈਂ ਕਿਥੇ ਜਾਵਾਂਗਾ।''

ਯਾਗਵਲਕਯ ਨੇ ਕਿਹਾ, ''ਰੁਕੋ, ਦੱਸਦਾ ਹਾਂ।'' ਅਤੇ ਉਹ ਕੁਝ ਵਿਚਾਰ ਵਿਚ ਪੈ ਗਏ।

ਯਾਗਵਲਕਯ ਸ਼ਾਇਦ ਇਹ ਸਵਾਲ ਕਰਕੇ ਆਪ ਹੀ ਉਲਝਣ ਵਿਚ ਪੈ ਗਏ ਸਨ ਕਿ ਹੁਣ ਇਸ ਦਾ ਕੀ ਜਵਾਬ ਦੇਣ। ਉਨ੍ਹਾਂ ਨੇ ਜਿਥੋਂ ਆਪਣੀ ਗੱਲ ਸ਼ੁਰੂ ਕੀਤੀ ਸੀ ਉਸ

ਤੋਂ ਉਨ੍ਹਾਂ ਦੀ ਉਲਝਣ ਦਾ ਤਾਂ ਪਤਾ ਲਗਦਾ ਹੀ ਸੀ, ਨਾਲ ਹੀ ਕਿਸੇ ਗੱਲ ਨੂੰ ਵਧਾ ਕੇ ਕਿਥੇ ਤੋਂ ਕਿਥੇ ਪਹੁੰਚਾਉਣ ਦੀ ਉਨ੍ਹਾਂ ਦੀ ਯੋਗਤਾ ਦਾ ਵੀ ਪਤਾ ਲਗਦਾ ਸੀ। ਉਨ੍ਹਾਂ ਨੇ ਕਿਹਾ, ''ਇਹ ਜੋ ਸੱਜੀ ਅੱਖ ਵਿਚ ਪੁਰਸ਼ ਹੈ, ਇੰਧ ਕਹਿੰਦੇ ਹਨ। ਇਹ ਇੰਧ ਇੰਦਰ ਦਾ ਗੁਪਤ ਨਾਂ ਹੈ। ਦੇਵਤੇ ਆਪਣੇ ਕੁਝ ਨਾਂ ਅਤੇ ਕੰਮ ਲੁਕਾ ਕੇ ਰਖਦੇ ਹਨ। ਉਨ੍ਹਾਂ ਨੂੰ ਸਾਹਮਣੇ ਆਉਣ ਤੋਂ ਚਿੜ੍ਹ ਹੈ - ''**ਪਰੋਕਸ਼ਪ੍ਰਿਯਾ ਇਵ ਹਿ ਦੇਵਾ: ਪ੍ਰਤਯਕਸ਼ਦ੍ਵਿਸ਼:।**''

ਯਾਗਵਲਕਯ ਬੋਲਦੇ ਜਾ ਰਹੇ ਸਨ, ਅਤੇ ਇਹ ਜੋ ਖੱਬੀ ਅੱਖ ਵਿਚ ਪੁਰਸ਼ ਬੈਠਾ ਹੈ ਉਹ ਇੰਦਰ ਦੀ ਪਤਨੀ ਵਿਰਾਟ ਹੈ। ਇਸ ਵਿਰਾਟ ਨੂੰ ਹੀ ਅੰਨ ਵੀ ਕਹਿੰਦੇ ਹਨ। ਸਾਡੇ ਹਿਰਦੇ ਦਾ ਇਹ ਅੰਦਰਲਾ ਆਕਾਸ਼ ਹੀ ਦੋਹਾਂ ਦਾ ਮਿਲਣ ਸਥਲ ਹੈ। ਸਾਡੇ ਹਿਰਦੇ ਦੇ ਅੰਦਰ ਜੋ ਲਾਲ ਪਿੰਡ ਹੈ, ਉਹ ਦੋਹਾਂ ਦਾ ਆਹਾਰ ਹੈ। ਸਾਡੇ ਹਿਰਦੇ ਦੇ ਅੰਦਰ ਜੋ ਜਾਲ ਜਿਹਾ ਹੈ ਉਹ ਉਨ੍ਹਾਂ ਦਾ ਪਰਦਾ ਹੈ। ਉਪਰ ਵਲ ਜਾਣ ਵਾਲੀ ਨਾੜੀ ਦੋਹਾਂ ਦੇ ਸੰਚਾਰ ਦਾ ਦੁਆਰ ਹੈ। ਜਿਵੇਂ ਮਨੁੱਖ ਦੇ ਸਿਰ ਦੇ ਕੇਸ਼ ਹਜ਼ਾਰਾਂ ਸ਼ਾਖਾਵਾਂ ਵਿਚ ਵੰਡੇ ਹੋਏ ਉਂਜ ਵੀ ਇਹ ਹਜ਼ਾਰਾਂ ਸ਼ਾਖਾਵਾਂ ਵਿਚ ਵੰਡੀਆਂ ਹੋਈਆਂ 'ਹਿਤਾ' ਨਾਂ ਦੀਆਂ ਨਾੜੀਆਂ ਹਿਰਦੇ ਦੇ ਅੰਦਰ ਸਥਿਤ ਹਨ ਅਤੇ ਇਸੇ ਲਈ ਇਨ੍ਹਾਂ ਨੂੰ 'ਸ਼ਿਰਾ-ਉਪਸ਼ਿਰਾ' ਕਿਹਾ ਜਾਂਦਾ ਹੈ। ਇਨ੍ਹਾਂ ਰਾਹੀਂ ਅੰਨ ਜਾਂ ਪੋਸ਼ਕ ਤੱਤ ਸਰੀਰ ਦੇ ਹਰੇਕ ਹਿੱਸੇ ਵਿਚ ਪਹੁੰਚਦਾ ਹੈ। ਇਸੇ ਲਈ ਇਸ ਸਥੂਲ ਆਹਾਰ ਨਾਲ ਸੂਖਮ ਪੋਸ਼ਕ ਰਸ ਗ੍ਰਹਿਣ ਕੀਤਾ ਜਾਂਦਾ ਹੈ।''

ਜਨਕ ਨੂੰ ਹੁਣ ਇਕ ਰੌਸ਼ਨੀ ਦਿਖਾਈ ਦੇਣ ਲੱਗੀ। ਯਾਗਵਲਕਯ ਦੀ ਇਹ ਆਦਤ ਤਾਂ ਉਹ ਪਹਿਲਾਂ ਤੋਂ ਹੀ ਜਾਣਦੇ ਸਨ ਕਿ ਉਹ ਕੋਈ ਗੱਲ ਸਿੱਧੀ ਤਾਂ ਕਹਿੰਦੇ ਹੀ ਨਹੀਂ। ਇਕ ਵਿਰਾਟ ਅਤੇ ਜਟਿਲ ਰੂਪਕ ਵਿਚ ਲਪੇਟ ਕੇ ਹਰ ਗੱਲ ਨੂੰ ਰਖ ਦਿੰਦੇ ਹਨ ਜਿਸ ਵਿਚ ਇਹ ਨਿਸਚਿਤ ਕਰਨਾ ਔਖਾ ਹੁੰਦਾ ਹੈ ਕਿ ਉਨ੍ਹਾਂ ਦੀ ਕਹੀ ਹੋਈ ਗੱਲ ਮਹੱਤਵਪੂਰਣ ਹੈ ਜਾਂ ਉਨ੍ਹਾਂ ਵਲੋਂ ਬਣਾਇਆ ਹੋਇਆ ਰੂਪਕ। ਨਿਸਚੇ ਹੀ ਉਹ ਇੰਦਰ ਅਤੇ ਬ੍ਰਹਮ ਦੇ ਰੂਪ ਵਿਚ ਮਾਨਵ ਸਰੀਰ ਦੀ ਗਰਮੀ ਜਾਂ ਪੇਟ ਦੀ ਅਗਨੀ (ਜਠਗਾਰਨੀ) ਬਾਰੇ ਗੱਲ ਕਰ ਰਹੇ ਸਨ ਅਤੇ ਆਪਣੇ ਰੂਪਕ ਰਾਹੀਂ ਮਾਨਵ ਕਾਇਆ ਦੀ ਰਚਨਾ ਅਤੇ ਕ੍ਰਿਆ ਵਿਗਿਆਨ ਉਤੇ ਪ੍ਰਕਾਸ਼ ਪਾ ਰਹੇ ਸਨ। ਹੁਣ ਉਹ ਪਹਿਲਾਂ ਤੋਂ ਜ਼ਿਆਦਾ ਮਗਨ ਹੋ ਕੇ ਉਨ੍ਹਾਂ ਦਾ ਉਪਦੇਸ਼ ਸੁਣਨ ਲੱਗੇ।

''ਤਾਂ ਇਹ ਜੋ ਸਾਡੇ ਅੰਦਰ ਬੈਠਾ ਪ੍ਰਾਣਤੱਤ ਹੈ, ਜੋ ਇਸ ਸਾਰੀ ਕਿਰਿਆ ਨੂੰ ਸੰਚਾਲਿਤ ਕਰਦਾ ਹੈ, ਸਭ ਕੁਝ ਨੂੰ ਜਾਣਦਾ ਹੈ, ਪਰ ਇਸਦੇ ਕਾਰਨਾਮੇ ਸਾਡੇ ਤੋਂ ਉਹਲੇ ਰਹਿ ਜਾਂਦੇ ਹਨ। ਭਿੰਨ ਭਿੰਨ ਦਿਸ਼ਾਵਾਂ ਇਸ ਦੇ ਪ੍ਰਾਣ ਹਨ। ਪੂਰਵ ਦਿਸ਼ਾ ਇਸਦਾ ਪੂਰਵ ਪ੍ਰਾਣ ਹੈ। ਦੱਖਣ ਦਿਸ਼ਾ ਦੱਖਣ ਪ੍ਰਾਣ ਹੈ। ਉਤਰ ਦਿਸ਼ਾ ਉਤਰ ਪ੍ਰਾਣ ਹੈ। ਉਪਰ ਦੀ ਦਿਸ਼ਾ ਉਪਰਲਾ ਪ੍ਰਾਣ ਹੈ ਅਤੇ ਹੇਠਾਂ ਦੀ ਦਿਸ਼ਾ ਹੇਠਲਾ ਪ੍ਰਾਣ ਹੈ। ਇਹ ਉਹੀ ਆਤਮਾ ਹੈ ਜਿਸਦਾ ਸਰੂਪ ਸਮਝ ਵਿਚ ਨਹੀਂ ਆਉਂਦਾ ਅਤੇ ਜਿਸਦਾ ਵਰਣਨ ਨੇਤਿ-ਨੇਤਿ ਕਹਿ ਕੇ ਕੀਤਾ ਜਾਂਦਾ ਹੈ। ਉਹ ਨਸ਼ਟ ਨਹੀਂ ਹੁੰਦਾ। ਕਿਸੇ ਚੀਜ਼ ਨਾਲ ਲਿਪਤ ਨਹੀਂ ਹੁੰਦਾ। ਕਿਸੇ ਚੀਜ਼ ਨਾਲ ਬੰਨ੍ਹੀਦਾ ਨਹੀਂ। ਇਥੋਂ ਤਕ ਕਿ ਸ਼ਬਦਾਂ ਨਾਲ ਵੀ ਨਹੀਂ, ਕਲਪਨਾ ਨਾਲ ਵੀ ਨਹੀਂ। ਉਹ ਡਰਦਾ ਨਹੀਂ ਅਤੇ ਨਾ ਹੀ ਕਦੀਂ ਘਟਦਾ ਹੈ। ਜਨਕ ਤੂੰ ਉਸੇ ਦਿਸ਼ਾ ਨੂੰ ਪ੍ਰਾਪਤ ਹੋ ਚੁਕਾ ਹੈ। ਤੂੰ ਅਭੈ ਹੋ ਚੁੱਕਾ ਹੈਂ।''

ਜਨਕ ਨੇ ਆਦਰ ਪ੍ਰਗਟ ਕਰਦੇ ਹੋਇਆਂ ਕਿਹਾ, ''ਮੈਂ ਆਪ ਅਤੇ ਮੇਰਾ ਪੂਰਾ ਰਾਜ ਆਪ ਦੇ ਅਧੀਨ ਹੈ।'' ਉਹ ਕੁਝ ਸੋਚੀਂ ਪੈ ਗਏ। ਯਾਗਵਲਕਯ ਨੇ ਅਜੇ ਉਹ ਰਹੱਸ ਤਾਂ ਦੱਸਿਆ ਹੀ ਨਹੀਂ ਜਿਸ ਨੂੰ ਦੱਸਣ ਦੀ ਭੂਮਿਕਾ ਤਿਆਰ ਕਰਦੇ ਹੋਇਆਂ ਉਨ੍ਹਾਂ ਨੇ ਪ੍ਰਸ਼ਨ ਕੀਤਾ ਸੀ ਕਿ ਮਰਨ ਤੋਂ ਬਾਅਦ ਉਹ ਕਿਥੇ ਜਾਏਗਾ? ਫਿਰ ਜਾਣ ਲਈ ਤਾਂ ਕੋਈ ਸਰੀਰ ਜਾਂ ਸਥੂਲ ਰੂਪ ਹੋਣਾ ਚਾਹੀਦਾ ਹੈ। ਆਤਮਾ ਤਾਂ ਕਹਿੰਦੇ ਹਨ ਜੋਤਿ-ਸਰੂਪ ਹੈ। ਉਹ ਪ੍ਰਕਾਸ਼ ਵਾਂਗ ਸਾਰੀਆਂ ਦਿਸ਼ਾਵਾਂ ਵਿਚ ਇਕੋ ਵੇਲੇ ਪਹੁੰਚ ਜਾਂਦੀ ਹੈ। ਫਿਰ ਇਹ ਕਿਹੋ ਜਿਹੀ ਜੋਤਿ ਹੈ ਜੋ ਇਕ ਪਾਸੇ ਹੀ ਜਾਂਦੀ ਹੈ। ਉਨ੍ਹਾਂ ਨੇ ਦੱਬੀ ਜ਼ਬਾਨ ਵਿਚ ਆਖਿਆ, ''ਯਾਗਵਲਕਯ, ਇਹ ਪੁਰਸ਼ ਜੋ ਸਾਡੇ ਅੰਦਰ ਹੈ, ਉਹ ਕਿਸ ਜੋਤਿ ਵਾਲਾ ਹੈ?''

ਯਾਗਵਲਕਯ ਸਮਝ ਗਏ ਕਿ ਸਿੱਧਾ ਆਪਣੀ ਸ਼ੰਕਾ ਨੂੰ ਪ੍ਰਗਟ ਕਰਨ ਦੇ ਬਾਵਜੂਦ ਜਨਕ ਦਾ ਇਸ਼ਾਰਾ ਕਿਧਰ ਸੀ। ਬੋਲੇ, ''ਸਮ੍ਰਾਟ, ਇਹ ਆਦਿਤਯ (ਸੂਰਜ) ਰੂਪੀ ਜੋਤਿ ਵਾਲਾ ਹੈ। ਇਹ ਇਸ ਆਦਿਤਯ ਜੋਤਿ ਨਾਲ ਹੀ ਬੈਠਦਾ ਹੈ, ਉਸੇ ਨਾਲ ਸਭ ਪਾਸੇ ਜਾਂਦਾ ਹੈ, ਸਾਰੇ ਕਰਮ ਕਰਦਾ ਹੈ ਅਤੇ ਵਾਪਿਸ ਪਰਤ ਆਉਂਦਾ ਹੈ।

ਜਨਕ ਨੇ ਜਾਣਨਾ ਚਾਹਿਆ ਕਿ ਜਦੋਂ ਆਦਿਤਯ ਡੁੱਬ ਜਾਂਦਾ ਹੈ ਅਤੇ ਚੰਦ੍ਰਮਾ ਆਕਾਸ਼ ਵਿਚ ਨਹੀਂ ਹੁੰਦਾ, ਉਦੋਂ ਇਹ ਪੁਰਸ਼ ਕਿਸ ਜੋਤਿ ਨਾਲ ਰੌਸ਼ਨ ਹੁੰਦਾ ਹੈ। ਇਸ ਦਾ ਹੱਲ ਕਰਦਿਆਂ ਹੋਇਆਂ ਯਾਗਵਲਕਯ ਨੇ ਦੱਸਿਆ ਕਿ ਇਹ ਉਸ ਸਮੇਂ ਅਗਨੀ ਦੀ ਜੋਤਿ ਨਾਲ ਮਘਦਾ ਹੈ ਅਤੇ ਉਹ ਹੀ ਕਿਰਿਆਵਾਂ ਕਰਦਾ ਹੈ ਜਿਨ੍ਹਾਂ ਦਾ ਉਲੇਖ ਉਹ ਪਹਿਲਾਂ ਕਰ ਚੁਕੇ ਸਨ।

ਜਨਕ ਨੂੰ ਵੀ ਗੱਲ 'ਚੋਂ ਗੱਲ ਕੱਢਣੀ ਆਉਂਦੀ ਸੀ। ਪੁੱਛਿਆ, ''ਕਦੀਂ ਅਜਿਹਾ ਹੁੰਦਾ ਹੈ ਕਿ ਆਦਿਤਯ ਵੀ ਡੁੱਬਿਆ ਹੋਇਆ ਹੁੰਦਾ ਹੈ। ਚੰਦ੍ਰਮਾ ਵੀ ਉਹਲੇ ਰਹਿੰਦੇ ਹੈ ਅਤੇ ਅਗਨੀ ਵੀ ਮਘਦੀ ਨਹੀਂ। ਉਹ ਵੀ ਸ਼ਾਂਤ ਪਈ ਰਹਿੰਦੀ ਹੈ। ਉਸ ਸਮੇਂ ਇਹ ਪ੍ਰਾਣ ਬ੍ਰਹਮ ਕਿਸ ਪ੍ਰਕਾਸ਼ ਨਾਲ ਰੌਸ਼ਨ ਹੁੰਦਾ ਹੈ?''

ਯਾਗਵਲਕਯ ਨੇ ਕਿਹਾ, ''ਬਾਣੀ ਨਾਲ। ਉਸ ਸਮੇਂ ਇਹ ਬਾਣੀ ਦੀ ਰੌਸ਼ਨੀ ਨਾਲ ਰੌਸ਼ਨ ਹੁੰਦਾ ਹੈ। ਉਸੇ ਵਿਚ ਸਥਿਤ ਹੁੰਦਾ ਹੈ। ਉਸੇ ਦੇ ਮਾਧਿਅਮ ਨਾਲ ਇਧਰ ਉਧਰ ਜਾਂਦਾ ਹੈ, ਕੰਮ ਕਰਦਾ ਹੈ ਅਤੇ ਵਾਪਿਸ ਆ ਜਾਂਦਾ ਹੈ।'' ਆਪਣੀ ਗੱਲ ਨੂੰ ਕੁਝ ਹੋਰ ਸਪਸ਼ਟ ਕਰਦੇ ਹੋਇਆਂ ਉਨ੍ਹਾਂ ਨੇ ਕਿਹਾ, ''ਇਹੀ ਕਾਰਣ ਹੈ ਕਿ ਜਿਥੇ ਸਾਡਾ ਹੱਥ ਨਹੀਂ ਜਾਂਦਾ ਉਥੇ ਵੀ ਸਾਡੀ ਆਵਾਜ਼ ਪਹੁੰਚ ਜਾਂਦੀ ਹੈ ਜਿਸ ਨੂੰ ਅਸੀਂ ਬੁਲਾਉਂਦੇ ਹਾਂ ਉਹ ਸਾਡੇ ਕੋਲ ਆ ਜਾਂਦਾ ਹੈ।

ਇਹ ਗੱਲ ਜਨਕ ਦੀ ਸਮਝ ਵਿਚ ਆ ਗਈ। ਪਰ ਫਿਰ ਸ਼ੰਕਾ ਨੇ ਸਿਰ ਉਠਾਇਆ, ''ਅਜਿਹੇ ਮੌਕੇ ਵੀ ਹੁੰਦੇ ਹਨ ਜਦੋਂ ਨਾ ਤਾਂ ਸੂਰਜ ਚੜ੍ਹਿਆ ਹੁੰਦਾ ਹੈ, ਨਾ ਚੰਦ੍ਰਮਾ, ਨਾ ਅੱਗ ਬਲੀ ਹੁੰਦੀ ਹੈ, ਨਾ ਮਨੁੱਖ ਬੋਲ ਰਿਹਾ ਹੁੰਦਾ ਹੈ। ਉਸ ਵੇਲੇ ਇਹ ਕਿਸ ਰੌਸ਼ਨੀ ਨਾਲ ਰੌਸ਼ਨ ਹੁੰਦਾ ਹੈ?

ਯਾਗਵਲਕਯ ਹੱਸੇ। ਕਿਹਾ, ''ਉਸ ਸਮੇਂ ਆਤਮਾ ਹੀ ਇਸ ਦੀ ਜੋਤਿ ਹੁੰਦੀ ਹੈ। ਉਸੇ ਰਾਹੀਂ ਇਹ ਸਥਿਤ ਹੁੰਦਾ ਹੈ, ਇਧਰ-ਉਧਰ ਦੌੜਦਾ ਹੈ, ਕਰਮ ਕਰਦਾ ਹੈ ਅਤੇ

ਫਿਰ ਵਾਪਸ ਆ ਜਾਂਦਾ ਹੈ।''

ਜਨਕ ਦੇ ਮੁਖ ਉਤੇ ਇਕ ਸੰਤੋਖ ਉਭਰ ਆਇਆ। ਹੁਣ ਪੂਰੀ ਗੱਲ ਉਨ੍ਹਾਂ ਦੀ ਸਮਝ ਵਿਚ ਆ ਗਈ ਸੀ ਸ਼ਾਇਦ। ਪ੍ਰਕਾਸ਼ ਵਿਚ ਜਿੰਨੇ ਵੀ ਮੂਰਤ ਅਤੇ ਅਮੂਰਤ ਰੂਪ ਹਨ ਉਹ ਸਾਰੇ ਉਸੇ ਪਰਮ ਪੁਰਖ ਦੇ ਰੂਪ ਹਨ। ਬ੍ਰਹਮਵਾਦੀਆਂ ਦਾ ਆਤਮ ਵਿਸ਼ਲੇਸ਼ਣ ਹੋਵੇ ਜਾਂ ਵਿਗਿਆਨਕਾਂ ਦਾ ਵਸਤੂ-ਵਿਸ਼ਲੇਸ਼ਣ, ਦੋਵੇਂ ਇਕ ਹੀ ਨੁਕਤੇ ਉਤੇ ਪਹੁੰਚਾਉਂਦੇ ਹਨ। ਊਸ਼ਮਾ (ਗਰਮੀ) ਹੀ ਜੀਵਨ ਹੈ। ਊਸ਼ਮਾ ਹੀ ਊਰਜਾ (ਸ਼ਕਤੀ) ਹੈ ਅਤੇ ਕ੍ਰਿਆ ਹੈ। ਇਹੀ ਅੰਨਾਂ, ਬਨਸਪਤੀਆਂ, ਪ੍ਰਾਣੀਆਂ, ਸਾਰਿਆਂ ਵਿਚ ਪ੍ਰਗਟ ਅਤੇ ਵਿਦਮਾਨ ਹੈ ਅਤੇ ਇਸਦਾ ਰੂਪ ਭਾਵੇਂ ਬਦਲੇ, ਵਖ-ਵਖ ਰੂਪਾਂ ਵਿਚ ਇਹ ਭਿੰਨ-ਭਿੰਨ ਕ੍ਰਿਆਵਾਂ ਭਾਵੇਂ ਕਰੇ, ਪਰ ਉਹ ਘਟ ਨਹੀਂ ਹੁੰਦੀ। ਨਸ਼ਟ ਨਹੀਂ ਹੁੰਦੀ। ਵਾਰ ਵਾਰ ਮੁੜ ਆਉਂਦੀ ਹੈ। ਜਨਕ ਨੂੰ ਲੱਗਿਆ ਹੁਣ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਗਈ। ਅੱਜ ਜਿੰਨਾ ਜਾਣਨਾ ਸੀ ਉਨ੍ਹਾਂ ਨੇ ਜਾਣ ਲਿਆ। ਪਰ ਉਹ ਬ੍ਰਹਮਵਾਦੀ ਕੀ ਜੋ ਵਿਚਾਰਾਂ ਦੇ ਇਕ ਚਮਚੇ ਨਾਲ ਸੰਤੁਸ਼ਟ ਹੋ ਜਾਏ। ਹੁਣ ਬ੍ਰਹਮਵਾਦ ਦਾ ਘੁੱਟ ਪੀ ਹੀ ਲਿਆ ਤਾਂ ਅਗੇ ਪ੍ਰਸ਼ਨ ਤਾਂ ਹੋਣਾ ਹੀ ਸੀ। ਜਨਕ ਨੇ ਪੁੱਛਿਆ, ''ਇਹ ਆਤਮਾ ਕੌਣ ਹੈ?''

ਯਾਗਵਲਕਯ ਜਿਵੇਂ ਇਸੇ ਸਵਾਲ ਦੀ ਉਡੀਕ ਕਰ ਰਹੇ ਸਨ। ਬੋਲੇ, ''ਸਾਡੇ ਪ੍ਰਾਣਾਂ ਵਿਚ, ਸਾਡੀਆਂ ਮਨੋਵ੍ਰਿੱਤੀਆਂ ਅਤੇ ਵਿਚਾਰਾਂ ਦੇ ਰੂਪ ਵਿਚ ਸਥਿਤ ਇਕ ਵਿਗਿਆਨਮਈ ਪੁਰਸ਼ ਹੈ। ਇਹ ਉਨ੍ਹਾਂ ਨਾਲ ਇਕ-ਰੂਪ ਹੋ ਕੇ ਇਸ ਲੋਕ ਅਤੇ ਪਰਲੋਕ ਦੋਹਾਂ ਵਿਚ ਸੰਸਾਰ ਕਰਦਾ ਹੈ ਅਤੇ ਉਨ੍ਹਾਂ ਅਨੁਸਾਰ ਕ੍ਰਿਆਸ਼ੀਲ ਹੁੰਦਾ ਹੈ। ਸੁਪਨਾ ਬਣ ਕੇ ਇਹ ਆਪਣੀਆਂ ਇੰਦ੍ਰੀਆਂ ਦੀਆਂ ਸੀਮਾਵਾਂ ਦਾ ਅਤੇ ਮੌਤ ਦੇ ਰੂਪਾਂ ਦਾ ਉਲੰਘਣ ਕਰਦਾ ਹੈ – **ਸਃ ਸਮਾਨਃ ਸਨ ਉਭੌ ਲੋਕੌ ਅਨੁ ਸੰਚਰਤਿ ਧਯਾਯਤਿ ਇਵ ਲੇਲਾਯਤਿ ਇਵ ਸ ਹਿ ਸਵਪਨੋ ਭੂਤਵਾ ਇਮੰ ਲੋਕੰ ਅਤਿਕ੍ਰਾਮਤਿ ਮ੍ਰਿਤਯੋ ਰੂਪਾਣਿ।''**

ਜਨਕ ਯਾਗਵਲਕਯ ਦੇ ਇਸ ਉਪਦੇਸ਼ ਵਿਚ ਗੁਆਚ ਗਏ। ਉਹ ਆਪ ਆਤਮ ਰੂਪ ਹੋ ਕੇ ਪਤਾ ਨਹੀਂ ਕਿਥੇ ਕਿਥੇ ਵਿਚਰਨ ਲਗੇ ਸਨ। ਉਨ੍ਹਾਂ ਨੂੰ ਯਾਗਵਲਕਯ ਦੇ ਵਾਕ ਦੂਰੋਂ ਆਉਂਦੇ ਕਿਸੇ ਗੰਭੀਰ ਧੁਨੀਆਂ ਵਾਲੇ ਸੰਗੀਤ ਵਾਂਗੂ ਸੁਣਾਈ ਦੇ ਰਹੇ ਸਨ।

ਯਾਗਵਲਕਯ ਬੋਲਦੇ ਜਾ ਰਹੇ ਸਨ, ''ਇਹ ਪੁਰਸ਼ ਜਨਮ ਧਾਰਣ ਕਰਦੇ ਵੇਲੇ ਆਪਣੇ ਸਰੀਰ ਨਾਲ ਆਪਣੀ ਸਦ੍ਰਿਸ਼ਤਾ ਸਥਾਪਿਤ ਕਰ ਲੈਂਦਾ ਹੈ। ਅਭੇਦ ਪੈਦਾ ਹੋ ਜਾਂਦਾ ਹੈ, ਸਰੀਰ ਅਤੇ ਆਤਮਾ ਵਿਚ। ਮਰਨ ਵੇਲੇ ਇਹ ਇਸ ਸਰੀਰ ਦੇ ਅਰਜਿਤ ਪਾਪਾਂ ਨੂੰ ਵੀ ਤਿਆਗ ਦਿੰਦਾ ਹੈ – **ਮ੍ਰਿਯਮਾਣਃ ਪਾਪਮਨੋ ਵਿਜਹਾਤਿ।''**

ਯਾਗਵਲਕਯ ਆਤਮ-ਮੁਗਧ ਸਨ। ਜਿਵੇਂ ਸੰਗੀਤ ਦਾ ਸੁਰ ਆਪਣੇ ਹੀ ਕੰਠ ਤੋਂ ਫੁਟਣ 'ਤੇ ਵੀ ਆਪੇ ਹੀ ਕੰਨਾਂ ਨੂੰ ਸਭ ਤੋਂ ਜ਼ਿਆਦਾ ਮੋਹਕ ਵੀ ਪ੍ਰਤੀਤ ਹੁੰਦਾ ਹੈ, ਕੁਝ ਉਸੇ ਤਰ੍ਹਾਂ ਉਨ੍ਹਾਂ ਦੇ ਆਪਣੇ ਹੀ ਵਾਕ ਉਨ੍ਹਾਂ ਨੂੰ ਸੰਮੋਹਨ (ਕੀਲਣ) ਦੀ ਅਵਸਥਾ ਵਿਚ ਪਹੁੰਚਾ ਰਹੇ ਸਨ। ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੀ ਨਹੀਂ ਸੀ ਕਿ ਕੋਈ ਉਨ੍ਹਾਂ ਦੇ ਪ੍ਰਵਚਨ ਨੂੰ ਸੁਣ ਵੀ ਰਿਹਾ ਹੈ ਜਾਂ ਨਹੀਂ ਤੇ ਜੇ ਸੁਣ ਰਿਹਾ ਹੈ ਤਾਂ ਉਕਤਾ ਤਾਂ ਨਹੀਂ ਰਿਹਾ, ''ਇਸ ਪੁਰਸ਼ ਦੀਆਂ ਦੋ ਹੀ ਥਾਵਾਂ ਹਨ। ਇਹ ਲੋਕ ਅਤੇ ਪਰਲੋਕ। ਇਨ੍ਹਾਂ ਦੋਹਾਂ ਵਿਚਕਾਰ ਤੀਜਾ ਸਥਾਨ ਹੈ, ਸੁਪਨੇ ਦਾ। ਇਹ ਦੋਹਾਂ ਦੇ ਮੇਲ ਦਾ ਬਿੰਦੂ ਹੈ। ਇਸ ਵਿਚ

ਮਨੁੱਖ ਇਸ ਲੋਕ ਨੂੰ ਤਾਂ ਦੇਖਦਾ ਹੀ ਹੈ, ਨਾਲ ਹੀ ਨਾਲ, ਪਰਲੋਕ ਨੂੰ ਵੀ ਦੇਖਦਾ ਹੈ। ਇਸ ਵਿਚ ਉਹ ਇਹ ਲੌਕਿਕ ਦੁੱਖ ਅਤੇ ਪਰਲੌਕਿਕ ਆਨੰਦ ਦੋਹਾਂ ਦਾ ਅਨੁਭਵ ਕਰਦਾ ਹੈ। ਸੌਣ ਵੇਲੇ ਇਹ ਆਤਮਾ ਆਪ ਇਸ ਸਥੂਲ ਸਰੀਰ ਨੂੰ ਅਚੇਤ ਕਰਕੇ, ਆਪ ਆਪਣੀਆਂ ਲਾਲਸਾਵਾਂ ਦਾ ਇਕ ਸਰੀਰ ਰਚ ਕੇ ਆਪਣੇ ਹੀ ਪ੍ਰਕਾਸ਼ ਵਿਚ ਸੌਂਦਾ ਹੈ ਅਤੇ ਇਸ ਅਵਸਥਾ ਵਿਚ ਉਹ ਆਪ ਜੋਤਿ ਸਰੂਪ ਹੋ ਜਾਂਦਾ ਹੈ।

''ਉਸ ਅਵਸਥਾ ਵਿਚ ਨਾ ਰਥ ਰਹਿੰਦਾ ਹੈ, ਨਾ ਰਥ ਵਿਚ ਜੁਤੇ ਜਾਣ ਵਾਲੇ ਘੋੜੇ, ਨਾ ਜਾਣ ਯੋਗ ਮਾਰਗ। ਉਹ ਆਪ ਇਨ੍ਹਾਂ ਦੀ ਰਚਨਾ ਕਰ ਲੈਂਦਾ ਹੈ। ਉਸ ਅਵਸਥਾ ਵਿਚ ਨਾ ਆਨੰਦ ਹੁੰਦਾ ਹੈ। ਨਾ ਹਰਖ, ਨਾ ਖੁਸ਼ੀ। ਉਹ ਆਪ ਇਨ੍ਹਾਂ ਦੀ ਰਚਨਾ ਕਰ ਲੈਂਦਾ ਹੈ। ਉਹ ਪ੍ਰਕ੍ਰਿਤੀ ਦੇ ਅਨੇਕ ਪ੍ਰਕਾਰ ਦੇ ਸਥਲਾਂ, ਦ੍ਰਿਸ਼ਾਂ ਅਵਸਥਾਵਾਂ ਦੀ, ਨਦੀਆਂ, ਸਰੋਵਰਾਂ, ਪਰਬਤਾਂ, ਬਾਗ਼ਾਂ ਤੇ ਬਨਾਂ ਦੀ ਰਚਨਾ ਕਰ ਲੈਂਦਾ ਹੈ। ਉਹੀ ਇਨ੍ਹਾਂ ਸਾਰਿਆਂ ਦਾ ਰਚੈਤਾ ਅਤੇ ਕਰਤਾ ਹੈ। ਅਤੇ ਫਿਰ ਉਹ ਝੂਮਦੇ ਹੋਏ ਇਕ ਸ਼ਲੋਕ ਗਾਉਣ ਲਗੇ। ਪਤਾ ਨਹੀਂ ਉਨ੍ਹਾਂ ਨੇ ਇਹ ਕਿਧਰੇ ਪੜ੍ਹਿਆ ਸੀ, ਸੁਣਿਆਂ ਸੀ ਜਾਂ ਆਪ ਰਚਿਆ ਸੀ ਜਾਂ ਉਸੇ ਵੇਲੇ ਰਚਿਆ ਸੀ ਜਾਂ ਪਹਿਲਾਂ ਕਦੀਂ ਰਚਿਆ ਸੀ –

**ਸਵਪਨੇਨ ਸਰੀਰੰ ਅਭਿ ਪ੍ਰਹਤਯ ਆ ਸੁਪਤਃ ਸੁਪਤਾਨ ਅਭਿਚਾਕਸ਼ੀਤਿ।**

**ਸੁਕ੍ਰੰ ਆਦਾਯ ਪੁਨਰੈਤਿ ਸ੍ਥਾਨੰ ਹਿਰਣਮਯੰ ਪੁਰਸ਼ਃ ਏਕ ਹੰਸਃ।**

ਯਾਗਵਲਕਯ ਨੇ ਏਨੀ ਦੇਰ ਬਾਅਦ ਉਤਰ ਦਿੱਤਾ ਸੀ ਉਸ ਪ੍ਰਸ਼ਨ ਦਾ। ਅਜੇ ਤਕ ਉਸਦੀ ਭੂਮਿਕਾ ਦੱਸਦੇ ਆ ਰਹੇ ਸਨ। ਵਰਣਨ ਕਰਦੇ ਆ ਰਹੇ ਸਨ। ਹੁਣ ਸਪਸ਼ਟ ਵਿਆਖਿਆ ਕਰ ਰਹੇ ਸਨ, 'ਮਰਨ ਉਪਰੰਤ ਤੂੰ ਕਿਧਰੇ ਨਹੀਂ ਜਾਏਂਗਾ, ਜਨਕ। ਜਾਣ ਵਾਲਾ ਅਤੇ ਆਉਣ ਵਾਲਾ ਤਾਂ ਇਕ ਉਹੀ ਹੈ।' ਉਹੀ ਹੈ ਇਕ ਮਾਤਰ ਹੰਸ। ਉਹ ਜੋ ਨੀਂਦ ਰਾਹੀਂ ਸਰੀਰ ਨੂੰ ਕ੍ਰਿਆ ਰਹਿਤ ਕਰਕੇ ਆਪ ਜਾਗਦਾ ਰਹਿੰਦਾ ਹੈ ਅਤੇ ਸਾਰੇ ਜੜ ਚੇਤਨ ਜਗਤ ਨੂੰ ਪ੍ਰਕਾਸ਼ਿਤ ਕਰੀ ਰਖਦਾ ਹੈ ਅਤੇ ਫਿਰ ਇੰਦ੍ਰੀ-ਬੱਧ ਹੋ ਕੇ ਜਾਗ੍ਰਿਤ ਅਵਸਥਾ ਵਿਚ ਆਉਂਦਾ ਹੈ।

''ਇਹ ਸਰੀਰ ਉਸਦਾ ਆਲ੍ਹਣਾ ਹੈ। ਉਸਦੇ ਵਤਨ ਦੀ ਥਾਂ। ਆਪਣੀ ਮੌਜੂਦਗੀ ਨਾਲ ਉਹ ਇਸ ਦੀ ਰਖਿਆ ਕਰਦਾ ਹੈ। ਜੇ ਉਹ ਨਾ ਰਹੇ ਤਾਂ ਇਹ ਗਲ-ਸੜ ਜਾਏਗਾ। ਉਸਦੇ ਉਡਦੇ ਹੀ ਇਹ ਨਸ਼ਟ ਹੋਣ ਲਗਦਾ ਹੈ। ਉਹ ਇਕੱਲਾ ਅੰਮ੍ਰਿਤ ਹਿਰਣਮਯ ਪੁਰਸ਼ ਹੈ, ਅਤੇ ਉਹ ਉਡ ਕੇ ਉਥੇ ਜਾਂਦਾ ਹੈ ਜਿਥੇ ਵਾਸਨਾ ਹੁੰਦੀ ਹੈ। ਉਹੀ ਸੁਪਨੇ ਵਿਚ ਅਨੇਕਾਂ ਰੂਪਾਂ ਵਿਚ ਵਿਲਾਸ ਕਰਦਾ, ਖੁਸ਼ੀਆਂ ਮਾਣਦਾ, ਡਰਦਾ, ਹੱਸਦਾ ਅਤੇ ਰੋਂਦਾ ਹੈ ਅਤੇ ਇਸ ਤਰ੍ਹਾਂ ਆਪਣੇ ਹੀ ਦੁਆਰਾ ਰਚੇ ਸੰਸਾਰ ਦਾ ਭੋਗੀ ਬਣਿਆਂ ਰਹਿੰਦਾ ਹੈ।''

ਇਥੇ ਆ ਕੇ ਯਾਗਵਲਕਯ ਨੂੰ ਉਨ੍ਹਾਂ ਮਨੋ-ਵਿਗਿਆਨੀਆਂ ਦੇ ਵਿਚਾਰਾਂ ਦਾ ਧਿਆਨ ਆਇਆ ਜੋ ਮੰਨਦੇ ਹਨ ਕਿ ਸੁਪਨੇ ਵਿਚ ਮਨੁੱਖ ਜਿਸ ਸੰਸਾਰ ਨੂੰ ਦੇਖਦਾ ਹੈ ਉਹ ਜਾਗ੍ਰਿਤ ਜੀਵਨ ਦੇ ਅਨੁਭਵਗਤ ਸੰਸਾਰ ਦਾ ਹੀ ਰੂਪਾਂਤਰ ਹੈ ਕਿਉਂਕਿ ਇਸ ਵਿਚ ਮਨੁੱਖ ਅਜਿਹਾ ਕੁਝ ਨਹੀਂ ਦੇਖਦਾ ਜਿਸ ਨੂੰ ਬਾਹਰਲੇ ਜਗਤ ਵਿਚ ਨਾ ਦੇਖਦਾ ਹੋਵੇ। **'ਅਥ ਉ ਖਲੁ ਆਹੁਃ ਜਾਗਰਿਤ ਦੇਸ਼ ਏਵ ਅਸਯ ਏਸ਼ ਇਤਿ ਯਾਨਿ ਹਿ ਏਵ ਜਾਗ੍ਰਤ**

ਪਸ਼ਯਤਿ। ਉਹ ਆਪ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ, ਇਸ ਲਈ ਇਸਦਾ ਪ੍ਰਤਿਪਾਦਨ ਕਰਕੇ ਕਿਹਾ ਕਿ, "ਅਜਿਹਾ ਸੋਚਣਾ ਗ਼ਲਤ ਹੈ। ਕਾਰਣ ਇਸ ਅਵਸਥਾ ਵਿਚ ਉਹ ਪੁਰਸ਼ ਸਰਵ-ਜੋਤਿ ਹੋ ਜਾਂਦਾ ਹੈ। ਜਾਗ੍ਰਿਤ ਅਵਸਥਾ ਵਿਚ ਦਿਖਾਈ ਦੇਣ ਵਾਲੇ। ਸੰਸਾਰ ਵਿਚ ਜੋ ਗੱਲਾਂ ਇਕੱਠੀਆਂ ਨਹੀਂ ਦਿਖਾਈ ਦਿੰਦੀਆਂ, ਉਹ ਵੀ ਇਸ ਵਿਚ ਦਿਖਾਈ ਦਿੰਦੀਆਂ ਹਨ। ਜਿਸ ਕ੍ਰਮ ਅਤੇ ਪ੍ਰਸੰਗ ਅਤੇ ਅਨੁਪਾਤ ਵਿਚ ਦਿਖਾਈ ਦਿੰਦੀਆਂ ਹਨ ਉਨ੍ਹਾਂ ਤੋਂ ਭਿੰਨ ਰੂਪ ਵਿਚ, ਇਸ ਪੁਰਸ਼ ਦੀ ਕਾਮਨਾ ਦੇ ਅਨੁਸਾਰ ਦਿਖਾਈ ਦਿੰਦੀਆਂ ਹਨ। ਉਹ ਜੋ ਵੀ ਚਾਹੁੰਦਾ ਹੈ ਦੇਖ ਲੈਂਦਾ ਹੈ। ਅਜਿਹਾ ਜਾਗ੍ਰਿਤ ਅਨੁਭਵ ਵਿਚ ਸੰਭਵ ਨਹੀਂ।"

ਜਨਕ ਕਿਤਾਰਥ ਸਨ। ਜਾਂ ਤਾਂ ਉਨ੍ਹਾਂ ਨੇ ਕੁਸ਼ ਦੇ ਆਸਣ ਤੋਂ ਉਠਦਿਆਂ ਜਲਦੀ ਜਲਦੀ ਇਕ ਹਜ਼ਾਰ ਮੁਦ੍ਰਾਵਾਂ ਪਿੱਠ ਉਤੇ ਲੱਦ ਲਈਆਂ ਸਨ ਅਤੇ ਕਿਰਤਾਰਥਤਾ ਦੇ ਪ੍ਰਮਾਣ ਵਜੋਂ ਉਨ੍ਹਾਂ ਨੂੰ ਯਾਗਵਲਕਯ ਦੇ ਸਾਹਮਣੇ ਕਰ ਦਿੱਤਾ, ਜਾਂ ਉਨ੍ਹਾਂ ਨੇ ਮੌਖਿਕ ਰੂਪ ਵਿਚ ਦੱਸ ਦਿੱਤਾ ਕਿ ਇਕ ਹਜ਼ਾਰ ਮੁਦ੍ਰਾਵਾਂ ਉਹ ਯਾਗਵਲਕਯ ਨੂੰ ਦਿੰਦੇ ਹਨ। ਮੁਦ੍ਰਾਵਾਂ ਸੋਨੇ ਦੀਆਂ ਸਨ ਜਾਂ ਚਾਂਦੀ ਦੀਆਂ ਜਾ ਫਿਰ ਤਾਂਬੇ ਦੀਆਂ ਇਹ ਪਤਾ ਲਗਾਉਣਾ ਸੰਭਵ ਨਹੀਂ ਹੈ। ਇਹ ਵੀ ਨਹੀਂ ਸਮਝ ਆਉਂਦਾ ਕਿ ਕੁਝ ਦੇਰ ਪਹਿਲਾਂ ਜਦੋਂ ਉਹ ਆਪਣੇ ਆਪ ਨੂੰ ਅਤੇ ਆਪਣੇ ਪੂਰੇ ਰਾਜ ਨੂੰ ਯਾਗਵਲਕਯ ਦੇ ਅਧੀਨ ਕਰ ਹੀ ਚੁਕੇ ਸਨ ਤਾਂ ਏਨੀ ਛੋਟੀ ਰਕਮ ਅਲੱਗ ਦੇਣ ਦੀ ਲੋੜ ਕਿਉਂ ਸਮਝੀ। ਉਹ ਆਪਣਾ ਪਿਛਲਾ ਵਚਨ ਇਸ ਵੇਲੇ ਤਕ ਜ਼ਰੂਰ ਭੁਲ ਚੁਕੇ ਹੋਣਗੇ।

ਯਾਗਵਲਕਯ ਨੇ ਆਪ ਵੀ ਉਧਰ ਧਿਆਨ ਨਹੀਂ ਦਿੱਤਾ। ਇਸ ਵੇਲੇ ਤਾਂ ਉਹ ਉਸ ਦਸ਼ਾ ਵਿਚ ਚਲੇ ਗਏ ਜਿਸ ਵਿਚ ਵਿਚਾਰ ਸੌਂਦਰਯ ਵਿਚ ਬਦਲ ਜਾਂਦਾ ਅਤੇ ਇਸ ਨੂੰ ਬਿਆਨ ਕਰਕੇ ਦੂਜਿਆਂ ਨੂੰ ਦਿਖਾਉਣ ਦੀ ਹੀ ਨਹੀਂ, ਆਪ ਵੀ ਦੇਖਣ ਦੀ ਲਾਲਸਾ ਵਿਆਕੁਲਤਾ ਦਾ ਰੂਪ ਲੈ ਲੈਂਦੀ ਹੈ। ਜੇ ਜਨਕ ਉਨ੍ਹਾਂ ਦੇ ਪ੍ਰਵਚਨ ਨੂੰ ਸੁਣਨ ਦੇ ਬਦਲੇ ਉਨ੍ਹਾਂ ਨੂੰ ਕਹਿੰਦੇ ਕਿ ਹੁਣ ਤਕ ਕਿਸ਼ਤਾਂ ਵਿਚ ਆਪ ਪਾਸ ਜਿਹੜਾ ਖ਼ਜ਼ਾਨਾ ਪਹੁੰਚਦਾ ਰਿਹਾ ਹੈ ਉਹ ਸਾਰਾ ਮੇਰੇ ਹਵਾਲੇ ਕਰ ਦਿਉ ਤਾਂ ਮੈਂ ਆਪਦੀ ਗੱਲ ਸੁਣਾਂਗਾ ਤਾਂ ਉਹ ਇਸ ਲਈ ਵੀ ਤਿਆਰ ਹੋ ਜਾਂਦੇ। ਇਸ ਲਈ ਸਿੱਕਿਆ ਦਾ ਛਣਕਣਾ ਜੇ ਉਨ੍ਹਾਂ ਦੇ ਕੰਨ ਵਿਚ ਪਿਆ ਵੀ ਹੋਵੇਗਾ ਤਾਂ ਇਹ ਅਸੁਖਾਵੇਂ ਸੰਗੀਤ ਵਰਗਾ ਹੀ ਲੱਗਾ ਹੋਵੇਗਾ। 'ਸੁਪਨਾ' ਸ਼ਬਦ ਵਿਚ ਹੀ ਕੁਝ ਇਹੋ ਜਿਹਾ 'ਸੰਮੋਹਨ' ਹੈ, ਦੁਨੀਆ ਵਿਚ ਮਾਨਵ ਹੋਂਦ ਨੂੰ ਸਮਝਣ ਲਈ ਉਸ ਸਮੇਂ ਦੇ ਤੱਤ-ਗਿਆਨੀਆਂ ਨੂੰ ਇਹ ਏਨਾ ਵੱਡਾ ਸੂਤਰ ਮਿਲਿਆ ਸੀ ਕਿ ਇਸ ਦਾ ਪ੍ਰਸੰਗ ਆਉਂਦੇ ਹੀ ਯਾਗਵਲਕਯ ਜਿਵੇਂ ਸਵੈ-ਰਚਿਤ ਵਿਚਾਰਾਂ ਦੇ ਇਕ ਰਹੱਸਲੋਕ ਵਿਚ ਚਲੇ ਗਏ ਸਨ। ਜਿਸ ਵਿਚ ਜੋ ਕੁਝ ਦਿਸ ਰਿਹਾ ਸੀ ਉਹ ਜਾਗ੍ਰਿਤ ਵਿਚਾਰਾਂ ਤੋਂ ਜ਼ਿਆਦਾ ਡੂੰਘਾ ਅਤੇ ਸਮਰਥਕ ਪ੍ਰਤੀਤ ਹੋ ਰਿਹਾ ਸੀ। ਇਸ ਦੀ ਤੁਲਨਾ ਵਿਚ ਜੋ ਜਾਗ੍ਰਿਤ ਜੀਵਨ ਨੂੰ ਖੁਦ ਇਕ ਆਧਾਰਿਤ ਸੁਪਨਾ ਕਿਹਾ ਜਾ ਸਕਦਾ ਸੀ। ਉਹ ਉਧਰ ਨਜ਼ਰ ਘੁਮਾਏ ਬਗ਼ੈਰ ਹੀ ਕਹਿੰਦੇ ਰਹੇ, "ਸੁਪਨੇ ਵਿਚ ਇਹ ਆਤਮਾ ਜੋ ਕੁਝ ਵੀ ਦੇਖਦਾ ਯਾ ਭੋਗਦਾ ਹੈ ਉਸਦਾ ਕੁਝ ਵੀ ਲੈ ਕੇ ਬਾਹਰ ਨਹੀਂ ਆਉਂਦਾ। ਉਹ ਉਸਦਾ ਸਭ ਕੁਝ ਛੱਡ ਕੇ, ਸਭ ਕੁਝ ਤੋਂ ਨਿਰਲਿਪਤ ਅਤੇ ਅਪ੍ਰਭਾਵਿਤ ਹੋਇਆ ਉਹ ਜਾਗ੍ਰਿਤ

ਅਵਸਥਾ ਵਿਚ ਮੁੜਦਾ ਹੈ।''

ਯਾਗਵਲਕਯ ਨੂੰ ਅਵਿਚਲਿਤ ਦੇਖ ਕੇ ਜਨਕ ਨੇ ਫਿਰ ਇਕ ਹਜ਼ਾਰ ਸਿੱਕੇ ਭੇਂਟ ਕੀਤੇ, ''ਇਸ ਲਈ ਮੈਂ ਆਪ ਨੂੰ ਇਕ ਹਜ਼ਾਰ ਸਿੱਕੇ ਹੋਰ ਦਿੰਦਾ ਹਾਂ।'' ਸੰਭਵ ਹੈ ਜਨਕ ਨੂੰ ਆਪਣੇ ਸਿੱਕੇ ਵੀ ਭਰਮ ਪ੍ਰਤੀਤ ਹੋਣ ਲਗੇ ਹੋਣ।

ਯਾਗਵਲਕਯ ਵਿਚਾਰਾਂ ਵਿਚ ਡੁੱਬੀ ਅਵਸਥਾ ਵਿਚ ਬੋਲਦੇ ਜਾ ਰਹੇ ਸਨ। ਜਦੋਂ ਉਨ੍ਹਾਂ ਨੇ ਨਦੀ ਦੀ ਧਾਰਾ ਵਿਚ ਫਸੀ ਵੇਲ ਮੱਛਲੀ ਦੀ ਉਪਮਾ ਸੋਚੀ ਸੀ, ''ਜਿਵੇਂ ਕੋਈ ਵੱਡਾ ਮੱਛ ਕਿਸੇ ਨਦੀ ਵਿਚ ਸਮਾ ਨਾ ਸਕਣ ਕਾਰਣ ਇਕੋ ਵੇਲੇ ਉਸਦੇ ਦੋਹਾਂ ਕੰਢਿਆਂ ਨੂੰ ਕ੍ਰਮਵਾਰ ਰਗੜਦਾ ਜਾ ਰਿਹਾ ਹੋਵੇ ਉਸੇ ਤਰ੍ਹਾਂ ਇਹ ਆਤਮਾ, ਇਹ ਪੁਰਸ਼ ਸੁਪਨ-ਲੀਨਤਾ ਅਤੇ ਪ੍ਰਬੁੱਧਤਾ ਦੋਹਾਂ ਹਾਲਤਾਂ ਵਿਚ ਕ੍ਰਮਵਾਰ ਸੰਚਾਰ ਕਰਦਾ ਰਹਿੰਦਾ ਹੈ – **ਏਤੌ ਓਮੇ ਅੰਤੌ ਅਨੁਸੰਚਰਤਿ ਸਵਪਨਾਂਤੰ ਚ ਬੁਦਧਾਂਤੰ ਚ।**

ਜਿਸ ਤਰ੍ਹਾਂ ਕੋਈ ਬਾਜ਼ ਜਾਂ ਗਰੁੜ ਆਕਾਸ਼ ਵਿਚ ਚਾਰੇ ਪਾਸੇ ਉਡਦੇ ਰਹਿਣ ਤੋਂ ਬਾਅਦ ਅੰਤ ਵਿਚ ਆਪਣੇ ਆਲ੍ਹਣੇ ਵਲ ਮੁੜਦਾ ਹੈ, ਉਸੇ ਤਰ੍ਹਾਂ ਇਹ ਪੁਰਸ਼ ਉਸ ਅਵਸਥਾ ਵਲ ਮੁੜਦਾ ਹੈ ਜਿਸ ਵਿਚ ਸੌਣ ਤੇ ਨਾ ਕੋਈ ਕਾਮਨਾ ਰਹਿ ਜਾਂਦੀ ਹੈ, ਨਾ ਸੁਪਨਾ ਦਿਖਾਈ ਦਿੰਦਾ ਹੈ – **ਯਤ੍ਰ ਸੁਪਤੋ ਨ ਕੰਚਨ ਕਾਮੰ ਕਾਮਯਤੇ, ਨ ਕੰਚਨ ਸਵਪਨੰ ਪਸ਼ਯਤਿ।''**

ਉਹ ਮੁੜ ਉਸੇ ਵਿਸ਼ੇ 'ਤੇ ਆ ਗਏ ਜਿਸਦਾ ਵਿਵੇਚਨ ਕੁਝ ਦੇਰ ਪਹਿਲਾਂ ਕੀਤਾ ਸੀ, ''ਜਿਵੇਂ ਸਿਰ ਦੇ ਕੇਸ ਹੁੰਦੇ ਹਨ ਉਵੇਂ ਹੀ ਉਸ ਦੀਆਂ 'ਹਿਤਾ' ਨਾਂ ਦੀਆਂ ਨਾੜੀਆਂ ਹਜ਼ਾਰਾਂ ਸੂਖਮ ਸ਼ਾਖਾਵਾਂ ਵਿਚ ਵੰਡੀ ਕੇ ਦੌੜਦੀਆਂ ਹਨ ਜਿਨ੍ਹਾਂ ਵਿਚ ਸਫ਼ੈਦ, ਨੀਲੇ, ਨੀਲੇ-ਲਾਲ ਅਤੇ ਲਾਲ ਰੰਗ ਦੇ ਰਸ ਭਰੇ ਰਹਿੰਦੇ ਹਨ ਅਤੇ ਜੀਵਨ ਦਾ ਸੰਚਾਲਨ ਕਰਦੇ ਹਨ। ਉਹ ਪੁਰਸ਼ ਜਾਗ੍ਰਿਤ ਅਵਸਥਾ ਵਿਚ ਜੋ ਕੌੜੇ ਅਨੁਭਵ ਹੁੰਦੇ ਹਨ ਉਨ੍ਹਾਂ ਤੋਂ ਮੁਕਤ ਹੋ ਕੇ ਇਸ ਸੁਪਨ ਅਵਸਥਾ ਵਿਚ ਜਾਗ੍ਰਿਤ ਅਵਸਥਾ ਨੂੰ ਸੁਪਨਮਈ ਮੰਨਦਾ ਹੋਇਆ ਅਗਿਆਨ ਤੋਂ ਪੈਦਾ ਹੋਏ ਮੰਨ ਕੇ ਆਪਣੇ ਸਵੈ-ਨਿਰਮਿਤ ਸੰਸਾਰ ਵਿਚ ਆਪ ਦੇਵਤੇ ਵਾਂਗ ਰਾਜੇ ਦੀ ਤਰ੍ਹਾਂ ਵਿਚਰਦਾ ਹੈ ਅਤੇ ਇਹ ਮੰਨਦਾ ਹੈ ਕਿ ਇਹ ਸਭ ਉਹ ਆਪ ਹੀ ਹੈ। ਉਹੀ ਇਸ ਆਤਮਾ ਦਾ ਪਰਮਲੋਕ ਹੈ – **''ਯਦਧ ਦੇਵ ਇਵ, ਰਾਜਾ ਇਵ, ਅਹੰ ਏਵ ਇਦੰ ਸਰਵੋ ਅਸਿਮ ਇਤਿ ਮਨਯਤੇ ਸੋ ਅਸਯ ਪਰਮੋ ਲੋਕਃ।''**

ਜਿਵੇਂ ਪ੍ਰੇਮਿਕਾ ਨਾਲ ਗਲਵਕੜੀ ਪਾਣ 'ਤੇ ਮਨੁੱਖ ਨੂੰ ਨਾ ਬਾਹਿਰ ਦਾ ਧਿਆਨ ਰਹਿੰਦਾ ਹੈ, ਨਾ ਅੰਦਰ ਦਾ, ਉਸੇ ਤਰ੍ਹਾਂ ਇਹ ਮਨੁੱਖ 'ਪ੍ਰਗਿਆਤਮਾ' ਨਾਲ ਇਕਸੁਰ ਹੁੰਦਾ ਹੈ ਤਾਂ ਨਾ ਤਾਂ ਉਸ ਨੂੰ ਅੰਦਰ ਦਾ ਧਿਆਨ ਰਹਿੰਦਾ ਹੈ, ਨਾ ਬਾਹਰ ਦਾ। ਉਹ ਪੂਰਣ-ਕਾਮ, ਅਕਾਮ ਅਤੇ ਸ਼ੋਕ ਸੁੰਨਾ ਰੂਪ ਹੈ। ਇਹ ਇਕ ਅਜਿਹੀ ਸੁਖੁਪਤੀ ਹੈ ਜਿਸ ਵਿਚ ਪਿਤਾ ਪਿਤਾ ਨਹੀਂ ਰਹਿੰਦਾ, ਮਾਤਾ ਮਾਤਾ ਨਹੀਂ ਰਹਿੰਦੀ, ਲੋਕ ਲੋਕ ਨਹੀਂ ਰਹਿੰਦੇ, ਦੇਵ ਅਦੇਵ ਹੋ ਜਾਂਦੇ ਹਨ, ਵੇਦ ਅਵੇਦ ਹੋ ਜਾਂਦੇ ਹਨ। ਇਥੇ ਚੋਰ ਚੋਰ ਨਹੀਂ ਰਹਿੰਦਾ, ਭ੍ਰੂਣ ਹਤਿਆ ਕਰਨ ਵਾਲਾ 'ਭ੍ਰੂਣਹਾ' ਨਹੀਂ ਰਹਿੰਦਾ। ਚੰਡਾਲ ਅਚੰਡਾਲ ਹੋ ਜਾਂਦਾ ਹੈ। ਪੌਲਕਸ ਅਪੌਲਕਸ ਹੋ ਜਾਂਦਾ ਹੈ। ਸ੍ਰਮਣ (ਬੋਧੀ) ਸ੍ਰਮਣ ਨਹੀਂ ਰਹਿੰਦਾ ਅਤੇ ਤਾਪਸ (ਤਪਸਵੀ) ਅਤਾਪਸ ਹੋ ਜਾਂਦਾ ਹੈ। ਉਸ ਵੇਲੇ ਇਹ ਪੁਰਸ਼ ਪੁੰਨ ਅਤੇ ਪਾਪ ਤੋਂ ਉਤੇ ਹੋ ਜਾਂਦਾ ਹੈ ਅਤੇ ਹਿਰਦਾ

ਸਾਰੇ ਦੁੱਖਾਂ ਤੋਂ ਉਪਰ ਉਠ ਜਾਂਦਾ ਹੈ। ਉਸ ਅਵਸਥਾ ਵਿਚ ਉਹ ਨਹੀਂ ਦੇਖਦਾ ਤਾਂ ਇਸ ਲਈ ਨਹੀਂ ਕਿ ਉਸ ਵਿਚ ਦ੍ਰਿਸ਼ਟੀ ਦਾ ਅਭਾਵ ਹੋ ਜਾਂਦਾ ਹੈ, ਸਗੋਂ ਦ੍ਰਿਸ਼ ਲੋਪ ਹੋ ਜਾਂਦਾ ਹੈ, ਉਸ ਦ੍ਰਿਸ਼ਟੀ ਵਿਚ ਹੀ ਸਮੋ ਜਾਂਦਾ ਹੈ। ਅੰਦਰ ਬਾਹਰ ਦਾ ਭੇਦ ਮਿਟ ਜਾਣ ਦੇ ਕਾਰਨ ਦੇਖਣ ਨੂੰ ਕੁਝ ਬਚਦਾ ਹੀ ਨਹੀਂ। ਇਹੀ ਸਥਿਤੀ ਉਸਦੇ ਸੁੰਘਣ, ਛੋਹਣ ਅਤੇ ਵੇਖਣ ਆਦਿ ਨਾਲ ਰਹਿੰਦੀ ਹੈ। ਉਹ ਸਾਰਿਆਂ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ ਕਿਉਂਕਿ ਚਿੰਤਨ-ਯੋਗ ਵਿਸ਼ਾ ਉਸਦੇ ਚਿੱਤ ਵਿਚ ਹੀ ਸਮਾ ਜਾਂਦਾ ਹੈ। ਉਹ ਭੋਗ ਤੋਂ ਮੁਕਤ ਹੋ ਜਾਂਦਾ ਹੈ, ਕਿਉਂਕਿ ਭੋਗ ਦੇ ਵਿਸ਼ੇ ਉਸ ਤੋਂ ਬਾਹਰ ਨਹੀਂ ਰਹਿ ਜਾਂਦੇ। ਇਸ ਤਰ੍ਹਾਂ ਉਹ ਸ਼ੁੱਧ ਸੱਤਾ, ਸ਼ੁੱਧ ਚੇਤਨਾ ਅਤੇ ਸ਼ੁੱਧ ਆਨੰਦ ਬਣ ਜਾਂਦਾ ਹੈ। ਜਾਗ੍ਰਿਤ ਅਵਸਥਾ ਵਿਚ ਇਹ ਭੇਦ ਬਣਿਆ ਰਹਿੰਦਾ ਹੈ ਇਸ ਲਈ ਉਥੇ ਮੋਖ ਨਹੀਂ ਮਿਲਦਾ। ਉਹੁ ਸ਼ੁੱਧ ਮੁਕਤ ਅਵਸਥਾ ਪ੍ਰਾਪਤ ਨਹੀਂ ਹੁੰਦੀ। ਸੋ ਇਹੀ ਮਨੁੱਖ ਦੀ ਪਰਮ-ਗਤੀ ਹੈ। ਇਹੀ ਪਰਮ-ਸੰਪੱਤੀ ਹੈ। ਇਹੀ ਪਰਮ-ਲੋਕ ਹੈ। ਇਹੀ ਪਰਮ ਆਨੰਦ ਹੈ।''

ਗ਼ਨੀਮਤ ਹੈ, ਯਾਗਵਲਕਯ ਨੇ ਇਹ ਨਹੀਂ ਕਿਹਾ ਕਿ ਮਹਾਰਾਜ ਹੁਣ ਉਸ ਸੰਪੱਤੀ ਦੇ ਸਾਹਮਣੇ ਆਪ ਦੇ ਦਿਤੇ ਹੋਏ ਸਿੱਕੇ ਕਿਸ ਕੰਮ? ਇਨ੍ਹਾਂ ਨੂੰ ਵਾਪਸ ਲੈ ਜਾਓ। ਉਨ੍ਹਾਂ ਨੇ ਹੋਠ ਤਾਂ ਜ਼ਰੂਰ ਕੁਝ ਅਜਿਹਾ ਕਹਿਣ ਲਈ ਖੋਲ੍ਹੇ ਸਨ, ਪਰ ਮੁੜ ਗਏ ਉਸ ਪਰਮ-ਆਨੰਦ ਦੀ ਅਵਸਥਾ ਦਾ ਮੁੱਲਾਂਕਣ ਕਰਨ ਵਲ, ''ਮਨੁੱਖ ਸਾਰੇ ਅੰਗਾਂ ਨਾਲ ਪੂਰਣ ਹੋਵੇ, ਤੰਦਰੁਸਤ ਹੋਵੇ, ਸਮਰਥ ਹੋਵੇ, ਦੂਜਿਆਂ ਦਾ ਸੁਆਮੀ ਹੋਵੇ, ਸਾਰੇ ਭੋਗਾਂ ਸਮੇਤ ਹੋਵੇ ਤਾਂ ਇਸੇ ਨੂੰ ਮਨੁੱਖ ਦਾ ਪਰਮਾਨੰਦ ਕਹਿੰਦੇ ਹਨ। ਇਸਦਾ ਸੌ ਗੁਣਾਂ ਹੁੰਦਾ ਹੈ ਪਿੱਤਰਲੋਕ ਨੂੰ ਜਿੱਤਣ ਵਾਲੇ ਪਿੱਤਰਾਂ ਦਾ ਇਕ ਆਨੰਦ। ਪਿਤਰਾਂ ਦੇ ਸੌ ਆਨੰਦ ਦੇ ਬਰਾਬਰ ਗੰਧਰਵ ਲੋਕ ਦਾ ਇਕ ਆਨੰਦ ਹੈ। ਗੰਧਰਵ ਲੋਕ ਦੇ ਆਨੰਦ ਦਾ ਸੌ ਗੁਣਾਂ ਕਰਮ ਦੇਵਾਂ ਦਾ ਜਾਂ ਆਪਣੇ ਪੁੰਨ ਕਰਮਾਂ ਤੋਂ ਦੇਵਤਾਈ ਪ੍ਰਾਪਤ ਕਰਨ ਵਾਲਿਆਂ ਦਾ ਇਕ ਆਨੰਦ ਹੈ। ਕਰਮਦੇਵਾਂ ਦੇ ਆਨੰਦ ਦਾ ਸੌ ਗੁਣਾਂ ਆਜਾਨ ਦੇਵਾਂ ਜਾਂ ਜਨਮਜਾਤ ਦੇਵਾਂ ਦਾ ਇਕ ਆਨੰਦ ਹੈ। ਆਜਾਨ ਦੇਵਾਂ ਦੇ ਸੌ ਆਨੰਦਾਂ ਦੇ ਬਰਾਬਰ ਪ੍ਰਜਾਪਤੀ-ਲੋਕ ਦਾ ਇਕ ਆਨੰਦ ਹੈ। ਆਜਾਨ ਦੇਵਾਂ ਦੇ ਸੌ ਆਨੰਦਾਂ ਦੇ ਬਰਾਬਰ ਪ੍ਰਜਾਪਤੀ-ਲੋਕ ਦਾ ਇਕ ਆਨੰਦ ਹੈ। ਇਸ ਦਾ ਵੀ ਸੌ ਗੁਣਾਂ ਬ੍ਰਹਮ-ਲੋਕ ਦਾ ਆਨੰਦ ਹੈ। ਇਹੀ ਆਨੰਦ ਨਿਸ਼ਪਾਪ ਅਤੇ ਨਿਸ਼ਕਾਮ ਬ੍ਰਾਹਮਣ ਵੇਦ ਦਾ ਅਧਿਐਨ ਕਰਨ ਵਾਲੇ ਨੂੰ ਵੀ ਪ੍ਰਾਪਤ ਹੁੰਦਾ ਹੈ।''

ਦਸ਼ਮਾਨ ਗਣਿਤ ਤੋਂ ਹੀ ਕੁਝ ਪੱਖਾਂ ਦੇ ਬਾਅਦ ਸਾਡਾ ਸਿਰ ਇਸ ਤਰ੍ਹਾਂ ਚੱਕਰ ਖਾਣ ਲਗਦਾ ਹੈ ਕਿ ਆਕਾਸ਼ ਪਤਾਲ ਦਾ ਹਿੱਸਾ ਲਗਦਾ ਹੈ। ਇਸ ਦਸ਼ਮਾਨ ਗਣਿਤ ਦੇ ਸੰਭਾਵਿਤ ਸੁਖ ਦੀ ਤਾਂ ਕਲਪਨਾ ਵੀ ਪਾਗਲ ਬਣਾ ਸਕਦੀ ਹੈ। ਉਸਦਾ ਰੂਪ ਕੀ ਹੋ ਸਕਦਾ ਹੈ ਇਸ ਦੀ ਕਲਪਨਾ ਤੋਂ ਤਾਂ ਅਸੀਂ ਉਸ ਤੋਂ ਵੀ ਜ਼ਿਆਦਾ ਦੂਰ ਹਾਂ ਜਿੰਨੀ ਦੂਰ ਆਦਿ ਦ੍ਰਵਜ ਕਲਪਨਾ ਅਤੇ ਚਿੰਤਨ ਦੇ ਸੁਖ ਤੋਂ।

ਅਸੀਂ ਨਹੀਂ ਜਾਣਦੇ ਕਿ ਯਾਗਵਲਕਯ ਦਾ ਏਨਾ ਸਿਖਾਉਣਾ ਸਮਝਾਉਣਾ ਜਨਕ ਦੇ ਪੱਲੇ ਪਿਆ ਵੀ ਜਾਂ ਨਹੀਂ, ਅਤੇ ਉਨ੍ਹਾਂ ਨੇ ਇਸ ਸੁਖ ਦਾ ਕੋਈ ਖ਼ਾਕਾ ਆਪਣੇ ਦਿਮਾਗ਼ ਵਿਚ ਬਣਾਇਆ ਜਾਂ ਨਹੀਂ ਅਤੇ ਉਸਦੇ ਸਾਹਮਣੇ ਦਾਨ ਦੀ ਬੇਅਰਥਤਾ ਦਾ ਉਨ੍ਹਾਂ ਨੂੰ ਬੋਧ ਹੋਇਆ ਵੀ ਜਾਂ ਨਹੀਂ, ਕਿਉਂਕਿ ਇਹ ਸਭ ਕੁਝ ਜਾਣ ਲੈਣ ਦੇ ਬਾਅਦ ਵੀ ਉਹ

ਯਾਗਵਲਕਯ ਨੂੰ ਇਕ ਹਜ਼ਾਰ ਹੋਰ ਦੇ ਬੈਠੇ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਹ ਅਣਦੱਸੀ ਵਸਤੂ ਗਊ ਹੀ ਰਹੀ ਹੋ ਸਕਦੀ ਹੈ। ਯਾਗਵਲਕਯ ਨੇ ਵੀ ਸ਼ਾਇਦ ਏਨਾ ਜੰਜਾਲ ਸਮੇਟਣ ਤੋਂ ਇਨਕਾਰ ਨਾ ਕੀਤਾ ਹੋਵੇ। ਕਹਾਣੀ ਇਸ ਬਾਰੇ ਮੌਨ ਹੈ।

ਕਹਾਣੀ ਕਲਾ ਦੇ ਕਾਰੀਗਰਾਂ ਦੀ ਨਾਰਾਜ਼ਗੀ ਦਾ ਖ਼ਤਰਾ ਮੁਲ ਲੈਂਦੇ ਹੋਏ ਵੀ ਇਹ ਕਹਿਣਾ ਜ਼ਰੂਰੀ ਲਗਦਾ ਹੈ ਕਿ ਜਨਕ ਦੇ ਦਾਨ ਦਾ ਪ੍ਰਤੱਖ ਪ੍ਰਭਾਵ ਤਾਂ ਦਿਖਾਈ ਨਹੀਂ ਦਿੱਤਾ ਪਰ ਅਸਪਸ਼ਟ ਪ੍ਰਭਾਵ ਇਹ ਲਿਆ ਗਿਆ ਹੈ ਕਿ ਉਹ ਕਈ ਦਿਨ ਤਕ ਜਿਵੇਂ ਕਿਵੇਂ ਆਤਮਾ ਦੇ ਮਹੱਤਵ ਦਾ, ਸਰੀਰ ਤਿਆਗਣ 'ਤੇ ਸਰੀਰ ਦੀ ਸਥਿਤੀ ਦਾ, ਸਰੀਰ ਤੋਂ ਨਿਕਲਣ ਤੇ ਉਸਦੇ ਰਸਤੇ ਦਾ, ਉਸਦੇ ਰੰਗ ਦਾ, ਅਤੇ ਪਤਾ ਨਹੀਂ ਕਿਹੜੀ ਕਿਹੜੀ ਚੀਜ਼ ਦਾ ਵਰਣਨ ਕਰਦੇ ਰਹੇ। ਕਵਿਤਵ ਦਾ ਪ੍ਰਭਾਵ ਵੀ ਵੇਖ ਚੁਕੇ ਸਨ, ਇਸ ਲਈ ਕਈ ਉਪਮਾਵਾਂ ਅਤੇ ਰੂਪਕਾਂ ਵਿਚ ਆਪਣੀ ਗੱਲ ਸਮਝਾਉਂਦੇ। ਦੂਜਾ ਕੋਈ ਸਮਝਣ ਵਾਲਾ ਨਾ ਹੁੰਦਾ ਤਾਂ ਆਪਣੇ ਆਪ ਨਾਲ ਗੱਲਾਂ ਕਰਦੇ ਰਹਿੰਦੇ। ਉਨ੍ਹਾਂ ਦੀ ਦਸ਼ਾ ਸਾਡੇ ਦੁਨੀਆਦਾਰਾਂ ਤੋਂ ਜ਼ਿਆਦਾ ਖ਼ਰਾਬ ਹੋ ਚਲੀ ਸੀ।

# ਆਚਾਰਯ ਦੇਵੋ ਮਾ ਭਵ
# (ਆਚਾਰਯ-ਭਗਤ ਨਾ ਬਣੋ)

ਇਕ ਯੋਗ ਪਿਤਾ ਦੇ ਯੋਗ ਪਿਤਾ ਹੋਣ ਦਾ ਦੁਰਭਾਗ ਇਹ ਹੈ ਕਿ ਉਸਨੂੰ ਆਪਣੀ ਔਲਾਦ ਨੂੰ ਉਦੋਂ ਤਕ ਨਾ ਸਮਝਣਾ ਹੁੰਦਾ ਹੈ ਜਦੋਂ ਤਕ ਉਹ ਆਪ ਪਿਤਾ ਨਹੀਂ ਬਣ ਜਾਂਦਾ। ਜ਼ਿਆਦਾ ਯੋਗ ਪਿਤਾ ਉਹ ਹੁੰਦਾ ਹੈ ਜੋ ਇਸ ਤੋਂ ਬਾਅਦ ਵੀ ਉਨ੍ਹਾਂ ਨੂੰ ਨਾਸਮਝ ਹੀ ਸਮਝਦਾ ਹੈ। ਉਸਦਾ ਦੁਰਭਾਗ ਵੀ ਆਪਣੀ ਯੋਗਤਾ ਦੇ ਅਨੁਰੂਪ ਹੀ ਵੱਡਾ ਹੁੰਦਾ ਹੈ। ਪ੍ਰਜਾਪਤੀ ਦੇ ਦੁਰਭਾਗ ਦਾ ਤਾਂ ਕੋਈ ਅੰਤ ਹੀ ਨਹੀਂ। ਉਨ੍ਹਾਂ ਦੇ ਬੱਚੇ ਦੇਵਤੇ ਅਤੇ ਅਸੁਰ ਨਾ ਬਾਪ ਬਣ ਸਕਦੇ ਸਨ,ਨਾ ਉਨ੍ਹਾਂ ਨੂੰ ਅਕਲ ਆ ਸਕਦੀ ਸੀ।

ਜਿਸ ਸਮੇਂ ਦੀ ਇਹ ਗੱਲ ਹੈ ਉਸ ਵੇਲੇ ਪ੍ਰਜਾਪਤੀ ਦੀ ਚਿੰਤਾ ਇਹ ਸੀ ਕਿ ਉਨ੍ਹਾਂ ਦੇ ਬੱਚੇ ਗੁੰਮਰਾਹ ਹੋ ਰਹੇ ਸਨ। ਉਨ੍ਹਾਂ ਨੂੰ ਰੋਕਣ ਸਿਖਾਉਣ ਵਾਲਾ ਕੋਈ ਨਹੀਂ ਸੀ। ਪੜ੍ਹਨਾ ਕੁਝ ਚਾਹੀਦਾ ਸੀ ਅਤੇ ਪੜ੍ਹ ਕੁਝ ਹੋਰ ਰਹੇ ਸਨ। ਜਾਣਨ ਦੀ ਲੋੜ ਕੁਝ ਹੋਰ ਸੀ, ਪਰ ਜਾਣਨ ਕੁਝ ਹੋਰ ਲਗੇ ਸਨ। ਬਚਾਉਣੀ ਚਾਹੀਦੀ ਸੀ ਆਤਮਾ ਅਤੇ ਬਚਾ ਰਹੇ ਸਨ ਸਰੀਰ ਨੂੰ।

ਬੱਚਿਆਂ ਨੂੰ ਸਹੀ ਰਸਤੇ 'ਤੇ ਲਿਆਉਣ ਦਾ ਕੰਮ ਪ੍ਰਜਾਪਤੀ ਨੂੰ ਆਪ ਕਰਨਾ ਚਾਹੀਦਾ ਸੀ ਪਰ ਉਨ੍ਹਾਂ ਨੇ ਸੋਚਿਆ ਕਿ ਤਜ਼ਰਬੇ ਤੋਂ ਵੱਡੀ ਕੋਈ ਹੋਰ ਪਾਠਸ਼ਾਲਾ ਨਹੀਂ। ਉਮੀਦ ਸੀ ਕਿ ਉਹ ਤਜਰਬੇ ਕਰਨਗੇ, ਗ਼ਲਤੀਆਂ ਕਰਨਗੇ, ਠੋਕਰਾਂ ਖਾਣਗੇ, ਮੂੰਹ ਭਾਰ ਡਿਗਣਗੇ, ਦੋ ਚਾਰ ਦੰਦ ਤੁੜਵਾਉਣਗੇ ਅਤੇ ਫਿਰ ਟਿਕਾਣੇ ਆ ਜਾਣਗੇ। ਅਕਲ ਦੀ ਮੋਟਾਈ ਦੇ ਮਾਮਲੇ ਵਿਚ ਕੋਈ ਕਿਸੇ ਤੋਂ ਘੱਟ ਨਹੀਂ ਸੀ।

ਇਕੱਲੇ-ਇਕੱਲੇ ਅਤੇ ਮਿਲ ਜੁਲ ਕੇ ਇਕ ਦੂਜੇ ਨਾਲ ਭਿੜਦੇ ਅਤੇ ਇਕ ਦੂਜੇ ਦਾ ਮੂੰਹ ਭੰਨਦੇ ਰਹਿਣ ਤੋਂ ਬਾਅਦ ਵੀ ਉਨ੍ਹਾਂ ਦੀ ਨਾ ਤਾਂ ਅਕਲ ਠੀਕ ਹੋਈ ਅਤੇ ਨਾ ਆਦਤ ਬਦਲੀ। ਦੋਵੇਂ ਭੋਗਾਂ ਦਾ ਪਿੱਛਾ ਹੀ ਕਰਦੇ ਰਹੇ।

ਏਨਾ ਤਾਂ ਸਪਸ਼ਟ ਹੀ ਹੈ ਕਿ ਇਹ ਭੋਗਵਾਦੀ ਸੰਸਕ੍ਰਿਤੀ ਦੇ ਆਰੰਭ ਦੀ ਕਹਾਣੀ ਹੈ। ਇਸਦਾ ਠੀਕ ਸਮਾਂ ਤਾਂ ਨਹੀਂ ਪਤਾ ਪਰ ਘਟਨਾ ਉਦੋਂ ਦੀ ਮਾਲੂਮ ਹੁੰਦੀ ਹੈ ਜਦੋਂ ਦੇਵਤੇ, ਅਸੁਰ ਅਤੇ ਪ੍ਰਜਾਪਤੀ ਸਾਰੇ ਕਿਧਰੇ ਇਕ ਦੂਜੇ ਦੇ ਨੇੜੇ ਰਹਿੰਦੇ ਸਨ ਅਤੇ ਉਨ੍ਹਾਂ ਵਿਚ ਸੰਵਾਦ ਪੂਰੀ ਤਰ੍ਹਾਂ ਟੁੱਟਿਆ ਨਹੀਂ ਸੀ।

ਪ੍ਰਜਾਪਤੀ ਜਾਣਦੇ ਸਨ ਕਿ ਭੋਗ ਪ੍ਰਾਣੀ ਨੂੰ ਅਨੁਭਵ ਤੋਂ ਸੱਖਣਾ ਬਣਾ ਦਿੰਦਾ ਹੈ ਅਤੇ ਉਸਨੂੰ ਲੁਟੇਰਿਆਂ ਅਤੇ ਲੁੱਟਣ ਮਿਟਣ ਵਾਲਿਆਂ ਦੀ ਜਮਾਤ ਵਿਚ ਬਦਲ ਦਿੰਦਾ

ਹੈ। ਇਸਦੇ ਸਿੱਟੇ ਉਹ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ। ਬੱਚਿਆਂ ਨੂੰ ਖਾਣ, ਪੀਣ, ਮੌਜ ਮਸਤੀ ਕਰਨ ਅਤੇ ਹੱਲਾ-ਗੁੱਲਾ ਮਚਾਉਂਦੇ ਰਹਿਣ ਤੋਂ ਸਿਵਾ ਕੁਝ ਸੁਝਦਾ ਹੀ ਨਹੀਂ ਸੀ। ਅਸੁਰਾਂ ਦੀ ਹਾਲਤ ਤਾਂ ਇਹ ਸੀ ਕਿ ਦੇਵਤਿਆਂ ਨੂੰ ਚੈਨ ਨਾਲ ਰਹਿਣ ਨਹੀਂ ਸਨ ਦਿੰਦੇ। ਉਨ੍ਹਾਂ ਦੇ ਹਿੱਸੇ ਦੀਆਂ ਚੀਜ਼ਾਂ ਵੀ ਉਨ੍ਹਾਂ ਤੋਂ ਖੋਹ ਕੇ ਖਾ ਜਾਂਦੇ ਸਨ। ਪਾਠਸ਼ਾਲਾਵਾਂ ਉਨ੍ਹਾਂ ਦਿਨਾਂ ਵਿਚ ਨਹੀਂ ਸਨ, ਜੇ ਸਨ ਵੀ ਤਾਂ ਪ੍ਰਜਾਪਤੀ ਨੂੰ ਅਧਿਆਪਕਾਂ ਦੀ ਯੋਗਤਾ ਉਤੇ ਵਿਸ਼ਵਾਸ ਨਹੀਂ ਸੀ।

ਖ਼ੈਰ, ਪਿਤਾ ਦੇ ਇਸ ਪਿਤਾ ਹੋਣ ਕਾਰਣ ਪ੍ਰਾਪਤ ਹੋਏ ਦੁਰਭਾਗ ਵਿਚ ਇਹ ਜ਼ਿੰਮੇਵਾਰੀ ਵੀ ਸ਼ਾਮਿਲ ਹੈ ਕਿ ਇਕ ਦਿਨ ਉਸਨੂੰ ਇਹ ਨਿਰਣਾ ਵੀ ਲੈਣਾ ਹੀ ਪੈਂਦਾ ਹੈ ਕਿ ਹੁਣ ਬੱਚਿਆਂ ਨੂੰ ਸਹੀ ਰਸਤੇ 'ਤੇ ਲਿਆਉਣਾ ਹੀ ਹੋਵੇਗਾ। ਪ੍ਰਜਾਪਤੀ ਨੂੰ ਵੀ ਇਸ ਦਾ ਬੋਧ ਹੋਇਆ। ਉਨ੍ਹਾਂ ਨੇ ਮਨ ਬਚਨੀ-ਸ਼ੈਲੀ ਦਾ ਸਹਾਰਾ ਲਿਆ। ਸੋਚਿਆ, ਆਵਾਜ਼ ਬੱਚਿਆਂ ਦੇ ਕੰਨ ਵਿਚ ਪਵੇਗੀ ਹੀ। ਇਸ਼ਾਰਾ ਕਿਧਰ ਹੈ, ਇਸ ਨੂੰ ਸਮਝਣ ਵਿਚ ਦੇਰ ਨਹੀਂ ਲਾਉਣਗੇ। ਉਹ ਪਹਿਲਾਂ ਹੌਲੀ ਹੌਲੀ ਫਿਰ ਉੱਚੀ ਸੁਰ ਵਿਚ ਬੁੜ ਬੁੜਾਉਣ ਲਗੇ, "ਸਰੀਰ ਨਾਸ਼ਵਾਨ ਹੈ। ਇਸ ਨਾਸ਼ਵਾਨ ਸਰੀਰ ਨੂੰ ਪਾਲਣ-ਪੋਸਣ ਅਤੇ ਸੁਖ ਪਹੁੰਚਾਉਣ ਦੀ ਏਨੀ ਚਿੰਤਾ ਕੀਤੀ ਜਾਂਦੀ ਹੈ, ਪਰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਰਦਾ ਕਿ ਆਤਮਾ ਕੀ ਹੈ? ਇਹ ਆਤਮਾ ਨਿਸ਼ਪਾਪ, ਅਜਰ, ਅਮਰ, ਅਤੇ ਸ਼ੋਕਹੀਣ ਹੈ। ਇਸਨੂੰ ਨਾ ਭੁੱਖ ਲਗਦੀ ਹੈ, ਨਾ ਪਿਆਸ। ਇਹ ਸੱਚ ਦਾ ਪ੍ਰੇਮੀ ਅਤੇ ਸੰਕਲਪ ਦਾ ਦ੍ਰਿੜ੍ਹ ਹੈ। ਇਸ ਨੂੰ ਹੀ ਖੋਜਣਾ ਚਾਹੀਦਾ ਹੈ। ਇਸ ਨੂੰ ਹੀ ਜਾਣਨਾ ਚਾਹੀਦਾ ਹੈ। ਜੋ ਉਸ ਆਤਮਾ ਨੂੰ ਸ਼ਾਸਤ੍ਰ ਅਤੇ ਗੁਰੂ ਦੇ ਉਪਦੇਸ਼ ਅਨੁਸਾਰ ਖੋਜ ਕੇ ਜਾਣ ਲੈਂਦਾ ਹੈ, ਉਹ ਸੰਪੂਰਨ ਲੋਕਾਂ ਅਤੇ ਸਾਰੀਆਂ ਕਾਮਨਾਵਾਂ ਦੀ ਸਿੱਧੀ ਤੋਂ ਉਤੇ ਉਠ ਜਾਂਦਾ ਹੈ। ਉਹ ਸਾਰੇ ਲੋਕਾਂ ਅਤੇ ਸਾਰੀਆਂ ਕਾਮਨਾਵਾਂ ਨੂੰ ਆਪਣੇ ਅੰਦਰ ਜਾਣ ਕੇ ਉਨ੍ਹਾਂ ਨੂੰ ਪ੍ਰਾਪਤ ਕਰ ਲੈਂਦਾ ਹੈ।"

ਉਨ੍ਹਾਂ ਦੀ ਇਹ ਮਨ-ਬਚਨੀ ਦੇਵਤਿਆਂ ਅਤੇ ਅਸੁਰਾਂ ਨੂੰ ਸੁਣਾਉਣ ਲਈ ਸੀ, ਸੋ ਉਨ੍ਹਾਂ ਨੇ ਇਸ ਨੂੰ ਸੁਣਿਆ। ਸੁਣ ਕੇ ਦੋਹਾਂ ਪੱਖਾਂ ਵਿਚ ਬੇਚੈਨੀ ਹੋਈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੋਹਾਂ ਦਾ ਲੋਕਤੰਤਰ ਵਿਚ ਦ੍ਰਿੜ੍ਹ ਯਕੀਨ ਸੀ ਅਤੇ ਉਹ ਗੱਲ ਗੱਲ ਵਿਚ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨ ਲਗਦੇ ਸਨ। ਉਨ੍ਹਾਂ ਨੇ ਮਹਾ-ਸਭਾ ਬੁਲਾਈ, ਆਪਸ ਵਿਚ ਮਿਲ ਕੇ ਪਿਤਾ ਦੀ ਚਿੰਤਾ ਬਾਰੇ ਸੋਚਣ ਲਗੇ, ਫਿਰ ਆਪ ਚਿੰਤਿਤ ਹੋ ਕੇ ਵਿਚਾਰਨ ਲੱਗੇ ਕਿ ਪਿਤਾ ਦੀ ਚਿੰਤਾ ਦਾ ਨਿਵਾਰਣ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਜਿਵੇਂ ਕਿ ਅਕਸਰ ਹੁੰਦਾ ਹੈ, ਇਸ ਕ੍ਰਮ ਵਿਚ ਉਨ੍ਹਾਂ ਵਿਚੋਂ ਕਿਸੇ ਨੇ ਅਣਜਾਣੇ ਖੂੰਜੇ ਤੋਂ ਸ਼ੋਰ ਮਚਾਇਆ ਕਿ ਜੇ ਅਸੀਂ ਸੋਚਦੇ ਰਹਿ ਗਏ ਤਾਂ ਮਤ੍ਰੇਏ ਭਰਾ ਜਲਦੀ ਨਾਲ ਜਾ ਕੇ ਪ੍ਰਜਾਪਤੀ ਤੋਂ ਇਸ ਦਾ ਭੇਦ ਜਾਣ ਲੈਣਗੇ। ਇਸ ਗੱਲ ਦੇ ਕਹੇ ਜਾਣ ਨਾਲ ਹੀ ਉਨ੍ਹਾਂ ਨੇ ਸੋਚਣਾ ਬੰਦ ਕਰ ਦਿੱਤਾ। ਜਿੰਨਾ ਚਿੰਤਨ ਹੋ ਚੁਕਾ ਸੀ ਉਸੇ ਦੇ ਬਲ ਤੇ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਉਨ੍ਹਾਂ ਦਾ ਸ੍ਰੇਸ਼ਠ ਪ੍ਰਤਿਨਿਧੀ ਉਸੇ ਵੇਲੇ ਪ੍ਰਜਾਪਤੀ ਕੋਲ ਜਾ ਕੇ ਉਹ ਤਰੀਕਾ ਪਤਾ ਕਰੇ ਜਿਸ ਨਾਲ ਅਮਰਤਾ ਸਹਿਤ ਸਾਰੇ ਲੋਕ ਤਾਂ ਪ੍ਰਾਪਤ ਹੋ ਹੀ ਜਾਂਦੇ ਹਨ, ਸੋਗ ਅਤੇ ਜਰਾ ਤੋਂ ਵੀ ਮੁਕਤੀ ਮਿਲ ਜਾਂਦੀ ਹੈ ਅਤੇ ਸਾਰੀਆਂ ਕਾਮਨਾਵਾਂ ਸਿੱਧ ਹੋ ਜਾਂਦੀਆਂ ਹਨ।

ਦੇਵਤਿਆਂ ਵਿਚ ਇੰਦਰ ਅਤੇ ਅਸੁਰਾਂ ਵਿਚ ਵਿਰੋਚਨ ਆਪਣੀ ਬਿਰਾਦਰੀ ਵਿਚ ਸ੍ਰੇਸ਼ਠ ਹਨ। ਇਸ ਲਈ ਆਪਣੀ-ਆਪਣੀ ਚਾਲ ਨਾਲ ਪ੍ਰਜਾਪਤੀ ਕੋਲ ਭਜਦੇ ਗਏ। ਸ਼ਾਇਦ ਰਸਤੇ ਵਿਚ ਹੀ ਉਨ੍ਹਾਂ ਨੂੰ ਯਾਦ ਆਇਆ ਕਿ ਖ਼ਾਲੀ ਹੱਥ ਨਹੀਂ ਜਾਣਾ ਚਾਹੀਦਾ। ਪ੍ਰਜਾਪਤੀ ਲਈ ਕੀ ਭੇਟਾ ਉਚਿਤ ਹੋ ਸਕਦੀ ਹੈ, ਇਸ ਬਾਰੇ ਨੱਸਦਿਆਂ ਨੱਸਦਿਆਂ ਥੋੜ੍ਹਾ ਵਿਚਾਰ ਕੀਤਾ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਗਿਆਨ ਲਈ ਜਾ ਰਹੇ ਹਾਂ ਤਾਂ ਯੱਗ ਦੀ ਲੱਕੜੀ ਲੈ ਕੇ ਜਾਣੀ ਚਾਹੀਦੀ ਹੈ ਜਿਸ ਤੋਂ ਪ੍ਰਜਾਪਤੀ ਸਮਝ ਜਾਣ ਕਿ ਉਹ ਸੁੱਕੀ ਲੱਕੜੀ ਵਾਂਗ ਗਿਆਨ ਦੀ ਜੋਤਿ ਗ੍ਰਹਿਣ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਗੁਰੂ ਦੇ ਗਿਆਨ ਦੀ ਛੋਹ ਮਾਤਰ ਉਨ੍ਹਾਂ ਦੀ ਬੁੱਧੀ ਨੂੰ ਰੌਸ਼ਨ ਕਰ ਦੇਵੇਗਾ। ਇਸ ਲਈ ਦੋਹਾਂ ਨੇ ਰਸਤੇ ਵਿਚੋਂ ਹੀ ਪਹਿਲਾਂ ਲੱਕੜੀਆਂ ਦਾ ਪ੍ਰਬੰਧ ਕੀਤਾ ਅਤੇ ਫਿਰ ਦੌੜੇ। ਉਹ ਦੌੜਦੇ-ਦੌੜਦੇ ਪ੍ਰਜਾਪਤੀ ਕੋਲ ਪਹੁੰਚੇ। ਕੁਝ ਸੰਜੋਗ ਵਸ ਅਤੇ ਕੁਝ ਕਹਾਣੀ ਦੇ ਕਹਾਣੀਪਨ ਦੀ ਮੰਗ ਕਾਰਣ, ਦੋਵੇਂ ਉਥੇ ਇਕੱਠੇ ਹੀ ਪਹੁੰਚੇ।

ਲੱਕੜੀਆਂ ਹੱਥ ਵਿਚ ਲਏ ਹੋਇਆਂ ਹੀ ਉਨ੍ਹਾਂ ਨੇ ਕਿਹਾ, "ਪਿਤਾ ਜੀ, ਅਸੀਂ ਉਸ ਬ੍ਰਹਮ ਨੂੰ ਜਾਣਨਾ ਚਾਹੁੰਦੇ ਹਾਂ ਜਿਸ ਬਾਰੇ ਆਪ ਕਲ ਮਨ-ਬਚਨੀ ਰਾਹੀਂ ਪ੍ਰਗਟਾਵਾ ਕਰ ਰਹੇ ਸੀ। ਉਹ ਆਤਮਾ ਕੀ ਹੈ ਜਿਸ ਨੂੰ ਜਾਣ ਲੈਣ ਤੇ ਵਿਅਕਤੀ ਸਾਰੇ ਭੋਗਾਂ ਨੂੰ ਪ੍ਰਾਪਤ ਕਰ ਲੈਂਦਾ ਹੈ, ਸਾਰੀਆਂ ਕਾਮਨਾਵਾਂ ਦੀ ਸਿੱਧੀ ਕਰ ਲੈਂਦਾ ਹੈ ਅਤੇ ਸਾਰੇ ਲੋਕਾਂ ਉਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਅਸੀਂ ਸਾਰੇ ਏਨੇ ਸਮੇਂ ਤੋਂ ਇਨ੍ਹਾਂ ਨੂੰ ਇਕੱਠਾ ਕਰਨ ਦੇ ਚੱਕਰ ਵਿਚ ਪਏ ਹੋਏ ਹਾਂ ਤੇ ਆਪ ਹੋ ਜੋ ਏਨੇ ਅਣਮੋਲ ਖਜ਼ਾਨੇ ਨੂੰ ਸਾਡੇ ਤੋਂ ਛਿਪਾਈ ਬੈਠੇ ਹੋ।"

ਪਰ ਇਥੇ ਕਹਾਣੀ ਬਿਆਨ ਕਰਨ ਵਿਚ ਗ਼ਲਤੀ ਹੋ ਗਈ। ਉਹ ਕਾਹਲੀ ਵਿਚ ਤਾਂ ਸਨ ਅਤੇ ਇਕ ਦੂਜੇ ਤੋਂ ਅਗੇ ਨਿਕਲ ਜਾਣ ਦੀ ਕੋਸ਼ਿਸ਼ ਵਿਚ ਇਕੱਠੇ ਹੀ ਪਹੁੰਚੇ ਸਨ, ਪਰ ਉਨ੍ਹਾਂ ਨੇ ਜਾਂਦਿਆਂ ਸਾਰ ਸਿੱਧਾ ਹੀ ਸਵਾਲ ਨਹੀਂ ਕਰ ਦਿੱਤਾ ਸੀ। ਕੁਝ ਦੇਰ ਉਨ੍ਹਾਂ ਨੇ ਪ੍ਰਜਾਪਤੀ ਦਾ ਮਿਜ਼ਾਜ ਵਗੈਰਾ ਜਾਣਨ ਲਈ ਵੀ ਲਗਾਈ ਤਾਂ ਇਹ ਥੋੜ੍ਹਾ ਜਿਹਾ ਸਮਾਂ ਬੱਤੀ ਸਾਲ ਦਾ ਸੀ। ਜੇ ਇਹ ਉਨ੍ਹਾਂ ਦੇ ਆਪਣੇ ਪੰਚਾਂਗ (ਸਮਾਂ ਨਿਰਧਾਰਿਤ ਕਰਨ ਦੀ ਪ੍ਰਣਾਲੀ) ਅਨੁਸਾਰ ਸੀ ਤਾਂ ਇਸਨੂੰ ਬੱਤੀ ਹਜ਼ਾਰ ਸਾਲ ਦਾ ਸੰਖਿਪਤ ਕਾਲ ਮੰਨਣ ਵਿਚ ਕੋਈ ਹਰਜ ਨਹੀਂ। ਇਸ ਨੂੰ ਵੇਦਾਂਤੀ ਭਾਸ਼ਾ ਵਿਚ ਬ੍ਰਹਮਚਰਯ-ਵਾਸ ਕਿਹਾ ਜਾਂਦਾ ਹੈ। ਦੋਹਾਂ ਨੇ ਬੱਤੀ ਸਾਲ ਦਾ ਹੀ ਬ੍ਰਹਮਚਰਯ ਕਿਉਂ ਕੀਤਾ ਇਸ ਦਾ ਪੂਰਾ ਵਿਵਰਣ ਸਾਨੂੰ ਪਤਾ ਨਹੀਂ। ਇਕ ਅਨੁਮਾਨ ਤਾਂ ਇਹ ਹੈ ਕਿ ਪ੍ਰਜਾਪਤੀ ਦੇ ਕੋਲ ਜਦੋਂ ਇਹ ਪਹੁੰਚੇ ਤਾਂ ਇਨ੍ਹਾਂ ਦੀ ਗੱਲਬਾਤ ਦੇ ਢੰਗ ਤੋਂ ਇਹ ਪ੍ਰਗਟ ਹੋ ਗਿਆ ਹੋਵੇਗਾ ਕਿ ਅਜੇ ਇਨ੍ਹਾਂ ਵਿਚ ਨਿਮਰਤਾ ਦੀ ਬਹੁਤ ਘਾਟ ਹੈ। ਪਿਤਾ ਅਤੇ ਗੁਰੂ ਨਾਲ ਗੱਲ ਕਿਸ ਤਰ੍ਹਾਂ ਕੀਤੀ ਜਾਂਦੀ ਹੈ, ਇਸ ਦਾ ਸ਼ਊਰ ਵੀ ਉਨ੍ਹਾਂ ਨੂੰ ਨਹੀਂ ਹੈ। ਉਨ੍ਹਾਂ ਨੇ ਹੀ ਇਨ੍ਹਾਂ ਨੂੰ ਡਾਂਟ ਕੇ ਭਜਾ ਦਿੱਤਾ ਕਿ ਪਹਿਲਾਂ ਅਦਬ-ਅਦਾਬ ਸਿਖੋ, ਫਿਰ ਤੁਹਾਡੀ ਪ੍ਰਾਰਥਨਾ ਸੁਣਾਂਗਾ। ਸਿਰਫ਼ ਸੁੱਕੀ ਲੱਕੜ ਲਿਆਉਣ ਨਾਲ ਇਹ ਸਿੱਧ ਨਹੀਂ ਹੋ ਜਾਂਦਾ ਕਿ ਤੁਸੀਂ ਗਿਆਨ ਲਈ ਸੁੱਕੀ ਲੱਕੜੀ ਵਾਂਗ ਤਿਆਰ ਹੋ ਚੁਕੇ ਹੋ। ਇਕ ਹੋਰ ਕਾਰਣ ਇਹ ਲਗਦਾ ਹੈ ਕਿ ਜੇ ਉਨ੍ਹਾਂ ਨੂੰ ਗਿਆਨ ਮੁਫ਼ਤ ਮਿਲ ਜਾਂਦਾ ਤਾਂ ਨਾ ਉਹ ਇਸਦਾ ਮਹੱਤਵ ਸਮਝਦੇ ਅਤੇ ਨਾ ਹੀ ਇਸ ਉਤੇ ਅਮਲ ਕਰਦੇ। ਮੁਫ਼ਤ ਮਿਲੀ ਚੀਜ਼ ਸਮਝ ਕੇ ਬਰਬਾਦ ਕਰ ਦਿੰਦੇ। ਸੁਣਾਉਣ ਲਈ ਤਾਂ

ਕਹਿੰਦੇ ਉਹ ਸਭ ਕੁਝ ਹੀ ਜਾਣਦੇ ਹਨ, ਪਰ ਵਿਹਾਰਕ ਜੀਵਨ ਵਿਚ ਸਾਰਾ ਗਿਆਨ ਛਿੱਕੇ 'ਤੇ ਟੰਗ ਦਿੰਦੇ ਹਨ।

ਬੱਤੀ ਸਾਲ ਦਾ ਥੋੜ੍ਹਾ ਜਿਹਾ ਸਮਾਂ ਬੀਤ ਜਾਣ 'ਤੇ ਜਦੋਂ ਉਹ ਪ੍ਰਜਾਪਤੀ ਦੇ ਸਾਹਮਣੇ ਹਾਜ਼ਰ ਹੋਏ ਤਾਂ ਉਨ੍ਹਾਂ ਨੇ ਆਪ ਪੁੱਛਿਆ, ''ਤੁਸੀਂ ਏਨੇ ਸਮੇਂ ਤੋਂ ਬ੍ਰਹਮਚਰਯ ਕਿਉਂ ਕਰ ਰਹੇ ਸੀ? ਕੀ ਜਾਣਨਾ ਚਾਹੁੰਦੇ ਹੋ?''

ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਭੁੱਖ ਪਿਆਸ ਲਗਦੀ ਹੈ। ਸੋਗ ਤੇ ਹਰਖ ਦਾ ਦੌਰਾ ਵੀ ਪੈਂਦਾ ਹੈ। ਪਾਪ ਤਾਂ ਉਨ੍ਹਾਂ ਤੋਂ ਕਈ ਤਰ੍ਹਾਂ ਦੇ ਹੋ ਜਾਂਦੇ ਹਨ। ਬਿਰਧ ਅਵਸਥਾ ਦਾ ਡਰ ਅਤੇ ਮੌਤ ਦਾ ਭੈ ਵੀ ਲਗਿਆ ਰਹਿੰਦਾ ਹੈ। ਉਹ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਇਨ੍ਹਾਂ ਤੋਂ ਇਲਾਵਾ ਉਨ੍ਹਾਂ ਹੋਰ ਚੀਜ਼ਾਂ ਨੂੰ ਵੀ ਹਾਸਲ ਕਰਨ ਲਈ ਸੱਚੇ ਪ੍ਰੇਮ ਅਤੇ ਸੱਚੇ ਸੰਕਲਪ ਨਾਲ ਆਤਮਾ ਨਾਂ ਦੀ ਉਸ ਚੀਜ਼ ਨੂੰ ਭਾਲਣਾ ਚਾਹੁੰਦੇ ਹਨ ਜਿਸ ਬਾਰੇ ਪ੍ਰਜਾਪਤੀ ਬੱਤੀ ਸਾਲ ਪਹਿਲਾਂ ਆਪਣੇ ਆਪ ਨੂੰ ਕੁਝ ਕਹਿ ਰਹੇ ਸਨ।

ਪ੍ਰਜਾਪਤੀ ਨੂੰ ਆਪਣੀ ਚਿੰਤਾ ਅਤੇ ਉਹ ਮਨਬਚਨੀ ਯਾਦ ਆ ਗਈ। ਉਨ੍ਹਾਂ ਨੇ ਕਿਹਾ, ''ਦੇਖੋ ਇਹ ਜੋ ਅੱਖਾਂ ਵਿਚ ਦਿਖਾਈ ਦਿੰਦਾ ਹੈ, ਉਹੀ ਆਤਮਾ ਹੈ, ਉਹੀ ਬ੍ਰਹਮ ਹੈ। ਉਹ ਅਮਰ ਅਤੇ ਅਭੈ ਹੈ।''

ਹੁਣ ਦੋਹਾਂ ਵਿਚੋਂ ਕਿਸੇ ਇਕ ਨੇ ਜਾਂ ਦੋਹਾਂ ਨੇ ਇਕੱਠੇ ਪੁੱਛਿਆ, ''ਮਹਾਰਾਜ, ਅਸੀਂ ਜਲ ਵਿਚ ਜਿਥੇ ਵੀ ਦੇਖਦੇ ਹਾਂ, ਉਥੇ ਉਸ ਵਿਚ ਵੀ ਕੁਝ ਦਿਖਾਈ ਦਿੰਦਾ ਹੈ। ਸਾਡੇ ਨਾਲ ਮਿਲਦਾ ਜੁਲਦਾ ਹੀ ਕੁਝ ਸਾਨੂੰ ਸ਼ੀਸ਼ੇ ਵਿਚ ਦਿਖਾਈ ਦਿੰਦਾ ਹੈ। ਇਨ੍ਹਾਂ ਦੋਹਾਂ ਵਿਚੋਂ ਆਤਮਾ ਕਿਹੜੀ ਹੈ?''

ਇਥੇ ਪ੍ਰਸੰਗ-ਵਸ ਯਾਦ ਦਿਵਾ ਦੇਣਾ ਜ਼ਰੂਰੀ ਹੈ ਕਿ ਦੁਨੀਆ ਦੀਆਂ ਕੁਝ ਚੀਜ਼ਾਂ ਸਵਰਗ ਅਤੇ ਅਸੁਰ ਲੋਕ ਵਿਚ ਵੀ ਬਾਹਰੋਂ ਲਿਆਉਂਦੀਆਂ ਜਾਂਦੀਆਂ ਹਨ ਅਤੇ ਦਰਪਣ ਇਨ੍ਹਾਂ ਵਿਚੋਂ ਕੇਵਲ ਇਕ ਸੀ। ਇਸਦੇ ਇਲਾਵਾ ਬਹੁਤ ਸਾਰੀਆਂ ਚੀਜ਼ਾਂ ਸਨ ਜਿਨ੍ਹਾਂ ਦਾ ਪਤਾ ਕ੍ਰਮ ਅਤੇ ਪ੍ਰਸੰਗ ਅਨੁਸਾਰ ਮਿਲਦਾ ਜਾਵੇਗਾ। ਪ੍ਰਜਾਪਤੀ ਨੇ ਸਮਝਾਇਆ, ''ਅੱਖਾਂ ਵਿਚ ਨਿਵਾਸ ਕਰਨ ਵਾਲੇ ਜਿਸ ਬ੍ਰਹਮ ਦੀ ਗੱਲ ਮੈਂ ਸਮਝਾਈ ਹੈ ਉਹੀ ਤਾਂ ਇਹ ਹੈ। ਇਹੀ ਸਰਬਤ੍ਰ ਵਿਆਪਤ ਹੈ। ਇਹ ਅਮਰ ਅਤੇ ਅਜਰ ਹੈ। ਜਿਥੇ ਵੀ ਪਾਣੀ ਜਾਂ ਦਰਪਣ ਮਿਲੇ, ਉਸੇ ਵਿਚ ਝਾਕ ਕੇ ਦੇਖੋ ਅਤੇ ਸਰਬਤ੍ਰ ਉਹੀ ਦਿਖਾਈ ਦੇਵੇਗਾ।''

ਪ੍ਰਜਾਪਤੀ ਨੇ ਸੋਚਿਆ ਤਜਰਬੇ 'ਤੇ ਆਧਾਰਿਤ ਸਿਖਿਆ ਵਿਧੀ ਆਤਮ-ਤੱਤ ਨੂੰ ਸਮਝਾਉਣ ਦੇ ਲਈ ਜ਼ਿਆਦਾ ਉਚਿਤ ਰਹੇਗੀ। ਉਨ੍ਹਾਂ ਨੇ ਇਕ ਕਸੋਰਾ ਲਿਆ ਅਤੇ ਉਸ ਵਿਚ ਪਾਣੀ ਭਰ ਦਿੱਤਾ। ਫਿਰ ਉਨ੍ਹਾਂ ਨੇ ਦੋਹਾਂ ਸ਼ਿਸ਼ਾਂ ਨੂੰ ਕਿਹਾ, ''ਮੈਂ ਤੁਹਾਨੂੰ ਤਜਰਬੇ ਦੇ ਰੂਪ ਵਿਚ ਆਪਣੀ ਗੱਲ ਸਮਝਾਵਾਂਗਾ। ਜਿਹੜੀ ਗੱਲ ਤੁਹਾਨੂੰ ਸਮਝ ਨਾ ਆਈ, ਪੁੱਛ ਲੈਣਾ। ਮੈਂ ਜਿਸ ਗੱਲ ਨੂੰ ਜ਼ਰੂਰੀ ਸਮਝਾਂਗਾ, ਤੁਹਾਨੂੰ ਦਸਦਾ ਰਹਾਂਗਾ।''

ਹੁਣ ਉਨ੍ਹਾਂ ਨੇ ਉਨ੍ਹਾਂ ਸਾਹਮਣੇ ਪਾਣੀ ਦਾ ਭਰਿਆ ਕਸੋਰਾ ਰਖ ਦਿੱਤਾ ਅਤੇ ਕਿਹਾ ਕਿ ਉਸ ਵਿਚ ਝਾਕ ਕੇ ਦੱਸੋ ਕਿ ਉਨ੍ਹਾਂ ਨੂੰ ਕੀ ਦਿਖਾਈ ਦਿੰਦਾ ਹੈ। ਕੁਝ ਰੁਕ ਕੇ ਉਨ੍ਹਾਂ ਨੇ ਦੋਹਾਂ ਤੋਂ ਪੁੱਛਿਆ, ''ਇਸ ਕਸੋਰ ਦੇ ਪਾਣੀ ਵਿਚ ਤੁਸੀਂ ਕੀ ਦੇਖਿਆ?''

ਉਨ੍ਹਾਂ ਨੇ ਸਾਰੀ ਆਪਸੀ ਈਰਖਾ ਤੇ ਦ੍ਵੈਸ਼ ਭੁਲਾ ਕੇ, ਜਾਂ ਸ਼ਾਇਦ ਇਸੇ ਕਾਰਣ ਇਕੋ ਵੇਲੇ ਕਿਹਾ, "ਮਹਾਰਾਜ, ਅਸੀਂ ਆਪਣੇ ਰੋਮਾਂ ਅਤੇ ਨਹੁੰਆਂ ਸਮੇਤ ਸਾਰੀ ਆਤਮਾ ਨੂੰ ਇਸ ਵਿਚ ਦੇਖ ਰਹੇ ਹਾਂ।"

ਪ੍ਰਜਾਪਤੀ ਨੇ ਕਿਹਾ, "ਠੀਕ ਹੈ। ਤੁਸੀਂ ਹੁਣ ਖ਼ੂਬ ਸਜ-ਸੰਵਰ, ਕੇ ਇਸੇ ਪਾਣੀ ਵਿਚ ਦੁਬਾਰਾ ਦੇਖੋ।"

ਦੋਹਾਂ ਨੇ, ਨਹਾ ਧੋ ਕੇ, ਖ਼ੂਬ ਚੰਗੇ ਕਪੜੇ ਪਾ ਕੇ ਅਤੇ ਗਹਿਣੇ ਸਜਾ ਕੇ, ਉਸ ਕਸੋਰੇ ਵਿਚ ਦੇਖਿਆ।

ਪ੍ਰਜਾਪਤੀ ਨੇ ਪੁੱਛਿਆ, "ਕੀ ਦਿਖਾਈ ਦਿੱਤਾ?"

ਉਨ੍ਹਾਂ ਨੇ ਕਿਹਾ, "ਪ੍ਰਭੂ, ਅਸੀਂ ਜਿਹੋ ਜਿਹੇ ਕਪੜੇ ਪਾ ਰਖੇ ਸਨ ਉਹੋ ਜਿਹੇ ਹੀ ਕਪੜੇ ਸਾਡੀ ਆਤਮਾ ਨੇ ਵੀ ਪਹਿਨ ਰਖੇ ਹਨ। ਜਿਸ ਤਰ੍ਹਾਂ ਦੇ ਗਹਿਣੇ ਅਸੀਂ ਪਾਏ ਹੋਏ ਹਨ ਉਹੋ ਜਿਹੇ ਹੀ ਗਹਿਣੇ ਉਸ ਨੇ ਪਾਏ ਹੋਏ ਹਨ। ਜਿਸ ਤਰ੍ਹਾਂ ਅਸੀਂ ਸਜੇ-ਸੰਵਰੇ ਲਗ ਰਹੇ ਹਾਂ ਉਸੇ ਤਰ੍ਹਾਂ ਸਾਡੀ ਆਤਮਾ ਵੀ ਸੱਜੀ ਹੋਈ ਹੈ।"

ਪ੍ਰਜਾਪਤੀ ਨੇ ਕਿਹਾ, "ਇਹੀ ਆਤਮਾ ਹੈ। ਇਹ ਅਜਰ ਹੈ ਅਤੇ ਅਮਰ ਹੈ। ਇਸਦਾ ਕਦੀ ਨਾਸ਼ ਨਹੀਂ ਹੁੰਦਾ।"

ਇੰਦਰ ਅਤੇ ਵਿਰੋਚਨ ਦੋਹਾਂ ਵਿਚੋਂ ਕਿਸੇ ਨੇ ਇਹ ਖ਼ਿਆਲ ਤਕ ਨਹੀਂ ਕੀਤਾ ਸੀ ਕਿ ਪ੍ਰਜਾਪਤੀ ਵਰਗਾ ਬੁੱਢਾ, ਰਿਸ਼ਤੇ ਵਿਚ ਪਿਤਾ ਸਮਾਨ ਕੋਈ ਗੁਰੂ ਦੇ ਆਸਣ 'ਤੇ ਬੈਠ ਕੇ ਝੂਠ ਵੀ ਬੋਲ ਸਕਦਾ ਹੈ। ਉਹ ਇਹ ਸੋਚ ਕੇ ਉਨ੍ਹਾਂ ਨੇ ਆਤਮਾ ਨੂੰ ਸਮਝ ਲਿਆ ਹੈ, ਉਥੋਂ ਚੁਪ ਚਾਪ ਉਠ ਕੇ ਵਾਪਸ ਪਰਤ ਆਏ।

ਉਂਜ ਤਾਂ ਸਿਖਿਆ ਆਚਾਰਯਦੇਵ ਜਾਂ ਆਚਾਰਯ ਵਿਚ ਪੂਰੀ ਭਗਤੀ ਅਤੇ ਸ਼ਰਧਾ ਭਾਵ ਰਖਣ ਦੀ ਦਿੱਤੀ ਜਾਂਦੀ ਹੈ ਅਤੇ ਇਸ ਦੇ ਕੁਝ ਪ੍ਰਗਟ ਲਾਭ ਵੀ ਹਨ, ਪਰ ਸਚਾਈ ਇਹ ਹੈ ਕਿ ਇਸਦੇ ਆਪਣੇ ਖ਼ਤਰੇ ਵੀ ਹਨ। ਇਕ ਯੋਗ ਸ਼ਿਸ਼ ਨੂੰ ਆਚਾਰਯ 'ਤੇ ਵੀ ਪੂਰਾ ਭਰੋਸਾ ਨਹੀਂ ਰਖਣਾ ਚਾਹੀਦਾ, ਨਹੀਂ ਤਾਂ ਉਸਦੀ ਗਤੀ ਵਿਰੋਚਨ ਵਰਗੀ ਹੋ ਜਾਵੇਗੀ।

ਪ੍ਰਜਾਪਤੀ ਜਾਣਦੇ ਸਨ ਕਿ ਉਨ੍ਹਾਂ ਨੇ ਜਾਣ ਬੁਝ ਕੇ ਆਪਣੇ ਸ਼ਿਸ਼ਾਂ ਨੂੰ ਭਰਮਾਇਆ ਹੈ ਅਤੇ ਨਾਲ ਹੀ ਇਹ ਵੀ ਜਾਣਦੇ ਸਨ ਕਿ ਗੁਰੂ ਉਤੇ ਆਪਣੀ ਸ਼ਰਧਾ ਦੇ ਕਾਰਣ ਵਿਸ਼ਵਾਸ ਕਰਨ ਵਾਲੇ ਸ਼ਿਸ਼ ਦਾ ਸਤਿਆਨਾਸ਼ ਹੋ ਜਾਵੇਗਾ। ਬਾਅਦ ਦੇ ਵਿਦਿਆਰਥੀਆਂ ਨੂੰ ਇਹ ਸਿੱਖਿਆ ਦੇਣ ਲਈ ਕਿ ਆਪਣੇ ਗੁਰੂ 'ਤੇ ਨਾ ਤਾਂ ਕਦੀਂ ਅੱਖਾਂ ਬੰਦ ਕਰਕੇ ਵਿਸ਼ਵਾਸ ਕਰਨਾ, ਨਾ ਹੀ ਇਕ ਸੀਮਾ ਤੋਂ ਜ਼ਿਆਦਾ ਸ਼ਰਧਾ ਕਰਨਾ, ਉਹ ਚੁੱਪ ਚਾਪ ਬੈਠੇ ਰਹੇ।

ਵਿਰੋਚਨ ਨੇ ਗੁਰੂ ਦੇ ਕਥਨ ਤੇ ਵਿਸ਼ਵਾਸ ਕਰ ਲਿਆ। ਅਤੇ ਵਿਚਾਰਾ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਸਿਧਰਾ ਸੀ। ਇਹ ਤਾਂ ਜਾਣਦਾ ਸੀ ਕਿ ਫੀਸ ਦੇ ਰੂਪ ਵਿਚ ਧਨ ਮੰਗਣ ਤੋਂ ਸੰਕੋਚ ਕਰਨ ਕਰ ਕੇ ਗੁਰੂ ਲੋਕ ਸ਼ਿਸ਼ਾਂ ਦੀ ਯੋਗਤਾ ਪਰਖਣ ਅਤੇ ਜਿਗਿਆਸਾ ਬਿਰਤੀ ਦੀ ਪ੍ਰੀਖਿਆ ਲੈਣ ਦੇ ਨਾਂ 'ਤੇ ਏਨਾ ਸਤਾਉਂਦੇ ਹਨ ਕਿ ਇਸ ਤੋਂ ਦੁਖੀ ਹੋ ਕੇ ਦੇਵਤਿਆਂ ਅਤੇ ਅਸੁਰਾਂ ਨੇ ਆਪਣੇ ਆਪਣੇ ਸਮਾਜ ਵਿਚ ਕੁਝ ਚੰਗੇ ਅਧਿਆਪਕਾਂ ਦੇ ਹੁੰਦਿਆਂ ਵੀ

ਪੜ੍ਹਾਈ ਵਲ ਉਦੋਂ ਤਕ ਧਿਆਨ ਨਹੀਂ ਦਿੱਤਾ ਸੀ। ਪਰ ਉਸਨੇ ਇਹ ਸੋਚਿਆ ਵੀ ਨਹੀਂ ਸੀ ਕਿ ਪਿਤਾ ਹੁੰਦੇ ਹੋਇਆਂ ਵੀ ਪ੍ਰਜਾਪਤੀ ਵੀ ਕੁਝ ਅਜਿਹਾ ਹੀ ਵਰਤਾਰਾ ਕਰਨਗੇ। ਉਸਨੇ ਉਨ੍ਹਾਂ ਦੇ ਉਪਦੇਸ਼ ਦਾ ਇਕ ਇਕ ਅੱਖਰ ਅਰਧ-ਬਿਸਰਾਮ ਅਤੇ ਪੂਰਣ-ਬਿਸਰਾਮ ਸਮੇਤ ਜ਼ਬਾਨੀ ਯਾਦ ਕਰ ਲਿਆ ਸੀ ਅਤੇ ਅਸੁਰਾਂ ਕੋਲ ਆ ਕੇ ਠੀਕ ਉਸੇ ਅੰਦਾਜ਼ ਵਿਚ, ਖੰਘਣ ਵੇਲੇ ਖੰਘਦੇ, ਹੱਸਣ ਵੇਲੇ ਹੱਸਦੇ ਅਤੇ ਗੰਭੀਰ ਹੋਣ ਵੇਲੇ ਗੰਭੀਰ ਹੁੰਦੇ ਹੋਏ, ਇਥੋਂ ਤਕ ਕਿ ਪ੍ਰਯੋਗ ਅਤੇ ਪ੍ਰਮਾਣ ਨਾਲ, ਇਕ ਇਕ ਗੱਲ ਤਾਂ ਦੱਸੀ ਹੀ, ਇਸ ਉਪਦੇਸ਼ ਦਾ ਉਸਨੇ ਜਿਸ ਰੂਪ ਵਿਚ ਮਨਨ ਕੀਤਾ ਸੀ ਉਹ ਵੀ ਉਨ੍ਹਾਂ ਨੂੰ ਸਪਸ਼ਟ ਰੂਪ ਵਿਚ ਦੱਸ ਦਿੱਤਾ। ਉਸਨੇ ਉਨ੍ਹਾਂ ਨੂੰ ਕਿਹਾ, ਇਹ ਸਰੀਰ ਹੀ ਆਤਮਾ ਹੈ। ਇਹ ਭੌਤਿਕ ਜਗਤ ਅਤੇ ਜੀਵਨ ਹੀ ਸਭ ਕੁਝ ਹੈ। ਇਸ ਤੋਂ ਪਰੇ ਅਤੇ ਵਖ ਕੁਝ ਵੀ ਨਹੀਂ ਹੈ। ਤੁਸੀਂ 'ਉਪਭੋਗਤਾ-ਵਾਦ' ਦੀ ਉਪਾਸਨਾ ਕਰੋ – ਖਾਓ, ਪੀਓ, ਮਸਤ ਰਹੋ। ਇਸ ਮਸਤੀ ਲਈ ਭਾਵੇਂ ਜਿਹੜਾ ਮਰਜ਼ੀ ਅਪਰਾਧ ਕਰੋ, ਕੁਝ ਵੀ ਗ਼ਲਤ ਨਹੀਂ ਹੈ। ਵਰਤਮਾਨ ਜੀਵਨ ਸੁਖ-ਪੂਰਵਕ ਬਿਤਾਓ, ਕਰਜ਼ ਲੈ ਕੇ ਘੀ ਪੀਓ। ਮਰਨ ਉਪਰੰਤ ਸੜ ਕੇ ਸਭ ਕੁਝ ਸੁਆਹ ਹੋ ਜਾਏਗਾ। ਇਸ ਵਿਚ ਅਗਲੇ ਜਨਮ ਅਤੇ ਪਾਪ-ਪੁੰਨ ਦੇ ਭੋਗ ਦਾ ਤਾਂ ਕੋਈ ਸਵਾਲ ਹੀ ਨਹੀਂ ਉਠਦਾ। ਅਤੇ ਮੰਨ ਲਓ ਕਿ ਸਵਰਗ ਨਰਕ ਹਨ ਵੀ ਤਾਂ ਜੋ ਇਸ ਜੀਵਨ ਵਿਚ ਮਰ-ਮਰ ਕੇ ਜ਼ਿੰਦਾ ਰਿਹਾ, ਉਹ ਨਰਕ ਦਾ ਏਨਾ ਆਦੀ ਹੋ ਚੁਕਾ ਹੋਵੇਗਾ ਕਿ ਸਵਰਗ ਭੇਜਣ 'ਤੇ ਚੀਕਣ ਲਗੇਗਾ। ਉਥੇ ਪਹੁੰਚਾ ਦਿਓ ਤਾਂ ਦੌੜਨ ਲਗੇਗਾ ਕਿਉਂਕਿ ਉਸਨੂੰ ਉਥੇ ਚੈਨ ਨਹੀਂ ਮਿਲੇਗਾ। ਸਵਰਗ ਤਾਂ ਉਨ੍ਹਾਂ ਦਾ ਹੀ ਹੈ ਜਿਨ੍ਹਾਂ ਨੇ ਧਰਤੀ 'ਤੇ ਹੀ ਸਵਰਗ ਵਿਚ ਰਹਿਣ ਦੀ ਆਦਤ ਪਾ ਲਈ ਹੈ, ਅਤੇ ਜਿਸਨੇ ਸਰੀਰ ਦਾ ਅਤੇ ਇਸਦੇ ਸੁੱਖਾਂ ਦਾ ਧਿਆਨ ਰਖਿਆ ਹੈ, ਉਹ ਇਸ ਲੋਕ ਵਿਚ ਵੀ। ਸੁਖੀ ਰਹੇਗਾ ਅਤੇ ਉਸ ਲੋਕ ਵਿਚ ਵੀ ਜੋ ਸਰੀਰ ਪ੍ਰਤਿ ਘੋਲ ਕਰੇਗਾ, ਭੌਤਿਕ ਲੋੜਾਂ ਅਤੇ ਸੁਖ ਸੁਵਿਧਾਵਾਂ ਵਲ ਧਿਆਨ ਨਹੀਂ ਦੇਵੇਗਾ, ਉਸ ਲਈ ਇਹ ਜੀਵਨ ਵੀ ਨਰਕ ਹੈ ਅਤੇ ਪਰਲੋਕ ਵੀ ਨਰਕ ਹੀ ਹੈ। ਹੁਣ ਜੇ ਤੁਸੀਂ ਧਿਆਨ ਦਿਓ ਤਾਂ ਸਮਝ ਜਾਓਗੇ ਕਿ ਜੋ ਦਾਨ ਨਹੀਂ ਦਿੰਦਾ, ਕਿਸੇ ਵਿਚ ਸ਼ਰਧਾ ਨਹੀਂ ਰਖਦਾ ਅਤੇ ਯੱਗ ਨਹੀਂ ਕਰਦਾ, ਉਸ ਨੂੰ ਹੀ ਸਮਝਦਾਰ ਲੋਕ ਅਸੁਰ ਕਹਿੰਦੇ ਹਨ। ਇਹੀ ਅਸੁਰਾਂ ਦਾ ਗੂੜ੍ਹ-ਗਿਆਨ ਹੈ। ਇਹੀ ਉਨ੍ਹਾਂ ਦਾ ਉਪਨਿਸ਼ਦ ਹੈ। ਇਸ ਲਈ ਅਸੀਂ ਲੋਕ ਮ੍ਰਿਤਕ ਦੇ ਸਰੀਰ ਨੂੰ ਸਜਾ ਸੰਵਾਰ ਕੇ ਖੁਸ਼ਬੂਦਾਰ ਸਾਮਗ੍ਰੀ ਆਦਿ ਸਹਿਤ ਉਨ੍ਹਾਂ ਨਾਲ ਹੀ ਦੱਬਾਂਗੇ।

ਪਰੰਤੂ ਇੰਦਰ ਸਿੱਧੇ ਦੇਵਤਿਆਂ ਕੋਲ ਨਹੀਂ ਗਏ। ਉਹ ਸੋਚਣ ਲੱਗੇ, ਪਿਤਾ ਜੀ ਨੇ ਜੋ ਸਿੱਖਿਆ ਦਿੱਤੀ ਹੈ ਉਸ ਵਿਚ ਜ਼ਰੂਰ ਕੋਈ ਕਮੀ ਰਹਿ ਗਈ ਹੈ। ਉਨ੍ਹਾਂ ਨੇ ਤਾਂ ਕਿਹਾ ਸੀ ਕਿ ਆਤਮਾ ਅਜਰ ਹੈ, ਅਵਿਨਾਸ਼ੀ ਅਤੇ ਅਮਰ ਹੈ। ਜੇ ਆਤਮਾ ਸਰੀਰ ਦੀ ਛਾਇਆ ਹੈ ਅਤੇ ਗਹਿਣੇ ਪਾਏ ਹੋਣ ਤੇ ਸਜੀ ਸੰਵਰੀ ਦਿਖਾਈ ਦਿੰਦੀ ਹੈ। ਚੰਗੇ ਕਪੜਿਆਂ ਨਾਲ ਸੋਹਣੀ ਦਿਸਦੀ ਹੈ, ਤਾਂ ਸਰੀਰ ਦੇ ਬੁੱਢੇ ਹੋਣ ਤੇ ਇਹ ਬੁੱਢੀ ਵੀ ਦਿਖਾਈ ਦੇਵੇਗੀ, ਲੰਗੜੇ ਹੋਣ ਤੇ ਲੰਗੜੀ ਦਿਖਾਈ ਦੇਵੇਗੀ। ਅੰਨ੍ਹੇ ਹੋਣ ਦੀ ਸੂਰਤ ਵਿਚ ਦਿਸੇਗੀ ਹੀ ਨਹੀਂ। ਅੰਤ ਵਿਚ ਮਰਨ ਉਪਰੰਤ ਨਸ਼ਟ ਵੀ ਹੋ ਜਾਏਗੀ। ਅਜਿਹੀ ਸਥਿਤੀ ਵਿਚ ਇਹ ਅਜਰ, ਅਮਰ ਅਤੇ ਅਵਿਨਾਸ਼ੀ ਤਾਂ ਨਹੀਂ ਬਣਦੀ।

ਫਿਰ ਉਹ ਲੱਕੜੀਆਂ ਨੂੰ ਹੱਥ ਵਿਚ ਲੈ ਕੇ ਉਥੇ ਪਹੁੰਚੇ। ਅਗਿਆਨ ਅਜੇ ਮਿਟਿਆ ਨਹੀਂ ਹੈ, ਪੂਰਾ ਪ੍ਰਕਾਸ਼ ਹੋਣ ਤੋਂ ਪਹਿਲਾਂ ਹੀ ਅੱਗ ਬੁਝ ਗਈ। ਇਸਦਾ ਅਲਗ ਕੋਈ ਪ੍ਰਤੀਕ ਹੈ ਨਹੀਂ ਸੀ ਇਸ ਲਈ ਯੋਗ ਲੋਕਾਂ ਨੂੰ ਵੀ ਭਰਮ ਹੋਣ ਉਤੇ ਜਿਗਿਆਸਾ ਲੈ ਕੇ ਕਿਸੇ ਕੋਲ ਲੱਕੜੀ ਸਮੇਤ ਪਹੁੰਚਣਾ ਪੈਂਦਾ ਸੀ। ਪ੍ਰਜਾਪਤੀ ਨੇ ਕਿਹਾ, ''ਤੁਸੀਂ ਦੋਵੇਂ ਤਾਂ ਚਲੇ ਗਏ ਸੀ। ਤੁਹਾਡੀਆਂ ਸਾਰੀਆਂ ਸ਼ੰਕਾਵਾਂ ਨਿਰਮੂਲ ਹੋ ਗਈਆਂ ਸਨ। ਵਿਰੋਚਨ ਤਾਂ ਸੰਤੁਸ਼ਟ ਹੋ ਕੇ ਚਲਾ ਵੀ ਗਿਆ। ਤੁਸੀਂ ਕਿਉਂ ਵਾਪਸ ਆ ਗਏ ਹੋ?

ਇੰਦਰ ਨੇ ਆਪਣੇ ਮਨ ਦੀ ਦੁਬਿਧਾ ਉਨ੍ਹਾਂ ਸਾਹਮਣੇ ਪ੍ਰਗਟ ਕੀਤੀ, ''ਭਗਵਾਨ, ਜੇ ਸਰੀਰ ਦੀ ਛਾਇਆ ਹੀ ਆਤਮਾ ਹੈ ਅਤੇ ਗਹਿਣੇ ਪਾਉਣ ਤੇ ਹੀ ਸਜਦੀ ਸੰਵਰਦੀ ਹੈ, ਬਸਤਰ-ਧਾਰੀ ਹੋਣ ਤੇ ਹੀ ਬਸਤਰਧਾਰੀ ਹੋ ਜਾਂਦੀ ਹੈ, ਤਾਂ ਇਸ ਸਰੀਰ ਦੇ ਅੰਨ੍ਹੇ ਹੋਣ ਤੇ ਅੰਨ੍ਹੀ, ਲੰਗੜੇ ਹੋਣ ਤੇ ਲੰਗੜੀ ਅਤੇ ਨਸ਼ਟ ਹੋਣ ਤੇ ਨਸ਼ਟ ਵੀ ਹੋ ਜਾਵੇਗੀ। ਪਰ ਆਪ ਨੇ ਤਾਂ ਕਿਹਾ ਸੀ ਕਿ ਆਤਮਾ ਅਜਰ, ਅਮਰ ਤੇ ਅਵਿਨਾਸ਼ੀ ਹੈ ਇਸ ਦਾ ਭੇਦ ਮੈਨੂੰ ਸਮਝ ਨਹੀਂ ਆ ਰਿਹਾ।''

ਪ੍ਰਜਾਪਤੀ ਨੇ ਕਿਹਾ, ''ਤੂੰ ਠੀਕ ਕਹਿੰਦਾ ਹੈਂ। ਮੈਂ ਤੇਰੇ ਲਈ ਇਸ ਦੀ ਵਿਆਖਿਆ ਕਰਾਂਗਾ। ਪਰ ਜਿਵੇਂ ਕਿ ਨਿਯਮ ਹੈ ਇਸ ਲਈ ਤੈਨੂੰ ਮੁੜ ਬੱਤੀ ਸਾਲਾਂ ਤਕ ਬ੍ਰਹਮਚਰਯ ਜੀਵਨ ਬਿਤਾਉਣਾ ਪਵੇਂਗਾ।''

ਇੰਦਰ ਨੂੰ ਬੱਤੀ ਸਾਲ ਹੋਰ ਪ੍ਰਜਾਪਤੀ ਕੋਲ ਰਹਿ ਕੇ ਗੁਜ਼ਾਰਨੇ ਪਏ। ਇਸ ਅਵਧੀ ਦੇ ਪੂਰਾ ਹੋਣ ਤੇ ਪ੍ਰਜਾਪਤੀ ਨੇ ਕਿਹਾ, ''ਸਾਡੇ ਸੌਣ ਉਪਰੰਤ ਸੁਪਨ-ਅਵਸਥਾ ਵਿਚ ਜੋ ਵਿਚਰਦਾ ਹੋਇਆ ਕ੍ਰਿਆਵਾਂ ਕਰਦਾ ਰਹਿੰਦਾ ਹੈ, ਉਹੀ ਆਤਮਾ ਹੈ। ਇਹੀ ਅਮਰ ਹੈ, ਇਹੀ ਅਭੈ ਹੈ, ਇਹੀ ਬ੍ਰਹਮ ਹੈ।''

ਇੰਦਰ ਇਸ ਉਪਦੇਸ਼ ਨੂੰ ਸੁਣ ਕੇ ਪਹਿਲਾਂ ਵਾਂਗੂ ਸ਼ਾਂਤ ਚਿਤ ਉਥੋਂ ਚਲ ਪਏ। ਪਰ ਇਸ ਵਾਰ ਵੀ ਉਹ ਦੇਵਤਿਆਂ ਕੋਲ ਨਹੀਂ ਗਏ। ਸੋਚਿਆ ਪਹਿਲਾਂ ਇਸ ਗੱਲ 'ਤੇ ਗ਼ੌਰ ਕਰ ਲੈਣਾ ਚਾਹੀਦਾ ਹੈ ਕਿ ਪ੍ਰਜਾਪਤੀ ਨੇ ਠੀਕ ਸਿਖਿਆ ਦਿੱਤੀ ਹੈ ਕਿ ਨਹੀਂ। ਅਜਿਹਾ ਨਾ ਹੋਵੇ ਕਿ ਇਸ ਵਾਰ ਵੀ ਉਨ੍ਹਾਂ ਨੇ ਭਰਮਾ ਦਿੱਤਾ ਹੋਵੇ। ਸੋਚਣ ਤੇ ਇਸ ਵਾਰ ਵੀ ਉਨ੍ਹਾਂ ਦਾ ਸ਼ੱਕ ਸਹੀ ਨਿਕਲਿਆ। ਉਨ੍ਹਾਂ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਸੁਪਨ-ਹੀਨ ਨੀਂਦ ਦੀ ਅਵਸਥਾ ਵਿਚ ਤਾਂ ਕਿਸੇ ਚੀਜ਼ ਦਾ ਬੋਧ ਹੁੰਦਾ ਹੀ ਨਹੀਂ। ਹੋਰ ਤਾਂ ਹੋਰ, ਇਸ ਦਾ ਬੋਧ ਵੀ ਨਹੀਂ ਹੁੰਦਾ ਕਿ ਮੈਂ ਹਾਂ। ਇਹ ਬੋਧ ਤਾਂ ਆਤਮਾ ਲਈ ਜ਼ਰੂਰੀ ਹੈ ਹੀ। ਇਸਦੇ ਨਾਲ ਹੀ ਬਾਹਰਲੇ ਜਗਤ ਦਾ, ਭੌਤਿਕ ਸੰਸਾਰ ਦਾ ਵੀ ਬੋਧ ਨਹੀਂ ਰਹਿ ਜਾਂਦਾ। ਇਹ ਤਾਂ ਮੌਤ ਵਰਗੀ ਹਾਲਤ ਹੋਈ। ਪ੍ਰਜਾਪਤੀ ਨੇ ਉਨ੍ਹਾਂ ਨੂੰ ਇਸ ਵਾਰ ਵੀ ਪੂਰਾ ਪਾਠ ਨਹੀਂ ਸੀ ਪੜ੍ਹਾਇਆ, ਇਸ ਵਿਚ ਤਾਂ ਕੋਈ ਸ਼ਕ ਨਹੀਂ ਸੀ ਰਹਿ ਗਿਆ। ਵਿਚਾਰੇ ਕੀ ਕਰਦੇ। ਲੱਕੜੀਆਂ ਹੱਥ ਵਿਚ ਲਈ ਪ੍ਰਜਾਪਤੀ ਕੋਲ ਪਹੁੰਚੇ। ਆਪਣੀ ਦੁਬਿਧਾ ਉਨ੍ਹਾਂ ਸਾਹਮਣੇ ਰਖੀ।

ਪ੍ਰਜਾਪਤੀ ਨੂੰ ਇਸ ਵਾਰ ਵੀ ਮੰਨਣਾ ਪਿਆ ਕਿ ਉਨ੍ਹਾਂ ਨੇ ਇੰਦਰ ਨੂੰ ਭਰਮਾ ਦਿੱਤਾ ਸੀ। ਇੰਦਰ ਦੇ ਮੁਖ ਉਤੇ ਜ਼ਰੂਰ ਕੋਈ ਅਜਿਹਾ ਹੀ ਪ੍ਰਭਾਵ ਰਿਹਾ ਹੋਵੇਗਾ ਜਿਸ ਤੋਂ ਪ੍ਰਜਾਪਤੀ ਨੂੰ ਲੱਗਿਆ ਹੋਵੇਗਾ ਕਿ ਬੱਤੀ-ਬੱਤੀ ਸਾਲ ਖ਼ਰਾਬ ਕਰਨ ਉਪਰੰਤ ਜੇ ਇਕ

ਇਕ ਪਾਠ ਪੜ੍ਹਾਇਆ ਜਾ ਰਿਹਾ ਹੈ, ਉਸ ਬਾਰੇ ਵੀ ਇਸ ਦਾ ਮਨ ਉਦਾਸ ਹੈ। ਪ੍ਰਜਾਪਤੀ ਨੂੰ ਲੱਗਿਆ ਕਿ ਉਸਦਾ ਇਹ ਅਸੰਤੋਸ਼ ਵੀ ਜਾਇਜ਼ ਹੈ, ਇਸ ਲਈ ਇਸ ਵਾਰ ਉਨ੍ਹਾਂ ਨੇ ਸਿਰਫ ਪੰਜ ਸਾਲ ਦੇ ਬ੍ਰਹਮਚਰਯ ਦੀ ਸ਼ਰਤ ਰਖੀ।

ਇਸ ਅਵਧੀ ਤੋਂ ਬਾਅਦ ਇੰਦਰ ਜਦੋਂ ਉਨ੍ਹਾਂ ਕੋਲ ਆਏ ਤਾਂ ਪ੍ਰਜਾਪਤੀ ਨੇ ਸੋਚਿਆ ਇਸ ਵਾਰ ਅਸਲੀ ਗਿਆਨ ਦੇ ਹੀ ਦੇਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਚਾਰ ਚੱਕਰਾਂ ਵਿਚ ਵਿਚਾਰੇ ਦਾ ਇਕ ਸੌ ਇਕ ਸਾਲ ਦਾ ਸਮਾਂ ਖ਼ਰਾਬ ਹੋ ਗਿਆ ਹੈ। ਹੁਣ ਇਸ ਦੇ ਮਨ ਵਿਚ ਅਸੰਤੋਸ਼ ਵੀ ਬਹੁਤ ਵਧ ਗਿਆ ਹੈ। ਉਨ੍ਹਾਂ ਨੇ ਦੱਸਿਆ, ''ਇੰਦਰ, ਇਹ ਸਰੀਰ ਆਤਮਾ ਨਹੀਂ ਹੈ। ਆਤਮਾ ਦਾ ਨਿਵਾਹ ਹੈ ਇਹ। ਜਦੋਂ ਇਹ ਆਪਣੇ ਆਪ ਨੂੰ ਇਸ ਸਰੀਰ ਤੋਂ ਅਭਿੰਨ ਮੰਨ ਲੈਂਦਾ ਹੈ ਉਦੋਂ ਤੋਂ ਹੀ ਇਸ ਨੂੰ ਦੁਖ ਤੇ ਸੁਖ ਸਤਾਉਂਦੇ ਹਨ ਅਤੇ ਇਹ ਡਰ ਲੱਗਿਆ ਰਹਿੰਦਾ ਹੈ ਕਿ ਉਸਦੀ ਮੌਤ ਹੋ ਜਾਵੇਗੀ। ਸਰੀਰ ਤਾਂ ਨਾਸ਼ਵਾਨ ਹੈ। ਇਹ ਅਮਰ ਅਤੇ ਅਭੈ ਕਿਵੇਂ ਹੋ ਸਕਦਾ ਹੈ। ਇਸਨੂੰ ਤਾਂ ਆਪਣੇ ਅਤੇ ਆਪਣਿਆਂ ਦੇ ਸੁਖ ਤੇ ਦੁਖ ਮਹਿਸੂਸ ਹੋਣਗੇ ਹੀ। ਸਰੀਰ ਤੋਂ ਮੁਕਤ ਹੋਣ ਤੇ ਹੀ ਇਸ ਨੂੰ ਆਪਣੇ, ਪਰਾਏ ਛੋਹ ਨਹੀਂ ਸਕਦੇ। ਤੁਸੀਂ ਵਾਯੂ, ਬੱਦਲ, ਬੱਦਲਾਂ ਦੀ ਗਰਜ ਅਤੇ ਬਿਜਲੀ ਨੂੰ ਦੇਖੋ। ਕੀ ਇਨ੍ਹਾਂ ਦਾ ਕੋਈ ਨਿਸ਼ਚਿਤ ਰੂਪਾਕਾਰ ਹੈ? ਕੀ ਇਹ ਸਰੀਰੀ ਹਨ? ਸਰੀਰ ਤੋਂ ਮੁਕਤ ਹੋਣ ਕਾਰਣ ਹੀ ਜਿਵੇਂ ਇਹ ਆਕਾਸ਼ ਤੋਂ ਉਠ ਕੇ ਸੂਰਜ ਲੋਕ ਵਿਚ ਪਹੁੰਚ ਜਾਂਦੇ ਹਨ, ਅਤੇ ਫਿਰ ਪ੍ਰਗਟ ਹੋ ਜਾਂਦੇ ਹਨ, ਉਵੇਂ ਹੀ ਇਹ ਆਤਮਾ, ਵਾਯੂ ਆਦਿ ਵਾਂਗ, ਇਸ ਕਾਇਆ ਨੂੰ ਛੱਡ ਕੇ ਸੂਰਜ ਲੋਕ ਨੂੰ ਪ੍ਰਾਪਤ ਹੋ ਜਾਂਦੀ ਹੈ, ਉਸੇ ਦਾ ਅੰਗ ਹੋ ਜਾਂਦੀ ਹੈ, ਉਸ ਵੇਲੇ ਉਸ ਨੂੰ ਨਾ ਤਾਂ ਸੰਸਾਰਿਕ ਭੋਗਾਂ ਦਾ ਸੁਖ ਮਿਲਦਾ ਹੈ ਨਾ ਹੀ ਕਿਸੇ ਅਭਾਵ ਤੋਂ ਕਸ਼ਟ ਹੁੰਦਾ ਹੈ। ਉਹ ਇਨ੍ਹਾਂ ਦੋਹਾਂ ਤੋਂ ਅਲੋਪ ਹੋ ਜਾਂਦੀ ਹੈ। ਸਰੀਰ-ਬੋਧ ਆਤਮਾ ਦੀ ਹਾਲਤ ਤਾਂ ਉਸ ਘੋੜੇ ਜਾਂ ਬਲਦ ਵਰਗੀ ਹੈ ਜੋ ਗੱਡੇ ਅੱਗੇ ਜੁਤਿਆ ਹੋਇਆ ਹੈ।

ਅੱਖਾਂ ਨਾਲ ਵੇਖੇ ਜਾ ਸਕਣ ਵਾਲਾ ਸਾਰਾ ਸੰਸਾਰ ਜਿਸ ਵਿਚ ਸਮਾਇਆ ਹੋਇਆ ਹੈ, ਉਹ ਚਕਸ਼ੂ ਪੁਰਸ਼ ਹੈ ਅਤੇ ਇਸਦੇ ਰੂਪ-ਗ੍ਰਹਿਣ ਕਰਨ ਲਈ ਹੀ ਸਾਡੇ ਨੇਤਰ ਹਨ। ਠੀਕ ਇਸੇ ਤਰ੍ਹਾਂ ਜੋ ਸੋਚਦਾ ਹੈ ਕਿ ਮੈਂ ਗੰਧ ਨੂੰ ਸੁੰਘਾ, ਉਹ ਵੀ ਆਤਮਾ ਹੈ ਅਤੇ ਇਸ ਲਈ ਇੰਦਰੀਆਂ ਦੇ ਰੂਪ ਵਿਚ ਉਸਨੂੰ ਨੱਕ ਮਿਲਿਆ ਹੋਇਆ ਹੈ। ਜੋ ਸੋਚਦਾ ਹੈ ਕਿ ਉਹ ਬੋਲੇ ਅਤੇ ਜਿਸਦੇ ਅਜਿਹਾ ਸੋਚਣ ਨਾਲ ਬਾਣੀ ਨਿਕਲਦੀ ਹੈ, ਉਹ ਆਤਮਾ ਹੈ, ਅਤੇ ਸਾਡਾ ਉੱਚਾਰਣ-ਤੰਤ੍ਰ ਇਸਦੀ ਵਾਗ-ਇੰਦਰੀ ਹੈ। ਜਿਸ ਵਿਚ ਸੁਣਨ ਦਾ ਵਿਚਾਰ ਉਪਜਦਾ ਹੈ ਉਹ ਵੀ ਆਤਮਾ ਹੈ ਅਤੇ ਇਸ ਕ੍ਰਿਆ ਦੇ ਲਈ ਉਸਨੂੰ ਕੰਨ ਮਿਲੇ ਹੋਏ ਹਨ। ਇਹ ਜੋ ਸੋਚਦਾ ਹੈ ਕਿ ਉਹ ਮਨਨ ਕਰੇ, ਸੋਚੇ, ਉਹ ਆਤਮਾ ਹੀ ਹੈ ਅਤੇ ਮਨ ਇਸ ਦਾ ਦੈਵੀ ਨੇਤ੍ਰ ਹੈ।''

ਪ੍ਰਜਾਪਤੀ ਨੇ ਅੱਗੋਂ ਦੱਸਿਆ, ''ਇਸ ਬ੍ਰਹਮ ਲੋਕ ਵਿਚ ਦੇਵਤੇ ਇਸੇ ਆਤਮਾ ਦੀ ਉਪਾਸਨਾ ਕਰਦੇ ਹਨ ਇਸ ਲਈ ਉਨ੍ਹਾਂ ਨੂੰ ਸਾਰੇ ਲੋਕ ਅਤੇ ਸਾਰੀਆਂ ਮਨ ਚਾਹੀਆਂ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ। ਜੋ ਇਸ ਆਤਮ-ਤੱਤ ਨੂੰ ਜਾਣ ਲੈਂਦਾ ਹੈ, ਉਹ ਸਾਰੇ ਲੋਕਾਂ ਅਤੇ ਭੋਗਾਂ ਨੂੰ ਪ੍ਰਾਪਤ ਕਰ ਲੈਂਦਾ ਹੈ।''

# ਭੂਮਾ ਦਾ ਸੁਖ

ਨਾਰਦ ਜੀ ਆਪਣੇ ਸਮੇਂ ਦੇ ਸਭ ਤੋਂ ਵੱਡੇ ਪੰਡਿਤ ਮੰਨੇ ਜਾਂਦੇ ਸਨ। ਉਨ੍ਹਾਂ ਦਾ ਸਾਧਾਰਣ ਗਿਆਨ ਹੀ ਚੰਗਾ ਨਹੀਂ ਸੀ, ਸਗੋਂ ਵਿਸ਼ੇਸ਼ ਗਿਆਨ ਵੀ ਬਹੁਤ ਉਤਮ ਸੀ। ਉਹ ਲੋਕਾਂ ਦੇ ਘਰਾਂ, ਪਰਿਵਾਰਾਂ, ਇਰਾਦਿਆਂ ਅਤੇ ਵਿਚਾਰਾਂ ਦੀ ਟੋਹ ਰਖਦੇ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਸਮਾਚਾਰ-ਸੇਵਾ ਦੇ ਨਾਲ-ਨਾਲ ਉਸ ਜਸੂਸੀ ਦਾ ਵੀ ਆਰੰਭ ਕੀਤਾ ਸੀ ਜਿਸ ਨੂੰ ਅੱਗੇ ਚਲ ਕੇ ਖੋਜੀ-ਰਪਟਗੀਰੀ ਕਿਹਾ ਜਾਣਾ ਸੀ। ਇਸ ਨਾਲ ਉਨ੍ਹਾਂ ਦਾ ਏਨਾ ਭੈ ਪਸਰ ਗਿਆ ਸੀ ਕਿ ਲੋਕ ਉਨ੍ਹਾਂ ਦੇ ਆਉਂਦਿਆਂ ਹੀ ਮਨ ਵਿਚ ਸਾਰੇ ਸੰਭਾਵਿਤ ਪ੍ਰਸ਼ਨਾਂ ਦੇ ਉਤਰ ਲੱਭ ਲੈਂਦੇ ਅਤੇ ਇਕ ਇਕ ਸ਼ਬਦ ਸੰਭਲ ਕੇ ਬੋਲਦੇ। ਪਰ ਇਕ ਵਾਰ ਤਾਂ ਉਨ੍ਹਾਂ ਨੂੰ ਵੀ ਅਹਿਸਾਸ ਹੋਇਆ ਕਿ ਸਭ ਕੁਝ ਜਾਣਦਿਆਂ ਵੀ ਉਹ ਕੁਝ ਨਹੀਂ ਜਾਣਦੇ।

ਸਨਤ ਕੁਮਾਰ ਜੀ ਦੇ ਬਾਰੇ ਸਾਰੇ ਲੋਕ ਜਾਣਦੇ ਹਨ ਅਤੇ ਜੋ ਨਹੀਂ ਜਾਣਦੇ ਉਨ੍ਹਾਂ ਨੂੰ ਉਨ੍ਹਾਂ ਬਾਰੇ ਜਾਣਨ ਲਈ ਅਗੋਂ ਵੀ ਕੋਈ ਦਿਲਚਸਪੀ ਨਹੀਂ ਹੋ ਸਕਦੀ। ਇਸ ਲਈ ਉਨ੍ਹਾਂ ਨੂੰ ਏਨਾ ਜਾਣ ਕੇ ਹੀ ਸੰਤੋਸ਼ ਕਰ ਲੈਣਾ ਚਾਹੀਦਾ ਹੈ ਕਿ ਉਹ ਬਹੁਤ ਪਹੁੰਚੇ ਹੋਏ ਵਿਦਵਾਨ ਅਤੇ ਆਤਮ ਤੱਤ ਦੇ ਪਰਮ-ਗਿਆਤਾ ਸਨ। ਲੋਕੀਂ ਅਕਸਰ ਉਨ੍ਹਾਂ ਨੂੰ ਤੰਗ ਕਰਨ ਲਈ ਪਹੁੰਚ ਜਾਇਆ ਕਰਦੇ ਸਨ ਅਤੇ ਉਹ ਉਨ੍ਹਾਂ ਦੀ ਸ਼ਰਧਾ ਅਤੇ ਸੰਕਲਪ ਦੀ ਪਰੀਖਿਆ ਕਰਨ ਮਗਰੋਂ ਉਪਦੇਸ਼ ਵੀ ਦਿੰਦੇ ਸਨ। ਇਕ ਗੱਲ ਜ਼ਰੂਰ ਸੀ ਕਿ ਜੋ ਆਪਣੇ ਆਪ ਨੂੰ ਜਿੰਨਾ ਵੱਡਾ ਗਿਆਨੀ ਸਮਝਦਾ ਸੀ ਉਸਨੂੰ ਆਤਮ-ਤੱਤ ਨੂੰ ਜਾਣਨ ਵਿਚ ਓਨੀਆਂ ਹੀ ਮੁਸ਼ਕਲਾਂ ਆਉਂਦੀਆਂ ਸਨ। ਇਕ ਵਾਰ ਨਾਰਦ ਜੀ ਵੀ ਉਨ੍ਹਾਂ ਕੋਲ ਆਏ। ਉਨ੍ਹਾਂ ਨੇ ਸਨਤਕੁਮਾਰ ਜੀ ਨੂੰ ਬੇਨਤੀ ਕੀਤੀ ਕਿ ਉਸ ਨੂੰ ਉਪਦੇਸ਼ ਦੇਣ।

ਸਨਤਕੁਮਾਰ ਜੀ ਨੇ ਕਿਹਾ, "ਮੈਂ ਉਪਦੇਸ਼ ਤਾਂ ਕਰਾਂਗਾ ਪਰ ਪਹਿਲਾਂ ਤੁਸੀਂ ਜੋ ਜਾਣਦੇ ਹੋ ਉਹ ਮੈਨੂੰ ਖੋਲ੍ਹ ਕੇ ਦੱਸੋ। ਜਦੋਂ ਉਹ ਸਭ ਜਾਣ ਲਵਾਂਗਾ ਤਾਂ ਹੀ ਪਤਾ ਲਗੇਗਾ ਕਿ ਤੁਹਾਡੇ ਦਿਮਾਗ਼ ਵਿਚ ਸਮਾਈਆਂ ਹੋਈਆਂ ਕਿਹੜੀਆਂ ਕਿਹੜੀਆਂ ਗੱਲਾਂ ਬਾਹਰ ਕੱਢਣੀਆਂ ਹਨ। ਦਿਮਾਗ ਦੀ ਸਫ਼ਾਈ ਮਗਰੋਂ ਹੀ ਕੁਝ ਦੱਸਣਾ ਸਾਰਥਕ ਹੋ ਸਕੇਗਾ।

ਨਾਰਦ ਨੇ ਕਿਹਾ, "ਪ੍ਰਭੂ, ਮੈਂ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ ਤਾਂ ਕੰਠ ਕਰ ਹੀ ਲਏ ਹਨ; ਇਸ ਤੋਂ ਉਪਰ ਪੰਜਵਾਂ ਵੇਦ ਮੰਨੇ ਜਾਣ ਵਾਲੇ ਇਤਿਹਾਸ ਅਤੇ ਪੁਰਾਣ ਦਾ ਅਤੇ ਵੇਦਾਂ ਦਾ ਵੇਦ ਮੰਨੇ ਜਾਣ ਵਾਲੇ ਵਿਆਕਰਣ ਦਾ ਗਿਆਨ ਵੀ ਰਖਦਾ ਹਾਂ। ਉਪਰੋਂ ਪਿਤਰ-ਕਲਪ, ਰਾਸ਼ੀ-ਵਿਦਿਆ ਜਾਂ ਗਣਿਤ, ਉਤਪਾਤ-ਵਿਦਿਆ, ਨਿਧੀ-ਸ਼ਾਸਤ੍ਰ ਜਾਂ ਖਣਿਜ ਵਿਗਿਆਨ, ਤਰਕ ਸ਼ਾਸਤ੍ਰ, ਏਕਾਇਨ ਜਾਂ ਨੀਤੀਸ਼ਾਸਤ੍ਰ,

ਦੇਵ-ਵਿਦਿਆ, ਬ੍ਰਹਮ-ਵਿਦਿਆ, ਭੂਤ-ਵਿਦਿਆ ਜਾਂ ਭੌਤਿਕ ਸ਼ਾਸਤ੍ਰ, ਖੇਤਰ-ਵਿਦਿਆ ਜਾਂ ਸੈਨਿਕ-ਵਿਗਿਆਨ, ਨੱਛਤ੍ਰ-ਵਿਦਿਆ ਜਾਂ ਜੋਤਿਸ਼, ਸਰਪ-ਵਿਦਿਆ ਜਾ ਵਿਸ਼ੈਲੇ ਜੰਤੂਆਂ ਅਤੇ ਕੀੜਿਆਂ ਦੇ ਡੰਗ ਦਾ ਮੰਤ੍ਰ-ਉਪਚਾਰ, ਦੇਵਜਨ-ਵਿਦਿਆ ਜਾਂ ਨ੍ਰਿਤ ਅਤੇ ਸੰਗੀਤ ਆਦਿ ਦਾ ਗਿਆਨ ਰਖਦਾ ਹਾਂ। ਮੇਰੀ ਮੁਸ਼ਕਲ ਇਹ ਹੈ ਕਿ ਮੈਂ ਮੰਤ੍ਰਾਂ ਅਤੇ ਸ਼ਾਸਤ੍ਰਾਂ ਦਾ ਤਾਂ ਜਾਣਕਾਰ ਹਾਂ, ਪਰ ਬ੍ਰਹਮ-ਵਿਦਿਆ ਦਾ ਗਿਆਨ ਮੈਨੂੰ ਨਹੀਂ ਹੈ। ਮੈਂ ਉਸ ਆਤਮ-ਤੱਤ ਨੂੰ ਨਹੀਂ ਜਾਣਦਾ ਜਿਸਨੂੰ ਜਾਣ ਲੈਣ ਨਾਲ ਮਨੁੱਖ ਸ਼ੋਕ ਨੂੰ ਪਾਰ ਕਰ ਜਾਂਦਾ ਹੈ। ਮੈਂ ਏਨੇ ਸਾਰੇ ਗਿਆਨ ਜਾਣਨ ਤੇ ਵੀ ਸ਼ੋਕ ਤੋਂ ਵਿਆਕੁਲ ਰਹਿੰਦਾ ਹਾਂ। ਮੈਂ ਉਹ ਵਿਦਿਆ ਸਿਖਣੀ ਹੈ ਜਿਸ ਨਾਲ ਇਨ੍ਹਾਂ ਸ਼ੋਕਾਂ ਨੂੰ ਪਾਰ ਕੀਤਾ ਜਾ ਸਕਦਾ ਹੈ।

ਸਨਤਕੁਮਾਰ ਨੇ ਕਿਹਾ, "ਤੂੰ ਠੀਕ ਕਹਿੰਦਾ ਹੈ। ਤੇਰਾ ਸਾਰਾ ਗਿਆਨ ਕੇਵਲ ਨਾਮ ਮਾਤਰ ਤਕ ਸੀਮਿਤ ਹੈ।" ਅਤੇ ਫਿਰ ਉਨ੍ਹਾਂ ਨੇ ਇਕ-ਇਕ ਕਰਕੇ ਗਿਣਨਾ ਸ਼ੁਰੂ ਕੀਤਾ, "ਰਿਗਵੇਦ ਨਾਮ ਹੈ। ਯਜੁਰਵੇਦ, ਸਾਮਵੇਦ, ਅਥਰਵਵੇਦ, ਇਤਿਹਾਸ, ਪੁਰਾਣ, ਵਿਆਕਰਣ, ਪਿੱਤਰ-ਕਲਪ, ਗਣਿਤ, ਉਤਪਾਤ-ਵਿਦਿਆ, ਭੌਤਿਕ ਸ਼ਾਸਤ੍ਰ, ਧਨੁਰਵੇਦ, ਜੋਤਿਸ਼, ਮੰਤ੍ਰ-ਉਪਚਾਰ, ਨ੍ਰਿਤ ਅਤੇ ਸੰਗੀਤ ਅਤੇ ਸ਼ਿਲਪ-ਵਿਦਿਆ ਇਹ ਸਾਰੇ ਨਾਂ ਹੀ ਹਨ ਇਸ ਲਈ ਤੂੰ ਨਾਮ ਦੀ ਹੀ ਉਪਾਸਨਾ ਕਰ।"

ਨਾਰਦ ਨੂੰ ਬੜੀ ਹੈਰਾਨੀ ਹੋਈ। ਜੋ ਕੁਝ ਉਹ ਪਹਿਲਾਂ ਤੋਂ ਹੀ ਜਾਣਦੇ ਸਨ, ਉਹ ਨਾਮ ਹੋਵੇ ਜਾਂ ਗੁਮਨਾਮ ਹੋਵੇ, ਉਸੇ ਦੀ ਉਪਾਸਨਾ ਕਰਨ ਦੀ ਸਲਾਹ ਦੇ ਕੇ ਰਿਸ਼ੀਵਰ ਉਸਨੂੰ ਕੀ ਸਿੱਖਿਆ ਦੇ ਰਹੇ ਹਨ। ਇਨ੍ਹਾਂ ਦੀ ਉਪਾਸਨਾ ਤਾਂ ਉਹ ਕਰਦੇ ਹੀ ਆ ਰਹੇ ਹਨ।

ਸਨਤਕੁਮਾਰ ਨੇ ਉਨ੍ਹਾਂ ਦੀ ਦੁਬਿਧਾ ਨੂੰ ਤਾੜ ਲਿਆ। ਕਹਿਣ ਲੱਗੇ, "ਜੋ ਇਹ ਮੰਨ ਕੇ ਨਾਮ ਦੀ ਉਪਾਸਨਾ ਕਰਦਾ ਹੈ ਕਿ ਨਾਮ ਹੀ ਬ੍ਰਹਮ ਹੈ, ਉਹਦੀ ਗਤੀ ਉਥੇ ਤਕ ਹੋ ਜਾਂਦੀ ਹੈ ਜਿਥੇ ਤਕ ਨਾਮ ਦੀ ਗਤੀ ਹੈ।"

ਨਾਰਦ ਨੇ ਮਨ ਹੀ ਮਨ ਵਿਚ ਸੋਚਿਆ ਕਿ ਇਹ ਸਭ ਤਾਂ ਉਹ ਆਪ ਵੀ ਜਾਣਦੇ ਹਨ। ਸ਼ਬਦ ਦੀ ਮਹਿਮਾ ਨਾ ਹੁੰਦੀ ਤਾਂ ਮੰਤ੍ਰ-ਉਪਚਾਰ ਦਾ ਤਾਂ ਕੋਈ ਅਰਥ ਹੀ ਨਹੀਂ ਸੀ ਰਹਿ ਜਾਂਦਾ। ਪਰ ਪ੍ਰਗਟ ਰੂਪ ਵਿਚ ਉਨ੍ਹਾਂ ਨੇ ਬੇਨਤੀ ਕਰਦਿਆਂ ਕਿਹਾ, "ਭਗਵਾਨ, ਕੀ ਨਾਮ ਤੋਂ ਉਤੇ ਵੀ ਕੁਝ ਹੈ।"

ਸਨਤਕੁਮਾਰ ਮੁਸਕਰਾਏ, "ਹੈ। ਨਾਮ ਤੋਂ ਉਪਰ ਇਕ ਚੀਜ਼ ਹੈ।"

ਨਾਰਦ ਨੇ ਕਿਹਾ, "ਤਾਂ ਫਿਰ ਮੈਨੂੰ ਉਹੀ ਦੱਸੋ।"

ਸਨਤਕੁਮਾਰ ਨੇ ਕਿਹਾ, "ਨਾਮ ਤੋਂ ਵਧ ਕੇ 'ਵਾਕ' ਹੈ। ਬਾਣੀ। ਇਹੀ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ ਨੂੰ ਸਪਸ਼ਟ ਕਰਦੀ ਹੈ। ਇਤਿਹਾਸ, ਪੁਰਾਣ, ਸ੍ਰਾਧ-ਕਲਪ, ਗਣਿਤ, ਉਤਪਾਤ-ਸ਼ਾਸਤ੍ਰ, ਖਣਿਜ-ਵਿਗਿਆਨ, ਤਰਕ-ਸ਼ਾਸਤ੍ਰ, ਨੀਤੀ-ਸ਼ਾਸਤ੍ਰ, ਨਿਰੁਕਤ, ਵੇਦ-ਵਿਦਿਆ, ਭੌਤਿਕ-ਸ਼ਾਸਤ੍ਰ, ਧਨੁਰਵੇਦ, ਜੋਤਿਸ਼, ਮੰਤ੍ਰ-ਉਪਚਾਰ, ਸੰਗੀਤ-ਸ਼ਾਸਤ੍ਰ, ਸਵਰਗਲੋਕ, ਪ੍ਰਿਥਵੀ, ਵਾਯੂ, ਆਕਾਸ਼, ਤੇਜ, ਜਲ, ਦੇਵ, ਮਨੁੱਖ, ਪਸ਼ੂ-ਪੰਛੀ, ਤ੍ਰਿਣ-ਬਨਸਪਤੀ, ਮ੍ਰਿਗ-ਹਿੰਸਰ-ਪਸ਼ੂ, ਕੀੜੇ-ਮਕੌੜੇ,

ਕੀੜੀਆਂ-ਭੌਮਟ, ਧਰਮ-ਅਧਰਮ, ਸੱਚ-ਝੂਠ, ਸਾਧੂ-ਅਸਾਧੂ, ਸੁੰਦਰ-ਅਸੁੰਦਰ, ਜੋ ਕੁਝ ਵੀ ਹੈ, ਸਭ ਕੁਝ ਬਾਣੀ ਨਾਲ ਹੀ ਪ੍ਰਗਟਾਇਆ ਜਾਂਦਾ ਹੈ। ਜੇ ਬਾਣੀ ਨਾ ਹੁੰਦੀ ਤਾਂ ਨਾ ਤਾਂ ਧਰਮ ਅਤੇ ਅਧਰਮ ਦਾ ਪਤਾ ਲਗਦਾ, ਨਾ ਹੀ ਸੱਚ ਤੇ ਝੂਠ ਦਾ, ਨਾ ਸੁੰਦਰ ਅਤੇ ਅਸੁੰਦਰ ਦਾ। ਇਨ੍ਹਾਂ ਸਾਰਿਆਂ ਦਾ ਗਿਆਨ ਬਾਣੀ ਰਾਹੀਂ ਹੀ ਹੁੰਦਾ ਹੈ। ਇਸ ਲਈ ਤੂੰ ਬਾਣੀ ਨੂੰ ਹੀ ਬ੍ਰਹਮ ਮੰਨ ਕੇ ਉਪਾਸਨਾ ਕਰ।

ਇਹ ਸੱਚ ਹੈ ਕਿ ਨਾਰਦ ਨੇ ਬਾਣੀ ਦੀ ਕਲਪਨਾ ਬ੍ਰਹਮ ਦੇ ਰੂਪ ਵਿਚ ਨਹੀਂ ਕੀਤੀ ਸੀ, ਪਰ ਬਾਣੀ ਦੀ ਉਪਾਸਨਾ ਤਾਂ ਉਹ ਸਦਾ ਤੋਂ ਕਰਦੇ ਆ ਰਹੇ ਸਨ। ਉਹ ਇਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋਏ।

ਸਨਤਕੁਮਾਰ ਨੇ ਸੋਚਿਆ ਕਿ ਇਸ ਦੁਬਿਧਾ ਦੇ ਮੂਲ ਵਿਚ ਇਹ ਚਿੰਤਾ ਹੋ ਸਕਦੀ ਹੈ ਕਿ ਇਸ ਉਪਾਸਨਾ ਤੋਂ ਲਾਭ ਕੀ ਹੋਵੇਗਾ। ਇਸ ਲਈ ਨਾਰਦ ਦੀ ਰੁਚੀ ਜਗਾਉਣ ਲਈ ਉਨ੍ਹਾਂ ਨੇ ਕਿਹਾ, "ਜੋ ਬਾਣੀ ਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ ਉਸਦੀ ਗਤੀ ਉਥੋਂ ਤਕ ਹੋ ਜਾਂਦੀ ਹੈ, ਜਿਥੋਂ ਤਕ ਬਾਣੀ ਦੀ ਗਤੀ ਹੈ।"

ਇਹ ਗੱਲ ਨਾਰਦ ਤੋਂ ਲੁਕੀ ਨਹੀਂ ਸੀ। ਉਨ੍ਹਾਂ ਨੇ ਇਹ ਤਾਂ ਨਹੀਂ ਕਿਹਾ ਕਿ ਇਹ ਸਭ ਉਹ ਸਨਤਕੁਮਾਰ ਦੇ ਦੱਸਣ ਤੋਂ ਪਹਿਲਾਂ ਜਾਣਦੇ ਸਨ, ਪਰ ਬੇਨਤੀ ਕਰਦਿਆਂ ਇਹ ਤਾਂ ਕਹਿ ਹੀ ਦਿੱਤਾ, "ਕੀ ਬਾਣੀ ਤੋਂ ਵਧ ਕੇ ਕੁਝ ਵੀ ਨਹੀਂ ਹੈ।"

ਸਨਤਕੁਮਾਰ ਨੇ ਕਿਹਾ, "ਹੈ ਕਿਉਂ ਨਹੀਂ। ਬਾਣੀ ਤੋਂ ਵੀ ਉਪਰ ਇਕ ਚੀਜ਼ ਹੈ।"

ਨਾਰਦ ਨੇ ਬੇਨਤੀ ਕੀਤੀ ਕਿ ਉਹ ਉਸੇ ਦਾ ਉਪਦੇਸ਼ ਕਰਨ। ਸਨਤਕੁਮਾਰ ਜੀ ਕਹਿਣ ਲੱਗੇ, "ਬਾਣੀ ਤੋਂ ਉੱਤਮ ਹੈ ਮਨ। ਜਿਸ ਤਰ੍ਹਾਂ ਦੋ ਆਵਲੇ, ਦੋ ਬੇਰ ਅਤੇ ਦੋ ਬਹੇੜੇ ਮੁੱਠੀ ਵਿਚ ਆ ਜਾਂਦੇ ਹਨ ਉਸੇ ਤਰ੍ਹਾਂ ਮਨ ਵਿਚ ਵਾਕ ਅਤੇ ਨਾਮ ਦੋਵੇਂ ਸਿਮਟ ਜਾਂਦੇ ਹਨ। ਮਨੁੱਖ ਪਹਿਲਾਂ ਮਨ ਵਿਚ ਸੋਚਦਾ ਹੈ ਕਿ ਉਹ ਫਲਾਣਾ ਕੰਮ ਕਰੇ ਅਤੇ ਫਿਰ ਉਹ ਕੰਮ ਕਰਦਾ ਹੈ। ਸੋਚਦਾ ਹੈ ਮੰਤਰ ਪੜ੍ਹਾਂ, ਤਾਂ ਮੰਤਰ ਪੜ੍ਹਦਾ ਹੈ। ਸੋਚਦਾ ਹੈ ਕੰਮ ਕਰਾਂ ਤਾਂ ਕੰਮ ਕਰਦਾ ਹੈ। ਇਸ ਲਈ ਮਨ ਹੀ ਲੋਕ ਹੈ। ਮਨ ਹੀ ਆਤਮਾ ਹੈ। ਮਨ ਹੀ ਬ੍ਰਹਮ ਹੈ। ਤੂੰ ਮਨ ਦੀ ਉਪਾਸਨਾ ਕਰ।"

ਕੁਝ ਦੇਰ ਤਕ ਰੁਕ ਕੇ ਸਨਤਕੁਮਾਰ ਨੇ ਲਾਭ-ਹਾਨੀ ਸਮਝਾਉਂਦੇ ਹੋਏ ਕਿਹਾ, "ਜੋ ਮਨ ਨੂੰ ਬ੍ਰਹਮ ਮੰਨ ਕੇ ਉਸਦੀ ਉਪਾਸਨਾ ਕਰਦਾ ਹੈ ਉਹ ਜਦੋਂ ਚਾਹੇ ਉਸ ਚੀਜ਼ ਨੂੰ ਹਾਸਲ ਕਰ ਸਕਦਾ ਹੈ ਜਿਥੇ ਤਕ ਮਨ ਜਾਂਦਾ ਹੈ।"

ਨਾਰਦ ਇਸ ਤੋਂ ਵੀ ਸੰਤੁਸ਼ਟ ਨਹੀਂ ਹੋਏ, "ਹੇ ਭਗਵਾਨ, ਮਨ ਤੋਂ ਉਤੇ ਕੁਝ ਨਹੀਂ ਹੈ।"

ਸਨਤਕੁਮਾਰ ਨੇ ਕਿਹਾ, "ਹੈ ਕਿਉਂ ਨਹੀਂ। ਮਨ ਤੋਂ ਵੀ ਉਤੇ ਇਕ ਚੀਜ਼ ਹੈ।" ਨਾਰਦ ਨੇ ਇਕ-ਦਮ ਉਸ ਦਾ ਉਪਦੇਸ਼ ਕਰਨ ਲਈ ਬੇਨਤੀ ਕੀਤੀ।"

ਸਨਤਕੁਮਾਰ ਜੀ ਨੇ ਦੱਸਿਆ ਕਿ ਮਨ ਤੋਂ ਵਧ ਕੇ ਸੰਕਲਪ ਹੈ। ਇਹ ਸੰਕਲਪ ਹੀ ਮਨ ਨੂੰ ਕਈ ਤਰ੍ਹਾਂ ਦੇ ਭਾਵਾਂ, ਵਿਚਾਰਾਂ ਅਤੇ ਕਾਰਜਾਂ ਲਈ ਪ੍ਰੇਰਿਤ ਕਰਦਾ ਹੈ। ਇਸ ਤੋਂ ਪ੍ਰੇਰਿਤ ਹੋ ਕੇ ਮਨ ਸੰਬੰਧਿਤ ਇੰਦਰੀਆਂ ਨੂੰ ਸੰਚਾਲਿਤ ਕਰਦਾ ਹੈ, ਇਸ ਲਈ ਇਸ ਵਿਚ

ਨਾਮ, ਬਾਣੀ, ਮੰਤਰ ਸਾਰੇ ਹੀ ਸਮਾਏ ਹੋਏ ਹਨ। ਉਨ੍ਹਾਂ ਨੇ ਸੰਕਲਪ ਦੀ ਮਹਿਮਾ ਦਾ ਵਿਖਿਆਨ ਕਰਦੇ ਹੋਇਆਂ ਕਿਹਾ, ''ਸਵਰਗ ਲੋਕ ਅਤੇ ਪ੍ਰਿਥਵੀ ਨੇ ਸੰਕਲਪ ਜਿਹਾ ਕੀਤਾ ਹੋਇਆ ਹੈ। ਵਾਯੂ ਅਤੇ ਆਕਾਸ਼ ਨੇ ਸੰਕਲਪ ਲੈ ਰਖਿਆ ਹੈ। ਜਲ ਤੇ ਤੇਜ ਨੇ ਸੰਕਲਪ ਕੀਤਾ ਹੋਇਆ ਹੈ। ਇਨ੍ਹਾਂ ਦੇ ਸੰਕਲਪ ਨਾਲ ਹੀ ਮੀਂਹ ਪੈਂਦਾ ਹੈ। ਮੀਂਹ ਦੇ ਸੰਕਲਪ ਨਾਲ ਅੰਨ ਪੈਦਾ ਹੁੰਦਾ ਹੈ। ਅੰਨ ਦੇ ਸੰਕਲਪ ਨਾਲ ਪ੍ਰਾਣ ਦਾ ਪੋਸ਼ਣ ਹੁੰਦਾ ਹੈ। ਪ੍ਰਾਣਾਂ ਦੇ ਸੰਕਲਪ ਨਾਲ ਮੰਤਰ ਜਾਂ ਚਿੰਤਨ ਹੁੰਦਾ ਹੈ ਅਤੇ ਮੰਤਰ ਦੇ ਸੰਕਲਪ ਨਾਲ ਕਰਮ ਹੁੰਦੇ ਹਨ। ਕਰਮਾਂ ਦੇ ਸੰਕਲਪ ਨਾਲ ਲੋਕ ਦਾ ਉਦੈ ਹੁੰਦਾ ਹੈ ਅਤੇ ਫਲ ਮਿਲਦਾ ਹੈ ਅਤੇ ਲੋਕ ਦੇ ਸੰਕਲਪ ਨਾਲ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ।'' ਉਨ੍ਹਾਂ ਨੇ ਨਾਰਦ ਨੂੰ ਸਲਾਹ ਦਿੱਤੀ ਕਿ ਉਹ ਸੰਕਲਪ ਨੂੰ ਹੀ ਬ੍ਰਹਮ ਮੰਨ ਕੇ ਇਸਦੀ ਉਪਾਸਨਾ ਕਰਨ। ਉਨ੍ਹਾਂ ਨੇ ਦੱਸਿਆ ਕਿ ਇਸ ਤਰ੍ਹਾਂ ਉਪਾਸਨਾ ਕਰਨ ਵਾਲਾ ਧ੍ਰੂਵ ਹੋ ਕੇ ਧ੍ਰੁਵ ਲੋਕਾਂ ਨੂੰ, ਪ੍ਰਤਿਸ਼ਠਾ ਹੋ ਕੇ ਪ੍ਰਤਿਸ਼ਠਿਤ ਲੋਕਾਂ ਨੂੰ ਅਤੇ ਪੀੜਾ-ਮੁਕਤ ਹੋ ਕੇ ਪੀੜਾਹੀਨ ਲੋਕਾਂ ਨੂੰ ਪ੍ਰਾਪਤ ਕਰਦਾ ਹੈ। ਉਹ ਜਦੋਂ ਜੀ ਕਰੇ ਉਥੋਂ ਤਕ ਪਹੁੰਚ ਸਕਦਾ ਹੈ, ਜਿਥੋਂ ਤਕ ਸੰਕਲਪ ਦੀ ਗਤੀ ਹੈ।

ਨਾਰਦ ਨੂੰ ਇਸ ਵਿਚ ਵੀ ਕੋਈ ਘਾਟ ਦਿਖਾਈ ਦਿੱਤੀ। ਉਨ੍ਹਾਂ ਨੇ ਫਿਰ ਉਹੀ ਪਹਿਲਾਂ ਵਾਲਾ ਪ੍ਰਸ਼ਨ ਦੁਹਰਾਇਆ ਕਿ ਕੀ ਸੰਕਲਪ ਤੋਂ ਵਧ ਕੁਝ ਨਹੀਂ ਹੈ ਅਤੇ ਸਨਤਕੁਮਾਰ ਨੇ ਆਪਣਾ ਪਹਿਲਾਂ ਵਾਲਾ ਉਤਰ ਇਹ ਦੱਸਦੇ ਹੋਇਆਂ ਦਿੱਤਾ ਕਿ ਸੰਕਲਪ ਤੋਂ ਵਧ ਕੇ ਚਿੱਤ ਹੈ। ਇਸ ਦਾ ਕਾਰਣ ਦੱਸਦਿਆਂ ਉਨ੍ਹਾਂ ਨੇ ਕਿਹਾ, ''ਆਦਮੀ ਸੰਕਲਪ ਤਾਂ ਹੀ ਕਰਦਾ ਹੈ ਜਦੋਂ ਉਹ ਸਚੇਤ ਹੁੰਦਾ ਹੈ। ਜਦੋਂ ਨਾ ਉਹ ਸੁਤਾ ਹੁੰਦਾ ਹੈ, ਨਾ ਹੀ ਬੇਹੋਸ਼, ਅਤੇ ਨਾ ਹੀ ਨਸ਼ੇ ਵਿਚ ਹੁੰਦਾ ਹੈ। ਜਿਸਦਾ ਹੋਸ਼-ਹਵਾਸ ਦਰੁਸਤ ਨਹੀਂ ਹੈ ਉਹ ਕੋਈ ਸੰਕਲਪ ਨਹੀਂ ਕਰ ਸਕਦਾ। ਅਤੇ ਸੰਕਲਪ ਤੋਂ ਬਗੈਰ ਕ੍ਰਿਆਵਾਂ ਦਾ ਉਹ ਸੰਤੁਲਨ ਨਹੀਂ ਕਰ ਸਕਦਾ ਜਿਸ ਦਾ ਉਲੇਖ ਉਨ੍ਹਾਂ ਨੇ ਪਹਿਲਾਂ ਕੀਤਾ ਹੈ।

ਉਨ੍ਹਾਂ ਨੇ ਆਪਣੀ ਗੱਲ ਨੂੰ ਕੁਝ ਵਿਸਤਾਰ ਨਾਲ ਸਮਝਾਉਂਦੇ ਹੋਏ ਕਿਹਾ, ''ਵੱਡੇ ਤੋਂ ਵੱਡਾ ਵਿਦਵਾਨ ਵੀ ਜੇ ਅਚੇਤ ਹੈ ਤਾਂ ਉਸਦੀ ਗੱਲ ਵਲ ਕੋਈ ਧਿਆਨ ਨਹੀਂ ਦੇਵੇਗਾ ਅਤੇ ਜੇ ਸਾਧਾਰਣ ਤੋਂ ਸਾਧਾਰਣ ਸਮਝ ਵਾਲਾ ਵਿਅਕਤੀ ਜੇ ਸਚੇਤ ਹੈ ਤਾਂ ਲੋਕ ਉਸਦੀ ਗੱਲ ਵਲ ਧਿਆਨ ਦੇਣਗੇ।'' ਇਸ ਦਾ ਲਾਭ ਦੱਸਦੇ ਹੋਇਆਂ ਉਨ੍ਹਾਂ ਨੇ ਸਮਝਾਇਆ ਕਿ ''ਬ੍ਰਹਮ ਨੂੰ ਚਿੱਤ ਮੰਨ ਕੇ ਉਪਾਸਨਾ ਕਰਨ ਵਾਲੇ ਨੂੰ ਉਹ ਸਾਰੇ ਲੋਕ ਪ੍ਰਾਪਤ ਹੋ ਜਾਂਦੇ ਹਨ ਜੋ ਬ੍ਰਹਮ ਨੂੰ ਸੰਕਲਪ ਮੰਨ ਕੇ ਉਪਾਸਨਾ ਕਰਨ ਵਾਲੇ ਨੂੰ ਪ੍ਰਾਪਤ ਹੁੰਦੇ ਹਨ। ਨਾਲ ਹੀ ਉਸ ਦੀ ਗਤੀ ਉਥੋਂ ਤਕ ਹੋ ਜਾਂਦੀ ਹੈ ਜਿਥੋਂ ਤਕ ਚੇਤਨਾ ਦਾ ਵਿਸਤਾਰ ਹੈ।''

ਨਾਰਦ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਕਰਨ ਲਈ ਇਹ ਉਪਦੇਸ਼ ਵੀ ਕਾਫ਼ੀ ਨਹੀਂ ਸੀ। ਉਨ੍ਹਾਂ ਨੇ ਇਸ ਤੋਂ ਉਪਰ ਦੀ ਚੀਜ਼ ਨੂੰ ਜਾਣਨਾ ਚਾਹਿਆ ਅਤੇ ਸਨਤਕੁਮਾਰ ਨੇ ਦੱਸਿਆ ਕਿ ਇਸ ਤੋਂ ਉਤੇ ਧਿਆਨ ਹੈ। ਉਨ੍ਹਾਂ ਦੇ ਕਹਿਣ ਅਨੁਸਾਰ ਤਾਂ ਧਰਤੀ, ਆਕਾਸ਼ ਸਵਰਗ, ਜਲ, ਪਰਬਤ, ਦੇਵਤੇ, ਮਨੁੱਖ ਸਾਰੇ ਜਿਵੇਂ ਧਿਆਨ ਹੀ ਕਰਦੇ ਹਨ। ਇਸ ਲਈ ਜੋ ਲੋਕ ਮਨੁੱਖਾਂ ਵਿਚ ਮਹੱਤਵ ਪ੍ਰਾਪਤ ਕਰਦੇ ਹਨ, ਸਮਰਥ ਹੁੰਦੇ ਹਨ, ਉਹ ਸਾਰੇ ਧਿਆਨ ਦਾ ਹੀ ਅੰਸ਼ ਪਾਉਣ ਕਾਰਨ ਮਹੱਤਵਪੂਰਨ ਬਣਦੇ ਹਨ। ਧਿਆਨ-ਬੇਮੁਖ ਲੋਕ ਹੋਛੇ (ਕਮੀਨੇ) ਝਗੜਾਲੂ, ਚੁਗਲਖੋਰ, ਬਦਜ਼ਬਾਨ ਹੁੰਦੇ ਹਨ। ਜੇ ਕਿਸੇ ਗੱਲ ਵਲ ਧਿਆਨ ਹੀ ਨਹੀਂ

ਦੇਵੇਗਾ, ਉਹ ਹੋਰ ਹੋ ਵੀ ਕੀ ਸਕਦਾ ਹੈ। ਇਸ ਵਿਆਖਿਆ ਮਗਰੋਂ ਸਨਤਕੁਮਾਰ ਜੀ ਨੇ ਸਲਾਹ ਦਿੱਤੀ ਕਿ ਉਹ ਧਿਆਨ ਨੂੰ ਹੀ ਬ੍ਰਹਮ ਮੰਨ ਕੇ ਇਸ ਦੀ ਉਪਾਸਨਾ ਕਰਨ, ਕਿਉਂਕਿ ਅਜਿਹਾ ਕਰਨ ਵਾਲੇ ਦੀ ਗਤੀ ਉਥੋਂ ਤਕ ਹੋ ਜਾਂਦੀ ਹੈ, ਜਿਥੋਂ ਤਕ ਧਿਆਨ ਜਾਂਦਾ ਹੈ।

ਨਾਰਦ ਦੇ ਸੰਤੋਸ਼ ਲਈ ਇਹ ਵੀ ਕਾਫ਼ੀ ਨਹੀਂ ਸੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਜੇ ਇਸ ਤੋਂ ਵੀ ਸ੍ਰੇਸ਼ਠ ਕੁਝ ਹੋਵੇ ਤਾਂ ਉਸਦਾ ਉਪਦੇਸ਼ ਕੀਤਾ ਜਾਵੇ। ਸਨਤਕੁਮਾਰ ਨੇ ਵਿਗਿਆਨ ਨੂੰ ਧਿਆਨ ਤੋਂ ਸ੍ਰੇਸ਼ਠ ਦੱਸਿਆ, ਪਰ ਇਹ ਵੀ ਸਮਝਾ ਦਿੱਤਾ ਕਿ ਇਹ ਵੀਹਵੀਂ ਸਦੀ ਵਿਚ ਵਿਗਿਆਨ ਦੇ ਨਾਂ ਨਾਲ ਪ੍ਰਚਲਿਤ ਕੀਤਾ ਜਾਣ ਵਾਲਾ ਅਗਿਆਨ ਨਹੀਂ ਹੈ। ਵਿਗਿਆਨ ਉਹ ਹੈ ਜਿਸ ਨਾਲ ਵਿਅਕਤੀ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ ਆਦਿ ਉਨ੍ਹਾਂ ਸਾਰਿਆਂ ਵਿਸ਼ਿਆਂ ਨੂੰ ਜਾਣਦਾ ਹੈ ਜਿਨ੍ਹਾਂ ਦਾ ਉਲੇਖ ਪਹਿਲਾਂ ਕੀਤਾ ਜਾ ਚੁੱਕਾ ਹੈ ਅਤੇ ਜਿਨ੍ਹਾਂ ਦਾ ਗਿਆਨ ਨਾਰਦ ਨੂੰ ਪਹਿਲਾਂ ਤੋਂ ਸੀ। ਇਸ ਤੋਂ ਇਲਾਵਾ ਇਸੇ ਦੁਆਰਾ ਅੰਨ ਅਤੇ ਰਸ ਅਤੇ ਲੋਕ-ਪਰਲੋਕ ਨੂੰ ਜਾਣਦਾ ਹੈ। ਇਸ ਦਾ ਲਾਭ ਇਹ ਸੀ ਕਿ ਇਸ ਰੂਪ ਵਿਚ ਬ੍ਰਹਮ ਦੀ ਉਪਾਸਨਾ ਕਰਨ ਵਾਲੇ ਦੀ ਗਤੀ ਉਥੋਂ ਤਕ ਹੋ ਜਾਂਦੀ ਹੈ ਜਿਥੋਂ ਤਕ ਵਿਗਿਆਨ ਦੀ ਗਤੀ ਹੈ। ਪਰ ਨਾਰਦ ਦੀ ਉਹੀ ਪੁਰਾਣੀ ਜ਼ਿੱਦ ਫਿਰ ਸਾਹਮਣੇ ਆਈ ਕਿ ਇਸ ਤੋਂ ਅੱਗੇ ਕੁਝ ਹੋਵੇ ਤਾਂ ਉਸਦਾ ਵੀ ਉਪਦੇਸ਼ ਕਰ ਦੇਣ।

ਹੁਣ ਸਨਤਕੁਮਾਰ ਗਿਆਨ ਤੋਂ ਹਟ ਕੇ ਤਾਕਤ ਦੀ ਗੱਲ ਕਰਨ ਲਗੇ। ਕਹਿਣ ਲੱਗੇ, "ਬਲ ਵਿਗਿਆਨ ਤੋਂ ਵੀ ਉਤੇ ਦੀ ਚੀਜ਼ ਹੈ ਕਿਉਂਕਿ ਸੌ ਵਿਗਿਆਨ ਵਾਲਿਆਂ ਨੂੰ ਇਕ ਤਾਕਤਵਰ ਆਦਮੀ ਹਿਲਾ ਦਿੰਦਾ ਹੈ। ਬਲ ਨਾ ਹੋਵੇ ਤਾਂ ਆਦਮੀ ਜਿਥੇ ਪਿਆ ਹੋਵੇ ਉਥੋਂ ਉਠ ਹੀ ਨਹੀਂ ਸਕਦਾ। ਬਲ ਹੀ ਪ੍ਰਾਣੀ-ਮਾਤਰ ਦੀ ਹੋਂਦ ਦਾ ਆਧਾਰ ਹੈ।" ਉਨ੍ਹਾਂ ਨੇ ਸਲਾਹ ਦਿੱਤੀ ਕਿ "ਨਾਰਦ ਬਲ ਨੂੰ ਹੀ ਬ੍ਰਹਮ ਮੰਨ ਕੇ ਉਸਦੀ ਉਪਾਸਨਾ ਕਰਨ। ਜੋ ਬ੍ਰਹਮ ਨੂੰ ਬਲ ਮੰਨ ਕੇ ਉਸਦੀ ਉਪਾਸਨਾ ਕਰਦਾ ਹੈ, ਉਸਦੀ ਗਤੀ ਉਥੋਂ ਤਕ ਹੋ ਜਾਂਦੀ ਹੈ, ਜਿਥੋਂ ਤਕ ਬਲ ਦੀ ਪਹੁੰਚ ਹੈ। ਉਹ ਅਜਿਹੀਆਂ ਸਾਰੀਆਂ ਚੀਜ਼ਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਜੋ ਬਲ ਤੋਂ ਪ੍ਰਾਪਤ ਹੋ ਸਕਦੀਆਂ ਹਨ।"

ਇਹ ਕਿਸੇ ਹੋਰ ਨੂੰ ਸੰਤੁਸ਼ਟ ਕਰ ਸਕਦਾ ਸੀ ਪਰ ਨਾਰਦ ਵਰਗੇ ਪਹੁੰਚੇ ਹੋਏ ਵਿਅਕਤੀ ਨੂੰ ਨਹੀਂ। ਉਨ੍ਹਾਂ ਨੇ ਇਸ ਤੋਂ ਵੀ ਉੱਚੀ ਚੀਜ਼ ਨੂੰ ਜਾਣਨ ਦੀ ਇੱਛਾ ਪ੍ਰਗਟ ਕੀਤੀ।

ਹੁਣ ਸਨਤਕੁਮਾਰ ਨੇ ਦੱਸਿਆ ਕਿ ਅੰਨ ਬਲ ਤੋਂ ਜ਼ਿਆਦਾ ਸ੍ਰੇਸ਼ਠ ਹੈ। ਜੇ ਕੋਈ ਦਸ ਦਿਨ ਵੀ ਭੋਜਨ ਨਾ ਕਰੇ ਤਾਂ ਉਸਨੂੰ ਆਪਣੀ ਤਾਕਤ ਦਾ ਪਤਾ ਲਗ ਜਾਵੇਗਾ। ਉਸਦੇ ਪ੍ਰਾਣ ਨਾ ਵੀ ਜਾਣ ਤਾਂ ਵੀ, ਨਾ ਤਾਂ ਉਸਦੇ ਮੂੰਹ 'ਚੋਂ ਆਵਾਜ਼ ਨਿਕਲੇਗੀ, ਨਾ ਹੀ ਉਹ ਦੇਖ ਸਕੇਗਾ। ਉਸਦਾ ਸੋਚਣਾ, ਸਮਝਣਾ, ਸਭ ਬੰਦ ਹੋ ਜਾਵੇਗਾ। ਫਿਰ ਜਦੋਂ ਅੰਨ ਮਿਲੇਗਾ ਤਾਂ ਹੀ ਅੱਖਾਂ, ਕੰਨ, ਦਿਮਾਗ਼ ਸਾਰੇ ਆਪਣਾ ਕੰਮ ਕਰਨਾ ਸ਼ੁਰੂ ਕਰਨਗੇ। ਉਨ੍ਹਾਂ ਨੇ ਨਾਰਦ ਨੂੰ ਅੰਨ ਨੂੰ ਬ੍ਰਹਮ ਮੰਨ ਕੇ ਇਸ ਦੀ ਉਪਾਸਨਾ ਕਰਨ ਦੀ ਸਲਾਹ ਦਿੱਤੀ ਕਿਉਂਕਿ ਜੋ ਬ੍ਰਹਮ ਦੀ ਅੰਨ ਰੂਪ ਵਿਚ ਉਪਾਸਨਾ ਕਰਦਾ ਹੈ ਉਸਨੂੰ ਖਾਣ-ਪੀਣ

ਦੀਆਂ ਚੀਜ਼ਾਂ ਦੀ ਥੁੜ ਨਹੀਂ ਰਹਿੰਦੀ। ਜਿਥੋਂ ਤਕ ਅੰਨ ਦੀ ਗਤੀ ਹੈ ਉਥੇ ਤਕ ਉਸਦੀ ਗਤੀ ਹੋ ਜਾਂਦੀ ਹੈ।

ਇਸ ਤਰ੍ਹਾਂ ਨਾਰਦ ਮੁੜ ਅਸਤੁੰਸ਼ਟ ਹੋਣ ਤੇ ਸਨਤਕੁਮਾਰ ਨੇ ਜਲ ਨੂੰ ਅੰਨ ਤੋਂ ਸ੍ਰੇਸ਼ਠ ਦੱਸਿਆ ਜਿਸ ਨਾਲ ਵਰਖਾ ਹੁੰਦੀ ਹੈ ਅਤੇ ਅੰਨ ਪੈਦਾ ਹੁੰਦਾ ਹੈ ਅਤੇ ਸਾਰੇ ਜੀਵਾਂ ਅਤੇ ਬਨਸਪਤੀਆਂ ਦੀ ਪਾਲਣਾ ਹੁੰਦੀ ਹੈ। ਫਿਰ ਤੇਜ ਨੂੰ ਜਲ ਤੋਂ ਅਧਿਕ ਸ੍ਰੇਸ਼ਠ ਦੱਸਿਆ ਜਿਸ ਨਾਲ ਤਾਪ ਪੈਦਾ ਹੁੰਦਾ ਹੈ, ਜਲ ਭਾਫ ਬਣ ਕੇ ਆਕਾਸ਼ ਵਿਚ ਜਾਂਦਾ ਹੈ। ਇਹ ਜਦੋਂ ਉੱਚਾ ਉਠ ਕੇ ਜਾਂ ਟੇਢਾ ਹੋ ਕੇ ਬਿਜਲੀ ਦੇ ਰੂਪ ਵਿਚ ਚਮਕਦਾ ਹੈ ਅਤੇ ਬੱਦਲਾਂ ਦੇ ਰੂਪ ਵਿਚ ਗਰਜਦਾ ਹੈ ਤਾਂ ਲੋਕ ਕਹਿੰਦੇ ਹਨ ਕਿ ਬਿਜਲੀ ਚਮਕ ਰਹੀ ਹੈ ਅਤੇ ਬੱਦਲ ਗਰਜ ਰਹੇ ਹਨ, ਹੁਣ ਮੀਂਹ ਪਵੇਗਾ ਅਤੇ ਫਿਰ ਮੀਂਹ ਪੈਂਦਾ ਵੀ ਹੈ। ਉਨ੍ਹਾਂ ਨੇ ਨਾਰਦ ਨੂੰ ਤੇਜ ਦੇ ਰੂਪ ਵਿਚ ਬ੍ਰਹਮ ਦੀ ਉਪਾਸਨਾ ਦੇ ਲਾਭ ਵੀ ਦੱਸੇ ਕਿ ਇਸ ਨਾਲ ਵਿਅਕਤੀ ਤੇਜਮਈ ਹੋ ਕੇ ਪ੍ਰਕਾਸ਼-ਮਾਨ ਅਤੇ ਅੰਧਕਾਰ-ਰਹਿਤ ਲੋਕਾਂ ਨੂੰ ਪ੍ਰਾਪਤ ਕਰਦਾ ਹੈ। ਫਿਰ ਉਨ੍ਹਾਂ ਨੇ ਆਕਾਸ਼ ਨੂੰ ਤੇਜ ਤੋਂ ਵਧ ਕੇ ਦੱਸਿਆ ਕਿਉਂਕਿ ਆਕਾਸ਼ ਵਿਚ ਹੀ ਸੂਰਜ-ਚੰਦ੍ਰਮਾ, ਬਿਜਲੀ, ਨਛੱਤਰ ਸਾਰੇ ਸਥਿਤ ਹਨ, ਜਿਨ੍ਹਾਂ ਤੋਂ ਤੇਜ ਪ੍ਰਗਟ ਹੁੰਦਾ ਹੈ। ਆਕਾਸ਼ ਰਾਹੀਂ ਹੀ ਲੋਕ ਸੁਣਦੇ ਹਨ। ਇਕ ਦੂਜੇ ਨਾਲ ਗੱਲ ਕਰਦੇ ਹਨ। ਆਕਾਸ਼ ਵਿਚ ਹੀ ਸਾਰੇ ਪਦਾਰਥ ਸਥਿਤ ਹੁੰਦੇ ਹਨ, ਪੈਦਾ ਹੁੰਦੇ ਹਨ ਅਤੇ ਵਧਦੇ ਹਨ। ਘਾਸ-ਫੂਸ ਆਦਿ ਵੀ ਆਕਾਸ਼ ਵਲ ਹੀ ਫੁਟਦੇ ਹਨ ਅਤੇ ਵੱਧਦੇ ਹਨ, ਇਸ ਲਈ ਆਕਾਸ਼ ਹੀ ਬ੍ਰਹਮ ਹੈ ਅਤੇ ਜੋ ਇਸਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ ਉਹ ਆਕਾਸ਼ਵਾਨ, ਪ੍ਰਕਾਸ਼ਵਾਨ ਅਤੇ ਦੁੱਖ-ਰਹਿਤ ਲੋਕਾਂ ਨੂੰ ਪ੍ਰਾਪਤ ਕਰਦਾ ਹੈ।

ਜਿਸ ਸੋਗ ਅਤੇ ਭੈ ਤੋਂ ਮੁਕਤੀ ਦੀ ਕਾਮਨਾ ਲੈ ਕੇ ਨਾਰਦ ਸਨਤਕੁਮਾਰ ਕੋਲ ਆਏ ਸਨ, ਉਸਦਾ ਉਪਾਉ ਤਾਂ ਨਿਕਲ ਆਇਆ ਸੀ। ਹੁਣ ਉਨ੍ਹਾਂ ਨੂੰ ਸਬਰ ਕਰ ਲੈਣਾ ਚਾਹੀਦਾ ਸੀ, ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਨੂੰ ਇਸ ਤੋਂ ਉਪਰਲੀ ਚੀਜ਼ ਦੀ ਜਾਣਕਾਰੀ ਚਾਹੀਦੀ ਸੀ, ਇਸ ਲਈ ਸਨਤਕੁਮਾਰ ਨੇ ਸਿਮਰਤੀ (ਯਾਦ-ਸ਼ਕਤੀ) ਨੂੰ ਆਕਾਸ਼ ਤੋਂ ਉਤੇ ਦੱਸਿਆ, ਕਿਉਂਕਿ ਸਿਮਰਤੀ ਹੀ ਲੋਪ ਹੋ ਜਾਵੇ ਤਾਂ ਸਾਰਾ ਕਹਿਣਾ ਸੁਣਨਾ ਬੇਅਰਥ। ਸੋਚਣਾ ਅਤੇ ਮਨਨ ਕਰਨਾ ਤਾਂ ਸੰਭਵ ਹੀ ਨਹੀਂ।

ਪਤਾ ਨਹੀਂ ਸਨਤਕੁਮਾਰ ਜੀ ਅਜਿਹੀਆਂ ਸਾਰੀਆਂ ਗੱਲਾਂ ਨਾਰਦ ਨੂੰ ਕਿਉਂ ਸਮਝਾ ਰਹੇ ਸਨ ਜਿਨ੍ਹਾਂ ਬਾਰੇ ਉਹ ਆਪ ਜਾਣਦੇ ਸਨ ਕਿ ਨਾਰਦ ਉਨ੍ਹਾਂ ਤੋਂ ਜ਼ਿਆਦਾ ਜਾਣਦੇ ਹਨ। ਆਖ਼ਿਰ ਸਾਰੇ ਵੇਦਾਂ, ਪੁਰਾਣਾਂ, ਸ਼ਾਸਤ੍ਰਾਂ ਅਤੇ ਵਿਦਿਆਵਾਂ ਨੂੰ ਜ਼ਬਾਨੀ ਯਾਦ ਕਰ ਚੁੱਕੇ ਵਿਦਵਾਨ ਨੂੰ ਇਹ ਵੀ ਕੋਈ ਉਪਦੇਸ਼ ਦੇਣ ਵਾਲੀ ਗੱਲ ਹੋਈ। ਅੱਜ ਤਕ ਉਹ ਇਸ ਸਿਮਰਤੀ ਨੂੰ ਹੀ ਗਿਆਨ ਮੰਨ ਕੇ ਰਟਦੇ ਆਏ ਸਨ। ਖ਼ੈਰ, ਉਨ੍ਹਾਂ ਨੂੰ ਇਸ ਤੋਂ ਅੱਗੇ ਦੱਸਣਾ ਪਿਆ ਕਿ ਆਸ਼ਾ ਸਿਮਰਤੀ ਤੋਂ ਉੱਚੀ ਹੈ। ਆਸ਼ਾ ਨਾਲ ਉਤੇਜਿਤ ਹੋਈ ਸਿਮਰਤੀ ਵਾਲਾ ਮਨੁੱਖ ਹੀ ਮੰਤ੍ਰਾਂ ਦਾ ਪਾਠ ਕਰਦਾ ਹੈ, ਪਸ਼ੂਆਂ ਅਤੇ ਪੁੱਤਰਾਂ ਦੀ ਇੱਛਾ ਕਰਦਾ ਹੈ, ਇਸ ਲੋਕ ਅਤੇ ਪਰਲੋਕ ਦੀ ਕਾਮਨਾ ਕਰਦਾ ਹੈ। ਇਸ ਦੇ ਕਾਫ਼ੀ ਨਾ ਹੋਣ ਤੇ ਉਨ੍ਹਾਂ ਨੇ ਪ੍ਰਾਣ ਨੂੰ ਆਸ਼ਾ ਤੋਂ ਵਧ ਕੇ ਦੱਸਿਆ। ਜਿਸ ਤਰ੍ਹਾਂ ਚੱਕੇ ਦੀ ਨਾਭ ਵਿਚ ਅਰੇ ਗੱਡੇ ਹੁੰਦੇ ਹਨ ਉਸੇ ਤਰ੍ਹਾਂ ਸਾਰਾ ਜਗਤ ਪ੍ਰਾਣਾਂ ਵਿਚ ਅਟਕਿਆ ਰਹਿੰਦਾ ਹੈ। ਪ੍ਰਾਣ

ਹੀ ਪਿਤਾ ਹੈ, ਪ੍ਰਾਣ ਹੀ ਮਾਤਾ ਹੈ, ਪ੍ਰਾਣ ਹੀ ਭਾਈ ਹੈ, ਪ੍ਰਾਣ ਹੀ ਭੈਣ ਹੈ, ਪ੍ਰਾਣ ਹੀ ਆਚਾਰਯ ਹੈ, ਅਤੇ ਪ੍ਰਾਣ ਹੀ ਬ੍ਰਾਹਮਣ ਹੈ।

ਸਨਤਕੁਮਾਰ ਨੇ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਣ ਹੀ ਨੂੰ ਮਾਤਾ, ਪਿਤਾ, ਭਰਾ, ਭੈਣ ਅਤੇ ਗੁਰੂ ਸਭ ਕੁਝ ਮੰਨ ਲੈਣਾ ਇਕ ਤਰ੍ਹਾਂ ਦੀ ਫੜ੍ਹ ਹੈ। ਲੋਕ ਕਹਿ ਵੀ ਸਕਦੇ ਹਨ ਕਿ ਅਜਿਹਾ ਕਹਿਣ ਵਾਲਾ ਅਤਿਕਥਨੀ ਤੋਂ ਕੰਮ ਲੈ ਰਿਹਾ ਹੈ, ਪਰ ਉਸ ਨੂੰ ਇਸ ਤੋਂ ਝਿਜਕਣਾ ਨਹੀਂ ਚਾਹੀਦਾ। ਸਗੋਂ ਕਹਿਣਾ ਚਾਹੀਦਾ ਹੈ, ਹਾਂ, ਮੈਂ ਅਤਿਕਥਨ ਕਰ ਰਿਹਾ ਹਾਂ।"

ਅਜਿਹਾ ਲਗਦਾ ਹੈ ਕਿ ਇਸ ਉਪਦੇਸ਼ ਨੂੰ ਸੁਣ ਕੇ ਨਾਰਦ ਪੂਰੀ ਤਰ੍ਹਾਂ ਸੰਤੁਸ਼ਟ ਹੋ ਗਏ। ਜਦੋਂ ਸਤਨਕੁਮਾਰ ਨੇ ਕਿਹਾ, "ਸੱਚ ਨੂੰ ਕੁਝ ਵਧਾ ਚੜ੍ਹਾ ਕੇ ਕਹਿਣ ਵਾਲਾ ਵੀ ਅਤਿਕਥਨੀ ਤੋਂ ਕੰਮ ਤਾਂ ਲੈਂਦਾ ਹੀ ਹੈ।" ਤਾਂ ਨਾਰਦ ਨੇ ਕਿਹਾ, "ਮਹਾਰਾਜ, ਮੈਂ ਤਾਂ ਖ਼ੁਦ ਵੀ ਸੱਚ ਦੀ ਮਹਿਮਾ ਨੂੰ ਪ੍ਰਗਟ ਕਰਨ ਲਈ ਹੀ ਅਤਿਕਥਨੀ ਕਰਦਾ ਰਹਿੰਦਾ ਹਾਂ।"

ਸਨਤਕੁਮਾਰ ਨੇ ਕਿਹਾ, "ਸੱਚ ਨੂੰ ਖੂਬ ਚੰਗੀ ਤਰ੍ਹਾਂ ਸਮਝਣਾ-ਬੁੱਝਣਾ ਚਾਹੀਦਾ ਹੈ।"

ਨਾਰਦ ਨੇ ਕਿਹਾ, "ਮੈਂ ਚੰਗੀ ਤਰ੍ਹਾਂ ਠੋਕ ਵਜਾ ਕੇ ਸਚਾਈ ਨੂੰ ਜਾਣਨ ਦਾ ਯਤਨ ਕਰਦਾ ਹਾਂ।"

ਸਨਤਕੁਮਾਰ ਨੇ ਕਿਹਾ, "ਸੱਚ ਕੇਵਲ ਦਿਖਾਵਾ ਨਹੀਂ ਹੈ। ਮਨੁੱਖ ਤਾਂ ਹੀ ਸੱਚ ਬੋਲਦਾ ਹੈ ਜਦੋਂ ਉਸਨੂੰ ਇਸਦਾ ਵਿਸ਼ੇਸ਼ ਗਿਆਨ ਹੁੰਦਾ ਹੈ। ਇਸ ਲਈ ਵਿਗਿਆਨ ਨੂੰ ਵਿਸ਼ੇਸ਼ ਰੂਪ ਵਿਚ ਜਾਣਨ ਵਾਲਾ ਹੀ ਸੱਚ ਦਾ ਕਥਨ ਕਰ ਸਕਦਾ ਹੈ। ਇਹੀ ਕਾਰਣ ਹੈ ਕਿ ਸੱਚ ਨੂੰ ਪਿਆਰ ਕਰਨ ਵਾਲੇ ਨੂੰ ਵਿਸ਼ੇਸ਼ ਰੂਪ ਵਿਚ ਵਿਗਿਆਨ ਦੀ ਜਿਗਿਆਸਾ ਕਰਨੀ ਚਾਹੀਦੀ ਹੈ।"

ਨਾਰਦ ਨੇ ਵਿਗਿਆਨ ਪ੍ਰਤਿ ਆਪਣੀ ਉਤਸੁਕਤਾ ਪ੍ਰਗਟ ਕੀਤੀ।

ਸਨਤਕੁਮਾਰ ਨੇ ਕਿਹਾ, ਵਿਗਿਆਨ ਨੂੰ ਮਨੁੱਖ ਤਾਂ ਹੀ ਜਾਣਦਾ ਹੈ ਜਦੋਂ ਉਹ ਮਨਨ ਕਰਦਾ ਹੈ। ਇਸ ਲਈ ਵਿਗਿਆਨ ਦੇ ਗਿਆਨ ਲਈ ਮਤਿ ਦੀ ਜਿਗਿਆਸਾ ਲੋੜੀਂਦੀ ਹੈ।

ਜਿਵੇਂ ਕਿ ਅਸੀਂ ਅਨੁਮਾਨ ਲਗਾ ਸਕਦੇ ਹਾਂ, ਨਾਰਦ ਨੇ ਮਤਿ (ਬੁੱਧੀ) ਨੂੰ ਵਿਸ਼ੇਸ਼ ਰੂਪ ਵਿਚ ਜਾਣਨ ਦੀ ਇੱਛਾ ਪ੍ਰਗਟ ਕੀਤੀ।

ਇਸ ਤਰ੍ਹਾਂ ਕ੍ਰਮਵਾਰ ਪਤਾ ਲਗਦਾ ਹੈ ਕਿ ਸ਼ਰਧਾ ਬਿਨਾਂ ਮਨਨ ਸੰਭਵ ਨਹੀਂ। ਨਿਸ਼ਠਾ ਬਿਨਾਂ ਸ਼ਰਧਾ ਸੰਭਵ ਨਹੀਂ। ਕਰਮ ਜਾਂ ਕ੍ਰਿਤੀ ਬਿਨਾਂ ਨਿਸ਼ਠਾ ਸੰਭਵ ਨਹੀਂ। ਸੁਖ ਦੀ ਸੰਭਾਵਨਾ ਬਿਨਾਂ ਕਰਮ ਸੰਭਵ ਨਹੀਂ ਅਤੇ ਭੂਮਾ ਬਿਨਾਂ ਸੁਖ ਵੀ ਨਹੀਂ ਮਿਲ ਸਕਦਾ।

ਜਦੋਂ ਨਾਰਦ ਨੇ ਭੂਮਾ ਨੂੰ ਵੀ ਜਾਣਨ ਦੀ ਉਤਸੁਕਤਾ ਪ੍ਰਗਟ ਕੀਤੀ ਤਾਂ ਸਨਤਕੁਮਾਰ ਨੇ ਕਿਹਾ, "ਜਿਥੇ ਵਿਅਕਤੀ ਆਪਣੇ ਤੋਂ ਵੱਖ ਨਾ ਤਾਂ ਕੁਝ ਵੇਖਦਾ ਹੈ, ਨਾ ਕੁਝ ਹੋਰ ਸੁਣਦਾ ਹੈ, ਨਾ ਹੋਰ ਕੁਝ ਜਾਣਦਾ ਹੈ, ਉਹੀ 'ਭੂਮਾ' ਹੈ – **ਯਤ੍ਰ ਨ ਅਨਯਤ੍ਰ ਪਸ਼ਯਤਿ, ਨ ਅਨਯਤ੍ਰ ਸ੍ਰਿਣੋਤਿ, ਨ ਅਨਯਤ੍ਰ ਵਿਜਾਨਾਤਿ ਸ ਭੂਮਾ।** ਜਿਥੇ ਕੁਝ ਹੋਰ ਦੇਖਦਾ ਹੈ, ਕੁਝ ਹੋਰ ਸੁਣਦਾ ਹੈ, ਕੁਝ ਹੋਰ ਜਾਣਦਾ ਹੈ ਉਹ 'ਅਲਪ' ਹੈ। ਜੋ ਭੂਮਾ ਹੈ, ਉਹੀ ਅੰਮ੍ਰਿਤ

ਹੈ – **ਯੋ ਵੈ ਭੂਮਾ ਤਤ ਅਮ੍ਰਿਤਮ।** ਜੋ ਅਲਪ ਹੈ ਉਹ ਨਾਸ਼ਵਾਨ ਹੈ।''

ਨਾਰਦ ਨੇ ਪੁੱਛਿਆ, ''ਮਹਾਰਾਜ, ਇਹ ਭੂਮਾ ਕਿਸ ਵਿਚ ਪ੍ਰਤਿਸ਼ਠਿਤ ਹੈ?''

ਸਨਤਕੁਮਾਰ ਨੇ ਕਿਹਾ, ''ਆਪਣੀ ਮਹਿਮਾ ਵਿਚ।'' ਉਹ ਕੁਝ ਰੁਕ ਕੇ ਸੋਚਣ ਲੱਗੇ ਅਤੇ ਫਿਰ ਕਹਿਣ ਲੱਗੇ, ''ਸ਼ਾਇਦ ਆਪਣੀ ਮਹਿਮਾ ਵਿਚ ਵੀ ਨਹੀਂ। ਕਿਉਂਕਿ ਸੰਸਾਰ ਵਿਚ ਤਾਂ ਮਹਿਮਾ ਦਾ ਅਰਥ ਵੀ ਕੁਝ ਘਟੀਆ ਬਣਾ ਦਿੱਤਾ ਜਾਂਦਾ ਹੈ। ਗਊ, ਹਾਥੀ, ਘੋੜਾ, ਸੋਨਾ, ਦਾਸ, ਪਤਨੀ, ਖੇਤ ਅਤੇ ਘਰ ਨੂੰ ਹੀ 'ਮਹਿਮਾ' ਕਹਿੰਦੇ ਹਨ। ਜਦੋਂ ਮੈਂ ਮਹਿਮਾ ਦੀ ਗੱਲ ਕਰਦਾ ਹਾਂ ਤਾਂ ਮੇਰਾ ਮਤਲਬ ਇਨ੍ਹਾਂ ਤੋਂ ਨਹੀਂ ਹੈ, ਕਿਉਂਕਿ ਕੋਈ ਚੀਜ਼ ਕਿਸੇ ਦੂਜੇ ਵਿਚ ਪ੍ਰਤਿਸ਼ਠਿਤ ਹੋ ਹੀ ਨਹੀਂ ਸਕਦੀ।''

ਨਾਰਦ ਧਿਆਨ ਪੂਰਵਕ ਸੁਣ ਰਹੇ ਸਨ। ਸਨਤਕੁਮਾਰ ਨੇ ਉਨ੍ਹਾਂ ਨੂੰ ਇਸ ਪਰਮ ਸੱਚ ਤਕ ਪਹੁੰਚਾਉਣ ਲਈ ਪੌੜੀਆਂ ਤਾਂ ਬਹੁਤ ਚੜ੍ਹਾਈਆ ਸਨ, ਪਰ ਹੁਣ ਉਹ ਸਚਮੁਚ ਇਕ ਅਜਿਹੀ ਉੱਚੀ ਭੂਮੀ ਤੇ ਪਹੁੰਚਿਆ ਹੋਇਆ ਮਹਿਸੂਸ ਕਰ ਰਹੇ ਸਨ ਜਿਸ ਦੇ ਸਾਹਮਣੇ ਉਨ੍ਹਾਂ ਦਾ ਸਾਰਾ ਸ਼ਾਸਤ੍ਰੀ ਗਿਆਨ ਤੁੱਛ ਪ੍ਰਤੀਤ ਹੋ ਰਿਹਾ ਸੀ।

ਸਨਤਕੁਮਾਰ ਕਹਿੰਦੇ ਜਾ ਰਹੇ ਸਨ, ''ਭੂਮਾ ਤਾਂ ਉਹ ਸਥਿਤੀ ਹੈ ਜਿਸ ਵਿਚ ਹੇਠਾਂ ਵੀ ਉਹੀ ਹੁੰਦੀ ਹੈ, ਉਤੇ ਵੀ ਉਹੀ। ਅੱਗੇ ਵੀ ਉਹੀ ਪਿਛੇ ਵੀ ਉਹੀ। ਸੱਜੇ ਵੀ ਉਹੀ ਅਤੇ ਖੱਬੇ ਵੀ ਉਹੀ। ਸਭ ਕੁਝ ਮੈਂ ਹੀ ਹਾਂ। ਫਿਰ ਇਸੇ ਵਿਚ ਅਹੰਕਾਰ ਦਾ ਪ੍ਰਵੇਸ਼ ਹੁੰਦਾ ਹੈ। ਹੁਣ ਇਹ ਅਨੁਭਵ ਹੁੰਦਾ ਹੈ ਕਿ ਮੈਂ ਹੇਠਾਂ ਹਾਂ, ਅਤੇ ਮੈਂ ਹੀ ਉਤੇ। ਮੈਂ ਹੀ ਅੱਗੇ ਹਾਂ, ਅਤੇ ਮੈਂ ਹੀ ਪਿੱਛੇ। ਮੈਂ ਹੀ ਸੱਜੇ ਹਾਂ ਅਤੇ ਮੈਂ ਹੀ ਖੱਬੇ। ਮੈਂ ਹੀ ਸਭ ਕੁਝ ਹਾਂ। ਅਤੇ ਫਿਰ ਆਤਮ-ਭਾਵ ਨਾਲ ਭੂਮਾ ਦਾ ਆਦੇਸ਼ ਕੀਤਾ ਜਾਂਦਾ ਹੈ। ਫਿਰ ਹੇਠਾਂ, ਉਪਰ, ਪਿਛੇ, ਸੱਜੇ, ਖੱਬੇ, ਹਰ ਪਾਸੇ ਅਤੇ ਸਭ ਵਿਚ ਆਤਮ-ਭਾਵ ਹੀ ਦਿਸਦਾ ਹੈ। ਇਸ ਤਰ੍ਹਾਂ ਦੇਖਣ, ਜਾਣਨ, ਸੋਚਣ, ਅਤੇ ਮੰਨਣ ਵਾਲਾ ਆਪਣੇ ਆਪ ਵਿਚ ਹੀ ਮਗਨ ਹੁੰਦਾ ਹੈ, ਆਪਣੇ ਆਪ ਨਾਲ ਹੀ ਖੇਡਦਾ ਹੈ, ਆਪਣੇ ਆਪ ਨਾਲ ਹੀ ਸੰਭੋਗ ਕਰਦਾ ਹੈ ਅਤੇ ਆਪਣੇ ਆਪ ਵਿਚ ਹੀ ਆਨੰਦਿਤ ਰਹਿੰਦਾ ਹੈ। ਉਹ ਆਪਣੇ ਆਪ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਉਸਦੀ ਗਤੀ ਹੀ ਹਰ ਪਾਸੇ ਹੋ ਜਾਂਦੀ ਹੈ। ਜੋ ਇਸ ਤੋਂ ਭਿੰਨ ਰੂਪ ਵਿਚ ਜਾਣਦੇ ਹਨ ਉਹ ਅਪ੍ਰਕਾਸ਼ਿਤ ਹੁੰਦੇ ਹਨ ਅਤੇ ਉਹ ਨਾਸ਼ਵਾਨ ਲੋਕਾਂ ਨੂੰ ਪ੍ਰਾਪਤ ਕਰਦੇ ਹਨ। ਉਨ੍ਹਾਂ ਦੀ ਗਤੀ ਰੁਕ ਜਾਂਦੀ ਹੈ।

ਹੁਣ ਸਨਤਕੁਮਾਰ ਨੇ ਇਸ ਸਰਵਾਤਮ ਭਾਵ ਦੀ ਪ੍ਰਾਪਤੀ ਦੇ ਲਾਭਾਂ ਨੂੰ ਕੁਝ ਜ਼ਿਆਦਾ ਵਿਸਥਾਰ ਨਾਲ ਦੱਸਣਾ ਸ਼ੁਰੂ ਕੀਤਾ। ਇਸ ਤਰ੍ਹਾਂ ਦੇਖਣ, ਮੰਨਣ ਅਤੇ ਜਾਣਨ ਵਾਲੇ ਨੂੰ ਆਤਮਾ ਤੋਂ ਹੀ ਪ੍ਰਾਣ, ਆਸ਼ਾ, ਸਿਮਰਤੀ, ਆਕਾਸ਼, ਤੇਜ, ਜਲ, ਪ੍ਰਗਟਾਵਾ, ਲੁਕਾ, ਅੰਨ, ਬਲ, ਵਿਗਿਆਨ, ਧਿਆਨ, ਚਿੱਤ, ਸੰਕਲਪ, ਮਨ, ਵਾਕ, ਨਾਮ, ਮੰਤ੍ਰ, ਕਰਮ, ਸਭ ਕੁਝ ਸਿੱਧ ਹੋ ਜਾਂਦਾ ਹੈ। ਅਜਿਹਾ ਹੀ ਵਿਅਕਤੀ ਸੱਚਾ ਵਿਦਵਾਨ ਹੈ। ਇਸ ਲਈ ਵਿਦਵਾਨ ਨਾ ਤਾਂ ਮੌਤ ਨੂੰ ਵੇਖਦਾ ਹੈ, ਨਾ ਰੋਗ ਨੂੰ, ਨਾ ਦੁੱਖ ਨੂੰ। ਉਹ ਸਾਰਿਆਂ ਨੂੰ ਦੇਖਦਾ ਹੈ, ਇਸ ਲਈ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਇਕ ਹੁੰਦੇ ਹੋਇਆਂ ਵੀ ਉਹ ਤਿੰਨ, ਪੰਜ, ਸੱਤ, ਗਿਆਰਾਂ, ਸੌ, ਹਜ਼ਾਰ ਅਤੇ ਅਨੰਤ ਹੋ ਜਾਂਦਾ ਹੈ। ਉਸਦਾ ਆਹਾਰ ਸ਼ੁੱਧ ਹੁੰਦਾ ਹੈ ਅਤੇ ਇਸ ਨਾਲ ਉਸਦੇ ਅੰਤਹਕਰਣ ਦੀ ਸ਼ੁੱਧੀ ਹੁੰਦੀ ਹੈ। ਅੰਤਰਕਰਣ ਦੀ ਸ਼ੁੱਧੀ ਨਾਲ

ਸਿਮਰਤੀ ਸਥਿਰ ਹੁੰਦੀ ਹੈ ਅਤੇ ਸਿਮਰਤੀ ਦੇ ਸਥਿਰ ਹੋਣ ਤੇ ਉਹ ਗ੍ਰੰਥੀ (ਗੁੰਝਲ) ਰਹਿਤ ਹੋ ਜਾਂਦਾ ਹੈ। ਸਭ ਤਰ੍ਹਾਂ ਦੀਆਂ ਗ੍ਰੰਥੀਆਂ ਤੋਂ ਉਸਨੂੰ ਮੁਕਤੀ ਮਿਲ ਜਾਂਦੀ ਹੈ।

ਨਾਰਦ ਨੂੰ ਲੱਗਿਆ ਕਿ ਉਸ ਦੀਆਂ ਵਾਸਨਾਵਾਂ ਸਚਮੁੱਚ ਛੀਣ ਹੋ ਗਈਆਂ ਹਨ ਅਤੇ ਉਨ੍ਹਾਂ ਦੀਆਂ ਗ੍ਰੰਥੀਆਂ ਸਮਾਪਤ ਹੋ ਗਈਆਂ ਹਨ। ਉਹ ਸਚਮੁੱਚ ਪਰਮ-ਗਿਆਨ ਪ੍ਰਾਪਤ ਕਰਨ ਵਿਚ ਸਫਲ ਹੋਏ ਹਨ।

# ਵੈਸ਼ਵਾਨਰ ਆਤਮਾ

ਉਪਮੰਨੂ ਦਾ ਪੁੱਤਰ ਪ੍ਰਾਚੀਨਸ਼ਾਲ, ਪੁਲੁਸ਼ ਦਾ ਪੁੱਤਰ ਸਤਿਯੱਗ, ਭੱਲਵੀ ਦਾ ਪੁੱਤਰ ਇੰਦ੍ਰ ਦ੍ਯੁਮਨ, ਸ਼ਰਕਰਾਕਸ਼ ਦਾ ਪੁੱਤਰ ਜਨ ਅਤੇ ਅਸ਼ਵਤਰਾਸ਼ਵ ਦਾ ਪੁੱਤਰ ਬੁਡਿਲ ਉਂਜ ਤਾਂ ਘਰ ਬਾਰ ਵਸਾ ਕੇ ਰਹਿੰਦੇ ਸਨ। ਇਹ ਮਾਲਦਾਰ ਵੀ ਇੰਨੇ ਸਨ ਕਿ ਇਨ੍ਹਾਂ ਨੂੰ 'ਮਹਾਸ਼ਾਲ' ਕਿਹਾ ਜਾਂਦਾ ਸੀ। ਨਾਲੇ, ਇਹ ਵੇਦ ਦੇ ਜਾਣਕਾਰ ਵੀ ਸਨ। ਵੇਦ ਦੇ ਗਿਆਨ ਨਾਲ ਭਰਪੂਰ ਅਤੇ ਭੌਤਿਕ ਜੀਵਨ ਵਿਚ ਵੀ ਖ਼ੁਸ਼ਹਾਲ ਹੋਣ ਕਾਰਨ ਇਨ੍ਹਾਂ ਨੂੰ ਕਿਸੇ ਗੱਲ ਦੀ ਨਾ ਤਾਂ ਚਿੰਤਾ ਹੋਣੀ ਚਾਹੀਦੀ ਸੀ ਅਤੇ ਨਾ ਹੀ ਕਿਸੇ ਚੀਜ਼ ਦਾ ਡਰ। ਪਰ ਬ੍ਰਹਮ-ਵਿੱਦਿਆ ਦੀ ਚਿੰਤਾ ਤਾਂ ਅਜਿਹੇ ਲੋਕਾਂ ਨੂੰ ਹੀ ਵਿਸ਼ੇਸ਼ ਤੌਰ ਤੇ ਸਤਾਉਂਦੀ ਹੈ। ਇਹ ਸੁਭਾਵਿਕ ਹੀ ਸੀ ਕਿ ਜਦੋਂ ਇਹ ਇਕੱਠੇ ਹੋਣ ਤਾਂ ਇਨ੍ਹਾਂ ਵਿਚਕਾਰ ਇਹ ਸਵਾਲ ਉਠੇ ਕਿ ਆਤਮਾ ਕੀ ਹੈ? ਬ੍ਰਹਮ ਕੀ ਹੈ? ਅਤੇ ਅਜਿਹਾ ਹੀ ਹੋਇਆ।

ਜਦੋਂ ਇਨ੍ਹਾਂ ਵਿਚੋਂ ਕੋਈ ਇਹ ਨਾ ਦੱਸ ਸਕਿਆ ਤਾਂ ਉਨ੍ਹਾਂ ਨੇ ਸੋਚਣਾ ਆਰੰਭ ਕੀਤਾ ਕਿ ਇਸ ਗੰਭੀਰ ਪ੍ਰਸ਼ਨ ਉਤੇ ਕੌਣ ਪ੍ਰਕਾਸ਼ ਪਾ ਸਕਦਾ ਹੈ। ਫ਼ੈਸਲਾ ਹੋਇਆ ਕਿ ਇਸ ਵੇਲੇ ਅਰੁਣ ਦਾ ਪੁੱਤਰ ਉੱਦਾਲਕ ਵੈਸ਼ਵਾਨਰ ਆਤਮਾ ਦਾ ਗਿਆਨ ਰਖਦੇ ਹਨ, ਇਸ ਲਈ ਉਨ੍ਹਾਂ ਨੂੰ ਇਕੱਠਿਆਂ ਉਨ੍ਹਾਂ ਕੋਲ ਹੀ ਜਾਣਾ ਚਾਹੀਦਾ ਹੈ ਅਤੇ ਮਿਲਵੀਂ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਇਸਦਾ ਉਪਦੇਸ਼ ਉਨ੍ਹਾਂ ਨੂੰ ਕਰਨ। ਇਹ ਫ਼ੈਸਲਾ ਹੁੰਦਿਆਂ ਹੀ ਉਹ ਚਲ ਵੀ ਪਏ। ਪਰ ਉੱਦਾਲਕ ਨੂੰ ਪਤਾ ਸੀ ਕਿ ਉਹ ਕਿੰਨੇ ਪਾਣੀ ਵਿਚ ਹੈ, ਇਸ ਲਈ ਉਹ ਉਨ੍ਹਾਂ ਨੂੰ ਆਉਂਦੇ ਦੇਖ ਕੇ ਚਿੰਤਾ ਵਿਚ ਪੈ ਗਏ। ਸੋਚਣ ਲਗੇ ਕਿ ਇਨ੍ਹਾਂ ਦੀ ਜਿਗਿਆਸਾ ਸ਼ਾਂਤ ਕਰਨੀ ਤਾਂ ਮੇਰੇ ਵੱਸ ਦੀ ਗੱਲ ਨਹੀਂ ਹੈ, ਇਸ ਲਈ ਇਨ੍ਹਾਂ ਨੂੰ ਕਿਸੇ ਅਜਿਹੇ ਵਿਅਕਤੀ ਕੋਲ ਭੇਜਣਾ ਚਾਹੀਦਾ ਹੈ ਜੋ ਇਨ੍ਹਾਂ ਨੂੰ ਸੱਚਮੁਚ ਇਸ ਦਾ ਗਿਆਨ ਕਰਾ ਸਕੇ।

ਉਨ੍ਹਾਂ ਦੇ ਕੋਲ ਆਉਣ ਤੇ ਉਸਨੇ ਕਿਹਾ, "ਆਪ ਸਭ ਮੇਰੇ ਕੋਲ ਆਤਮਾ ਅਤੇ ਬ੍ਰਹਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਏ ਹੋ, ਇਹ ਆਪ ਸਭ ਦੀ ਉਦਾਰਤਾ ਹੈ, ਪਰ ਇਸ ਬਾਰੇ ਸਹੀ ਜਾਣਕਾਰੀ ਕੈਕੇਯ ਅਸ਼ਵਪਤੀ ਹੀ ਦੇ ਸਕਦੇ ਹਨ। ਆਓ, ਮੈਂ ਵੀ ਆਪ ਸਭ ਨਾਲ ਉਨ੍ਹਾਂ ਕੋਲ ਚਲਦਾ ਹਾਂ।

ਹੁਣ ਉਹ ਸਾਰੇ ਕੈਕੇਯ ਨਰੇਸ਼ ਅਸ਼ਵਪਤੀ ਕੋਲ ਪਹੁੰਚੇ। ਅਸ਼ਵਪਤੀ ਨੇ ਇਨ੍ਹਾਂ ਲੋਕਾਂ ਦੇ ਰਹਿਣ ਲਈ ਵੱਖ-ਵੱਖ ਪ੍ਰਬੰਧ ਕੀਤਾ ਅਤੇ ਇਸ ਗੱਲ ਦਾ ਧਿਆਨ ਰਖਿਆ ਕਿ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਕਿਸੇ ਕਿਸਮ ਦੀ ਔਖਿਆਈ ਨਾ ਹੋਵੇ।

ਅਸ਼ਵਪਤੀ ਨੇ ਸਮਝਿਆ ਸੀ ਕਿ ਇਹ ਦਾਨ ਦੀ ਇੱਛਾ ਨਾਲ ਉਨ੍ਹਾਂ ਕੋਲ ਆਏ ਹਨ, ਇਸ ਲਈ ਅਗਲੇ ਦਿਨ ਉਸਨੇ ਇਨ੍ਹਾਂ ਨੂੰ ਕਿਹਾ, ''ਮੇਰੇ ਰਾਜ ਵਿਚ ਨਾ ਤਾਂ ਕੋਈ ਚੋਰ ਹੈ, ਨਾ ਕੰਜੂਸ। ਨਾ ਕੋਈ ਸ਼ਰਾਬੀ ਹੈ ਨਾ ਹੀ ਅਗਨੀ-ਹੋਤ੍ਰ ਨਾ ਕਰਨ ਵਾਲਾ। ਨਾ ਅਵਿਦਵਾਨ (ਮੂਰਖ) ਹੈ, ਨਾ ਲੰਪਟ, ਫਿਰ ਕਿਸੇ ਇਸਤਰੀ ਦੇ ਕੁਲੱਛਣੀ ਹੋਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਹੇ ਪੂਜਣਯੋਗ ਪੁਰਸ਼ੋ, ਮੈਂ ਯੱਗ ਦਾ ਆਯੋਜਨ ਕਰਨ ਵਾਲਾ ਹਾਂ। ਜਿੰਨਾ ਧਨ ਮੈਂ ਇਕ-ਇਕ ਯੱਗ ਕਰਨ ਵਾਲੇ ਨੂੰ ਦਿਆਂਗਾ ਓਨਾ-ਓਨਾ ਹੀ ਆਪ ਸਭ ਨੂੰ ਦਿਆਗਾਂ, ਇਸ ਲਈ ਆਪ ਲੋਕ ਕੁਝ ਸਮੇਂ ਲਈ ਇਥੇ ਹੀ ਬਿਰਾਜੋ।'' ਇਸ਼ਾਰਾ ਉਸਦਾ ਇਹ ਸੀ ਕਿ ਜਿਸ ਰਾਜ ਵਿਚ ਪ੍ਰਜਾ ਏਨੀ ਅਮੀਰ ਅਤੇ ਉਦਾਰ ਹੈ ਕਿ ਕਿਸੇ ਵੀ ਗ੍ਰਿਹਸਥੀ ਦੇ ਦਰਵਾਜ਼ੇ ਤੋਂ ਕੋਈ ਵਿਅਕਤੀ ਨਿਰਾਸ਼ ਨਹੀਂ ਮੁੜਦਾ, ਉਸਦੇ ਰਾਜ ਵਿਚ ਇਥੇ ਪਹੁੰਚ ਕੇ ਆਪ ਭਰਪੂਰ ਦਾਨ ਦੱਛਣਾ ਲਏ ਬਿਨਾਂ ਨਹੀਂ ਜਾ ਸਕਦੇ।

ਪਰ ਇਹ ਲੋਕ ਧਨ ਦੀ ਇੱਛਾ ਲਈ ਤਾਂ ਆਏ ਨਹੀਂ ਸਨ। ਉਨ੍ਹਾਂ ਦਾ ਮਨੋਰਥ ਹੀ ਵੱਖਰਾ ਸੀ। ਇਸ ਲਈ ਉਨ੍ਹਾਂ ਨੇ ਕਿਹਾ, ''ਮਹਾਰਾਜ, ਸਾਨੂੰ ਆਪ ਦਾ ਧਨ ਨਹੀਂ ਚਾਹੀਦਾ ਅਸੀਂ ਤਾਂ ਆਪ ਪਾਸ ਇਸ ਲਈ ਆਏ ਹਾਂ ਕਿ ਸਾਨੂੰ ਪਤਾ ਲੱਗਿਆ ਹੈ ਕਿ ਆਪ ਵੈਸ਼ਵਾਨਰ ਆਤਮਾ ਨੂੰ ਜਾਣਦੇ ਹੋ। ਸਾਡੀ ਬੇਨਤੀ ਹੈ ਕਿ ਆਪ ਸਾਨੂੰ ਉਸ ਬਾਰੇ ਦੱਸੋ।''

ਧਨ ਆਦਿ ਦੇਣਾ ਤਾਂ ਸੌਖਾ ਸੀ। ਇਸਦੀ ਬੇਨਤੀ ਹੋਣ 'ਤੇ ਅਸ਼ਵਪਤੀ ਨੇ ਜ਼ਿਆਦਾ ਸੋਚਿਆ ਵਿਚਾਰਿਆ ਨਾ ਹੁੰਦਾ, ਪਰ ਇਥੇ ਬ੍ਰਹਮਤੱਤ ਅਤੇ ਆਤਮਤੱਤ ਦਾ ਉਪਦੇਸ਼ ਕਰਨ ਦਾ ਪ੍ਰਸ਼ਨ ਸੀ। ਇਹ ਬਿਨਾਂ ਸੋਚੇ ਸਮਝੇ ਨਹੀਂ ਸੀ ਕੀਤਾ ਜਾ ਸਕਦਾ। ਇਹ ਸੋਚ ਕੇ ਅਸ਼ਵਪਤੀ ਨੇ ਕਿਹਾ, ''ਇਸ ਬਾਰੇ ਮੈਂ ਆਪ ਨੂੰ ਕਲ੍ਹ ਦੱਸਾਂਗਾ।''

ਅਗਲੇ ਦਿਨ ਇਹ ਸਾਰੇ ਹੱਥਾਂ ਵਿਚ ਯੱਗ ਦੀਆਂ ਲੱਕੜੀਆਂ ਫੜ ਕੇ ਅਸ਼ਵਪਤੀ ਦੇ ਸਾਹਮਣੇ ਹਾਜ਼ਿਰ ਹੋਏ। ਰਾਜਾ ਛਤ੍ਰੀ ਸੀ। ਉਹ ਉਨ੍ਹਾਂ ਦਾ ਉਪਨਯਨ ਤਾਂ ਕਰ ਨਹੀਂ ਸਕਦਾ ਸੀ, ਇਸ ਲਈ ਉਸਨੇ ਉਨ੍ਹਾਂ ਨੂੰ ਉਪਨਯਨ ਕੀਤੇ ਬਿਨਾਂ ਉਪਦੇਸ਼ ਦੇਣਾ ਸ਼ੁਰੂ ਕੀਤਾ – **ਤਾਨ ਹ ਅਨੁਪਨੀਯ ਇਵ ਏਤਤ ਉਵਾਚ**। ਉਸਨੇ ਪਹਿਲਾਂ ਪ੍ਰਾਚੀਨਸ਼ਾਲ ਨੂੰ ਪ੍ਰਸ਼ਨ ਕੀਤਾ, ''ਉਪਮਨਯ ਕੁਮਾਰ, ਤੂੰ ਕਿਸ ਆਤਮਾ ਦੀ ਉਪਾਸਨਾ ਕਰਦਾ ਹੈਂ?''

ਪ੍ਰਾਚੀਨਸ਼ਾਲ ਕਹਿਣ ਲੱਗਾ, ''ਮੈਂ ਸਵਰਗ ਲੋਕ ਦੀ ਉਪਾਸਨਾ ਕਰਦਾ ਹਾਂ।''

ਅਸ਼ਵਪਤੀ ਨੇ ਕਿਹਾ, ''ਤੁਸੀਂ ਜਿਸ ਆਤਮਾ ਦੀ ਉਪਾਸਨਾ ਕਰਦੇ ਹੋ, ਉਸਦਾ ਨਾਂ ਸੁਤੇਜਾ ਵੈਸ਼ਵਾਨਰ ਹੈ। ਇਸੇ ਦਾ ਪ੍ਰਤਾਪ ਹੈ ਕਿ ਤੇਰੇ ਕੁਲ ਵਿਚ ਸੁਤ, ਪ੍ਰਸੁਤ ਅਤੇ ਆਸੁਤ ਦੀ ਘਾਟ ਦਿਖਾਈ ਨਹੀਂ ਦਿੰਦੀ। ਇਸਦਾ ਪ੍ਰਭਾਵ ਇਹ ਹੈ ਕਿ ਤੈਨੂੰ ਨਾ ਤਾਂ ਖਾਣ-ਪੀਣ ਦੀ ਘਾਟ ਹੈ, ਨਾ ਹੀ ਮਿਲਣ ਜੁਲਣ ਵਾਲਿਆਂ ਦੀ ਥੁੜ ਰਹਿੰਦੀ ਹੈ। ਇਸਦਾ ਅਸਰ ਇਹ ਵੀ ਹੈ ਕਿ ਤੇਰੇ ਕੁਲ ਦੇ ਲੋਕਾਂ ਵਿਚ ਬ੍ਰਹਮ-ਤੇਜ ਮੌਜੂਦ ਹੈ। ਤੁਸੀਂ ਇਹ ਸਮਝ ਲਵੋ ਕਿ ਵੈਸ਼ਵਾਨਰ ਆਤਮਾ ਦਾ ਮਸਤਕ ਹੈ। ਚੰਗਾ ਹੋਇਆ ਕਿ ਤੁਸੀਂ ਮੇਰੇ ਕੋਲ ਆ ਗਏ ਹੋ, ਨਹੀਂ ਤਾਂ ਤੁਹਾਡਾ ਸਿਰ ਕਟ ਕੇ ਡਿਗ ਜਾਂਦਾ।''

ਫਿਰ ਅਸ਼ਵਪਤੀ ਨੇ ਸਤਿਯੱਗ ਪੌਲੁਸ਼ਿ ਨੂੰ ਪ੍ਰਸ਼ਨ ਕੀਤਾ, ''ਪ੍ਰਾਚੀਨਯੋਗ, ਤੁਸੀਂ ਕਿਸ ਆਤਮਾ ਦੀ ਉਪਾਸਨਾ ਕਰਦੇ ਹੋ?'' ਉਸਨੇ ਦੱਸਿਆ ਕਿ ਉਹ ਆਦਿਤਯ ਦੀ ਉਪਾਸਨਾ

ਕਰਦਾ ਹੈ। ਅਸ਼ਵਪਤੀ ਨੇ ਉਸ ਨੂੰ ਦੱਸਿਆ ਕਿ ਇਹ ਵਿਸ਼ਵਰੂਪ ਵੈਸ਼ਵਾਨਰ ਆਤਮਾ ਹੈ। ਇਸਦੀ ਉਪਾਸਨਾ ਦੇ ਕਾਰਣ ਉਸਦੇ ਕੁਲ ਵਿਚ ਤਰ੍ਹਾਂ ਤਰ੍ਹਾਂ ਦੇ ਸਾਧਨ ਦਿਖਾਈ ਦਿੰਦੇ ਹਨ ਅਤੇ ਉਸਦੇ ਘਰ ਵਿਚ ਖਾਣ ਪੀਣ ਦੀਆਂ ਚੀਜ਼ਾਂ ਦੀ ਕੋਈ ਘਾਟ ਨਹੀਂ ਹੈ। ਇਸੇ ਲਈ ਉਸਨੂੰ ਆਪਣੇ ਪਿਆਰਿਆਂ ਦਾ ਦੁੱਖ ਵੀ ਨਹੀਂ ਹੁੰਦਾ। ਮਹੱਤਵਪੂਰਣ ਗੱਲ ਇਹ ਸੀ ਕਿ ਇਹ ਆਤਮਾ ਦਾ ਨੇਤਰ ਰੂਪ ਹੈ, ਇਸ ਲਈ ਜੇ ਉਹ ਅਸ਼ਵਪਤੀ ਦੇ ਕੋਲ ਨਾ ਆਇਆ ਹੁੰਦਾ ਤਾਂ ਅੰਨ੍ਹਾ ਹੋ ਜਾਂਦਾ। ਇਸ ਪਿਛੋਂ ਤੋਹਫ਼ੇ ਵਜੋਂ ਉਸਨੂੰ ਰਾਜੇ ਨੇ ਦਾਸੀਆਂ ਸਹਿਤ ਹਾਰ ਅਤੇ ਖਚਰਾਂ ਨਾਲ ਜੁਤਿਆ ਹੋਇਆ ਇਕ ਰੱਥ ਪ੍ਰਦਾਨ ਕੀਤਾ। ਏਨਾ ਧਨ ਪਾ ਕੇ ਉਸਨੇ ਸੋਚਿਆ, ਰਾਜੇ ਨੇ ਜੋ ਕੁਝ ਕਿਹਾ ਹੈ ਉਹ ਠੀਕ ਹੀ ਹੋਵੇਗਾ।

ਇਸ ਤੋਂ ਬਾਅਦ ਅਸ਼ਵਪਤੀ ਭੱਲਵੇਯ ਇੰਦ੍ਰਦਯੁਮਨ ਵਲ ਮੁੜਿਆ, ''ਵੈਯਘ੍ਰਪਦਯ, ਤੂੰ ਕਿਸ ਆਤਮਾ ਦੀ ਉਪਾਸਨਾ ਕਰਦਾ ਹੈਂ?''

ਉਸਨੇ ਦੱਸਿਆ ਕਿ ਉਹ ਵਾਯੂ ਦੀ ਉਪਾਸਨਾ ਕਰਦਾ ਹੈ। ਰਾਜੇ ਨੇ ਇਸਨੂੰ ਪ੍ਰਿਥਗਵਰਤਮਾ ਵੈਸ਼ਵਾਨਰ ਦੀ ਉਪਾਸਨਾ ਦੱਸਿਆ। ਇਸਦਾ ਹੀ ਉਸਨੂੰ ਲਾਭ ਮਿਲਿਆ ਹੋਇਆ ਸੀ ਕਿ ਉਸਨੂੰ ਵਖ-ਵਖ ਤੋਹਫ਼ੇ ਅਤੇ ਲਾਭ ਮਿਲਦੇ ਰਹਿੰਦੇ ਸਨ। ਇਸੇ ਲਈ ਭਿੰਨ-ਭਿੰਨ ਦਿਸ਼ਾਵਾਂ ਵਿਚ ਉਸਦੇ ਨਾਲ ਜਾਂਦੇ ਰਹਿੰਦੇ ਸਨ। ਉਸਦੇ ਕੋਲ ਧਨ ਅਨਾਜ ਦੀ ਥੁੜ ਤਾਂ ਸੀ ਨਹੀਂ, ਉਸਨੂੰ ਵੀ ਆਪਣੇ ਪਿਆਰਿਆ ਦਾ ਵਿਛੋੜਾ ਸਹਿਣਾ ਨਹੀਂ ਪੈਂਦਾ ਸੀ। ਉਸਦੇ ਕੁਲ ਵਿਚ ਜੋ ਬ੍ਰਹਮਤੇਜ ਬਣਿਆ ਹੋਇਆ ਸੀ ਉਹ ਵੀ ਇਸ ਉਪਾਸਨਾ ਦਾ ਸਿੱਟਾ ਸੀ। ਇਸਦਾ ਵਿਸ਼ੇਸ਼ ਪਰਿਚੇ ਦਿੰਦਿਆਂ ਹੋਇਆਂ ਰਾਜੇ ਨੇ ਕਿਹਾ, ''ਇਹ ਆਤਮਾ ਦਾ ਪ੍ਰਾਣ ਹੈ।'' ਇਸ ਨਾਲ ਖਤਰਾ ਇਹ ਜੁੜਿਆ ਹੋਇਆ ਹੈ ਕਿ ਜੇ ਉਹ ਅਸ਼ਵਪਤੀ ਕੋਲ ਨਾ ਆਇਆ ਹੁੰਦਾ ਤਾਂ ਉਸਦੇ ਪ੍ਰਾਣ ਨਿਕਲ ਜਾਂਦੇ।

ਇਸ ਪਿਛੋਂ ਜਨ ਦੀ ਵਾਰੀ ਆਈ। ਅਸ਼ਵਪਤੀ ਨੇ ਪੁੱਛਿਆ, 'ਸ਼ਾਰਕਰਾਕਸ਼' ਤੁਸੀਂ ਕਿਸ ਆਤਮਾ ਦੀ ਉਪਾਸਨਾ ਕਰਦੇ ਹੋ?

ਉਸਨੇ ਦੱਸਿਆ ਕਿ ਉਹ ਆਕਾਸ਼ ਦੀ ਉਪਾਸਨਾ ਕਰਦਾ ਹੈ। ਅਸ਼ਵਪਤੀ ਨੇ ਉਸਨੂੰ ਜੋ ਕੁਝ ਸਮਝਾਇਆ ਉਸ ਅਨੁਸਾਰ ਉਹ ਬਹੁਲ ਨਾਮੀ ਵੈਸ਼ਵਾਨਰ ਆਤਮਾ ਹੈ ਅਤੇ ਇਸਦੇ ਪ੍ਰਭਾਵ ਨਾਲ ਉਸਨੂੰ ਨਾ ਤਾਂ ਧਨ ਦੀ ਘਾਟ ਸੀ, ਨਾ ਪ੍ਰਜਾ ਦੀ। ਇਸ ਦੇ ਹੋਰ ਲਾਭ ਵੀ ਪਹਿਲੇ ਵਰਗੇ ਹੀ ਸਨ। ਇਹ ਆਤਮਾ ਦਾ ਸੰਦੇਹ ਭਾਗ ਹੈ ਜਾਂ ਮੱਧਭਾਗ ਸੀ ਅਤੇ ਜੇ ਜਨ ਉਸ ਕੋਲ ਨਾ ਆਇਆ ਹੁੰਦਾ ਤਾਂ ਉਸਦਾ ਮੱਧਭਾਗ ਨਸ਼ਟ ਹੋ ਗਿਆ ਹੁੰਦਾ।''

ਅਸ਼ਵਤਰਾਸ਼ਵ ਬੁਡਿਲ ਤੋਂ ਅਸ਼ਵਪਤੀ ਨੇ ਪੁੱਛਿਆ, ''ਵੈਯਾਘ੍ਰਪਦਯ, ਤੁਸੀਂ ਕਿਸ ਦੀ ਉਪਾਸਨਾ ਕਰਦੇ ਹੋ?'' ਜਿਸਦੇ ਉਤਰ ਵਿਚ ਉਸਨੇ ਦੱਸਿਆ ਕਿ ਉਹ ਜਲ ਦੀ ਉਪਾਸਨਾ ਕਰਦਾ ਹੈ। ਅਸ਼ਵਪਤੀ ਦੇ ਉਪਦੇਸ਼ ਤੋਂ ਉਸਨੂੰ ਪਤਾ ਲਗਾ ਕਿ ਇਹ 'ਰਯਿ' ਨਾਮੀ ਵੈਸ਼ਵਾਨਰ ਆਤਮਾ ਹੈ। ਇਸੇ ਕਰਕੇ ਉਹ ਧਨਵਾਨ ਅਤੇ ਦ੍ਰਿੜ ਸੀ। ਇਸੇ ਲਈ ਉਸਨੂੰ ਨਾ ਅੰਨ ਦੀ ਘਾਟ ਸੀ, ਨਾ ਪ੍ਰਿਯ-ਜਨਾਂ ਦਾ ਵਿਯੋਗ ਸਹਿਣਾ ਪੈਂਦਾ ਸੀ। ਉਸਦੇ ਕੁਲ ਵਿਚ ਜੋ ਬ੍ਰਹਮਤੇਜ ਬਣਿਆ ਹੋਇਆ ਸੀ, ਉਹ ਵੀ ਇਸੇ ਕਾਰਣ ਸੀ। ਉਹ ਆਤਮਾ ਦਾ ਵਸਤਿ ਭਾਗ (ਪੇਡੂ) ਸੀ ਅਤੇ ਜੇ ਉਹ ਅਸ਼ਵਪਤੀ ਕੋਲ ਨਾ ਆਇਆ ਹੁੰਦਾ ਤਾਂ

ਉਸਦਾ ਇਹ ਹਿੱਸਾ ਫਟ ਜਾਂਦਾ।

ਅੰਤ ਵਿਚ ਉੱਦਾਲਕ ਆਰੁਣੀ ਦੀ ਵਾਰੀ ਆਈ। ਉਸ ਨੂੰ ਵੀ ਅਸ਼ਵਪਤੀ ਨੇ ਉਹੀ ਸਵਾਲ ਕੀਤਾ ਜੋ ਦੂਜਿਆਂ ਨੂੰ ਕੀਤਾ ਸੀ। ਉਤਰ ਵਿਚ ਪਤਾ ਲਗਾ ਕਿ ਉਹ ਧਰਤੀ ਦੀ ਉਪਾਸਨਾ ਕਰਦਾ ਸੀ। ਇਹ ਪ੍ਰਤਿਸ਼ਠਾ ਨਾ ਵਾਲੀ, ਵੈਸ਼ਵਾਨਰ ਆਤਮਾ ਸੀ। ਇਸ ਦਾ ਪ੍ਰਭਾਵ ਸੀ ਪ੍ਰਜਾ ਦਾ ਵਾਧਾ, ਅਤੇ ਪਸ਼ੂ ਦੇ ਵਾਧੇ ਕਾਰਣ ਹੋਈ ਪ੍ਰਤਿਸ਼ਠਾ। ਖਾਣ-ਪੀਣ ਦੀ ਥੁੜ ਨਾ ਹੋਣਾ ਤੇ ਆਪਣੇ ਪਿਆਰਿਆਂ ਦੇ ਦਰਸ਼ਨ। ਪਰਿਵਾਰਕ ਬ੍ਰਹਮਤੇਜ। ਇਹ ਆਤਮਾ ਦਾ ਚਰਨ ਸੀ ਅਤੇ ਇਸ ਲਈ ਜੇ ਉਹ ਅਸ਼ਵਪਤੀ ਕੋਲ ਨਾ ਆਇਆ ਹੁੰਦਾ ਤਾਂ ਉਸਦੇ ਚਰਨ ਸਿਥਿਲ ਹੋ ਜਾਂਦੇ।

ਜਦੋਂ ਸਾਰਿਆਂ ਨੂੰ ਇਕੱਠੇ ਸੰਬੋਧਨ ਕਰਨ ਦਾ ਪ੍ਰਸ਼ਨ ਆਇਆ, ਅਸ਼ਵਪਤੀ ਨੇ ਕਿਹਾ, "ਤੁਹਾਡੀ ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਤੁਸੀਂ ਵੈਸ਼ਵਾਨਰ ਆਤਮਾ ਨੂੰ ਆਪਣੇ ਤੋਂ ਵੱਖ ਮੰਨ ਕੇ ਅੰਨ ਖਾਂਦੇ ਹੋ। ਜੇ ਤੁਸੀਂ ਇਹ ਮੰਨ ਕੇ ਉਸ ਦੀ ਉਪਾਸਨਾ ਕਰੋ ਕਿ ਇਹ ਤੁਹਾਥੋਂ ਅਭਿੰਨ ਹੈ ਤਾਂ ਸਾਰੇ ਲੋਕਾਂ ਵਿਚ, ਸਾਰਿਆਂ ਪ੍ਰਾਣੀਆਂ ਅਤੇ ਸਾਰੀਆਂ ਆਤਮਾਵਾਂ ਵਿਚ ਅੰਨ ਦਾ ਸੇਵਨ ਕਰੋਗੇ।"

ਆਪਣੀ ਭੇਦ-ਦ੍ਰਿਸ਼ਟੀ ਦੇ ਕਾਰਣ ਉਹ ਉਸ ਰੂਪ ਨੂੰ ਨਹੀਂ ਸਨ ਦੇਖ ਸਕਦੇ ਜਿਸਦੇ ਅੰਗਾਂ ਦੀ ਉਪਾਸਨਾ ਉਹ ਹੁਣ ਤਕ ਕਰਦੇ ਆਏ ਸਨ; ਇਸ ਲਈ ਅਸ਼ਵਪਤੀ ਨੇ ਉਨ੍ਹਾਂ ਨੂੰ ਅਗੋਂ ਸਮਝਾਉਣਾ ਆਰੰਭ ਕੀਤਾ, "ਇਸ ਵੈਸ਼ਵਾਨਰ ਆਤਮਾ ਦਾ ਮਸਤਕ ਹੀ ਸੁਤੇਜਾ ਜਾਂ ਸਵਰਗਲੋਕ ਹੈ, ਚਕਸ਼ੂ (ਅੱਖਾਂ) ਆਦਿਤਯ (ਸੂਰਜ) ਹੈ, ਪ੍ਰਾਣ ਪ੍ਰਿਥਗਵਰਤਮਾ ਜਾਂ ਵਾਯੂ ਹੈ, ਦੇਹ ਦਾ ਮੱਧ-ਭਾਗ ਆਕਾਸ਼ ਹੈ, ਵਸਤਿ ਹੀ ਜਲ ਹੈ, ਧਰਤੀ ਹੀ ਦੋਵੇਂ ਚਰਨ ਹਨ, ਛਾਤੀ ਵੇਦੀ ਹੈ, ਲੋਮ ਕੁਸ਼-ਆਸਨ ਹਨ, ਹਿਰਦਾ ਹੀ ਗਾਰਹਸਪਤਯ ਅਗਨੀ ਹੈ, ਮਨ ਯੱਗ-ਭੋਜਨ ਵਾਲੀ ਅਗਨੀ ਹੈ ਅਤੇ ਮੂੰਹ ਯੱਗ ਦੀ ਆਹਵਨੀਯ ਅਗਨੀ ਹੈ। ਇਸ ਲਈ ਅੰਨ ਨੂੰ ਅੰਨ ਮੰਨ ਕੇ ਨਹੀਂ, ਇਸ ਭਾਵ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ ਜਿਵੇਂ ਯੱਗ ਵਿਚ ਆਹੂਤੀ ਦੇ ਰਹੇ ਹੋਵੋ। ਭੋਜਨ ਕਰਨ ਵੇਲੇ ਪਹਿਲੀ ਆਹੂਤੀ 'ਪ੍ਰਾਣਾਯ ਸਵਾਹਾ' ਕਹਿ ਕੇ ਦੇਣੀ ਚਾਹੀਦੀ ਹੈ। ਇਸ ਨਾਲ ਪ੍ਰਾਣ ਤ੍ਰਿਪਤ ਹੁੰਦਾ ਹੈ।"

ਇਸ ਤਰ੍ਹਾਂ ਉਨ੍ਹਾਂ ਨੇ ਅਗਲੀਆਂ ਆਹੂਤੀਆਂ 'ਵਯਾਨਾਥ ਸਵਾਹਾ', 'ਅਪਾਨਾਯ ਸਵਾਹਾ', 'ਸਮਾਨਾਯ ਸਵਾਹਾ', 'ਉਦਾਨਾਯ ਸਵਾਹਾ' ਕਰਕੇ ਦੇਣ ਦੀ ਗੱਲ ਦੱਸੀ ਅਤੇ ਇਨ੍ਹਾਂ ਤੋਂ ਤ੍ਰਿਪਤ ਹੋਣ ਵਾਲਿਆਂ ਦੀ ਤਾਲਿਕਾ ਪੇਸ਼ ਕਰਦੇ ਰਹੇ। ਇਸ ਤਰ੍ਹਾਂ ਕੀਤਾ ਹੋਇਆ ਹਵਨ ਜਾਂ ਇਸ ਤਰ੍ਹਾਂ ਗ੍ਰਹਿਣ ਕੀਤਾ ਹੋਇਆ ਅੰਨ ਜੋ ਸੰਤੁਸ਼ਟੀ ਦਿੰਦਾ ਹੈ ਉਹ ਕਿਧਰੇ ਹੋਰ ਨਹੀਂ ਮਿਲ ਸਕਦਾ। ਜੋ ਵਿਅਕਤੀ ਵੈਸ਼ਵਾਨਰ ਵਿਦਿਆ ਨੂੰ ਜਾਣੇ ਬਿਨਾਂ ਹਵਨ ਕਰਦਾ ਹੈ, ਉਸਦਾ ਹਵਨ ਅਜਿਹਾ ਹੈ ਜਿਵੇਂ ਕੋਈ ਅਗਨੀ ਨੂੰ ਇਕ ਪਾਸੇ ਰਖ ਕੇ ਸੁਆਹ ਵਿਚ ਹਵਨ ਕਰੇ। ਵੈਸ਼ਵਾਨਰ ਵਿਦਿਆ ਨੂੰ ਜਾਣ ਕੇ ਹਵਨ ਕਰਨ ਵਾਲਾ ਅਗਨੀ-ਹੋਤਰ ਕਰਦਾ ਹੈ ਕਿਉਂਕਿ ਉਹ ਜੋ ਕੁਝ ਖਾਂਦਾ ਹੈ, ਉਹ ਸਾਰੇ ਲੋਕਾਂ, ਸਾਰੇ ਭੂਤਾਂ ਅਤੇ ਸੰਪੂਰਣ ਆਤਮਾਵਾਂ ਵਿਚ ਹਵਨ ਹੋ ਜਾਂਦਾ ਹੈ। ਅਜਿਹੇ ਵਿਅਕਤੀ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਇਸ ਤਰ੍ਹਾਂ ਜਾਣਨ ਵਾਲਾ ਜੇ ਚੰਡਾਲ ਨੂੰ ਸੀਤ ਪ੍ਰਸ਼ਾਦ ਵੀ ਦੇਵੇ ਤਾਂ ਉਹ ਅੰਨ ਉਸ ਵੈਸ਼ਵਾਨਰ ਆਤਮਾ ਵਿਚ ਹੀ ਭਸਮ ਹੋਵੇਗਾ। ਅਜਿਹੇ ਵਿਅਕਤੀ ਦਾ ਭੋਜਨ ਕੇਵਲ ਆਪਣੇ ਲਈ ਨਹੀਂ ਹੁੰਦਾ ਅਤੇ ਜਿਵੇਂ ਭੁੱਖਾ ਬੱਚਾ ਮਾਂ ਦੀ ਉਡੀਕ ਕਰਦਾ ਹੈ ਉਸੇ ਤਰ੍ਹਾਂ ਸਾਰੇ ਪ੍ਰਾਣੀ ਇਸ ਗੱਲ ਦੀ ਇੰਤਜ਼ਾਰ ਕਰਦੇ ਹਨ ਕਿ ਉਹ ਭੋਜਨ ਕਦੋਂ ਕਰੇਗਾ।

# ਅਧਿਆਤਮਿਕ ਸਰੀਰ-ਵਿਗਿਆਨ

ਸ਼ਵੇਤਕੇਤੂ ਉੱਦਾਲਕ ਆਰੁਣੀ ਦਾ ਪੁੱਤਰ ਸੀ। ਉਹ ਕੁਝ ਅੱਖੜ ਸੁਭਾ ਦਾ ਸੀ। ਇਕ ਦਿਨ ਉਸਦੇ ਪਿਤਾ ਨੇ ਉਸਨੂੰ ਸਲਾਹ ਦਿੱਤੀ ਕਿ ਉਹ ਬ੍ਰਹਮਚਰਯ-ਵਾਸ ਕਰੇ ਕਿਉਂਕਿ ਉਸਦੇ ਪਰਿਵਾਰ ਵਿਚ ਇਸ ਤੋਂ ਪਹਿਲਾਂ ਕੋਈ ਵੀ ਅਜਿਹਾ ਨਹੀਂ ਪੈਦਾ ਹੋਇਆ ਸੀ ਜੋ ਬਿਨਾਂ ਅਧਿਐਨ ਕੀਤੇ ਹੀ ਬ੍ਰਾਹਮਣ ਹੋਣ ਦਾ ਦਾਅਵਾ ਕਰੇ। ਪਿਤਾ ਦੀ ਗੱਲ ਮੰਨ ਕੇ ਬਾਰ੍ਹਾਂ ਸਾਲ ਦੀ ਉਮਰ ਵਿਚ ਉਸਨੇ ਯੱਗ-ਉਪਵੀਤ (ਜੰਞੂ) ਧਾਰਣ ਕਰਕੇ ਗੁਰੂ-ਚਰਨੀ ਲਗਾ ਅਤੇ ਬਾਰ੍ਹਾਂ ਸਾਲ ਤਕ ਵੇਦਾਂ ਦਾ ਅਧਿਐਨ ਕਰਦਾ ਰਿਹਾ। ਇਸ ਉਪਰੰਤ ਜਦੋਂ ਉਹ ਮੁੜਿਆ ਤਾਂ ਉਸਨੂੰ ਹੰਕਾਰ ਹੋ ਗਿਆ ਕਿ ਉਹ ਬਹੁਤ ਕੁਝ ਜਾਣਦਾ ਹੈ ਅਤੇ ਉਸ ਤੋਂ ਜ਼ਿਆਦਾ ਬੁੱਧੀਮਾਨ ਕੋਈ ਹੋਰ ਨਹੀਂ ਹੈ। ਪਿਤਾ ਨੇ ਉਸਦੀ ਅੱਖੜਤਾ ਦੇਖ ਕੇ ਪੁੱਛਿਆ, "ਹੇ ਪਿਆਰੇ ਪੁੱਤਰ, ਤੂੰ ਆਪਣੇ ਆਪ ਨੂੰ ਏਨਾ ਸਮਝਦਾਰ, ਏਨਾ ਵੱਡਾ ਪੰਡਿਤ ਸਮਝਦਾ ਹੈਂ ਅਤੇ ਇਸੇ ਕਾਰਣ ਏਨਾ ਗੁਸਤਾਖ਼ ਵੀ ਹੈਂ, ਇਸ ਲਈ ਤੂੰ ਇਹ ਦੱਸ ਕਿ ਤੂੰ ਉਹ ਆਦੇਸ਼ ਪੁੱਛਿਆ ਹੈ ਯਾ ਨਹੀਂ ਜਿਸ ਰਾਹੀਂ ਅਸ਼੍ਰੁਤ ਸ਼੍ਰੁਤ (ਸੁਣਿਆ ਹੋਇਆ) ਹੋ ਜਾਂਦਾ ਹੈ, ਅਮਤ ਮਤ (ਗਿਆਤ) ਹੋ ਜਾਂਦਾ ਹੈ, ਅਵਿਗਿਆਤ ਵਿਗਿਆਤ (ਸਪਸ਼ਟ) ਹੋ ਜਾਂਦਾ ਹੈ।"

ਸ਼ਵੇਤਕੇਤੂ ਨੂੰ ਇਸ ਬਾਰੇ ਕੁਝ ਵੀ ਮਾਲੂਮ ਨਹੀਂ ਸੀ। ਉਸਨੇ ਹੈਰਾਨੀ ਨਾਲ ਪੁੱਛਿਆ, "ਇਹ ਕਿਹੋ ਜਿਹਾ ਆਦੇਸ਼ ਹੈ।"

ਆਰੁਣੀ ਨੇ ਦੱਸਿਆ ਕਿ ਜਿਸ ਤਰ੍ਹਾਂ ਮਿੱਟੀ ਨੂੰ ਜਾਣ ਲੈਣ ਉਪਰੰਤ ਮਿੱਟੀ ਤੋਂ ਬਣੀਆਂ ਵਸਤੂਆਂ ਦਾ ਗਿਆਨ ਹੋ ਜਾਂਦਾ ਹੈ ਅਤੇ ਬੋਧ ਪੈਦਾ ਹੋ ਜਾਂਦਾ ਹੈ ਕਿ ਕੇਵਲ ਕਹਿਣ ਲਈ ਇਹ ਵੱਖ ਵੱਖ ਹਨ, ਇਨ੍ਹਾਂ ਵਿਚ ਸਾਰ-ਵਸਤੂ ਤਾਂ ਮਿੱਟੀ ਹੀ ਹੈ; ਜਿਵੇਂ ਤਾਂਬੇ ਦੇ ਗਿਆਨ ਤੋਂ ਬਾਅਦ ਤਾਂਬੇ ਤੋਂ ਬਣੀਆਂ ਚੀਜ਼ਾਂ ਦਾ ਗਿਆਨ ਹੋ ਜਾਂਦਾ ਹੈ ਅਤੇ ਇਹ ਬੋਧ ਹੋ ਜਾਂਦਾ ਹੈ ਕਿ ਕੇਵਲ ਕਹਿਣ ਨੂੰ ਅਲੱਗ ਅਲੱਗ ਹਨ ਅਸਲੋਂ ਸਾਰਿਆਂ ਵਿਚ ਤ਼ਾਂਬਾ ਹੀ ਹੈ; ਅਤੇ ਜਿਵੇਂ ਲੋਹੇ ਦੀ ਇਕ ਨੇਹਾਰਾ ਦੇ ਗਿਆਨ ਤੋਂ ਹੀ ਲੋਹੇ ਤੋਂ ਬਣੇ ਸਾਰੇ ਪਦਾਰਥਾਂ ਦਾ ਗਿਆਨ ਹੋ ਜਾਂਦਾ ਹੈ ਅਤੇ ਇਹ ਪ੍ਰਗਟ ਹੋ ਜਾਂਦਾ ਹੈ ਕਿ ਸਾਰ-ਵਸਤੂ ਸਾਰਿਆਂ ਵਿਚ ਇਕ ਹੀ ਹੈ, ਭੇਦ ਕੇਵਲ ਰੂਪ ਅਤੇ ਨਾਮ ਦੇ ਕਾਰਣ ਆਇਆ ਹੈ, ਉਸੇ ਤਰ੍ਹਾਂ ਉਸਨੂੰ ਜਾਣ ਲੈਣ ਉਪਰੰਤ ਵਿਸ਼ਵ ਵਿਚ ਜੋ ਕੁਝ ਵੀ ਹੈ, ਸਭ ਦਾ ਪਤਾ ਲਗ ਜਾਂਦਾ ਹੈ। ਉਨ੍ਹਾਂ ਨੇ ਆਰੁਣੀ ਤੋਂ ਪੁੱਛਿਆ, "ਕਿ ਤੈਨੂੰ ਇਸ ਦਾ ਗਿਆਨ ਕਿਸੇ ਨੇ ਕਰਾਇਆ ਹੈ।"

ਸ਼ਵੇਤਕੇਤੂ ਦੀ ਹੈਂਕੜ ਖ਼ਤਮ ਹੋ ਗਈ। ਉਸਨੇ ਕਿਹਾ, "ਇਹ ਗੱਲ ਤਾਂ ਮੇਰੇ ਗੁਰੂ ਨੂੰ ਵੀ ਨਹੀਂ ਪਤਾ ਹੋਣੀ, ਕਿਉਂਕਿ ਉਨ੍ਹਾਂ ਨੇ ਉਹ ਸਾਰੀਆਂ ਗੱਲਾਂ ਮੈਨੂੰ ਦੱਸੀਆਂ ਹਨ ਜੋ ਉਨ੍ਹਾਂ ਨੂੰ ਪਤਾ ਸਨ, ਪਰ ਉਨ੍ਹਾਂ ਵਿਚ ਇਸਦਾ ਉਪਦੇਸ਼ ਸ਼ਾਮਿਲ ਨਹੀਂ ਸੀ।"

ਆਰੁਣੀ ਨੇ ਆਪ ਪੁੱਤਰ ਨੂੰ ਉਪਦੇਸ਼ ਦੇਣਾ ਆਰੰਭ ਕੀਤਾ, "ਮੁੱਢ-ਕਦੀਮ ਵਿਚ ਇਕ ਇਕੱਲਾ ਸਤ ਹੀ ਸੀ। ਉਸ ਤੋਂ ਇਲਾਵਾ ਹੋਰ ਕੋਈ ਨਹੀਂ ਸੀ ਅਤੇ ਉਸਦਾ ਹੋਣਾ ਵੀ ਨਾ ਹੋਣ ਵਰਗਾ ਹੀ ਸੀ, ਇਸ ਲਈ ਕੁਝ ਲੋਕ ਕਹਿੰਦੇ ਹਨ ਕਿ ਆਰੰਭ ਵਿਚ (ਕੇਵਲ) ਇਕੋ ਇਕ ਅਸਤ ਹੀ ਸੀ ਅਤੇ ਉਸ ਅਸਤ ਤੋਂ ਹੀ ਸਤ ਦੀ ਉਤਪੱਤੀ ਹੋਈ। ਤੂੰ ਤਾਂ ਵੇਦ ਪੜ੍ਹਿਆ ਹੈ ਅਤੇ ਉਸ ਵਿਚ ਇਕ ਪੂਰਾ ਸੂਕਤ (ਮੰਤ੍ਰ) ਹੀ ਹੈ ਜਿਸ ਵਿਚ ਇਸ ਅਸਤ ਤੋਂ ਸ੍ਰਿਸ਼ਟੀ ਦੀ ਉਤਪੱਤੀ ਦੀ ਗੱਲ ਕੀਤੀ ਗਈ ਹੈ। ਪਰ ਕੀ ਅਸਤ ਤੋਂ ਸਤ ਦੀ ਉਤਪੱਤੀ ਹੋ ਸਕਦੀ ਹੈ? ਇਸ ਲਈ ਇਹ ਸਮਝੋ ਕਿ ਉਹ ਜੋ ਆਰੰਭ ਵਿਚ ਇਕ ਅਤੇ ਅਦੁੱਤੀ ਸੀ ਉਹ ਸਤ ਹੀ ਸੀ ਕਿਉਂਕਿ ਸਤ ਤੋਂ ਹੀ ਸਤ ਦੀ ਉਤਪੱਤੀ ਹੋ ਸਕਦੀ ਹੈ।

"ਫਿਰ ਉਸਨੇ ਵਿਚਾਰ ਕੀਤਾ, ਮੈਂ ਬਹੁਤ ਹੋ ਜਾਵਾਂ, ਬਹੁਰੂਪ ਹੋ ਜਾਵਾਂ।" ਇਹ ਵਿਚਾਰ ਆਉਣ ਤੇ ਉਸਨੇ ਆਪਣੇ ਅੰਦਰੋਂ ਤੇਜ ਪੈਦਾ ਕੀਤਾ। ਉਹੀ ਵਿਚਾਰ ਤੇਜ ਦੇ ਮਨ ਵਿਚ ਆਇਆ ਕਿ ਉਹ ਅਨੇਕ ਹੋ ਜਾਵੇ ਅਤੇ ਅਨੇਕ ਰੂਪਾਂ ਵਿਚ ਪ੍ਰਗਟ ਹੋਵੇ। ਇਸ ਵਿਚਾਰ ਦੇ ਆਉਣ 'ਤੇ ਉਸ ਨੇ ਜਲ ਪੈਦਾ ਕੀਤਾ। ਸੁਣਨ ਨੂੰ ਇਹ ਗੱਲ ਕੁਝ ਉਲਟੀ ਲਗੇਗੀ ਪਰ ਜੇ ਤੂੰ ਧਿਆਨ ਦੇਵੇਂ ਤਾਂ ਤਾਪ ਹੋਣ ਤੇ ਸਰੀਰ ਨੂੰ ਪਸੀਨਾ ਆਉਣ ਲਗਦਾ ਹੈ। ਤੇਜ ਤੋਂ ਜਲ ਦੀ ਉਤਪੱਤੀ ਵੀ ਇਸੇ ਤਰ੍ਹਾਂ ਹੋਈ। ਜਲ ਦੇ ਮਨ ਵਿਚ ਵੀ ਉਹੀ ਵਿਚਾਰ ਆਇਆ ਕਿ ਉਹ ਅਨੇਕ ਹੋਵੇ ਅਤੇ ਅਨੇਕਾਂ ਰੂਪਾਂ ਵਿਚ ਪ੍ਰਗਟ ਹੋ ਕੇ ਉਸ ਨੇ ਅੰਨ ਦੀ ਰਚਨਾ ਕੀਤੀ। ਇਹੀ ਕਾਰਣ ਹੈ ਕਿ ਜਲ ਦੀ ਬਾਰਿਸ਼ ਤੋਂ ਹੀ ਅੰਨ ਉਤਪੰਨ ਹੁੰਦਾ ਹੈ।

ਹੁਣ ਉਹ ਪ੍ਰਾਣੀਆਂ ਦੀ ਸ੍ਰਿਸ਼ਟੀ ਸਮਝਾਉਣ ਲੱਗੇ ਕਿਉਂਕਿ ਅੰਨ ਦੀ ਉਤਪੱਤੀ ਹੋ ਜਾਣ ਤੇ 'ਅੰਨਾਦ' ਜਾਂ ਅੰਨ ਖਾਣ ਵਾਲੇ ਨਾ ਪੈਦਾ ਹੋ ਜਾਣ, ਇਹ ਸੰਭਵ ਹੀ ਨਹੀਂ ਹੈ। ਇਸਦਾ ਵਿਵੇਚਨ ਕਰਦਿਆਂ ਹੋਇਆਂ ਉਨ੍ਹਾਂ ਨੇ ਦੱਸਿਆ ਕਿ ਪ੍ਰਾਣੀਆਂ ਦੇ ਜਨਮ ਦੇ ਤਿੰਨ ਬੀਜ ਹੁੰਦੇ ਹਨ ਅਤੇ ਇਨ੍ਹਾਂ ਦੇ ਤਿੰਨ ਭੇਦ ਅੰਡਜ, ਜੇਰਜ ਅਤੇ ਉਦਭੁਜ ਹਨ। ਤਾਂ ਉਸ ਸਤ ਨੇ ਵਿਚਾਰ ਕੀਤਾ ਕਿ ਉਹ ਇਨ੍ਹਾਂ ਤਿੰਨਾਂ ਵਿਚ ਪ੍ਰਵੇਸ਼ ਕਰਕੇ ਨਾਮ ਅਤੇ ਰੂਪ ਨੂੰ ਪ੍ਰਗਟ ਕਰੇ। ਇਸ ਲਈ ਉਸਨੇ ਤੇਜ, ਜਲ ਅਤੇ ਅੰਨ ਵਿਚੋਂ ਇਕ ਇਕ ਨੂੰ ਤਿੰਨ ਗੁਣਾਂ ਕੀਤਾ। ਇਸ ਤਰ੍ਹਾਂ ਅਗਨੀ ਦਾ ਜੋ ਰੋਹਿਤ ਜਾਂ ਲਾਲ ਰੂਪ ਹੈ ਉਹ ਤੇਜ ਰੂਪ ਹੈ, ਜੋ ਸ਼ੁਕਲ ਜਾਂ ਸਫ਼ੈਦ ਰੂਪ ਹੈ ਉਹ ਜਲ ਰੂਪ ਹੈ ਅਤੇ ਜੋ ਕ੍ਰਿਸ਼ਨ ਜਾਂ ਕਾਲਾ ਰੂਪ ਹੈ ਉਹ ਅੰਨ ਦਾ ਰੂਪ ਹੈ। ਇਸ ਤਰ੍ਹਾਂ ਇਨ੍ਹਾਂ ਰੂਪਾਂ ਵਿਚ ਪ੍ਰਗਟ ਹੋਣ ਮਗਰੋਂ ਅਗਨੀ ਦਾ ਅਗਨੀ-ਤੱਤ ਜਾਂ ਉਸਦੀ ਸਾੜਨ-ਸ਼ਕਤੀ ਉਸ 'ਚੋਂ ਨਿਕਲ ਗਈ। ਇਹ ਅਗਨੀ ਦੇ ਵਿਕਾਰ ਕੇਵਲ ਕਹਿਣ ਨੂੰ ਹਨ। ਸੱਚ ਤਾਂ ਇਹ ਹੈ ਕਿ ਇਹ ਕੇਵਲ ਤਿੰਨ ਰੂਪ ਹਨ।

ਠੀਕ ਇਹੀ ਗੱਲ ਸੂਰਜ ਉਤੇ, ਚੰਦ੍ਰਮਾ ਉਤੇ ਅਤੇ ਬਿਜਲੀ ਉਤੇ ਲਾਗੂ ਹੁੰਦੀ ਹੈ। ਉਸਦੇ ਵੀ ਲਾਲ, ਸਫ਼ੈਦ ਅਤੇ ਕਾਲੇ ਰੰਗ ਕ੍ਰਮਵਾਰ ਤੇਜ, ਜਲ ਅਤੇ ਅੰਨ ਦੇ ਹੀ ਰੂਪ ਹਨ। ਇਹ ਤ੍ਰਿਗੁਣਾਤਮਕਤਾ ਨੂੰ ਜਾਣ ਲੈਣ ਮਗਰੋਂ ਸਾਡੇ ਪੂਰਬ-ਵਰਤੀ ਮਹਾਨ ਗ੍ਰਹਸਥੀਆਂ

ਅਤੇ ਮਹਾਨ ਵੇਦ-ਗਿਆਤਿਆਂ ਨੇ ਕਿਹਾ ਕਿ ਸਾਡੇ ਕੁਲ ਵਿਚ ਕੋਈ ਗੱਲ ਅਣਸੁਣੀ ਅਤੇ ਅਗਿਆਤ ਨਹੀਂ ਹੈ। ਹੁਣ ਤੂੰ ਵੀ ਇਹ ਗਿਆਨ ਪ੍ਰਾਪਤ ਕਰ ਲਿਆ। ਪਰ ਮੈਂ ਤੈਨੂੰ ਇਹ ਵੀ ਦੱਸ ਰਿਹਾ ਹਾਂ ਕਿ ਤਿੰਨੇ ਦੇਵਤੇ – ਤੇਜ, ਜਲ ਅਤੇ ਅੰਨ-ਪੁਰਸ਼ ਨੂੰ ਪ੍ਰਾਪਤ ਹੋ ਕੇ (ਤ੍ਰਿਗੁਣੇ) ਤਿੰਨ ਤਿੰਨ ਗੁਣੇ ਹੋ ਜਾਂਦੇ ਹਨ। ਜੋ ਭੋਜਨ ਅਸੀਂ ਕਰਦੇ ਹਾਂ ਉਹ ਤਿੰਨ ਪ੍ਰਕਾਰ ਦਾ ਹੋ ਜਾਂਦਾ ਹੈ। ਉਸਦਾ ਸਥੂਲ ਭਾਗ ਮਲ ਹੋ ਜਾਂਦਾ ਹੈ। ਮੱਧ ਭਾਗ ਮਾਸ ਅਤੇ ਚਰਬੀ ਬਣ ਜਾਂਦਾ ਹੈ ਅਤੇ ਜੋ ਸੂਖਮ ਭਾਗ ਹੈ ਉਹ ਮਨ ਹੋ ਜਾਂਦਾ ਹੈ। ਪੀਤਾ ਹੋਇਆ ਪਾਣੀ ਤਿੰਨ ਪ੍ਰਕਾਰ ਦਾ ਹੋ ਜਾਂਦਾ ਹੈ। ਇਸ ਦਾ ਸਥੂਲ ਭਾਗ ਮੂਤਰ, ਮੱਧ ਭਾਗ ਖ਼ੂਨ ਅਤੇ ਸੂਖਮ ਭਾਗ ਪ੍ਰਾਣ ਹੋ ਜਾਂਦਾ ਹੈ। ਖਾਇਆ ਹੋਇਆ ਘੀ ਆਦਿ ਤਿੰਨ ਪ੍ਰਕਾਰ ਦਾ ਹੋ ਜਾਂਦਾ ਹੈ। ਇਸਦਾ ਸਥੂਲ ਭਾਗ ਹੱਡੀ ਹੋ ਜਾਂਦਾ ਹੈ, ਮੱਧ ਭਾਗ ਮਿਝ ਬਣ ਜਾਂਦਾ ਹੈ ਅਤੇ ਸੂਖਮ ਭਾਗ ਬਾਣੀ ਹੋ ਜਾਂਦਾ ਹੈ। ਇਸ ਲਈ ਮਨ ਅੰਨਮਈ ਹੈ, ਪ੍ਰਾਣ ਜਲਮਈ ਹੈ ਅੰਤੇ ਬਾਣੀ ਤੇਜਮਈ ਹੈ।

ਗੱਲ ਏਨੀ ਔਖੀ ਨਹੀਂ ਸੀ ਕਿ ਸ਼ਵੇਤਕੇਤੂ ਨੂੰ ਸਮਝ ਨਾ ਆਉਂਦੀ। ਪਰ ਉਹ ਇਸ ਵੇਲੇ ਸਿਰਫ਼ ਆਪਣੇ ਪਿਤਾ ਦਾ ਪੁੱਤਰ ਹੀ ਨਹੀਂ, ਇਕ ਬ੍ਰਿਤਾਂਤ ਦਾ ਸਰੋਤਾ ਵੀ ਸੀ ਅਤੇ ਜਾਣਦਾ ਸੀ ਕਿ ਇਹ ਬ੍ਰਿਤਾਂਤ ਜਿਨ੍ਹਾਂ ਲੋਕਾਂ ਨੂੰ ਸਮਝਾਉਣ ਲਈ ਲਿਖਿਆ ਜਾ ਰਿਹਾ ਹੈ ਉਨ੍ਹਾਂ ਵਿਚੋਂ ਕਈ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਦੀ ਸਮਝ ਵਿਚ ਇਹ ਅਧਿਆਤਮਿਕ ਸਰੀਰ-ਵਿਗਿਆਨ ਨਾ ਆਵੇ, ਇਸ ਲਈ ਉਸ ਨੇ ਕਿਹਾ, "ਆਪ ਦੀ ਗੱਲ ਪੂਰੀ ਤਰ੍ਹਾਂ ਮੇਰੀ ਸਮਝ ਵਿਚ ਨਹੀਂ ਆ ਰਹੀ। ਇਸ ਨੂੰ ਦੁਬਾਰਾ ਸਮਝਾ ਦਿਓ।

ਆਰੁਣੀ ਨੇ ਸਮਝਾਉਂਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਰਿੜਕੇ ਹੋਏ ਦਹੀਂ ਦਾ ਸੂਖਮ ਭਾਗ ਮੱਖਣ ਬਣ ਕੇ ਉਤੇ ਆ ਜਾਂਦਾ ਹੈ ਉਸੇ ਤਰ੍ਹਾਂ ਖਾਧੇ ਹੋਏ ਅੰਨ ਦਾ ਸੂਖਮ ਭਾਗ ਉਤੇ ਆ ਜਾਂਦਾ ਹੈ ਅਤੇ ਓਹੀ ਮਨ ਬਣਦਾ ਹੈ। ਅਖਾਣ ਹੈ ਕਿ 'ਜਿਹਾ ਅੰਨ ਤਿਹਾ ਮੰਨ'। ਜੇ ਤੁਹਾਡੀ ਰੋਜ਼ੀ ਭ੍ਰਿਸ਼ਟੇ ਹੋਏ ਸਾਧਨਾਂ ਨਾਲ ਚਲਦੀ ਹੈ ਤਾਂ ਤੁਸੀਂ ਉਸ ਤੋਂ ਹੋਣ ਵਾਲੇ ਨਾਸ਼ ਅਤੇ ਸੰਕਟ ਨੂੰ ਦੇਖ ਹੀ ਨਹੀਂ ਸਕਦੇ। ਦੇਖੋਗੇ ਵੀ ਤਾਂ ਓਧਰ ਧਿਆਨ ਨਹੀਂ ਦਿਓਗੇ। ਦੂਜੇ ਧਿਆਨ ਦਿਵਾਉਣਗੇ ਵੀ ਤਾਂ ਭ੍ਰਿਸ਼ਟਤਾ ਦਾ ਸਮਰਥਨ ਕਰੋਗੇ ਜਾਂ ਚੁਪ ਕਰ ਜਾਓਗੇ। ਇਸੇ ਤਰ੍ਹਾਂ ਪੀਤੇ ਹੋਏ ਜਲ ਦਾ ਸੂਖਮ ਭਾਗ ਉਪਰ ਆ ਕੇ ਪ੍ਰਾਣ ਬਣਦਾ ਹੈ। ਜਲ ਨੂੰ ਇਸੇ ਲਈ ਪ੍ਰਾਣ ਅਤੇ ਬੱਦਲ ਨੂੰ ਇਸੇ ਲਈ ਤਾਂ 'ਪ੍ਰਜਨਯ' (ਵਸਣ ਵਾਲਾ) ਕਹਿੰਦੇ ਹਨ ਅਤੇ ਖਾਧੇ ਹੋਏ ਤੇਜ ਜਾਂ ਘੀ ਦਾ ਸੂਖਮ ਭਾਗ ਉਤੇ ਆ ਕੇ ਬਾਣੀ ਦਾ ਰੂਪ ਧਾਰ ਲੈਂਦਾ ਹੈ, ਇਹ ਤਾਂ ਸਾਰਿਆਂ ਨੂੰ ਪਤਾ ਹੈ। ਇਸੇ ਦੇ ਬਲ ਤੇ ਤਾਂ ਸਰਾਪ ਦੇ ਕੇ ਬ੍ਰਾਹਮਣ ਕਿਸੇ ਨੂੰ ਭਸਮ ਕਰ ਦਿੰਦਾ ਹੈ ਅਤੇ ਜੇ ਇਸ ਉਤੇ ਵਿਸ਼ਵਾਸ ਕਰਨਾ ਮੁਸ਼ਕਿਲ ਹੋ ਰਿਹਾ ਹੋਵੇ ਤਾਂ ਸਮਝੋ ਕਿ ਬਾਣੀ ਤੋਂ ਹੀ ਅਪ੍ਰਗਟ, ਭਾਵ ਅਤੇ ਵਿਚਾਰ ਅਤੇ ਅਦ੍ਰਿਸ਼ ਵਸਤੂਆਂ ਦਾ ਪ੍ਰਕਾਸ਼ਨ ਹੁੰਦਾ ਹੈ।

ਸ਼ਵੇਤਕੇਤੂ ਨੂੰ ਫਿਰ ਵੀ ਗੱਲ ਪੂਰੀ ਤਰ੍ਹਾਂ ਸਮਝ ਵਿਚ ਨਾ ਆਈ, ਤਾਂ ਉਸਨੇ ਹੋਰ ਸਪਸ਼ਟ ਰੂਪ ਵਿਚ ਸਮਝਾਉਣ ਲਈ ਬੇਨਤੀ ਕੀਤੀ। ਆਰੁਣੀ ਨੇ ਸੋਚਿਆ, ਅਨੁਭਵ ਤੋਂ ਬਿਨਾਂ ਇਹ ਗੱਲ ਉਸਦੀ ਸਮਝ ਵਿਚ ਨਹੀਂ ਆਏਗੀ, ਇਸ ਲਈ ਉਸਨੇ ਸਲਾਹ ਦਿੱਤੀ, "ਪਿਆਰੇ ਪੁੱਤਰ, ਪੁਰਸ਼ ਸੋਲਾਂ ਕਲਾਵਾਂ ਵਾਲਾ ਹੈ। ਤੂੰ ਪੰਦਰਾਂ ਦਿਨ ਤਕ ਅੰਨ ਗ੍ਰਹਿਣ

ਨਾ ਕਰ। ਕੇਵਲ ਪਾਣੀ ਪੀਂਦਾ ਰਹਿ।'' ਸ਼ਵੇਤਕੇਤੂ ਦੇ ਚਿਹਰੇ 'ਤੇ ਹਵਾਈਆਂ ਉਡਦੀਆਂ ਦੇਖ ਕੇ ਉਹ ਕਹਿਣ ਲਗਾ, ''ਡਰ ਨਾ। ਮਰੇਂਗਾ ਨਹੀਂ। ਸੋਲਾਂ ਦਿਨ ਮਗਰੋਂ ਤਾਂ ਮਰ ਵੀ ਸਕਦਾ ਸੀ ਪਰ ਪੰਦਰਾਂ ਦਿਨ ਤਕ ਪਾਣੀ ਪੀਂਦਾ ਰਿਹਾ ਤਾਂ ਕੇਵਲ ਜਲ ਨਾਲ ਹੀ ਪ੍ਰਾਣ ਰਖਿਆ ਹੋ ਜਾਵੇਗੀ। ਪੰਦਰਾਂ ਦਿਨਾਂ ਬਾਅਦ ਮੇਰੇ ਕੋਲ ਆਈਂ।''

ਪਿਤਾ ਦੇ ਆਦੇਸ਼ ਅਨੁਸਾਰ ਪੰਦਰਾਂ ਦਿਨਾਂ ਤਕ ਵਰਤ ਰੱਖਣ ਤੋਂ ਬਾਅਦ ਜਦੋਂ ਸ਼ਵੇਤਕੇਤੂ ਪਿਤਾ ਕੋਲ ਆਇਆ ਤਾਂ ਪਿਤਾ ਨੇ ਉਸ ਨੂੰ ਰਿਗ, ਸਾਮ ਅਤੇ ਯਜੁਰ ਵੇਦਾਂ ਦਾ ਪਾਠ ਕਰਨ ਲਈ ਕਿਹਾ। ਸ਼ਵੇਤਕੇਤੂ ਨੂੰ ਕੁਝ ਵੀ ਯਾਦ ਨਹੀਂ ਆ ਰਿਹਾ ਸੀ। ਉਸਨੇ ਆਪਣੀ ਅਸਮਰਥਤਾ ਪ੍ਰਗਟ ਕੀਤੀ। ਆਰੁਣੀ ਨੇ ਕਿਹਾ, ''ਤੇਰੀ ਇਸ ਵੇਲੇ ਉਹੀ ਦਸ਼ਾ ਹੈ ਜੋ ਕਿਸੇ ਅੰਗਾਰੇ ਤੋਂ ਨਿਕਲੀ ਚਿੰਗਾਰੀ ਦੀ ਹੁੰਦੀ ਹੈ। ਜਿਵੇਂ ਇਹ ਚਿੰਗਾਰੀ ਕਿਸੇ ਚੀਜ਼ ਨੂੰ ਜਲਾ ਨਹੀਂ ਸਕਦੀ ਉਸੇ ਤਰ੍ਹਾਂ ਤੂੰ ਕੁਝ ਵੀ ਯਾਦ ਨਹੀਂ ਕਰ ਸਕਦਾ, ਕਿਉਂਕਿ ਸੋਲਾਂ ਕਲਾਵਾਂ ਵਿਚੋਂ ਕੇਵਲ ਇਕ ਕਲਾ ਸਿਮਰਤੀ ਤੇਰੇ ਅੰਦਰ ਬਾਕੀ ਰਹਿ ਗਈ ਹੈ। ਹੁਣ ਤੂੰ ਜਾ, ਭੋਜਨ ਕਰ, ਫਿਰ ਮੇਰੇ ਕੋਲ ਆਵੀਂ, ਫਿਰ ਤੈਨੂੰ ਪੂਰੀ ਗੱਲ ਸਮਝ ਵਿਚ ਆ ਜਾਏਗੀ।''

ਉਸਨੇ ਇਸੇ ਤਰ੍ਹਾਂ ਕੀਤਾ ਅਤੇ ਫਿਰ ਜਦੋਂ ਵਾਪਿਸ ਆਇਆ ਅਤੇ ਉੱਦਾਲਕ ਨੇ ਉਸਨੂੰ ਉਸੇ ਰਿਗ, ਸਾਮ ਅਤੇ ਯਜੁਰਵੇਦ ਦਾ ਪਾਠ ਕਰਨ ਲਈ ਕਿਹਾ ਤਾਂ ਉਸ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਹੋਈ। ਇਸ 'ਤੇ ਉਹ ਹੈਰਾਨ ਹੋਇਆ ਤਾਂ ਆਰੁਣੀ ਨੇ ਸਮਝਾਇਆ ਕਿ ਜਿਵੇਂ ਬੁਝੀ ਹੋਈ ਅਗਨੀ ਵਿਚ ਸਾੜ ਅਤੇ ਪ੍ਰਕਾਸ਼ ਮੰਦਾ ਪੈ ਜਾਂਦਾ ਹੈ, ਪਰ ਜੇ ਉਸ ਵਿਚ ਨਵਾਂ ਬਾਲਣ ਪਾ ਦਿੱਤਾ ਜਾਵੇ ਤਾਂ ਉਹ ਲਟ ਲਟ ਬਲਣ ਲਗਦੀ ਹੈ, ਉਸੇ ਤਰ੍ਹਾਂ ਤੇਰੀ ਸਿਰਫ਼ ਇਕ ਕਲਾ ਬਾਕੀ ਰਹਿ ਗਈ 'ਸਿਮਰਤੀ' ਨੂੰ ਜਦੋਂ ਆਹਾਰ ਨਾਲ ਮਚਾਇਆ ਤਾਂ ਤੂੰ ਵੇਦਾਂ ਦਾ ਸਿਮਰਨ ਕਰ ਸਕਿਆ। ਹੁਣ ਤੈਨੂੰ ਸਪਸ਼ਟ ਹੋ ਚੁਕਾ ਹੋਵੇਗਾ ਕਿ ਮਨ ਅੰਨਮਈ ਹੈ, ਪ੍ਰਾਣ ਜਲਮਈ ਅਤੇ ਬਾਣੀ ਤੇਜਮਈ ਹੈ।''

ਹੁਣ ਸ਼ਵੇਤਕੇਤੂ ਦੇ ਮਨ ਵਿਚ ਕਿਸੇ ਪ੍ਰਕਾਰ ਦੀ ਦੁਚਿੱਤੀ ਨਹੀਂ ਰਹਿ ਗਈ ਸੀ।

# ਸ਼ਵੇਤਕੇਤੂ ਦਾ ਦੁਰਭਾਗ

ਉਹ ਜ਼ਮਾਨੇ ਵਿਚ ਮਾਂ-ਭਗਤ ਬਣਨ, ਪਿਤਾ-ਭਗਤ ਬਣਨ ਦਾ ਏਨਾ ਅਸਰ ਸੀ ਕਿ ਲੋਕ ਜਵਾਨ ਅਤੇ ਬੁੱਢੇ ਹੋ ਜਾਂਦੇ ਸਨ ਤਾਂ ਵੀ ਉਨ੍ਹਾਂ ਨੂੰ ਲੋਕ ਫਲਾਣੀ ਮਾਤਾ ਜਾਂ ਪਿਤਾ ਦਾ ਪੁੱਤਰ ਕਹਿ ਕੇ ਬੁਲਾਉਂਦੇ ਸਨ। ਉਹ ਪੂਰੀ ਤਰ੍ਹਾਂ ਬਾਲਗ ਹੁੰਦੇ ਹੀ ਨਹੀਂ ਸਨ। ਕੁਝ ਦੇ ਨਾਲ ਸ਼ਰਧਾ ਦਾ ਭਾਰ ਏਨਾ ਅਧਿਕ ਸੀ ਕਿ ਇਹ ਨਾਂ ਕਈ ਪੀੜ੍ਹੀਆਂ ਤਕ ਚਲਦਾ ਸੀ। ਜੇ ਸ਼ਵੇਤਕੇਤੂ ਨੂੰ ਲੋਕ ਅਰੁਣ ਦੇ ਬੇਟੇ ਆਰੁਣੀ ਦਾ ਬੇਟਾ ਆਰੁਣੇਯ ਕਹਿੰਦੇ ਸਨ ਅਤੇ ਪੰਚਾਲ ਦੇ ਰਾਜੇ ਪ੍ਰਵਾਹਣ ਨੂੰ ਅਧਿਕਤਰ ਲੋਕ ਜੀਵਲ ਦੇ ਪੁੱਤਰ ਜਾਂ ਜੈਵਲਿ ਦੇ ਨਾਂ ਨਾਲ ਜਾਣਦੇ ਸਨ, ਤਾਂ ਕੁਝ ਵੀ ਅਨੁਚਿਤ ਨਹੀਂ ਸੀ।

ਇਕ ਵਾਰ ਉਹੀ ਸ਼ਵੇਤਕੇਤੂ ਆਰੁਣੇਯ ਪੰਚਾਲ ਦੇ ਰਾਜੇ ਪ੍ਰਵਾਹਣ ਜੈਵਲਿ ਕੋਲ ਪਹੁੰਚਿਆ। ਜਿਸ ਮੌਕੇ ਦੀ ਇਹ ਗੱਲ ਹੈ, ਉਦੋਂ ਉਹ ਸੇਵਕਾਂ ਕੋਲੋਂ ਮਾਲਿਸ਼ ਕਰਵਾ ਰਿਹਾ ਸੀ। ਕੰਨ ਖੁਜਲਾਣਾ, ਮਾਲਿਸ਼ ਕਰਨਾ, ਅਤੇ ਸਿਰ ਝਸਣਾ ਇਹ ਤਿੰਨੇ ਹੀ ਭਾਰਤੀ ਮਨ-ਪਰਚਾਵੇ ਦੇ, ਬੇਮਿਸਾਲ ਨਮੂਨੇ ਅਤੇ ਭਾਰਤੀ ਸੰਸਕ੍ਰਿਤੀ ਦੀ ਨਿੱਜੀ ਪਛਾਣ ਵਜੋਂ ਬਹੁਤ ਪ੍ਰਾਚੀਨ ਕਾਲ ਤੋਂ ਰਹੇ ਹਨ। ਭਾਰਤ 'ਤੇ ਜਿਨ੍ਹਾਂ ਨੂੰ ਬਹੁਤਾ ਮਾਣ ਨਹੀਂ ਹੈ, ਉਹ ਕਹਿ ਸਕਦੇ ਹਨ ਕਿ ਇਨ੍ਹਾਂ ਤਿੰਨਾਂ ਵਿਚੋਂ ਪਹਿਲੇ ਦਾ ਹੀ ਵਿਕਾਸ ਭਾਰਤ ਵਿਚ ਹੋਇਆ ਅਤੇ ਬਾਕੀ ਦੋ ਨੂੰ ਭਾਰਤੀਆਂ ਨੇ ਯੂਨਾਨੀਆਂ ਤੋਂ ਸਿਖਿਆ ਸੀ। ਪਰ ਸਾਨੂੰ ਇਹ ਸਵੀਕਾਰ ਕਰਨਾ ਤੇ ਕਰਾਉਣਾ ਹੋਵੇਗਾ ਕਿ ਇਹ ਵਿਦਿਆ ਭਾਰਤ ਤੋਂ ਫ਼ਾਰਸ ਹੁੰਦੀ ਹੋਈ ਯੂਨਾਨ ਤਕ ਪਹੁੰਚੀ ਸੀ।

ਜੋ ਵੀ ਹੋਵੇ, ਆਰੁਣੇਯ ਸ਼ਵੇਤਕੇਤੂ ਜਿਸ ਵੇਲੇ ਪ੍ਰਵਾਹਣ ਜੈਵਲਿ ਕੋਲ ਪਹੁੰਚੇ, ਉਸ ਵੇਲੇ ਦਾ ਦ੍ਰਿਸ਼ ਇਹੀ ਸੀ। ਪ੍ਰਵਾਹਣ ਖ਼ੁਦ ਕੁਝ ਨਹੀਂ ਕਰ ਰਿਹਾ ਸੀ। ਜੋ ਕੁਝ ਉਨ੍ਹਾਂ ਨਾਲ ਕਰਨਾ ਸੀ, ਉਹ ਉਸ ਦੇ ਸੇਵਕ ਕਰ ਰਹੇ ਸਨ, ਇਸ ਲਈ ਅਗਾਧ ਸੁਖ ਵਿਚ ਵੀ ਉਹ ਅਕੇਵਾਂ ਮਹਿਸੂਸ ਕਰ ਰਿਹਾ ਸੀ। ਆਰੁਣੇਯ ਸ਼ਵੇਤਕੇਤੂ ਨੇ ਉਸਨੂੰ ਮਾਲਿਸ਼ ਕਰਾਉਂਦੇ ਦੇਖ ਕੇ ਸੋਚਿਆ, ਉਡੀਕਣਾ ਤਾਂ ਹੈ ਹੀ, ਕਿਉਂ ਨਾ ਉਦੋਂ ਤਕ ਕੰਨ ਖੁਜਲਾ ਲਏ ਜਾਣ ਅਤੇ ਉਹ ਤੀਲਾ ਚੁਕ ਕੇ ਦੂਰ ਖੜ੍ਹੇ ਕੇ ਕੰਨ ਖੁਜਲਾਉਣ ਲਗਾ। ਇਹ ਦੱਸ ਦੇਈਏ ਕਿ ਇਤਿਹਾਸ ਵਿਚ ਕੰਨ ਖੁਜਲਾਣ ਦੀ ਗੱਲ ਛਿਪਾ ਲਈ ਗਈ ਹੈ। ਪਰ ਕਿੱਸਾਕਾਰਾਂ ਨੂੰ ਉਹ ਗੱਲਾਂ ਵੀ ਪਤਾ ਹੁੰਦੀਆਂ ਹਨ ਜਿਨ੍ਹਾਂ ਨੂੰ ਛਿਪਾਣ ਲਈ ਇਤਿਹਾਸਕਾਰ ਚਿੱਟੇ ਨੂੰ ਕਾਲਾ ਅਤੇ ਕਾਲੇ ਨੂੰ ਚਿੱਟਾ ਬਣਾਉਂਦੇ ਰਹਿੰਦੇ ਹਨ। ਸ਼ਵੇਤਕੇਤੂ ਨੂੰ ਆਇਆ ਵੇਖ ਕੇ ਜਾਂ ਤਾਂ ਪ੍ਰਵਾਹਣ ਦਾ ਮਨੋਰੰਜਨ ਹੋਇਆ ਅਤੇ ਸੋਚਿਆ ਇਸ ਨਾਲ ਕੁਝ ਛੇੜਖਾਨੀ ਕੀਤੀ ਜਾਵੇ, ਜਾਂ ਉਸ ਨੂੰ ਰਿਸ਼ੀ ਕੁਮਾਰ ਨੂੰ ਇਸ ਬੇ-ਮੌਕੇ ਆਇਆ ਦੇਖ ਕੇ ਅਤੇ ਆਪਣੀ

ਹਾਜ਼ਰੀ ਵਿਚ ਕੰਨ ਖੁਜਲਾਉਂਦੇ ਤੱਕ ਕੇ ਖਿਝ ਚੜ੍ਹੀ ਕਿ ਇਹ ਵੀ ਕਿਸੇ ਨੂੰ ਮਿਲਣ ਦਾ ਸਮਾਂ ਹੈ ਅਤੇ ਕਿਸੇ ਰਾਜੇ ਦੇ ਸਾਹਮਣੇ ਪੇਸ਼ ਹੋਣ ਦਾ ਤਰੀਕਾ ਹੈ। ਸਿੱਟਾ ਇਹ ਕਿ ਉਸਨੇ ਉਹ ਪ੍ਰਸ਼ਨ ਕੀਤਾ ਜੋ ਇਨ੍ਹਾਂ ਦੋਹਾਂ ਹਾਲਤਾਂ ਵਿਚੋਂ ਕਿਸੇ ਇਕ ਜਾਂ ਦੋਹਾਂ ਦੇ ਇਕੱਠੇ ਹੋਣ ਦੀ ਹਾਲਤ ਵਿਚ ਹੀ ਕੀਤਾ ਜਾ ਸਕਦਾ ਹੈ। ਉਸਨੇ ਕਿਹਾ, "ਓ ਲੜਕੇ!"

ਆਰੁਣੇਯ ਨੇ ਕਿਹਾ, "ਕਹੋ।" ਉਸਦੀ ਸੁਰ ਵਿਚ ਅਸ਼ਿਸ਼ਟਾਚਾਰ ਦੀ ਮਾਮੂਲੀ ਜਿਹੀ ਪੁਠ ਜ਼ਰੂਰ ਰਹੀ ਹੋਵੇਗੀ।

ਪ੍ਰਵਾਹਣ ਜੈਵਲਿ ਨੇ ਕਿਹਾ, "ਕੀ ਤੇਰੇ ਬਾਪ ਨੇ ਤੈਨੂੰ ਕੁਝ ਸਿਖਾਇਆ ਪੜ੍ਹਾਇਆ ਵੀ ਹੈ ਜਾਂ ਉਂਜ ਹੀ ਛੱਡ ਦਿੱਤਾ ਹੈ?"

ਸ਼ਵੇਤਕੇਤੂ ਨੇ ਕਿਹਾ, "ਸਿਖਾਇਆ ਤਾਂ ਹੈ। ਦੇਖਣ ਨੂੰ ਮੈਂ ਜਿੰਨਾ ਨਾਸਮਝ ਲਗਦਾ ਹਾਂ ਉਂਜ ਓਨਾ ਹਾਂ ਨਹੀਂ।"

ਪ੍ਰਵਾਹਣ ਦੇਖਦੇ-ਦੇਖਦੇ ਇਕ-ਦਮ ਗੰਭੀਰ ਹੋ ਗਏ। ਉਨ੍ਹਾਂ ਦਾ ਚਿਹਰਾ ਲਾਲ ਹੋ ਗਿਆ। ਇਹ ਨਿਰਣਾ ਕਰਨਾ ਮਾਲਿਸ਼ ਕਰਨ ਵਾਲਿਆਂ ਲਈ ਵੀ ਮੁਸ਼ਕਿਲ ਹੋ ਰਿਹਾ ਸੀ ਕਿ ਇਹ ਉਸ ਮਾਲਿਸ਼ ਦਾ ਅਸਰ ਹੈ ਜਾਂ ਉਸ ਭਾਵ ਦਾ ਜਿਸ ਲਈ ਬੰਗਾਲੀ ਅਜ ਵੀ 'ਰਾਗ' ਸ਼ਬਦ ਦਾ ਪ੍ਰਯੋਗ ਕਰਦੇ ਹਨ। ਕਾਰਣ, ਇਸ ਲਈ ਮਾਲਿਸ਼ ਦਾ ਸਮਾਂ ਸਭ ਤੋਂ ਅਨੁਚਿਤ ਸਮਾਂ ਹੋਣਾ ਚਾਹੀਦਾ ਹੈ। ਉਸਨੇ ਪੁੱਛਿਆ, "ਮਰਨ ਉਪਰੰਤ ਲੋਕ ਕਿਹੜੇ ਰਸਤਿਆਂ 'ਚੋਂ ਜਾਂਦੇ ਹਨ, ਕੀ ਤੁਹਾਨੂੰ ਇਸ ਦੀ ਜਾਣਕਾਰੀ ਹੈ?"

ਜੀਵਿਤ ਲੋਕ ਜਿਨ੍ਹਾਂ ਮਾਰਗਾਂ ਤੋਂ ਜਾਂਦੇ ਹਨ ਇਸ ਦੀ ਕੁਝ ਜਾਣਕਾਰੀ ਤਾਂ ਉਸ ਨੂੰ ਸੀ, ਪਰ ਮਰਨ ਉਪਰੰਤ ਦੇ ਰਸਤਿਆਂ ਬਾਰੇ ਉਸਨੂੰ ਕੋਈ ਜਾਣਕਾਰੀ ਨਹੀਂ ਸੀ।

ਪ੍ਰਵਾਹਣ ਨੇ ਅਗਲਾ ਪ੍ਰਸ਼ਨ ਕਰ ਦਿੱਤਾ, "ਜਿਸ ਜੁਗਤ ਨਾਲ ਲੋਕ ਇਸ ਸੰਸਾਰ ਵਿਚ ਆਉਂਦੇ ਹਨ, ਉਸਦਾ ਗਿਆਨ ਹੈ?"

ਸ਼ਵੇਤਕੇਤੂ ਨੂੰ ਅਧਿਆਤਮਿਕ ਆਵਾਜਾਈ ਦੇ ਨਿਯਮਾਂ ਦੀ ਏਨੀ ਚੰਗੀ ਜਾਣਕਾਰੀ ਹੁੰਦੀ ਤਾਂ ਉਹ ਰਾਜੇ ਦੇ ਸਾਹਮਣੇ ਏਨੇ ਅਨੁਚਿਤ ਅਵਸਰ 'ਤੇ ਕਿਉਂ ਆਉਂਦਾ। ਉਸਨੇ ਕਿਹਾ ਕਿ ਇਸਦੀ ਜਾਣਕਾਰੀ ਵੀ ਉਸਨੂੰ ਨਹੀਂ ਹੈ।

ਪ੍ਰਵਾਹਣ ਨੇ ਅਗਲਾ ਸਵਾਲ ਕੀਤਾ, "ਜਿਥੇ ਇਹ ਲੋਕ ਮਰ ਕੇ ਜਾਂਦੇ ਹਨ, ਉਹ ਏਨੇ ਸਾਰੇ ਲੋਕਾਂ ਦੇ ਲਗਾਤਾਰ ਮਰ ਕੇ ਜਾਣ ਮਗਰੋਂ ਵੀ ਨਹੀਂ ਭਰਦਾ, ਇਸ ਦਾ ਕੀ ਕਾਰਣ ਹੈ, ਕੀ ਇਹ ਤੈਨੂੰ ਪਤਾ ਹੈ?"

ਸ਼ਵੇਤਕੇਤੂ ਨੇ ਇਹ ਜਾਣਨ ਦੀ ਕਦੀ ਜ਼ਰੂਰਤ ਹੀ ਨਹੀਂ ਸੀ ਸਮਝੀ। ਪ੍ਰਵਾਹਣ ਨੇ ਅਗਲਾ ਪ੍ਰਸ਼ਨ ਕੀਤਾ, 'ਕੀ ਤੂੰ ਜਾਣਦਾ ਹੈ ਕਿ ਕਿੰਨੀ ਵਾਰ ਆਹੂਤੀ ਦੇਣ ਮਗਰੋਂ ਆਪ ਜਾਂ ਜਲ, ਬ੍ਰਹਮ ਦਾ ਬੋਧਕ ਹੋ ਕੇ ਉਪਰ ਉਠਣ ਅਤੇ ਬੋਲਣ ਲਗਦਾ ਹੈ?"

ਸ਼ਵੇਤਕੇਤੂ ਨੂੰ ਇਸਦਾ ਵੀ ਧਿਆਨ ਨਹੀਂ ਸੀ।

ਅਜਿਹਾ ਲਗਦਾ ਹੈ ਕਿ ਸਿਰ ਝੱਸਣ ਨਾਲ ਆਦਮੀ ਦਾ ਦਿਮਾਗ਼ ਖੁੱਲ੍ਹ ਜਾਂਦਾ ਹੈ। ਪ੍ਰਵਾਹਣ ਮੁੱਕੇਬਾਜ਼ਾਂ ਵਰਗੀ ਸ਼ੈਲੀ ਵਿਚ ਲਗਾਤਾਰ ਸ਼ਵੇਤਕੇਤੂ ਨੂੰ ਮੁੱਕੇ ਮਾਰੀ ਜਾ ਰਿਹਾ ਸੀ। ਉਸਨੇ ਝਟ ਅਗਲਾ ਸਵਾਲ ਕੀਤਾ, "ਕੀ ਤੈਨੂੰ ਪਤਾ ਹੈ ਕਿ ਕਿਸ ਕਰਨੀ ਦੇ ਬਲ

ਤੇ ਮਨੁੱਖ ਪਿਤਰਯਾਨ (ਉਹ ਮਾਰਗ ਜਿਸ ਰਾਹੀਂ ਪਿਤਰ ਚੰਦ੍ਰਲੋਕ ਨੂੰ ਜਾਂਦੇ ਹਨ) ਨੂੰ ਜਾਂਦਾ ਹੈ?''

ਸ਼ਵੇਤਕੇਤੂ ਨੇ ਵੇਦ ਰਟੇ ਹੋਏ ਸਨ ਅਤੇ ਉਸਨੂੰ ਇਸ ਵੇਲੇ ਇਕ ਰਿਚਾ (ਮੰਤ੍ਰ) ਯਾਦ ਆ ਰਹੀ ਸੀ ਜਿਸ ਵਿਚ ਵੀ ਦੇਵਤਿਆਂ ਅਤੇ ਪਿਤਰਾਂ ਦੇ ਦੋ ਮਾਰਗਾਂ ਦੀ ਹੀ ਗੱਲ ਕੀਤੀ ਗਈ ਹੈ; ਉਸਨੇ ਮਨ ਹੀ ਮਨ ਪਾਠ ਕੀਤਾ – **ਦ੍ਵੇ ਸ੍ਰੂਤੀ ਅਸ਼੍ਰਿਣਵੰ ਪਿਤ੍ਰਿਣਾਂ ਅਹੰ ਦੇਵਾਨਾਂ ਉਤ ਮਰਤਯਾਨਾਮ।** ਪਰ ਇਸ ਵਿਚ ਕਿਧਰੇ ਵੀ ਉਸ ਕਰਨੀ ਦਾ ਜ਼ਿਕਰ ਨਹੀਂ ਸੀ ਜਿਸਦੇ ਬਲ ਤੇ ਮਨੁੱਖ ਇਨ੍ਹਾਂ ਯਾਨਾਂ ਨੂੰ ਜਾਂਦਾ ਹੈ। ਉਸਨੇ ਹੌਂਸਲਾ ਕਰਕੇ ਆਪਣਾ ਅਗਿਆਨ ਸਵੀਕਾਰ ਕਰਨਾ ਹੀ ਉਚਿਤ ਸਮਝਿਆ। ਕਹਿਣ ਲਗਾ, ''ਰਾਜਨ, ਮੈਂ ਆਪਦੇ ਕਿਸੇ ਪ੍ਰਸ਼ਨ ਦਾ ਉੱਤਰ ਨਹੀਂ ਜਾਣਦਾ।''

ਪ੍ਰਵਾਹਣ ਨੇ ਕੁਝ ਆਦਰ ਪ੍ਰਗਟ ਕਰਦੇ ਹੋਏ ਕਿਹਾ, ''ਠੀਕ ਹੈ, ਆਪ ਮੇਰੇ ਮਹਿਮਾਨ ਬਣਨਾ ਸਵੀਕਾਰ ਕਰੋ।''

ਸੰਭਵ ਹੈ ਪ੍ਰਵਾਹਣ ਜੈਵਲਿ ਆਪਣਾ ਅਧਿਆਤਮਿਕ ਗਿਆਨ ਪ੍ਰਗਟ ਕਰਨ ਲਈ ਬਹੁਤ ਆਤੁਰ ਰਹਿੰਦਾ ਹੋਵੇ। ਬਹੁਤ ਸੰਭਵ ਹੈ ਕਿ ਉਸ ਨੇ ਰਿਸ਼ੀ ਕੁਮਾਰ ਨੂੰ ਰੋਕਣ ਸਮੇਂ ਮਨ ਵਿਚ ਸੋਚਿਆ ਹੋਵੇ ਕਿ ਸ਼ਵੇਤਕੇਤੂ ਨੂੰ ਆਪਣਾ ਸ਼ਿਸ਼ ਬਣਾ ਕੇ ਉਹ ਅਜਾਤਸ਼ਤਰੂ ਅਤੇ ਅਸ਼ਵਪਤੀ ਦੀ ਸ਼੍ਰੇਣੀ ਵਿਚ ਆ ਜਾਏਗਾ। ਉਹ ਕੰਜੂਸ ਤਾਂ ਸੀ, ਪਰ ਇਸ ਲਈ ਕਿ ਪਰਜਾ ਦੇ ਧਨ 'ਤੇ ਉਸ ਨੂੰ ਫਜ਼ੂਲ-ਖ਼ਰਚੀ ਕਰਨਾ ਪਸੰਦ ਨਹੀਂ ਸੀ, ਨਹੀਂ ਤਾਂ ਉਸਨੇ ਇਸ ਲਈ ਅਜਾਤਸ਼ਤਰੂ ਦੀ ਤਰ੍ਹਾਂ ਕੋਈ ਦੂਜਾ ਤਰੀਕਾ ਅਪਣਾਇਆ ਹੁੰਦਾ।

ਜੇ ਗੱਲ ਅਜਿਹੀ ਸੀ ਤਾਂ ਵੀ ਪ੍ਰਵਾਹਣ ਦੀ ਚਲਾਕੀ ਸ਼ਵੇਤਕੇਤੂ ਤੋਂ ਛਿਪੀ ਨਾ ਰਹਿ ਸਕੀ। ਉਹ ਉਸ ਦੇ ਪ੍ਰਸਤਾਵ ਨੂੰ ਠੁਕਰਾ ਕੇ ਵਾਪਿਸ ਪਰਤ ਆਏ ਅਤੇ ਸਿੱਧੇ ਆਪਣੇ ਪਿਤਾ ਆਰੁਣੀ ਕੋਲ ਪਹੁੰਚੇ ਅਤੇ ਕਹਿਣ ਲਗੇ, ''ਪਿਤਾ ਜੀ, ਆਪਨੇ ਤਾਂ ਕਿਹਾ ਸੀ ਕਿ ਮੈਨੂੰ ਸਾਰੇ ਵਿਸ਼ਿਆਂ ਦੀ ਸਿਖਿਆ ਦੇ ਦਿੱਤੀ ਗਈ ਹੈ।''

ਪਿਤਾ ਨੂੰ ਜਿਸ ਲਹਿਜੇ ਵਿਚ ਉਸਨੇ ਆਪਣੀ ਗੱਲ ਕਹੀ ਉਸ ਤੋਂ ਤਾਂ ਇਹ ਮੰਨਣ ਲਈ ਕੋਈ ਵੀ ਤਿਆਰ ਹੋ ਸਕਦਾ ਹੈ ਕਿ ਉਹ ਕੁਝ ਬਦਮਿਜਾਜ ਜ਼ਰੂਰ ਰਿਹਾ ਹੋਵੇਗਾ।

ਆਰੁਣੀ ਨੇ ਪੁੱਤਰ ਦੀ ਗੱਲ ਦਾ ਬੁਰਾ ਨਾ ਮਨਾਉਂਦੇ ਹੋਏ ਕਿਹਾ, ''ਮਾਮਲਾ ਕੀ ਹੈ? ਆਖ਼ਿਰ ਹੋਇਆ ਕੀ ਹੈ?''

ਸ਼ਵੇਤਕੇਤੂ ਨੇ ਕਿਹਾ, ''ਅੱਜ ਮੈਨੂੰ ਇਕ ਛਤ੍ਰੀ ਭਾਈ ਟੱਕਰ ਗਿਆ। ਉਸਨੇ ਪੰਜ ਸਵਾਲ ਕੀਤੇ ਅਤੇ ਮੈਂ ਕਿਸੇ ਇਕ ਦਾ ਵੀ ਜਵਾਬ ਨਹੀਂ ਜਾਣਦਾ ਸਾਂ – **ਪੰਚ ਮਾ ਪ੍ਰਸ਼ਨਾਨ ਰਾਜਨਯਬੰਧੁਃ ਅਪ੍ਰਾਕਸ਼ੀਤ, ਨ ਏਕੰਚਨ ਵੇਦ।**''

''ਕੀ ਪ੍ਰਸ਼ਨ ਕੀਤੇ ਸਨ ਉਸ ਰਾਜੇ ਨੇ?''

ਸ਼ਵੇਤਕੇਤੂ ਨੇ ਉਨ੍ਹਾਂ ਪ੍ਰਸ਼ਨਾਂ ਨੂੰ ਪਿਤਾ ਸਾਹਮਣੇ ਰਖ ਦਿੱਤਾ।

ਪਿਤਾ ਆਰੁਣਿ ਗੌਤਮ ਨੇ ਕਿਹਾ, ''ਪੁੱਤਰ, ਤੂੰ ਇਹ ਸਮਝ ਕਿ ਜਿਵੇਂ ਤੇਰੇ ਗੁਰੂ ਨੂੰ ਜੋ ਪਤਾ ਸੀ ਉਸਨੇ ਤੈਨੂੰ ਦੱਸ ਦਿੱਤਾ, ਉਸੇ ਤਰ੍ਹਾਂ ਉਸਨੂੰ ਜੋ ਨਹੀਂ ਮਾਲੂਮ ਸੀ ਪਰ ਮੈਨੂੰ ਪਤਾ ਸੀ, ਉਹ ਸਭ ਮੈਂ ਤੈਨੂੰ ਦੱਸ ਦਿੱਤਾ ਸੀ। ਜਿਨ੍ਹਾਂ ਪ੍ਰਸ਼ਨਾਂ ਦੀ ਗੱਲ ਤੂੰ ਕਰ ਰਿਹਾ

ਹੈ, ਉਨ੍ਹਾਂ ਦੇ ਉੱਤਰ ਤਾਂ ਮੈਨੂੰ ਵੀ ਨਹੀਂ ਪਤਾ। ਚੰਗਾ ਹੋਵੇਗਾ ਕਿ ਆਪਾਂ ਦੋਵੇਂ ਚਲ ਕੇ ਪ੍ਰਵਾਹਣ ਦੇ ਕੋਲ ਬ੍ਰਹਮਚਾਰਜ ਕਰੀਏ ਅਤੇ ਉਨ੍ਹਾਂ ਤੋਂ ਦੀਖਿਆ ਲਈਏ।''

ਲੜਕਾ ਸਵੈ-ਅਭਿਮਾਨੀ ਸੀ ਅਤੇ ਉਸ ਜਾਲ ਤੋਂ ਬਚਣਾ ਚਾਹੁੰਦਾ ਜਿਸ ਨੂੰ ਵਿਛਾ ਕੇ ਪ੍ਰਵਾਹਣ ਉਸਨੂੰ ਆਪਣਾ ਸ਼ਿਸ਼ ਬਣਾਉਣਾ ਚਾਹੁੰਦਾ ਸੀ। ਪਿਤਾ ਉਸਦੇ ਸ਼ਿਸ਼ ਬਣ ਜਾਣ, ਇਸ 'ਤੇ ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਉਸਨੇ ਕਿਹਾ, ''ਆਪ ਹੀ ਜਾ ਕੇ ਉਨ੍ਹਾਂ ਦੇ ਸ਼ਿਸ਼ ਬਣੋ। ਮੈਂ ਤਾਂ ਨਹੀਂ ਜਾਂਦਾ।'' ਅਤੇ ਇਥੇ ਹੀ ਉਸ ਤੋਂ ਵੱਡੀ ਭੁੱਲ ਹੋ ਗਈ।

ਆਰੁਣੀ ਕੀ ਕਰਦੇ। ਪ੍ਰਵਾਹਣ ਦੇ ਦਰਬਾਰ ਵਿਚ ਪਹੁੰਚੇ। ਰਾਜੇ ਨੇ ਉਨ੍ਹਾਂ ਲਈ ਆਸਣ ਮੰਗਵਾਇਆ, ਅਰਘ ਅਤੇ ਪੈਰ ਧੋਣ ਲਈ ਜਲ ਪੇਸ਼ ਕੀਤੇ ਅਤੇ ਇਸ ਤੋਂ ਬਾਅਦ ਬੋਲੇ, ''ਹੁਣ ਪੂਜਣਯੋਗ ਗੌਤਮ ਦੱਸਣ, ਕਿ ਉਹ ਕਿਸ ਪ੍ਰਯੋਜਨ ਲਈ ਪਧਾਰੇ ਹਨ। ਮੈਂ ਉਸ ਦੀ ਸੰਤੁਸ਼ਟੀ ਦਾ ਵਰ ਦਿੰਦਾ ਹਾਂ।''

ਆਰੁਣੀ ਕਹਿਣ ਲੱਗੇ ਆਪ ਮੇਰੀ ਸੰਤੁਸ਼ਟੀ ਦਾ ਵਰ ਦੇ ਹੀ ਚੁੱਕੇ ਹੋ, ਦੱਸੋ ਕਿ ਆਪ ਨੇ ਜੋ ਪ੍ਰਸ਼ਨ ਮੇਰੇ ਪੁੱਤਰ ਨੂੰ ਕੀਤੇ ਸਨ, ਉਨ੍ਹਾਂ ਦਾ ਉੱਤਰ ਕੀ ਹੈ?

ਪ੍ਰਵਾਹਣ ਨੇ ਕਿਹਾ, ''ਆਪ ਤਾਂ ਦੈਵੀ ਵਰ ਮੰਗਣ ਲਗੇ ਹੋ। ਮਨੁੱਖਾਂ ਦੇ ਵਰ ਅਨੁਰੂਪ ਕੁਝ ਮੰਗਣਾ ਚਾਹੋ ਤਾਂ ਮੰਗ ਲਓ। ਇਨਕਾਰ ਨਹੀਂ ਕਰਾਂਗਾ।''

ਆਰੁਣੀ ਨੇ ਪ੍ਰਵਾਹਣ ਦਾ ਸੰਕੇਤ ਸਮਝ ਲਿਆ। ਉਹ ਕਹਿਣ ਲਗੇ, ''ਰਾਜਨ, ਮੇਰੇ ਕੋਲ ਹਾਥੀ, ਘੋੜੇ, ਸੋਨਾ, ਚਾਂਦੀ, ਦਾਸੀਆਂ, ਗਊਆਂ, ਬਸਤ੍ਰ, ਨੌਕਰ ਚਾਕਰ ਸਭ ਮੌਜੂਦ ਹਨ। ਇਨ੍ਹਾਂ ਦੀ ਕੋਈ ਘਾਟ ਨਹੀਂ ਹੈ। ਭੌਤਿਕ ਸੰਪੱਤੀ ਮੈਨੂੰ ਨਹੀਂ ਚਾਹੀਦੀ। ਆਪ ਤਾਂ ਮਹਾਨ, ਅਨੰਤ ਅਤੇ ਅਸੀਮ ਧਨ, ਅਧਿਆਤਮ ਸੰਬੰਧੀ ਉਪਦੇਸ਼ ਦੇਣ ਦੀ ਯੋਗਤਾ ਰਖਦੇ ਹੋ ਅਤੇ ਦਿੰਦੇ ਰਹਿੰਦੇ ਹੋ। ਇਸ ਲਈ ਕ੍ਰਿਪਾ ਕਰਕੇ ਮੇਰੇ ਪ੍ਰਤਿ ਕਠੋਰ ਨਾ ਹੋਵੋ।''

ਪ੍ਰਵਾਹਣ ਦੇ ਮਨ ਦੀ ਗੱਲ ਸਾਹਮਣੇ ਆ ਗਈ। ਉਸਨੇ ਕਿਹਾ, ''ਜੇ ਉਸਨੂੰ ਗ੍ਰਹਿਣ ਕਰਨਾ ਹੈ ਤਾਂ ਸ਼ਾਸਤ੍ਰ-ਵਿਧੀ ਨਾਲ ਗ੍ਰਹਿਣ ਕਰੋ। ਪਹਿਲਾਂ ਮੇਰੇ ਸ਼ਿਸ਼ ਬਣੋ, ਫਿਰ ਉਸਦਾ ਉਪਦੇਸ਼ ਦਿਆਂਗਾ।''

ਆਰੁਣੀ ਤਾਂ ਇਸੇ ਨਿਸਚੇ ਨਾਲ ਆਏ ਸਨ। ਕਹਿਣ ਲੱਗੇ, ''ਮੈਂ ਆਪ ਦੀ ਸ਼ਿਸ਼ਤਾ ਗ੍ਰਹਿਣ ਕਰਨ ਲਈ ਤਿਆਰ ਹਾਂ। ਪਰ ਪਰੰਪਰਾ ਇਹ ਹੈ ਕਿ ਬ੍ਰਾਹਮਣ ਜੇ ਕਿਸੇ ਛਤ੍ਰੀ ਤੋਂ ਕੋਈ ਭਿਖਿਆ ਗ੍ਰਹਿਣ ਵੀ ਕਰਦਾ ਹੈ, ਤਾਂ ਉਹ ਨਾਂ-ਮਾਤਰ ਲਈ ਹੁੰਦੀ ਹੈ। ਵਿਧੀਵਤ ਸ਼ਿਸ਼ਤਾ ਗ੍ਰਹਿਣ ਨਹੀਂ ਕਰਦੇ। ਮੈਂ ਵੀ ਮੌਖਿਕ ਰੂਪ ਵਿਚ ਆਪ ਦੀ ਸ਼ਿਸ਼ਤਾ ਗ੍ਰਹਿਣ ਕਰਦਾ ਹਾਂ। ਅਤੇ ਇਸ ਪ੍ਰਕਾਰ ਉਸਨੇ ਮੌਖਿਕ ਭਿਖਿਆ ਗ੍ਰਹਿਣ ਕੀਤੀ ਅਤੇ ਉਨ੍ਹਾਂ ਨਾਲ ਰਹਿਣ ਲੱਗਾ।

ਪ੍ਰਵਾਹਣ ਨੇ ਕਿਹਾ, ''ਗੌਤਮ, ਤੁਹਾਡੇ ਵੱਡੇ ਵੱਡੇਰਿਆਂ ਆਦਿ ਨੇ ਜਿਵੇਂ ਸਾਡੇ ਪੂਰਵਜਾਂ ਦਾ ਕੋਈ ਅਪਰਾਧ ਨਹੀਂ ਕੀਤਾ, ਉਸੇ ਤਰ੍ਹਾਂ ਤੁਸਾਂ ਵੀ ਮੇਰੀ ਗੱਲ ਦਾ ਬੁਰਾ ਨਹੀਂ ਮਨਾਉਣਾ। ਇਹ ਵਿਦਿਆ ਇਸ ਤੋਂ ਪਹਿਲਾਂ ਕਿਸੇ ਬ੍ਰਾਹਮਣ ਕੋਲ ਨਹੀਂ ਸੀ। ਮੈਂ ਪਹਿਲੀ ਵਾਰ ਤੁਹਾਨੂੰ ਦੇ ਰਿਹਾ ਹਾਂ – **ਇਯੰ ਵਿਦਯਾ ਇਤ : ਪੂਰਵੰ ਨ ਕਸਿੰਮਸ਼ਚਨ ਬ੍ਰਾਹਮਣੇ ਉਵਾਸ ਤਾਂ ਤੁ ਅਹੰ ਤੁਭਯੰ ਵਕਸ਼ਯਾਮਿ।** ਤੁਸੀਂ ਜਿੰਨੀ ਨਿਮਰਤਾ ਨਾਲ ਇਸ

ਲਈ ਬੇਨਤੀ ਕੀਤੀ ਹੈ ਉਸ ਨੂੰ ਦੇਖ ਕੇ ਕੌਣ ਹੈ ਜੋ ਤੁਹਾਡੀ ਬੇਨਤੀ ਠੁਕਰਾ ਸਕੇ।''

ਹੁਣ ਪ੍ਰਵਾਹਣ ਨੇ ਆਰੁਣੀ ਨੂੰ ਸਿਖਿਆ ਦਿੰਦੇ ਹੋਇਆਂ ਇਕ ਏਨੇ ਵਿਰਾਟ ਅਤੇ ਅਦੁੱਤੀ ਯੱਗ ਦਾ ਭੇਦ ਦੱਸਿਆ, ਜਿਸ ਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ, ''ਗੌਤਮ, ਤੁਸੀਂ ਲੋਕ ਜਿਸ ਯੱਗ ਨੂੰ ਜਾਣਦੇ ਹੋ ਉਸ ਨੂੰ ਤਾਂ ਮੈਂ ਵੀ ਜਾਣਦਾ ਹਾਂ। ਉਹ ਬੜਾ ਸਰਲ ਹੈ ਅਤੇ ਬਹੁਤ ਹੀ ਸੀਮਿਤ ਹੈ। ਇਸ ਬ੍ਰਹਿਮੰਡ ਵਿਚ ਇਕ ਵਿਰਾਟ ਯੱਗ ਚਲ ਰਿਹਾ ਹੈ ਜਿਸਦਾ ਪ੍ਰਸਾਰ ਸਵਰਗ-ਲੋਕ ਤੋਂ ਸਾਡੇ ਆਪਣੇ ਪ੍ਰਾਣ ਤਕ ਹੈ, ਜੋ ਸਾਨੂੰ ਇਕ ਮਹਾ ਯੱਗ ਦਾ ਅੰਗ ਬਣਾ ਦਿੰਦਾ ਹੈ। ਇਸਨੂੰ ਜਾਣੋ। ਇਸਦੇ ਕਈ ਵਿਸਤਾਰ ਹਨ ਅਤੇ ਕਈ ਰੂਪ। ਇਹ ਸਾਰੇ ਇਕ ਸੂਤਰ ਵਿਚ ਜੁੜੇ ਹੋਏ ਹਨ ਅਤੇ ਜੋ ਇਨ੍ਹਾਂ ਦੇ ਭੇਦ ਨੂੰ ਜਾਣ ਗਿਆ। ਉਹ ਸੱਚਾ ਵੇਦ-ਗਿਆਤਾ ਹੈ, ਉਹੀ ਸੱਚਾ ਬ੍ਰਹਮ-ਗਿਆਨੀ ਹੈ, ਉਹੀ ਸੱਚਾ ਤੱਤ-ਗਿਆਨੀ ਹੈ। ਉਹੀ ਸੱਚਾ ਬ੍ਰਾਹਮਣ ਹੈ। ਉਹ ਕੁਝ ਸੋਚਦੇ ਹੋਏ ਰੁਕੇ, ਫਿਰ ਬੋਲੇ, ''ਸਭ ਤੋਂ ਪਹਿਲਾਂ ਮੈਂ ਤੁਹਾਨੂੰ ਇਸਦੇ ਸਵਰਗੀ ਰੂਪ ਦਾ ਬ੍ਰਿਤਾਂਤ ਦਸਦਾ ਹਾਂ।''

ਰਿਸ਼ੀ ਨੇ ਆਪਣੀਆਂ ਉਂਗਲੀਆਂ ਕੁਝ ਇਸ ਤਰ੍ਹਾਂ ਬੰਨ੍ਹ ਲਈਆਂ ਜਿਸ ਤਰ੍ਹਾਂ ਉਹ ਕਿਸੇ ਤਰਲ ਪਦਾਰਥ ਨੂੰ ਗ੍ਰਹਿਣ ਕਰਨ ਜਾ ਰਹੇ ਹੋਣ ਅਤੇ ਇਸਦੀ ਚਿੰਤਾ ਵਿਚ ਹੋਣ ਕਿ ਇਸਦੀ ਇਕ ਬੂੰਦ ਵੀ ਖਿਲਰ ਨਾ ਜਾਵੇ।

ਪ੍ਰਵਾਹਣ ਕਹਿਣ ਲੱਗੇ, ''ਇਹ ਸਵਰਗ ਦੀ ਅਗਨੀ ਹੈ। ਇਹ ਜੋ ਆਦਿਤਯ ਹੈ ਉਹੀ ਸਮਿਧਾ ਹੈ। ਉਸ ਦੀਆਂ ਕਿਰਣਾਂ ਹੀ ਧੂੰਆਂ ਹਨ। ਦਿਨ ਉਸਦੀ ਜੁਆਲਾ ਹੈ। ਦਿਸ਼ਾਵਾਂ ਅੰਗਾਰ ਹਨ। ਇਸ ਵਿਚਲੀਆਂ ਦਿਸ਼ਾਵਾਂ ਚਿੰਗਾਰੀਆਂ ਹਨ। ਇਸ ਅੱਗ ਵਿਚ ਲੋਕ ਸ਼ਰਧਾ ਦਾ ਹਵਨ ਕਰਦੇ ਹਨ। ਇਸ ਆਹੂਤੀ ਤੋਂ ਸੋਮ (ਚੰਦ੍ਰਮਾ) ਨੂੰ ਰਾਜਤੱਤ ਪ੍ਰਾਪਤ ਹੁੰਦਾ ਹੈ।

ਪ੍ਰਵਾਹਣ ਨੇ ਦੱਸਿਆ, ਯੱਗ ਦਾ ਇਹ ਕੋਈ ਇਕ ਰੂਪ ਨਹੀਂ ਹੈ। ਇਸਦੇ ਅਨੇਕ ਰੂਪ ਹਨ। ਇਸ ਦਾ ਇਕ ਰੂਪ ਉਹ ਹੈ ਜਿਸ ਵਿਚ ਮੇਘ ਦੀ ਅਗਨੀ ਹੈ। ਆਰੁਣੀ ਆਪਣੀ ਹੈਰਾਨੀ ਨੂੰ ਰੋਕ ਨਾ ਸਕੇ, ''ਮੇਘ ਅਗਨੀ ਹੈ?''

''ਕਿਉਂ ਕੀ ਆਪ ਨੇ ਬਦਲਾਂ ਦੀ ਗੜਕ ਦੇ ਨਾਲ ਉਸ 'ਚੋਂ ਉਠਦੀ ਅੱਗ ਦੀ ਚਮਕ ਨਹੀਂ ਦੇਖੀ ਹੈ? ਇਸ ਦਾ ਪ੍ਰਮਾਣ ਤਾਂ ਸ਼੍ਰੁਤੀ (ਵੇਦ) ਵੀ ਦਿੰਦੀ ਹੈ – **ਯੋ ਅਸ਼ਮਨঃ ਅੰਤਰ ਅਗਨਿ ਜਜਾਨ।** ਉਹ 'ਅਸ਼੍ਰਮ' ਇਹ ਬਦਲ ਹੀ ਤਾਂ ਹੈ। ਮੇਘ ਵਿਚ ਚਮਕਣ ਵਾਲੀ ਇਹ ਅੱਗ ਹੀ ਤਾਂ ਹੈ। ਕਿੰਨੇ ਰੂਪ ਹਨ ਉਸਦੇ। ਸੰਮਤ (ਸੰਵਤਸਰ) ਇਸਦੀ ਸਮਿਧਾ ਹੈ। ਇਸ ਵਰਖਾ ਰੁਤ ਦੇ ਆਉਣ ਵਿਚ ਇਕ ਸੰਮਤ ਸੜ ਕੇ ਸੁਆਹ ਹੋ ਜਾਂਦਾ ਹੈ। ਧੂੰਏਂ ਤੋਂ ਬਣਨ ਵਾਲੇ ਅਤੇ ਧੂੰਏਂ ਵਰਗੇ ਦਿਖਣ ਵਾਲੇ ਅਤੇ ਉਡਣ ਵਾਲੇ ਬੱਦਲ ਹੀ ਧੂੰਆਂ ਹਨ। ਬਿਜਲੀ ਹੀ ਇਸ ਦੀ ਲਪਟ ਹੈ। ਇੰਦਰ ਦਾ ਵਜਰ ਜਾਂ ਅਸ਼ਨਿ ਅੰਗਾਰ ਹਨ ਅਤੇ ਮੇਘ ਦੀ ਗੜ੍ਹਕ ਚਿੰਗਾਰੀਆਂ ਹਨ। ਇਸ ਵਿਚ ਖੁਦ ਸੋਮ ਨੂੰ ਹੀ ਹਵਨ ਕੀਤਾ ਜਾਂਦਾ ਹੈ ਅਤੇ ਇਸ ਅਹੂਤੀ ਤੋਂ ਵਰਖਾ ਹੁੰਦੀ ਹੈ।

ਆਰੁਣੀ ਕੀਲੇ ਹੋਏ ਸਨ। ਸ਼੍ਰੁਤੀਆਂ ਦਾ ਉਨ੍ਹਾਂ ਨੂੰ ਗਿਆਨ ਸੀ। ਬੜਾ ਪੁਰਸ਼ਾਰਥ ਵਿਖਿਆਨ ਕੀਤਾ ਗਿਆ ਹੈ, ਉਨ੍ਹਾਂ ਵਿਚ ਇੰਦਰ ਦਾ। ਉਨ੍ਹਾਂ ਦੀ ਗੜਕ ਉਨ੍ਹਾਂ ਦਾ

ਠਹਾਕਾ, ਉਨ੍ਹਾਂ ਦਾ ਕ੍ਰੋਧ, ਉਨ੍ਹਾਂ ਦੇ ਕੰਬਦੇ ਹੋਏ ਜਬਾੜੇ, ਉਨ੍ਹਾਂ ਦਾ ਤੇਜਸਵੀ ਮੁਖੜਾ, ਉਨ੍ਹਾਂ ਦੇ ਹਿਣਕਦੇ ਹੋਏ ਘੋੜੇ। ਸੋਚ ਕੇ ਮੁਗਧ ਹੋ ਜਾਂਦੇ ਸਨ। ਪਰ ਇਹ ਵਿਰਾਟ ਦਾ ਦਰਸ਼ਨ, ਇਹ ਮਹਾਯੱਗ, ਮਾਨਵੀ ਚੇਤਨਾ ਤੋਂ ਪ੍ਰਕਿਰਤੀ ਦੇ ਗਰਭ ਤਕ ਫੈਲਿਆ ਹੋਇਆ ਹੈ ਇਹ ਪ੍ਰਸਾਰ। ਇਹ ਤਾਂ ਉਨ੍ਹਾਂ ਨੂੰ ਰੋਮਾਂਚਿਤ ਕਰ ਰਿਹਾ ਸੀ। ਇੰਦਰ ਤਾਂ ਕਲਪਨਾ ਦੀ ਵਸਤੂ ਬਣ ਕੇ ਰਹਿ ਜਾਂਦਾ ਹੈ। ਪਰ ਇਹ ਤਾਂ ਸਾਖਿਆਤ ਹੈ। ਕੁਝ ਵੀ ਘੜਨਾ, ਸੰਵਾਰਨਾ, ਬਣਾਉਣਾ ਨਹੀਂ। ਸਿਰਫ ਆਪਣੇ ਮਨ ਉਤੇ ਪਈਆਂ ਰੋਕਾਂ ਨੂੰ ਤੋੜ ਕੇ ਆਪਣੇ ਆਪ ਨੂੰ ਖੋਲ੍ਹ ਦੇਣਾ ਹੈ। ਉਸਨੂੰ ਕੇਵਲ ਆਪਣੇ ਅੰਦਰ ਉਤਰਨ ਦੇਣਾ ਹੈ। ਵਿਰਾਟ ਦਾ ਇਹ ਬੋਧ ਉਨ੍ਹਾਂ ਨੂੰ ਕੁਝ ਹੈਰਾਨ ਕਰ ਰਿਹਾ ਸੀ।

"ਅਤੇ ਇਹ ਲੋਕ ਇਕ ਦੂਜੇ ਪ੍ਰਕਾਰ ਦੀ ਅਗਨੀ ਹੈ। ਇਥੇ ਇਕ ਹੋਰ ਹੀ ਯੱਗ ਚਲ ਰਿਹਾ ਹੈ। ਵਿਰਾਟ ਦਾ ਇਕ ਨਵਾਂ ਵਿਸਤਾਰ। ਇਸ ਯੱਗ ਵਿਚ ਇਹ ਧਰਤੀ ਹੀ ਸਮਿਧਾ ਹੈ। ਅਗਨੀ ਆਪ ਇਸਦਾ ਧੂੰਆਂ ਹੈ।"

ਆਰੁਣੀ ਨੂੰ ਫਿਰ ਕੁਝ ਅਜੀਬ ਲਗਿਆ, "ਅਗਨੀ ਧੂੰਆਂ ਕਿਵੇਂ ਹੋ ਸਕਦੀ ਹੈ, ਰਾਜਨ?"

ਪ੍ਰਵਾਹਣ ਮਨ ਵਿਚ ਮੁਸਕੁਰਾਏ। ਬ੍ਰਾਹਮਣ ਨੇ ਸ਼ਿਸ਼ ਬਣਨਾ ਤਾਂ ਗ੍ਰਹਿਣ ਕਰ ਲਿਆ ਪਰ ਮਨੋ ਇਹ ਭਾਵ ਨਹੀਂ ਗਿਆ ਕਿ ਬ੍ਰਾਹਮਣ ਹੋਣ ਦੇ ਨਾਤੇ ਉਹ ਇਕ ਛਤ੍ਰੀ ਨੂੰ ਗੁਰੂ ਜਾਂ ਆਚਾਰਯ ਨਹੀਂ ਬਣਾ ਸਕਦਾ। 'ਆਚਾਰਯ' ਜਾਂ 'ਭਗਵਨ' ਕਹਿਣ ਵਿਚ ਸੰਸਕਾਰ ਰੁਕਾਵਟ ਪਾ ਰਹੇ ਹਨ। ਟੋਕਣਾ ਉਚਿਤ ਨਹੀਂ ਸਮਝਿਆ, "ਧੂੰਆਂ ਲਾਲ ਰੰਗ ਦਾ ਵੀ ਤਾਂ ਹੋ ਸਕਦਾ ਹੈ, ਆਰੁਣੀ। ਬਲਦੀ ਲਾਟ ਉਤੇ ਉਹ ਲਾਲੀ ਹੀ ਦਿਖਾਈ ਦਿੰਦੀ ਹੈ ਅਤੇ ਫਿਰ ਕੁਝ ਉਤੇ ਉਠਦੇ ਹੀ ਕਾਲਖ ਦਿਖਾਈ ਦੇਣ ਲਗਦੀ ਹੈ। ਜਗਦੇ ਹੋਏ ਦੀਵੇ ਦੇ ਬਿਲਕੁਲ ਨਾਲ ਲਗਾ ਕੇ ਕਜਰੌਟਾ (ਕਾਜਲ ਰਖਣ ਦੀ ਡੱਬੀ) ਟਿਕਾ ਕੇ ਰਖ ਦਿੰਦੇ ਹਾਂ, ਉਸ ਨਾਲ ਟਕਰਾਉਂਦੀ ਰਹਿੰਦੀ ਹੈ, ਤਾਂ ਕੀ ਉਸਨੂੰ ਹਟਾਉਣ ਨਾਲ ਕੱਜਲ ਹੀ ਚਿਪਕਿਆ ਨਹੀਂ ਮਿਲਦਾ। ਰੰਗ ਤੇ ਨਾ ਜਾ ਗੌਤਮ। ਧੂੰਆਂ ਅਗਨੀ ਤੋਂ ਭਿੰਨ ਨਹੀਂ ਹੈ। ਧਰਤੀ ਦੇ ਅਗਨੀ ਰੂਪ ਧਾਰਣ ਕਰਨ ਤੇ ਕੀ ਇਹ ਦਿਸਦੀ ਅੱਗ ਅਸਲੋਂ ਧੂੰਏਂ ਦਾ ਹੀ ਇਕ ਰੂਪ ਨਹੀਂ ਹੋ ਸਕਦੀ?"

"ਬੜੇ ਗੰਭੀਰ ਚਿੰਤਨ ਤੋਂ ਆਪ ਨੇ ਇਹ ਗਿਆਨ ਪ੍ਰਾਪਤ ਕੀਤਾ ਹੈ, ਰਾਜਨ।"

"ਰਾਤ ਹੀ ਇਸਦੀ ਜੁਆਲਾ ਹੈ।" ਪ੍ਰਵਾਹਣ ਕਹਿਣ ਲਗੇ।

ਬੇਤੁਕਾ ਇਥੇ ਵੀ ਲਗਿਆ, ਪਰ ਇਥੇ ਉਨ੍ਹਾਂ ਨੇ ਟੋਕਣਾ ਉਚਿਤ ਨਹੀਂ ਸਮਝਿਆ। ਮੰਨ ਲਿਆ ਕਿ ਇਸ ਵਿਚ ਵੀ ਕੋਈ ਗੂੜ੍ਹ ਆਸ਼ਾ ਛਿਪਿਆ ਹੋਵੇਗਾ।

"ਚੰਦ੍ਰਮਾ ਇਸਦਾ ਅੰਗਾਰ ਹੈ, ਨਛੱਤਰ ਚਿੰਗਾਰੀਆਂ ਹਨ।" ਪ੍ਰਵਾਹਣ ਕੁਝ ਰੁਕੇ ਅਤੇ ਆਰੁਣੀ ਨੂੰ ਪ੍ਰਸ਼ਨ ਕੀਤਾ, "ਚਿੰਗਾਰੀਆਂ ਤਾਂ ਸਮਝਦੇ ਹੋ ਨਾ, ਗੌਤਮ?" ਅਤੇ ਫਿਰ ਮੁਸਕ੍ਰਾਉਣ ਲਗੇ। ਸੰਸਕਾਰ। ਜੇ ਆਰੁਣੀ ਦੇ ਮਨ ਵਿਚ ਇਹ ਭਾਵ ਲੁਪਤ ਨਹੀਂ ਹੋਇਆ ਕਿ ਉਹ ਬ੍ਰਾਹਮਣ ਹੈ, ਇਸ ਲਈ ਇਕ ਛਤ੍ਰੀ ਤੋਂ, ਭਾਵੇਂ ਉਹ ਗੁਰੂ ਹੀ ਕਿਉਂ ਨਾ ਹੋਵੇ, ਘੱਟ ਨਹੀਂ ਹੈ, ਤਾਂ ਉਨ੍ਹਾਂ ਦੇ ਆਪਣੇ ਮਨ ਵਿਚ ਵੀ ਇਹ ਭਾਵ ਕਿਥੇ ਲੋਪ ਹੋਇਆ ਹੈ

ਕਿ ਛਤ੍ਰੀ ਲਈ ਬ੍ਰਾਹਮਣ ਆਦਰਯੋਗ ਹੁੰਦਾ ਹੈ, ਭਾਵੇਂ ਉਹ ਉਸਦਾ ਸ਼ਿਸ਼ ਹੀ ਕਿਉਂ ਨਾ ਹੋਵੇ। ਆਰੁਣੀ ਨੂੰ 'ਤੁਸੀਂ' ਕਹਿੰਦਿਆਂ ਉਨ੍ਹਾਂ ਨੂੰ ਕਿੰਨਾ ਬੇਤੁਕਾ ਲਗ ਰਿਹਾ ਸੀ।

ਆਰੁਣੀ ਨੇ ਕਿਹਾ, ''ਆਪ ਚਿੰਗਾਰੀਆਂ ਦੀ ਹੀ ਗੱਲ ਕਰ ਰਹੇ ਹੋ ਨਾ?''

''ਨਹੀਂ, ਚਿੰਗਾਰੀਆਂ ਦੀ ਨਹੀਂ ਉਹ ਤਾਂ 'ਸਫੁਲਿੰਗ' ਹਨ। ਮੈਂ ਉਨ੍ਹਾਂ ਸੂਖਮ ਜੋਤੀਮਾਨ ਜ਼ਰਿਆਂ ਦੀ ਗੱਲ ਕਰ ਰਿਹਾ ਹਾਂ ਜੋ ਅੱਗ ਬਲਣ 'ਤੇ ਜੋਤੀ ਸਰੂਪ ਧੂੜ ਦੇ ਜ਼ਰਿਆਂ ਵਾਂਗ ਉਡਦੇ ਰਹਿੰਦੇ ਹਨ।''

ਆਰੁਣੀ ਨੇ ਅਸਚਰਜ ਵਿਚ ਅੱਖਾਂ ਟੱਡ ਦਿੱਤੀਆਂ ਜਿਨ੍ਹਾਂ ਵਿਚ ਇਹ ਭਾਵ ਵੀ ਲੁਕਿਆ ਸੀ ਕਿ ਉਨ੍ਹਾਂ ਨੇ ਪ੍ਰਵਾਹਣ ਦੇ ਮੰਤਵ ਨੂੰ ਸਮਝ ਲਿਆ ਹੈ।

''ਇਸ ਅਗਨੀ ਵਿਚ ਉਹ ਆਪ ਵਰਖਾ ਦੀ ਆਹੂਤੀ ਦਿੰਦੇ ਹਨ ਅਤੇ ਇਸ ਤੋਂ ਅੰਨ ਪੈਦਾ ਹੁੰਦਾ ਹੈ।''

''ਓਹ, ਓਹ।'' ਅਸਚਰਜ ਵਿਚ ਆਰੁਣੀ ਦੇ ਮੂੰਹ 'ਚੋਂ ਨਿਕਲਿਆ ਪਰ ਇਹ ਅਬੋਧਤਾ 'ਚੋਂ ਪੈਦਾ ਹੋਇਆ ਅਸਚਰਜ ਨਹੀਂ ਸੀ, ਸਗੋਂ ਇਕੋ ਵੇਲੇ ਰੂਪ-ਵਿਧਾਨ ਦੇ ਪ੍ਰਤੱਖ ਹੋ ਜਾਣ ਤੋਂ ਪੈਦਾ ਪ੍ਰਸੰਨਤਾ ਨਾਲ ਭਰਪੂਰ ਉਦਗਾਰ ਸੀ।

''ਹੈਰਾਨ ਨਾ ਹੋਵੋ, ਗੌਤਮ।'' ਪ੍ਰਵਾਹਣ ਨੇ ਆਰੁਣੀ ਦੇ ਮਨੋਭਾਵ ਨੂੰ ਦੇਖ ਕੇ ਕਿਹਾ। ਉਹ ਬਿਨਾਂ ਰੁਕੇ ਅਗੋਂ ਕਹਿਣ ਲਗੇ, ''ਪੁਰਸ਼ ਆਪ ਵੀ ਤਾਂ ਅਗਨੀ ਹੈ। ਉਸਦਾ ਖੁਲ੍ਹਿਆ ਹੋਇਆ ਮੁਖ ਹੀ ਸਮਿਧਾ ਹੈ। ਪ੍ਰਾਣ ਧੂੰਆਂ ਹੈ। ਵਾਕ ਜੁਆਲਾ ਹੈ। ਨੇਤ੍ਰ ਅੰਗਾਰ ਹਨ। ਕੰਨ ਚਿੰਗਾਰੀਆਂ ਹਨ। ਇਸ ਅੱਗ ਵਿਚ ਦੇਵਤਾ ਲੋਕ ਅੰਨ ਦੀ ਆਹੂਤੀ ਦਿੰਦੇ ਹਨ ਅਤੇ ਇਸ ਤੋਂ ਵੀਰਜ ਪੈਦਾ ਹੁੰਦਾ ਹੈ।''

ਆਰੁਣੀ ਨੇ ਇਸ ਪੱਖ 'ਤੇ ਤਾਂ ਧਿਆਨ ਹੀ ਨਹੀਂ ਦਿੱਤਾ ਸੀ। ਇਹ ਯੱਗ ਦੇਖਣ ਵਿਚ ਯੱਗ ਦੇ ਵੱਖ-ਵੱਖ ਕਲਪੇ ਰੂਪ ਪ੍ਰਤੀਤ ਹੁੰਦੇ ਹਨ ਪਰ ਇਨ੍ਹਾਂ ਦੀ ਆਪਣੀ ਇਕ ਤਰਤੀਬ ਹੈ। ਜੋ ਇਕ ਯੱਗ ਦਾ ਉਤਪਾਦ ਹੈ ਉਸੇ ਦੀ ਦੂਜੇ ਵਿਚ ਆਹੂਤੀ ਦਿੱਤੀ ਜਾਂਦੀ ਹੈ ਅਤੇ ਇਸ ਤਰ੍ਹਾਂ ਇਕ ਮਹਾ ਆਹੂਤੀ ਦਾ ਚਕ੍ਰ ਬਣਦਾ ਜਾ ਰਿਹਾ ਹੈ। ਕੀ ਇਸੇ ਨੂੰ ਵੇਦਾਂ ਵਿਚ ਮਹਾ-ਆਹੂਤੀ ਕਹਿ ਕੇ ਯਾਦ ਕੀਤਾ ਗਿਆ ਹੈ ਅਤੇ ਇਸੇ ਦਾ ਭੇਦ ਜਾਣ ਲੈਣ ਤੋਂ ਬਾਅਦ ਦੇਵਤੇ ਅਸੁਰਾਂ ਉਤੇ ਜੇਤੂ ਹੋਏ ਸਨ। ਉਨ੍ਹਾਂ ਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਇਸ ਯੱਗ ਦੀ ਕਲਪਨਾ ਤਾਂ ਰਾਜ ਰਿਸ਼ੀਆਂ ਨੇ ਕੀਤੀ। ਦੇਵ-ਅਸੁਰ ਯੁੱਧ ਤਾਂ ਪਤਾ ਨਹੀਂ ਕਿੰਨਾ ਪੁਰਾਣਾ ਹੈ। ਇਨ੍ਹਾਂ ਯੱਗਾਂ ਤੋਂ ਜੋ ਮਹਾਚਕ੍ਰ ਬਣ ਰਿਹਾ ਹੈ ਉਸਦਾ ਵੀ ਕਿਥੇ ਅੰਤ ਹੋਵੇ, ਇਹ ਕੌਣ ਕਹਿ ਸਕਦਾ ਸੀ।

ਪ੍ਰਵਾਹਣ ਨੇ ਪਛਾਣ ਲਿਆ ਕਿ ਉਨ੍ਹਾਂ ਦਾ ਸ਼ਿਸ਼ ਕਿਧਰੇ ਗੁਆਚ ਗਿਆ ਹੈ। ਬ੍ਰਹਮ ਗਿਆਨੀਆਂ ਲਈ ਚਿੱਤ ਦੀ ਅਸਥਿਰਤਾ ਕੋਈ ਨਵੀਂ ਚੀਜ਼ ਨਹੀਂ। ਇਸ ਦਾ ਅਨੁਭਵ ਸਾਰਿਆਂ ਨੂੰ ਹੁੰਦਾ ਹੈ। ਇਹ ਵੀ ਬ੍ਰਹਮ ਸਾਖਿਆਤਕਾਰ ਦਾ ਹੀ ਇਕ ਰੂਪ ਹੈ। ਉਪਦੇਸ਼ ਦਾ ਜੇ ਅਸਰ ਨਾ ਹੋਇਆ ਤਾਂ ਉਹ ਸ਼ਬਦ-ਜਾਲ ਬਣ ਕੇ ਰਹਿ ਜਾਂਦਾ ਹੈ ਅਤੇ ਸਿਰਫ਼ ਪਾਖੰਡ ਦਾ ਹੀ ਵਾਧਾ ਕਰਦਾ ਹੈ। ਉਹ ਚੁੱਪ ਹੋ ਕੇ ਆਰੁਣੀ ਨੂੰ ਵੇਖਦੇ ਰਹੇ। ਇਕ ਛਿਣ ਤਕ ਉਸੇ ਤਰ੍ਹਾਂ ਗੁਆਚੇ ਰਹਿਣ ਮਗਰੋਂ ਅਚਾਨਕ ਆਰੁਣੀ ਨੂੰ ਉਸ ਚੁੱਪੀ ਦਾ ਬੋਧ

ਹੋਇਆ। ਉਹ ਕੁਝ ਇਸ ਤਰ੍ਹਾਂ ਚੌਂਕ ਕੇ ਪ੍ਰਵਾਹਣ ਨੂੰ ਦੇਖਣ ਲਗੇ ਜਿਵੇਂ ਨੀਂਦ ਦੀ ਝਪਕੀ ਤੋਂ ਜਾਗੇ ਹੋਣ। ਉਹ ਆਪਣੇ ਬੇਧਿਆਨੇ ਹੋਣ ਤੇ ਸੰਕੋਚ ਅਨੁਭਵ ਕਰ ਰਹੇ ਸਨ।

ਪ੍ਰਵਾਹਣ ਨੇ ਕੁਝ ਇਸ ਭਾਵ ਨਾਲ ਅੱਗੇ ਕਹਿਣਾ ਆਰੰਭ ਕੀਤਾ ਮਾਨੋ ਇਸ ਦੌਰਾਨ ਉਨ੍ਹਾਂ ਦੇ ਪ੍ਰਵਾਹ ਵਿਚ ਕੋਈ ਰੁਕਾਵਟ ਆਈ ਹੀ ਨਾ ਹੋਵੇ, "ਇਸਤ੍ਰੀ ਆਪ ਵੀ ਅੱਗ ਹੈ, ਗੌਤਮ। ਉਸਦਾ ਪੇਡੂ ਹੀ ਸਮਿਧਾ ਹੈ, ਲੋਮ ਧੂੰਆਂ ਹੈ ਯੋਨਿ ਅਰਚੀ (ਅਗਨੀ ਦੀ ਲਾਟ) ਹੈ, ਅੰਦਰਲਾ ਮਨਨ ਅੰਗਾਰ ਹੈ ਅਤੇ ਆਨੰਦ ਦਾ ਆਵੇਸ਼ ਚਿੰਗਾਰੀਆਂ ਹਨ। ਇਸ ਵਿਚ ਦੇਵਤੇ ਵੀਰਜ ਦੀ ਆਹੂਤੀ ਦਿੰਦੇ ਹਨ ਅਤੇ ਇਸ ਤੋਂ ਪੁਰਸ਼ ਪੈਦਾ ਹੁੰਦਾ ਹੈ। ਉਸਦੇ ਕਰਮ ਜਦੋਂ ਤਕ ਬਾਕੀ ਰਹਿੰਦੇ ਹਨ ਉਦੋਂ ਤਕ ਉਹ ਜੀਉਂਦਾ ਰਹਿੰਦਾ ਹੈ ਅਤੇ ਫਿਰ ਮਰ ਜਾਂਦਾ ਹੈ। ਮਰਨ ਉਪਰੰਤ ਇਸਨੂੰ ਅੰਤਿਮ ਯੱਗ ਜਾਂ ਅੰਤਿਮ ਸੰਸਕਾਰ ਲਈ ਮੁੜ ਅਗਨੀ ਕੋਲ ਲੈ ਜਾਂਦੇ ਹਨ। ਇਸ ਵਿਚ ਸਭ ਕੁਝ ਆਪਣੇ ਸਪਸ਼ਟ ਰੂਪ ਵਿਚ ਸਾਹਮਣੇ ਆ ਜਾਂਦਾ ਹੈ। ਇਸ ਵਿਚ ਅੱਗ ਹੀ ਅੱਗ ਹੁੰਦੀ ਹੈ। ਸਮਿਧਾ ਹੀ ਸਮਿਧਾ ਹੁੰਦੀ ਹੈ। ਧੂੰਆਂ ਹੀ ਧੂੰਆਂ ਹੁੰਦਾ ਹੈ। ਪੂਜਾ ਹੀ ਪੂਜਾ ਹੁੰਦੀ ਹੈ। ਅੰਗਾਰੇ ਹੀ ਅੰਗਾਰੇ ਹੁੰਦੇ ਹਨ। ਚਿੰਗਾਰੀਆਂ ਹੀ ਚਿੰਗਾਰੀਆਂ ਹੁੰਦੀਆਂ ਹਨ। ਇਸ ਵਿਚ ਦੇਵਤੇ ਪੁਰਸ਼ ਨੂੰ ਹੋਮ ਕਰਦੇ ਹਨ ਅਤੇ ਇਸ ਵਿਚ ਪੁਰਸ਼ ਜੋਤਿ ਵਜੋਂ ਬਾਕੀ ਰਹਿ ਜਾਂਦਾ ਹੈ।"

ਆਰੁਣੀ ਨੇ ਰੋਮਾਂਚਿਤ ਜਿਹਾ ਅਨੁਭਵ ਕਰਦਿਆਂ ਕਿਹਾ, "ਅਜੀਬ ਹੈ। ਸਚਮੁੱਚ ਅਜੀਬ, ਇਹ ਮਹਾਚਕ੍ਰ।"

"ਮਹਾਚਕ੍ਰ ਤਾਂ ਇਹ ਹੈ, ਪਰ ਅਜੇ ਸਮਾਪਤ ਨਹੀਂ ਹੋਇਆ। ਅਜੇ ਤਾਂ ਮੈਂ ਪੰਜ ਅਗਨੀਆਂ ਦਾ ਉਪਦੇਸ਼ ਕੀਤਾ ਹੈ। ਇਨ੍ਹਾਂ ਨੂੰ ਜਾਣ ਲੈਣ ਉਪਰੰਤ ਗ੍ਰਹਸਥੀ ਠੀਕ ਉਸੇ ਤਰ੍ਹਾਂ ਜੋਤਿ ਦੇ ਅਭਿਮਾਨੀ ਦੇਵਤਿਆਂ ਨੂੰ, ਜੋਤਿ ਦੇ ਅਭਿਮਾਨੀ ਦੇਵਤਿਆਂ ਤੋਂ ਦਿਨ ਦੇ ਅਭਿਮਾਨੀ ਦੇਵਤੇ ਨੂੰ, ਦਿਨ ਦੇ ਦੇਵਤੇ ਤੋਂ ਸ਼ੁਕਲ (ਚਾਨਣੇ) ਪੱਖ ਦੇ ਦੇਵਤੇ ਨੂੰ, ਸ਼ੁਕਲ ਪੱਖ ਦੇ ਦੇਵਤੇ ਤੋਂ ਦਿਸ਼ਾ ਦੇ ਦੇਵਤਿਆਂ ਨੂੰ, ਦਿਸ਼ਾ ਦੇ ਦੇਵਤਿਆਂ ਤੋਂ ਦੇਵਲੋਕ ਨੂੰ, ਦੇਵ ਲੋਕ ਤੋਂ ਆਦਿਤਯ ਨੂੰ ਅਤੇ ਆਦਿਤਯ ਤੋਂ ਬਿਜਲੀ ਸੰਬੰਧੀ ਦੇਵਤਿਆਂ ਨੂੰ ਪ੍ਰਾਪਤ ਕਰਦੇ ਹਨ, ਜਿਵੇਂ ਬਨ ਵਿਚ ਸ਼ਰਧਾ ਭਾਵ ਤੋਂ ਸੂਖਮ ਆਤਮਾ ਦੀ ਉਪਾਸਨਾ ਕਰਨ ਵਾਲੇ ਸੰਨਿਆਸੀ ਆਪਣੇ ਸਤਿ ਅਤੇ ਤਪ ਦੇ ਬਲ ਨਾਲ ਇਸੇ ਤਰਤੀਬ ਵਿਚ ਇਨ੍ਹਾਂ ਨੂੰ ਪ੍ਰਾਪਤ ਕਰਦੇ ਹਨ। ਉਨ੍ਹਾਂ ਬਿਜਲੀ ਸੰਬੰਧੀ ਦੇਵਤਿਆਂ ਕੋਲੋਂ ਇਕ ਮਾਨਸ ਪੁੱਤਰ ਆ ਕੇ ਇਨ੍ਹਾਂ ਨੂੰ ਬ੍ਰਹਮਲੋਕ ਨੂੰ ਲੈ ਜਾਂਦਾ ਹੈ। ਉਹ ਉਸ ਬ੍ਰਹਮਲੋਕ ਵਿਚ ਅਨੰਤ ਕਾਲ ਤਕ ਰਹਿੰਦੇ ਹਨ। ਉਨ੍ਹਾਂ ਨੂੰ ਜਨਮ ਮਰਨ ਦੇ ਚਕ੍ਰ ਤੋਂ ਮੁਕਤੀ ਮਿਲ ਜਾਂਦੀ ਹੈ।"

"ਦੇਵ ਲੋਕ ਅਤੇ ਪਿਤਰਲੋਕ ਨੂੰ ਕੌਣ ਜਾਂਦੇ ਹਨ, ਰਾਜਨ?"

ਆਰੁਣੀ ਦੇ ਮੂੰਹ ਤੋਂ ਸੰਬੋਧਨੀ ਸ਼ਬਦ ਤਾਂ 'ਰਾਜਨ' ਹੀ ਨਿਕਲ ਰਿਹਾ ਸੀ, ਪਰ ਉਨ੍ਹਾਂ ਦੀ ਨਿਮ੍ਰਤਾ ਵਿਚ ਕੋਈ ਘਾਟ ਨਹੀਂ ਸੀ। ਉਨ੍ਹਾਂ ਨੇ ਇਸ ਵਾਕ ਦੇ ਨਾਲ ਹੀ ਆਪਣੇ ਦੋਹਾਂ ਹੱਥਾਂ ਨੂੰ ਅੰਜਲੀ ਬਣਾਉਂਦੇ ਹੋਏ ਮੱਥੇ ਨੂੰ ਲਗਾਇਆ।

"ਜੋ ਲੋਕ ਯੱਗ, ਦਾਨ ਅਤੇ ਤਪ ਨਾਲ ਲੋਕਾਂ ਨੂੰ ਜਿਤਦੇ ਹਨ, ਉਹ ਧੂੰਏਂ ਨੂੰ ਪ੍ਰਾਪਤ ਹੁੰਦੇ ਹਨ। ਧੂੰਏਂ ਤੋਂ ਰਾਤ ਦੇ ਦੇਵਤੇ ਨੂੰ, ਰਾਤ ਦੇ ਦੇਵਤੇ ਤੋਂ ਹਨੇਰੇ ਪੱਖ ਦੇ ਚੰਦ੍ਰਮਾ ਨੂੰ,

ਹਨੇਰੇ-ਪੱਖ ਦੇ ਚੰਦ੍ਰਮਾ ਤੋਂ ਦੱਖਣ ਦੀ ਦਿਸ਼ਾ (ਸ਼ਣਮਾਸ਼) ਨੂੰ, ਉਸਤੋਂ ਪਿਤਰ ਲੋਕ ਨੂੰ, ਪਿਤਰ ਲੋਕ ਤੋਂ ਚੰਦ੍ਰਮਾ ਨੂੰ ਜਾਂਦੇ ਹਨ ਜਿਥੇ ਉਹ ਅੰਨ ਬਣ ਜਾਂਦੇ ਹਨ ਕਿਉਂਕਿ ਚੰਦ੍ਰਮਾ ਹੀ ਸੋਮ ਹੈ ਅਤੇ ਸੋਮ ਹੀ ਅੰਮ੍ਰਿਤ ਆਹਾਰ ਹੈ। ਅਤੇ ਅੰਨ ਜਾਂ ਸੋਮ ਵਿਚ ਬਦਲਦਿਆਂ ਹੀ ਦੇਵਤੇ ਇਸਦਾ ਪਾਨ ਕਰ ਜਾਂਦੇ ਹਨ। ਜਦੋਂ ਉਨ੍ਹਾਂ ਦੇ ਕਰਮ ਛੀਣ ਹੋ ਜਾਂਦੇ ਹਨ ਤਾਂ ਉਹ ਵਾਯੂ ਨੂੰ, ਵਾਯੂ ਤੋਂ ਬਦਲ ਨੂੰ ਅਤੇ ਬਦਲ ਤੋਂ ਧਰਤੀ ਨੂੰ ਪ੍ਰਾਪਤ ਹੁੰਦੇ ਹਨ। ਫਿਰ ਉਹ ਪੁਰਸ਼ ਰੂਪੀ ਅਗਨੀ ਵਿਚ ਹਵਨ ਕੀਤੇ ਜਾਂਦੇ ਹਨ। ਹੁਣ ਉਹ ਲੋਕ ਦੇ ਕਲਿਆਣ ਲਈ ਇਸਤਰੀ ਰੂਪੀ ਅਗਨੀ ਵਿਚ ਉਤਪੰਨ ਹੁੰਦੇ ਹਨ ਅਤੇ ਇਹ ਕ੍ਰਮ ਨਿਰੰਤਰ ਚਲਦਾ ਰਹਿੰਦਾ ਹੈ।''

ਆਰੁਣੀ ਨੂੰ ਹੁਣ ਆਪਣੇ ਮਨੋਭਾਵ ਪ੍ਰਗਟ ਕਰਨ ਲਈ ਸ਼ਬਦ ਵੀ ਨਹੀਂ ਮਿਲ ਰਹੇ ਸਨ। ਵਿਚਿਤ੍ਰ ਕਹਿਣਾ ਹੀ ਕਾਫੀ ਨਹੀਂ ਲਗ ਰਿਹਾ ਸੀ। ਇਸ ਰਾਜਰਿਸ਼ੀ ਦੇ ਗਿਆਨ ਅੱਗੇ ਉਨ੍ਹਾਂ ਦਾ ਵੇਦਾਂ ਅਤੇ ਸ਼ਾਸਤ੍ਰਾਂ ਦਾ ਸਾਰਾ ਗਿਆਨ ਬਾਲਕ ਦੇ ਪਾਠ ਵਰਗਾ ਪ੍ਰਤੀਤ ਹੋ ਰਿਹਾ ਸੀ। ਇਸ ਅਗਲੀ ਭੂਮਿਕਾ ਦੀ ਪੌੜੀ। ਉਨ੍ਹਾਂ ਦਾ ਜੀਵਨ ਧੰਨ ਹੋ ਗਿਆ ਸੀ। ਉਹ ਪ੍ਰਵਾਹਣ ਦੇ ਚਰਨਾਂ ਵਿਚ ਇਕ ਸ਼ਿਸ਼ ਵਾਂਗੂ ਝੁਕ ਜਾਣਾ ਚਾਹੁੰਦੇ ਸਨ ਪਰ ਉਨ੍ਹਾਂ ਦਾ ਬ੍ਰਹਮ-ਤੇਜ ਰਾਜ-ਰਿਸ਼ੀ ਦੇ ਪੈਰਾਂ ਅਤੇ ਆਪਣੇ ਮੱਥੇ ਵਿਚਕਾਰ ਆ ਖੜੋਤਾ ਸੀ ਅਤੇ ਅਨਿਸਚੇ ਹੀ ਉਨ੍ਹਾਂ ਦੀ ਸ਼ਰਧਾ ਪਸੀਨਾ ਬਣ ਕੇ ਪ੍ਰਵਾਹਿਤ ਹੋ ਰਹੀ ਸੀ। ਪੰਚ-ਅਗਨੀ ਦੇ ਬੋਧ ਨਾਲ ਏਨਾ ਤਾਂ ਹੋਣਾ ਹੀ ਸੀ। ਉਨ੍ਹਾਂ ਨੂੰ ਪਸ਼ਚਾਤਾਪ ਸਿਰਫ਼ ਸ਼ਵੇਤਕੇਤੂ ਲਈ ਹੋ ਰਿਹਾ ਸੀ। ਉਹ ਕਿੰਨਾ ਅਭਾਗਾ ਹੈ। ਜੇ ਰਾਜ-ਰਿਸ਼ੀ ਦੇ ਨਾਲ ਰਹਿ ਗਿਆ ਹੁੰਦਾ, ਜਾਂ ਆਪਣੀ ਜ਼ਿੱਦ ਛੱਡ ਕੇ ਉਨ੍ਹਾਂ ਨਾਲ ਆ ਗਿਆ ਹੁੰਦਾ ਤਾਂ ਉਸਦਾ ਕਿੰਨਾ ਉਪਕਾਰ ਹੁੰਦਾ।

# ਘੋੜੇ ਦੇ ਮੂੰਹ ਤੋਂ

ਇਹ ਕਿਸੇ ਅੰਗ੍ਰੇਜ਼ੀ ਮੁਹਾਵਰੇ ਦਾ ਅਨੁਵਾਦ ਨਹੀਂ ਹੈ, ਮਨੁੱਖ ਦੀ ਖੋਪੜੀ ਵਿਚ ਛਿਪਾ ਕੇ ਰੱਖੇ ਗਏ ਗਿਆਨ ਦੇ ਘੋੜੇ ਦੇ ਮੂੰਹੋਂ ਬਾਹਰ ਆਉਣ ਦੀ ਕਹਾਣੀ ਹੈ।

ਕਹਿੰਦੇ ਹਨ ਮਜ਼ਾਕ ਦੀ ਵੀ ਹੱਦ ਹੁੰਦੀ ਹੈ, ਪਰ ਅਜਿਹੇ ਮਜ਼ਾਕ ਦੀ ਨਹੀਂ, ਜੋ ਧਰਮ ਅਤੇ ਕੱਟੜਪੁਣੇ ਨੂੰ ਲੈ ਕੇ ਕੀਤਾ ਜਾਵੇ। ਉਂਜ ਤਾਂ ਮਨਹੂਸੀ ਮਜ਼ਾਕ ਦੀ ਰੇਹ ਹੈ, ਅਤੇ ਜਿਥੇ ਵੀ ਵਾਤਾਵਰਣ ਭਾਰੀ ਦਿਖਾਈ ਦੇਵੇਗਾ, ਇਸ ਦੇ ਅੰਦਰੋਂ ਮਜ਼ਾਕ ਉਭਰ ਕੇ ਸਾਹਮਣੇ ਆਏਗਾ ਹੀ। ਇਹ ਮੌਤ ਦੇ ਵਿਰੁੱਧ ਜ਼ਿੰਦਗੀ ਦਾ ਵਿਦ੍ਰੋਹ ਜੋ ਠਹਿਰਿਆ। ਪਰ ਧਰਮ, ਪੁਰਾਣ-ਪੰਥਿਤਾ ਅਤੇ ਨੈਤਿਕ ਪਾਖੰਡ ਵਿਚੋਂ ਜੋ ਮਜ਼ਾਕ ਉਭਰਦਾ ਹੈ, ਉਸਦੀ ਨਾ ਕੋਈ ਹੱਦ ਹੁੰਦੀ ਹੈ, ਨਾ ਅਣ-ਹੱਦ। ਬਸ ਉਸਦੇ ਹੋਣ ਤੋਂ ਹੀ ਅਸੀਂ ਜਾਣਦੇ ਹਾਂ ਕਿ ਇਹ ਹੈ। ਇਹ ਤਾਂ ਹੋਣਾ ਹੀ ਸੀ। ਸੋਚਦੇ ਹਾਂ, ਇਹ ਇਸ ਰੂਪ ਵਿਚ ਨਾ ਹੁੰਦਾ ਤਾਂ ਫਿਰ ਕਿਸ ਰੂਪ ਵਿਚ ਹੁੰਦਾ। ਕਦੇ ਕਦੇ ਤਾਂ ਇਸਦੀ ਉਮੀਦ ਜਿਥੇ ਨਹੀਂ ਕੀਤੀ ਜਾ ਸਕਦੀ ਉਥੇ ਵੀ ਵਿਨੋਦੀ ਲੋਕ ਆਪਣੇ ਵਲੋਂ ਬਾਜ਼ ਨਹੀਂ ਆਉਂਦੇ। ਚੂਹੇ ਨੂੰ ਭਾਰੀ ਭਰਕਮ ਆਦਮੀ-ਨੁਮਾ ਹਾਥੀ ਅਤੇ ਹਾਥੀ-ਨੁਮਾ ਆਦਮੀ ਵਿਚ ਅਤੇ ਇਨ੍ਹਾਂ ਦੋਹਾਂ ਨੂੰ ਦੇਵਤਾ-ਨੁਮਾ ਗਣੇਸ਼ ਵਿਚ ਬਦਲ ਕੇ ਉਸੇ ਦਾ ਵਾਹਨ ਬਣਾਉਣ ਵਾਲੇ ਸਿਰਫ਼ ਵਿਨੋਦੀ ਹੀ ਨਹੀਂ ਸਨ। ਉਹ ਆਪਣੇ ਢੰਗ ਦੇ ਸਰਬੱਗ ਵੀ ਸਨ। ਧਰਮ ਦਾ ਖੇਤਰ ਜਿਸ ਨੂੰ ਪਵਿਤਰ ਬਣਾਉਣ ਲਈ ਜਾਂ ਤਾਂ ਧੋ ਧੋ ਕੇ ਚਿੱਕੜ ਵਿਚ ਬਦਲ ਦਿੱਤਾ ਜਾਂਦਾ ਹੈ ਜਾਂ ਸਾਧਨਾ ਅਤੇ ਤਪ ਨਾਲ ਸੁਕਾ-ਝੁਲਸਾ ਕੇ ਅਕਸਰ ਅਜਿਹੇ ਮਾਰੂਥਲ ਵਿਚ ਬਦਲ ਦਿੱਤਾ ਜਾਂਦਾ ਹੈ ਕਿ ਜਿਸ ਵਿਚ ਫੁੱਲ ਤਾਂ ਦੂਰ, ਕਾਈ ਤਕ ਨਾ ਜੰਮ ਸਕੇ, ਉਸ ਵਿਚ ਮਨੋਰੰਜਨ ਦੀ ਇਹ ਫੁਹਾਰ ਉਨ੍ਹਾਂ ਦੀ ਜੀਵੰਤਤਾ ਨੂੰ ਤਾਂ ਪ੍ਰਗਟ ਕਰ ਹੀ ਰਹੀ ਸੀ, ਨਾਲ ਹੀ ਵਿਘਨੇਸ਼ ਨੂੰ ਮੰਗਲੇਸ਼ ਬਣਾਉਣ ਦੀ ਉਨ੍ਹਾਂ ਦੀ ਹਿੰਮਤ ਅਤੇ ਪ੍ਰਬੀਨਤਾ ਨੂੰ ਵੀ ਪ੍ਰਗਟ ਕਰ ਰਹੀ ਸੀ, ਜਿਸਦੀ ਅਣਹੋਂਦ ਸਾਡੀਆਂ ਅਜੋਕੀਆਂ ਅਨੇਕ ਸਮੱਸਿਆਵਾਂ ਦੀ ਰੇਹ ਅਤੇ ਪਾਣੀ ਹੈ।

ਭਾਰਤੀ ਦੇਵ-ਸਮਾਜ ਵਿਚ ਅਜਿਹੇ ਮਨੋਰੰਜਨਿਕ ਪਰ ਤੇਜਸਵੀ ਅਤੇ ਲੋਕਾਂ ਦਾ ਵਿਸ਼ਵਾਸ ਜਿੱਤਣ ਵਾਲੇ ਦੇਵਤਿਆਂ ਦੀ ਘਾਟ ਨਹੀਂ ਹੈ। ਇਥੇ ਤਾਂ ਯਮ ਨੂੰ ਵੀ ਧਰਮਰਾਜ ਬਣਾਉਣ ਦੀ ਸ਼ਕਤੀ ਮਨੁੱਖ ਜਾਤਿ ਦੀ ਸਿਮਰਤੀ ਦੇ ਆਦਿ ਕਾਲ ਵਿਚ ਦੇਖਣ ਨੂੰ ਮਿਲਦੀ ਹੈ।

ਸੱਚ ਕਹੀਏ ਤਾਂ ਇੰਨੇ ਸਾਰੇ ਦੇਵਤਿਆਂ ਨੂੰ ਘੜਨ ਪਿਛੇ ਵੀ ਸਮਾਜ ਦੀ ਵਿਨੋਦੀ ਬਿਰਤੀ ਹੀ ਕੰਮ ਕਰ ਰਹੀ ਸੀ। ਪਰਮ-ਤੱਤ ਇਕ ਹੋਇਆ ਕਰੇ, ਉਸ ਦੀ ਛਾਇਆ

ਸਭ ਪਾਸੇ ਵਿਆਪਤ ਹੋਵੇ, ਜੇ ਉਸਨੂੰ ਕੇਵਲ ਇਕ ਹੀ ਰੂਪ ਵਿਚ ਕਲਪਿਤ ਕੀਤਾ ਗਿਆ, ਤਾਂ ਉਹ ਕਲਪਨਾ ਜਿੰਨੀ ਵੀ ਪਵਿੱਤਰ, ਸ੍ਰੇਸ਼ਠ, ਮੂਰਤ ਜਾਂ ਅਮੂਰਤ ਕਿਉਂ ਨਾ ਹੋਵੇ, ਇਸਦੀ ਇਕਰੂਪਤਾ ਅਤੇ ਇਕਰਸਤਾ ਉਸਨੂੰ ਇਕ ਬੋਝ ਜਿਹਾ ਬਣਾ ਕੇ ਰਖ ਦੇਵੇਗੀ। ਉਹ ਜੀਵਨ ਵਿਰੋਧੀ ਹੋ ਕੇ ਰਹਿ ਜਾਵੇਗਾ। ਅਤੇ ਫਿਰ ਜਦੋਂ ਉਹੀ ਆਪਣੀ ਇਕਰੂਪਤਾ ਤੋਂ ਉਕਤਾ ਕੇ ਏਨੇ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੋਣ ਤੋਂ ਜਾਂ ਏਨੀਆਂ ਵੱਖਰਤਾਵਾਂ ਨਾਲ ਭਰੀ ਸ੍ਰਿਸ਼ਟੀ ਨੂੰ ਰਚਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਤਾਂ ਅਸੀਂ ਕਿਸੇ ਇਕ ਰੂਪ ਵਿਚ ਉਸਨੂੰ ਕਲਪਿਤ ਕਰਕੇ ਸੰਤੋਖ ਕਿਉਂ ਕਰ ਲਈਏ। ਇਸ ਲਈ ਹਰ ਕਵੀ ਆਪਣਾ ਇਕ ਦੇਵਤਾ ਘੜਦਾ ਹੋਇਆ ਭਗਤਾਂ ਦੀ ਭੀੜ ਵਿਚ ਆ ਰਿਹਾ ਸੀ ਅਤੇ ਇਸ ਤਰ੍ਹਾਂ ਭਗਤਾਂ ਦੀ ਭੀੜ ਦੇ ਬਰਾਬਰ ਦੇਵਤਿਆਂ ਦੀ ਭੀੜ ਵੀ ਲਗਦੀ ਜਾ ਰਹੀ ਹੈ। ਆਦਮੀ ਤਾਂ ਆਪਣੇ ਵਿਚਾਰ, ਵਿਵਹਾਰ, ਰੂਪ, ਰੰਗ, ਪਹਿਰਾਵੇ ਆਦਿ ਕਰ ਕੇ ਚਿਤਰ-ਵਿਚਿਤ੍ਰ ਹੈ ਹੀ, ਦੇਵਤੇ ਉਨ੍ਹਾਂ ਤੋਂ ਦੱਸ ਕਦਮ ਅੱਗੇ ਹਨ।

ਸਾਕਾਰ ਦੇ ਉਪਾਸਕਾਂ ਤੋਂ ਬ੍ਰਹਮਵਾਦੀ ਹੋਰ ਜਿਸ ਵੀ ਚੀਜ਼ ਵਿਚ ਪਿੱਛੇ ਰਹਿਣ, ਮਜ਼ਾਕ ਕਰਨ ਵਿਚ ਉਨ੍ਹਾਂ ਤੋਂ ਪਿੱਛੇ ਰਹਿ ਜਾਣਾ ਉਨ੍ਹਾਂ ਨੂੰ ਪਸੰਦ ਨਹੀਂ ਸੀ। ਜੇ ਮੂਰਤੀ-ਪੂਜਕਾਂ ਨੇ ਆਦਮੀ ਦਾ ਸਿਰ ਕਟ ਕੇ ਉਸ ਉਤੇ ਹਾਥੀ ਦਾ ਸਿਰ ਚਮੋੜ ਕੇ ਗਣੇਸ਼ ਵਰਗਾ ਦੇਵਤਾ ਘੜਿਆ ਅਤੇ ਉਸਦੀ ਧੌਣ ਉਤੇ ਇਕ ਵਾਰ ਲੱਦੇ ਹੋਏ ਸਿਰ ਨੂੰ ਫਿਰ ਵਖ ਕਰ ਹੀ ਨਹੀਂ ਸਕੇ, ਤਾਂ ਇਕ ਮੌਜੀ ਬ੍ਰਹਮਵਾਦੀ ਨੇ ਆਦਮੀ ਦੇ ਸਿਰ ਤੇ ਘੋੜੇ ਦਾ ਸਿਰ ਲਗਾ ਕੇ ਬਦਲਾ ਲੈ ਲਿਆ ਅਤੇ ਫਿਰ ਉਸ ਨਾਲ ਪ੍ਰਵਚਨ ਕਰਾ ਕੇ ਆਪਣੀ ਸ਼ਲਯ ਚਿਕਿਤਸਾ (Surgery) ਦੇ ਕਮਾਲ ਨਾਲ ਉਸ ਸਿਰ ਦੇ ਕੱਟ ਕੇ ਡਿਗਣ ਤੋਂ ਬਾਅਦ ਫਿਰ ਆਦਮੀ ਦਾ ਸਿਰ ਲਗਾ ਕੇ ਇਹ ਵੀ ਸਮਝਾ ਦਿੱਤਾ ਕਿ ਬ੍ਰਹਮਵਾਦੀ ਇਹ ਵੀ ਕਰ ਸਕਦਾ ਹੈ ਜਿਸਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ।

ਇਹ ਕਮਾਲ ਕਰਨ ਵਾਲਾ ਅਸ਼ਵਿਨੀ ਕੁਮਾਰਾਂ ਨੂੰ ਛੱਡ ਕੇ ਕੋਈ ਦੂਜਾ ਨਹੀਂ ਹੋ ਸਕਦਾ, ਇਹ ਤਾਂ ਸਾਡੇ ਦੱਸੇ ਬਿਨਾਂ ਵੀ ਕੋਈ ਸਮਝ ਸਕਦਾ ਹੈ। ਸ਼ਲਯ ਇੰਜੀਨੀਅਰੀ ਦੇ ਪਹਿਲੇ ਆਚਾਰਯ ਇਹ ਅਸ਼ਵਿਨੀ ਕੁਮਾਰ ਹੀ ਹਨ। ਇਨ੍ਹਾਂ ਨੂੰ ਆਪਣੇ ਖੇਤਰ ਵਿਚ ਏਨਾ ਕਮਾਲ ਹਾਸਲ ਸੀ ਅਤੇ ਇਸ ਕਮਾਲ ਨੂੰ ਦਿਖਾਉਣ ਦਾ ਅਜਿਹਾ ਚਸਕਾ ਲਗ ਗਿਆ ਸੀ ਕਿ ਇਹ ਕੋਈ ਕੰਮ ਸਿੱਧਾ ਕਰਦੇ ਹੀ ਨਹੀਂ ਸਨ। ਜਦੋਂ ਅਸ਼ਵਿਨੀ ਕੁਮਾਰਾਂ ਨੂੰ ਲੋਹੇ ਦਾ ਨਾਂ ਵੀ ਪਤਾ ਨਹੀਂ ਸੀ ਅਤੇ ਵਿਸ਼ਪਲਾ ਮੰਜੀ ਉਤੇ ਟੰਗੀ ਕਹਾਉਂਦੀ ਹੋਈ, ਆਪਣੀ ਉਹ ਟੁੱਟੀ ਲੱਤ ਲੈ ਕੇ ਪਹੁੰਚੀ ਜਿਸਦੀ ਹੱਡੀ ਟੋਟੇ-ਟੋਟੇ ਹੋ ਗਈ ਸੀ, ਉਸ ਵੇਲੇ ਹੀ ਦੋਹਾਂ ਭਰਾਵਾਂ ਨੇ ਮਿਲ ਕੇ ਉਸਦੀ ਲੱਤ ਵਿਚ ਧਾਤ ਦੀ ਟੰਗ ਲਗਾ ਦਿੱਤੀ। ਮੌਤ ਤੋਂ ਇਨ੍ਹਾਂ ਨੂੰ ਡਰ ਨਹੀਂ ਲਗਦਾ ਸੀ। ਉਲਟਾ ਏਨੀ ਦੋਸਤੀ ਹੋ ਗਈ ਸੀ ਕਿ ਸੋਮ-ਰਸ ਵੀ ਪੀਣਾ ਹੁੰਦਾ ਤਾਂ ਯਮ ਦੇ ਨਾਲ ਪਿਪਲ ਦੇ ਬ੍ਰਿਛ ਉਤੇ ਅੱਡਾ ਜਮਾ ਕੇ ਬੈਠ ਜਾਂਦੇ ਅਤੇ ਪਿਆਲਿਆਂ ਦੀ ਲੈ-ਦੇ ਸ਼ੁਰੂ ਹੋ ਜਾਂਦੀ। ਪਿਤਾ ਚਵੱਨ ਨੂੰ, ਜਦੋਂ ਬੁਢਾਪੇ ਵਿਚ ਚਲਣ ਫਿਰਨ ਦੀ ਵੀ ਤਾਕਤ ਨਾ ਰਹਿ ਗਈ ਤਾਂ ਅਚਾਨਕ ਖ਼ਿਆਲ ਆਇਆ ਕਿ ਅਜੇ ਤਾਂ ਜੁਆਨੀ ਦੇ ਭੋਗਾਂ ਤੋਂ ਉਨ੍ਹਾਂ ਦਾ ਮਨ ਭਰਿਆ ਹੀ ਨਹੀਂ। ਭਰਾਵਾਂ ਨੇ ਕਿਹਾ, ਏਨੀ ਕੁ ਗੱਲ ਪਿਛੇ ਪਰੇਸ਼ਾਨ ਕਿਉਂ ਹੁੰਦੇ ਹੋ, ਪਿਤਾ ਜੀ। ਅਸੀਂ ਆਪ ਨੂੰ ਜੁਆਨ ਬਣਾ ਦਿੰਦੇ ਹਾਂ। ਅਤੇ

ਉਨ੍ਹਾਂ ਨੇ ਜੋ ਕੁਝ ਕੀਤਾ, ਉਸ ਕਾਰਣ ਲੋਕੀ ਅੱਖਾਂ ਅੱਡ ਅੱਡ ਕੇ ਉਸ ਬੁੱਢੇ ਦੀ ਜੁਆਨੀ ਨੂੰ ਦੇਖਦੇ ਰਹੇ ਅਤੇ ਜਿਸ ਯੁਗ ਵਿਚ ਇਹ ਘਟਨਾ ਹੋਈ ਸੀ ਉਸਦਾ ਜੋ ਵੀ ਨਾਂ ਹੋਵੇ, ਉਸ ਤੋਂ ਲੈ ਕੇ ਕਲਿਯੁਗ ਤਕ, ਚਵਨਪ੍ਰਾਸ਼ ਚੱਟ ਚੱਟ ਕੇ ਜਵਾਨ ਹੋਣ ਦੇ ਸੁਪਨੇ ਵੇਖਦੇ ਅਤੇ ਦੋਹਾਂ ਦੀ ਧੋਖੇਬਾਜ਼ੀ 'ਤੇ ਉਨ੍ਹਾਂ ਨੂੰ ਕੋਸਦੇ ਰਹੇ।

ਜਦੋਂ ਅਸ਼ਵਨੀ ਕੁਮਾਰਾਂ ਨੂੰ ਮਧੁ-ਵਿਦਿਆ (ਸੋਮਰਸ ਵਿਦਿਆ) ਪ੍ਰਤਿ ਜਿਗਿਆਸਾ ਪੈਦਾ ਹੋ ਗਈ ਤਾਂ ਕੁਝ ਬਖੇੜਾ ਤਾਂ ਹੋਣਾ ਹੀ ਸੀ। ਮਧੁਵਿਦਿਆ ਦਾ ਪੂਰੀ ਦੁਨੀਆ ਵਿਚ ਇਕ ਹੀ ਜਾਣੂ ਸੀ – ਦਧਯੰਗ ਆਥਰਵਣ। ਸੋਚੋ ਤਾਂ ਇਹ ਲਗੇਗਾ ਕਿ ਇਹ ਰਿਸ਼ੀ ਹੈ ਵੀ ਅਤੇ ਨਹੀਂ ਵੀ ਹੈ। ਦਧਯੰਗ ਵੀ ਕੋਈ ਨਾਂ ਹੋਇਆ। ਸੁਣਨ 'ਤੇ ਲਗਦਾ ਹੈ ਕਿ ਇਹ ਦਧਯਾ – ਸ਼ਿਰ ਸੋਮ ਜਾਂ ਦੇਵਪ੍ਰਿਯ ਮਧੁ ਦਾ ਹੀ ਮਾਨਵੀਕਰਣ ਹੈ ਅਤੇ ਇਸ ਸੋਮ ਦੇ ਤਿੰਨ ਪ੍ਰੇਮੀਆਂ ਇੰਦਰ, ਮਰੁਤਾਂ ਅਤੇ ਅਸ਼ਵਿਨੀ ਕੁਮਾਰਾਂ ਵਿਚੋਂ ਅਖੀਰਲੇ ਨੂੰ ਇਸ ਵਿਦਿਆ ਦਾ ਗਿਆਨ ਪ੍ਰਾਪਤ ਕਰਨ ਲਈ ਸਿੱਧਾ ਸੋਮਦੇਵ ਦੇ ਕੋਲ ਪਹੁੰਚਾ ਦਿੱਤਾ ਗਿਆ ਹੈ। ਅਤੇ ਇਸ ਦਧਯੰਗ ਨੂੰ ਅਥਰਵ ਪਰੰਪਰਾ ਦਾ ਘੋਸ਼ਿਤ ਕੀਤੇ ਬਿਨਾਂ ਤਾਂ ਕੋਈ ਚਾਰਾ ਹੀ ਨਹੀਂ ਸੀ। ਚਮਤਕਾਰ ਅਤੇ ਜਾਦੂ-ਟੂਣੇ ਦਾ ਇਕ ਹੀ ਤਾਂ ਵੇਦ ਹੈ; ਅਥਰਵਵੇਦ ਅਤੇ ਰਿਗਵੇਦ ਦੇ ਮੁੱਖ ਕਵੀਆਂ ਨੇ ਵੀ ਇਸਦੇ ਰਚਨਾਕਾਰ ਅਥਰਵਾਂਗਿਰਸ ਦੀ ਚਮਤਕਾਰੀ ਸ਼ਕਤੀ ਦਾ ਲੋਹਾ ਮੰਨਿਆ ਹੀ ਹੈ।

ਪਰ ਇਸ ਤਰ੍ਹਾਂ ਸ਼ੱਕ ਕਰਨ ਲਗੇ ਤਾਂ ਕਹਾਣੀ ਦੀ ਲੱਤ ਟੁੱਟ ਜਾਵੇਗੀ। ਇਸ ਲਈ ਸਭ ਕੁਝ ਭੁਲਾ ਕੇ ਪਹਿਲਾਂ ਕਹਾਣੀ ਸੁਣੋ।

ਹੋਇਆ ਇਹ ਕਿ ਅਸ਼ਵਿਨੀ ਕੁਮਾਰਾਂ ਦੇ ਮਨ ਵਿਚ ਆਇਆ ਕਿ ਉਹ ਮਧੁ-ਵਿਦਿਆ ਦਾ ਗਿਆਨ ਪ੍ਰਾਪਤ ਕਰਨ। ਗੱਲ ਇਹ ਹੈ ਕਿ ਜਿਸ ਅਮਰਤਾ ਦੇ ਉਪਦੇਸ਼ ਦਾ ਅਨੁਰੋਧ (ਬੇਨਤੀ) ਮੈਤ੍ਰੇਈ ਨੇ ਯਾਗਵਲਕਯ ਨੂੰ ਕੀਤਾ ਸੀ ਉਹ ਇਹ ਮਧੁ-ਵਿਦਿਆ ਹੀ ਹੈ। ਇਹ ਮਧੁ ਹੀ ਅਮ੍ਰਿਤ ਹੈ, ਇਹ ਗੱਲ ਤਾਂ ਵੇਦਾਂ ਨੇ ਵੀ ਮੰਨੀ ਹੈ। ਸੰਭਵ ਹੈ ਇਸੇ ਦੇ ਗਿਆਨ ਮਗਰੋਂ ਅਸ਼ਵਿਨੀ ਕੁਮਾਰ ਮੌਤ ਨਾਲ ਖੇਡਣ ਲਗੇ ਹੋਣ ਅਤੇ ਇਸੇ ਕਾਰਣ ਉਨ੍ਹਾਂ ਨੂੰ ਮਧੁਪਾਨ ਦਾ ਸ਼ੌਕ ਹੋ ਗਿਆ ਹੋਵੇ। ਉਹ ਕਿਧਰੇ ਯਾਤਰਾ 'ਤੇ ਜਾਂਦੇ ਤਾਂ ਵੀ ਆਪਣੇ ਪੀਪੇ ਵਿਚ ਮਧੁ ਦਾ ਪੂਰਾ ਸਟਾਕ ਭਰ ਕੇ ਹੀ ਲੈ ਜਾਂਦੇ ਸਨ। ਤਾਂ ਅਸੀਂ ਮੰਨ ਸਕਦੇ ਹਾਂ ਕਿ ਇਹ ਉਸ ਵੇਲੇ ਦੀ ਘਟਨਾ ਹੈ ਜਦੋਂ ਅਸ਼ਵਿਨੀ ਕੁਮਾਰਾਂ ਨੇ ਉਨ੍ਹਾਂ ਦੇ ਹੈਰਾਨ ਕਰਨ ਵਾਲੇ ਕਾਰਨਾਮਿਆਂ ਕਾਰਣ ਅਜੇ ਪ੍ਰਸਿੱਧੀ ਨਹੀਂ ਮਿਲੀ ਸੀ ਅਤੇ ਲੋਕ ਉਨ੍ਹਾਂ ਨੂੰ ਮਾਮੂਲੀ ਅਸ਼ਵ-ਪਾਲਕ (ਸਾਈਸ) ਤੋਂ ਜ਼ਿਆਦਾ ਮਹੱਤਵ ਨਹੀਂ ਸਨ ਦਿੰਦੇ। ਇਹ ਗੱਲ ਤਾਂ ਤਾੜ-ਪੱਤਰ ਤੋਂ ਲੈ ਕੇ ਛਾਪੇ ਤਕ ਦੇ ਅੱਖਰਾਂ ਵਿਚ ਲਿਖੀ ਹੈ ਕਿ ਇਸ ਤੋਂ ਬਾਅਦ ਉਹ ਤਰ੍ਹਾਂ ਤਰ੍ਹਾਂ ਦੇ ਚਮਤਕਾਰ ਕਰਨ ਲਗੇ ਸਨ।

**ਤਤ ਵਾਂ ਨਰਾ ਸਨਯੇ ਦੰਸ ਉਗ੍ਰੰ ਆਵਿਸ਼ਕ੍ਰਿਣੋਮਿ ਤਨਯਤੁਰਨ ਨ ਵ੍ਰਿਸ਼ਟਮ।**
**ਦਧਯੰਗ ਹ ਯਤ ਮਧੁ ਆਥਰਵਣੋ ਵਾਂ ਅਸ਼ਵਸਯ ਸ਼ੀਰਸ਼ਣਾ ਪ੍ਰ ਯਦੀਂ ਉਵਾਚ।**

ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਅਸ਼ਵਿਨੀ ਕੁਮਾਰਾਂ ਨੇ ਇਹ ਕਮਾਲ ਮਧੁ-ਵਿਦਿਆ ਜਾਣਨ ਤੋਂ ਪਹਿਲਾਂ ਹੀ ਆਪਣਾ ਇਹ ਚਮਤਕਾਰ

ਗੁਰੂਦੇਵ ਨੂੰ ਦਿਖਾ ਦਿੱਤਾ ਸੀ ਜਾਂ ਆਪਣੇ ਮਾਤਾ-ਪਿਤਾ ਤੋਂ ਦੁਨੀਆ ਦਾ ਸਭ ਤੋਂ ਖ਼ਤਰਨਾਕ ਮਜ਼ਾਕ ਕਰਨ ਮਗਰੋਂ ਗੁਰੂ-ਰਿਣ ਤੋਂ ਮੁਕਤ ਹੋਣ ਦਾ ਵਿਚਾਰ ਕਰਕੇ ਘਰੋਂ ਨਿਕਲੇ ਸਨ।

ਅਸ਼ਵਿਨੀ ਕੁਮਾਰ ਜੁੜਵੇਂ ਭਰਾ ਸਨ ਜਾਂ ਨਹੀਂ, ਇਹ ਜਾਣਨ ਲਈ ਤਾਂ ਚਿਕਿਤਸਾ ਸ਼ਾਸਤ੍ਰ ਦਾ ਇਤਿਹਾਸ ਦੇਖਣਾ ਪਵੇਗਾ, ਪਰ ਇਹ ਸੱਚ ਹੈ ਕਿ ਦੋਵੇਂ ਭਰਾ ਇੱਕਲੇ ਨਾ ਤਾਂ ਕਿਧਰੇ ਜਾਂਦੇ ਸਨ, ਨਾ ਕੁਝ ਬੋਲਦੇ ਸਨ, ਨਾ ਖਾਂਦੇ-ਪੀਂਦੇ ਸਨ, ਨਾ ਹੀ ਕੋਈ ਹੋਰ ਕੰਮ ਕਰਦੇ ਸਨ। ਇਨ੍ਹਾਂ ਅਰਥਾਂ ਵਿਚ ਇਹ ਜੁੜਵੇਂ ਭਰਾਵਾਂ ਤੋਂ ਵੀ ਦੋ ਕਦਮ ਅੱਗੇ ਸਨ ਅਤੇ ਕੁਝ ਲੋਕ ਤਾਂ ਇਹ ਵੀ ਸੁਝਾ ਦਿੰਦੇ ਹਨ ਕਿ ਇਹ ਇਕ ਹੀ ਜੂਲੇ ਵਿਚ ਇਕੋ ਵੇਲੇ ਜੁੜਨ ਵਾਲੇ ਦੋ ਜੀਵ ਸਨ ਜਿਨ੍ਹਾਂ ਦਾ ਮਾਨਵੀਕਰਣ ਜਾਂ ਦੈਵੀਕਰਣ ਕਰ ਦਿੱਤਾ ਗਿਆ। ਆਖ਼ਿਰ ਅਸ਼ਵਿਨੀ ਜਾਂ ਘੋੜੀ ਦਾ ਪੁੱਤਰ ਕੋਈ ਆਦਮੀ ਤਾਂ ਹੋ ਨਹੀਂ ਸਕਦਾ। ਜੋ ਵੀ ਹੋਵੇ, ਜਦੋਂ ਇਕ ਦੇ ਮਨ ਵਿਚ ਵਿਚਾਰ ਆਇਆ ਤਾਂ ਦੂਜੇ ਦੇ ਮਨ ਵਿਚ ਵੀ ਵਿਚਾਰ ਆਇਆ ਕਿ ਸਾਰੀਆਂ ਵਿਦਿਆਵਾਂ ਵਿਚ ਉੱਚੀ ਵਿਦਿਆ ਮਧੁ-ਵਿਦਿਆ ਹੈ, ਅਤੇ ਇਸ ਦੇ ਜਾਣਕਾਰ ਦੁਨੀਆ ਵਿਚ ਇਕ ਆਥਰਵਣ ਦਧਯੰਗ ਹੀ ਹਨ। ਉਹ ਇਸ ਪ੍ਰਯੋਜਨ ਨਾਲ ਇਕ ਦੂਜੇ ਦਾ ਹੱਥ ਫੜ ਕੇ ਜਦੋਂ ਦਧਯੰਗ ਕੋਲ ਪਹੁੰਚ ਅਤੇ ਉਨ੍ਹਾਂ ਤੋਂ ਮਧੁ-ਵਿਦਿਆ ਦਾ ਗਿਆਨ ਪ੍ਰਾਪਤ ਕਰਨਾ ਚਾਹਿਆ ਤਾਂ ਰਿਸ਼ੀ ਬੜੇ ਸੰਕਟ ਵਿਚ ਪੈ ਗਏ। ਏਨੇ ਯੋਗ ਅਤੇ ਜਿਗਿਆਸੂ ਸ਼ਿਸ਼ਾਂ ਨੂੰ ਸਿੱਖਿਆ ਨਾ ਦੇਣਾ ਗਿਆਨ ਦਾ ਅਪਮਾਨ ਸੀ। ਪਰ ਮਧੁ ਦੇ ਅਦੁੱਤੀ ਸ਼ੌਕੀਨ ਇੰਦਰ ਨੇ ਪਾਬੰਦੀ ਲਗਾ ਰਖੀ ਸੀ ਕਿ ਇਸ ਵਿਦਿਆ ਦਾ ਗਿਆਨ ਜੇ ਤੂੰ ਕਿਸੇ ਹੋਰ ਨੂੰ ਦਿੱਤਾਂ ਤਾਂ ਮੈਂ ਤੇਰਾ ਸਿਰ ਕਟ ਕੇ ਸੁਟ ਦਿਆਂਗਾ। ਆਦਮੀ ਆਪਣੇ ਗੁਰੂਆਂ ਦਾ ਜਿਵੇਂ ਵੀ ਸਨਮਾਨ ਕਰਦਾ ਰਿਹਾ ਹੋਵੇ, ਦੇਵਤੇ ਲੋਕ ਸਨਮਾਨ ਅਤੇ ਧੌਂਸ ਦੋਹਾਂ ਤੋਂ ਕੰਮ ਲੈਂਦੇ ਰਹੇ।

ਇੰਦਰ ਆਪਣੇ ਲੋਭ, ਈਰਖਾ ਅਤੇ ਚਾਲਬਾਜ਼ੀ ਲਈ ਤਾਂ ਪ੍ਰਸਿੱਧ ਹੀ ਹਨ। ਐਸ਼ਵਰਜ ਦੇ ਚਾਹਵਾਨ ਲੋਕਾਂ ਵਿਚ ਇਹ ਕਮਜ਼ੋਰੀਆਂ ਕੁੱਟ ਕੁੱਟ ਕੇ ਭਰੀਆਂ ਹੁੰਦੀਆਂ ਹਨ, ਇਹ ਸਭ ਜਾਣਦੇ ਹੀ ਹਨ। ਜੋ ਨਾ ਜਾਣਦੇ ਹੋਣ, ਉਨ੍ਹਾਂ ਨੂੰ ਹੁਣ ਜਾਣ ਲੈਣਾ ਚਾਹੀਦਾ ਹੈ। ਪਰ ਇਹ ਵਿਦਿਆ ਵੀ ਏਨੀ ਗੂੜ੍ਹ ਹੈ ਕਿ ਇਸਦਾ ਗਿਆਨ ਸਾਰਿਆਂ ਨੂੰ ਹੋ ਜਾਵੇ ਤਾਂ ਅਨਰਥ ਹੋ ਜਾਵੇ। ਇਸ ਨੂੰ ਤ੍ਵਾਸ਼ਟ੍ਰ-ਵਿਦਿਆ ਜਾਂ ਸੂਰਜ-ਵਿਦਿਆ ਵੀ ਕਿਹਾ ਗਿਆ ਹੈ। ਜੇ ਇਸ ਦਾ ਗਿਆਨ ਆਸਾਨੀ ਨਾਲ ਹੋ ਜਾਵੇ ਤਾਂ ਇਸ ਦੀ ਮਹਿਮਾ ਘਟ ਜਾਵੇਗੀ। ਤੇ ਕੁਝ ਇੰਦਰ ਦੇ ਈਰਖਾਲੂ ਸੁਭਾ ਕਾਰਣ ਅਤੇ ਕੁਝ ਇਸ ਗਿਆਨ ਦੀ ਮਹਿਮਾ ਕਾਰਣ, ਇਸ ਦੇ ਪਸਾਰੇ 'ਤੇ ਰੋਕ ਤਾਂ ਲਗਣੀ ਹੀ ਚਾਹੀਦੀ ਸੀ। ਇੰਦਰ ਦੀ ਚਿੰਤਾ ਐਟਮੀ ਪਸਾਰੇ ਦੇ ਰੋਕਣ ਦੀ ਅਮਰੀਕੀ ਚਿੰਤਾ ਦਾ ਹੀ ਪੌਰਾਣਿਕ ਪੂਰਬ-ਅਭਿਆਸ ਸੀ।

ਆਥਰਵਣ ਦਧਯੰਗ ਜਿਨ੍ਹਾਂ ਦੇ ਨਾਮ ਤੋਂ ਕਈ ਮੌਕਿਆਂ 'ਤੇ ਕਈ ਤਰ੍ਹਾਂ ਦੇ ਭਾਵ ਪ੍ਰਗਟ ਹੁੰਦੇ ਹਨ ਅਤੇ ਦਧੀਚਿ ਤਕ ਦੀ ਯਾਦ ਆਉਣ ਲਗਦੀ ਹੈ, ਇੰਦਰ ਦੀ ਇਸ ਸ਼ਰਤ ਤੋਂ ਡਰੇ ਹੋਏ ਸਨ। ਇਸ ਲਈ ਜਦੋਂ ਦੋਹਾਂ ਭਰਾਵਾਂ ਨੇ ਬੇਨਤੀ ਕੀਤੀ ਤਾਂ ਪਹਿਲਾਂ ਉਨ੍ਹਾਂ ਨੇ ਕੁਝ ਨਾਂਹ-ਨੁੱਕਰ ਕੀਤੀ ਅਤੇ ਫਿਰ ਆਪਣੇ ਸੰਕਟ ਦੀ ਗੱਲ ਦੱਸੀ।

ਦੋਵੇਂ ਭਰਾ ਇਕੱਠੇ ਕਹਿਣ ਲਗੇ, ''ਜੇ ਫ਼ਿਕਰ ਏਨੀ ਕੁ ਗੱਲ ਕਰਕੇ ਹੈ ਤਾਂ ਆਪ ਇਸ ਬਾਰੇ ਨਿਸਚਿੰਤ ਰਹੋ। ਆਪ ਸਾਨੂੰ ਆਪਣਾ ਸ਼ਿਸ਼ ਬਣਾਉ। ਇਸ ਪਿਛੋਂ ਅਸੀਂ ਆਪ

ਦਾ ਸਿਰ ਕੱਟ ਕੇ ਕਿਧਰੇ ਛਿਪਾ ਦਿਆਂਗੇ ਅਤੇ ਘੋੜੇ ਦਾ ਸਿਰ ਕੱਟ ਕੇ ਆਪ ਦੀ ਧੌਣ 'ਤੇ ਲਗਾ ਦਿਆਂਗੇ। ਇਸੇ ਸਿਰ ਨਾਲ ਆਪ ਸਾਨੂੰ ਮਧੁ-ਵਿਦਿਆ ਦਾ ਗਿਆਨ ਦਿਉਗੇ। ਇਸ ਤੋਂ ਬਾਅਦ ਇੰਦਰ ਆਪ ਦੇ ਘੋੜੇ ਦੇ ਸਿਰ ਨੂੰ ਕੱਟ ਦੇਵੇਗਾ ਅਤੇ ਅਸੀਂ ਆਪ ਦਾ ਅਸਲੀ ਸਿਰ ਆਪ ਦੀ ਧੌਣ ਉਤੇ ਚਮੇੜ ਦਿਆਂਗੇ। ਜੇ ਅਸ਼ਵਿਨੀ ਕੁਮਾਰਾਂ ਨੇ ਇਸ ਗੱਲ ਉਤੇ ਗ਼ੌਰ ਕੀਤਾ ਹੁੰਦਾ ਕਿ ਦਿਮਾਗ਼ ਤਾਂ ਸਿਰ ਵਿਚ ਹੀ ਹੁੰਦਾ ਹੈ ਅਤੇ ਜੇ ਰਿਸ਼ੀ ਦਾ ਸਿਰ ਕੱਟ ਗਿਆ ਅਤੇ ਉਸ ਦੇ ਨਾਲ ਉਸਦਾ ਦਿਮਾਗ਼ ਵੀ ਅਲੱਗ ਹੋ ਗਿਆ ਤਾਂ ਘੋੜੇ ਦੇ ਸਿਰ ਵਿਚ ਛਿਪੇ, ਘੋੜੇ ਦੇ ਦਿਮਾਗ਼ ਤੋਂ ਮਿਲੇ ਉਪਦੇਸ਼ ਵਿਚ ਕੁਝ ਘੋੜਪੁਣਾ ਰਹਿ ਹੀ ਜਾਵੇਗਾ, ਤਾਂ ਉਨ੍ਹਾਂ ਨੇ ਇਸ ਪ੍ਰਸਤਾਵ ਉਤੇ ਪੁਨਰ-ਵਿਚਾਰ ਜ਼ਰੂਰ ਕੀਤਾ ਹੁੰਦਾ।

ਜੇ ਇਹ ਪ੍ਰਸਤਾਵ ਅੱਜ ਦੇ ਕਿਸੇ ਗੁਰੂ ਕੋਲ ਰਖਿਆ ਜਾਂਦਾ ਤਾਂ ਉਹ ਪ੍ਰਸਤਾਵ ਸੁਣ ਕੇ ਹੀ ਭੱਜ ਜਾਂਦਾ। ਅੱਜ ਦਾ ਕੋਈ ਚਿਕਿਤਸਕ ਤਾਂ ਇਸ ਕਪਾਲ-ਕ੍ਰਿਆ ਦਾ ਨਾਂ ਸੁਣ ਕੇ ਹੀ ਕੰਬਣ ਲਗ ਜਾਂਦਾ। ਪਰ ਉਹ ਜ਼ਮਾਨਾ ਕੁਝ ਹੋਰ ਸੀ। ਸਰਜਰੀ ਆਪਣੇ ਸਿਖਰ ਉਤੇ ਪਹੁੰਚੀ ਹੋਈ ਸੀ। ਇਸ ਲਈ ਲੋਕ ਗੱਲ ਗੱਲ 'ਤੇ ਸਿਰ ਕਟਵਾਉਣ ਅਤੇ ਫਿਰ ਜੁੜਵਾਉਣ ਲਈ ਤਿਆਰ ਹੋ ਜਾਂਦੇ ਸਨ।

ਰਿਸ਼ੀ ਦੇ ਮਨ ਵਿਚ ਹੋਰ ਕੋਈ ਲੋਭ ਆਇਆ ਹੋਵੇ ਜਾਂ ਨਾ ਪਰ ਇਹ ਲੋਭ ਤਾਂ ਆਇਆ ਹੀ ਹੋਵੇਗਾ ਕਿ ਚਲੋ ਇਸ ਬਹਾਨੇ ਗਿਆਨ ਦੀ ਇਸ ਸ਼ਾਖਾ 'ਤੇ ਅਤੇ ਭਾਸ਼ਣ ਦੀ ਆਜ਼ਾਦੀ 'ਤੇ ਜੋ ਰੋਕ ਇੰਦਰ ਨੇ ਲਗਾ ਰਖੀ ਹੈ, ਉਸ ਨੂੰ ਤੋੜਨ ਨਾਲ, ਬਾਅਦ ਲਈ ਇਕ ਮਿਸਾਲ ਕਾਇਮ ਹੋਵੇਗੀ। ਲੋਕ ਵਿਚਾਰਾਂ ਦੀ ਰਖਿਆ ਲਈ ਸਿਰ ਕਟਵਾਉਣ ਲਈ ਵੀ ਤਿਆਰ ਹੋ ਜਾਣਗੇ। ਫਿਰ ਏਨਾ ਵੱਡਾ ਪ੍ਰਯੋਗ ਮੇਰੇ ਉਤੇ ਕੀਤਾ ਜਾਵੇਗਾ, ਇਸ ਲਈ ਚਿਕਿਤਸਾ ਅਤੇ ਦਰਸ਼ਨ ਦੋਹਾਂ ਦੇ ਇਤਿਹਾਸ ਵਿਚ ਮੇਰਾ ਨਾਂ ਹੋ ਜਾਵੇਗਾ। ਚਿਕਿਤਸਾ ਸ਼ਾਸਤ੍ਰ ਦੇ ਇਤਿਹਾਸਕਾਰਾਂ ਨੂੰ ਦਧਯੰਗ ਨੇ ਜੋ ਆਸ ਬੰਨ੍ਹਾਈ ਹੋਵੇਗੀ, ਉਹ ਏਨੀ ਸੱਚ ਜਾਂ ਗ਼ਲਤ ਸਿੱਧ ਹੋਈ, ਇਸਦਾ ਨਿਰਣਾ ਤਾਂ ਚਿਕਿਤਸਾ-ਵਿਗਿਆਨੀ ਕਰਨ, ਪਰ ਦਰਸ਼ਨ ਦੇ ਖੇਤਰ ਵਿਚ ਤਾਂ ਉਨ੍ਹਾਂ ਨੂੰ ਕੁਝ ਸਮੇਂ ਲਈ ਪ੍ਰਸਿੱਧੀ ਮਿਲੀ ਕਿ ਅਨੇਕ ਲੋਕ ਆਪਣੇ ਆਪ ਨੂੰ ਤੱਤ-ਗਿਆਨੀ ਸਿੱਧ ਕਰਨ ਲਈ ਆਪਣਾ ਨਾਂ ਅਸ਼ਵਲ, ਅਸ਼ਵਲਾਯਨ, ਘੋਟਕਮੁਖ, ਅਸ਼ਵਮੁਖ, ਅਸ਼ਵਸ਼ੀਰਸ, ਅਸ਼ਵਘੋਸ਼ ਆਦਿ ਰਖ ਲੈਂਦੇ ਸਨ। ਨਾਂ ਦਾ ਪ੍ਰਭਾਵ ਕੁਝ ਅਜਿਹਾ ਸੀ ਕਿ ਇਨ੍ਹਾਂ ਵਿਚੋਂ ਕੁਝ ਸਮਝਦਾਰ ਵੀ ਨਿਕਲ ਆਉਂਦੇ ਸਨ। ਪਰ ਇਹ ਸਭ ਤਾਂ ਬਾਅਦ ਦੀ ਗੱਲ ਹੈ। ਹਾਲ ਦੀ ਘੜੀ ਤਾਂ ਏਨਾ ਹੀ ਕਾਫ਼ੀ ਹੈ ਕਿ ਦਧਯੰਗ ਇਸ ਗੱਲ ਤੇ ਰਾਜ਼ੀ ਹੋ ਗਏ, ਉਨ੍ਹਾਂ ਨੇ ਆਪਣਾ ਸਿਰ ਕਟਵਾ ਲਿਆ ਅਤੇ ਘੋੜੇ ਦਾ ਸਿਰ ਲਗਵਾ ਲਿਆ।

ਇਥੇ ਇਕ ਭੇਦ ਦੀ ਗੱਲ ਦੱਸਣੀ ਜ਼ਰੂਰੀ ਹੈ। ਆਦਮੀ ਦੀ ਗਰਦਨ ਤੇ ਘੋੜੇ ਦਾ ਸਿਰ ਜਿੰਨਾ ਵੀ ਬੇਤੁਕਾ ਲਗੇ, ਅਸ਼ਵਿਨੀ ਕੁਮਾਰ ਦੇ ਘੋੜੇ ਅਤੇ ਸਾਡੇ ਜਾਣੇ ਪਛਾਣੇ ਖੋਤੇ ਵਿਚ ਫ਼ਰਕ ਕੁਝ ਘੱਟ ਦਿਖਾਈ ਦਿੰਦਾ ਹੈ। ਕੁਝ ਸਿਰ ਫਿਰੇ **ਗਰਦਭ ਰਥੇਨ ਅਸ਼ਿਵਨੌ ਉਦਜਯਤਾਮ, ਤਤ ਅਸ਼ਿਵਨਾ ਉਦਜਯਤਾਂ ਰਾਮਭੇਨ**, ਆਦਿ, ਵੇਦਵਾਕਾਂ ਨੂੰ ਸੱਚ ਮੰਨ ਕੇ ਇਹ ਸਾਬਤ ਕਰਨ ਲਗਦੇ ਹਨ ਕਿ ਜਿਸ ਅਸ਼ਵਿਨੀ ਦਾ ਦੁੱਧ ਪੀ ਕੇ ਅਸ਼ਵਿਨੀ ਕੁਮਾਰਾਂ ਨੇ ਹੀਂਗਣ ਦੀ ਤਾਕਤ ਇਕੱਠੀ ਕੀਤੀ ਸੀ, ਉਹ ਖੋਤੀ ਹੀ ਸੀ ਜਿਸਦੇ ਸੁੰਦਰ

ਹੋਣ ਦਾ ਯਕੀਨ ਅਨੇਕਾਂ ਅਜਿਹੇ ਲੋਕਾਂ ਨੂੰ ਵੀ ਹੈ ਜਿਨ੍ਹਾਂ ਨੂੰ ਪਹਿਲੀ ਨਜ਼ਰ ਵਿਚ ਖੋਤਾ ਨਹੀਂ ਕਿਹਾ ਜਾ ਸਕਦਾ। ਇਸ ਲਈ ਅਸ਼ਵਿਨੀ ਕੁਮਾਰ ਸਾਡੇ ਜਾਣੇ ਪਛਾਣੇ ਅਸ਼ਵ ਦੇ ਵੱਡੇ ਭਰਾ 'ਗਰਦਭ' (ਖੋਤੇ) ਹੀ ਸਨ। ਜੇ ਇਹ ਸੱਚ ਹੈ ਤਾਂ ਰਿਸ਼ੀ ਦੇ ਸਿਰ ਤੇ ਉਨ੍ਹਾਂ ਦਾ ਸਿਰ ਹੀ ਰਖਿਆ ਗਿਆ ਹੋਵੇਗਾ। ਅਕਲ ਦੇ ਮਾਮਲੇ ਵਿਚ ਆਪਣੀ ਸਹਿਨਸ਼ੀਲਤਾ ਅਤੇ ਗਾਂਧੀਵਾਦੀ ਅਹਿੰਸਾਤਮਕ ਰੁਕਾਵਟ ਕਾਰਣ ਇਨ੍ਹਾਂ ਨੂੰ ਭਾਵੇਂ ਜਿੰਨਾ ਵੀ ਬਦਨਾਮ ਕਿਉਂ ਨਾ ਕੀਤਾ ਗਿਆ ਹੋਵੇ, ਇਕ ਜ਼ਮਾਨਾ ਸੀ ਜਦੋਂ ਇਹ ਆਪਣੀ ਪਿਠ 'ਤੇ ਵਪਾਰੀਆਂ ਦਾ ਮਾਲ ਉੱਚੇ ਨੀਵੇਂ ਰਸਤਿਆਂ ਤੋਂ ਸੰਭਲ ਕੇ ਚਲਣ ਦੀ ਆਪਣੀ ਯੋਗਤਾ ਕਰ ਕੇ ਇਨ੍ਹਾਂ ਨੂੰ ਦੂਜੇ ਸਾਰੇ ਜਾਨਵਰਾਂ ਤੋਂ ਅਕਲਮੰਦ ਵੀ ਮੰਨਿਆ ਜਾਂਦਾ ਸੀ। ਇਹ ਗੱਲ ਉਦੋਂ ਦੀ ਹੈ ਜਦੋਂ ਘੋੜੇ ਨੇ ਉਨ੍ਹਾਂ ਦੀ ਇਜ਼ਤ ਖ਼ਰਾਬ ਨਹੀਂ ਕੀਤੀ ਸੀ। ਪੱਕੇ ਘੋੜੇ ਦੇ ਆਉਣ ਮਗਰੋਂ ਵੀ ਉਨ੍ਹਾਂ ਦੀ ਇਜ਼ਤ ਏਨੀ ਨਹੀਂ ਘਟੀ ਸੀ ਕਿ ਕੋਈ ਰਿਸ਼ੀ ਆਪਣਾ ਨਾਂ ਗਰਦਭ-ਵਿਪੀਤ ਰਖ ਕੇ ਮਾਣ ਮਹਿਸੂਸ ਨਾ ਕਰਦਾ। ਅਸ਼ਵਿਨੀ ਕੁਮਾਰ ਨਾਂ ਤਾਂ ਅੱਜ ਵੀ ਲੋਕ ਬੜੀ ਸ਼ਾਨ ਨਾਲ ਰਖਦੇ ਹਨ। ਖਿਸਾਤੀ ਦਾ ਖੋਤਾ ਜਦ ਕੰਗਲੇ ਧੋਬੀ ਦਾ ਕਮਜ਼ੋਰ ਗੰਢਾਂ ਢੋਣ ਵਾਲਾ ਖੋਤਾ ਬਣ ਗਿਆ ਤਾਂ ਉਸਦੇ ਭੌਤਿਕ, ਨੈਤਿਕ ਅਤੇ ਆਤਮਿਕ ਪਤਨ ਦੇ ਨਾਲ ਹੀ ਉਸਦਾ ਬੌਧਿਕ ਪਤਨ ਵੀ ਹੋਣਾ ਹੀ ਸੀ। ਹੁਣ ਚੁਸਤ ਘੋੜੇ ਦੁਆਰਾ ਉਸ ਨੂੰ ਨਕਲੀ ਸਿੱਧ ਕੀਤੇ ਜਾ ਚੁੱਕੇ ਘੋੜੇ ਦੇ ਗੁਣਾਂ ਦਾ ਅਪਹਰਣ ਹੋਣ ਤੋਂ ਕੌਣ ਰੋਕ ਸਕਦਾ ਸੀ। ਜੋ ਵੀ ਹੋਵੇ, ਅਨੇਕ ਇਤਿਹਾਸਿਕ ਅਣਇਤਿਹਾਸਿਕ ਕਾਰਣਾਂ ਤੋਂ ਇਹ ਇਕ ਲਾਚਾਰੀ ਸੀ ਕਿ ਸਿਰ ਉਸ ਜਾਨਵਰ ਦਾ ਹੀ ਹੋ ਸਕਦਾ ਸੀ ਜਿਸਨੂੰ ਸਥੂਲ ਰੂਪ ਵਿਚ 'ਅਸ਼ਵ' ਅਤੇ ਸੂਖਮ ਰੂਪ ਵਿਚ 'ਅਨਸ਼ਵ' ਕਿਹਾ ਜਾ ਸਕਦਾ ਸੀ। ਕਾਰਣ, ਇਕ ਤਾਂ ਅਸ਼ਵਿਨੀ ਕੁਮਾਰ ਜਿਸ ਜਾਨਵਰ ਦੀ ਬਾਰੀਕ ਜਾਣਕਾਰੀ ਰਖਦੇ ਸਨ ਉਹ ਇਹੀ ਸੀ। ਦੂਜਾ ਅਸ਼ਵ-ਮੇਧ ਦੇ ਪ੍ਰਕਰਣਾਂ ਵਿਚ ਇਸ ਦੀ ਬੜੀ ਮਹਿਮਾ ਗਾਈ ਗਈ ਹੈ। ਉਲਟੀ ਸਮਝ ਵਾਲੇ ਕੁਝ ਲੋਕਾਂ ਅਨੁਸਾਰ ਅਸਬਾਬ ਢੋਣ ਕਾਰਣ ਇਸ ਦਾ ਇਕ ਸਮਾਨਾਰਥਕ ਸ਼ਬਦ 'ਵਹਿਨ' ਬਣ ਗਿਆ ਅਤੇ ਇਸੇ ਕਰ ਕੇ ਵਹਿਨ ਅਰਥਾਤ ਅਗਨੀ ਨਾਲ ਇਸਦਾ ਅਭੇਦ ਹੋ ਗਿਆ, ਜਿਸਦੇ ਸਬੂਤ ਵਜੋਂ ਉਹ **'ਅਗਿਨਃ ਵਾ ਅਸ਼ਵਃ**, ਆਦਿ ਦਾ ਹਵਾਲਾ ਦਿੰਦੇ ਹੋਇਆਂ ਸੂਰਜ ਨਾਲ ਇਸ ਦੀ ਸਮਾਨਤਾ ਸਥਾਪਿਤ ਕਰਨ ਲਈ ਸ਼ਾਸਤ੍ਰ-ਵਚਨ ਨੂੰ ਜ਼ਬਰਦਸਤੀ ਸ਼ਾਮਲ ਕਰਨ ਲਗਦੇ ਹਨ। ਉਨ੍ਹਾਂ ਦੇ ਕਹਿਣ ਤੇ ਨਾ ਤਾਂ ਵਿਸ਼ਵਾਸ ਕਰਨ ਨੂੰ ਜੀ ਕਰਦਾ ਹੈ, ਨਾ ਅਵਿਸ਼ਵਾਸ ਕਰਨ ਦਾ ਹੌਂਸਲਾ ਪੈਂਦਾ ਹੈ। ਉਨ੍ਹਾਂ ਦੇ ਤਰਕ ਤੋਂ ਸੂਰਜ ਜਾਂ ਤਵਸ਼ਟਾ ਸੰਬੰਧੀ ਇਸ ਮਧੁ ਵਿਦਿਆ ਦੇ ਲਈ ਅਸ਼ਵ ਦੇ ਸਿਰ ਤੋਂ ਜ਼ਿਆਦਾ ਠੀਕ ਦੂਜਾ ਸਿਰ ਹੋ ਹੀ ਨਹੀਂ ਸਕਦਾ ਸੀ। ਸੋਨੇ 'ਤੇ ਸੁਹਾਗਾ ਇਹ ਕਿ ਕੁਸ਼ੀਤਕ ਰਿਸ਼ੀ ਇਹ ਮੰਨਦੇ ਸਨ ਕਿ ਅਸ਼ਵ ਤਾਂ ਇੰਦਰ ਦਾ ਵੀ ਪ੍ਰਤਿਰੂਪ ਹੈ – **ਇੰਦ੍ਰੋਵਾ ਅਸ਼ਵਃ।** ਇਸ ਲਈ ਜੇ ਇੰਦਰ ਨੇ ਏਨੀ ਕਠੋਰ ਸ਼ਰਤ ਲਗਾਈ ਵੀ ਸੀ ਤਾਂ ਅਸ਼ਵਮੁਖ ਤੋਂ ਇਲਾਵਾ ਕੋਈ ਹੋਰ ਮੁਖ ਇਸ ਪ੍ਰਵਚਨ ਲਈ ਚੁਣਿਆ ਜਾਂਦਾ ਤਾਂ ਤਕਨੀਕੀ ਸੰਕਟ ਖੜ੍ਹਾ ਹੋ ਜਾਂਦਾ। ਜੇ ਇਸ 'ਤੇ ਵੀ ਸਾਡੀ ਆਤਮਾ ਵਿਚ ਕੋਈ ਪੁੱਛ ਬਣੀ ਰਹਿ ਗਈ ਹੋਵੇ ਤਾਂ ਇਹ ਜਾਣਨਾ ਹੋਰ ਵੀ ਉਪਯੋਗੀ ਹੋਵੇਗਾ ਕਿ ਜਿਸ ਅਸ਼ਵ ਦੀ ਤੁਲਨਾ ਸੂਰਜ ਨਾਲ ਵੇਦਾਂ ਵਿਚ ਵਾਰ ਵਾਰ ਕੀਤੀ ਗਈ ਹੈ, ਉਨ੍ਹਾਂ ਦਾ ਆਪਣਾ ਨਾਂ ਦਧਿਕਾ ਹੈ, ਜੋ ਦਧਯੰਗ ਨਾਲ ਬਹੁਤ ਮੇਲ

ਖਾਂਦਾ ਹੈ। ਸ਼ਬਦ ਵਲੋਂ ਵੀ ਅਤੇ ਰੂਪ ਵਜੋਂ ਵੀ। ਕਹਾਣੀ ਖਾਸੀ ਗੁੰਝਲਦਾਰ ਹੈ ਅਤੇ ਇਸ ਦਾ ਆਪਣਾ ਹੀ ਇਕ ਇਤਿਹਾਸ ਹੈ ਜਿਸ ਵਿਚ ਇਕ-ਇਕ ਸ਼ਬਦ ਦੀ ਚੋਣ ਕੁਝ ਸੋਚ ਸਮਝ ਕੇ ਕੀਤੀ ਗਈ ਹੈ।

ਦਧਯੰਗ ਨੇ ਅਸ਼ਵਿਨੀ-ਕੁਮਾਰਾਂ ਨੂੰ ਜੋ ਉਪਦੇਸ਼ ਦਿੱਤਾ ਉਹ ਇਸ ਪੂਰੇ ਰੂਪਕ ਦੀ ਤੁਲਨਾ ਵਿਚ ਕੁਝ ਘੱਟ ਔਖਾ ਸੀ। ਉਨ੍ਹਾਂ ਨੇ ਕਿਹਾ, ''ਪਰਮਾਤਮਾ ਨੇ ਪਹਿਲਾਂ ਦੋ ਪੈਰਾਂ ਵਾਲੇ ਜੀਵ ਬਣਾਏ ਅਤੇ ਫਿਰ ਚੌਪਾਏ ਬਣਾਏ। ਪਹਿਲਾਂ ਉਹ ਪਰਮਾਤਮਾ ਪੰਛੀ ਬਣ ਕੇ ਸਾਰੇ ਸਰੀਰਾਂ ਵਿਚ ਪ੍ਰਵੇਸ਼ ਕਰ ਗਿਆ। ਇਸ ਲਈ ਪਰਮਾਤਮਾ ਨੂੰ 'ਪੁਰਿਸ਼ਯਾ' ਜਾਂ ਕਾਇਆ ਵਿਚ ਟਿਕਣ ਵਾਲਾ ਅਰਥਾਤ ਪੁਰਸ਼ ਕਹਿੰਦੇ ਹਨ।'' ਜ਼ਾਹਿਰ ਹੈ ਕਿ ਇਹ ਇਕ ਖ਼ਾਸ ਤਰ੍ਹਾਂ ਦੀ ਵਿਉਤਪੱਤੀ ਸੀ ਜਿਸਦੀ ਚਰਚਾ ਉਪਨਿਸ਼ਦ ਕਾਲ ਤਕ ਕਾਫ਼ੀ ਚਲਦੀ ਰਹੀ ਸੀ।

ਇਥੇ ਆ ਕੇ ਅਸ਼ਵਿਨੀ-ਕੁਮਾਰਾਂ ਦੇ ਸਾਹਮਣੇ ਇਕ ਨਵੇਂ ਹੀ ਅਰਥ ਦੀ ਰੌਸ਼ਨੀ ਦਿਖਾਈ ਦਿੱਤੀ। ਉਹ ਹੱਸਣ ਲਗੇ।

ਰਿਸ਼ੀ ਨੇ ਪੁੱਛਿਆ, ''ਕੀ ਗੱਲ ਹੈ? ਹੱਸ ਕਿਉਂ ਰਹੇ ਹੋ? ਕੀ ਮੈਂ ਕੁਝ ਅਢੁੱਕਵਾਂ ਕਹਿ ਰਿਹਾ ਹਾਂ?''

ਦੇਸ਼ ਦੇਸਾਂਤਰ ਆਉਂਦੇ ਜਾਂਦੇ ਰਹਿਣ ਕਾਰਣ ਅਸ਼ਵਿਨੀ ਕੁਮਾਰਾਂ ਨੂੰ ਗੱਲ ਕਰਨ ਦਾ ਸ਼ਊਰ ਤਾਂ ਸੀ ਹੀ। ਤੁਰੰਤ ਜਵਾਬ ਦਿੱਤਾ, ''ਅਢੁੱਕਵਾਂ ਆਪ ਦੇ ਮੂੰਹੋਂ ਕਿਵੇਂ ਨਿਕਲ ਸਕਦਾ ਹੈ, ਆਚਾਰਯ। ਅਰਥ ਤਾਂ ਆਪ ਦੇ ਸ਼ਬਦਾਂ ਦੇ ਪਿਛੇ ਦੌੜਦਾ ਹੈ। ਆਪ ਵਿਚ ਤਾਂ ਦੈਵੀ 'ਵਾਕ' (ਬੋਲ) ਦਾ ਆਵੇਸ਼ ਹੈ। ਅਤੇ ਕਹਿੰਦੇ ਹਨ ਦੈਵੀ ਵਾਕ ਦਾ ਆਵੇਸ਼ ਹੋਣ 'ਤੇ ਮਨੁੱਖ ਦੇ ਮੂੰਹੋਂ ਜਿਹੜੀ ਗੱਲ ਵੀ ਨਿਕਲ ਜਾਵੇ, ਉਹ ਸੱਚ ਹੋ ਨਿਬੜਦੀ ਹੈ। ਉਨ੍ਹਾਂ ਨੇ ਦ੍ਰਿਸ਼ਟਾਂਤ ਵੀ ਦੇ ਦਿੱਤਾ – **ਸਾ ਵੈ ਦੈਵੀ ਵਾਕ ਯਯਾ ਯਤਤ ਯਤ ਏਵ ਵਦਤਿ ਤਤ ਭਵਤਿ।** ਜੇ ਆਪਦੇ ਕਥਨ ਵਿਚ ਕੁਝ ਅਢੁੱਕਵਾਂ ਆ ਵੀ ਜਾਵੇ ਤਾਂ ਉਹ ਵੀ ਆਪ ਦੇ ਮੂੰਹੋਂ ਨਿਕਲ ਜਾਣ ਤੋਂ ਬਾਅਦ ਸੱਚ ਬਣ ਕੇ ਰਹਿੰਦਾ ਹੈ। ਇਹੀ ਤਾਂ ਆਪ ਵਰਗਿਆਂ ਦਾ ਰਿਸ਼ੀਪੁਣਾ ਹੈ। ਮੈਂ ਤਾਂ ਇਸ ਗੱਲ ਤੇ ਹੱਸ ਰਿਹਾ ਸਾਂ ਕਿ ਅੱਜ ਤਕ ਜਦੋਂ ਸਰੀਰ ਨੂੰ ਪਿੰਜਰਾ ਕਿਹਾ ਜਾਂਦਾ ਸੀ, ਹੱਡੀਆਂ ਦੇ ਢਾਂਚੇ ਨੂ 'ਪੰਜਰ' ਕਿਹਾ ਜਾਂਦਾ ਸੀ ਅਤੇ ਮੌਤ ਹੋਣ ਵੇਲੇ ਪੰਛੀ ਦੇ ਉਡਣ ਦੀ ਗੱਲ ਕੀਤੀ ਜਾਂਦੀ ਸੀ, ਤਾਂ ਮੇਰੀ ਸਮਝ ਵਿਚ ਇਹ ਗੱਲ ਆਉਂਦੀ ਹੀ ਨਹੀਂ ਸੀ। ਆਪਦੇ ਪ੍ਰਵਚਨ ਨਾਲ ਉਹ ਧੁੰਧ ਵੀ ਹਟ ਗਈ ਹੈ।''

ਆਪਣੀ ਉਸਤਤ ਲਈ ਕਹੀ ਹੋਈ ਗੱਲ 'ਤੇ ਰਿਸ਼ੀ ਕੀ ਕਹਿੰਦੇ। ਉਹ ਅਗੇ ਵਧੇ, ''ਸੰਸਾਰ ਵਿਚ ਅਜਿਹਾ ਕੁਝ ਵੀ ਨਹੀਂ ਜਿਸ ਵਿਚ ਉਸ ਪੁਰਸ਼ ਦੀ ਹੋਂਦ ਜਾਂ ਵਿਆਪਤੀ ਨਾ ਹੋਵੇ – **ਸ ਵਾ ਅਯੰ ਪੁਰੁਸ਼ਃ ਸਰਵਾਂਸੁ ਪੁਰਸੁ ਪੁਰਿਸ਼ਯਃ। ਨ ਅਨੇਨ ਕਿੰਚਨ ਅਨਾਵ੍ਰਿਤੰ ਨ ਅਨੇਨ ਕਿੰਚਨ ਅਸੰਵ੍ਰਿਤਮ।''**

ਦਧਯੰਗ ਨੇ ਰੁਕ ਕੇ ਦੇਖਿਆ, 'ਕਿਧਰੇ ਇਹ ਦੋਵੇਂ ਫਿਰ ਕਿਸੇ ਦਿਸ਼ਾ ਵਿਚ ਭੁੱਲ ਤਾਂ ਨਹੀਂ ਗਏ ਅਤੇ ਉਨ੍ਹਾਂ ਨੂੰ ਇਹ ਦੇਖ ਕੇ ਸੰਤੋਸ਼ ਹੋਇਆ ਕਿ ਦੋਵੇਂ ਉਨ੍ਹਾਂ ਦੀ ਗੱਲ ਏਨਾ ਧਿਆਨ ਨਾਲ ਸੁਣ ਰਹੇ ਸਨ ਕਿ ਪਲਕਾਂ ਤਕ ਨਹੀਂ ਝਪਕਾ ਰਹੇ ਅਤੇ ਦੋਹਾਂ ਦੇ

ਸਿਰ ਇਕ ਦੂਜੇ ਨਾਲ ਜੁੜੇ ਹੋਏ ਹਨ। ਜੇ ਇਸ 'ਤੇ ਵੀ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹ ਸੌਂ ਨਹੀਂ ਰਹੇ ਸਨ, ਸਗੋਂ ਇਕਾਗਰ ਚਿੱਤ ਹੋ ਕੇ ਇਸ ਹਾਲਤ ਵਿਚ ਪਹੁੰਚ ਚੁੱਕੇ ਹਨ ਤਾਂ ਇਸ ਲਈ ਕਿ ਉਹ ਘੁਰਾੜੇ ਨਹੀਂ ਭਰ ਰਹੇ ਸਨ। ਉਹ ਨਿਸਚਿੰਤ ਹੋਏ ਅਤੇ ਅਗੇ ਕਹਿਣਾ ਸ਼ੁਰੂ ਕੀਤਾ, "ਵੇਦ ਵਿਚ ਜੋ ਕਿਹਾ ਗਿਆ ਹੈ – **ਰੂਪੰ — ਰੂਪੰ ਪ੍ਰਤਿਰੂਪੰ ਬਭੂਵ ਤਤ ਅਸਯ ਰੂਪੰ ਪ੍ਰਤਿਚਕਸ਼ਣਾਯ। ਇੰਦ੍ਰ: ਮਾਯਾਭਿ: ਪੁਰੁ ਰੂਪ ਈਯਤੇ ਯੁਕਤਾ ਹਿ ਅਸਯ ਹਰਯ: ਸਤਾ ਦਸ।** "ਉਹ ਇਸੇ ਕਰਕੇ ਕਿਹਾ ਗਿਆ ਹੈ। ਉਸ ਪਰਮ ਬ੍ਰਹਮ ਨੇ ਆਪਣੀ ਸ੍ਰਿਸ਼ਟੀ ਵਿਚ ਹੀ ਆਪਣੇ ਆਪ ਨੂੰ ਉਤਾਰ ਦਿੱਤਾ, ਉਸੇ ਦੇ ਭਿੰਨ ਭਿੰਨ ਰੂਪਾਂ ਅਤੇ ਆਕਾਰਾਂ ਵਿਚ ਬਦਲ ਗਿਆ। ਉਸੇ ਅਨੁਸਾਰ ਹੋ ਗਿਆ। ਇਹੀ ਉਸ ਦੀ ਮਾਇਆ ਦਾ ਪਰਦਾ ਹੈ, ਇਹੀ ਉਸਦਾ ਬਹੁਰੂਪੀ ਹੋਣਾ ਹੈ। ਇਹੀ ਉਹ ਅਨੇਕ ਨਾਵਾਂ ਅਤੇ ਰੂਪਾਂ ਅਤੇ ਉਪਾਧੀਆਂ ਸਹਿਤ ਹੋ ਜਾਂਦਾ ਹੈ। ਇਹ ਇੰਦਰੀਆਂ ਹੀ ਉਸਦੇ ਸਰੀਰ ਰੂਪੀ ਰਥ ਵਿਚ ਜੁੜੇ ਹੋਏ ਹਜ਼ਾਰ ਘੋੜੇ ਹਨ। ਪਰ ਇਥੇ ਦੱਸ ਕਹੋ ਜਾਂ ਦੱਸ ਹਜ਼ਾਰ ਕਹੋ ਜਾਂ ਅਨੰਤ ਕਹੋ, ਅਰਥ ਇਕ ਹੀ ਹੈ। ਇਥੇ ਸੰਖਿਆ ਦਾ ਆਪਣਾ ਕੋਈ ਅਰਥ ਨਹੀਂ ਰਹਿ ਜਾਂਦਾ – **ਅਯੰ ਵੈ ਦਸ਼ ਚ ਸਹਸ੍ਰਾਣਿ ਚ ਬਹੂਨਿ ਚ ਅਨੰਤਾਨਿ ਚ।**

ਇਸ ਵਿਚਿਤ੍ਰ ਅਧਿਆਤਮਿਕ ਗਣਿਤ ਦਾ ਕੁਝ ਅਜਿਹਾ ਅਸਰ ਹੋਇਆ ਕਿ ਦੋਹਾਂ ਭਰਾਵਾਂ ਨੇ ਗਰਦਨਾਂ ਨੂੰ ਝਟਕਾ ਦਿੱਤਾ ਤਾਂ ਸਿਰ ਵਖ-ਵਖ ਹੋ ਗਏ। ਉਹ ਅੱਖਾਂ ਟੱਡ ਰਹੇ ਸਨ। ਇਕੱਠਿਆਂ ਕਹਿਣ ਲਗੇ, "ਰਿਸ਼ੀਵਰ, ਇਸ ਨੂੰ ਫਿਰ ਤੋਂ ਸਮਝਾ ਦਿਉ।"

ਰਿਸ਼ੀ ਆਪਣੀ ਧੁਨ ਵਿਚ ਸਨ। ਉਨ੍ਹਾਂ ਨੇ ਜਿਵੇਂ ਕੁਝ ਸੁਣਿਆ ਹੀ ਨਾ ਹੋਵੇ, "ਤਾਂ ਇਹੀ ਹੈ ਉਸ ਦੀ ਅਨੰਤਤਾ। ਉਹ ਅਪੂਰਵ ਹੈ ਕਿਉਂਕਿ ਉਸ ਤੋਂ ਪਹਿਲਾਂ ਕੋਈ ਨਹੀਂ ਸੀ, ਕੁਝ ਨਹੀਂ ਸੀ। ਉਹ ਕੇਵਲ ਇਕ ਹੈ ਕਿਉਂਕਿ ਉਸ ਤੋਂ ਬਾਅਦ ਵੀ ਕੁਝ ਨਹੀਂ ਹੋਣਾ ਹੈ। ਉਹ ਅਨੰਤਰ ਹੈ ਕਿਉਂਕਿ ਇਸ ਦੇ ਅੰਦਰ ਵੀ ਕੁਝ ਹੋਰ ਨਹੀਂ ਹੈ। ਇਹ ਅਬਾਹਰ ਹੈ ਕਿਉਂਕਿ ਇਸਦੇ ਬਾਹਰ ਵੀ ਕੁਝ ਨਹੀਂ ਹੈ। ਇਸ ਲਈ ਇਹ ਆਤਮਾ ਹੀ ਸਭ ਦਾ ਅਨੁਭਵ ਕਰਨ ਵਾਲਾ ਬ੍ਰਹਮ ਹੈ। ਏਨਾ ਹੀ ਤੁਸੀਂ ਸਿਖਣਾ ਸੀ ਅਤੇ ਏਨਾ ਹੀ ਮੈਂ ਸਿਖਾਉਣਾ ਸੀ – **ਤਤ ਏਤਤ ਬ੍ਰਹਮ ਅਪੂਰਵੰ ਅਨਪਰੰ ਅਨੰਤਰੰ ਅਬਾਹਯੰ। ਆਤਮਾ ਬ੍ਰਹਮ ਸਰਵਾਨੁਭੂਤਿ:। ਇਤਿ ਅਨੁਸ਼ਾਸਨਮ।"**

ਅਤੇ ਇਹ ਹੈ ਦੁਨੀਆ ਦਾ ਸਭ ਤੋਂ ਵੱਡਾ ਮਜ਼ਾਕ। ਜੋ ਕੁਝ ਨਹੀਂ ਹੈ ਉਸੇ ਦਾ ਸਭ ਕੁਝ ਹੋ ਜਾਣਾ ਜਾਂ ਜੋ ਇਹ ਸਭ ਕੁਝ ਹੈ ਉਸਦਾ ਨਾ-ਕੁਝ ਵਿਚ ਬਦਲ ਜਾਣਾ। ਸੁੰਨ ਦਾ ਅਨੰਤ ਵਿਚ ਅਤੇ ਅਨੰਤ ਦਾ ਸੁੰਨ ਵਿਚ ਬਦਲ ਜਾਣਾ। ਸੰਭਵ ਹੈ ਇਹ ਮਜ਼ਾਕ ਨਾ ਵੀ ਹੋਵੇ। ਇਹੀ ਪਰਮ-ਸਤਿ ਹੋਵੇ। ਸੰਭਵ ਹੈ ਅਸੀਂ ਹੋਰ ਕਿਤੇ ਵੀ ਅਤੇ ਹੋਰ ਵਸਤੂਆਂ ਅਤੇ ਪ੍ਰਾਣੀਆਂ ਵਿਚ ਵੀ ਆਪਣੇ ਹੀ ਹੋਣ ਦੇ ਭਾਵ ਜਾਂ ਮਮਤਾ ਦੇ ਅਭਾਵ ਕਾਰਣ ਹੀ ਏਨਾ ਨਿਰਮੋਹੀ ਹੋ ਗਏ ਹੋਈਏ ਕਿ ਆਪਣੇ ਤੋਂ ਇਲਾਵਾ ਸਭ ਨੂੰ ਮਿਟਾਉਂਦੇ ਜਾ ਰਹੇ ਹੋਈਏ ਅਤੇ ਇਸੇ ਕ੍ਰਮ ਵਿਚ ਆਪਣੀ ਮੌਤ ਨੂੰ ਵੀ ਨੇੜੇ ਬੁਲਾਉਂਦੇ ਜਾ ਰਹੇ ਹੋਈਏ। ਦੁਨੀਆ ਦਾ ਸਭ ਤੋਂ ਵਿਸ਼ਾਲ ਜਾਨਵਰ ਡਾਇਨਾਸਰ ਆਪਣੇ ਭਾਰ ਨਾਲ ਮਰ ਗਿਆ ਸੀ ਅਤੇ ਦੁਨੀਆ ਦਾ ਸਭ ਤੋਂ ਚਲਾਕ ਜਾਨਵਰ ਮਮਤਾ ਦੇ ਅਭਾਵ ਵਿਚ ਆਪਣੀ ਅਕਲ ਦੇ ਭਾਰ ਨੂੰ ਸੰਭਾਲਣੋ ਅਸਮਰਥ ਸੀ। ਪਰ ਇਹ ਤੱਤ ਦੀਆਂ ਗੱਲਾਂ ਹਨ।

ਤੱਤ ਦੀਆਂ ਗੱਲਾਂ ਕਿੱਸਾਗੋ ਜਾਣਦਾ ਹੁੰਦਾ ਤਾਂ ਤੱਤ-ਦਰਸ਼ੀਆਂ ਦੀ ਕੀ ਲੋੜ ਸੀ। ਉਹ ਤਾਂ ਇਹੀ ਦੱਸ ਸਕਦਾ ਹੈ ਕਿ ਰਿਸ਼ੀ ਦਾ ਪ੍ਰਵਚਨ ਖ਼ਤਮ ਹੁੰਦੇ ਹੀ ਇੰਦਰ ਨੇ ਉਨ੍ਹਾਂ ਦਾ ਸਿਰ ਕੱਟ ਕੇ ਵਖ ਕਰ ਦਿੱਤਾ ਅਤੇ ਜਿਵੇਂ ਕਿ ਅਸੀਂ ਜਾਣ ਚੁਕੇ ਹਾਂ, ਅਸ਼ਵਿਨੀ ਕੁਮਾਰਾਂ ਨੇ ਇੰਦਰ ਨੂੰ ਬੁਧੂ ਬਣਾਉਂਦੇ ਹੋਏ ਰਿਸ਼ੀ ਦਾ ਸਿਰ ਰਿਸ਼ੀ ਦੀ ਗਰਦਨ ਉਤੇ ਜਮੋੜ ਦਿੱਤਾ।

ਜੇ ਉਪਦੇਸ਼ ਸੁਣਨ ਉਪਰੰਤ ਉਨ੍ਹਾਂ ਨੇ ਸੋਚ ਲਿਆ ਹੁੰਦਾ ਕਿ ਕੱਟਣ ਵਾਲਾ, ਕੱਟਿਆ ਜਾਣ ਵਾਲਾ, ਉਪਦੇਸ਼ ਦੇਣ ਵਾਲਾ ਅਤੇ ਸੁਣਨ ਵਾਲਾ ਇਕ ਅਤੇ ਅਦੁੱਤੀ ਹੈ ਅਤੇ ਇਸ ਲਈ ਜੇ ਸਿਰ ਕੱਟ ਹੀ ਗਿਆ ਤਾਂ ਕੀ ਮਾੜਾ ਹੋ ਗਿਆ, ਤਾਂ ਬੜਾ ਅਨਰਥ ਹੋ ਜਾਂਦਾ। ਚੰਗਾ ਹੀ ਹੋਇਆ ਕਿ ਇਸ ਵਿਚਾਲੇ ਉਨ੍ਹਾਂ ਨੂੰ ਝਪਕੀ ਆ ਗਈ ਸੀ ਅਤੇ ਉਨ੍ਹਾਂ ਦੇ ਦਿਮਾਗ਼ ਵਿਚ ਕੁਝ ਗੱਲਾਂ ਉਤਰੀਆਂ ਸਨ, ਕੁਝ ਉਤਰਨੋਂ ਰਹਿ ਗਈਆਂ ਸਨ।

ਦਧਯੰਗ ਨੇ ਅਸ਼ਵ-ਸਿਰ ਵਾਲੇ ਹੋ ਕੇ ਵੀ ਜੋ ਕੁਝ ਦੱਸਿਆ ਉਹ ਡਰਦੇ ਡਰਦੇ ਹੀ ਦੱਸਿਆ। ਕੁਝ ਤਾਂ ਅਜਿਹਾ ਸੀ ਹੀ ਜਿਸ ਨੂੰ ਉਹ ਲੁਕਾ ਗਏ। ਉਨ੍ਹਾਂ ਨੇ ਇਹ ਤਾਂ ਦੱਸਿਆ ਹੀ ਨਹੀਂ ਕਿ ਜਿਸ ਮਧੁ ਕਾਰਣ ਇਸ ਵਿਦਿਆ ਦਾ ਨਾਂ ਮਧੁ-ਵਿਦਿਆ ਪਿਆ ਸੀ, ਉਹ ਅਸਲੋਂ ਕੀ ਹੈ? ਅਜਿਹਾ ਲਗਦਾ ਹੈ ਕਿ ਇਸਦੀ ਕੁਝ ਜਾਣਕਾਰੀ ਕਿਸੇ ਹੋਰ ਨੂੰ ਸੀ ਅਤੇ ਉਸ ਤੋਂ ਦੂਜੇ ਲੋਕਾਂ ਨੇ ਹਾਸਲ ਕੀਤੀ। ਇਹ ਵੀ ਸੰਭਵ ਹੈ ਕਿ ਇਕ ਵਾਰ ਇਸ ਵਿਦਿਆ ਦਾ ਭੇਦ ਪਤਾ ਲਗ ਜਾਣ ਉਪਰੰਤ ਇਸ ਖੇਤਰ ਵਿਚ ਸੁਤੰਤਰ ਖੋਜ ਕਾਰਜ ਆਰੰਭ ਹੋ ਗਿਆ ਅਤੇ ਇਸਦੇ ਪ੍ਰਚਲਿਤ ਨਵੇਂ ਪੱਖ ਸਾਹਮਣੇ ਆ ਗਏ ਹੋਣ। ਜੇ ਮਧੁ-ਵਿਦਿਆ ਦੇ ਜਾਣਕਾਰਾਂ ਦੀ ਸੂਚੀ ਬਣਾਈ ਜਾਵੇ ਤਾਂ ਉਸਨੂੰ ਲਿਖਣ ਵਿਚ ਕਈ ਪੰਨੇ ਲਗ ਜਾਣਗੇ। ਆਖਿਰ ਪੌਤਿਮਾਸ਼ਯ, ਗੌਪਵਨ, ਕੌਸ਼ਿਕ, ਕੌਡਿੰਯ, ਸ਼ਾਂਡਿਲਯ, ਅਗਨਿਵੇਸ਼ਯ, ਆਨਭਿੰਲਾਤ, ਗੌਤਮ, ਸੈਤਵ, ਪ੍ਰਾਚੀਨਯੋਗਯ, ਭਾਰਦ੍ਵਾਜ, ਬੈਜਧਾਯਨ, ਕੌਸ਼ਿਕਯਨਿ, ਘ੍ਰਿਤਕੌਸ਼ਿਕ, ਪਰਾਸ਼ਰਯਾਯਣ, ਜਾਤੂਕਰਣਯ, ਪਾਰਾਸ਼ਰਯ, ਔਪਜੰਧਨਿ, ਆਸੁਰੀ, ਆਤ੍ਰੇਯ, ਮਾਂਟਿ, ਵਾਤਾਸਯ, ਕਾਪਯ, ਕੁਮਾਰਹਾਰਿਤ, ਗਾਲਵ, ਵਿਦਰਭੀ ਕੌਡਿੰਯ, ਵਤਸਨਪਾਤੁ, ਬਾਭ੍ਰਵ, ਪੰਥਾਸੌਰਭ, ਅਯਾਸਯ ਆਂਗਿਰਸ, ਆਭੂਤਿ, ਤਵਾਸ਼ਟ੍ਰ, ਵਿਸ਼ਵਰੂਪ ਤਵਾਸ਼ਟ੍ਰ, ਮ੍ਰਿਤੂ, ਪ੍ਰਾਧਵੰਸਨ, ਏਕਰਸ਼ਿ ਪ੍ਰਧਵੰਸਨ, ਵਿਪ੍ਰਚਿੱਤਿ, ਵਯਸ੍ਰਟਿ, ਸਨਾਰੂ, ਸਨਾਤਨ, ਆਦਿ ਵਿਗਿਆਨਿਕਾਂ ਨੇ ਕੁਝ ਤਾਂ ਨਵਾਂ ਖੋਜਿਆ ਜਾਂ ਜੋੜਿਆ ਹੀ ਹੋਵੇਗਾ। ਖ਼ੁਦ ਅਸ਼ਵਿਨੀ ਕੁਮਾਰ ਆਪਣਾ ਕੁਝ ਕਰਨ ਤੋਂ ਬਾਜ਼ ਆ ਹੀ ਨਹੀਂ ਸਕਦੇ ਸਨ। ਇਹ ਸੂਚੀ ਤਾਂ ਹੁਣ ਵੀ ਅਧੂਰੀ ਹੈ ਜਿਸ ਵਿਚ ਮਧੁਛੰਦਾ, ਵੈਸ਼ਵਾਮਿਤ੍ਰ ਵਰਗਿਆਂ ਦਾ ਨਾਂ ਹੀ ਨਹੀਂ ਆਇਆ ਜਦੋਂ ਕਿ ਉਨ੍ਹਾਂ ਨੂੰ ਮਧੁ-ਵਿਦਿਆ ਦਾ ਏਨਾ ਗਿਆਨ ਸੀ ਕਿ ਉਨ੍ਹਾਂ ਦਾ ਨਾਮ ਹੀ 'ਸ਼ਹਿਦ ਦਾ ਛੱਤਾ' ਰਖ ਦਿੱਤਾ ਗਿਆ।

ਸ਼ੁਰੂ ਕਿਤੋਂ ਵੀ ਕਰੀਏ ਅੰਤ ਇਸੇ ਗੱਲ ਤੇ ਹੋਵੇਗਾ ਕਿ ਮਧੁ-ਵਿਦਿਆ ਦਾ ਕੁਝ ਅਜਿਹਾ ਹਿੱਸਾ ਸੀ ਜਿਸਨੂੰ ਦਧਯੰਗ ਨੇ ਛਿਪਾ ਲਿਆ। ਉਨ੍ਹਾਂ ਨੇ ਇਹ ਦੱਸਿਆ ਹੀ ਨਹੀਂ ਕਿ ਇਸ ਸਾਰੇ ਸੰਸਾਰ ਵਿਚ ਕੁਝ ਵੀ ਸਥਾਈ ਨਹੀਂ ਹੈ, ਇਸ ਲਈ ਹਰ ਵਿਨਾਸ਼ਸ਼ੀਲ ਵਸਤੂ ਜਾਂ ਪ੍ਰਾਣੀ ਕਿਸੇ ਨਾ ਕਿਸੇ ਦਾ ਪ੍ਰਿਯ ਆਹਾਰ ਹੈ। ਅਤੇ ਸਮੁੱਚੀ ਸ੍ਰਿਸ਼ਟੀ ਦੀ ਇਕਾਤਮਕਤਾ ਦਾ ਇਹ ਵੀ ਇਕ ਪੱਖ ਹੈ। ਇਹ ਆਦਿਤਯ ਦੇਵਤਿਆਂ ਦਾ ਮਧੁ ਹੈ।

ਆਕਾਸ਼ ਲੋਕ ਉਹ ਬਾਂਸ ਹੈ ਜਿਸ ਤੇ ਇਹ ਲਟਕਿਆ ਹੋਇਆ ਹੈ। ਅੰਤਰਿਕਸ਼ (ਖਗੋਲ) ਛੱਤਾ ਹੈ ਅਤੇ ਕਿਰਨਾਂ ਹੀ ਸ਼ਹਿਦ ਦੀਆਂ ਮੱਖੀਆਂ। ਇਸ ਦੀ ਪੂਰਵ ਦਿਸ਼ਾ ਦੀਆਂ ਕਿਰਣਾਂ ਉਸ ਛੱਤੇ ਦੇ ਪੂਰਵ ਵਾਲੇ ਪਾਸੇ ਦੇ ਛੇਕ ਹਨ। ਵੇਦ-ਮੰਤ੍ਰ ਭੌਰੇ ਹਨ, ਰਿਗਵੇਦ ਫੁੱਲ ਹੈ, ਸਾਮ ਅੰਮ੍ਰਿਤ ਹੈ। ਮੰਤ੍ਰਾਂ ਨਾਲ ਹੀ ਰਿਗਵੇਦ ਪ੍ਰਦੀਪਤ ਹੁੰਦਾ ਹੈ ਅਤੇ ਇਸ ਪ੍ਰਦੀਪਤ ਰਿਗਵੇਦ ਤੋਂ ਹੀ ਯਸ਼, ਤੇਜ, ਵੀਰਜ ਅਤੇ ਅੰਨ ਖਾਣ ਵਾਲਾ ਰੂਪ ਰਸ ਪੈਦਾ ਹੋਇਆ ਹੈ। ਸਭ ਤੋਂ ਪਹਿਲਾਂ ਯਸ਼ ਜਾ ਕੇ ਸੂਰਜ ਦਾ ਲਾਲ ਰੂਪ ਬਣਿਆ ਅਤੇ ਇਸਨੇ ਇਸਦੇ ਪੂਰਬ ਭਾਗ ਵਿਚ ਆਸਰਾ ਲਿਆ।

ਇਸ ਆਦਿਤਯ ਦੇ ਦੱਖਣ ਵਾਲੇ ਪਾਸੇ ਦੀਆਂ ਕਿਰਣਾਂ ਇਸ ਦੇ ਦੱਖਣ ਵਲ ਦੇ ਮਧੁ-ਛੇਕ ਹਨ, ਯਜੁਰਵੇਦ ਦੀਆਂ ਸ੍ਰੁਤੀਆਂ ਭੌਰੇ ਹਨ ਅਤੇ ਯਜੁਰਵੇਦ ਫੁੱਲ। ਇਸ ਦਾ ਰਸ ਅੰਮ੍ਰਿਤ ਹੈ। ਇਸ ਨਾਲ ਹੀ ਯਸ਼, ਤੇਜ, ਇੰਦ੍ਰੀਆਂ, ਵੀਰਜ ਅਤੇ ਅੰਨ ਖਾਣ ਵਾਲਾ ਰੂਪ ਰਸ ਪੈਦਾ ਹੋਇਆ। ਇਸ ਰਸ ਨੇ ਆਦਿਤਰਯ ਦੇ ਦੱਖਣੀ ਭਾਗ ਵਿਚ ਆਸਰਾ ਲਿਆ ਅਤੇ ਇਹੀ ਸੂਰਜ ਦੀ ਸਫ਼ੈਦੀ ਹੈ।

ਇਸੇ ਤਰ੍ਹਾਂ ਪੱਛਮ ਵਾਲੇ ਪਾਸੇ ਦੀਆਂ ਕਿਰਨਾਂ ਪੱਛਮੀ ਮਧੁ-ਨਾੜੀਆਂ ਹਨ ਅਤੇ ਇਨ੍ਹਾਂ ਦੇ ਭੌਰੇ ਸਾਮਵੇਦ ਦੇ ਮੰਤ੍ਰ ਹਨ ਅਤੇ ਫੁੱਲ ਸਾਮਵੇਦ। ਇਨ੍ਹਾਂ ਤੋਂ ਪੈਦਾ ਹੋਇਆ ਸੋਮ ਆਦਿ ਇਸਦਾ ਰਸ ਹੈ। ਇਸ ਤੋਂ ਉਤਪੰਨ ਯਸ਼ ਨੇ ਸੂਰਜ ਵਿਚ ਪ੍ਰਵੇਸ਼ ਕਰਕੇ ਪੱਛਮ ਭਾਗ ਵਿਚ ਆਸਰਾ ਲਿਆ। ਇਹੀ ਸੂਰਜ ਦਾ ਕ੍ਰਿਸ਼ਣ (ਹਨ੍ਹੇਰਾ) ਰੂਪ ਹੈ। ਇਸੇ ਤਰ੍ਹਾਂ ਉਤਰ ਦਿਸ਼ਾ ਦੀਆਂ ਕਿਰਨਾਂ ਦਾ ਸੰਬੰਧ ਉਤਰ ਦੀਆ ਨਾੜੀਆਂ ਨਾਲ ਹੈ ਜਿਸ ਦੀਆਂ ਮਧੁ-ਮੱਖੀਆਂ ਅਥਰਵਰੇਦ ਦੀਆਂ ਸ੍ਰੁਤੀਆਂ ਹਨ ਅਤੇ ਫੁੱਲ ਹੈ ਇਤਿਹਾਸ ਅਤੇ ਪੁਰਾਣ। ਇਸਦੀ ਉਪਜ ਦਾ ਰਸ ਸੂਰਜ ਦੇ ਉਤਰ ਵਿਚ ਜਾ ਬਿਰਾਜਿਆ ਅਤੇ ਇਹੀ ਉਸ ਦਾ ਤਮਸ (ਕਾਲਾ) ਵਰਣ ਹੈ – **ਆਦਿਤਯਸਯ ਪਰੰ ਕ੍ਰਿਸ਼ਣੰ ਰੂਪੰ।**

ਉਪਰ ਵਲ ਉੱਠੀਆਂ ਕਿਰਨਾਂ ਉਪਰਲੀ ਦਿਸ਼ਾ ਦੀਆਂ ਮਧੁ-ਨਾੜੀਆਂ ਹਨ। ਗੁੱਝੇ ਆਦੇਸ਼ ਭੌਰੇ ਹਨ ਅਤੇ ਬ੍ਰਹਮ ਹੀ ਫੁੱਲ ਹੈ। ਇਨ੍ਹਾਂ ਦੇ ਉਤਪੰਨ ਰਸ ਨੇ ਉਪਰ ਆਸਰਾ ਲਿਆ ਹੈ। ਇਹੀ ਆਦਿਤਰਯ ਦੇ ਮੱਧ ਭਾਗ ਦਾ ਉਤੇਜਨ ਹੈ।

ਇਸ ਤਰ੍ਹਾਂ ਵਾਸਤਵਿਕ ਰਸ ਇਹ ਅਰੁਣ (ਲਾਲ), ਸੁਕਲ (ਸਫ਼ੈਦ), ਕ੍ਰਿਸ਼ਨ (ਕਾਲਾ), ਅਤਿ-ਕ੍ਰਿਸ਼ਨ (ਅਤਿ ਕਾਲਾ) ਅਤੇ ਉਤੇਜਿਤ ਰਸ ਹੈ। ਵੇਦ ਹੀ ਰਸ ਹੈ। ਇਹ ਹੀ ਅੰਮ੍ਰਿਤਾਂ ਦਾ ਅੰਮ੍ਰਿਤ ਹੈ।

ਇਸ ਦੇ ਪ੍ਰਥਮ ਰਸ ਜਾਂ ਅਰੁਣ ਅੰਮ੍ਰਿਤ ਤੋਂ ਵਸੁ ਆਦਿ ਅਗਨੀ-ਪ੍ਰਧਾਨ ਦੇਵਤੇ ਜੀਵਨ ਧਾਰਣ ਕਰਦੇ ਹਨ। ਉਹ ਨਾ ਖਾਂਦੇ ਹਨ, ਨਾ ਪੀਂਦੇ ਹਨ। ਇਸ ਅੰਮ੍ਰਿਤ ਨੂੰ ਦੇਖ ਕੇ ਹੀ ਤ੍ਰਿਪਤ ਹੋ ਜਾਂਦੇ ਹਨ। ਇਸ ਦੇ ਰੂਪ ਨੂੰ ਦੇਖ ਕੇ ਹੀ ਉਦਾਸ ਅਤੇ ਉਤਸਾਹਿਤ ਹੁੰਦੇ ਰਹਿੰਦੇ ਹਨ। ਇਸ ਅੰਮ੍ਰਿਤ ਰੂਪ ਨੂੰ ਜਾਣਨ ਵਾਲਾ ਵਸੂਆਂ ਨਾਲ ਇਕ-ਮਿਕ ਹੋ ਕੇ ਇਸ ਨੂੰ ਦੇਖ ਕੇ ਤ੍ਰਿਪਤ ਅਤੇ ਉਦਾਸ ਜਾਂ ਉਤਸਾਹਿਤ ਹੁੰਦਾ ਹੈ।

ਇਸ ਤਰ੍ਹਾਂ ਦੂਜੇ ਤੋਂ ਰੁਦਰ ਆਦਿ ਇੰਦਰ-ਪ੍ਰਧਾਨ ਦੇਵਤੇ ਪ੍ਰਗਟ ਹੋਏ ਅਤੇ ਉਹ ਵੀ ਖਾਣ ਪੀਣ ਦੇ ਝੰਜਟ ਤੋਂ ਮੁਕਤ ਹੋ ਕੇ ਇਸ ਨੂੰ ਦੇਖ ਕੇ ਹੀ ਤ੍ਰਿਪਤ ਹੋ ਜਾਂਦੇ ਹਨ

ਅਤੇ ਇਸ ਨੂੰ ਜਾਣਨ ਵਾਲੇ ਦੀ ਉਹੀ ਗਤੀ ਹੁੰਦੀ ਹੈ।

ਤੀਜੇ ਤੋਂ ਵਰੁਣ ਪ੍ਰਧਾਨ ਆਦਿਤਯ ਗਣ ਪੈਦਾ ਹੋ ਕੇ ਇਸਦੇ ਦਰਸ਼ਨ ਲਾਭ ਤੋਂ ਤ੍ਰਿਪਤ ਹੁੰਦੇ ਹਨ ਅਤੇ ਇਸਦੇ ਜਾਣਕਾਰ ਦੀ ਵੀ ਇਹੀ ਗਤੀ ਹੁੰਦੀ ਹੈ। ਚੌਥੇ ਤੋਂ ਮਾਰੁਤਾਂ ਦੀ ਉਤਪੱਤੀ ਹੁੰਦੀ ਹੈ। ਬਾਕੀ ਸਾਰੀਆਂ ਗੱਲਾਂ ਬਰਾਬਰ ਰਹਿੰਦੀਆਂ ਹਨ।

ਪੰਜਵੇਂ ਰਸ ਤੋਂ ਬ੍ਰਹਮਾ ਦੀ ਪ੍ਰਧਾਨਤਾ ਵਾਲੇ ਦੇਵਤੇ ਸਰੀਰ ਧਾਰਣ ਕਰਦੇ ਹਨ ਅਤੇ ਉਸੇ ਤਰ੍ਹਾਂ ਤ੍ਰਿਪਤੀ, ਉਦਾਸੀ ਅਤੇ ਉਤਸ਼ਾਹ ਪਾਉਂਦੇ ਹੋਏ ਇਸ ਰਸ ਦੇ ਜਾਣਕਾਰਾਂ ਲਈ ਆਪਣੀ ਗਤੀ ਪ੍ਰਦਾਨ ਕਰਦੇ ਹਨ। ਉਪਰ ਵੱਲ ਉਠ ਕੇ ਉਹ ਨਾ ਤਾਂ ਫਿਰ ਕਦੀ ਉਦੈ ਹੋਵੇਗਾ, ਨਾ ਛਿਪੇਗਾ ਅਤੇ ਇਸ ਦੀ ਗਤੀ ਪਾਉਣ ਵਾਲਾ ਬ੍ਰਹਮ ਦਾ ਅੰਸ਼ ਹੋ ਜਾਵੇਗਾ।

ਇਹ ਜੋ 'ਬ੍ਰਹਮ ਉਪਨਿਸ਼ਦ' ਹੈ ਇਸ ਦਾ ਗਿਆਨ ਬ੍ਰਹਮਾ ਨੇ ਵਿਰਾਟ ਪ੍ਰਜਾਪਤੀ ਨੂੰ ਦਿੱਤਾ। ਪ੍ਰਜਾਪਤੀ ਨੇ ਮਨੂ ਨੂੰ। ਮਨੂ ਨੇ ਪ੍ਰਜਾ ਲਈ ਇਸ ਨੂੰ ਕਿਹਾ ਅਤੇ ਆਪਣੇ ਜੇਠੇ ਪੁੱਤਰ ਆਰੁਣਿ ਉੱਦਾਲਕ ਨੂੰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਗਿਆਨ ਨੂੰ ਆਪਣੇ ਜੇਠੇ ਪੁੱਤਰ ਅਤੇ ਸੁਯੋਗ ਸ਼ਿਸ਼ ਨੂੰ ਛੱਡ ਕੇ ਹੋਰ ਕਿਸੇ ਨੂੰ ਨਾ ਦੱਸੇ। ਉਹ ਜੇ ਇਸ ਦੇ ਬਦਲੇ ਸਮੁੰਦਰਾਂ ਨਾਲ ਵਲਗੀ ਧਨ-ਅੰਨ ਨਾਲ ਭਰਪੂਰ, ਸਾਰੀ ਧਰਤੀ ਦੇਣ ਲਈ ਵੀ ਤਿਆਰ ਹੋ ਜਾਵੇ ਤਾਂ ਵੀ ਨਹੀਂ – **ਇਦੰ ਵਾਵ ਤਤ ਜੇਯਸ਼ਠਾਯ ਪੁਤ੍ਰਾਯ ਪਿਤਾ ਬ੍ਰਹਮ ਪ੍ਰਬ੍ਰੂਯਾਤ ਪ੍ਰਣਯਾਯ ਵਾ ਅੰਤੇਵਾਸਿਨੇ। ਨ ਅਨਯਸਮੈ ਕਸਮੈ ਚਨ ਯਦਿ ਅਪਿ ਅਸਮਾਂ ਇਮਾਂ ਅਦਭਿ: ਪਰਿਗ੍ਰਹੀਤਾਂ ਧਨਸਯ ਪੂਰਣਾਂ ਦਦਯਾਤ।**

ਸੋ ਇਸ ਬ੍ਰਹਮ-ਵਿਦਿਆ ਦਾ ਨਾਂ ਹੀ ਮਧੁ-ਵਿਦਿਆ ਹੈ ਅਤੇ ਇਹ ਸਾਰੇ ਵੇਦਾਂ ਦਾ ਸਾਰ-ਤੱਤ ਹੈ ਅਤੇ ਇਸ ਲਈ ਵੇਦਾਂ ਦੇ ਅਧਿਐਨ ਅਤੇ ਗਿਆਨ ਤੋਂ ਵੀ ਉਤੇ ਹੈ। ਜੋ ਇਸਨੂੰ ਜਾਣਦਾ ਹੈ ਉਸਨੂੰ ਇਹ ਕਹਾਣੀ ਇਥੇ ਹੀ ਸਮਾਪਤ ਮੰਨ ਲੈਣੀ ਪੈਂਦੀ ਹੈ।

ਪਰ ਮਧੁ-ਵਿਦਿਆ ਦਾ ਸਾਰ ਤਾਂ ਫਿਰ ਵੀ ਜਾਣਨ ਲਈ ਬਾਕੀ ਰਹਿ ਗਿਆ। ਇਸੇ ਨੂੰ ਆਰੁਣੀ ਨੇ ਆਪਣੇ ਪੁੱਤਰ ਨੂੰ ਸਮਝਾਇਆ ਸੀ।

# ਮੌਤ ਨੂੰ ਸਮਰਪਿਤ ਬਾਲਕ

ਯਮਰਾਜ ਤੋਂ ਸਾਰੇ ਡਰਦੇ ਹਨ ਪਰ ਉਸ ਦਿਨ ਯਮਰਾਜ ਇਕ ਬੱਚੇ ਤੋਂ ਡਰੇ ਹੋਏ ਸਨ। ਸਰੀਰ 'ਤੇ ਮੁੜਕਾ ਆ ਰਿਹਾ ਸੀ। ਇਹ ਅਭਿਮਾਨ ਕਿ ਉਹ ਸਾਰਿਆਂ ਤੋਂ ਸ੍ਰੇਸ਼ਠ ਹਨ, ਅਤੇ ਕਿਸੇ ਦੇ ਵੀ ਪ੍ਰਾਣ ਲੈ ਸਕਦੇ ਹਨ, ਗ਼ਾਇਬ।

ਉਨ੍ਹਾਂ ਨੂੰ ਮਰਨ ਦਾ ਡਰ ਨਹੀਂ ਸੀ। ਮਰ ਤਾਂ ਉਹ ਸਕਦੇ ਹੀ ਨਹੀਂ। ਉਹ ਤਾਂ ਕਾਲਦੇਵ ਹਨ। ਸਾਕਾਰ ਸਮਾਂ। ਉਨ੍ਹਾਂ ਅੰਦਰ ਸਾਰੀ ਸ੍ਰਿਸ਼ਟੀ ਸਮਾਈ ਹੋਈ ਹੈ। ਉਨ੍ਹਾਂ ਤੋਂ ਹੀ ਹਰ ਵਸਤੂ ਉਤਪੰਨ ਹੁੰਦੀ ਹੈ, ਵਿਕਸਿਤ ਹੁੰਦੀ ਹੈ। ਰੂਪ ਬਲਦੀ ਹੈ ਅਤੇ ਨਸ਼ਟ ਹੋ ਕੇ ਉਨ੍ਹਾਂ ਦੇ ਗਰਭ ਵਿਚ ਹੀ ਸਮਾ ਜਾਂਦੀ ਹੈ। ਉਨ੍ਹਾਂ ਦਾ ਰੂਪ ਵੀ ਕਿੰਨਾ ਵਿਚਿਤ੍ਰ ਹੈ। ਕਹਿਣ ਨੂੰ ਪੁਰਸ਼ ਅਤੇ ਚਾਹੋ ਤਾਂ ਨਾਰੀ ਵੀ ਕਹਿ ਲਓ। ਇਸੇ ਲਈ ਤਾਂ ਕੁਝ ਲੋਕ ਸਮੇਂ ਨੂੰ ਪੁਰਸ਼ ਦੇ ਰੂਪ ਵਿਚ ਨਹੀਂ, ਨਾਰੀ ਦੇ ਰੂਪ ਵਿਚ ਮਤ੍ਰਿਦੇਵੀ ਦੇ ਰੂਪ ਵਿਚ ਪੂਜਦੇ ਹਨ। ਕਾਲ ਦੀ ਥਾਂ 'ਤੇ ਕਾਲੀ ਵਿਚ ਬਦਲ ਲੈਂਦੇ ਹਨ। ਇਕ ਹੀ ਤਾਂ ਦੇਵਤਾ ਹੈ ਅਤੇ ਕਿੰਨੇ-ਕਿੰਨੇ ਰੂਪ ਧਰ ਲੈਂਦਾ ਹੈ – **ਏਕਃ ਸਤ੍ਰ ਵਿਪ੍ਰਾਃ ਬਹੁਧਾ ਵਦੰਤਿ।** ਤਾਂ ਉਹੀ ਦਿਨ ਹਨ, ਯਮ ਹਨ। ਉਹੀ ਪਹਿਰ ਹਨ, ਯਾਮ ਹਨ। ਉਹੀ ਰਾਤ ਹਨ, ਯਮੀ ਜਾਂ ਯਾਮਾ ਹਨ। ਵੈਦਿਕ ਕਵੀਆਂ ਨੂੰ ਦਿੱਲਗੀ ਸੁਝੀ ਤਾਂ ਕਿਹਾ ਯਮ ਯਮੀ ਕਾਲਦੇਵ ਦੇ ਅਰਧਨਾਰੀਸ੍ਵਰ ਰੂਪ ਦੇ ਦੋ ਪੱਖ, ਇਸਤਰੀ-ਪੁਰਸ਼ ਨਹੀਂ, ਸਗੋਂ ਭੈਣ-ਭਰਾ ਹਨ। ਇਕ ਹੀ ਸੂਰਜ ਤੋਂ ਤਾਂ ਦੋਵੇਂ ਉਤਪੰਨ ਹਨ ਅਤੇ ਇਕ ਦੂਜੇ ਦੇ ਪਿਛੇ ਇਸ ਤਰ੍ਹਾਂ ਪਏ ਹਨ ਜਿਵੇਂ ਇਕ ਕਾਮ-ਆਤੁਰ ਹੋ ਕੇ ਦੂਜੇ ਦਾ ਪਿਛਾ ਕਰ ਰਹੀ ਹੋਵੇ। ਭੈਣ ਭਰਾ ਨੂੰ ਸਹਿ-ਆਚਾਰ ਦੀ ਪ੍ਰਾਰਥਨਾ ਕਰ ਰਹੀ ਹੋਵੇ ਅਤੇ ਭਰਾ ਲੋਕ-ਨਿਯਮਾਂ ਦੀ ਅਵਗਿਆ ਦੇ ਡਰ ਤੋਂ ਲਗਾਤਾਰ ਮਨ੍ਹਾ ਕਰ ਰਿਹਾ ਹੋਵੇ। ਇਸਦਾ ਉਨ੍ਹਾਂ ਨੇ ਖੂਬ ਰਸ ਲਿਆ।

ਵਿਵਸਵਾਨ ਸੂਰਜ ਦੇ ਪੁੱਤਰ ਹਨ। ਅਤੇ ਇਕ ਤਰ੍ਹਾਂ ਆਪ ਸੂਰਜ ਵੀ। ਸੂਰਜ ਕੀ ਕਾਲ ਦੇ ਪ੍ਰਭਾਵ ਤੋਂ ਬਾਹਰ ਹੈ। ਆਦਿਤਰਯ ਹਨ ਉਹ। ਸਭ ਤੋਂ ਵੱਡੇ ਅੱਤਾ (ਖਾਣ ਵਾਲਾ)। ਸਭ ਤੋਂ ਭੁੱਖੇ। ਸਾਰਾ ਜਗਤ ਉਨ੍ਹਾਂ ਦਾ ਭੋਜਨ ਹੈ। ਉਹ ਏਨੇ ਭੁੱਖੜ ਹਨ ਕਿ ਸ਼ਬਦਾਂ ਨੂੰ ਵੀ ਖਾ ਜਾਂਦੇ ਹਨ। ਉਨ੍ਹਾਂ ਦੇ ਅਰਥਾਂ ਤਕ ਨੂੰ ਚਬਾ ਜਾਂਦੇ ਹਨ। ਹਰ ਵਸਤੂ ਨੂੰ। ਅਪਾਰ ਭੁੱਖ! ਇਕੋ ਵੇਲੇ ਸਾਰੇ ਬ੍ਰਹਿਮੰਡ ਨੂੰ ਨਿਗਲਣ ਲਈ ਜੁਟੇ ਹੋਏ ਹਨ ਅਤੇ ਅਨੰਤ ਕਾਲ ਤੋਂ ਇਹੀ ਕ੍ਰਮ ਚਲਿਆ ਆ ਰਿਹਾ ਹੈ ਪਰ ਭੁਖ ਸ਼ਾਂਤ ਹੋਣ 'ਤੇ ਹੀ ਨਹੀਂ ਆ ਰਹੀ। ਉਨ੍ਹਾਂ ਦੀ ਇਸ ਭੁੱਖ ਨੂੰ ਦੇਖ ਕੇ ਹੀ ਤਾਂ ਅਰਜੁਨ ਡਰ ਕੇ ਕੰਬਣ ਲਗੇ ਸਨ

**ਵਕਤ੍ਰਾਣਿ ਤੇ ਤਵਰਮਾਣਾ ਵਿਸ਼ੰਤਿ ਦੰਸ਼ਟ੍ਰਾਕਰਾਲਾਨਿ ਭਯਾਨਕਾਨਿ।**
**ਕੇਚਿਦਵਿਲਗਨਾ ਦਸ਼ਨਾਂਤਰੇਸ਼ੁ ਸੰਦ੍ਰਿਸ਼ਯੰਤੇ ਚੂਰਰਿਣਤੈ: ਉੱਤਮਾਂਗੈ:।**
**ਯਥਾ ਪ੍ਰਦੀਪਤੰ ਜਵਲਨੰ ਪਤੰਗਾ: ਵਿਸ਼ੰਤਿ ਨਾਸ਼ਾਯ ਸਮ੍ਰਿਦਧ ਵੇਗਾ:।**
**ਤਥੈਵ ਨਾਸ਼ਾਯ ਵਿਸ਼ੰਤਿ ਲੋਕਾ: ਤਵਾਪਿ ਵਕਤ੍ਰਾਣਿ ਸਮ੍ਰਿਦਧ ਵੇਗਾ:।**
**ਲੇਲਿਹਯਸੇ ਗ੍ਰਸਮਾਨ: ਸਮੰਤਾਤ ਲੋਕਾਨ ਸਮਗ੍ਰਾਨ ਵਦਨੈ: ਜ੍ਵਲਦਭਿ।**
**ਤੇਜੋਭਿਰਾਪੂਰਯ ਜਗਤਸਮਗ੍ਰੰ ਭਾਸਸਤਵੋਗ੍ਰਾ ਪ੍ਰਤਪੰਤਿ ਵਿਸ਼ਣੋ।**

ਉਨ੍ਹਾਂ ਨੂੰ ਮੌਤ ਦਾ ਕੀ ਡਰ? ਉਨ੍ਹਾਂ ਨੂੰ ਆਪਣੀ ਜਾਨ ਦਾ ਤਾਂ ਕੋਈ ਖ਼ਤਰਾ ਨਹੀਂ ਸੀ। ਹੋ ਹੀ ਨਹੀਂ ਸਕਦਾ ਸੀ। ਜਿਸ ਦਿਨ ਉਹ ਘੜੀ ਆਏਗੀ ਉਸ ਦਿਨ ਵੀ ਉਹ ਆਪਣੇ ਹੀ ਮਹਾਕਾਲ ਰੂਪ ਵਿਚ ਲੀਨ ਹੋ ਜਾਣਗੇ। ਪਰਲੋ ਆ ਜਾਏਗੀ। ਉਨ੍ਹਾਂ ਦੇ ਆਪਣੇ ਹੀ ਅਦ੍ਰਿਸ਼ ਮਹਾ ਕੜਾਹੇ ਵਿਚ ਸਭ ਕੁਝ ਮਿਲ ਕੇ ਇਕ-ਸਾਰ ਹੋ ਜਾਵੇਗਾ।

ਉਨ੍ਹਾਂ ਨੂੰ ਖ਼ਤਰਾ ਸੀ ਆਪਣੇ ਪੁੰਨਾਂ ਦੇ ਖ਼ਤਮ ਹੋਣ ਦਾ। ਇਹ ਪ੍ਰਾਣਾਂ ਦੇ ਜਾਣ ਤੋਂ ਵੱਡਾ ਖ਼ਤਰਾ ਹੈ। ਕੌਣ ਨਹੀਂ ਜਾਣਦਾ ਕਿ ਪੁੰਨ ਕਮਾਉਣ ਵਾਲਾ ਆਦਮੀ ਬੜਾ ਕਮਜ਼ੋਰ ਹੁੰਦਾ ਹੈ। ਉਹ ਡਰਦਾ ਬਹੁਤ ਆਸਾਨੀ ਨਾਲ ਹੈ। ਡਰਦਾ ਨਹੀਂ, ਡਰ ਵਿਚ ਹੀ ਜੀਉਂਦਾ ਹੈ। ਡਰ ਚਮੜੀ ਦੀ ਤਰ੍ਹਾਂ ਉਸਨੂੰ ਕੱਸ ਕੇ ਰਖਦਾ ਹੈ ਅਤੇ ਚਮੜੀ ਵਾਂਗ ਹੀ ਸੌਂਦਿਆਂ, ਬੈਠਦਿਆਂ, ਸੁਪਨੇ ਦੇਖਦਿਆਂ, ਹਰ ਵੇਲੇ ਉਸਦੇ ਨਾਲ ਰਹਿੰਦਾ ਹੈ। ਯਮਰਾਜ ਤਾਂ ਧਰਮ-ਰਾਜ ਹੈ। ਭਾਰਤੀ ਦੰਡ-ਸੰਹਿਤਾ ਸਹਿਤ ਸਾਰੇ ਯਮ-ਨਿਯਮ, ਸਾਰੇ ਕਾਨੂੰਨ, ਅਤੇ ਸਾਰੀਆਂ ਆਚਾਰ ਸੰਹਿਤਾਵਾਂ ਉਨ੍ਹਾਂ ਦੀ ਹੀ ਬੁੱਧੀ ਦੀਆਂ ਉਪਜ ਹਨ। ਉਨ੍ਹਾਂ ਦੇ ਬਣਾਏ ਅਤੇ ਉਨ੍ਹਾਂ ਦੀ ਪ੍ਰੇਰਣਾ ਨਾਲ ਬਣੇ ਨਿਯਮਾਂ ਦੇ ਉਲੰਘਣ ਦਾ ਹੀ ਨਾਂ ਤਾਂ ਪਾਪ ਅਤੇ ਅਪਰਾਧ ਹੈ। ਕਿਉਂਕਿ ਉਨ੍ਹਾਂ ਕੋਲ ਪੁੰਨਾਂ ਦੇ ਭੰਡਾਰ ਨੂੰ ਛੱਡ ਕੇ ਹੋਰ ਕੁਝ ਹੋ ਹੀ ਨਹੀਂ ਸਕਦਾ, ਇਸ ਲਈ ਬਾਹਰਲੀ ਸਾਰੀ ਬਹਾਦੁਰੀ ਦੇ ਬਾਵਜੂਦ ਉਹ ਅੰਦਰੋਂ ਬਹੁਤ ਡਰਨ ਵਾਲੇ ਦੇਵਤਾ ਹਨ।

ਯਮਰਾਜ ਦੇ ਡਰ ਦੀ ਵਜਾ ਇਹ ਸੀ ਕਿ ਇਹ ਬੱਚਾ ਕੋਈ ਸਾਧਾਰਣ ਬੱਚਾ ਨਹੀਂ ਸੀ। ਇਹ ਇਕ ਬ੍ਰਾਹਮਣ ਦਾ ਬੱਚਾ ਸੀ। ਉਹ ਤਿੰਨ ਦਿਨ ਪਹਿਲਾਂ ਉਨ੍ਹਾਂ ਦੇ ਘਰ ਮਹਿਮਾਨ ਬਣ ਕੇ ਆਇਆ ਸੀ। ਜਿਸ ਵੇਲੇ ਆਇਆ ਉਸ ਵੇਲੇ ਯਮਰਾਜ ਵਿਚਾਰੇ ਘਰ ਤੋਂ ਬਾਹਰ ਸਨ। ਘਰ ਵਿਚ ਹੁੰਦੇ ਤਾਂ ਉਸ ਦਾ ਠੀਕ ਤਰ੍ਹਾਂ ਸਵਾਗਤ ਸਤਿਕਾਰ ਕਰਦੇ। ਨਹੀਂ ਸਨ, ਇਸ ਲਈ ਇਹ ਕਮੀ ਰਹਿ ਗਈ ਸੀ।

ਉਂਜ ਦੇਖੀਏ ਤਾਂ ਕਮੀ ਨਹੀਂ ਰਹਿਣੀ ਚਾਹੀਦੀ ਸੀ। ਘਰ ਸੀ, ਤਾਂ ਘਰਵਾਲੀ ਵੀ ਉਥੇ ਹੋਵੇਗੀ। ਉਨ੍ਹਾਂ ਦਾ ਆਪਣਾ ਅਮਲਾ ਅਤੇ ਅਫ਼ਸਰ ਸਨ ਜੋ ਏਨੇ ਅਨੁਭਵੀ ਅਤੇ ਕੰਮ ਵਿਚ ਮਾਹਿਰ ਸਨ ਕਿ ਲੱਖਾਂ ਸਾਲਾਂ ਤੋਂ ਕੰਮ ਕਰਦੇ ਆ ਰਹੇ ਸਨ, ਪਰ ਨਾ ਤਾਂ ਉਨ੍ਹਾਂ ਨੂੰ ਸੇਵਾ-ਮੁਕਤ ਕੀਤਾ ਗਿਆ ਸੀ, ਨਾ ਹੀ ਉਨ੍ਹਾਂ ਦਾ ਵਿਭਾਗ ਬਦਲਿਆ ਸੀ। ਉਨ੍ਹਾਂ ਦੇ ਦੰਡ-ਧਾਰੀ (ਲੱਠ-ਮਾਰ) ਮਨ ਜੋ ਹੁਕਮ ਦੀ ਉਡੀਕ ਵਿਚ ਖੜ੍ਹੇ ਰਹਿੰਦੇ ਸਨ। ਉਨ੍ਹਾਂ ਦਾ ਆਪਣਾ ਆਪਣਾ ਲੇਖਾ-ਸਥਾਨ ਸੀ ਜਿਸਦੇ ਮੁੱਖ ਲੇਖਪਾਲ ਚਿਤ੍ਰਗੁਪਤ ਦੇ ਦਿਮਾਗ਼ ਵਿਚ ਏਨੇ ਸਾਰੇ ਸੁਪਰ-ਕੰਪੀਊਟਰ ਅਤੇ ਸੁਪਰ-ਸੈਂਸੇਟਿਵ ਕੈਮਰੇ ਫਿਟ ਸਨ ਕਿ ਉਹ ਇਕੋ ਵੇਲੇ ਅਸੰਖਾਂ ਪ੍ਰਾਣੀਆਂ ਦੇ ਇਕ ਇਕ ਕੰਮ ਦਾ, ਇਥੋਂ ਤਕ ਕਿ ਉਨ੍ਹਾਂ ਦੇ

ਛਿਪੇ ਇਰਾਦਿਆਂ ਅਤੇ ਸੋਚੇ ਹੋਏ ਵਿਚਾਰਾਂ ਦਾ ਵੀ ਹਿਸਾਬ ਰਖਦੇ ਸਨ, ਅਤੇ ਕਿਧਰੇ ਕੋਈ ਗ਼ਲਤੀ ਨਹੀਂ ਹੁੰਦੀ ਸੀ। ਪਰ ਚਿਤ੍ਰਗੁਪਤ ਮਹਾਰਾਜ ਨੇ ਸੁਪਰ-ਕੰਪੀਊਟਰ ਅਤੇ ਕੈਮਰਿਆਂ ਵਿਚ ਇਕ ਪੂਰੇ ਦੇ ਪੂਰੇ ਬੱਚੇ ਦੇ ਧਰਤੀ ਤੋਂ ਗਾਇਬ ਹੋਣ ਅਤੇ ਠੀਕ ਯਮਰਾਜ ਦੇ ਮਹੱਲ ਵਿਚ ਪਹੁੰਚ ਕੇ ਬਿਨਾਂ ਕੁਝ ਖਾਧੇ ਪੀਤੇ ਬੈਠੇ ਰਹਿ ਜਾਣ ਦੀ ਪਰਛਾਈ ਤਕ ਨਹੀਂ ਪਈ ਸੀ।

ਇਨ੍ਹਾਂ ਦੇ ਹੁੰਦੇ ਹੋਇਆਂ ਇਹ ਗ਼ਲਤੀ ਕਿਵੇਂ ਹੋ ਗਈ, ਇਹ ਪਤਾ ਨਹੀਂ ਲਗਦਾ? ਸੰਭਵ ਹੈ ਉਨ੍ਹਾਂ ਦੇ ਦੂਤ ਵੀ ਵਰਕ-ਟੂ-ਰੂਲ ਵਾਲੇ ਰਹੇ ਹੋਣ। ਸੇਵਾ ਦੀਆਂ ਸ਼ਰਤਾਂ ਵਿਚ ਜੋ ਕਾਰਜ ਦਰਜ ਨਹੀਂ, ਉਸ ਨੂੰ ਕਰਨ ਲਈ ਤਿਆਰ ਹੀ ਨਾ ਹੋਏ ਹੋਣ। ਆਖ਼ਿਰ ਦੂਤ ਨਿਆਂ ਅਤੇ ਨਿਯਮ ਦੇ ਮਹਾ ਪ੍ਰਸ਼ਾਸਕ ਯਮਰਾਜ ਦੇ ਜੋ ਸਨ। ਜ਼ਬਾਨ 'ਤੇ ਪੂਰੀ ਨਿਯਮਾਵਲੀ ਹਾਜ਼ਰ। ਹੜਤਾਲ 'ਤੇ ਵੀ ਹੋ ਸਕਦੇ ਹਨ, ਨਹੀਂ ਤਾਂ ਯਮਰਾਜ ਦੇ ਮਹੱਲ ਵਿਚ ਅਣ-ਅਧਿਕਾਰ ਪ੍ਰਵੇਸ਼ ਦੇ ਅਪਰਾਧ ਵਿਚ ਬੱਚੇ ਨੂੰ ਜ਼ੁਲਮਖਾਨੇ ਵਿਚ ਨਹੀਂ ਤਾਂ ਸੁਧਾਰ-ਘਰ ਵਿਚ ਤਾਂ ਸੁਟ ਹੀ ਚੁਕੇ ਹੁੰਦੇ। ਹੋਇਆ ਭਾਵੇਂ ਕੁਝ ਵੀ ਹੋਵੇ, ਪਰ ਏਨੇ ਨਿਸਚਿਤ ਹੈ ਕਿ ਉਸ ਬੱਚੇ ਨੇ ਨਾ ਤਾਂ ਖਾਣਾ ਖਾਇਆ, ਨਾ ਹੀ ਪਾਣੀ ਪੀਤਾ। ਉਹ ਬਿਨਾਂ ਅੱਖ ਝਮਕਾਏ, ਇਕ ਟਕ ਸਾਵਧਾਨੀ ਨਾਲ ਉਸ ਯਮਰਾਜ ਦਾ ਰਾਹ ਦੇਖਦਾ ਰਿਹਾ ਜੋ ਕਿੱਸਾਗੋ ਨੂੰ ਨਾ-ਮਾਲੂਮ ਕਾਰਣਾਂ ਕਰਕੇ, ਨਾਮਾਲੂਮ ਦਿਸ਼ਾ ਵਿਚ ਤਿੰਨ ਦਿਨਾਂ ਲਈ ਗਏ ਹੋਏ ਸਨ ਅਤੇ ਹੁਣ ਪਰਤੇ ਸਨ। ਗ਼ਲਤੀ ਸਮਝ ਵਿਚ ਆਉਣ ਤੋਂ ਬਾਅਦ ਉਹ ਬੱਚੇ ਦੇ ਸਾਹਮਣੇ ਹੱਥ ਜੋੜ ਕੇ, ਏਨੇ ਘਬਰਾਏ ਹੋਏ ਖੜ੍ਹੇ ਸਨ ਕਿ ਜੇ ਉਹ ਜਲਦ-ਬਾਜ਼ੀ ਵਿਚ ਬੋਲ ਪੈਂਦਾ, 'ਕੰਨ ਫੜੋ' ਤਾਂ ਉਹ ਕੰਨ ਵੀ ਫੜ ਲੈਂਦੇ।

ਇਹ ਤਾਂ ਸਾਰੀ ਦੁਨੀਆ ਜਾਣਦੀ ਹੈ ਕਿ ਬ੍ਰਾਹਮਣ ਕੋਈ ਸਾਧਾਰਣ ਚੀਜ਼ ਨਹੀਂ ਹੁੰਦਾ। ਉਤੋਂ ਜਦ ਕਿ ਮਹਿਮਾਨ ਬਣ ਕੇ ਆਇਆ ਹੋਇਆ। ਉਹ ਤਾਂ ਵੈਸ਼ਵਾਨਰ (ਅਗਨੀ) ਸਰੂਪ ਹੈ। ਸਾਖਿਆਤ ਅੱਗ। ਅੱਗ ਦੇ ਰੂਪ ਵਿਚ ਹੀ ਉਹ ਕਿਸੇ ਦੇ ਘਰ ਵਿਚ ਪ੍ਰਵੇਸ਼ ਕਰਦਾ ਹੈ। ਜਿਵੇਂ ਅੱਗ ਨੂੰ ਪਾਣੀ ਆਦਿ ਨਾਲ ਸ਼ਾਂਤ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਮਹਿਮਾਨ ਰੂਪ ਆਏ ਬ੍ਰਾਹਮਣ ਨੂੰ ਚਰਨ ਧੋਣ ਨਾਲ ਸ਼ਾਂਤ ਕਰਨਾ ਹੁੰਦਾ ਹੈ। ਸ਼ਾਂਤ ਨਾ ਕੀਤਾ ਗਿਆ ਤਾਂ ਉਹ ਗ੍ਰਹਸਥੀ ਦਾ ਸਤਿਆਨਾਸ਼ ਕਰ ਦਿੰਦਾ ਹੈ। ਯਮਰਾਜ ਨੇ ਆਪਣੇ ਆਪ ਨੂੰ ਕਿਹਾ, "ਵਿਵਸਵਾਨ, ਜੇ ਤੂੰ ਆਪਣੀ ਖ਼ੈਰ ਚਾਹੁੰਦਾ ਹੈ ਤਾਂ ਜਲਦੀ ਜਲਦੀ ਧੋਣ ਲਈ ਪਾਣੀ ਲਿਆ। ਕੁਰਲੀ ਕਰਾ। ਮਧੁਪਰਕ (ਦਹੀਂ, ਘੀ, ਸ਼ਹਿਦ, ਜਲ ਅਤੇ ਸ਼ਕਰ ਦਾ ਘੋਲ) ਹਾਜ਼ਰ ਕਰ। ਤੂੰ ਨਹੀਂ ਜਾਣਦਾ ਕਿ ਇਹ ਮਹਿਮਾਨ ਨਹੀਂ ਤੇਰੀ ਸ਼ਾਮਤ ਆ ਗਈ ਹੈ। **ਵੈਸ਼ਵਾਨਰਃ ਪ੍ਰਵਿਸ਼ਤਿਃ ਅਤਿਥਿਃ ਬ੍ਰਾਹਮਣੋ ਗ੍ਰਿਹਾਨ। ਤਸਯੈਤਾਂ ਸ਼ਾਂਤਿੰ ਕੁਰਵੰਤਿ ਹਰ ਵੈਵਸਵਤੋਦਕਮ।** ਬ੍ਰਾਹਮਣ ਤਾਂ ਇਕ ਰਾਤ ਵੀ ਕਿਸੇ ਦੇ ਘਰ ਵਿਚ ਬਿਨਾਂ ਭੋਜਨ ਦੇ ਰਹਿ ਜਾਵੇ ਤਾਂ ਉਸ ਅਭਾਗੇ ਦੀਆਂ ਪ੍ਰਾਪਤ ਅਤੇ ਇਛਿਤ ਵਸਤੂਆਂ, ਉਸ ਦੁਆਰਾ ਕੀਤੇ ਗਏ ਯੱਗਾਂ, ਲੋਕ ਉਪਕਾਰ ਦੇ ਕਾਰਜਾਂ ਤੋਂ ਕਮਾਏ ਸਾਰੇ ਪੁੰਨਾਂ ਅਤੇ ਫਲਾਂ ਨੂੰ, ਉਸਦੇ ਪੁੱਤਰ, ਉਸਦੀ ਪਤਨੀ, ਉਸਦੇ ਪਸ਼ੂ, ਬਾਗ਼-ਬਗ਼ੀਚੇ ਸਾਰਿਆਂ ਨੂੰ ਨਸ਼ਟ ਕਰ ਦਿੰਦਾ ਹੈ।

ਵਿਵਸਵਾਨ ਚਰਨ ਧੋਣ ਲਈ ਜਲ ਤਾਂ ਲੈ ਆਏ ਪਰ ਬਾਲਕ ਨੇ ਇਨਕਾਰ ਕਰ

ਦਿੱਤਾ। ਉਸਨੂੰ ਇਸ ਦੀ ਜ਼ਰੂਰਤ ਨਹੀਂ ਸੀ। ਉਸਦੀ ਪੀੜ ਉਸ ਦੀਆਂ ਅੱਖਾਂ ਤੋਂ ਪ੍ਰਗਟ ਹੋ ਰਹੀ ਸੀ। ਸੰਭਵ ਹੈ ਕਿਸੇ ਨੇ ਅਗਿਆਨ ਵਸ ਉਸਦਾ ਅਪਮਾਨ ਵੀ ਕਰ ਦਿੱਤਾ ਹੋਵੇ। ਜੋਤਸ਼ੀਆਂ ਵਾਂਗ ਯਮਰਾਜ ਦੀ ਵੀ ਇਹੀ ਕਮਜ਼ੋਰੀ ਸੀ ਕਿ ਜੇ ਮੁਸੀਬਤ ਕਿਸੇ ਦੂਜੇ ਤੇ ਆਈ ਹੋਵੇ ਤਾਂ ਉਹ ਕਿਸੇ ਦੇ ਮਨ ਦੀ ਗੱਲ ਜਾਣ ਸਕਦੇ ਸਨ, ਪਰ ਜੇ ਸ਼ਾਮਤ ਆਪਣੇ ਉਤੇ ਆਈ ਹੋਵੇ ਤਾਂ ਭੌਂਚਕੇ ਜਿਹੇ ਮੂੰਹ ਦੇਖਦੇ ਰਹਿ ਜਾਂਦੇ ਸਨ। ਜੇ ਅਜਿਹਾ ਨਾ ਹੁੰਦਾ ਤਾਂ ਉਨ੍ਹਾਂ ਨੇ ਉਸ ਦੇ ਅੰਤਹਕਰਣ ਵਿਚ ਪ੍ਰਵੇਸ਼ ਕਰਕੇ ਦੇਖ ਲਿਆ ਹੁੰਦਾ ਕਿ ਜਿਸ ਨੂੰ ਉਹ ਕ੍ਰੋਧ ਸਮਝ ਰਹੇ ਹਨ, ਉਹ ਆਤਮਗਿਲਾਨੀ ਹੈ। ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਕਿਸ ਉਪਾਉ ਨਾਲ ਇਸ ਬ੍ਰਾਹਮਣ ਬਾਲਕ ਨੂੰ ਪ੍ਰਸੰਨ ਕਰਨ।

ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, ''ਬਾਲ ਬ੍ਰਹਮਚਾਰੀ, ਆਪ ਕੌਣ ਹੋ?''

ਲੜਕੇ ਨੇ ਵਿਅੰਗ ਨਾਲ ਹੱਸਦੇ ਹੋਇਆਂ ਕਿਹਾ, ''ਕੀ ਇਹ ਵੀ ਦੱਸਣਾ ਪਵੇਗਾ।

ਲੜਕੇ ਨੇ ਤਾਂ ਇਹ ਸੋਚ ਕੇ ਕਿਹਾ ਸੀ ਕਿ ਆਪ ਯਮਰਾਜ ਹੋ। ਆਪ ਤੋਂ ਕੀ ਲੁਕਿਆ ਹੋਇਆ ਹੈ। ਆਪ ਤਾਂ ਸਭ ਕੁਝ ਜਾਣਦੇ ਹੋ। ਪਰ ਯਮਰਾਜ ਦਾ ਸ਼ੱਕ ਪੱਕਾ ਹੋ ਗਿਆ। ਸੋਚਿਆ, ਕੁਝ ਜ਼ਿਆਦਾ ਹੀ ਨਰਾਜ਼ ਹੋ ਗਿਆ ਹੈ, ਇਹ। ਕਹਿਣ ਲਗੇ, ''ਆਪ ਬ੍ਰਾਹਮਣ ਹੋ, ਇਹ ਤਾਂ ਪਤਾ ਲਗ ਹੀ ਰਿਹਾ ਹੈ। ਬ੍ਰਾਹਮਣ ਨੂੰ ਤਾਂ ਬ੍ਰਹਮਤੇਜ ਤੋਂ ਕੋਈ ਵੀ ਪਛਾਣ ਲੈਂਦਾ ਹੈ। ਆਪ ਬਾਲਕ ਹੋ ਇਹ ਵੀ ਦੇਖ ਰਿਹਾ ਹਾਂ। ਇਹ ਵੀ ਜਾਣਦਾ ਹਾਂ ਕਿ ਬ੍ਰਾਹਮਣ ਬਾਲਕ ਨੂੰ, ਅੱਗ ਦੀ ਚਿੰਗਾਰੀ ਨੂੰ ਅਤੇ ਸੱਪ ਦੇ ਬੱਚੇ ਨੂੰ ਛੋਟਾ ਦੇਖ ਕੇ ਛੋਟਾ ਸਮਝਣ ਵਾਲਾ ਆਪਣਾ ਹੀ ਸਤਿਆਨਾਸ਼ ਕਰ ਲੈਂਦਾ ਹੈ, ਇਸ ਲਈ ਆਪ ਪੂਜਣਯੋਗ ਹੋ, ਇਹ ਵੀ ਜਾਣਦਾ ਹਾਂ। ਪਰ ਆਪ ਕਿਥੋਂ ਆਏ ਹੋ, ਕਿਉਂ ਆਏ ਹੋ, ਇਹ ਆਪ ਦੇ ਸ਼ੁਭ ਮੂੰਹੋਂ ਹੀ ਜਾਣਨਾ ਚਾਹੁੰਦਾ ਹਾਂ।''

ਬਾਲਕ ਕੁਝ ਸੋਚਦਾ ਰਹਿ ਗਿਆ। ਉਹ ਆਪ ਦੁਖ ਨੂੰ ਸ਼ਬਦਾਂ ਦਾ ਜਾਮਾ ਪਵਾ ਸਕਣ ਵਿਚ ਅਸਮਰਥ ਸੀ।

ਯਮਰਾਜ ਘਬਰਾ ਗਏ। ਹੱਥ ਜੋੜ ਕੇ ਖੜ੍ਹੇ ਹੋ ਗਏ, ''ਗ਼ਲਤੀ ਤਾਂ ਬਹੁਤ ਵੱਡੀ ਹੋ ਗਈ। ਤਿੰਨ ਰਾਤਾਂ ਤਕ ਆਪ ਮੇਰੇ ਘਰ ਕੁਝ ਖਾਧੇ ਪੀਤੇ ਬਿਨਾਂ ਰਹੇ। ਜੋ ਹੋ ਗਿਆ, ਉਸ ਲਈ ਖਿਮਾ ਕਰੋ। ਹੁਣ ਉਨ੍ਹਾਂ ਬੀਤੀਆਂ ਰਾਤਾਂ ਲਈ ਤਾਂ ਕੁਝ ਹੋਰ ਹੋ ਸਕਣਾ ਸੰਭਵ ਨਹੀਂ। ਇਸ ਦੇ ਬਦਲੇ ਵਿਚ ਆਪ ਇਕ-ਇਕ ਰਾਤ ਲਈ ਇਕ-ਇਕ ਵਰਦਾਨ ਮੰਗ ਲਓ। ਹੁਣ ਆਪਣਾ ਗੁੱਸਾ ਥੁਕ ਕੇ ਇਹ ਤਾਂ ਦੱਸੋ ਕਿ ਆਪ ਦਾ ਨਾਂ ਕੀ ਹੈ? ਇਥੇ ਕਿਥੋਂ ਅਤੇ ਕਿਸ ਮੰਤਵ ਨਾਲ ਆਉਣਾ ਹੋਇਆ ਹੈ?

ਬਾਲਕ ਨੇ ਕਿਹਾ, ਮੈਂ ਬਾਲਕ ਤਾਂ ਹਾਂ ਹੀ, ਇਸ ਤੋਂ ਵਧਕੇ ਨਾਦਾਨ ਵੀ ਹਾਂ। ਮੇਰਾ ਨਾਂ ਹੀ 'ਨਚਿਕੇਤਾ' ਹੈ। ਚੇਤ ਅਤੇ ਕੇਤ (ਬੁੱਧੀ) ਤੋਂ ਰਹਿਤ। ਨਾ ਅੰਦਰਲੀ ਕੋਈ ਚੇਤਨਾ ਅਤੇ ਲਾਲਸਾ, ਨਾ ਅਨੁਭਵ ਤੋਂ ਪ੍ਰਾਪਤ ਹੋਇਆ ਬਾਹਰਲਾ ਗਿਆਨ। ਆਪ ਦੇ ਆਦੇਸ਼ਾਂ ਦੇ ਅਮਲ ਵਿਚ ਉਪਾਉ ਕਰਨ ਲਈ ਇਸ ਚਿਤ-ਕਿਤ ਨੂੰ ਕੁਟ-ਪੀਹ ਕੇ ਜੋ ਚਿਕਿਤ ਮੂਲ ਅਤੇ ਚਿਕਿਤਸਾ-ਸ਼ਾਸਤ੍ਰ ਘੜਿਆ ਗਿਆ ਹੈ, ਉਸ ਤੋਂ ਵੀ ਵਿਹੂਣਾ, ਨਹੀਂ ਤਾਂ ਆਪ ਦੇ ਘਰ ਆਉਣ ਤੋਂ ਪਹਿਲਾਂ ਕਿਸੇ ਜੁਗਤ ਨਾਲ ਉਥੋਂ ਹੀ ਕੁਝ ਸਮਾਂ ਹੋਰ ਰੁਕਣ ਦਾ

ਤਰੀਕਾ ਕਢਿਆ ਹੁੰਦਾ। ਨਾ-ਚਿਕੇਤਾ। ਅਨਾੜੀ। ਬੁੱਧੂ। ਹਰ ਗੱਲ 'ਤੇ ਹੈਰਾਨ ਹੋ ਜਾਂਦਾ ਹਾਂ। ਚਿਕਿਤਸਾ ਦੀ ਥਾਂ ਵਿਚਿਕਿਤਸਾ! ਨਿਸਚੇ ਹੀ ਥਾਂ ਸ਼ਕ ਅਤੇ ਬੋਧ ਦੀ ਥਾਂ ਪ੍ਰਸ਼ਨ। ਬਹੁਤ ਸਾਰੇ ਪ੍ਰਸ਼ਨ! ਮੈਂ ਬੜਾ ਅਭਾਗਾ ਹਾਂ, ਮਹਾਰਾਜ। ਪ੍ਰਸ਼ਨ ਕਰਨ ਦੀ ਇਸ ਆਦਤ ਨੇ ਹੀ ਮੇਰੀ ਇਹ ਗਤੀ ਕਰ ਦਿੱਤੀ ਹੈ।

ਯਮਰਾਜ ਨੂੰ ਬੜੀ ਰਾਹਤ ਮਿਲੀ। ਇਹ ਤਾਂ ਆਪਣੀ ਗਿਲਾਨੀ ਨਾਲ ਦੁਖੀ ਹੈ। ਸੋਚਣ ਲਗੇ, ਐਵੇਂ ਡਰ ਕੇ ਤਿੰਨ ਵਰਦਾਨ ਦੇ ਬੈਠਾ। ਜਾਣਦਾ ਹੁੰਦਾ ਤਾਂ ਕਿਸੇ ਹੋਰ ਮੌਕੇ ਲਈ ਬਚਾ ਰਖਦਾ। ਪਰ ਇਸ ਭਾਵ ਨੂੰ ਛਿਪਾਉਂਦੇ ਹੋਇਆਂ ਪ੍ਰਗਟ ਰੂਪ ਵਿਚ ਉਹ ਹਮਦਰਦੀ ਹੀ ਜਤਾਂਦੇ ਰਹੇ। ਕਹਿਣ ਲਗੇ, ''ਆਪ ਨਿਰਸੰਕੋਚ ਆਪਣੀ ਕਥਾ ਸੁਣਾਓ। ਜੇ ਆਪ ਅਭਾਗੇ ਹੋ ਤਾਂ ਅਭਾਗੇ ਤਾਂ ਅਕਸਰ ਬੋਲਣਾ ਸਿਖਣ ਤੋਂ ਪਹਿਲਾਂ ਹੀ ਮੇਰੇ ਲੋਕ ਵਿਚ ਆ ਜਾਂਦੇ ਹਨ। ਉਨ੍ਹਾਂ ਨਾਲ ਮੇਰੀ ਬਹੁਤ ਜਾਣ-ਪਛਾਣ ਹੈ।''

ਫਿਰ ਕੁਝ ਰੁਕ ਕੇ ਉਨ੍ਹਾਂ ਨੇ ਨਚਿਕੇਤਾ ਦਾ ਮਨੋਬਲ ਵਧਾਉਂਦੇ ਹੋਇਆਂ ਕਿਹਾ, ''ਅਤੇ ਜੋ ਤੁਸੀਂ ਪ੍ਰਸ਼ਨ ਪੁੱਛਣ ਦੀ ਗੱਲ ਕਰ ਰਹੇ ਹੋ, ਉਹ ਕੁਝ ਠੀਕ ਹੈ, ਕੁਝ ਗ਼ਲਤ। ਸਿੱਖਿਆ ਨਾਲ ਆਦਮੀ ਦਾ ਗਿਆਨ ਤਾਂ ਵਧਦਾ ਹੀ ਹੈ ਪਰ ਗਿਆਨੀ ਮੰਨੇ ਜਾਣ ਦੇ ਨਾਲ ਅਗਿਆਨੀ ਸਮਝੇ ਜਾਣ ਦਾ ਭੈ ਵੀ ਵਧਦਾ ਜਾਂਦਾ ਹੈ। ਇਸ ਲਈ ਸਮਝਦਾਰ ਮੰਨੇ ਜਾਣ ਵਾਲਾ ਵਿਅਕਤੀ ਬਹੁਤ ਵੱਡਾ ਮੂਰਖ ਵੀ ਹੁੰਦਾ ਹੈ। ਉਹ ਏਨਾ ਮੂਰਖ ਹੁੰਦਾ ਹੈ ਕਿ ਸਹੀ ਸਵਾਲ ਵੀ ਨਹੀਂ ਕਰ ਸਕਦਾ। ਉਸ ਨੂੰ ਆਪਣੇ ਆਪ ਨੂੰ ਸਮਝਦਾਰ ਸਿੱਧ ਕਰਨ ਲਈ ਅਗਿਆਨ ਅਤੇ ਅਪ-ਗਿਆਨ ਦੋਹਾਂ ਨਾਲ ਸਮਝੌਤਾ ਕਰਨਾ ਪੈਂਦਾ ਹੈ। ਬਹੁਤ ਸਾਰੀਆਂ ਗੱਲਾਂ ਗ਼ਲਤ ਲਗਦੀਆਂ ਵੀ ਹਨ ਤਾਂ ਵੀ ਉਨ੍ਹਾਂ ਬਾਰੇ ਨਾ ਤਾਂ ਸ਼ੰਕਾ ਪ੍ਰਗਟ ਕਰ ਸਕਦਾ ਹੈ, ਨਾ ਹੀ ਉਨ੍ਹਾਂ ਦਾ ਵਿਰੋਧ। ਆਪ ਨੂੰ ਕਿਸੇ ਤਰ੍ਹਾਂ ਦਾ ਗਿਆਨ ਨਹੀਂ ਹੈ। ਆਪ ਗੱਲ-ਗੱਲ 'ਤੇ ਹੈਰਾਨ-ਪਰੇਸ਼ਾਨ ਹੀ ਹੁੰਦੇ ਰਹਿੰਦੇ ਹੋ ਅਤੇ ਗੱਲ-ਗੱਲ ਤੇ ਆਪਣੀ ਛੋਟੀ ਜਿਹੀ ਟੰਗ ਨੂੰ ਟੁਟ-ਫੁਟ ਦਾ ਖ਼ਤਰਾ ਉਠਾ ਕੇ ਵੀ ਅੜਾ ਦਿੰਦੇ ਹਨ, ਜਿਸਨੂੰ ਲੋਕੀ ਅੱਖਾਂ ਬੰਦ ਕਰਕੇ ਮੰਨ ਲੈਂਦੇ ਹਨ, ਉਸ ਉਤੇ ਕੋਈ ਨਾ ਕੋਈ ਸਵਾਲ ਕਰ ਦਿੰਦੇ ਹਨ, ਇਹ ਆਪ ਦੀ ਮੂਰਖਤਾ ਦਾ ਪ੍ਰਮਾਣ ਨਹੀਂ। ਸੱਚ ਆਖੀਏ ਤਾਂ ਆਪ ਇਸ ਲਈ ਹੀ ਕੁਝ ਨਾ ਜਾਣਦੇ ਹੋਏ ਵੀ ਪਰਮ ਬੁੱਧੀਮਾਨ ਹੋ। ਇਸ ਉਤੇ ਗਿਲਾਨੀ ਪ੍ਰਗਟ ਕਰਨਾ ਬੇਅਰਥ ਹੈ। ਆਪ ਨਿਸਚਿੰਤ ਅਤੇ ਬੇਖੌਫ਼ ਹੋ ਕੇ ਆਪਣੀ ਕਹਾਣੀ ਸੁਣਾਓ। ਆਪ ਦੇ ਮਾਤਾ ਪਿਤਾ ਕਿਥੇ ਹਨ, ਕੌਣ ਹਨ, ਅਤੇ ਉਨ੍ਹਾਂ ਨੇ ਆਪ ਨੂੰ ਮੇਰੇ ਕੋਲ ਆਉਣ ਕਿਸ ਤਰ੍ਹਾਂ ਦਿੱਤਾ, ਕਿਉਂਕਿ ਮੈਂ ਤਾਂ ਆਪ ਨੂੰ ਨਿਮੰਤ੍ਰਣ ਦੇ ਕੇ ਬੁਲਾਇਆ ਨਹੀਂ ਸੀ। ਬ੍ਰਾਹਮਣ ਹੋਣ ਨਾਤੇ ਆਪ ਨੂੰ ਕੋਈ ਨੁਕਸਾਨ ਵੀ ਨਹੀਂ ਪਹੁੰਚਾ ਸਕਦਾ ਸਾਂ। ਫਿਰ ਆਪ ਦੇਸ਼ਾਂ ਵਿਚ ਦੇਸ਼ ਭਾਰਤ ਦੇਸ਼ ਤੋਂ ਆਏ ਹੋ, ਜਿਥੇ ਬੱਚੇ ਕੋਈ ਕੰਮ ਮਾਂ ਦੀ ਇੱਛਾ ਅਤੇ ਪਿਤਾ ਦੀ ਆਗਿਆ ਤੋਂ ਬਗ਼ੈਰ ਨਹੀਂ ਕਰਦੇ, ਇਸ ਲਈ ਦੇਹ-ਸਹਿਤ ਆਏ ਹੋ ਤਾਂ ਉਨ੍ਹਾਂ ਦੀ ਇੱਛਾ ਅਤੇ ਆਦੇਸ਼ ਦੇ ਨਾਲ ਹੀ ਆਏ ਹੋਵੋਗੇ।'

ਨਚਿਕੇਤਾ ਨੇ ਕਿਹਾ, ''ਮੈਨੂੰ ਗਿਲਾਨੀ ਇਸੇ ਗੱਲ ਕਰ ਕੇ ਹੈ, ਯਮਰਾਜ, ਕਿ ਮੈਨੂੰ ਪਿਤਾ ਜੀ ਨੂੰ ਉਨ੍ਹਾਂ ਦੀ ਆਗਿਆ ਲਈ ਬੇਨਤੀ ਨਹੀਂ ਕਰਨੀ ਪਈ। ਉਨ੍ਹਾਂ ਨੇ ਖ਼ੁਦ ਮੈਨੂੰ ਆਪ ਨੂੰ ਸੌਂਪ ਦਿੱਤਾ ਹੈ। ਧੱਕਾ ਦੇ ਕੇ ਆਪ ਦੇ ਲੋਕ ਭੇਜ ਦਿੱਤਾ ਹੈ। ਆਪ ਜਾਣਦੇ ਹੀ

ਹੈ ਕਿ ਪਿਤਾ ਲੋਕ ਕਿੰਨੇ ਕਠੋਰ ਹੁੰਦੇ ਹਨ। ਖ਼ਬਤ ਸਵਾਰ ਹੋਵੇ ਤਾਂ ਆਪਣੇ ਬੱਚਿਆਂ ਦੀਆਂ ਅੱਖਾਂ ਤਕ ਵਿੰਨ੍ਹ ਦਿੰਦੇ ਹਨ।''

''ਉਸ ਵੈਦਿਕ ਪਿਤਾ ਦੀ ਗੱਲ ਕਰ ਰਹੇ ਹੋ ਜਿਸਦਾ ਬੱਚਾ ਦੂਜਿਆਂ ਬੱਚਿਆਂ ਨਾਲ ਖੇਡਣ ਲੱਗ ਗਿਆ ਸੀ ਅਤੇ ਇਸ ਦੌਰਾਨ ਜੰਗਲ ਦਾ ਬਘਿਆੜ ਨਿਕਲ ਕੇ ਉਸ ਦੀਆਂ ਭੇਡਾਂ ਖਾ ਗਿਆ ਸੀ? ਅਜਿਹੇ ਨਾਲਾਇਕ ਬੱਚੇ ਦੀਆਂ ਅੱਖਾਂ ਵਿੰਨ੍ਹ ਕੇ ਪਿਤਾ ਨੇ ਧਰਮ ਦਾ ਪਾਲਣ ਹੀ ਕੀਤਾ ਸੀ। ਪਰ ਉਹ ਸਤਿਜੁਗ ਦੀ ਗੱਲ ਹੈ, ਨਚਿਕੇਤਾ, ਜਦੋਂ ਧਰਮ ਦੇ ਚਾਰੇ ਪੈਰ ਸਨ। ਇਸ ਦੁਆਪਰ ਯੁਗ ਵਿਚ ਓਨੀ ਧਰਮ-ਬੁੱਧੀ ਕਿਥੇ ਰਹਿ ਗਈ ਹੈ, ਲੋਕਾਂ ਵਿਚ। ਧਰਮ ਦਾ ਨਿਰੰਤਰ ਪਤਨ ਹੋ ਰਿਹਾ ਹੈ। ਕਲਿਜੁਗ ਦੀ ਸ਼ਿਦਤ ਕਾਰਣ ਤਾਂ ਮਾਤਾ-ਪਿਤਾ ਬੱਚਿਆਂ ਦੇ ਪਿਆਰ ਵਿਚ ਪਾਗਲ ਹੋ ਕੇ ਅਜਿਹੇ ਅਜਿਹੇ ਕੰਮ ਕਰਨ ਲਗਣਗੇ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਆਪ ਲਈ ਜਾਂ ਮਾਂ-ਬਾਪ ਲਈ ਨਹੀਂ ਕੀਤਾ ਹੋਵੇਗਾ। ਬੱਚਿਆਂ ਦੇ ਬੋਲਣਾ ਸਿਖਣ ਤੋਂ ਬਾਅਦ ਹੀ ਉਨ੍ਹਾਂ ਨੂੰ ਸਿਖਾਉਣਾ ਸ਼ੁਰੂ ਕਰਨਗੇ ਕਿ ਉਨ੍ਹਾਂ ਨੂੰ ਬੋਲਣਾ ਕਿਵੇਂ ਚਾਹੀਦਾ ਹੈ ਅਤੇ ਕਰਨਾ ਕੀ ਚਾਹੀਦਾ ਹੈ।''

ਨਚਿਕੇਤਾ ਕਹਿਣ ਲੱਗਿਆ, ''ਮੈਂ ਸਿਰਫ਼ ਉਸ ਪਿਤਾ ਦੀ ਗੱਲ ਨਹੀਂ ਕਰ ਰਿਹਾ, ਯਮਰਾਜ। ਸਾਰੇ ਪਿਤਾ ਬੱਚਿਆਂ ਸਾਹਮਣੇ ਪਿਤਾ ਪਹਿਲਾਂ ਅਤੇ ਮਨੁੱਖ ਬਾਅਦ ਵਿਚ ਹੁੰਦੇ ਹਨ।''

ਯਮਰਾਜ ਆਪ ਹੈਰਾਨ ਸਨ। ਉਨ੍ਹਾਂ ਨੇ ਬੜੇ ਪਿਆਰ ਨਾਲ ਕਿਹਾ, ''ਇਹ ਭਾਸ਼ਾ ਤੂੰ ਕਿਥੋਂ ਸਿੱਖ ਲਈ ਨਚਿਕੇਤਾ। ਇਸ ਨੂੰ ਤਾਂ ਮੈਂ ਕਲਿਜੁਗ ਵਿਚ ਪ੍ਰਚਲਿਤ ਕਰਨ ਲਈ ਵਿਆਕਰਣ ਅਤੇ ਕੋਸ਼ ਸਹਿਤ ਤਿਆਰ ਕਰਕੇ ਛਿਪਾ ਕੇ ਰਖਿਆ ਸੀ। ਤੂੰ ਮੇਰੇ ਗ੍ਰੰਥ-ਭੰਡਾਰ 'ਚੋਂ ਇਸ ਦੌਰਾਨ ਉਹੀ ਕਿਤਾਬ ਕਢ ਕੇ ਤਾਂ ਨਹੀਂ ਪੜ੍ਹਦੇ ਰਹੇ?''

''ਮੈਂ ਪੜ੍ਹਨਾ ਲਿਖਣਾ ਜਾਣਦਾ ਹੀ ਨਹੀਂ। ਫਿਰ ਆਪ ਕੋਲ ਇਥੇ ਜੋ ਬ੍ਰਹਮੀ-ਲਿਪੀ ਪ੍ਰਚਲਿਤ ਹੈ, ਉਹ ਤਾਂ ਆਦਮੀ ਤੋਂ ਪੜ੍ਹੀ ਹੀ ਨਹੀਂ ਜਾਂਦੀ। ਮੈਂ ਤਾਂ ਜੋ ਮਨ ਵਿਚ ਆਇਆ ਸੀ, ਉਹੀ ਕਹਿ ਦਿੱਤਾ। ਜੇ ਕਲਿਜੁਗ ਅਜਿਹਾ ਜੁਗ ਹੈ ਜਿਸ ਵਿਚ ਬੱਚੇ ਮਾਂ-ਬਾਪ ਉਤੇ ਉਸੇ ਤਰ੍ਹਾਂ ਸ਼ਾਸਨ ਕਰਨਗੇ ਜਿਵੇਂ ਅਜ ਦੇ ਮਾਤਾ-ਪਿਤਾ ਬੱਚਿਆਂ ਉਤੇ ਕਰਦੇ ਹਨ, ਜੇ ਕਲਿਜੁਗ ਵਿਚ ਸਾਰੇ ਅਧਿਕਾਰ ਬੱਚਿਆਂ ਦੇ ਹੋਣਗੇ ਅਤੇ ਸਾਰੇ ਕਰੱਤਵ ਮਾਤਾ-ਪਿਤਾ ਦੇ, ਤਾਂ ਆਪ ਤੋਂ ਪਹਿਲਾਂ ਵਰਦਾਨ ਮੈਂ ਇਹੀ ਮੰਗਣਾ ਚਾਹਾਂਗਾ ਕਿ ਕਲਿਜੁਗ ਨੂੰ ਤੁਰਤ ਧਰਤੀ ਉਤੇ ਉਤਾਰ ਦਿਓ ਅਤੇ ਫਿਰ ਮੈਨੂੰ ਮੇਰੇ ਪਿਤਾ ਕੋਲ ਵਾਪਿਸ ਭੇਜ ਦਿਓ। ਇਸ ਦੁਆਪਰ ਜੁਗ ਵਿਚ ਤਾਂ ਸਾਰੇ ਅਧਿਕਾਰ ਪਿਤਾ ਦੇ ਹੁੰਦੇ ਹਨ ਅਤੇ ਸਾਰੇ ਕਰੱਤਵ ਪੁੱਤਰ ਦੇ। ਪਿਤਾ ਤਾਂ ਉਨ੍ਹਾਂ ਨੂੰ ਪੈਦਾ ਕਰਕੇ ਛੱਡ ਦਿੰਦਾ ਹੈ ਅਤੇ ਬੱਚਾ ਤਾਂ ਅਕਸਰ ਸੁਣਦੇ ਹਾਂ ਕਿ ਮਿੱਟੀ ਖਾ ਕੇ ਪਲ ਪੁਲ ਜਾਂਦਾ ਹੈ। ਪਿਤਾ ਫਸਲ ਵਾਂਗ ਬੱਚੇ ਉਪਜਾਂਦਾ ਹੈ ਅਤੇ ਫਸਲ ਵਾਂਗ ਹੀ ਭਗਵਾਨ ਦੇ ਭਰੋਸੇ ਤੇ ਪਲਣ-ਵੱਡੇ ਹੋਣ ਲਈ ਛੱਡ ਦਿੰਦਾ ਹੈ। ਜਿਸ ਦੇ ਬੱਚੇ ਮਿੱਟੀ ਖਾ ਕੇ ਪਲਣ ਲਈ ਮਜਬੂਰ ਹੁੰਦੇ ਹਨ ਉਹ ਵੀ ਸੌ ਸੌ ਬੱਚੇ ਪੈਦਾ ਕਰ ਲੈਂਦਾ ਹੈ। ਪਿਤਾ ਲੋਕਾਂ ਦੇ ਇਸ ਦੁਆਪਰ ਕਾਲ ਦੇ ਗੁਣ ਤੋਂ ਮੈਂ ਬਹੁਤ ਪਰੇਸ਼ਾਨ ਹਾਂ। ਹੁਣ ਇਹੀ ਦੇਖੋ ਨਾ, ਮੇਰੇ ਪਿਤਾ ਨੇ ਆਪਣੀ ਕਾਮਨਾ ਦੀ ਪੂਰਤੀ ਲਈ ਵਿਸ਼ਵਜੀਤ ਯੱਗ ਕੀਤਾ ਅਤੇ ਸਾਰਾ ਧਨ, ਆਪਣਾ ਸਭ ਕੁਝ ਦਾਨ ਵਿਚ ਦੇ ਦਿੱਤਾ।''

''ਇਹ ਯੁਗ ਦੇ ਧਰਮ ਦੀ ਗੱਲ ਹੈ, ਨਚਿਕੇਤਾ। ਤੂੰ 'ਦੁਆਪਰ ਵਿਚ ਕਲਿਜੁਗ ਦੇ ਵਿਉਹਾਰ ਦੀ ਆਸ ਤਾਂ ਨਹੀਂ ਕਰ ਸਕਦਾ।''

ਨਚਿਕੇਤਾ ਕਲਿਜੁਗ ਦੀ ਮਹਿਮਾ ਸੁਣ ਕੇ ਅੜ ਗਿਆ, ''ਜੇ ਅਜਿਹਾ ਹੈ ਤਾਂ ਆਪ ਅੱਜ ਹੀ, ਇਸੇ ਵੇਲੇ ਕਲਿਜੁਗ ਨੂੰ ਬੁਲਾਓ ਅਤੇ ਫਿਰ ਮੈਨੂੰ ਆਪਣੇ ਪਿਤਾ ਕੋਲ ਵਾਪਿਸ ਭੇਜ ਦਿਓ। ਤਾਂ ਮੈਂ ਪੁਛਦਾ ਹਾਂ ਉਨ੍ਹਾਂ ਤੋਂ ਕਿ ਆਪ ਨੇ ਆਪਣੇ ਲਈ ਕੁਝ ਵੀ ਕੀਤਾ ਹੋਵੇ ਜਾਂ ਨਹੀਂ, ਇਹ ਦੱਸੋ ਕਿ ਮੇਰੇ ਲਈ ਕੀ ਕੀਤਾ ਹੈ।''

''ਤੇਰੀ ਜ਼ਬਾਨ ਬਹੁਤ ਚਲਦੀ ਹੈ, ਨਚਿਕੇਤਾ। ਪਿਤਾ ਨੂੰ ਕ੍ਰੋਧ ਤਾਂ ਆਉਣਾ ਹੀ ਸੀ। ਤੂੰ ਕਲਿਜੁਗ ਨੂੰ ਇਸੇ ਵੇਲੇ ਉਤਾਰਨ ਦੀ ਗੱਲ ਤਾਂ ਕਰ ਰਿਹਾ ਹੈਂ ਪਰ ਇਹ ਨਹੀਂ ਜਾਣਦਾ ਕਿ ਉਸ ਨਾਲ ਤੈਨੂੰ ਕਿੰਨਾ ਵੱਡਾ ਨੁਕਸਾਨ ਹੋਵੇਗਾ?''

ਨਚਿਕੇਤਾ ਚੌਂਕਿਆ, ''ਨੁਕਸਾਨ ਹੋਵੇਗਾ? ਬੱਚਿਆਂ ਨੂੰ ਵੀ ਕੋਈ ਨੁਕਸਾਨ ਹੋਵੇਗਾ, ਕਲਿਜੁਗ ਵਿਚ?''

''ਬੱਚਿਆਂ ਦਾ ਹੋਵੇਗਾ ਜਾਂ ਨਹੀਂ ਪਰ ਤੇਰਾ ਤਾਂ ਹੋਵੇਗਾ ਹੀ। ਕਲਿਜੁਗ ਵਿਚ ਲੋਕ ਮੰਚ ਤੇ ਖੜ੍ਹੇ ਹੋ ਕੇ ਲਾਊਡ ਸਪੀਕਰ ਉਤੇ ਗਜਦੇ ਹੋਏ, ਲੱਖਾਂ ਵਿਚਕਾਰ, ਲੱਖਾਂ ਵਾਰ, ਜਿਨ੍ਹਾਂ ਚੀਜ਼ਾਂ ਦਾ ਵਾਅਦਾ ਕਰਨਗੇ, ਜਿਨ੍ਹਾਂ ਨੂੰ ਪੂਰਾ ਕਰਨ ਦੀਆਂ ਕਸਮਾਂ ਲਿਖ ਲਿਖ ਕੇ ਖਾਣਗੇ ਉਨ੍ਹਾਂ ਨੂੰ, ਕੰਮ ਸੰਵਰਦੇ ਹੀ, ਇਸ ਤਰ੍ਹਾਂ ਭੁਲ ਜਾਣਗੇ ਕਿ ਯਾਦ ਦਿਵਾਉਣ 'ਤੇ ਵੀ ਯਾਦ ਨਹੀਂ ਕਰ ਸਕਣਗੇ। ਜੇ ਮੈਂ ਕਲਿਜੁਗ ਨੂੰ ਹੁਣੇ ਲਿਆ ਦਿਆਂ ਤਾਂ ਕਲਿ ਧਰਮ ਦੇ ਤਕਾਜ਼ੇ ਨਾਲ ਮੈਂ ਆਪਣੇ ਦਿੱਤੇ ਹੋਏ ਵਰਦਾਨਾਂ ਨੂੰ ਤਾਂ ਪੂਰਾ ਕਰਨ ਤੋਂ ਰਿਹਾ। ਤੇਰੇ ਸਾਰੇ ਮਨਸੂਬੇ ਧਰੇ ਧਰਾਏ ਰਹਿ ਜਾਣਗੇ। ਹੁਣ ਦੱਸ ਕੀ ਮਨਜ਼ੂਰ ਹੈ?''

ਠੀਕ ਹੈ, ਯਮਰਾਜ ਬੋਲੇ, ''ਪਹਿਲਾਂ ਤੂੰ ਇਹ ਦੱਸ ਕਿ ਪਿਤਾ ਨੇ ਤੈਨੂੰ ਮੇਰੇ ਪਾਸ ਭੇਜਿਆ ਕਿਉਂ?''

ਨਚਿਕੇਤਾ ਨੇ ਬ੍ਰਾਹਮਣ ਹੁੰਦੇ ਹੋਏ ਵੀ ਯਮਰਾਜ ਦੇ ਸਾਹਮਣੇ ਹੱਥ ਜੋੜ ਦਿੱਤੇ, ''ਇਹੀ ਗੱਲ ਤਾਂ ਮੇਰੀ ਸਮਝ ਵਿਚ ਨਹੀਂ ਆਉਂਦੀ? ਮੈਂ ਤਾਂ ਉਦੋਂ ਤੋਂ ਇਸੇ ਦੁਬਿਧਾ ਵਿਚ ਪਿਆ ਹੋਇਆ ਹਾਂ। ਆਪ ਦੇਖ ਹੀ ਰਹੇ ਹੋ ਕਿ ਮੈਂ ਬੱਚਾ ਹਾਂ ਅਤੇ ਅਕਲ ਵੀ ਬੱਚਿਆਂ ਵਰਗੀ ਹੈ, ਪਰ ਆਪਣੀ ਉਮਰ ਦੇ ਬੱਚਿਆਂ ਨੂੰ ਦੇਖਦੇ ਹੋਏ ਮੈਂ ਬਹੁਤ ਨਾਲਾਇਕ ਵੀ ਨਹੀਂ ਹਾਂ। ਬਹੁਤਿਆਂ ਲੜਕਿਆਂ ਤੋਂ ਮੈਂ ਅਗੇ ਸਾਂ ਅਤੇ ਕੁਝ ਤੋਂ ਉਨ੍ਹੀਂ ਭਾਵੇਂ ਰਿਹਾ ਹੋਵਾਂ, ਪਰ ਅਠਾਰਾਂ ਨਹੀਂ ਰਹਿੰਦਾ ਸਾਂ। ਮੈਂ ਇਸ ਦੁਆਪਰ ਯੁਗ ਵਿਚ ਵੀ ਪਿਤਾ ਲੋਕਾਂ ਨੂੰ ਇਕ-ਤੋਂ-ਇਕ ਵੱਧ ਨਾਲਾਇਕ ਬੱਚਿਆਂ ਨੂੰ ਪਲਣ-ਪੜ੍ਹਨ ਦੀ ਛੋਟ ਦਿੰਦੇ ਦੇਖਿਆ ਹੈ, ਫਿਰ ਪਿਤਾ ਜੀ ਨੇ ਮੈਨੂੰ ਆਪ ਪਾਸ ਕਿਉਂ ਭੇਜਿਆ, ਇਹ ਸਮਝ ਵਿਚ ਨਹੀਂ ਆਉਂਦਾ।''

ਯਮਰਾਜ ਕਹਿਣ ਲੱਗੇ, ''ਦੇਖੋ, ਦੁਆਪਰ ਦਾ ਇਹ ਵੀ ਇਕ ਲਾਭ ਹੈ। ਲੋਕਾਂ ਨੂੰ ਮੇਰੇ ਘਰ ਦੇ ਪਤੇ ਦੀ ਜਾਣਕਾਰੀ ਹੈ। ਜਦੋਂ ਦਿਲ ਵਿਚ ਆਇਆ, ਮੂੰਹ ਚੁਕ ਕੇ ਆ ਜਾਂਦੇ ਹਨ। ਮੈਂ ਆਖਾਂ, ਵਾਪਿਸ ਜਾਓ ਤਾਂ ਚਲੇ ਗਏ। ਕਲਿਜੁਗ ਵਿਚ ਤਾਂ ਡਾਕੀਆਂ ਨੂੰ ਵੀ ਮੇਰੇ ਪਤੇ ਦੀ ਜਾਣਕਾਰੀ ਨਹੀਂ ਹੋਵੇਗੀ। ਮੇਰੇ ਘਰ ਦੇ ਰਸਤੇ ਦੇ ਨਾਂ 'ਤੋਂ ਵਧ ਤੋਂ ਵਧ

ਲੋਕ ਸਰਕਾਰੀ ਹਸਪਤਾਲਾਂ ਤਕ ਪਹੁੰਚਣਗੇ। ਅਗੋਂ ਦਾ ਰਸਤਾ ਕਿਵੇਂ ਪਾਰ ਕਰਨਗੇ, ਇਹ ਤਾਂ ਮੈਡੀਕਲ ਸੁਪਰਿਟੈਂਡੇਂਟ ਨੂੰ ਵੀ ਮਾਲੂਮ ਨਹੀਂ ਹੋਵੇਗਾ। ਖ਼ੈਰ, ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਤੂੰ ਆਪਣੀ ਕਹਾਣੀ ਦਾ ਕੁਝ ਹਿੱਸਾ ਲੁਕਾ ਰਿਹਾ ਹੈਂ? ਉਨ੍ਹਾਂ ਨੇ ਕਿਨ੍ਹਾਂ ਹਾਲਾਤਾਂ ਵਿਚ ਇਹ ਗੱਲ ਆਖੀ ਸੀ, ਕੀ ਉਸ ਬਾਰੇ ਬ੍ਰਿਤਾਂਤ ਦੱਸ ਸਕੇਂਗਾ।''

ਮੇਰੇ ਖ਼ਾਨਦਾਨ ਨੂੰ ਤਾਂ ਆਪ ਜਾਣਦੇ ਹੀ ਹੋ। ਮੈਂ ਬਾਜਸ੍ਰਵਾ ਦਾ ਪੋਤਾ ਅਤੇ ਉੱਦਾਲਕ ਦਾ ਪੁੱਤਰ ਹਾਂ। ਗੌਤਮ ਰਿਸ਼ੀ ਦੇ ਵੰਸ਼ ਵਿਚੋਂ ਹਾਂ ਅਸੀਂ, ਇਹ ਤਾਂ ਆਪ ਨੂੰ ਪਤਾ ਲੱਗ ਹੀ ਗਿਆ ਹੋਵੇਗਾ। ਬਾਜਸ੍ਰਵਾ ਤੋਂ ਇਹ ਵੀ ਪਤਾ ਲਗ ਗਿਆ ਹੋਵੇਗਾ ਕਿ ਸਾਡਾ ਖ਼ਾਨਦਾਨ ਆਪਣੀ ਦੌਲਤ ਲਈ ਵੀ ਮਸ਼ਹੂਰ ਰਿਹਾ ਹੈ ਅਤੇ **'ਨ ਵੈ ਬ੍ਰਾਹਮਣਾਯ ਸ੍ਰੀ ਰਮਤੇ'** ਵਰਗੇ ਆਦਰਸ਼ਾਂ ਵਿਚ ਅਸੀਂ ਵਿਸ਼ਵਾਸ ਨਹੀਂ ਕਰਦੇ। ਜਿਵੇਂ ਮੈਂ ਕਿਹਾ, ਮੇਰੇ ਪਿਤਾ ਜੀ ਨੇ ਆਪਣੀ ਕਿਸੇ ਕਾਮਨਾ ਦੀ ਪੂਰਤੀ ਲਈ ਵਿਸ਼ਵਜਿਤ ਯੱਗ ਕੀਤਾ ਅਤੇ ਉਸ ਵਿਚ ਆਪਣਾ ਸਭ ਕੁਝ ਦਾਨ ਕਰ ਦਿੱਤਾ। ਦੱਛਣਾ ਵਿਚ ਉਨ੍ਹਾਂ ਨੇ ਬੁੱਢੀਆਂ ਗਊਆਂ ਤਕ ਦਾਨ ਕਰ ਦਿੱਤੀਆਂ। ਮੇਰੇ ਲਈ ਕੁਝ ਬਚਾ ਕੇ ਨਹੀਂ ਰਖਿਆ, ਇਸਦਾ ਦੁੱਖ ਤਾਂ ਧਰਤੀ ਉਤੇ ਰਹਿੰਦਿਆਂ ਮੈਨੂੰ ਹੋ ਹੀ ਨਹੀਂ ਸਕਦਾ ਸੀ ਕਿਉਂਕਿ ਉਥੇ ਜਦੋਂ ਤਕ ਆਪ ਦਾ ਦੁਆਪਰ ਜੁਗ ਚਲੇਗਾ, ਉਦੋਂ ਤਕ ਬੱਚੇ ਆਪਣੇ ਅਧਿਕਾਰਾਂ ਦੇ ਮਾਮਲੇ ਵਿਚ ਆਪਣੇ ਮੂੰਹ ਨੂੰ ਸੀਲਬੰਦ ਕਰੀ ਰਖਣਗੇ। ਪਰ ਜਦੋਂ ਉਨ੍ਹਾਂ ਗਊਆਂ ਨੂੰ ਲੈ ਜਾਇਆ ਜਾ ਰਿਹਾ ਸੀ ਤਾਂ ਮੈਨੂੰ ਇਹ ਗੱਲ ਬੜੀ ਅਜੀਬ ਲਗੀ ਕਿ ਇਨ੍ਹਾਂ ਬੁੱਢੀਆਂ ਗਊਆਂ ਨੂੰ ਜਿਨ੍ਹਾਂ ਨੇ ਜਿੰਨਾ ਚਾਰਾ ਖਾਣਾ ਸੀ ਖਾ ਲਿਆ, ਜਿੰਨਾ ਦੁੱਧ ਦੇਣਾ ਸੀ ਦੇ ਲਿਆ, ਜਿੰਨੇ ਬੱਚੇ ਜਣਨੇ ਸਨ ਜਣ ਚੁਕੀਆਂ, ਕਿਸੇ ਨੂੰ ਦਾਨ ਵਿਚ ਦਿੱਤੀਆਂ ਕਿਉਂ ਗਈਆਂ? ਇਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਪਿਤਾ ਜੀ ਦੀ ਜੋ ਸੇਵਾ ਕੀਤੀ ਹੈ ਉਸਦੇ ਬਦਲੇ ਇਨ੍ਹਾਂ ਦੀ ਮੌਤ ਤਕ ਸੇਵਾ ਹੋਣੀ ਚਾਹੀਦੀ ਸੀ। ਮੈਨੂੰ ਹੋਰ ਭਾਵੇਂ ਕੁਝ ਪਤਾ ਨਾ ਹੋਵੇ ਪਰ ਇਹ ਪਤਾ ਸੀ ਕਿ ਅਜਿਹੀਆਂ ਗਊਆਂ ਦੇ ਦਾਨ ਵਿਚ ਦੇਣ ਨਾਲ ਮਨੁੱਖ ਨਰਕਾਂ ਵਿਚ ਜਾਂਦਾ ਹੈ। ਮੈਨੂੰ ਇਹ ਵੀ ਸਮਝ ਨਹੀਂ ਆ ਰਿਹਾ ਸੀ ਕਿ ਉਨ੍ਹਾਂ ਗਊਆਂ ਨੂੰ ਲੈ ਜਾਣ ਵਾਲੇ ਉਨ੍ਹਾਂ ਦਾ ਕੀ ਲਾਭ ਉਠਾਉਣਗੇ ਹੁਣ ਇਹੀ ਸਵਾਲ ਮੈਂ ਪਿਤਾ ਜੀ ਨੂੰ ਕੀਤਾ। ਬਹੁਤ ਸੋਚਣ-ਵਿਚਾਰਨ ਉਪਰੰਤ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਮੈਥੋਂ ਇਥੇ ਹੀ ਕਿਧਰੇ ਉਕਾਈ ਹੋ ਗਈ ਹੈ।

ਯਮਰਾਜ ਹੱਸਣ ਲਗੇ, ''ਕੀ ਤੈਨੂੰ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦਾ ਕੀ ਹੋਣਾ ਸੀ?''

''ਯੱਗ ਵੇਲੇ ਜੋ ਕੁਝ ਦੇਖਿਆ ਸੀ ਉਸ ਤੋਂ ਮੈਂ ਕੁਝ ਕੁਝ ਇਸ ਗੱਲ ਦਾ ਅਨੁਮਾਨ ਲਗਾ ਸਕਦਾ ਸਾਂ ਕਿ ਇਨ੍ਹਾਂ ਨੂੰ ਲੈਣ ਵਾਲੇ ਬੇਚਾਰੇ ਪਸ਼ੂਆਂ ਪ੍ਰਤਿ ਆਪਣਾ ਪ੍ਰੇਮ ਕਿਸ ਤਰ੍ਹਾਂ ਪ੍ਰਗਟ ਕਰਨਗੇ। ਉਸ ਪਰਿਨਾਮ ਦੀ ਕਲਪਨਾ ਕਰਕੇ ਮੇਰਾ ਮਨ ਪਰੇਸ਼ਾਨ ਹੋ ਗਿਆ ਸੀ। ਤਾਂ ਹੀ ਮੇਰੇ ਮੂੰਹੋਂ ਉਹ ਕਠੋਰ ਵਾਕ ਨਿਕਲਿਆ ਸੀ।

''ਫਿਰ ਮੈਂ ਸੋਚਿਆ ਜੇ ਪਿਤਾ ਜੀ ਨੇ ਆਪਣਾ ਸਭ ਕੁਝ ਦਾਨ ਵਿਚ ਦੇਣ ਦਾ ਸੰਕਲਪ ਕਰ ਹੀ ਲਿਆ ਹੈ ਅਤੇ ਇਸ ਮਾਮਲੇ ਵਿਚ ਉਨ੍ਹਾਂ ਨੇ ਬੇਚਾਰੀਆਂ ਗਊਆਂ 'ਤੇ ਵੀ ਤਰਸ ਨਹੀਂ ਖਾਇਆ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਜੀਵਨ ਭਰ ਦੁੱਧ ਤੇ ਵੱਛੇ ਦਿੱਤੇ, ਤਾਂ ਉਹ ਮੈਨੂੰ ਵੀ ਕਿਸੇ ਨਾ ਕਿਸੇ ਨੂੰ ਦੇ ਦੇਣਗੇ। ਮੇਰਾ ਤਾਂ ਉਨ੍ਹਾਂ ਉਪਰ ਕੋਈ ਉਪਕਾਰ ਵੀ ਨਹੀਂ

ਹੈ। ਕਿਸਨੂੰ ਦੇਣਗੇ। ਨਿਸਚਿਤ ਨਹੀਂ ਕਰ ਸਕਿਆ ਸਾਂ, ਇਸ ਲਈ ਪੁੱਛ ਬੈਠਾ, 'ਆਪ ਮੈਨੂੰ ਕਿਸ ਨੂੰ ਦੇਓਗੇ?'

''ਪਿਤਾ ਮੇਰੇ ਪਹਿਲੇ ਪ੍ਰਸ਼ਨ ਤੋਂ ਹੀ ਖਿਝੇ ਸਨ। ਹੁਣ ਇਹ ਦੂਜਾ ਪ੍ਰਸ਼ਨ ਹੋਰ ਵੀ ਖਿਝਾਉਣ ਵਾਲਾ ਸੀ, ਫਿਰ ਵੀ ਚੁੱਪ ਰਹਿ ਗਏ। ਪਰ ਮੈਂ ਵੀ ਕੁਝ ਜ਼ਿੱਦ 'ਤੇ ਆ ਗਿਆ ਸਾਂ। ਦੁਬਾਰਾ ਪੁੱਛ ਬੈਠਾ, ''ਕਿਸ ਨੂੰ ਦਿਓਗੇ, ਮੈਨੂੰ ਦੱਸੋ ਤਾਂ ਸਹੀ।''

''ਪਿਤਾ ਜੀ ਫਿਰ ਵੀ ਅਣਸੁਣੀ ਕਰ ਗਏ। ਉਨ੍ਹਾਂ ਨੂੰ ਸ਼ਾਇਦ ਆਪ ਵੀ ਗਿਲਾਨੀ ਹੋ ਰਹੀ ਸੀ, ਆਪਣੀ ਧਰਮ ਦ੍ਰਿਸ਼ਟੀ 'ਤੇ। ਇਹ ਕਿਹੋ ਜਿਹਾ ਯੱਗ ਅਤੇ ਪੁੰਨ। ਇਨ੍ਹਾਂ ਬੁੱਢੀਆਂ ਗਊਆਂ ਦੇ ਇਸ ਕਰੁਣਾਮਈ ਅੰਤ ਤੋਂ ਕਿਹੜਾ ਪੁੰਨ ਸੰਭਵ ਹੈ? ਹੁਣ ਮੈਂ ਤੀਜੀ ਵਾਰ ਪ੍ਰਸ਼ਨ ਦੁਹਰਾਇਆ। ਉਹ ਕ੍ਰੋਧ ਵਿਚ ਆ ਗਏ ਅਤੇ ਕਹਿਣ ਲੱਗੇ, ''ਜਾ, ਮੈਂ ਤੈਨੂੰ ਮਿਰਤੂ ਨੂੰ ਦਿੰਦਾ ਹਾਂ।''

''ਅਤੇ ਫਿਰ ਤੂੰ ਉਠਿਆ ਅਤੇ ਮੇਰੇ ਘਰ ਲਈ ਰਵਾਨਾ ਹੋ ਗਿਆ? ਹੈ ਨਾ। ਤੈਨੂੰ ਮੇਰੇ ਕੋਲ ਆਉਂਦਿਆਂ ਡਰ ਨਹੀਂ ਲੱਗਿਆ?''

ਆਪ ਕੋਲ ਆਉਂਦਿਆਂ ਕਿਸ ਨੂੰ ਡਰ ਨਹੀਂ ਲਗਦਾ, ਯਮਦੇਵ। ਪਰ ਪਿਤਾ ਜੀ ਦਾ ਕ੍ਰੋਧ ਦੇਖ ਕੇ ਮੈਨੂੰ ਆਪ ਦੇ ਡਰ ਨਾਲੋਂ ਜ਼ਿਆਦਾ ਡਰ ਲਗ ਰਿਹਾ ਸੀ। ਸੱਚ, ਮੈਨੂੰ ਮਰਨੋਂ ਓਨਾ ਡਰ ਨਹੀਂ ਲੱਗਿਆ ਜਿੰਨਾ ਪਿਤਾ ਜੀ ਦੇ ਰੋਹ ਕਾਰਣ। ਮੈਨੂੰ ਮਹਿਸੂਸ ਹੋਇਆ ਕਿ ਧਰਮ ਅਤੇ ਪੁੰਨ ਦੇ ਮੁਕਾਬਲੇ ਉਨ੍ਹਾਂ ਦੇ ਮਨ ਵਿਚ ਮੇਰੀ ਜ਼ਿੰਦਗੀ ਦੀ ਕੋਈ ਕੀਮਤ ਹੀ ਨਹੀਂ। ਆਪ ਤਾਂ ਜਾਣਦੇ ਹੀ ਹੋ ਧਰਮ ਅਤੇ ਪੁੰਨ ਦੇ ਲੋਭ ਵਿਚ ਲੋਕ ਆਪਣੇ ਬੱਚੇ ਨੂੰ ਆਰੇ ਨਾਲ ਵੀ ਚੀਰ ਦਿੰਦੇ ਹਨ।''

''ਤੂੰ ਆਪਣੇ ਪਿਤਾ ਪ੍ਰਤਿ ਕੁਝ ਜ਼ਿਆਦਾ ਕਠੋਰ ਹੋ ਰਿਹਾ ਹੈਂ। ਇਹ ਸੱਚ ਹੈ ਕਿ ਕ੍ਰੋਧ ਵਿਚ ਇਹ ਗੱਲ ਉਨ੍ਹਾਂ ਦੇ ਮੂੰਹੋਂ ਨਿਕਲ ਗਈ ਸੀ। ਹੋਣੀ ਇਸੇ ਨੂੰ ਕਹਿੰਦੇ ਹਨ। ਪਰ ਤੂੰ ਇਹ ਕਿਉਂ ਨਹੀਂ ਸੋਚਦਾ ਕਿ ਜਿਸ ਪਿਤਾ ਕੋਲ ਤੈਨੂੰ ਆਰੇ ਨਾਲ ਚੀਰਨ ਦਾ ਅਧਿਕਾਰ ਸੀ ਉਸਨੇ ਆਪਣੇ ਇਸ ਅਧਿਕਾਰ ਦੀ ਵਰਤੋਂ ਤੇਰੇ ਪ੍ਰਤਿ ਨਾ ਕਰਕੇ ਕਿੰਨਾ ਵੱਡਾ ਅਹਿਸਾਨ ਕੀਤਾ ਹੈ। ਤੂੰ ਖੁਦ ਆਪਣੇ ਹਠ ਕਰਕੇ ਆਪਣੀ ਮੌਤ ਬੁਲਾਈ ਹੈ।'' ਯਮਰਾਜ ਨੇ ਨਚਿਕੇਤਾ ਨੂੰ ਯਮਰਾਜ ਦੀ ਤਰ੍ਹਾਂ ਸਮਝਾਇਆ।

''ਜੇ ਅਜਿਹੀ ਗੱਲ ਹੈ ਤਾਂ ਉਹ ਮੈਨੂੰ ਆਪ ਦੇ ਘਰ ਆਉਂਦਿਆਂ ਵੇਖ ਕੇ ਰੋਕ ਸਕਦੇ ਸਨ।''

''ਇਹ ਸਭ ਕਲਿਜੁਗ ਵਿਚ ਹੋਵੇਗਾ ਜਦੋਂ ਲੋਕ ਸੋਚ ਕੇ ਕਹੀ ਅਤੇ ਅਸਾਵਧਾਨੀ ਨਾਲ ਮੂੰਹੋਂ ਨਿਕਲ ਗਈ ਗੱਲ ਵਿਚੋਂ ਪਹਿਲੀ ਨੂੰ ਮਹੱਤਵ ਦੇਣਗੇ। ਦੁਆਪਰ ਜੁਗ ਵਿਚ ਤਾਂ ਸੋਚ ਵਿਚਾਰ ਕੇ ਕਹੀ ਹੋਈ ਗੱਲ ਦੀ ਪਾਲਣਾ ਵਿਚ ਕੁਝ ਕਸਰ ਰਹਿ ਵੀ ਜਾਵੇ ਤਾਂ ਓਨਾ ਹਰਜ ਨਹੀਂ ਸਮਝਿਆ ਜਾਂਦਾ, ਪਰ ਬਿਨਾਂ ਸੋਚੇ ਵਿਚਾਰੇ ਕੋਈ ਗੱਲ ਮੂੰਹ 'ਚੋਂ ਨਿਕਲ ਜਾਵੇ ਤਾਂ ਉਸਦੀ ਪਾਲਣਾ ਵਿਚ ਨਾਂਹ-ਨੁਕਰ ਨਹੀਂ ਕੀਤੀ ਜਾਂਦੀ। ਲੋਕ ਸੁਪਨੇ ਵਿਚ ਦਿੱਤੇ ਗਏ ਵਚਨ ਨੂੰ ਪੂਰਾ ਕਰਨ ਲਈ ਰਾਜ-ਪਾਟ ਹੀ ਨਹੀਂ, ਬੀਵੀ ਬੱਚੇ ਤਕ ਵੇਚਣ ਅਤੇ ਆਪ ਡੂਮ ਦੀ ਸੇਵਾ ਕਰਨ ਲਈ ਤਿਆਰ ਹੋ ਜਾਂਦੇ ਹਨ। ਇਸਦੇ ਫ਼ਾਇਦੇ ਵੀ

ਬਹੁਤ ਹਨ, ਪਰ ਮਿਲਦੇ ਅੰਤ ਵਿਚ ਹੀ ਹਨ। ਪਿਤਾ ਦੇ ਮੂੰਹੋਂ ਨਿਕਲ ਗਈ ਮਰਨ ਦੀ ਗੱਲ, ਤਾਂ ਹੁਣ ਤੈਨੂੰ ਮੇਰੇ ਘਰ ਆਉਣ ਤੋਂ ਕਿਵੇਂ ਰੋਕਦੇ। ਇਹ ਬੇਨਤੀ ਤਾਂ ਕਿਸੇ ਹੋਰ ਨੂੰ ਕਰਨੀ ਚਾਹੀਦੀ ਸੀ।''

''ਨਹੀਂ ਯਮਦੇਵ! ਮੈਨੂੰ ਸਾਰੀ ਖੋਟ ਉਨ੍ਹਾਂ ਦੇ ਜੀਵਨ-ਦਰਸ਼ਨ ਵਿਚ ਦਿਖਾਈ ਦਿੰਦੀ ਹੈ। ਜਦੋਂ ਕੁਝ ਲੋਕਾਂ ਨੇ ਕਿਹਾ ਕਿ ਉਹ ਮੈਨੂੰ ਰੋਕ ਲੈਣ, ਤਾਂ ਕਹਿਣ ਲੱਗੇ, ਜ਼ਿੰਦਗੀ ਦਾ ਕੀ ਹੈ। ਆਦਮੀ ਤਾਂ ਫ਼ਸਲਾਂ ਦੀ ਤਰ੍ਹਾਂ ਪੈਦਾ ਹੁੰਦਾ ਹੈ, ਵਧਦਾ ਹੈ, ਪੱਕ ਕੇ ਤਿਆਰ ਹੁੰਦਾ ਹੈ ਅਤੇ ਫਿਰ ਬੀਜ ਬਣ ਕੇ ਝੜ ਜਾਂਦਾ ਹੈ। ਉਸ ਦਾ ਬਾਕੀ ਅੰਸ਼ ਸੜ ਗੱਲ ਕੇ ਨਸ਼ਟ ਹੋ ਜਾਂਦਾ ਹੈ ਅਤੇ ਮੁੜ ਬੀਜ ਉਚਿਤ ਰੁਤ ਵਿਚ ਹਰਾ ਭਰਾ ਬੂਟਾ ਬਣ ਕੇ ਲਹਿਰਾਉਣ ਲਗਦਾ ਹੈ – **ਸਸਯੰ ਇਸ ਮਰਤਯਃ ਪਚਯਤੇ ਸ਼ਸਯੰ ਇਵ ਜਾਯਤੇ ਪੁਨਃ**। ਤਾਂ ਬੱਚੇ ਦਾ ਕੀ ਹੈ। ਜਦੋਂ ਮਨ ਵਿਚ ਆਇਆ ਹੋਰ ਪੈਦਾ ਕਰ ਲਵਾਂਗਾ। ਪਰ ਪੁੰਨ ਛੀਣ ਹੋ ਗਿਆ ਤਾਂ ਉਹ ਕਿਥੋਂ ਲਿਆਵਾਂਗਾ। ਇਸ ਲਈ ਮਰਨਾ ਜੀਣਾ ਤਾਂ ਲੱਗਿਆ ਹੀ ਰਹਿੰਦਾ ਹੈ। ਏਨਾ ਵੱਡਾ ਯੱਗ ਕਰਕੇ ਜੋ ਇਹ ਸਾਰਾ ਪੁੰਨ ਕਮਾਇਆ ਹੈ ਉਸ ਨੂੰ ਸਿਰਫ਼ ਲੜਕੇ ਦੀ ਜਾਨ ਬਚਾਉਣ ਲਈ ਨਸ਼ਟ ਨਹੀਂ ਹੋਣ ਦਿਆਂਗਾ। ਆਪਣਾ ਵਚਨ ਨਿਭਾਉਣ ਲਈ ਪਹਿਲੇ ਲੋਕਾਂ ਨੇ ਜਿਹੋ ਜਿਹਾ ਆਚਰਣ ਕੀਤਾ ਹੈ ਮੈਂ ਵੀ ਉਹੋ ਜਿਹਾ ਹੀ ਕਰਾਂਗਾ। ਇਸ ਲਈ ਜੇ ਆਪ ਮੈਨੂੰ ਵਾਪਿਸ ਭੇਜਣ ਲਈ ਉਤਰ ਹੀ ਆਏ ਹੋ ਤਾਂ ਮੈਨੂੰ ਪਹਿਲਾਂ ਵਰ ਦੇ ਰੂਪ ਵਿਚ ਇਹੀ ਵਰ ਦਿਓ ਕਿ ਵਾਪਿਸ ਜਾਣ ਤਕ ਪਿਤਾ ਜੀ ਦਾ ਕ੍ਰੋਧ ਸ਼ਾਂਤ ਹੋ ਜਾਵੇ ਅਤੇ ਉਹ ਪ੍ਰੇਮ ਪੂਰਵਕ ਮੇਰੇ ਨਾਲ ਗੱਲਾਂ ਕਰਨ।'' ਉਸ ਯੱਗ ਨੂੰ ਦੇਖਦੇ ਹੋਇਆਂ ਇਹ ਕਿੰਨਾ ਕਠਿਨ ਵਰ ਮੰਗਿਆ ਨਚਿਕੇਤਾ ਨੇ। ਉਹ ਸ਼ੰਕਾ ਵਿਚ ਪਿਆ ਹੋਇਆ ਸੀ ਕਿ ਪਤਾ ਨਹੀਂ ਯਮਦੂਤ ਇਹ ਵਰ ਦੇਣਗੇ ਵੀ ਜਾਂ ਨਹੀਂ।

ਯਮਰਾਜ ਨੇ ਨਚਿਕੇਤਾ ਦਾ ਸ਼ੱਕ ਦੂਰ ਕਰਦਿਆਂ ਕਿਹਾ, ''ਇਸੇ ਤਰ੍ਹਾਂ ਹੋਵੇਗਾ।'' ਮੌਤ ਦੇ ਮੂੰਹ 'ਚੋਂ ਵਾਪਿਸ ਆਇਆ ਦੇਖ ਕੇ ਤੇਰੇ ਪਿਤਾ ਮੇਰੀ ਪ੍ਰੇਰਣਾ ਤੋਂ ਪ੍ਰਸੰਨ ਹੋ ਜਾਣਗੇ ਅਤੇ ਜ਼ਿੰਦਗੀ ਭਰ ਚੈਨ ਦੀ ਨੀਂਦਰ ਸੌਣਗੇ।'' ਜਿਸਦਾ ਮਤਲਬ ਇਹ ਵੀ ਰਿਹਾ ਹੋ ਸਕਦਾ ਹੈ ਕਿ ਮੇਰੇ ਇਸ ਵਰਦਾਨ ਦਾ ਲਾਭ ਉਠਾ ਕੇ ਤੂੰ ਵੀ ਉਨ੍ਹਾਂ ਨੂੰ ਤੰਗ ਨਹੀਂ ਕਰੇਂਗਾ।

ਪ੍ਰਾਚੀਨ ਕਾਲ ਵਿਚ ਜੋ ਪਰਿਵਾਰਿਕ ਸੰਬੰਧ ਨੀਅਤ ਕੀਤੇ ਗਏ ਸਨ ਉਨ੍ਹਾਂ ਵਿਚੋਂ ਕੁਝ ਖ਼ਾਸ ਗੱਲਾਂ ਜਾਣ ਲੈਣ ਉਪਰੰਤ ਲੜਕਾ ਆਪਣੇ ਪਿਤਾ ਦਾ ਪਿਤਾ ਹੋ ਜਾਂਦਾ ਸੀ – **ਕਵਿਰਯਃ ਪੁਤ੍ਰਃ ਸ ਈਮਾਚਿਕੇਤ ਯਸਤਾ ਵਿਜਨਾਤ ਸ ਪਿਤੁਃ ਪਿਤਾਸਤ**। ਵੇਦ ਦਾ ਵਾਕ ਹੈ। ਗ਼ਲਤ ਤਾਂ ਹੋ ਹੀ ਨਹੀਂ ਸਕਦਾ। ਜਿਨ੍ਹਾਂ ਲੋਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਪੱਛਮ ਵਾਲਿਆਂ ਨੇ ਵੇਦਾਂ ਤੋਂ ਕੀ-ਕੀ ਚੁਰਾਇਆ, ਉਹ ਸ਼ਾਇਦ ਇਹ ਵੀ ਦੱਸਣਗੇ ਕਿ ਅੰਗ੍ਰੇਜ਼ੀ ਦਾ ਇਕ ਮੁਹਾਵਰਾ ਇਸੇ ਦਾ ਅਨੁਵਾਦ ਕਰਕੇ ਘੜ ਲਿਆ ਗਿਆ। ਇਸ ਲਈ ਮੂਲ ਅਤੇ ਅਨੁਵਾਦ ਦੋਹਾਂ ਦੀ ਕਸੌਟੀ 'ਤੇ ਪਰਖੇ ਜਾਣ 'ਤੇ ਵੀ ਨਚਿਕੇਤਾ ਖਰਾ ਤਾਂ ਉਤਰ ਹੀ ਸਕਦਾ ਹੈ।

ਯਮਲੋਕ ਵਲ ਆਉਂਦੇ ਸਮੇਂ ਰਸਤੇ ਵਿਚ ਉਹ ਲਗਾਤਾਰ ਸੋਚਦਾ ਰਿਹਾ ਕਿ ਪਿਤਾ ਜੀ ਆਪਣੇ ਯੱਗ ਨਾਲ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ ਜਿਸ ਦੇ ਲੋਭ ਵਿਚ ਉਨ੍ਹਾਂ ਨੇ

ਆਪਣੇ ਲੜਕੇ ਨੂੰ ਵੀ ਯਮ-ਲੋਕ ਭੇਜਣਾ ਸਵੀਕਾਰ ਕਰ ਲਿਆ। ਵਿਚਾਰਾਂ ਦੀ ਦੁਨੀਆ ਵਿਚ ਇਕੋ ਵੇਲੇ ਰਸਤੇ ਦੇ ਦੋਹਾਂ ਕਿਨਾਰੀਆਂ ਉਤੇ ਚਲਿਆ ਜਾ ਸਕਦਾ ਹੈ ਅਤੇ ਨਚਿਕੇਤਾ ਵੀ ਇਸੇ ਤਰ੍ਹਾਂ ਚਲ ਰਿਹਾ ਸੀ। ਕਦੀਂ ਤਾਂ ਇਹ ਸੋਚਦਾ ਉਸਦੇ ਪਿਤਾ ਬਹੁਤ ਨਿਰਦਈ ਅਤੇ ਸੁਆਰਥੀ ਹਨ, ਕਦੀ ਸੋਚਦਾ ਉਹ ਨਿਰਦਈ ਅਤੇ ਸੁਆਰਥੀ ਹੁੰਦੇ ਹੋਏ ਵੀ ਹਨ ਤਾਂ ਪਿਤਾ ਹੀ। ਸੰਭਵ ਹੈ ਯਮਲੋਕ ਭੇਜਣ ਵਿਚ ਉਨ੍ਹਾਂ ਨੇ ਪੁੱਤਰ ਦਾ ਕੋਈ ਹਿਤ ਵੀ ਸੋਚ ਲਿਆ ਹੋਵੇ।

ਉਹ ਇਹ ਤਾਂ ਜਾਣਦਾ ਸੀ ਕਿ ਯੱਗ, ਦਾਨ, ਪੁੰਨ ਕਰਨ ਨਾਲ ਆਦਮੀ ਸਵਰਗਾਂ ਨੂੰ ਜਾਂਦਾ ਹੈ ਪਰ ਉਦੋਂ ਤਕ ਉਹ ਇਹ ਨਹੀਂ ਸੀ ਜਾਣਦਾ ਕਿ ਸਵਰਗ ਹੈ ਕਿਥੇ। ਯਮਲੋਕ ਪਹੁੰਚ ਕੇ ਉਹ ਯਮਲੋਕ ਦੇ ਮਹੱਲ ਦਾ ਪਤਾ ਲਗਾਉਂਦਾ ਭਟਕ ਰਿਹਾ ਸੀ, ਉਸ ਵੇਲੇ ਉਹ ਜੇਲ੍ਹਾਂ ਕੋਲੋਂ ਵੀ ਜਾ ਲੰਘਿਆ ਜਿਥੋਂ ਲਗਾਤਾਰ ਚੀਖ਼-ਚਹਾੜੇ ਦੀਆਂ ਆਵਾਜ਼ਾਂ ਆ ਰਹੀਆਂ ਸਨ ਅਤੇ ਅਜਿਹੇ ਅੱਡਿਆਂ ਤੋਂ ਵੀ ਗੁਜ਼ਰਨ ਦਾ ਮੌਕਾ ਮਿਲਿਆ ਜਿਥੋਂ ਰੌਸ਼ਨੀ, ਸੁਗੰਧੀਆਂ, ਨਾਚ ਅਤੇ ਗਾਣਿਆਂ ਦੇ ਕਹਿਕਹੇ ਫੁਟਦੇ ਪਏ ਸਨ। ਉਸਨੂੰ ਯਮਲੋਕ ਦੀ ਚੰਗੀ ਜਾਣਕਾਰੀ ਨਹੀਂ ਸੀ ਪਰ ਉਸਨੂੰ ਹੌਲੀ-ਹੌਲੀ ਇਹ ਪਤਾ ਲੱਗਿਆ ਕਿ ਉਸ ਪੂਰੇ ਲੋਕ ਉਤੇ ਵਿਵਸਵਾਨ ਜਾਂ ਯਮਰਾਜ ਦਾ ਹੀ ਰਾਜ ਸੀ। ਦੇਵਤੇ ਇਕੋ ਵੇਲੇ ਦੋ ਨਾਂ ਰਖਦੇ ਸਨ ਇਕ ਗੂੜ੍ਹ ਨਾਂ ਤੇ ਦੂਜਾ ਆਮ ਨਾਂ। ਵਿਵਸਵਾਨ ਅਤੇ ਯਮਰਾਜ ਸੂਰਜ ਦੇ ਹੀ ਗੂੜ੍ਹ ਨਾਂ ਹਨ। ਰਾਜ-ਸੰਚਾਲਨ ਲਈ ਨਾ ਤਾਂ ਮੰਤਰੀ, ਨਾ ਸੈਨਾ। ਕੁਲ ਮਿਲਾ ਕੇ ਆਪਣੇ ਸਿਪਾਹੀ ਸਨ ਜੋ ਕਿਸੇ ਨੂੰ, ਕਿਸੇ ਥਾਂ ਤੋਂ, ਇਥੋਂ ਤਕ ਕਿ ਵਿਆਹ ਦੇ ਮੰਡਪ ਅਤੇ ਹਸਪਤਾਲ ਦੇ ਬਿਸਤਰੇ ਤੋਂ ਪਕੜ ਕੇ ਲੈ ਆਉਂਦੇ ਸਨ ਅਤੇ ਕੋਈ ਚੂੰ ਨਹੀਂ ਸੀ ਕਰ ਸਕਦਾ। ਵਿਵਸਥਾ ਦੇ ਨਾਂ ਤੇ ਸਿਰਫ਼ ਜ਼ੁਲਮ-ਖ਼ਾਨੇ ਅਤੇ ਧਰਮ ਵਿਚ ਪ੍ਰਬੀਨ ਮਸਤਾਨਿਆਂ ਦੇ ਅੱਡੇ ਸਨ ਅਤੇ ਉਨ੍ਹਾਂ ਅੱਡਿਆਂ ਤੇ ਦੇਵਤਿਆਂ ਦੇ ਪੀਣ ਲਈ ਪਦਾਰਥ ਤਿਆਰ ਕਰਨ ਤੋਂ ਲੈ ਕੇ ਗਾਉਣ, ਨੱਚਣ, ਦਿਲ ਅਤੇ ਦਿਮਾਗ਼ ਨੂੰ ਇਧਰ-ਉਧਰ ਕਰਨ ਅਤੇ ਇਸ ਮਗਰੋਂ ਦੀ ਸਾਰੀ ਬਕ-ਝਕ ਲਈ ਸਦਾ ਤਿਆਰ ਰਹਿਣ ਵਾਲੀਆਂ ਅਪੱਛਰਾਵਾਂ ਸਨ, ਜਿਨ੍ਹਾਂ ਦੇ ਸੁਪਨੇ ਮ੍ਰਿਤਲੋਕ ਵਿਚ ਆਪਣੀਆਂ ਘਰ-ਵਾਲੀਆਂ ਦੇ ਰਹਿੰਦਿਆਂ ਵੀ ਲੋਕ ਖ਼ਾਸ ਤੌਰ ਤੇ ਸ਼ਰੀਫ ਸਮਝੇ ਜਾਣ ਵਾਲੇ ਲੋਕ, ਦੇਖਦੇ ਹੋਏ ਪੂਰੀ ਉਮਰ ਕਟ ਦਿੰਦੇ ਸਨ। "ਯਮਰਾਜ ਦੇ ਜ਼ੁਲਮਖ਼ਾਨਿਆਂ ਵਿਚ, ਜਿਨ੍ਹਾਂ ਨੂੰ ਨਰਕ ਕਿਹਾ ਜਾ ਸਕਦਾ ਹੈ, ਔਰਤਾਂ ਲਈ ਥਾਂ ਅਤੇ ਜ਼ੁਲਮ ਤਾਂ ਪੁਰਸ਼ਾਂ ਦੀ ਤੁਲਨਾ ਵਿਚ ਜ਼ਿਆਦਾ ਸਨ, ਪਰ ਸਵਰਗ ਕਹੇ ਜਾਣ ਵਾਲੇ ਉਨ੍ਹਾਂ ਦੇ ਐਯਾਸ਼ੀ ਦੇ ਅੱਡਿਆਂ ਉਤੇ, ਇਸਤਰੀਆਂ ਲਈ ਜਾਂ ਤਾਂ ਕੋਈ ਸਥਾਨ ਨਹੀਂ ਸੀ, ਜਾਂ ਉਨ੍ਹਾਂ ਲਈ ਉਸ ਤਰ੍ਹਾਂ ਦਾ ਇੰਤਜ਼ਾਮ ਨਹੀਂ ਸੀ ਜੋ ਪੁਰਸ਼ਾਂ ਲਈ ਸੀ। ਜਾਂ ਕੌਣ ਜਾਣੇ ਗੰਧਰਵਾਂ ਅਤੇ ਯਕਸ਼ਾਂ ਦੀ ਕਲਪਨਾ ਪਹਿਲਾਂ ਸਤੀ ਨਾਰੀਆਂ ਦੇ ਪੁੰਨ ਦਾ ਫਲ ਦੇਣ ਲਈ ਹੀ ਕੀਤੀ ਗਈ ਹੋਵੇ ਅਤੇ ਬਾਅਦ ਵਿਚ ਉਨ੍ਹਾਂ ਨੂੰ ਇਸਤ੍ਰੀ ਵਾਲੇ ਸਵਰਗ 'ਚੋਂ ਕਢ ਕੇ ਬਾਹਰ ਕਰ ਦਿੱਤਾ ਗਿਆ ਹੋਵੇ ਅਤੇ ਉਸਦੀ ਇਸ ਤਰ੍ਹਾਂ ਘੇਰਾ-ਬੰਦੀ ਕਰ ਦਿੱਤੀ ਗਈ ਹੋਵੇ ਕਿ ਜੇ ਉਨ੍ਹਾਂ ਅਤ੍ਰਿਪਤ ਕਾਮਨਾਵਾਂ ਦੀ ਪੂਰਤੀ ਉਹ ਕਰਨਾ ਚਾਹੁਣ, ਤਾਂ ਜੋ ਚੰਗੀ ਬਿਰਤੀ ਵਾਲੇ ਲੋਕਾਂ ਵਿਚ ਧਰਮ ਅਤੇ ਪੁੰਨ ਦੇ ਕਾਰਣ ਸੰਚਿਤ ਹੁੰਦੀ ਚਲੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਆਪਸੀ ਸਹਿਯੋਗ ਤੋਂ ਕੰਮ ਚਲਾਉਣਾ ਪਵੇ। ਗੰਧਰਵਾਂ ਅਤੇ ਯਕਸ਼ਾਂ

ਦੇ ਇਸਤਰੀ-ਪ੍ਰੇਮ ਦੀਆਂ ਕਹਾਣੀਆਂ ਤਾਂ ਪ੍ਰਮਾਣਿਕ ਗ੍ਰੰਥਾਂ ਵਿਚ ਵੀ ਦਰਜ ਕੀਤੀਆਂ ਗਈਆਂ ਹਨ।

ਨਚਿਕੇਤਾ ਨੇ ਸੋਚਿਆ ਜਿਸ ਸਵਰਗ ਲਈ ਉਸਦੇ ਪਿਤਾ ਨੇ ਆਪਣੀ ਪੂਰੀ ਜ਼ਿੰਦਗੀ ਖ਼ਰਾਬ ਕਰ ਦਿੱਤੀ, ਆਪਣੇ ਬੱਚੇ ਤਕ ਦੇ ਭਵਿਖ ਦੀ ਚਿੰਤਾ ਨਹੀਂ ਕੀਤੀ, ਉਹ ਤਾਂ ਉਸਨੂੰ ਮੁਫਤ ਮਿਲ ਸਕਦੀ ਹੈ। ਯਮਰਾਜ ਉਸ ਨੂੰ ਵਰ ਦੇ ਚੁਕੇ ਹਨ। ਹੁਣ ਭੱਜ ਕੇ ਕਿੱਥੇ ਜਾਣਗੇ? ਉਹ ਨਾ-ਸਮਝ ਜਿੰਨਾ ਵੀ ਰਿਹਾ ਹੋਵੇ, ਉਹ ਜਾਣਦਾ ਸੀ ਕਿ ਇਹ ਸ੍ਰੀਮਾਨ ਉਸਨੂੰ ਸਵਰਗ ਦੇ ਨਾਂ ਤੇ ਸਵਰਗ ਦਾ ਨਕਸ਼ਾ ਦਿਖਾ ਕੇ ਛੁੱਟੀ ਕਰ ਦੇਣਗੇ। ਉਹ ਜਾਣਦਾ ਸੀ ਕਿ ਅਗਨੀ-ਵਿਦਿਆ ਦੇ ਬਿਨਾਂ ਕਿਸੇ ਨੂੰ ਸਵਰਗ ਨਹੀਂ ਮਿਲ ਸਕਦਾ, ਇਸ ਲਈ ਭੂਮਿਕਾ ਬਣਾਉਂਦੇ ਹੋਇਆਂ ਯਮਰਾਜ ਵਿਵਸਵਾਨ ਨੂੰ ਕਹਿਣ ਲੱਗਾ, "ਯਮਦੇਵ, ਸਾਰੇ ਲੋਕਾਂ ਵਿਚੋਂ ਸ੍ਰੇਸ਼ਠ ਹੈ ਸਵਰਗ ਲੋਕ। ਨਾ ਬਿਰਧ ਅਵਸਥਾ ਦੀ ਚਿੰਤਾ, ਨਾ ਮੌਤ ਦਾ ਡਰ। ਨਾ ਭੁੱਖ, ਨਾ ਪਿਆਸ। ਆਨੰਦ ਹੀ ਆਨੰਦ। ਜੋ ਸੋਚਿਆ ਸੋ ਹੱਥ ਆਇਆ। ਪਰ ਖ਼ਤਰਾ ਇਕ ਹੈ। ਉਹ ਬਿਨਾਂ ਅਗਨੀ-ਵਿਗਿਆਨ ਦੇ ਤਾਂ ਹਾਸਲ ਹੋ ਨਹੀਂ ਸਕਦਾ, ਇਸ ਲਈ ਮੈਨੂੰ ਸਵਰਗ ਤੋਂ ਵੀ ਸ੍ਰੇਸ਼ਠ ਅਤੇ ਉਸਦੀ ਪ੍ਰਾਪਤੀ ਦੇ ਸਾਧਨ ਅਗਨੀ-ਵਿਦਿਆ ਦਾ ਗਿਆਨ ਕਰਾਓ। ਯੱਗ-ਵਿਧਾਨ ਤੋਂ ਵੱਡਾ ਵਿਗਿਆਨ ਨਾ ਤਾਂ ਕੋਈ ਹੋਰ ਹੈ ਨਾ ਹੋ ਸਕਦਾ ਹੈ।"

ਯਮਰਾਜ ਵਿਵਸਵਾਨ ਹੈਰਾਨ ਹੋ ਗਏ। ਇਸ ਨੂੰ ਤਾਂ ਇਹ ਵੀ ਪਤਾ ਹੈ ਕਿ ਜੇ ਮਨੁੱਖ ਹੋਰ ਕੋਈ ਕੰਮ ਨਾ ਕਰੇ, ਉਸ ਨੂੰ ਹੋਰ ਕੋਈ ਗਿਆਨ ਨਾ ਹੋਵੇ, ਸਿਰਫ਼ ਯੱਗ ਦੇ ਕਰਮ-ਕਾਂਡ ਦਾ ਹੀ ਚੰਗਾ ਗਿਆਨ ਹੋਵੇ ਤਾਂ ਉਹ ਕੇਵਲ ਇਸੇ ਨਾਲ ਸਾਰੀਆਂ ਸਿੱਧੀਆਂ ਪ੍ਰਾਪਤ ਕਰ ਸਕਦਾ ਹੈ, ਇਥੋਂ ਤਕ ਕਿ ਸਵਰਗ ਵੀ। ਉਂਜ ਹੀ ਤਾਂ ਨਹੀਂ ਕਿਹਾ ਗਿਆ ਕਿ ਸਵਰਗ ਦੀ ਕਾਮਨਾ ਕਰਨ ਵਾਲੇ ਨੂੰ ਫਲਾਣਾ ਯੱਗ ਕਰਨਾ ਚਾਹੀਦਾ ਹੈ ਅਤੇ ਰਾਜ ਦੀ ਕਾਮਨਾ ਕਰਨ ਵਾਲੇ ਨੂੰ ਫਲਾਣਾ ਅਤੇ ਸੰਤਾਨ ਦੀ ਕਾਮਨਾ ਕਰਨ ਨੂੰ ਫਲਾਣਾ ਅਤੇ ਧਨ-ਦੌਲਤ ਦੀ ਕਾਮਨਾ ਕਰਨ ਵਾਲੇ ਨੂੰ ਫਲਾਣਾ। ਫਿਰ ਇਸਦੀ ਚਲੰਤ ਮਾਮਲਿਆਂ ਦੀ ਜਾਣਕਾਰੀ ਵੀ ਚੰਗੀ ਲਗਦੀ ਹੈ। ਇਹ ਭੇਦ ਤਾਂ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਪਹਿਲਾਂ ਜੋ ਕੰਮ ਯੱਗ ਤੋਂ ਹੀ ਸੰਭਵ ਹੁੰਦੇ ਹਨ ਹੁਣ ਉਹ ਸਾਰੇ ਕੰਮ ਬ੍ਰਾਹਮ-ਟੈਕਨਾਲੋਜੀ ਦੇ ਪ੍ਰਤਾਪ ਨਾਲ ਅਗਨ-ਵਿਦਿਆ ਤੋਂ ਹੀ ਹੋ ਸਕਦੇ ਹਨ। ਇਸ ਟੈਕਨਾਲੋਜੀ ਦਾ ਵਿਕਾਸ ਹੋ ਚੁੱਕਿਆ ਹੈ ਪਰ ਇਸਨੂੰ ਅਜੇ ਤਕ ਬ੍ਰਹਮ-ਵਾਦੀਆਂ ਤੋਂ ਹੀ ਛਿਪਾ ਕੇ ਰਖਿਆ ਗਿਆ ਹੈ, ਇਹ ਇਸ ਨੂੰ ਵੀ ਜਾਣਦਾ ਹੈ। ਕਹਿਣ ਨੂੰ ਅਬੋਧ ਬੱਚਾ ਹੈ, ਪਰ ਹੈ ਇਹ ਖ਼ਾਸਾ ਦਾਦਾ। ਆਪਣੇ ਬਾਪ ਦਾ ਵੀ ਬਾਪ।

ਸੋਚਿਆ, ਵਰ ਦਿੱਤਾ ਹੈ ਤਾਂ ਇਹ ਪਰਮ ਗੂੜ੍ਹ ਅਗ[illegible]ਵਿਗਿਆਨ ਵੀ ਦੱਸਣਾ ਪਵੇਗਾ ਜਿਸ ਨਾਲ ਸਾਰੇ ਲੋਕਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਜਿਸਨੂੰ ਬਹੁਤ ਘੱਟ ਲੋਕ ਜਾਣਦੇ ਹਨ। ਦੱਸਣਾ ਤਾਂ ਪਵੇਗਾ ਕਿ ਬ੍ਰਹਮ-ਵਾਦੀ ਯੱਗ ਦੀ ਵੇਦੀ ਦੀ ਵਿਵਸਥਾ ਕਿਵੇਂ ਕਰਦਾ ਹੈ। ਇਸ ਤੋਂ ਉੱਚਾ ਵਿਗਿਆਨ ਹੋਰ ਹੋ ਵੀ ਕੀ ਸਕਦਾ ਹੈ।

ਕਹਿਣ ਲੱਗੇ, "ਤਾਂ ਸੁਣ! ਸਵਰਗ ਦੇ ਆਧਾਰ ਇਸ ਅਗਨੀ-ਵਿਦਿਆ ਬਾਰੇ ਮੈਂ ਤੈਨੂੰ ਸਮਝਾਉਂਦਾ ਹਾਂ। ਜੋ ਤੈਨੂੰ ਕੋਈ ਨਹੀਂ ਦੱਸ ਸਕਦਾ ਉਹ ਭੇਦ ਤੈਨੂੰ ਮੈਂ ਦੱਸਦਾ ਹਾਂ

ਕਿ ਅਗਨੀ-ਕੁੰਡ ਦਾ ਨਿਰਮਾਣ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਕਿਸ ਤਰ੍ਹਾਂ ਇੱਟਾਂ ਵਿਛਾਈਆਂ ਜਾਂਦੀਆਂ ਹਨ। ਇੱਟਾਂ ਦੀ ਗਿਣਤੀ ਕਿੰਨੀ ਰਖੀ ਜਾਂਦੀ ਹੈ। ਕਿੰਨੇ ਰੱਦੇ ਲਗਾਏ ਜਾਂਦੇ ਹਨ ਜਾਂ ਕੀ ਆਕਾਰ ਦਿੱਤਾ ਜਾਂਦਾ ਹੈ। ਅਤੇ ਉਹ ਨਚਿਕੇਤਾ ਏਨਾ ਤੇਜ਼ ਬੁੱਧੀ ਵਾਲਾ ਨਿਕਲਿਆ ਕਿ ਉਸਨੇ ਇਕ-ਇਕ ਗੱਲ ਧਿਆਨ ਨਾਲ ਸੁਣੀ ਹੀ ਨਹੀਂ, ਸਗੋਂ ਯਮਰਾਜ ਵਿਵਸਵਾਨ ਨੂੰ ਇਕ ਇਕ ਗੱਲ ਇੰਨ-ਬਿੰਨ ਦੁਹਰਾ ਕੇ ਦੱਸ ਵੀ ਦਿੱਤੀ। ਹੁਣ ਯਮਰਾਜ ਦੇ ਸੰਤੋਸ਼ ਲਈ ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਸੀ। ਅਤੇ ਖੁਸ਼ ਹੋਣ ਦਾ ਮਤਲਬ ਤਾਂ ਹਮੇਸ਼ਾ ਕੁਝ-ਨਾ-ਕੁਝ ਦੇਣਾ ਹੁੰਦਾ ਹੈ, ਸੋ ਇਨ੍ਹਾਂ ਨੇ ਇਸਦਾ ਸਬੂਤ ਦਿੰਦਿਆਂ ਕਿਹਾ, ਹੁਣ ਮੈਂ ਇਕ ਵਰ ਬਿਨ ਮੰਗਿਆਂ ਹੀ ਦਿੰਦਾ ਹਾਂ। ਅਗਨੀ-ਵਿਦਿਆ ਦਾ ਵਿਕਾਸ ਤਾਂ ਹੋ ਗਿਆ ਸੀ, ਪਰ ਇਸ ਅਗਨੀ ਦਾ ਨਾਂ ਅਜੇ ਤਕ ਨਹੀਂ ਰਖਿਆ ਜਾ ਸਕਿਆ ਸੀ। ਹੁਣ ਅੱਜ ਤੋਂ ਇਹ ਅਗਨੀ-ਵਿਦਿਆ ਤੇਰੇ ਹੀ ਨਾਂ ਤੋਂ ਜਾਣੀ ਜਾਵੇਗੀ। ਤੂੰ ਕੇਵਲ ਏਨੀ ਕ੍ਰਿਪਾ ਕਰ ਕੇ ਇਸ ਗੱਲ ਨੂੰ ਸਵੀਕਾਰ ਕਰ ਲੈ।''

ਯਮਰਾਜ ਨੂੰ ਜ਼ਰੂਰ ਸ਼ੱਕ ਹੋ ਰਿਹਾ ਹੋਵੇਗਾ ਕਿ ਕਿਧਰੇ ਇਹ ਬਾਲਕ ਉਸਦੇ ਇਸ ਵਰਦਾਨ ਨੂੰ ਠੁਕਰਾ ਨਾ ਦੇਵੇ, ਇਸ ਲਈ ਉਸ ਨੂੰ ਇਸ ਅਗਨੀ-ਵਿਗਿਆਨ ਦਾ ਉਹ ਮਹੱਤਵ ਸਮਝਾਇਆ ਜੋ ਨਚਿਕੇਤਾ ਦੀ ਕਲਪਨਾ ਵਿਚ ਵੀ ਨਹੀਂ ਆਇਆ ਹੋਵੇਗਾ। ਕਹਿਣ ਲੱਗੇ, ''ਇਸ ਅਗਨੀ ਦਾ ਤਿੰਨ ਵਾਰ ਅਨੁਸ਼ਠਾਨ (ਵਿਵਸਥਾ) ਕਰਨ ਵਾਲਾ ਤਿੰਨ ਵੇਦਾਂ ਨੂੰ ਅੰਦਰ ਪਚਾ ਲੈਂਦਾ ਹੈ ਅਤੇ ਯੱਗ, ਦਾਨ, ਤਪ, ਤਿੰਨਾਂ ਕਰਮਾਂ ਨੂੰ ਸੰਪੂਰਨ ਕਰਨ ਵਾਲੇ ਵਾਂਗੂ ਜਨਮ ਅਤੇ ਮੌਤ ਦੋਹਾਂ ਤੋਂ ਪਾਰ ਹੋ ਕੇ ਅਮਰ ਬਣ ਜਾਂਦਾ ਹੈ। ਤਾਂ ਇਹ ਸਮਝੋ ਕਿ ਅਸਲੀ ਚੀਜ਼ ਇਹੀ ਹੈ। ਜਿਸਨੂੰ ਇੱਟਾਂ ਦੀ ਸਹੀ ਗਿਣਤੀ, ਇੱਟਾਂ ਦੇ ਆਕਾਰ, ਉਨ੍ਹਾਂ ਦੀ ਚੋਣ ਦੇ ਢੰਗ ਦਾ ਗਿਆਨ ਹੋ ਗਿਆ, ਨਚਿਕੇਤਾ ਅਗਨੀ ਦਾ ਉਹ ਗਿਆਤਾ ਮੌਤ ਦੇ ਚੱਕਰ ਤੋਂ ਹੀ ਖ਼ਲਾਸੀ ਪਾ ਜਾਂਦਾ ਹੈ। ਤਾਂ ਇਸ ਅਗਨੀ ਨਾਲ ਤੇਰਾ ਨਾਂ ਸਦਾ ਲਈ ਜੁੜ ਗਿਆ। ਇਹ ਰਿਹਾ, ਵੀਹਵੀਂ ਸਦੀ ਦੇ ਮੁਹਾਵਰੇ ਵਿਚ ਕਹੀਏ ਤਾਂ ਬੋਨਸ ਵਰਦਾਨ ਜਿਸਨੂੰ ਅੱਜ ਦੇ ਵਪਾਰੀ 'ਰੂੰਘਾ' ਕਹਿ ਕੇ ਕੰਮ ਚਲਾਉਂਦੇ ਹਨ। ਹੁਣ ਤੈਨੂੰ ਤੀਸਰਾ ਵਰਦਾਨ ਕੀ ਚਾਹੀਦਾ ਹੈ?''

ਨਚਿਕੇਤਾ ਨੇ ਕਿਹਾ, ''ਮਹਾਰਾਜ, ਹੁਣ ਤਾਂ ਪ੍ਰਾਪਤ ਕਰਨ ਲਈ ਕੁਝ ਵੀ ਨਹੀਂ ਰਿਹਾ। ਜਾਣਨ ਲਈ ਹੀ ਰਹਿ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਮਰਨ ਦੇ ਨਾਲ ਹੀ ਜੀਵਨ ਖ਼ਤਮ ਹੋ ਜਾਂਦਾ ਹੈ, ਕੁਝ ਵੀ ਬਾਕੀ ਨਹੀਂ ਰਹਿੰਦਾ। ਕੁਝ ਦਾ ਵਿਚਾਰ ਹੈ ਕਿ ਮਰਨ ਉਪਰੰਤ ਆਤਮਾ ਦੀ ਹੋਂਦ ਰਹਿੰਦੀ ਹੈ। ਇਨ੍ਹਾਂ ਦੋਹਾਂ ਵਿਚੋਂ ਕਿਹੜੀ ਗੱਲ ਸੱਚੀ ਹੈ?''

ਯਮਰਾਜ ਨੇ ਦੇਖਿਆ ਇਹ ਤਾਂ ਉਹ ਪਰਮ-ਤੱਤ ਨੂੰ ਜਾਣ ਲੈਣਾ ਚਾਹੁੰਦਾ ਹੈ ਜਿਸਦੇ ਸਾਹਮਣੇ ਯੱਗ ਅਤੇ ਪੂਰਤ ਸਭ ਦੇ ਲਾਭ ਕੱਖ ਵਾਂਗ ਹਨ। ਬੜੇ ਸੰਕਟ ਵਿਚ ਪਾ ਦਿੱਤਾ ਹੈ ਇਸ ਬੱਚੇ ਨੇ। ਵਰਦਾਨ ਦੇ ਚੁਕੇ ਸਨ। ਮੁਕਰਨਾ ਸੰਭਵ ਨਹੀਂ ਸੀ ਅਤੇ ਦੱਸਣਾ ਚਾਹੁੰਦੇ ਨਹੀਂ ਸਨ। ਸੋਚਿਆ ਸੌਦਾ ਕਰ ਲਿਆ ਜਾਵੇ। ਕਹਿਣ ਲੱਗੇ, ''ਵਰ ਦੇ ਕੇ ਮੈਂ ਤੇਰਾ ਕਰਜ਼ਦਾਰ ਤਾਂ ਹੋ ਹੀ ਚੁਕਿਆ ਹਾਂ। ਪਰ ਹੁਣ ਮੇਰੀ ਲਾਚਾਰੀ ਦਾ ਨਾਜਾਇਜ਼ ਫ਼ਾਇਦਾ ਨਾ ਉਠਾ। ਸਿਰਫ਼ ਇਹ ਸਵਾਲ ਨਾ ਕਰ। ਹੋਰ ਜੋ ਕੁਝ ਵੀ ਤੂੰ ਚਾਹੇਂਗਾ, ਮੈਂ ਤੈਨੂੰ ਦੇਣ ਲਈ ਤਿਆਰ ਹਾਂ। ਇਹ ਆਤਮ-ਵਿਦਿਆ ਏਨੀ ਸੂਖਮ ਹੈ ਕਿ ਇਸ ਬਾਰੇ ਦੇਵਤਿਆਂ

ਵਿਚਕਾਰ ਵੀ ਵਿਚਾਰ ਵਟਾਂਦਰਾ ਹੋਇਆ ਪਰ ਉਹ ਵੀ ਇਸ ਬਾਰੇ ਕੋਈ ਨਿਰਣਾ ਨਹੀਂ ਕਰ ਸਕੇ। ਇਸਦਾ ਵਿਵੇਚਨ ਕਰਨ ਦੀ ਥਾਂ ਮੈਂ ਤੇਰੀ ਕੋਈ ਵੀ ਇੱਛਾ ਪੂਰੀ ਕਰਨ ਲਈ ਤਿਆਰ ਹਾਂ।''

ਪਰ ਨਚਿਕੇਤਾ ਦਾ ਤਾਂ ਸੰਕਲਪ ਹੀ ਸੀ ਕਿ ਯੱਗ ਦੇ ਵਿਗਿਆਨ ਤੋਂ ਵੀ ਉਤੇ ਇਸ ਆਤਮ-ਤੱਤ ਨੂੰ ਜਾਣਨਾ। ਯੱਗ ਕਰਾਉਣ ਵਾਲੇ ਨਾ ਹੁੰਦੇ ਤਾਂ ਉਸਦੇ ਪਿਤਾ ਨੇ ਯੱਗ ਕਿਵੇਂ ਕਰਾ ਲਿਆ ਹੁੰਦਾ। ਉਹ ਵੇਦਾਂ ਤੋਂ ਵੀ ਅਗੰਮੀ, ਕਰਮ-ਕਾਂਡ ਅਤੇ ਯੱਗ ਦੇ ਲਾਭ, ਜਿਨ੍ਹਾਂ ਦੀ ਪਹੁੰਚ ਜ਼ਿਆਦਾ ਤੋਂ ਜ਼ਿਆਦਾ ਸਵਰਗ ਤਕ ਹੈ, ਤੋਂ ਵੀ ਪਰੇ ਆਤਮ-ਵਿਦਿਆ ਨੂੰ ਜਾਣਨਾ ਚਾਹੁੰਦੇ ਸਨ। ਅਤੇ ਜਿਸ ਗੂੜ੍ਹ ਵਿਦਿਆ ਨੂੰ ਦੇਵਤੇ ਤਕ ਸਪਸ਼ਟ ਰੂਪ ਵਿਚ ਨਾ ਜਾਣ ਸਕੇ ਜੇ ਯਮਰਾਜ ਤੋਂ ਨਾ ਜਾਣ ਲਿਆ ਤਾਂ ਫਿਰ ਜਾਣਨ ਦਾ ਮੌਕਾ ਕਿਥੋਂ ਮਿਲੇਗਾ। ਕਹਿਣ ਲੱਗਾ, ''ਮਹਾਰਾਜ, ਤੁਸੀਂ ਤਾਂ ਆਪ ਮੰਨਦੇ ਹੋ ਕਿ ਇਸ ਵਿਦਿਆ ਦੇ ਸਮਾਨ ਹੋਰ ਕੁਝ ਵੀ ਨਹੀਂ ਹੈ। ਤਾਂ ਫਿਰ ਦੂਜਾ ਕੋਈ ਵਰ ਇਸਦੇ ਮੁਕਾਬਲੇ ਦਾ ਹੋਵੇਗਾ ਕਿਵੇਂ? ਅਤੇ ਇਹ ਗਿਆਨ ਜੇ ਆਪ ਤੋਂ ਨਾ ਮਿਲਿਆ ਤਾਂ ਫਿਰ ਮਿਲੇਗਾ ਕਿਵੇਂ?''

ਯਮਰਾਜ ਦੀ ਹਾਲਤ ਖ਼ਰਾਬ। ਕਹਿਣ ਲੱਗੇ, ''ਇਕ ਵਾਰ ਹੋਰ ਸੋਚ ਲਵੋ ਨਚਿਕੇਤਾ। ਦੇਖੋ, ਲੋਕ ਆਬਾਅਦੀ ਵਧਾਉਣ ਲਈ ਕਮਰ ਕੱਸ ਕੇ ਤਿਆਰ ਰਹਿੰਦੇ ਹਨ ਪਰ ਜਿੰਨੀਆਂ ਚਾਹੁੰਦੇ ਹਨ ਓਨੀਆਂ ਸੰਤਾਨਾਂ ਪੈਦਾ ਨਹੀਂ ਕਰ ਸਕਦੇ, ਨਹੀਂ ਤਾਂ ਹਰ ਆਦਮੀ ਦੇ ਘਰ ਲੜਕਿਆਂ ਦੀ ਫੌਜ ਤਿਆਰ ਮਿਲੇ। ਉਹ ਵਰਦਾਨ ਤੈਨੂੰ ਦੇ ਸਕਦਾ ਹਾਂ, ਤੂੰ ਜਿੰਨੇ ਬੱਚੇ ਪੈਦਾ ਕਰਨੇ ਚਾਹੇਂ ਬੇ-ਰੋਕ ਟੋਕ ਪੈਦਾ ਕਰੀ ਚਲ। ਲੋਕ ਹਾਥੀ, ਘੋੜੇ ਅਤੇ ਸੋਨੇ ਲਈ ਤਰਸਦੇ ਹਨ। ਤੂੰ ਗਿਣਤੀ ਅਤੇ ਮਾਤਰਾ ਦੱਸ ਦੇ, ਢੇਰ ਲਗਾ ਦਿਆਂਗਾ। ਤੂੰ ਜਿੰਨਾ ਵੱਡਾ ਸਾਮਰਾਜ ਚਾਹੁੰਦਾ ਹੈਂ ਮੰਗ, ਜਿੰਨੀ ਲੰਮੀ ਉਮਰ ਚਾਹੁੰਦਾ ਹੈ ਮੰਗ ਕੇ ਦੇਖ। ਸਭ ਕੁਝ ਇਕੱਠਾ ਲੈ ਲਵੋ।'' ਨਚਿਕੇਤਾ ਉਤੇ ਕੋਈ ਅਸਰ ਨਹੀਂ। ਫਿਰ ਸਵਰਗ ਦੇ ਰਾਜ ਦਾ ਲੋਭ ਦਿੱਤਾ ਅਤੇ ਉਥੇ ਜੋ ਆਕਾਸ਼ ਵਿਚ ਉਡਣ ਵਾਲੇ ਰਥ ਹੁੰਦੇ ਹਨ, ਸੁਖ ਸੁਵਿਧਾਵਾਂ ਹੁੰਦੀਆਂ ਹਨ ਅਤੇ ਇਸ ਤੋਂ ਵੀ ਉਪਰ ਜੋ ਅਨੂਪਮ ਸੁੰਦਰੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਧਰਤੀ ਉਤੇ ਤਾਂ ਦਰਸ਼ਨ ਵੀ ਨਹੀਂ ਹੋ ਸਕਦੇ, ਉਨ੍ਹਾਂ ਵਲ ਵੀ ਇਸ਼ਾਰਾ ਕੀਤਾ, ਪਰ ਉਹ ਜ਼ਰਾ ਵੀ ਨਾ ਟਲਿਆ। ਉਲਟਾ ਕਹਿਣ ਲੱਗਾ, 'ਕਿਸ ਨੂੰ ਮੂਰਖ ਬਣਾ ਰਹੇ ਹੋ ਯਮਰਾਜ। ਕੀ ਮੈਂ ਨਹੀਂ ਜਾਣਦਾ, ਸਵਰਗ ਦਾ ਮਤਲਬ ਕੀ ਹੁੰਦਾ ਹੈ। ਚਾਰ ਦਿਨ ਦਾ ਉਹ ਸੁਖ, ਉਹ ਨਾਚ ਗਾਣਾ ਅਤੇ ਅਪੱਛਰਾਵਾਂ ਦਾ ਸਹਿਵਾਸ, ਇਹ ਸਭ ਆਪ ਆਪਣੇ ਕੋਲ ਰਖੋ। ਮੈਨੂੰ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ। ਮੈਨੂੰ ਤਾਂ ਆਪਣਾ ਮੂੰਹ ਮੰਗਿਆ ਵਰ ਹੀ ਚਾਹੀਦਾ ਹੈ।''

ਜਦੋਂ ਬਚਣ ਦਾ ਕੋਈ ਰਸਤਾ ਨਾ ਰਹਿ ਗਿਆ ਅਤੇ ਯਾਮਰਾਜ ਵਿਵਸਵਾਨ ਨੂੰ ਇਹ ਨਿਸ਼ਚਾ ਹੋ ਗਿਆ ਕਿ ਨਚਿਕੇਤਾ ਵਿਚ ਸੱਚੀ ਜਿਗਿਆਸਾ ਹੈ ਅਤੇ ਇਹ ਆਤਮ-ਤੱਤ ਨੂੰ ਜਾਣਨ ਦਾ ਸਚਮੁਚ ਅਧਿਕਾਰੀ ਹੈ, ਤਾਂ ਉਨ੍ਹਾਂ ਨੇ ਦੱਸਣਾ ਸ਼ੁਰੂ ਕੀਤਾ।

''ਮਨੁੱਖ ਦੋ ਹੀ ਮੰਤਵਾਂ ਨਾਲ ਕੋਈ ਕੰਮ ਕਰਦਾ ਹੈ। ਜਾਂ ਤਾਂ ਉਹ ਆਪਣੀ ਪਿਆਰੀ ਵਸਤੂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਜਾਂ ਆਪਣਾ ਕਲਿਆਣ ਕਰਨਾ ਚਾਹੁੰਦਾ ਹੈ। ਜਾਂ ਤਾਂ ਪ੍ਰੇਯ (ਪਿਆਰੀ ਵਸਤੂ) ਲਈ ਜਾਂ ਸ਼੍ਰੇਯ (ਪੁੰਨ) ਲਈ। ਯਗ ਪ੍ਰੇਯ ਲਈ ਹੈ ਅਤੇ

ਆਤਮ-ਤੱਤ ਸ੍ਰੇਯ ਲਈ। ਜੋ ਸ੍ਰੇਯ ਨੂੰ ਚੁਣਦਾ ਹੈ, ਉਹ ਭ੍ਰਸ਼ਟ ਹੋ ਜਾਂਦਾ ਹੈ, ਜਦ ਕੇ ਸ੍ਰੇਯ ਦੀ ਦਿਸ਼ਾ ਵਿਚ ਪ੍ਰਵੇਸ਼ ਕਰਨ ਵਾਲੇ ਦਾ ਕਲਿਆਣ ਹੀ ਹੁੰਦਾ ਹੈ। ਇਨ੍ਹਾਂ ਵਿਚ ਪਹਿਲੇ ਜਾਂ ਪ੍ਰੇਯ ਦੀ ਸਿੱਧੀ ਅਵਿਦਿਆ ਤੋਂ ਹੁੰਦੀ ਹੈ ਅਤੇ ਸ੍ਰੇਯ ਦੀ ਵਿਦਿਆ ਤੋਂ। ਇਨ੍ਹਾਂ ਦੋਹਾਂ ਦੇ ਸੰਭਵ ਅਤੇ ਪਰਿਨਾਮ ਇਕ ਦੂਜੇ ਦੇ ਉਲਟ ਹਨ। ਨਚਿਕੇਤਾ, ਤੇਰੇ ਮਨ ਵਿਚ ਕਿਉਂਕਿ ਪ੍ਰੇਯ ਦਾ ਜ਼ਰਾ ਵੀ ਲੋਭ ਨਹੀਂ ਹੈ, ਇਸ ਲਈ ਹੀ ਮੈਂ ਤੈਨੂੰ ਪਰਾ-ਵਿਦਿਆ ਨੂੰ ਜਾਣਨ ਦਾ ਅਧਿਕਾਰੀ ਮੰਨਦਾ ਹਾਂ।

ਅਵਿਦਿਆ ਵਿਚ ਫਸੇ ਹੋਏ ਆਪਣੇ ਆਪ ਨੂੰ ਪ੍ਰਕਾਂਡ ਪੰਡਿਤ ਅਤੇ ਬੁੱਧੀਮਾਨ ਸਮਝਣ ਵਾਲੇ ਵਿਅਕਤੀ ਦੀ ਦਸ਼ਾ 'ਅੰਨ੍ਹੀ ਅੰਨ੍ਹੇ ਖੂਹੇ ਠੇਹਲੇ' ਵਾਲੀ ਹੈ – **ਅੰਧੇਨੈਵ ਨੀਯਮਾਨਾ ਯਥਾਂਧਾ।** ਧਨ ਦੇ ਲੋਭ ਵਿਚ ਪਏ ਹੋਏ ਘੋਰ ਪ੍ਰਮਾਦੀ ਵਿਅਕਤੀ ਨੂੰ ਪਰਲੋਕ ਦਾ ਧਿਆਨ ਨਹੀਂ ਰਹਿੰਦਾ। ਉਹ ਕਹਿੰਦਾ ਹੈ ਕਿ ਜੋ ਕੁਝ ਹੈ ਇਹ ਸੰਸਾਰ ਹੀ ਹੈ। ਇਸੇ ਵਿਚ ਸਭ ਕੁਝ ਹਾਸਲ ਹੋਣਾ ਹੈ। ਅਤੇ ਵਿਅਕਤੀ ਜੀਵਨ-ਚਕ੍ਰ ਵਿਚ ਉਲਝ ਜਾਂਦਾ ਹੈ ਅਤੇ ਮੁੜ ਮੁੜ ਮੇਰਾ ਭੋਜਨ ਬਣਦਾ ਰਹਿੰਦਾ ਹੈ।

ਇਹ ਜੋ ਆਤਮ-ਤੱਤ ਹੈ, ਇਸ ਦਾ ਗਿਆਨ ਤਾਂ ਦੂਰ ਦੀ ਗੱਲ ਹੈ। ਬਹੁਤ ਸਾਰਿਆਂ ਨੇ ਤਾਂ ਇਸਦਾ ਨਾਂ ਤਕ ਨਹੀਂ ਸੁਣਿਆ ਹੋਵੇਗਾ। ਇਸਦੀ ਸਿੱਧੀ ਕਰਨ ਵਾਲਾ ਵਿਅਕਤੀ ਤਾਂ ਦੁਨੀਆ ਦੇ ਸਾਰੇ ਅਸਚਰਜਾਂ ਤੋਂ ਉਤੇ ਹੈ, ਇਸ ਦਾ ਗਿਆਤਾ ਵਿਅਕਤੀ ਵੀ ਧੰਨ ਹੈ।

ਜੋ ਇਸ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ ਉਨ੍ਹਾਂ ਦੇ ਸਮਝਾਉਣ ਨਾਲ ਇਹ ਸਮਝ ਵਿਚ ਨਹੀਂ ਆਉਂਦਾ। ਕੇਵਲ ਚਿੰਤਨ ਅਤੇ ਮਨਨ ਕਰਦੇ ਰਹਿਣ ਨਾਲ ਵੀ ਇਹ ਸਮਝ ਵਿਚ ਨਹੀਂ ਆਉਂਦਾ। ਪੋਥੀ ਪੜ੍ਹਨ ਨਾਲ ਇਸਦਾ ਗਿਆਨ ਨਹੀਂ ਹੁੰਦਾ। ਇਸਦੀ ਸਿੱਧੀ ਤਾਂ ਕਿਸੇ ਪਹੁੰਚੇ ਹੋਏ ਗੁਰੂ ਦੇ ਉਪਦੇਸ਼ ਤੋਂ ਹੀ ਹੋ ਸਕਦੀ ਹੈ। ਕਿਉਂਕਿ ਇਹ ਵਿਸ਼ਾ ਸੂਖਮ-ਅਤਿ-ਸੂਖਮ – **ਅਣੁਪ੍ਰਮਾਣਾਤ ਅਣੀਯਾਨ** – ਡੂੰਘੇ ਤੋਂ ਵੀ ਡੂੰਘਾ ਹੈ।

ਅਤੇ ਜੋ ਤੇਰੀ ਆਪਣੀ ਬੁੱਧੀ ਹੈ, ਉਹ ਵੀ ਘੱਟ ਕਮਾਲ ਦੀ ਨਹੀਂ ਹੈ। ਅਜਿਹੀ ਸਮਝ ਤਰਕ ਨਾਲ ਨਹੀਂ ਆਉਂਦੀ। ਕੇਵਲ ਸਤਿਸੰਗ ਨਾਲ ਹੀ ਬੁੱਧੀ ਨਿਰਮਲ ਹੋ ਸਕਦੀ ਹੈ। ਉਹ ਗੁਰੂ ਧੰਨ ਹੈ ਜਿਸਨੂੰ ਤੇਰੇ ਵਰਗਾ ਸਥਿਰ ਚਿਤ ਜਿਗਿਆਸੂ ਸ਼ਿਸ਼ ਮਿਲ ਜਾਵੇ।

ਅਤੇ ਮੇਰੀ ਹਾਲਤ ਤਾਂ ਤੈਥੋਂ ਛਿਪੀ ਨਹੀਂ ਹੈ। ਮੈਂ ਤਾਂ ਜਾਣਦਾ ਹੀ ਹਾਂ ਕਿ ਜੇ ਕਿਸੇ ਨੂੰ ਪਦਾਰਥਾਂ ਦੀ ਪਟਾਰੀ ਹੀ ਦੇ ਦਿੱਤੀ ਜਾਵੇ ਤਾਂ ਵੀ ਉਸ ਨਾਲ ਉਹ ਉਸ ਧ੍ਰੁਵ (ਸਥਾਈ) ਅਤੇ ਅਵਿਨਾਸ਼ੀ ਬ੍ਰਹਮ ਨੂੰ ਨਹੀਂ ਪਾ ਸਕਦਾ। ਕਾਰਣ ਇਹ ਹੈ ਕਿ ਨਾਸ਼ਮਾਨ ਨਾਲ ਅਵਿਨਾਸ਼ੀ ਨਹੀਂ ਮਿਲਿਆ ਕਰਦਾ। ਮੈਂ ਇਹੀ ਸੋਚ ਕੇ ਜੋ ਸਾਧਨਾ ਵੀ ਕੀਤੀ, ਤਾਂ ਨਚਿਕੇਤ-ਅਗਨੀ ਦੀ। ਉਸਦੀ ਜਿਸਦੀ ਸਾਧਨਾ ਯੱਗ ਵਾਂਗ ਕਿਸੇ ਕਾਮਨਾ ਦੀ ਪੂਰਤੀ ਲਈ ਨਹੀਂ ਕੀਤੀ ਜਾਂਦੀ। ਇਹ ਵੱਖਰੀ ਤਰ੍ਹਾਂ ਦਾ ਯੱਗ ਹੈ। ਵੱਖਰੀ ਕਿਸਮ ਦੀ ਸਾਧਨਾ ਅਤੇ ਇਸੇ ਦੀ ਬਦੌਲਤ ਮੈਂ ਉਸ ਨਿੱਤ ਜਾਂ ਅਵਿਨਾਸ਼ੀ ਬ੍ਰਹਮ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਸਕਿਆ ਹਾਂ। ਮੈਂ ਸਭ ਦੀ ਜਾਨ ਲੈਂਦਾ ਹਾਂ ਪਰ ਇਸ ਗਿਆਨ ਕਾਰਣ ਆਪ ਅਮਰ ਹੋ ਗਿਆ ਹਾਂ।"

ਗੁਰੂ ਅਤੇ ਸ਼ਿਸ਼ ਦੀ ਅਜਿਹੀ ਜੋੜੀ ਮਿਲ ਗਈ ਸੀ ਕਿ ਗੁਰੂ ਧੰਨ ਅਤੇ ਸ਼ਿਸ਼ ਸਫਲ-ਮਨੋਰਥ। ਹੁਣ ਗੁਰੂ ਨੇ ਦੱਸਿਆ ਕਿ ਜਦੋਂ ਉਹ ਆਤਮ-ਤੱਤ ਨੂੰ ਦੱਸਣ ਦੀ ਥਾਂ ਦੁਨੀਆ ਦੇ ਸਾਰੇ ਸੁਖ ਅਤੇ ਇਥੋਂ ਤਕ ਕਿ ਸਵਰਗ ਦੇ ਸਾਰੇ ਸੁਖ ਦੇ ਕੇ ਇਸ ਆਤਮ-ਤੱਤ ਦਾ ਉਪਦੇਸ਼ ਦੇਣ ਤੋਂ ਬਚਣਾ ਚਾਹੁੰਦਾ ਸੀ ਤਾਂ ਉਹ ਸ਼ਿਸ਼ ਦੀ ਪਰੀਖਿਆ ਲੈ ਰਿਹਾ ਸੀ ਕਿ ਉਹ ਸਚਮੁਚ ਇਸ ਗਿਆਨ ਦਾ ਅਧਿਕਾਰੀ ਹੈ, ਜਾਂ ਨਹੀਂ। ਸ਼ਿਸ਼ ਪਰੀਖਿਆ ਵਿਚ ਸਫਲ ਹੋਇਆ ਸੀ। ਗੁਰੂ ਸੰਤੁਸ਼ਟ ਸੀ ਕਿ ਉਸਨੇ ਸਵਰਗ ਦੇ ਸੁਖ ਨੂੰ ਵੀ ਤੁੱਛ ਮੰਨ ਲਿਆ ਜਿਸ ਦੀ ਵੇਦਾਂ ਤਕ ਬਹੁਤ ਜ਼ਿਆਦਾ ਪ੍ਰਸ਼ੰਸਾ ਕੀਤੀ ਗਈ ਹੈ।

ਯਮਰਾਜ ਨੇ ਕਿਹਾ, ''ਸੁਣੋ! ਇਹ ਜੋ ਦੁਨੀਆ ਹੈ ਇਹ ਇਕ ਵਿਰਾਟ ਮਹਾਨ ਬਨ ਵਾਂਗ ਹੈ। ਘਣਾ ਜੰਗਲ, ਜਿਸ ਵਿਚ ਨਾ ਤਾਂ ਸੌਖ ਨਾਲ ਵੜਿਆ ਜਾ ਸਕਦਾ ਹੈ ਨਾ ਹੀ ਕੁਝ ਨਜ਼ਰ ਆਉਂਦਾ ਹੈ। ਇਸਦਾ ਜੰਗਲੀ-ਪਨ ਵੀ ਅਕਸਰ ਦਿਖਾਈ ਨਹੀਂ ਦਿੰਦਾ ਜਾਂ ਕੁਝ ਔਖਿਆਈ ਨਾਲ ਦਿਖਾਈ ਦਿੰਦਾ ਹੈ। ਅਕਸਰ ਜਾਨਵਰ ਆਦਮੀ ਅਤੇ ਆਦਮੀ ਜਾਨਵਰ ਦਿਖਾਈ ਦਿੰਦੇ ਹਨ। ਅਤੇ ਇਸਦੇ ਇਕ-ਇਕ ਅੰਸ਼ ਵਿਚ, ਇਸ ਦੇ ਜਾਨਵਰਾਂ ਅਤੇ ਮਨੁੱਖਾਂ, ਕੋਟਰਾਂ ਅਤੇ ਗੁਫਾਵਾਂ, ਬ੍ਰਿੱਛਾਂ ਅਤੇ ਵੇਲਾਂ, ਸਾਰਿਆਂ ਵਿਚ ਛਿਪਿਆ ਉਹ ਬ੍ਰਹਮ ਬੈਠਾ ਹੈ ਜੋ ਅੱਖਾਂ ਨਾਲ ਨਜ਼ਰ ਨਹੀਂ ਆਉਂਦਾ ਪਰ ਉਸਦੀ ਇਸ ਮੌਜੂਦਗੀ ਦਾ ਬੋਧ ਹੁੰਦਿਆਂ ਹੀ ਧੀਰਜਵਾਨ ਅਤੇ ਵਿਵੇਕਸ਼ੀਲ ਵਿਅਕਤੀ ਦੁਖ-ਸੁਖ ਤੋਂ ਮੁਕਤ ਹੋ ਜਾਂਦਾ ਹੈ। ਜਿਸਨੇ ਆਤਮਾ ਨੂੰ ਜਾਣ ਲਿਆ ਉਸ ਲਈ ਸਰੀਰ ਅਤੇ ਸਰੀਰਕ ਦੁਖ-ਸੁਖ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਉਹ ਆਤਮਾਨੰਦ ਵਿਚ ਵਿਚਰਦਾ ਹੋਇਆ ਆਤਮ-ਤ੍ਰਿਪਤੀ ਅਨੁਭਵ ਕਰਦਾ ਹੈ। ਨਚਿਕੇਤਾ, ਤੇਰੀ ਆਤਮ-ਦ੍ਰਿਸ਼ਟੀ ਕੁਝ ਉਸੇ ਤਰ੍ਹਾਂ ਦੀ ਹੈ। ਇਸ ਲਈ, ਬ੍ਰਹਮ ਸਾਖਿਆਤਕਾਰ ਦੂਜਿਆਂ ਦੇ ਲਈ ਭਾਵੇਂ ਔਖਾ ਹੋਵੇ, ਤੇਰੇ ਲਈ ਤਾਂ ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਖੁਲ੍ਹੇ ਹੋਏ ਦਰਵਾਜ਼ੇ ਦਾ ਮਕਾਨ – **ਵਿਵ੍ਰਿਤ ਦ੍ਵਾਰ ਸਦਮ।**''

ਨਚਿਕੇਤਾ ਆਪਣੀ ਤਾਰੀਫ਼ ਤੋਂ ਖੁਸ਼ ਤਾਂ ਹੋਇਆ ਹੀ ਹੋਵੇਗਾ ਪਰ ਉਸ ਨੂੰ ਲੱਗਿਆ ਵਕਤ ਕੁਝ ਜ਼ਿਆਦਾ ਖ਼ਰਾਬ ਹੋ ਰਿਹਾ ਹੈ ਅਤੇ ਯਮਰਾਜ ਦੇਵ ਅਸਲ ਗੱਲ 'ਤੇ ਆ ਹੀ ਨਹੀਂ ਰਹੇ। ਐਵੇਂ ਤਾਰੀਫ਼ ਕਰਕੇ ਟਰਕਾਉਣ ਦਾ ਤਾਂ ਇਰਾਦਾ ਨਹੀਂ। ਕਹਿਣ ਲੱਗੇ, ਆਪ ਮੇਰੇ ਤੇ ਖੁਸ਼ ਹੋ, ਇਹ ਤਾਂ ਪਤਾ ਲਗ ਗਿਆ। ਆਪ ਯਮਰਾਜ ਹੋ। ਆਪ ਕੋਲ ਸਮੇਂ ਦੀ ਘਾਟ ਤਾਂ ਹੈ ਨਹੀਂ। ਸਾਡੀ ਘੜੀ ਦੇ ਬੰਧਨ ਤੋਂ ਆਪ ਉਪਰ ਹੋ। ਆਪ ਹੀ ਕਾਲ ਹੋ। ਪਰ ਮੈਂ ਠਹਿਰਿਆ ਆਦਮੀ ਅਤੇ ਪੂਰੀ ਉਮਰ ਅੱਖਾਂ ਦੇ ਸਾਹਮਣੇ ਹੈ। ਮੇਰੇ ਲਈ ਤਾਂ ਸਮਾਂ ਕੀਮਤੀ ਹੈ ਹੀ। ਇਸ ਲਈ ਹੁਣ ਜਲਦੀ ਹੀ ਮੈਨੂੰ ਉਹ ਸਾਰਾ ਭੇਦ ਦੱਸ ਦਿਓ ਜੋ ਆਪਨੇ ਅਜੇ ਤਕ ਕਿਸੇ ਨੂੰ ਨਹੀਂ ਦੱਸਿਆ। ਦੱਸੋ ਕਿ ਉਹ ਭੂਤ ਅਤੇ ਭਵਿਖ ਤੋਂ ਪਰੇ, ਕ੍ਰਿਤ ਅਤੇ ਅਕ੍ਰਿਤ ਤੋਂ ਪਰੇ, ਧਰਮ ਅਤੇ ਅਧਰਮ ਤੋਂ ਪਰੇ ਜੋ ਸੱਤਾ ਹੈ, ਉਹ ਕੀ ਹੈ।

ਯਮਰਾਜ ਬੋਲਣ ਲੱਗੇ, ''ਉਹ ਪਰਮ-ਦੇਵ ਉਹੀ ਹੈ ਜਿਸ ਦੀ ਮਹਿਮਾ ਵੇਦਾਂ ਵਿਚ ਗਾਈ ਗਈ ਹੈ। ਇਹ ਜੋ ਧੂਣੀ ਰਮਾ ਕੇ, ਜਟਾਂ ਵਧਾ ਕੇ ਅਤੇ ਅਨੇਕਾਂ ਕਸ਼ਟਾਂ ਨੂੰ ਸਹਿੰਦੇ ਹੋਇਆਂ ਏਨੀ ਸਾਰੀ ਤਪ ਸਾਧਨਾ ਕੀਤੀ ਜਾਂਦੀ ਹੈ, ਉਸਦਾ ਮਨੋਰਥ ਵੀ ਉਸ ਤਕ ਪਹੁੰਚਣਾ ਹੈ। ਬ੍ਰਹਮਚਰਯ ਦਾ ਆਚਰਣ ਵੀ ਉਸੇ ਲਈ ਕੀਤਾ ਜਾਂਦਾ ਹੈ। ਇਸੇ ਨੂੰ ਇਕ

ਅੱਖਰ ਵਿਚ 'ਓਮ' ਕਹਿੰਦੇ ਹਨ ਅਤੇ ਉਸ ਓਮ ਦਾ ਹੀ ਉਪਦੇਸ਼ ਸੰਖੇਪ ਵਿਚ ਮੈਂ ਤੈਨੂੰ ਦਿਆਂਗਾ। ਇਹੀ ਇਕ ਅਤੇ ਇਕਲਾ ਅੱਖਰ ਜਾਂ ਅਵਿਨਾਸ਼ੀ ਬ੍ਰਹਮ ਹੈ। ਉਹੀ ਸਭ ਤੋਂ ਉਤੇ ਹੈ। ਉਸ ਨੂੰ ਜਾਣ ਲੈਣ ਤੇ ਕੋਈ ਜੋ ਕੁਝ ਵੀ ਚਾਹੇ, ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਉਹ ਅੱਠੇ ਸਿੱਧੀਆਂ ਅਤੇ ਨੌਂ ਨਿੱਧੀਆਂ ਦਾ ਇਕ-ਮਾਤਰ ਦਾਤਾ ਹੈ। ਇਸ ਨੂੰ ਪ੍ਰਾਪਤ ਕਰਨ ਦਾ ਇਕੋ ਹੀ ਉਪਾਉ ਹੈ, ਉਸੇ ਦਾ ਹੱਥ ਪਕੜ ਲੈਣਾ ਅਤੇ ਇਸ ਤਰ੍ਹਾਂ ਪਕੜਨਾ ਕਿ ਛੁੱਟ ਕੇ ਦੌੜ ਨਾ ਸਕੇ। ਉਸ ਨੂੰ ਆਪਣਾ ਪਰਮ ਅਤੇ ਅਦੁੱਤੀ ਆਸਰਾ ਮੰਨ ਲੈਣਾ।

"ਅਤੇ ਉਹ ਜੋ ਆਤਮਾ ਹੈ ਇਸ ਨੂੰ ਜੇ ਵਿਪਸਯਨਾ ਜਾਂ ਸੂਖਮ ਦ੍ਰਿਸ਼ਟੀ ਨਾਲ ਦੇਖੋ ਤਾਂ ਨਾ ਤਾਂ ਇਹ ਕਿਸੇ ਨਾਲ ਸੰਪੂਰਣ ਹੋਇਆ ਹੈ ਨਾ ਇਸਨੇ ਕਿਸੇ ਨੂੰ ਉਤਪੰਨ ਕੀਤਾ ਹੈ। ਤੇਰੇ ਸਰੀਰ ਦੀ ਤਰ੍ਹਾਂ ਨਹੀਂ ਹੈ, ਜਿਸਦੇ ਮਾਤਾ-ਪਿਤਾ ਅਤੇ ਪੁੱਤਰ-ਪਤਨੀ ਹੁੰਦੇ ਹਨ। ਇਹ ਇਨ੍ਹਾਂ ਸਾਰਿਆਂ ਤੋਂ ਮੁਕਤ ਹੈ। ਇਹ ਨਾ ਜਨਮ ਲੈਂਦਾ ਹੈ ਅਤੇ ਨਾ ਹੀ ਮਰਦਾ ਹੈ। ਇਹ ਨਿਤ ਜਾਂ ਅਵਿਕਾਰੀ ਹੈ। ਸਦੀਵੀ ਹੈ, ਪੁਰਾਤਨ ਹੈ, ਅਤੇ ਸਰੀਰ ਦੇ ਨਸ਼ਟ ਹੋਣ ਤੇ ਵੀ ਨਸ਼ਟ ਨਹੀਂ ਹੁੰਦਾ। ਜੇ ਕੋਈ ਹਤਿਆਰਾ ਸਮਝਦਾ ਹੈ ਕਿ ਉਹ ਕਿਸੇ ਦੀ ਹੱਤਿਆ ਕਰ ਸਕਦਾ ਹੈ ਜਾਂ ਮਾਰੇ ਜਾਣ ਵਾਲਾ ਆਪਣੇ ਆਪ ਨੂੰ ਮਾਰਿਆ ਹੋਇਆ ਮੰਨ ਬੈਠਦਾ ਹੈ ਤਾਂ ਇਹ ਦੋਵੇਂ ਭਰਮ ਵਿਚ ਹਨ। ਉਨ੍ਹਾਂ ਨੂੰ ਕੁਝ ਅਤਾ-ਪਤਾ ਹੀ ਨਹੀਂ ਹੈ। ਇਹ ਨਾ ਮਰਦਾ ਹੈ ਨਾ ਮਾਰਿਆ ਜਾਂਦਾ ਹੈ।

ਇਹ ਅਣੂ (ਜ਼ਰੇ) ਤੋਂ ਵੀ ਜ਼ਿਆਦਾ ਬਾਰੀਕ, ਸੂਖਮ ਤੋਂ ਵੀ ਜ਼ਿਆਦਾ ਸੂਖਮ, ਵੱਡੇ ਤੋਂ ਵੀ ਬਹੁਤ ਵੱਡਾ, ਮਹਾਨ ਤੋਂ ਵੀ ਜ਼ਿਆਦਾ ਮਹਾਨ ਆਤਮਾ ਗੂੜ੍ਹ ਭਾਵ ਨਾਲ ਸਾਡੇ ਅੰਦਰ ਹੀ ਵਰਤਮਾਨ ਹੈ। ਆਟੇ ਵਿਚ ਮਿਲੇ ਲੂਣ ਦੀ ਤਰ੍ਹਾਂ। ਇਸ ਨੂੰ ਸ਼ੁੱਧ ਚਿੱਤ, ਨਿਸ਼ਕਾਮ ਅਤੇ ਸੋਗ ਅਤੇ ਚਿੰਤਾ ਤੋਂ ਮੁਕਤ ਵਿਅਕਤੀ ਹੀ ਉਸ ਪਰਮਾਤਮਾ ਦੀ ਕ੍ਰਿਪਾ ਨਾਲ ਦੇਖ ਸਕਦਾ ਹੈ।

ਅਤੇ ਇਹ ਆਤਮਾ ਇਕ ਸਥਾਨ 'ਤੇ ਬੈਠੀ ਹੋਣ ਤੇ ਵੀ ਵਿਚਰਦੀ ਰਹਿੰਦੀ ਹੈ, ਸੁੱਤੇ ਹੋਣ ਤੇ ਵੀ ਹਰ ਪਾਸੇ ਜਾਂਦੀ ਹੈ। ਇਹ ਮਤਵਾਲੀ ਹੋਣ ਤੇ ਵੀ ਹੋਸ਼ ਵਿਚ ਰਹਿੰਦੀ ਹੈ, ਨਸ਼ੇ ਵਿਚ ਵੀ ਨਸ਼ੇ-ਰਹਿਤ। ਉਹ ਅਸਰੀਰੀ ਅਤੇ ਅਨਾਸ਼ਮਾਨ ਹੁੰਦੇ ਹੋਏ ਵੀ ਨਾਸ਼ਮਾਨ ਸਰੀਰ ਵਿਚ ਨਿਵਾਸ ਕਰਦੀ ਹੈ। ਉਸ ਦੇ ਬਾਰੇ ਉਲਟਬਾਂਸੀਆਂ ਤੋਂ ਇਲਾਵਾ ਹੋਰ ਕਿਸੇ ਭਾਸ਼ਾ ਵਿਚ ਕਿਹਾ ਹੀ ਨਹੀਂ ਜਾ ਸਕਦਾ। ਪਰਸਪਰ ਵਿਰੋਧੀ ਗੁਣਾਂ ਅਤੇ ਆਚਰਣਾਂ ਵਾਲੇ ਉਸ ਪਰਮ ਬ੍ਰਹਮ ਨੂੰ ਮੇਰੇ ਤੋਂ ਇਲਾਵਾ ਹੋਰ ਕੋਈ ਦੂਜਾ ਜਾਣ ਵੀ ਕਿਵੇਂ ਸਕਦਾ ਹੈ। ਇਸ ਮਹਾਨ ਅਤੇ ਸਰਵ-ਵਿਆਪੀ ਨੂੰ ਜਾਣ ਲੈਣ 'ਤੇ ਬੁੱਧੀਮਾਨ ਵਿਅਕਤੀ ਕਿਸੇ ਤਰ੍ਹਾਂ ਦੀ ਚਿੰਤਾ ਨਹੀਂ ਕਰਦਾ।

ਗਿਆਨ ਤੋਂ ਬਹੁਤ ਕੁਝ ਜਾਣਿਆ ਜਾ ਸਕਦਾ ਹੈ, ਪਰ ਇਸਨੂੰ ਨਹੀਂ। ਪ੍ਰਵਚਨ ਤੋਂ ਬਹੁਤ ਕੁਝ ਸਮਝਿਆ ਜਾ ਸਕਦਾ ਹੈ ਪਰ ਇਸ ਨੂੰ ਨਹੀਂ। ਬਹੁਤ ਅਧਿਕ ਗਿਆਨਵਾਨ ਹੋਣ ਦੇ ਵੀ ਬਹੁਤ ਸਾਰੇ ਲਾਭ ਗਿਣਾਏ ਹੀ ਗਏ ਹਨ, ਪਰ ਇਥੇ ਇਹ ਵੀ ਬੇਕਾਰ ਹੈ। ਇਹ ਤਾਂ 'ਸੋਈ ਜਾਣਹਿੰ ਜੇਹਿ ਦੇਈ ਜਨਾਈ' ਵਾਲਾ ਗਿਆਨ ਹੈ। ਇਸ ਗਿਆਨ ਨੂੰ ਲੱਦਣ ਲਈ ਉਸਨੇ ਜਿਸ ਨੂੰ ਚੁਣ ਲਿਆ ਉਸ ਤੇ ਇਹ ਲੱਦਿਆ ਗਿਆ। ਚੁਣਨਾ ਆਪਣੇ ਹੱਥ ਵਿਚ ਹੈ ਹੀ ਨਹੀਂ। ਉਸ ਉਪਰ ਜਾਂ ਅੰਦਰ ਵਾਲੇ ਦੇ ਹੱਥ ਵਿਚ ਹੈ – **ਯੰ ਏਵ ਏਸ਼ ਵ੍ਰਿਣਤੇ ਤੇਨ ਲਭਯ:।**

ਇਕ ਵਾਰ ਜਿਸ ਨੂੰ ਚੁਣ ਲਿਆ ਗਿਆ ਉਸ ਦੀ ਆਤਮਾ ਤਾਂ ਆਪਣੇ ਸਰੂਪ ਦਾ ਉਦਘਾਟਨ ਖੁਦ ਕਰ ਦੇਵੇਗੀ – **ਤਸਯ ਏਸ਼ ਆਤਮਾ ਵਿਵ੍ਰਿਣੂਤੇ ਤਨੁ ਸਵਾਮ।**

ਜੋ ਵਿਅਕਤੀ ਬੁਰਾਈਆਂ ਵਿਚ ਲੱਗਿਆ ਹੋਇਆ ਹੈ ਉਹ ਇਸਦਾ ਸਾਖਿਆਤਕਾਰ ਨਹੀਂ ਕਰ ਸਕਦਾ। ਜਿਸ ਦਾ ਮਨ ਡੋਲਣ ਵਾਲਾ ਹੈ, ਤਿੰਨ ਤੇ ਤੇਰਾਂ ਦੇ ਚੱਕਰ ਵਿਚ ਪਿਆ ਹੋਇਆ ਹੈ, ਉਹ ਇਸ ਨੂੰ ਨਹੀਂ ਦੇਖ ਸਕਦਾ। ਜਿਸਦਾ ਚਿੱਤ ਵਿਆਕੁਲ ਹੈ ਉਹ ਇਸ ਨੂੰ ਨਹੀਂ ਪਾ ਸਕਦਾ। ਕੇਵਲ 'ਪ੍ਰਗਿਆਨ' ਜਾਂ ਸੂਖਮ ਵਿਚਾਰ ਨਾਲ, ਨਿਰੰਤਰ ਚਿੰਤਨ ਨਾਲ ਵੀ ਇਸ ਨੂੰ ਹਾਸਿਲ ਨਹੀਂ ਕੀਤਾ ਜਾ ਸਕਦਾ। ਵਰਣ ਦੀ ਨੀਚਤਾ ਅਤੇ ਉਚੱਤਾ ਦਾ ਉਸ ਲਈ ਕੋਈ ਮਤਲਬ ਨਹੀਂ ਹੈ। ਛਤ੍ਰੀਪੁਣਾ ਅਤੇ ਬ੍ਰਾਹਮਣਪੁਣਾ, ਜਾਤੀ ਦੀ ਸ੍ਰੇਸ਼ਠਤਾ ਦਾ ਬੋਧ ਤਾਂ ਉਸਦਾ ਆਹਾਰ ਹੈ – **ਯਸਯ ਬ੍ਰਹਮੰ ਚ ਕਸ਼ੇਤ੍ਰੰ ਚ ਉਭੇ ਭਵਤ ਓਦਨ:।** ਮੌਤ ਉਸਦੀ ਸਬਜ਼ੀ ਅਤੇ ਚਟਣੀ ਹੈ। ਇਸ ਵਿਚਿਤ੍ਰ ਸਰੂਪ ਅਤੇ ਸੁਭਾਉ ਵਾਲੀ ਆਤਮਾ ਨੂੰ ਕੀ ਕੋਈ ਪੂਰੀ ਤਰ੍ਹਾਂ ਸਮਝ ਸਕਦਾ ਹੈ।

ਮੌਤ ਉਪਰੰਤ ਮੁਕਤੀ ਜਾਂ ਜੀਵਨ ਮਰਨ ਦੇ ਚੱਕਰ ਤੋਂ ਮੁਕਤੀ ਤਾਂ ਠੀਕ ਹੈ, ਪਰ ਮਨੁੱਖਾ ਜੀਵਨ ਹੀ ਇਸ ਮੁਕਤੀ ਦਾ ਸਾਧਨ ਹੈ। ਇਸਦੀ ਸਾਰਥਕਤਾ ਇਹ ਹੈ ਕਿ ਮਨੁੱਖ ਦੂਜੀਆਂ ਸਾਰੀਆਂ ਜੂਨਾਂ ਵਿਚ ਕੇਵਲ ਭੋਗ ਕਰ ਸਕਦਾ ਹੈ। ਉਨ੍ਹਾਂ ਵਿਚ ਰਹਿੰਦੇ ਹੋਇਆਂ ਉਹ ਮੁਕਤੀ ਦਾ ਉਪਾਉ ਨਹੀਂ ਕਰ ਸਕਦਾ। ਉਨ੍ਹਾਂ ਵਿਚ ਮਾਨਵ-ਜੀਵਨ ਦੇ ਕੀਤੇ ਗਏ ਮਾੜੇ ਕਰਮਾਂ ਦਾ ਫਲ ਭੋਗਦਾ ਹੋਇਆ, ਆਪਣੇ ਪਾਪ ਨੂੰ ਸਾੜਾ ਹੋਇਆ ਕ੍ਰਮਵਾਰ ਉਤੇ ਉਠਦਾ ਹੋਇਆ ਮਾਨਵ ਸਰੀਰ ਪਾ ਸਕਦਾ ਹੈ। ਮਾਨਵ ਜੀਵਨ ਪਾਉਣ ਉਪਰੰਤ ਉਹ ਚੰਗੇ ਕਰਮਾਂ ਨਾਲ ਸਵਰਗ ਵੀ ਪਾ ਸਕਦਾ ਹੈ ਅਤੇ ਮੁਕਤੀ ਵੀ ਅਤੇ ਅਸਾਵਧਾਨ ਹੋਣ ਤੇ ਕ੍ਰਮਵਾਰ ਕਸ਼ਟ ਭਰਿਆ ਮਾਨਵ-ਜੀਵਨ ਵੀ, ਘਟੀਆ ਜੂਨਾਂ ਵੀ, ਨਰਕ ਦਾ ਵਾਸ ਵੀ। ਇਸ ਲਈ ਯਮਰਾਜ ਨੇ ਨਚਿਕੇਤਾ ਨੂੰ ਸਮਝਾਇਆ, ਇਹ ਜੋ ਮਾਨਵ ਸਰੀਰ ਹੈ, ਉਹ ਸੁਚਿਤ (ਚੰਗੇ ਕਰਮ) ਦਾ ਲੋਕ ਹੈ ਅਤੇ ਇਸ ਸਰੀਰ 'ਤੇ ਜਿੱਤ ਪ੍ਰਾਪਤ ਕਰਨਾ ਆਪਣੇ ਆਪ ਵਿਚ ਇਕ ਲੋਕ ਉਤੇ ਜਿੱਤ ਪ੍ਰਾਪਤ ਕਰਨ ਦੇ ਸਮਾਨ ਹੈ। ਇਸ ਦੀ ਰਚਨਾ ਅਤੇ ਇਸਦੇ ਨਿਵਾਸੀਆਂ ਬਾਰੇ ਉਨ੍ਹਾਂ ਨੇ ਦੱਸਿਆ ਕਿ ਇਸਦੇ ਉਪਰਲੇ ਅੱਧੇ ਹਿੱਸੇ ਵਿਚ ਜੋ ਹਿਰਦਾ ਆਕਾਸ਼ ਹੈ, ਉਸ ਵਿਚ ਬੁੱਧੀ ਰੂਪੀ ਗੁਫ਼ਾ ਵਿਚ, ਧੁੱਪ ਅਤੇ ਛਾਂ ਵਾਂਗ ਸੱਚ ਦਾ ਪਾਨ ਕਰਨ ਵਾਲੇ ਆਤਮਾ ਜਾਂ ਜੀਵ ਅਤੇ ਪਾਰਬ੍ਰਹਮ ਦੋਵੇਂ ਨਿਵਾਸ ਕਰਦੇ ਹਨ। ਆਪਣੀ ਗੱਲ ਨੂੰ ਵਜ਼ਨਦਾਰ ਬਣਾਉਣ ਲਈ ਉਨ੍ਹਾਂ ਨੇ ਇਹ ਵੀ ਸਮਝਾਇਆ ਕਿ ਇਹ ਸਿਰਫ਼ ਉਨ੍ਹਾਂ ਦਾ ਆਪਣਾ ਹੀ ਮਤ ਨਹੀਂ ਸਗੋਂ ਅਜਿਹਾ ਬ੍ਰਹਮਵਾਦੀ ਅਤੇ ਅਗਨੀ-ਵਿਗਿਆਨੀ ਸਾਰੇ ਲੋਕ ਕਹਿੰਦੇ ਹਨ। ਜ਼ਾਹਿਰ ਹੈ ਕਿ ਆਪਣੀ ਗੱਲ ਤੋਂ ਜ਼ਿਆਦਾ ਉਨ੍ਹਾਂ ਨੂੰ ਬ੍ਰਹਮਵਾਦੀਆਂ ਅਤੇ ਅਗਨੀ-ਵਿਗਿਆਨੀਆਂ ਦੀ ਬੁੱਧੀ ਤੇ ਭਰੋਸਾ ਸੀ। ਫਿਰ ਉਨ੍ਹਾਂ ਨੇ ਕਈ ਪ੍ਰਕਾਰ ਦੀਆਂ ਉਪਮਾਵਾਂ ਅਤੇ ਰੂਪਕਾਂ ਨਾਲ ਨਚਿਕੇਤਾ ਨੂੰ ਬ੍ਰਹਮ ਸਾਖਿਆਤਕਾਰ ਦਾ ਉਪਾਉ ਦੱਸਣਾ ਸ਼ੁਰੂ ਕੀਤਾ। ਉਨ੍ਹਾਂ ਦੇ ਕਹਿਣ ਅਨੁਸਾਰ ਸਰੀਰ ਨੂੰ ਰਥ ਅਤੇ ਆਪਣੇ ਆਪ ਨੂੰ ਸਾਰਥੀ ਸਮਝਣਾ ਚਾਹੀਦਾ ਹੈ। ਇੰਦ੍ਰੀਆਂ ਨੂੰ ਇਸ ਸਰੀਰ ਰੂਪੀ ਰਥ ਵਿਚ ਜੁਤੇ ਘੋੜਿਆਂ ਦੇ ਸਮਾਨ ਮੰਨਣਾ ਚਾਹੀਦਾ ਹੈ। ਵਿਸ਼ਿਆਂ ਨੂੰ ਉਨ੍ਹਾਂ ਦੇ ਚਲਣ ਦਾ ਮਾਰਗ ਜਾਂ ਡੰਡੀ ਸਰੀਰ, ਇੰਦ੍ਰੀਆਂ ਤੇ ਮਨ ਦੇ ਨਾਲ ਰਹਿਣ ਵਾਲਾ ਜੀਵਾਤਮਾ ਹੀ ਭੋਗਦਾ ਹੈ। ਜੋ ਨਾ-ਸਮਝ ਹੁੰਦਾ ਹੈ ਅਤੇ ਜਿਸਦਾ ਮਨ ਠੀਕ ਤਰ੍ਹਾਂ ਨਾਲ ਜੁੜਿਆ ਹੋਇਆ ਨਹੀਂ ਹੁੰਦਾ ਹੈ, ਉਹ ਆਪਣੀਆਂ ਇੰਦ੍ਰੀਆਂ ਉਤੇ ਕਾਬੂ ਨਹੀਂ ਪਾ ਸਕਦਾ ਅਤੇ ਉਹ ਉਸੇ ਤਰ੍ਹਾਂ ਪਰੇਸ਼ਾਨ ਕਰਦੀਆਂ ਹਨ ਜਿਵੇਂ ਸਾਰਥੀ ਨੂੰ ਦੁਸ਼ਟ ਅਤੇ ਅਖੜ ਘੋੜੇ

ਪਰੇਸ਼ਾਨ ਕਰਦੇ ਹਨ। ਇਸਦੇ ਉਲਟ ਜਿਸ ਨੇ ਮਨ ਨੂੰ ਕਾਬੂ ਕਰ ਰਖਿਆ ਹੈ ਉਸ ਦੀਆਂ ਇੰਦ੍ਰੀਆਂ ਸਹੀ ਰਸਤੇ ਤੇ ਸਿਧਾਏ ਹੋਏ ਘੋੜੇ ਦੀ ਤਰ੍ਹਾਂ ਚਲਦੀਆਂ ਹਨ।

ਅਜਿਹਾ ਸਮਝਦਾਰ ਆਦਮੀ ਹੀ ਉਸ ਪਰਮ ਗਤੀ ਨੂੰ ਪ੍ਰਾਪਤ ਕਰਦਾ ਹੈ ਜਿਥੇ ਮੁੜ ਜਨਮ ਲੈਣ ਦੀ ਜ਼ਰੂਰਤ ਨਹੀਂ ਪੈਂਦੀ। ਯਮਰਾਜ ਨੇ ਦੱਸਿਆ ਕਿ ਇੰਦ੍ਰੀਆਂ ਤੋਂ ਲੈ ਕੇ ਪਰਮ ਬ੍ਰਹਮ ਤਕ ਇਕ ਸ੍ਰੇਣੀ ਬਣੀ ਹੋਈ ਹੈ ਜੋ ਨਿਰੰਤਰ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਜਾਂਦੀ ਹੈ। ਇੰਦ੍ਰੀਆਂ ਸ਼ਕਤੀਸ਼ਾਲੀ ਤਾਂ ਹਨ, ਪਰ ਇਨ੍ਹਾਂ ਦੇ ਵਿਸ਼ੇ ਜਿਨ੍ਹਾਂ ਵਲ ਇਹ ਰੁਚਿਤ ਹੁੰਦੀਆਂ ਹਨ, ਉਹ ਇਨ੍ਹਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹਨ। ਇਨ੍ਹਾਂ ਵਿਸ਼ਿਆਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਮਨ ਹੈ। ਮਨ ਤੋਂ ਜ਼ਿਆਦਾ ਸ਼ਕਤੀਸ਼ਾਲੀ ਬੁੱਧੀ ਹੈ। ਉਸ ਤੋਂ ਸ਼ਕਤੀਸ਼ਾਲੀ ਪਾਰਬ੍ਰਹਮ ਹੈ। ਇਹੀ ਸਭ ਤੋਂ ਸ਼ਕਤੀਸ਼ਾਲੀ ਹੈ। ਇਸ ਤੋਂ ਸ਼ਕਤੀਸ਼ਾਲੀ ਕੋਈ ਹੋਰ ਨਹੀ, ਉਹੀ ਸਿਖਰ ਹੈ ਅਤੇ ਉਹੀ ਪਰਮ-ਗਤੀ ਹੈ – **ਪੁਰੁਸ਼ਾਤ ਨ ਪਰੰ ਕਿੰਚਿਤ ਸਾ ਕਾਸ਼ਠਾ ਸਾ ਪਰਾ ਗਤਿः।**

ਸਾਡੇ ਅੰਦਰ ਬੈਠੀ ਹੋਈ ਇਹ ਗੂੜ੍ਹ ਆਤਮਾ ਪ੍ਰਤੱਖ ਦਿਖਾਈ ਨਹੀਂ ਦਿੰਦੀ। ਪਰ ਜੋ ਸੂਖਮ-ਅਤਿ-ਸੂਖਮ ਦ੍ਰਿਸ਼ਟੀ ਰਖਣ ਵਾਲੇ ਲੋਕ ਹਨ, ਉਨ੍ਹਾਂ ਦੀ ਸੂਖਮ ਬੁੱਧੀ ਇਸ ਨੂੰ ਵੀ ਵੇਖ ਲੈਂਦੀ ਹੈ। ਪਰਮਾਤਮਾ ਤਕ ਪਹੁੰਚਣ ਦਾ ਮਨੁੱਖ ਕੋਲ ਇਕ ਹੀ ਉਪਾਉ ਹੈ ਕਿ ਉਹ ਕ੍ਰਮਵਾਰ ਬਾਣੀ ਆਦਿ ਨੂੰ ਆਪਣੇ ਵਿਸ਼ਿਆਂ ਤੋਂ ਹਟਾ ਕੇ ਆਪਣੇ ਮਨ ਵਿਚ ਸਮੋ ਦੇਵੇ ਅਤੇ ਫਿਰ ਇਸ ਮਨ ਨੂੰ ਆਤਮਾ ਵਿਚ ਵਿਲੀਨ ਕਰ ਦੇਵੇ।

ਅਸਾਵਧਾਨ ਮਨੁੱਖ, ਆਪਣੀ ਆਤਮਾ ਦੇ ਸਰੂਪ ਨੂੰ ਨਾ ਜਾਣਨ ਵਾਲਾ ਮਨੁੱਖ, ਇਕ ਪ੍ਰਕਾਰ ਦੀ ਨੀਂਦ ਵਿਚ ਸੁਤਾ ਰਹਿੰਦਾ ਹੈ। ਯਮਰਾਜ ਨੇ ਕਿਹਾ, "ਨਚਿਕੇਤਾ, ਇਸ ਨੀਂਦ 'ਚੋਂ ਉਠ, ਜਾਗ, ਅਤੇ ਸ੍ਰੇਸ਼ਠ ਲੋਕਾਂ ਦੀ ਸੰਗਤ ਵਿਚ ਉਸ ਸੂਖਮ ਤੱਤ ਨੂੰ ਜਾਣ ਲੈ ਕਿਉਂਕਿ ਸਮਝਦਾਰ ਲੋਕ ਕਹਿੰਦੇ ਹਨ ਕਿ ਤੱਤ-ਗਿਆਨ ਦਾ ਇਹ ਮਾਰਗ ਤੇਜ਼ ਕੀਤੀ ਹੋਈ ਛੁਰੀ ਦੀ ਧਾਰਾ 'ਤੇ ਚਲਣ ਵਾਂਗ ਦੁਰਗਮ ਹੈ। **ਉੱਤਿਸ਼ਠਤ ਜਾਗ੍ਰਤ ਪ੍ਰਾਪਯ ਵਰਾਨ ਨਿਬੋਧਤ। ਕਸ਼ੁਰਸਯ ਧਾਰਾ ਨਿਸ਼ਿਤਾ ਦੁਰਤਯਯਾ ਦੁਰਗੰ ਪਥः ਤਤ ਕਵਯः ਵਦੰਤਿ।**"

ਉਨ੍ਹਾਂ ਨੇ ਦੱਸਿਆ ਕਿ ਉਹ ਬ੍ਰਹਮ ਸ਼ਬਦ ਤੋਂ ਪਰੇ ਹੈ, ਛੋਹ ਤੋਂ ਪਰੇ ਹੈ, ਰੂਪ ਤੋਂ ਅਤੀਤ ਹੈ, ਰਸ ਤੋਂ ਅਤੀਤ ਹੈ, ਗੰਧ ਤੋਂ ਅਤੀਤ ਹੈ, ਨਿੱਤ ਹੈ, ਅਨਾਦਿ ਅਤੇ ਅਨੰਤ ਹੈ, ਮਹਿਮਾ ਤੋਂ ਉਪਰ ਅਤੇ ਧ੍ਰੁਵ (ਸਥਿਰ) ਹੈ, ਉਸਨੂੰ ਜਾਣ ਲੈਣ ਮਗਰੋਂ ਹੀ ਮਨੁੱਖ ਮੌਤ ਦੇ ਮੂੰਹ ਤੋਂ ਖ਼ਲਾਸ ਹੋ ਸਕਦਾ ਹੈ।

ਉਨ੍ਹਾਂ ਦਾ ਦੱਸਿਆ ਹੋਇਆ ਗਿਆਨ ਇਸ ਦੇਸ਼ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਰਿਹਾ ਹੈ। ਉਨ੍ਹਾਂ ਦੁਆਰਾ ਵਰਤੀਆਂ ਉਪਮਾਵਾਂ ਏਨੀਆਂ ਓਜਸਵੀ ਹਨ ਕਿ ਇਨ੍ਹਾਂ ਨੂੰ ਦੇਸ਼ ਵਿਚ ਵਾਰ-ਵਾਰ ਪ੍ਰਯੋਗ ਵਿਚ ਲਿਆਇਆ ਜਾਂਦਾ ਰਿਹਾ ਹੈ ਅਤੇ ਇਸਦੇ ਬਾਵਜੂਦ ਇਸ ਦੀਆਂ ਇੰਦ੍ਰੀਆਂ ਦੀ ਹੋਰ ਮਾਣਨ ਦੀ ਰੁਚੀ ਖ਼ਤਮ ਨਹੀਂ ਹੋਈ। ਇਸ ਨੂੰ ਸੰਭਾਲ ਸਕਣਾ ਸਾਡੀ ਕਹਾਣੀ ਦੀ ਰੁੱਖੀ ਵੰਨਗੀ ਲਈ ਜ਼ੋਖਮ ਦਾ ਕੰਮ ਹੈ ਪਰ ਉਨ੍ਹਾਂ ਦੀ ਕਹਾਣੀ ਜੋ ਅੱਧੀ ਕਵਿਤਾ ਅਤੇ ਅੱਧੀ ਕਹਾਣੀ ਸੀ, ਪਹਾੜ ਤਾਂ ਕੀ ਸਮੁੰਦਰ ਨੂੰ ਵੀ ਹਥੇਲੀ ਉਤੇ ਚੁਕ ਸਕਦੀ ਸੀ ਅਤੇ ਉਹ ਵੀ ਇਸ ਤਰ੍ਹਾਂ ਕਿ ਉਸ ਵਿਚ ਉਭਾਰ ਆਉਂਦਾ ਰਹੇ ਪਰ ਇਕ ਬੂੰਦ ਵੀ ਛਲਕ ਕੇ ਵੱਖ ਨਾ ਹੋ ਸਕੇ।

# ਸਤਿਕਾਮ

ਬ੍ਰਹਮ ਨੂੰ ਸਮਝਣਾ ਔਖਾ ਹੈ। ਉਹ ਏਨੀਆਂ ਭਿੰਨਤਾਵਾਂ ਦਾ ਨਿਚੋੜ ਜੋ ਹੋਇਆ। ਇਸ ਬ੍ਰਹਿਮੰਡ ਦੇ ਸਭ ਤੋਂ ਨਿੱਕੇ ਅੰਸ਼ ਨੂੰ ਪੂਰੀ ਤਰ੍ਹਾਂ ਸਮਝ ਸਕਣਾ ਕੀ ਸਰਲ ਹੈ? ਸਰਲ ਕਹਿਣ ਦਾ ਮਤਲਬ ਤਾਂ ਇਹ ਹੋਇਆ ਕਿ ਕਠਿਨਾਈ ਨਾਲ ਉਸਨੂੰ ਸਮਝਿਆ ਜਾ ਸਕਦਾ ਹੈ, ਪਰ ਕੀ ਉਸਨੂੰ ਸਮਝ ਸਕਣਾ ਸੰਭਵ ਹੈ। ਜਿਸ ਦਿਨ ਉਹ ਆਪਣੀ ਪੂਰੀ ਹੋਂਦ ਸਮੇਤ ਸਮਝ ਆ ਗਿਆ ਉਸ ਦਿਨ ਕੀ ਸਮਝਣ ਲਈ ਕੁਝ ਬਾਕੀ ਰਹਿ ਜਾਵੇਗਾ?

ਬ੍ਰਹਮ-ਗਿਆਨੀ ਹੋ ਗਏ ਸਤਿਕਾਮ। ਗੁਰੂ ਨੇ ਵੀ ਉਹ ਮਾਣ ਦਿੱਤਾ ਜੋ ਇਸ ਤੋਂ ਪਹਿਲਾਂ ਕਿਸੇ ਗੁਰੂ ਨੇ ਕਿਸੇ ਸ਼ਿਸ਼ ਨੂੰ ਨਹੀਂ ਦਿੱਤਾ ਹੋਵੇਗਾ। ਅਤੇ ਹੁਣ ਆਪ ਗੁਰੂ ਹੀ ਨਹੀਂ ਹੋ ਗਏ ਸਗੋਂ ਉਨ੍ਹਾਂ ਸ਼ਿਸ਼ਾਂ ਦੇ ਸ਼ਿਸ਼ ਪੈਦਾ ਹੋ ਗਏ, ਪਰ ਕੀ ਅੱਜ ਵੀ ਉਹ ਪ੍ਰਕ੍ਰਿਤੀ ਅਤੇ ਪੁਰਸ਼ ਦੇ ਭੇਦਾਂ ਦਾ ਪਾਰਾਵਾਰ ਪਾ ਸਕੇ। ਉਸ ਪਰਮ ਪੁਰਖ ਦੀ ਗੱਲ ਤਾਂ ਦੂਰ ਦੀ ਹੈ, ਇਸ ਆਪਣੇ ਹੀ ਮਨ ਨੂੰ ਸਮਝਣਾ ਕੀ ਸੰਭਵ ਹੋ ਸਕਿਆ ਹੈ। ਗਿਆਨੀ ਕਹੇਗਾ, ਮਨ ਆਪਣੇ ਆਪ ਨੂੰ ਕਿਵੇਂ ਜਾਣ ਸਕਦਾ ਹੈ? ਅੱਖ ਆਪਣੇ ਆਪ ਨੂੰ ਕਿਵੇਂ ਵੇਖ ਸਕਦੀ ਹੈ? ਸੱਚ ਵੀ ਹੈ। ਪਰ ਕੀ ਦੂਜੇ ਦੇ ਮਨ ਨੂੰ ਸਮਝਿਆ ਜਾ ਸਕਦਾ ਹੈ? ਅੱਖਾਂ ਆਪਣੇ ਆਪ ਨੂੰ ਨਾ ਦੇਖਣ, ਦੂਜਿਆਂ ਦੀਆਂ ਅੱਖਾਂ ਨੂੰ ਤਾਂ ਦੇਖ ਹੀ ਲੈਂਦੀਆਂ ਹਨ।

ਨਹੀਂ, ਪ੍ਰਤੱਖ-ਦੇਖਣ ਦੀ ਗੱਲ ਨਹੀਂ ਸੋਚ ਰਹੇ, ਸਤਿਕਾਮ। ਦੂਜੇ ਦੇ ਮਨ ਨੂੰ ਦੇਖਿਆ ਨਹੀਂ ਜਾ ਸਕਦਾ ਪਰ ਉਸਦੇ ਪਤਾ ਨਹੀਂ ਕਿੰਨੇ ਦੁਆਰ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਤਕ ਪਹੁੰਚਿਆ ਜਾ ਸਕਦਾ ਹੈ। ਮਨੁੱਖ ਦਾ ਆਪਣਾ ਸੁਭਾ, ਉਸਦੀਆਂ ਉਕਤੀਆਂ, ਉਸਦੇ ਸਵਰ, ਉਸਦੇ ਆਵੇਸ਼ ਅਤੇ ਪ੍ਰਗਟਾਵੇ, ਉਸ ਦੇ ਅੰਗਾਂ ਦੀਆਂ ਚੇਸ਼ਟਾਵਾਂ, ਅੱਖਾਂ ਦੀ ਚਮਕ, ਸੰਕੋਚ ਅਤੇ ਕਾਂਬਾ ਹੋਠਾਂ ਦਾ ਪਸਰਨਾ, ਟੇਢਾਪਨ ਅਤੇ ਖੁਸ਼ਕੀ ਮੁਖ ਤੇ ਉਭਰਨ ਵਾਲੀ ਧੁੱਪ-ਛਾਂ, ਨਾਸਾਂ ਦਾ ਹਿਲਣਾ ਅਤੇ ਸਾਹਾਂ ਦੀ ਗਤੀ, ਉਸਦੇ ਵੇਸ਼ ਪਰਿਵੇਸ਼, ਆਹਾਰ ਅਤੇ ਰੁਚੀ, ਦੂਜਿਆਂ ਪ੍ਰਤੀ ਉਸਦੇ ਵਿਵਹਾਰ ਅਤੇ ਪਤਾ ਨਹੀਂ ਕਿਹੜੇ ਕਿਹੜੇ ਦੁਆਰਾਂ ਤੋਂ ਉਸਦੇ ਮਨ ਵਲ ਗਤੀ ਤਾਂ ਸੰਭਵ ਹੈ, ਪਰ ਕੀ ਉਥੋਂ ਤਕ ਪਹੁੰਚਿਆ ਜਾ ਸਕਦਾ ਹੈ?

ਕੁਝ ਦੂਰ ਚਲਣ ਮਗਰੋਂ ਰਸਤਾ ਰੁਕ ਜਾਂਦਾ ਹੈ। ਆਪ ਫਿਰ ਬਾਹਰ ਸੁੱਟ ਦਿੱਤੇ ਜਾਂਦੇ ਹੋ। ਅਤੇ ਜਿਥੋਂ ਤਕ ਪਹੁੰਚ ਸਕਦੇ ਹੋ ਉਥੋਂ ਤਕ ਵੀ ਕਿੰਨੇ ਅਨੁਮਾਨ ਅਤੇ ਭਰਮ ਬਣੇ ਰਹਿੰਦੇ ਹਨ।

ਮਨੁੱਖ ਕਿੰਨਾ ਵਿਚਿਤ੍ਰ ਹੈ। ਕਿਸ ਕਿਸ ਤਰ੍ਹਾਂ ਲੋਕਾਂ ਨਾਲ ਉਸਦਾ ਵਾਹ ਪੈਂਦਾ ਹੈ। ਉਨ੍ਹਾਂ ਦੀਆਂ ਵਿਚਿਤ੍ਰਤਾਵਾਂ ਦਾ ਕੀ ਕੋਈ ਅੰਤ ਹੈ। ਦੂਜਿਆਂ ਦੀ ਕੀ ਗੱਲ ਕਰੀਏ। ਖ਼ੁਦ

ਉਨ੍ਹਾਂ ਦੀ ਮਾਂ। ਸਮਝ ਨਹੀਂ ਆਉਂਦਾ ਉਹ ਉਸਨੂੰ ਕਿਥੇ ਰਖਣ। ਇਕ ਵਾਰ ਉਹ ਮਹਿਮਾ ਦਾ ਸਿਖਰ ਲਗਦੀ ਹੈ, ਜਿਥੇ ਪਹੁੰਚਿਆ ਨਾ ਜਾ ਸਕੇ। ਪਹੁੰਚ ਜਾਏ ਤਾਂ ਉਥੇ ਠਹਿਰ ਸਕਣਾ ਸੰਭਵ ਨਹੀਂ ਹੋਵੇਗਾ, ਦੂਰੋਂ ਗਰਦਨ ਚੁਕ ਕੇ ਦੇਖਦੇ ਰਹੋ, ਵੇਖਦੇ ਰਹੋ। ਦੂਜੀ ਵਾਰ ਵਤਸਲਤਾ ਦੀ ਧਾਰਾ, ਜਿਸ ਵਿਚ ਵਹਿਣ ਲਗੋ ਤਾਂ ਉਹ ਤੁਹਾਨੂੰ ਸੰਭਾਲੀ ਰਖੇਗੀ, ਨਾ ਡੁਬਾਏਗੀ, ਨਾ ਦਬਾਏਗੀ, ਨਾ ਆਪਣੇ ਤੋਂ ਪਰੇ ਜਾਣ ਦੇਵੇਗੀ। ਖੇਡਦੇ ਰਹੋ, ਅਤੇ ਕਦੀ ਉਹ ਕੱਚੀ ਮਿੱਟੀ ਜਿਹੀ ਲਗਦੀ ਹੈ। ਲੋਕ ਲਿਤਾੜ ਰਹੇ ਹਨ, ਅਪਮਾਨਿਤ ਕਰ ਰਹੇ ਹਨ, ਉਹ ਸਾਰਿਆਂ ਤੋਂ ਬਚਦੀ ਹੋਈ ਸਾਰਿਆਂ ਲਈ ਜਗ੍ਹਾ ਬਣਾਉਂਦੀ ਹੋਈ ਆਪਣੇ ਆਪ ਨੂੰ ਲਗਾਤਾਰ ਬਦਲ ਰਹੀ ਹੈ। ਇਸੇ ਰੂਪ ਵਿਚ ਤਾਂ ਦੇਖਿਆ ਸੀ ਉਨ੍ਹਾਂ ਨੇ ਮਾਂ ਨੂੰ। ਉਨ੍ਹਾਂ ਦੀ ਯਾਦ ਆਉਣ 'ਤੇ ਇਕੋ ਵੇਲੇ ਮਾਣ ਵੀ ਹੁੰਦਾ ਹੈ ਅਤੇ ਕਰੁਣਾ ਵੀ ਪੈਦਾ ਹੁੰਦੀ ਹੈ।

ਸੁੰਦਰ ਸੀ। ਬਹੁਤ ਸੁੰਦਰ ਵੀ ਨਹੀਂ, ਪਰ ਸੁੰਦਰ ਸੀ। ਸਰੀਰ ਤੋਂ ਜ਼ਿਆਦਾ ਸੁਭਾ ਦੀ ਸੁੰਦਰਤਾ। ਸੇਵਾ ਹੀ ਜੀਵਨ ਦਾ ਆਧਾਰ ਸੀ। ਕੁਆਰੀ ਹੀ ਸੀ ਜਦੋਂ ਕਿਸੇ ਦੀ ਬੁਰੀ ਨਜ਼ਰ ਪੈ ਗਈ। ਇਕ ਅਰਖਿਅਤ ਮੁਟਿਆਰ ਨਾਲ ਜੋ ਸੰਭਵ ਸੀ, ਉਹੀ ਉਨ੍ਹਾਂ ਦੀ ਹੋਣੀ ਬਣ ਗਈ ਸੀ। ਆਪਣੇ ਬਾਰੇ ਤਾਂ ਉਸ ਨੂੰ ਵਿਸ਼ੇਸ਼ ਚਿੰਤਾ ਨਹੀਂ ਸੀ ਪਰ ਪੁੱਤਰ ਦੀ ਕਿਸਮਤ ਬਾਰੇ ਸੋਚਦੇ ਹੋਇਆਂ ਸਦਾ ਚਿੰਤਿਤ ਰਹਿੰਦੀ। ਉਸਨੂੰ ਪਤਾ ਨਹੀਂ ਕੀ ਕੀ ਕਹਾਣੀਆਂ ਘੜਨੀਆਂ ਪੈਂਦੀਆਂ ਸਨ ਜਾਬਾਲੀ ਦੇ ਕੁਲ ਅਤੇ ਗੋਤਰ ਬਾਰੇ। ਲੋਕ ਗੱਲ-ਗੱਲ 'ਤੇ ਜੋ ਜਾਤੀ ਗੋਤਰ ਪੁੱਛਦੇ। ਜਿਵੇਂ ਮਨੁੱਖ ਆਪਣੇ ਆਪ ਵਿਚ ਕੁਝ ਵੀ ਨਾ ਹੋਵੇ। ਜਾਬਾਲੀ ਨੂੰ ਉਨ੍ਹਾਂ ਗੱਲਾਂ ਬਾਰੇ ਕੀ ਪਤਾ। ਉਹ ਤਾਂ ਆਪ ਨਹੀਂ ਸੀ ਜਾਣਦਾ ਕਿ ਉਸਦਾ ਪਿਤਾ ਕੌਣ ਸੀ। ਉਸ ਦਾ ਨਾਂ ਕੀ ਸੀ। ਜਦੋਂ ਉਨ੍ਹਾਂ ਬਾਰੇ ਕੋਈ ਪ੍ਰਸ਼ਨ ਕਰਦਾ ਤਾਂ ਮਾਂ ਰੋਣ ਲਗਦੀ। ਉਹ ਉਸ ਦੇ ਇਨ੍ਹਾਂ ਹੰਝੂਆਂ ਤੋਂ ਡਰਦੇ ਸਨ। ਸੋਚਦੇ ਕਿ ਪਿਤਾ ਜੀ ਦੀ ਮੌਤ ਹੋ ਗਈ ਹੋਵੇਗੀ। ਹੋਰ ਸੋਚਿਆ ਵੀ ਕੀ ਜਾ ਸਕਦਾ ਸੀ। ਗੱਲ ਆਈ ਗਈ ਹੋ ਜਾਂਦੀ। ਪਰ ਉਸ ਦਿਨ ਉਹ ਅੜ ਗਏ। ਉਹ ਪਿਤਾ ਦਾ ਨਾਂ ਜਾਣਨਾ ਚਾਹੁੰਦੇ ਸਨ।

ਮਾਂ ਦੀਆਂ ਅੱਖਾਂ ਭਰ ਆਈਆਂ, "ਮੈਂ ਕੇਵਲ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਦੀ, ਮੇਰੇ ਬੱਚੇ। ਬਸ ਸਿਰਫ਼, ਇਹ ਪ੍ਰਸ਼ਨ ਮੈਥੋਂ ਨਾ ਪੁੱਛਿਆ ਕਰ?"

ਮੈਂ ਕੇਵਲ ਉਨ੍ਹਾਂ ਦਾ ਨਾਂ ਅਤੇ ਆਪਣਾ ਗੋਤਰ ਜਾਣਨਾ ਚਾਹੁੰਦਾ ਹਾਂ, ਮਾਂ। ਕੇਵਲ ਏਨਾ ਹੀ। ਉਨ੍ਹਾਂ ਬਾਰੇ ਹੋਰ ਕੁਝ ਨਹੀਂ ਪੁਛਾਂਗਾ। ਹੋਰ ਕੁਝ ਨਹੀਂ। ਉਹ ਕਿਥੇ ਸਨ ਕਿਹੋ ਜਿਹੇ ਸਨ, ਕਦੋਂ ਮਰੇ, ਕਿਉਂ ਮਰ ਗਏ? ਕੁਝ ਨਹੀਂ। ਮੈਂ ਬ੍ਰਹਮਚਰਯ ਕਰਨਾ ਚਾਹੁੰਦਾ ਹਾਂ। ਬਸ ਇਸ ਲਈ। ਆਚਾਰਯ ਨੂੰ ਤਾਂ ਦੱਸਣਾ ਹੀ ਪਵੇਗਾ।"

ਮਾਂ ਦੇ ਹੰਝੂ ਰੁਕ ਗਏ ਪਰ ਅੱਖਾਂ ਅਜੇ ਭਰੀਆਂ ਹੋਈਆਂ ਸਨ। ਠਹਿਰੇ ਹੋਏ ਹੰਝੂਆਂ ਨਾਲ ਭਰੀਆਂ ਹੋਈਆਂ ਅੱਖਾਂ ਇਸ ਤਰ੍ਹਾਂ ਲੱਗ ਰਹੀਆਂ ਸਨ ਜਿਵੇਂ ਉਹ ਪੰਘਰ ਰਹੀਆਂ ਹੋਣ ਅਤੇ ਇਸ ਪੰਘਰਣ ਦੇ ਕ੍ਰਮ ਵਿਚ ਇਕ ਅਜਿਹਾ ਸੱਚ ਉਨ੍ਹਾਂ ਅੰਦਰੋਂ ਉਭਰ ਰਿਹਾ ਸੀ ਜਿਸਦੇ ਉਤੇ ਇਕ ਅਦ੍ਰਿਸ਼ ਪਰਤ ਜੰਮੀ ਹੋਈ ਸੀ। ਉਦੋਂ ਨਹੀਂ ਸਨ ਸੋਚ ਸਕਦੇ ਪਰ ਹੁਣ ਸੋਚਦੇ ਹਨ ਤਾਂ ਵਾਰ ਵਾਰ ਉਸ ਰਿਚਾ (ਮੰਤ੍ਰ) ਦੀ ਯਾਦ ਆਉਂਦੀ ਹੈ। ਸੱਚ ਮਾਂ ਹੰਝੂਆਂ ਨਾਲ ਗਾਲ ਕੇ ਉਸ ਸੁਨਹਿਰੀ ਪਰਦੇ ਨੂੰ ਦੂਰ ਕਰ ਰਹੀ ਸੀ ਕਿ ਜਾਬਾਲੀ ਉਨ੍ਹਾਂ

ਦੇ ਅੰਦਰ ਤਕ ਝਾਕ ਕੇ ਦੇਖ ਸਕੇ। ਸੱਚ ਅਤੇ ਧਰਮ ਦਾ ਸਾਖਿਆਤਕਾਰ ਕਰ ਸਕੇ। ਜਾਬਾਲੀ ਨੂੰ ਅਨੇਕ ਗੁਰੂ ਮਿਲੇ, ਗਿਆਨ ਅਤੇ ਆਚਾਰ ਦੋਹਾਂ ਵਿਚ ਲੋਕ-ਪ੍ਰਸਿੱਧ, ਪਰ ਕੀ ਉਨ੍ਹਾਂ ਵਿਚੋਂ ਕੋਈ ਉਸ ਦੀ ਮਾਂ ਤੋਂ ਵੱਡਾ ਸੀ।

ਮਾਂ ਕੁਝ ਦੇਰ ਤਕ ਉਂਜ ਹੀ ਦੇਖਦੀ ਰਹੀ। ਫਿਰ ਦੁੱਪਟੇ ਨਾਲ ਆਪਣੇ ਹੰਝੂ ਪੂੰਝੇ ਸਨ, ਸਵਰ 'ਤੇ ਕਾਬੂ ਪਾਉਣ ਦਾ ਯਤਨ ਕੀਤਾ ਸੀ ਅਤੇ ਬੜੇ ਟਿਕੇ ਹੋਏ ਅਤੇ ਸੰਤੁਲਿਤ ਸਵਰ ਵਿਚ ਕਿਹਾ ਸੀ, "ਤੈਨੂੰ ਕੋਈ ਆਪਣਾ ਸ਼ਿਸ਼ ਬਣਾਏਗਾ, ਪੁੱਤਰ। ਕੋਈ ਨਹੀਂ।

ਜਾਬਾਲੀ ਹੈਰਾਨੀ ਨਾਲ ਮਾਂ ਨੂੰ ਦੇਖਣ ਲੱਗੇ ਸਨ। ਮਾਂ ਦੇ ਸਵਰ ਵਿਚ ਅਜਿਹੀ ਨਿਰਪੱਖਤਾ ਸੀ ਜਿਵੇਂ ਉਹ ਆਪਣੇ ਜਾਂ ਆਪਣੇ ਪੁੱਤਰ ਦੇ ਸੰਬੰਧ ਵਿਚ ਨਹੀਂ, ਕਿਸੇ ਭੌਤਿਕ ਤੱਥ ਬਾਰੇ ਗੱਲ ਕਰ ਰਹੀ ਹੋਵੇ, ਜਿਵੇਂ ਆਕਾਰ ਵਿਚ ਘਿਰੇ ਸੰਘਣੇ ਬੱਦਲਾਂ ਨੂੰ ਦੇਖ ਕੇ ਕੋਈ ਕਹੇ ਅੱਜ ਸੂਰਜ ਨਹੀਂ ਦਿਸੇਗਾ, ਜਾਂ ਗਿੱਲੀ ਲੱਕੜੀ ਨੂੰ ਇਕ ਪਾਸੇ ਰਖਦੇ ਹੋਇਆਂ ਕਹੇ, ਇਹ ਨਹੀਂ ਬਲੇਗੀ। ਇਸ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਕਦੀ ਵੀ ਅਜਿਹੀ ਗੱਲ ਨਹੀਂ ਕੀਤੀ ਸੀ। ਉਸ ਤੋਂ ਬਾਅਦ ਕਿਸੇ ਹੋਰ ਨੂੰ ਏਨੀ ਨਿਰਲੇਪ ਭਾਵਨਾ ਨਾਲ ਗੱਲ ਕਰਦਿਆਂ ਵੀ ਕਿਥੇ ਦੇਖਿਆ ਸੀ ਉਨ੍ਹਾਂ ਨੇ।

ਉਸ ਨਿਰਲੇਪਤਾ ਕਰਕੇ ਬਿਲਕੁਲ ਕੋਲ ਆਉਣ 'ਤੇ ਵੀ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦੀ ਆਵਾਜ਼ ਦੂਰੋਂ ਆ ਰਹੀ ਹੋਵੇ। ਆਕਾਸ਼-ਬਾਣੀ ਹੋ ਰਹੀ ਹੋਵੇ ਜਿਵੇਂ। ਪਰ ਉਸ ਤੋਂ ਡਰ ਨਹੀਂ ਸੀ ਲੱਗ ਰਿਹਾ। ਵਿਸ਼ਵਾਸ ਵਧ ਰਿਹਾ ਸੀ। ਲੱਗ ਰਿਹਾ ਸੀ ਸੱਚ ਇਸੇ ਤਰ੍ਹਾਂ ਅਤੇ ਸਿਰਫ ਇਸੇ ਤਰ੍ਹਾਂ ਕਿਹਾ ਜਾਂਦਾ ਹੈ। ਸ਼ੁੱਧ ਸਰੂਪ, ਖਿੜੀ ਅਵਸਥਾ ਵਿਚ, ਮਿਸ-ਪੁਣੇ ਤੋਂ ਰਹਿਤ, ਆਵੇਗ ਤੋਂ ਸਖਣਾ। ਜਾਬਾਲੀ ਨੇ ਉਸੇ ਨਿਰਪਖਤਾ ਨਾਲ ਪੁਛਿਆ ਸੀ, "ਕਿਉਂ।"

ਮੈਂ ਸਾਰੀ ਉਮਰ ਲੋਕਾਂ ਨਾਲ ਝੂਠ ਬੋਲਿਆ ਹੈ। ਤੇਰੇ ਪਿਤਾ ਦਾ ਕੋਈ ਨਾ ਕੋਈ ਨਾਂ ਦੱਸ ਦਿੰਦੀ ਰਹੀ ਹਾਂ। ਉਨ੍ਹਾਂ ਨੂੰ ਝੂਠ ਕਹਿੰਦਿਆਂ ਮੈਨੂੰ ਇਹ ਕਦੀ ਨਹੀਂ ਲੱਗਾ ਕਿ ਮੈਂ ਕੋਈ ਅਪਰਾਧ ਕਰ ਰਹੀ ਹਾਂ। ਨਹੀਂ, ਕਦੀ ਨਹੀਂ। ਪਰ ਤੂੰ ਜਦੋਂ ਵੀ ਇਹ ਪ੍ਰਸ਼ਨ ਕਰਦਾ ਸੀ, ਮੈਂ ਘਬਰਾ ਜਾਂਦੀ ਸਾਂ। ਮੈਨੂੰ ਲਗਦਾ, ਮੈਂ ਤੇਰੇ ਕੋਲ ਝੂਠ ਨਹੀਂ ਬੋਲ ਸਕਦੀ। ਜੀਵਨ ਵਿਚ ਮੇਰੀ ਇਕ ਹੀ ਇੱਛਾ ਰਹੀ ਹੈ ਕਿ ਤੈਨੂੰ ਕੁਝ ਵੀ ਅਜਿਹਾ ਨਾ ਕਰਨਾ ਪਵੇ ਜਿਸਨੂੰ ਛਿਪਾਉਣ ਲਈ ਤੈਨੂੰ ਮੇਰੇ ਵਾਂਗ ਝੂਠ ਬੋਲਣਾ ਪਵੇ। ਅਨੇਕਾਂ ਸੁੰਦਰ ਸ਼ਬਦਾਂ ਵਿਚੋਂ ਕਿਸੇ ਇਕ ਨੂੰ ਚੁਣ ਕੇ ਮੈਂ ਤੇਰਾ ਨਾਂ ਸਤਿਕਾਮ ਨਹੀਂ ਸੀ ਰਖਿਆ। ਇਹ ਨਾਂ ਮੇਰੀ ਮਹਾਨ-ਤਮ ਇੱਛਾ ਜਾਂ ਕਾਮਨਾ ਦਾ ਤੇਰੇ ਵਿਚ ਆਰੋਪਣ ਹੈ। ਮੈਂ ਤੇਰੇ ਸਾਹਮਣੇ ਝੂਠ ਨਹੀਂ ਬੋਲ ਸਕਦੀ। ਸਿਰਫ ਤੇਰੇ ਸਾਹਮਣੇ। ਇਸੇ ਲਈ ਮੇਰਾ ਗਲਾ ਭਰ ਜਾਂਦਾ ਸੀ। ਹੰਝੂ ਵਗ ਪੈਂਦੇ ਸਨ। ਕੁਦਰਤ ਦੀ ਉਸ ਗੰਭੀਰ ਭਾਸ਼ਾ ਵਿਚ ਮੈਂ ਕਿੰਨੀ ਵਾਰ ਤੈਨੂੰ ਕਿਹਾ ਕਿ ਇਹ ਇਕ ਅਜਿਹਾ ਕੌੜਾ ਸੱਚ ਹੈ ਜੋ ਮੈਂ ਤੈਨੂੰ ਨਹੀਂ ਦੱਸ ਸਕਦੀ। ਅਜ ਇਸ ਨੂੰ ਸ਼ਬਦਾਂ ਵਿਚ ਕਹਿਣਾ ਪੈ ਰਿਹਾ ਹੈ। ਹੋਰ ਕੋਈ ਉਪਾਉ ਨਹੀਂ ਹੈ।"

"ਪਰ ਕਿਉਂ ਨਹੀਂ ਦੱਸ ਸਕਦੀ?" ਜਾਬਾਲੀ ਨੇ ਜ਼ਿਦ ਕੀਤੀ ਸੀ।

"ਇਸ ਲਈ ਕਿ ਮੈਂ ਆਪ ਵੀ ਨਹੀਂ ਜਾਣਦੀ। ਮੇਰੀ ਜਵਾਨੀ ਦੂਜਿਆਂ ਤੋਂ ਕੁਝ

ਵੱਖਰੀ ਜਿਹੀ ਸੀ। ਕਈ ਲੋਕਾਂ ਨਾਲ ਰਹੀ। ਚਾਹ ਕੇ ਵੀ, ਅਣਚਾਹੇ ਵੀ। ਉਨ੍ਹਾਂ ਵਿਚੋਂ ਸਾਰਿਆਂ ਦੇ ਤਾਂ ਨਾਂ ਵੀ ਨਹੀਂ ਜਾਣਦੀ। ਜਾਣਿਆਂ ਵੀ ਤਾਂ ਯਾਦ ਰਖਣਾ ਜ਼ਰੂਰੀ ਨਹੀ ਸਮਝਿਆ। ਬਸ। ਇਹੀ ਤੇਰਾ ਸੱਚ ਹੈ। ਤੂੰ ਕੇਵਲ ਮੇਰਾ ਪੁੱਤਰ ਹੈ। ਪੂਰਾ, ਸਾਰਾ, ਅਣਵੰਡਿਆ ਤੇ ਅਦੁੱਤੀ। ਮਾਂ ਜਿਵੇਂ ਆਪਣੇ ਪੁੱਤਰ ਦੀ ਨਹੀਂ ਬ੍ਰਹਮ ਦੀ ਗੱਲ ਕਰ ਰਹੀ ਹੋਵੇ। ਗਿਲਾਨੀ ਨਹੀਂ ਹੁੰਦੀ, ਮਾਣ ਹੁੰਦਾ ਹੈ ਇਸ ਮਾਂ ਉਤੇ ਅਤੇ ਤਰਸ ਵੀ ਆਉਂਦਾ ਹੈ।

ਉਸ ਅਵਸਥਾ ਵਿਚ ਵੀ ਮਾਂ ਦਾ ਇਹ ਉੱਤਰ ਸੁਣ ਕੇ ਉਨ੍ਹਾਂ ਪ੍ਰਤੀ ਆਦਰ ਨਹੀ ਘਟਿਆ। ਜਾਬਾਲੀ ਮਾਂ ਦੇ ਚਰਨਾਂ ਵਿਚ ਝੁਕ ਗਿਆ ਸੀ। ਹੁਣ ਉਸ ਦੇ ਅੰਦਰਲਾ ਸੱਚ ਮਾਂ ਦੇ ਚਰਨਾਂ ਨੂੰ ਗਿੱਲਾ ਕਰ ਰਿਹਾ ਸੀ। ਮਾਂ ਨੇ ਉਸਨੂੰ ਚੁਕਿਆ ਨਹੀਂ ਸੀ। ਉਹ ਸ਼ਾਇਦ ਆਪਣੇ ਆਪ ਨੂੰ ਸੰਭਾਲਣ ਵਿਚ ਲਗੀ ਹੋਈ ਸੀ। ਜਿਸ ਡਰ ਨੇ ਉਸ ਨੂੰ ਏਨੇ ਲੰਮੇ ਸਮੇਂ ਤੋਂ ਡਰਪੋਕ ਬਣਾ ਰਖਿਆ ਸੀ ਉਸ ਤੋਂ ਮੁਕਤ ਹੋ ਜਾਣ ਨਾਲ ਹਿਰਦੇ ਨੂੰ ਆਨੰਦ ਨਾਲ ਫਟ ਪੈਣ ਤੋਂ ਬਚਾਉਣ ਦੇ ਯਤਨ ਕਰਨ ਲੱਗੀ ਸੀ ਉਹ। ਅਤੇ ਫਿਰ ਉਨ੍ਹਾਂ ਨੇ ਜਾਬਾਲ ਦੇ ਸਿਰ ਨੂੰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਉਸ ਨੂੰ ਉਤੇ ਚੁਕਿਆ ਅਤੇ ਇਹ ਭੁੱਲ ਕੇ ਕਿ ਉਹ ਹੁਣ ਬੱਚਾ ਨਹੀਂ, ਚੌਦਾਂ ਸਾਲਾਂ ਦਾ ਜਵਾਨ ਹੋ ਗਿਆ ਹੈ, ਉਸਦੇ ਮੱਥੇ ਨੂੰ ਚੁੰਮਣ ਲੱਗੀ।

ਪਤਾ ਨਹੀਂ ਕਿਥੋਂ ਏਨਾ ਆਤਮ-ਵਿਸ਼ਵਾਸ ਆ ਗਿਆ ਸੀ ਜਾਬਾਲੀ ਵਿਚ। ਮਾਂ ਨੂੰ ਕਿਹਾ ਸੀ, ''ਉਪਸੰਪਦਾ (ਸੰਨਿਆਸ) ਮੈਨੂੰ ਮਿਲੇਗੀ, ਮਾਂ। ਮੈਂ ਬ੍ਰਹਮਚਾਰਯਾ ਕਰਾਂਗਾ।

ਉਪਸੰਪਦਾ ਤਾਂ ਮਿਲੀ ਪਰ ਕਿੰਨਾ ਭਟਕਣ ਉਪਰੰਤ। ਆਚਾਰਯ ਲੋਕ ਜਾਤੀ ਅਤੇ ਗੋਤਰ ਪੁੱਛਦੇ ਅਤੇ ਫਿਰ ਡਾਂਟ ਕੇ ਭਜਾ ਦਿੰਦੇ। ਜਦੋਂ ਜਾਬਾਲੀ ਨੇ ਨਿਸਚਾ ਕਰ ਲਿਆ ਸੀ ਕਿ ਉਹ ਆਪਣਾ ਮਿਥਿਆ ਪਰਿਚੈ ਨਹੀਂ ਦੇਵੇਗਾ। ਮਾਂ ਨੇ ਜੋ ਵਿਭੂਤੀ (ਸ਼ਕਤੀ) ਦਿੱਤੀ ਹੈ ਉਸ ਨੂੰ ਕਲੰਕਿਤ ਨਹੀਂ ਕਰੇਗਾ। ਬਿਲਕੁਲ ਨਹੀਂ।

ਅਤੇ ਅੰਤ ਵਿਚ ਮਿਲੇ ਸਨ ਹਾਰਿਦ੍ਰਮਤ ਗੌਤਮ। ਬਾਅਦ ਵਿਚ ਪਤਾ ਲੱਗਾ ਕਿ ਉਹ ਇਕੱਲੇ ਅਜਿਹੇ ਆਚਾਰਯ ਨਹੀਂ ਸਨ। ਬ੍ਰਹਮਵਾਦੀਆਂ ਲਈ ਸੱਚ ਤੋਂ ਵੱਡਾ ਕੁਝ ਨਹੀਂ ਸੀ। ਜਾਤੀ ਦੀ ਚਿੰਤਾ ਕਿਉਂ ਕਰਦੇ। ਯੁਗ ਹੀ ਅਜਿਹਾ ਸੀ ਜਦੋਂ ਜਾਨਸ਼੍ਰੁਤਿ ਵਰਗੇ ਸ਼ੂਦਰ ਵੀ ਬ੍ਰਹਮ ਬਾਰੇ ਚਰਚਾ ਕਰ ਸਕਦੇ ਸਨ। ਕਥਾ ਵਾਰਤਾਵਾਂ ਵਿਚ ਹੀ ਸਹੀ। ਇਸ ਤੋਂ ਪਹਿਲਾਂ ਤਾਂ ਅਜਿਹਾ ਸੰਭਵ ਨਹੀਂ ਸੀ। ਜਾਂ ਕੌਣ ਜਾਣੇ, ਰਿਹਾ ਵੀ ਹੋਵੇ। ਮਧੁ ਵਿਦਿਆ ਤਾਂ ਪੁਰਾਣੀ ਹੈ। ਵੇਦਾਂ ਦੇ ਵੇਲੇ ਤੋਂ ਹੀ ਚਲੀ ਆ ਰਹੀ ਹੈ।

ਗੋਤਰ ਅਤੇ ਕੁਲ ਬਾਰੇ ਪ੍ਰਸ਼ਨ ਤਾਂ ਉਨ੍ਹਾਂ ਨੇ ਵੀ ਕੀਤੇ ਸਨ। ਸਤਿਕਾਮ ਨੇ ਸੋਚਿਆ ਸੀ ਵਰਣ ਬਾਰੇ ਹਠ ਤਾਂ ਉਨ੍ਹਾਂ ਦੇ ਮਨ ਵਿਚੋਂ ਵੀ ਗਿਆ ਨਹੀਂ ਹੈ। ਇਥੋਂ ਵੀ ਵਾਪਸ ਹੀ ਮੁੜਨਾ ਪਵੇਗਾ। ਜ਼ਾਬਾਲੀ ਨੇ ਉਸੇ ਨਿਰਪਖਤਾ ਅਤੇ ਸ਼ਰਧਾ ਨਾਲ ਆਪਣਾ ਪ੍ਰਸ਼ਨ ਅਤੇ ਮਾਂ ਦੇ ਉੱਤਰ ਨੂੰ ਦੁਹਰਾ ਦਿੱਤਾ। ਉਨ੍ਹਾਂ ਨੇ ਇਸ ਸਪਸ਼ਟ ਕਥਨ ਤੋਂ ਵੀ ਜਾਤਿ ਲਭ ਲਈ ਸੀ। ਉਨ੍ਹਾਂ ਨੇ ਕਿਹਾ, ''ਏਨਾ ਸਪਸ਼ਟ ਕਥਨ ਬ੍ਰਾਹਮਣ ਨੂੰ ਛਡ ਕੇ ਕੋਈ ਹੋਰ ਨਹੀਂ ਕਰ ਸਕਦਾ। ਇਸ ਲਈ ਜਨਮ ਤੋਂ ਤੂੰ ਬ੍ਰਾਹਮਣ ਤੋਂ ਭਿੰਨ ਹੋ ਹੀ ਨਹੀਂ ਸਕਦਾ। ਹਵਨ ਦੀ ਸਾਮਗ੍ਰੀ ਲਿਆ। ਮੈਂ ਤੇਰਾ ਉਪਨਯਨ ਕਰਦਾ ਹਾਂ।''

ਉਪਨਯਨ ਤਾਂ ਜਾਬਾਲੀ ਦਾ ਹੋ ਗਿਆ ਪਰ ਗੁਰੂ ਨੇ ਉਸ ਨੂੰ ਇਕ ਨਵੀਂ ਪਰੀਖਿਆ ਵਿਚ ਪਾ ਦਿੱਤਾ। ਚਾਰ ਸੌ ਮਰੀਅਲ ਜਿਹੀਆਂ ਗਊਆਂ ਦੇ ਕੇ ਕਿਹਾ, "ਇਨ੍ਹਾਂ ਨੂੰ ਲੈ ਜਾ ਕੇ ਇਨ੍ਹਾਂ ਦੀ ਦੇਖ ਭਾਲ ਕਰ। ਜਦੋਂ ਇਨ੍ਹਾਂ ਦੀ ਗਿਣਤੀ ਇਕ ਹਜ਼ਾਰ ਹੋ ਜਾਵੇ ਤਾਂ ਮੇਰੇ ਕੋਲ ਲੈ ਕੇ ਆਵੀਂ। ਸਿੱਖਿਆ ਤੈਨੂੰ ਉਸ ਤੋਂ ਬਾਅਦ ਮਿਲੇਗੀ।"

ਆਚਾਰਯ ਦਾ ਹੁਕਮ। ਮੰਨਣਾ ਤਾਂ ਹੈ ਹੀ ਸੀ। ਇਨ੍ਹਾਂ ਗਊਆਂ ਵਿਚ ਅਨੇਕਾਂ ਦੀ ਹਾਲਤ ਤਾਂ ਇਹੋ ਜਿਹੀ ਸੀ ਕਿ ਉਨ੍ਹਾਂ ਨੂੰ ਜੀਉਂਦੇ ਰਖਣਾ ਵੀ ਕਠਿਨ ਸੀ। ਬਹੁਤ ਸਾਰੀਆਂ ਬੁੱਢੀਆਂ ਹੋ ਚਲੀਆਂ ਸਨ। ਉਹ ਗਰਭ ਧਾਰਣ ਕਰ ਹੀ ਨਹੀਂ ਸਨ ਸਕਦੀਆਂ। ਅਤੇ ਕੁਝ ਵੱਛੀਆਂ ਸਨ। ਆਸਾਨ ਕੰਮ ਨਹੀਂ ਸੀ, ਉਨ੍ਹਾਂ ਦੀ ਗਿਣਤੀ ਨੂੰ ਇਕ ਹਜ਼ਾਰ ਤਕ ਪਹੁੰਚਾਉਣਾ। ਸੰਭਵ ਹੈ ਗੁਰੂ ਨੇ ਸੋਚਿਆ ਹੋਵੇ ਸਤਿਕਾਮ ਉਨ੍ਹਾਂ ਗਊਆਂ ਨੂੰ ਲੈ ਕੇ ਵਾਪਸ ਪਰਤੇ ਹੀ ਨਾ। ਚਾਰ ਸੌ ਗਊਆਂ ਨੂੰ ਸੰਭਾਲਣਾ ਵੀ ਕੋਈ ਸੌਖਾ ਕੰਮ ਨਹੀਂ ਸੀ। ਇਨ੍ਹਾਂ ਦੀ ਗਿਣਤੀ ਵਧਣ ਨਾਲ ਤਾਂ ਸਮਸਿਆ ਹੋਰ ਵੀ ਗੰਭੀਰ ਹੁੰਦੀ ਜਾਣੀ ਸੀ।

ਉਹ ਜ਼ਮਾਨਾ ਹੀ ਕੁਝ ਹੋਰ ਸੀ। ਉਸ ਵਿਚ ਅਕਸਰ ਜਾਨਵਰ ਆਦਮੀ ਤੋਂ ਚੰਗੇ ਸਿੱਧ ਹੁੰਦੇ ਸਨ। ਸ਼ਾਇਦ ਇਹੀ ਨਿਯਮ ਸੀ। ਇਸ ਦੇ ਉਲਟ ਸੀ ਆਦਮੀ ਦਾ ਜਾਨਵਰ ਤੋਂ ਚੰਗਾ ਸਿੱਧ ਹੋ ਜਾਣਾ। ਗੁਰੂਦੇਵ ਤਾਂ ਸਤਿਕਾਮ ਨੂੰ ਚਾਰ ਸੌ ਗਊਆਂ ਕੇਵਲ ਦੀਖਿਆ ਦੇ ਬਦਲੇ ਸੌਂਪ ਕੇ ਨਿਸਚਿੰਤ ਹੋ ਗਏ ਅਤੇ ਮੁੜ ਕੇ ਇਕ ਵਾਰ ਵੀ ਨਹੀਂ ਸੋਚਿਆ ਕਿ ਜੰਗਲ ਵਿਚ ਏਨੀਆਂ ਗਊਆਂ ਨੂੰ ਇਕ ਬੱਚਾ ਸੰਭਾਲੇਗਾ ਕਿਵੇਂ? ਪਰ ਜਾਨਵਰਾਂ ਨਾਲ ਉਸ ਦੀ ਅਜਿਹੀ ਸੁਰ ਰਲ ਗਈ ਕਿ ਗਊਆਂ ਅਤੇ ਸਾਂਡ ਦੋਵੇਂ ਮਿਲਵਰਤਨ ਦੇਣ ਲਗੇ ਅਤੇ ਤੇਜ਼ੀ ਨਾਲ ਗਊਆਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਿਆ। ਨਾ ਕੋਈ ਦੌੜਦਾ, ਨਾ ਲੜਦਾ-ਭਿੜਦਾ, ਨਾ ਘਾਹ ਜਾਂ ਤੂੜੀ ਦੀ ਸ਼ਿਕਾਇਤ ਕਰਦਾ। ਉਸਦੇ ਗੁਜ਼ਾਰੇ ਲਈ ਦੁੱਧ ਦੇਣ ਵਿਚ ਗਊਆਂ ਨਾ ਤਾਂ ਕੁਤਾਹੀ ਕਰਦੀਆਂ, ਨਾ ਲੱਤ ਮਾਰਦੀਆਂ। ਆਚਾਰਯ ਨੇ ਤਾਂ ਕੁਝ ਸਿਖਾਇਆ ਪੜ੍ਹਾਇਆ ਨਹੀਂ, ਪਰ ਸਾਂਡ ਉਸ ਨੂੰ ਉਪਦੇਸ਼ ਦੇਣ ਲੱਗਾ। ਆਖਿਰ ਰਿਸ਼ੀ ਅਤੇ ਸਾਂਡ ਵਿਚ, ਰਿਸ਼ਭ ਅਵਤਾਰ ਅਤੇ ਸਾਂਡ ਵਿਚ ਫਰਕ ਤਾਂ ਹੈ ਨਹੀਂ। ਇਕ ਨਾ ਸਹੀ, ਦੂਜਾ ਸਹੀ। ਸ਼ਾਇਦ ਗੁਰੂ ਨੇ ਇਸ ਯੋਜਨਾ ਅਧੀਨ ਹੀ ਕਿਸੇ ਸਾਂਡ ਨੂੰ ਸਮਝਾ ਬੁਝਾ ਕੇ ਉਸਦੇ ਨਾਲ ਕਰ ਦਿੱਤਾ ਸੀ।

ਗਿਣਤੀ ਵਧਾਉਣ ਦਾ ਕੰਮ ਸਾਂਡ ਦੇ ਜ਼ਿੰਮੇ ਸੀ, ਇਸ ਲਈ ਉਹ ਰੋਜ਼ ਗਿਣਤੀ ਕਰ ਲਿਆ ਕਰਦਾ ਸੀ। ਜਿਸ ਦ੍ਰਿਨ ਗਿਣਤੀ ਪੂਰੀ ਹੋਈ ਉਸਨੇ ਸਤਿਕਾਮ ਨੂੰ ਆ ਕੇ ਦੱਸਿਆ, 'ਹੁਣ ਗਿਣਤੀ ਹਜ਼ਾਰ ਤੋਂ ਜ਼ਿਆਦਾ ਹੋਣ ਵਾਲੀ ਹੈ, ਇਸ ਲਈ ਮੈਨੂੰ ਵਾਪਸ ਲੈ ਚਲੋ।'

ਜਾਬਾਲੀ ਨੇ ਸੋਚਿਆ ਏਨਾ ਸਮਾਂ ਗਊਆਂ ਚਰਾਉਣ ਵਿਚ ਗੁਆ ਦਿੱਤਾ ਹੈ। ਮੁੜਾਂ ਤਾਂ ਫਿਰ ਕੁਝ ਬੁੱਢੀਆਂ ਗਊਆਂ ਸੌਂਪ ਕੇ ਗਿਣਤੀ ਵਧਾਉਣ ਲਈ ਕਹਿ ਦਿੱਤਾ ਤਾਂ ਮੇਰੀ ਸਿੱਖਿਆ ਤਾਂ ਗਊਆਂ ਚਰਾਉਣ ਦੀ ਸਿੱਖਿਆ ਬਣ ਜਾਵੇਗੀ। ਉਸ ਲਈ ਮੁੜਨਾ ਅਤੇ ਨਾ ਮੁੜਨਾ ਦੋਵੇਂ ਦੁਖਦਾਇਕ ਸਨ।

ਸਾਂਡ ਨੇ ਸਤਿਕਾਮ ਦਾ ਸੰਕਟ ਸਮਝ ਲਿਆ। ਬੋਲਿਆ, "ਸਿੱਖਿਆ ਤਾਂ ਤੈਨੂੰ ਮੈਂ ਦਿੰਦਾ ਹਾਂ। ਇਹ ਬ੍ਰਹਮਵਾਦ ਦੀ ਸਿੱਖਿਆ ਪੋਥੀਆਂ ਤੋਂ ਨਹੀਂ ਦਿੱਤੀ ਜਾਂਦੀ।

ਜੀਵਨ-ਅਨੁਭਵ ਤੋਂ ਦਿੱਤੀ ਜਾਂਦੀ ਹੈ, ਇਹ ਸਿੱਖਿਆ। ਸਾਰੀਆਂ ਸਿੱਖਿਆਵਾਂ ਦਾ ਜੋ ਸਾਰ ਹੈ, ਮੈਂ ਤੈਨੂੰ ਉਹ ਸਮਝਾਉਂਦਾ ਹਾਂ। ਪਰ ਇਹ ਸਮਝ ਲੈ ਕਿ ਮੈਂ ਤੈਨੂੰ ਇਸ ਦੇ ਇਕ ਪਾਦ ਜਾਂ ਚੌਥਾਈ ਦਾ ਹੀ ਗਿਆਨ ਕਰਾਵਾਂਗਾ।''

ਸਤਿਕਾਮ ਨੇ ਇਕੋ ਵੇਲੇ ਸਾਂਡ ਅਤੇ ਆਚਾਰਯ ਗੌਤਮ ਦੋਹਾਂ ਪ੍ਰਤੀ ਅਹਿਸਾਨਮੰਦੀ ਦਾ ਅਨੁਭਵ ਕੀਤਾ ਅਤੇ ਹੱਥ ਜੋੜ ਕੇ ਖੜ੍ਹਾ ਹੋ ਗਿਆ, ''ਕ੍ਰਿਪਾ ਕਰਕੇ ਦੱਸੋ।''

ਸਾਂਡ ਨੇ ਕਿਹਾ, ''ਬ੍ਰਹਮ ਦੇ ਜਿਸ ਪਹਿਲੇ ਪਾਦ ਦਾ ਗਿਆਨ ਮੈਂ ਤੈਨੂੰ ਕਰਾਉਣ ਜਾ ਰਿਹਾ ਹਾਂ, ਉਸਦਾ ਇਕ ਚੌਥਾਈ ਜਾਂ ਬ੍ਰਹਮ ਦਾ ਸੋਲ੍ਹਵਾਂ ਭਾਗ ਪੂਰਬ ਦੀ ਦਿਸ਼ਾ ਹੈ। ਸੋਲ੍ਹਵਾਂ ਭਾਗ ਪੱਛਮ ਦੀ ਦਿਸ਼ਾ ਹੈ। ਸੋਲ੍ਹਵਾਂ ਹਿੱਸਾ ਜਾਂ ਇਕ ਕਲਾ ਦੱਖਣ ਦਿਸ਼ਾ ਹੈ ਅਤੇ ਇਕ ਕਲਾ ਉੱਤਰ ਦਿਸ਼ਾ ਹੈ। ਇਸ ਤਰ੍ਹਾਂ ਚਾਰ ਕਲਾਵਾਂ ਵਾਲਾ ਬ੍ਰਹਮ ਦਾ ਪਹਿਲਾ ਪੈਰ ਹੈ। ਇਸ ਨੂੰ ਪ੍ਰਕਾਸ਼ਵਾਨ ਪਾਦ ਕਿਹਾ ਜਾਂਦਾ ਹੈ।''

ਸਤਿਕਾਮ ਨੇ ਇਹ ਜਾਣ ਤਾਂ ਲਿਆ ਪਰ ਸੋਚਣ ਲੱਗਾ ਕਿ ਇਸ ਜਾਣਨ ਦਾ ਲਾਭ ਕੀ ਹੈ। ਸਾਂਡ ਤਾੜਨ ਵਿਚ ਤੇਜ਼ ਸੀ, ਇਸ ਲਈ ਉਸਨੇ ਇਹ ਦੁਬਿਧਾ ਵੀ ਤਾੜ ਲਈ। ਸਤਿਕਾਮ ਨੂੰ ਕਿਹਾ, ''ਓਏ ਮੂਰਖ, ਬ੍ਰਹਮ ਦੀ ਇਸ ਚਾਰ-ਕਲਾ ਵਾਲੇ ਪਾਦ ਦੀ ਉਪਾਸਨਾ ਕਰ। ਇਸ ਰੂਪ ਵਿਚ ਉਪਾਸਨਾ ਕਰੇਂਗਾ ਤਾਂ ਤੂੰ ਪ੍ਰਕਾਸ਼ਵਾਨ ਹੋਵੇਂਗਾ ਅਤੇ ਸਾਰੇ ਪ੍ਰਕਾਸ਼ਵਾਨ ਲੋਕਾਂ ਨੂੰ ਜਿਤ ਲਵੇਂਗਾ। ਸਤਿਕਾਮ ਨੂੰ ਕੁਝ ਅਜੀਬ ਲੱਗਿਆ। ਸਾਂਡ ਦੀ ਗੱਲ ਉਤੇ ਵਿਸ਼ਵਾਸ ਕਰਨ ਲਈ ਮਨ ਨਹੀਂ ਮੰਨਿਆ ਅਤੇ ਇਹ ਸੋਚ ਕੇ ਅਵਿਸ਼ਵਾਸ ਵੀ ਨਹੀਂ ਕਰ ਸਕਿਆ ਸੀ ਕਿ ਸਾਂਡ ਸਾਂਡ ਹੈ ਆਦਮੀ ਤਾਂ ਹੈ ਨਹੀਂ। ਉਹ ਝੂਠ ਕਿਉਂ ਬੋਲੇਗਾ। ਉਨ੍ਹਾਂ ਨੇ ਆਪਣੇ ਸ਼ਕ ਨੂੰ ਇਸ ਡਰ ਨਾਲ ਨਰਮ ਬਣਾ ਕੇ ਕਿਹਾ ਕਿ ਕਿਧਰੇ ਸਾਂਡ ਕ੍ਰੋਧ ਵਿਚ ਆ ਕੇ ਸਿੰਗ ਹੀ ਨਾ ਮਾਰ ਦੇਵੇ, ''ਕੀ ਕਿਸੇ ਨੇ ਮੇਰੇ ਤੋਂ ਪਹਿਲਾਂ ਉਪਾਸਨਾ ਦੇ ਬਲ ਤੇ ਸਾਰੇ ਪ੍ਰਕਾਸ਼ਵਾਨ ਲੋਕਾਂ ਨੂੰ ਜਿੱਤਿਆ ਵੀ ਹੈ?''

''ਸਾਂਡ ਨੇ ਕਿਹਾ, ''ਬਹੁਤ ਸਾਰਿਆਂ ਨੇ।''

ਸਤਿਕਾਮ ਨੂੰ ਲੱਗਿਆ ਜਾਂ ਤਾਂ ਸਾਂਡ ਪੱਕਾ ਸਾਂਡ ਹੈ ਅਤੇ ਇਸ ਨੂੰ ਗਿਣਤੀ ਨਹੀਂ ਆਉਂਦੀ ਜਾਂ ਇਹ ਭਰਮਾ ਰਿਹਾ ਹੈ। ਕਿਥੇ ਤਾਂ ਉਹ ਸੱਚ ਦਾ ਬ੍ਰਤ ਲੈ ਕੇ ਚਲਿਆ ਸੀ ਕਿ ਕੌੜੇ ਤੋਂ ਕੌੜੇ ਸੱਚ ਨੂੰ ਛਿਪਾਏਗਾ ਨਹੀਂ, ਕਿਥੇ ਉਸ ਦਾ ਵਾਹ ਇਕ ਅਜਿਹੇ ਰਿਸ਼ੀ ਨਾਲ ਪਿਆ ਜਿਸ ਦੀ ਨੀਅਤ ਅਤੇ ਬੋਲ ਦੋਹਾਂ ਤੇ ਸ਼ਕ ਹੁੰਦਾ ਹੈ। ਆਦਮੀਆਂ ਦੀ ਤਾਂ ਗੱਲ ਹੀ ਵੱਖਰੀ ਹੈ, ਰਿਸ਼ੀਆਂ ਦੇ ਸੰਪਰਕ ਵਿਚ ਰਹਿਣ ਕਾਰਣ ਸਾਂਡ ਵੀ ਝੂਠ ਬੋਲਣ ਲਗੇ ਹਨ। ਇਸ ਤੇ ਵੀ ਆਚਾਰਯ ਕਹਿ ਰਹੇ ਸਨ ਕਿ ਤੂੰ ਸਤਿਵਾਦੀ ਹੈਂ, ਇਸ ਲਈ ਬ੍ਰਾਹਮਣ ਹੀ ਹੋ ਸਕਦਾ ਹੈ। ਇਸ ਤੋਂ ਵੱਡਾ ਝੂਠ ਕੀ ਕੋਈ ਹੋਰ ਵੀ ਹੋ ਸਕਦਾ ਹੈ? ਕੀ ਸਤਿਕਾਮ ਨੇ ਬ੍ਰਾਹਮਣਾਂ ਨੂੰ ਝੂਠ ਬੋਲਦੇ ਨਹੀਂ ਦੇਖਿਆ। ਬ੍ਰਾਹਮਣਾਂ ਨੇ ਜਿੰਨੇ ਝੂਠ ਘੜੇ ਹਨ, ਕੀ ਉਨ੍ਹਾਂ ਤੋਂ ਜ਼ਿਆਦਾ ਕੋਈ ਝੂਠ ਘੜ ਸਕਦਾ ਹੈ?

ਸਾਂਡ ਨੇ ਸਿਰ ਝਟਕਦਿਆਂ ਪੁੱਛਿਆ ਕਿ ਸਤਿਕਾਮ ਕਿਸ ਦੁਬਿਧਾ ਵਿਚ ਹੈ, ਤਾਂ ਉਨ੍ਹਾਂ ਨੇ ਆਪਣੀ ਦੁਬਿਧਾ ਵੀ ਪ੍ਰਗਟ ਕਰ ਦਿੱਤੀ, ''ਏਨੇ ਸਾਰੇ ਲੋਕ ਸਾਰੇ ਪ੍ਰਕਾਸ਼ ਲੋਕਾਂ ਨੂੰ ਕਿਸ ਤਰ੍ਹਾਂ ਜਿੱਤ ਸਕਦੇ ਹਨ ਕਿ ਉਨ੍ਹਾਂ ਦੀ ਵੰਡ ਤਕ ਨਾ ਹੋ ਸਕੇ? ਜੋ ਜਿੱਤਦੇ ਹੋਣਗੇ

ਤਾਂ ਇਕ ਦੇ ਹਿੱਸੇ ਇਕ ਦੋ ਲੋਕ ਹੀ ਆਉਂਦੇ ਹੋਣਗੇ ਅਤੇ ਉਨ੍ਹਾਂ ਵਿਚੋਂ ਵੀ ਬਾਅਦ ਦੇ ਉਪਾਸਕ ਕੁਝ ਨਾ ਕੁਝ ਖੋਹ ਲੈਂਦੇ ਹੋਣਗੇ।''

ਸਾਂਡ ਹੱਸ ਨਹੀਂ ਸਕਦਾ ਸੀ ਪਰ ਖੁਸ਼ੀ ਵਿਚ ਜੁਗਾਲੀ ਤਾਂ ਕਰ ਹੀ ਸਕਦਾ ਸੀ। ਉਸਨੇ ਉਹੀ ਕੀਤਾ ਅਤੇ ਫਿਰ ਜੁਗਾਲੀ ਦੇ ਵਿਚ-ਵਿਚਾਲੇ ਝੱਗ ਹੇਠਾਂ ਡਿਗਾਉਂਦਿਆਂ ਬੋਲਿਆ, ''ਇਹ ਬ੍ਰਾਹਮ ਗਣਿਤ ਹੈ। ਇਸ ਵਿਚ ਪੂਰੇ ਤੋਂ ਪੂਰਾ ਕੱਢ ਲੈਣ ਉਪਰੰਤ ਵੀ ਪੂਰਾ ਬਚਿਆ ਰਹਿੰਦਾ ਹੈ, ਇਸ ਲਈ ਇਹ ਪ੍ਰਕਾਸ਼ਵਾਨ ਲੋਕ ਪੂਰਾ ਜਿੱਤ ਲੈਣ ਦੇ ਬਾਅਦ ਵੀ ਦੂਜਿਆਂ ਦੁਆਰਾ ਜਿੱਤੇ ਜਾਣ ਲਈ ਪੂਰਾ ਬਚਿਆ ਰਹਿੰਦਾ ਹੈ।''

ਉਸਨੇ ਸਤਿਕਾਮ ਨੂੰ ਹੈਰਾਨ ਹੋਣ ਲਈ ਥੋੜ੍ਹਾ ਸਮਾਂ ਹੋਰ ਦਿੱਤਾ ਅਤੇ ਫਿਰ ਕਹਿਣ ਲਗਾ, ''ਤੈਨੂੰ ਪੂਰਾ ਗਿਆਨ ਦੇਣ ਤੋਂ ਬਾਅਦ ਮੇਰਾ ਕੀ ਗੁਆਚਿਆ? ਇਨ੍ਹਾਂ ਗਊਆਂ ਨੂੰ ਦੇਖ। ਇਨ੍ਹਾਂ ਵਿਚ ਕਮੀ ਆ ਗਈ। ਜੋ ਧੁਨੀਆਂ ਸਾਡੇ ਕੰਨਾਂ ਵਿਚ ਪੈ ਰਹੀਆਂ ਹਨ ਕੀ ਉਹ ਤੇਰੇ ਕੰਨਾਂ ਵਿਚ ਨਹੀਂ ਪੈ ਰਹੀਆਂ। ਕੀ ਮੇਰੇ ਕੰਨ ਵਿਚ ਪੈਣ ਨਾਲ ਤੇਰੇ ਕੰਨ ਵਿਚ ਇਨ੍ਹਾਂ ਦੇ ਪੈਣ ਵਿਚ ਕੋਈ ਰੁਕਾਵਟ ਆਈ? ਇਹ ਵੰਡੀਆਂ ਗਈਆਂ।''

ਸਤਿਕਾਮ 'ਨਹੀਂ' ਤੋਂ ਇਲਾਵਾ ਕੀ ਕਹਿ ਸਕਦੇ ਹਨ।

ਸਾਂਡ ਨੇ ਕਿਹਾ, ''ਬ੍ਰਾਹਮ-ਗਣਿਤ ਵਿਚ ਬਹੁਤ ਕੁਝ ਅਜਿਹਾ ਆਉਂਦਾ ਹੈ ਜੋ ਤੁਹਾਡੇ ਲੌਕਿਕ ਗਣਿਤ ਅਨੁਸਾਰ ਗ਼ਲਤ ਪ੍ਰਤੀਤ ਹੋ ਸਕਦਾ ਹੈ, ਪਰ ਹੁੰਦਾ ਸਹੀ ਹੈ। ਜੋ ਬ੍ਰਹਮ ਸਤ; ਚਿਤ ਅਤੇ ਆਨੰਦ ਸਰੂਪ ਹੈ, ਉਸ ਤੋਂ ਜੇ ਸੰਪੂਰਣ ਕਢ ਵੀ ਲਿਆ ਜਾਵੇ ਤਾਂ ਉਹ ਪੂਰਣ ਹੀ ਰਹਿੰਦਾ ਹੈ। ਇਸ ਤਰ੍ਹਾਂ ਜਿੱਤ ਦੇ ਵੀ ਕੁਝ ਅਜਿਹੇ ਉੱਚੇ ਤੋਂ ਉੱਚੇ ਰੂਪ ਹਨ ਕਿ ਹਾਰ ਜਾਣ ਤੇ ਵੀ ਹਾਰ ਦਾ ਬੋਧ ਨਹੀਂ, ਆਨੰਦ ਦਾ ਵਾਧਾ ਹੁੰਦਾ ਹੈ ਅਤੇ ਹਾਰਨ ਵਾਲੇ ਦਾ ਕੁਝ ਘਟਦਾ ਨਹੀਂ ਹੈ ਸਗੋਂ ਆਤਮ-ਵਿਸਥਾਰ ਹੁੰਦਾ ਹੈ ਜਿਵੇਂ ਪ੍ਰੇਮ ਵਿਚ, ਭਗਤੀ ਵਿਚ, ਗਿਆਨ ਵਿਚ। ਜਦੋਂ ਤੁਸੀਂ ਇਹ ਸੋਚਣਾ ਆਰੰਭ ਕਰ ਦਿਓ ਕਿ ਇਸ ਚੁਫੇਰ ਵਿਚ ਤੁਹਾਡਾ ਆਪਣਾ ਹੀ ਪਸਾਰਾ ਹੈ, ਇਸ ਦੇ ਨਾਲ ਜਦੋਂ ਤੁਸੀਂ ਸਾਰੇ ਆਕਾਸ਼ ਜਾਂ ਸਾਰੀਆਂ ਦਿਸ਼ਾਵਾਂ ਵਿਚ ਸਥਿਤ ਗ੍ਰਹਿ ਪਿੰਡਾਂ ਨੂੰ ਆਪਣੇ ਹੀ ਰੂਪ ਦਾ ਵਿਸਥਾਰ ਮੰਨ ਲਓ ਤਾਂ ਇਸ ਬੋਧ ਦੇ ਨਾਲ ਹੀ ਕੀ ਸਾਰੇ ਪ੍ਰਕਾਸ਼-ਪਿੰਡਾਂ ਉਤੇ ਤੁਹਾਡੀ ਜਿੱਤ ਨਹੀਂ ਹੋ ਜਾਂਦੀ। ਸਾਰੇ ਪ੍ਰਕਾਸ਼-ਲੋਕਾਂ ਤੇ ਤੁਹਾਡਾ ਆਪਣਾ ਰਾਜ ਕਾਇਮ ਨਹੀਂ ਹੋ ਜਾਂਦਾ?''

ਸਾਂਡ ਨੇ ਜੁਗਾਲੀ ਕਰਨਾ, ਝੱਗ ਗਿਰਾਉਣਾ ਅਤੇ ਬੋਲਣਾ ਤਿੰਨੇ ਇਕੋ ਵੇਲੇ ਬੰਦ ਕਰ ਦਿੱਤੇ ਅਤੇ ਇਸਦੇ ਨਾਲ ਹੀ ਇਹ ਵਿਚਾਰ ਸਤਿਕਾਮ ਦੇ ਮਸਤਕ ਵਿਚ ਉਤਰ ਗਿਆ। ਪਰ ਵਾਰ-ਵਾਰ ਇਹ ਉਪਾਸਨਾ ਦੀ ਗੱਲ ਕਿਉਂ?

ਸਾਂਡ ਨੇ ਗਰਦਨ ਕੁਝ ਇਸ ਤਰ੍ਹਾਂ ਘੁਮਾਈ ਕਿ ਦੋ ਸਿੰਗ ਚਾਰ ਸਿੰਗਾਂ ਵਰਗੇ ਦਿਖਾਈ ਦੇਣ ਲਗੇ, ''ਗਊਆਂ ਚਰਾਉਂਦੇ ਚਰਾਉਂਦੇ ਕੀ ਤੂੰ ਮੂਰਖ ਵੀ ਹੋ ਗਿਆ ਹੈਂ? ਇਹ ਗਿਆਨ ਨਹੀਂ ਹੈ ਕਿ ਜਿਸ ਨੂੰ ਜਾਣ ਲਿਆ। ਉਸ ਨੂੰ ਪਾ ਲਿਆ। ਇਹ ਗਿਆਨ ਤੋਂ ਅੱਗੇ ਦੀ ਸਥਿਤੀ ਹੈ। ਇਥੇ ਗਿਆਨ ਨੂੰ ਆਤਮ-ਸਾਤ ਕਰਨਾ ਹੁੰਦਾ ਹੈ। ਆਪਣੀ ਸੰਵੇਦਨਾ ਦਾ ਅੰਗ ਬਣਾਉਣਾ ਹੁੰਦਾ ਹੈ। ਇਹ ਸੱਚ ਹੈ, ਇਹ ਜਾਣਨਾ ਤਾਂ ਆਸਾਨ ਹੈ। ਇਕ ਛਿਣ ਵਿਚ ਜਾਣਿਆ ਜਾ ਸਕਦਾ ਹੈ। ਪਰ ਉਸਨੂੰ ਵਿਵਹਾਰ ਵਿਚ ਉਤਾਰਨਾ ਬੜਾ

ਔਖਾ ਹੈ। ਇਸ ਲਈ ਸਾਧਨਾ ਕਰਨੀ ਪੈਂਦੀ ਹੈ। ਸੋਚ-ਵਿਚਾਰ ਕਰਨਾ ਹੁੰਦਾ ਹੈ। ਦੁਚਿੱਤੀ ਦੇ ਪਲ ਆਉਂਦੇ ਹਨ ਜਿਸ ਵਿਚ ਆਪਣੇ ਆਪ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਜੀਵਨ ਦੇ ਕੁਝ ਅਨੁਭਵਾਂ ਨਾਲ ਮਨ ਉਦਾਸ ਹੁੰਦਾ ਹੈ ਤਾਂ ਸਾਰਾ ਗਿਆਨ ਬੇਕਾਰ ਜਿਹਾ ਲਗਦਾ ਹੈ। ਅਜਿਹੇ ਛਿਣਾਂ ਵਿਚ ਮਨ ਨੂੰ ਸਥਿਰ ਕਰਕੇ ਆਪਣੇ ਯਕੀਨ ਨੂੰ ਦ੍ਰਿੜ ਬਣਾਉਂਦਾ ਹੁੰਦਾ ਹੈ। ਇਹੀ ਉਪਾਸਨਾ ਹੈ। ਇਸ ਬਿਨਾਂ ਕੁਝ ਵੀ ਸੰਭਵ ਨਹੀਂ। ਗਿਆਨ ਤਾਂ ਕਿਸੇ ਸੱਚੇ ਗੁਰੂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਪਰ ਅਭਿਆਸ ਤਾਂ ਆਪ ਹੀ ਕਰਨਾ ਹੁੰਦਾ ਹੈ। ਇਥੇ ਜਾਣਨ ਲਈ ਬਹੁਤ ਜ਼ਿਆਦਾ ਨਹੀਂ ਹੈ। ਵਿਵਹਾਰ ਵਿਚ ਉਤਾਰਨ ਲਈ ਬਹੁਤ ਧੀਰਜ ਅਤੇ ਸੰਕਲਪ ਚਾਹੀਦਾ ਹੈ। ਇਸ ਲਈ ਤਾਂ ਬਹੁਤ ਵਡੇ ਵਡੇ ਗਿਆਨੀ ਮਨੁੱਖ ਹੁੰਦੇ ਹੋਇਆਂ ਵੀ ਮਨੁੱਖ ਤਕ ਨਹੀਂ ਬਣ ਸਕਦੇ।'' ਸਾਂਡ ਨੇ ਕੁਝ ਗੰਭੀਰ ਹੋ ਕੇ ਕਿਹਾ, ''ਤੂੰ ਤਾਂ ਸੋਚ ਰਿਹਾ ਸੀ ਕਿ ਆਚਾਰਯ ਨੇ ਤੈਨੂੰ ਝੂਠ ਕਿਹਾ ਹੈ ਅਤੇ ਮੈਂ ਵੀ ਝੂਠ ਬੋਲ ਰਿਹਾ ਹਾਂ। ਤਾਂ ਇਹ ਜਾਣ ਲੈ ਕਿ ਸੱਚ ਦੇ ਵੀ ਕੁਝ ਅਜਿਹੇ ਉੱਚੇ ਤੋਂ ਉੱਚੇ ਰੂਪ ਹੁੰਦੇ ਹਨ ਜੋ ਲੌਕਿਕ ਦ੍ਰਿਸ਼ਟੀ ਤੋਂ ਝੂਠ ਪ੍ਰਤੀਤ ਹੁੰਦੇ ਹਨ। ਸਾਡੀ ਬੁੱਧੀ ਦੀਆਂ ਸੀਮਾਵਾਂ ਕਾਰਣ। ਤਦੇ ਹੀ ਤਾਂ ਅਤਿਮਾਨਵੀ ਗਿਆਨ ਲਈ ਰਿਸ਼ੀ ਲੋਕ ਸਾਨੂੰ ਜਾਨਵਰਾਂ ਨੂੰ ਕਸ਼ਟ ਦਿੰਦੇ ਰਹਿੰਦੇ ਹਨ। ਗਿਆਨ ਨੇ ਮਨੁੱਖ ਦੇ ਬੋਧ ਨੂੰ ਵਿਗਾੜ ਜੋ ਰਖਿਆ ਹੈ। ਆਚਾਰਯ ਨੇ ਕਿਹਾ ਸੀ ਕਿ ਅਜਿਹੇ ਸਤਿ-ਕਥਨ ਤਾਂ ਕੇਵਲ ਬ੍ਰਾਹਮਣ ਹੀ ਕਰ ਸਕਦਾ ਹੈ ਤਾਂ ਉਹ ਜਨਮ ਤੋਂ ਬ੍ਰਾਹਮਣ ਦੀ ਗੱਲ ਨਹੀਂ ਕਰ ਰਹੇ ਸਨ। ਉਹ ਤਾਂ ਤੈਨੂੰ ਹੀ ਬ੍ਰਾਹਮਣ ਦੱਸ ਰਹੇ ਸਨ। ਉਹ ਬ੍ਰਹਮ ਜਿਸ ਨੂੰ ਪਾਉਣ ਲਈ ਸਾਧਨਾ ਕੀਤੀ ਜਾਂਦੀ ਹੈ। ਸੱਚ ਤੋਂ ਇਲਾਵਾ ਕੀ ਹੈ? ਅਤੇ ਜਿਸਦੇ ਮਨ ਵਿਚ ਸੱਚ ਪ੍ਰਤੀ ਇੰਨਾ ਡੂੰਘਾ ਵਿਸ਼ਵਾਸ ਹੋਵੇ ਉਹ ਬ੍ਰਾਹਮਣ ਨਾ ਹੋਇਆ ਤਾਂ ਕੀ ਹੋਇਆ?''

ਸਤਿਕਾਮ ਅਪਰਾਧੀ ਭਾਵ ਨਾਲ ਖਿਮਾ ਮੰਗਣ ਲੱਗਿਆ ਤਾਂ ਉਸਨੇ ਉਦਾਸੀਨਤਾ ਨਾਲ ਕਿਹਾ, ''ਠੀਕ ਹੈ, ਭਵਿਖ ਵਿਚ ਧਿਆਨ ਰਖਣਾ। ਅਤੇ ਇਹ ਵੀ ਸਮਝ ਲਓ ਕਿ ਮੈਂ ਇਸ ਤੋਂ ਅਗਲੀ ਕੋਈ ਗੱਲ ਨਹੀਂ ਦੱਸਾਂਗਾ। ਬ੍ਰਹਮ ਦੀ ਦੂਜੀ ਚੌਥਾਈ ਜਾਂ ਪਾਦ ਦੀ ਸਿੱਖਿਆ ਤੋਂ ਤੈਨੂੰ ਅਗਨੀ-ਦੇਵ ਦੇਣਗੇ। ਪਰ ਇਸ ਸਮੇਂ ਤਾਂ ਤੁਸੀਂ ਏਨਾ ਕਰੋ ਕਿ ਆਚਾਰਯ ਦੇ ਆਸ਼੍ਰਮ ਵਲ ਚਲੇ ਜਾਓ। ਉਨ੍ਹਾਂ ਨਾਲ ਬ੍ਰਹਮ-ਚਰਚਾ ਕੀਤਿਆਂ ਮੈਨੂੰ ਕਿੰਨਾ ਹੀ ਸਮਾਂ ਹੋ ਗਿਆ ਹੈ।''

ਸਤਿਕਾਮ ਗਊਆਂ, ਵੱਛਿਆਂ ਅਤੇ ਸਾਂਡਾਂ ਨੂੰ ਲੈ ਕੇ ਆਸ਼੍ਰਮ ਵਲ ਚਲ ਪਏ। ਆਸ਼੍ਰਮ ਦੂਰ ਸੀ। ਰਸਤੇ ਵਿਚ ਸ਼ਾਮ ਹੋ ਗਈ। ਸੂਰਜ ਨੂੰ ਡੁੱਬਦੇ ਦੇਖ ਕੇ ਸਾਂਡ ਨੇ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ। ਰਾਤੀਂ ਕਿਸੇ ਖਾਈ ਜਾਂ ਟੋਏ ਵਿਚ ਪੈਰ ਪੈ ਗਿਆ ਤਾਂ ਕੀ ਹੋਵੇਗਾ? ਦਿਨ ਭਰ ਚਲਦੇ ਚਲਦੇ ਸਾਰੇ ਥੱਕ ਵੀ ਗਏ ਸਨ। ਨਵ ਜੰਮੇ ਵੱਛੇ ਵੱਛੀਆਂ ਤਾਂ ਤੁਰਦੇ ਤੁਰਦੇ ਲੜਖੜਾ ਜਾਂਦੇ ਸਨ। ਡੇਰਾ ਜਮ ਗਿਆ। ਗਊਆਂ ਨੇ ਵਛਰੂਟਾਂ ਨੂੰ ਚਟਣਾ ਅਤੇ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਅੱਗ ਬਾਲੀ ਗਈ। ਅੱਗ ਨੇ ਬਲਦਿਆਂ ਹੀ ਕਿਹਾ, ''ਮੈਂ ਤੈਨੂੰ ਬ੍ਰਹਮ ਦੇ ਇਕ ਪਾਦ ਦਾ ਉਪਦੇਸ਼ ਦੇਣਾ ਚਾਹੁੰਦੀ ਹਾਂ।''

ਸਤਿਨਾਮ ਨੂੰ ਹੋਰ ਕੀ ਚਾਹੀਦਾ ਸੀ। ਉਸਨੇ ਹੱਥ ਜੋੜ ਕੇ ਕਿਹਾ, ''ਕ੍ਰਿਪਾ ਕਰੋ।''

ਉਪਦੇਸ਼ ਛੋਟਾ ਹੀ ਸੀ। ਅਗਨੀ ਨੇ ਕਿਹਾ, ''ਇਹ ਪ੍ਰਥਵੀ ਉਸ ਬ੍ਰਹਮ ਦੇ ਇਸ

ਚੌਥੇ ਪੈਰ ਦੀ ਇਕ ਚੌਥਾਈ ਹੈ, ਦੂਜੀ ਚੌਥਾਈ ਖਗੋਲ ਹੈ। ਤੀਜਾ ਪ੍ਰਕਾਸ਼-ਲੋਕ ਹੈ ਅਤੇ ਚੌਥਾ ਸਮੁੰਦਰ। ਇਨ੍ਹਾਂ ਚਾਰ ਕਲਾਵਾਂ ਤੋਂ ਬਣਿਆ ਇਹ ਦੂਜਾ ਪਾਦ 'ਅਨੰਤਵਾਨ' ਕਿਹਾ ਜਾਂਦਾ ਹੈ।

ਸਤਿਕਾਮ ਕੁਝ ਰੁਕ ਕੇ ਪਹਿਲੇ ਪਾਦ ਨਾਲ ਇਸ ਦਾ ਭੇਦ ਸਮਝਣ ਲਗੇ। ਪ੍ਰਕਾਸ਼-ਲੋਕ ਕੀ ਪ੍ਰਕਾਸ਼ਵਾਨ ਬ੍ਰਹਮ ਤੋਂ ਵੱਖਰਾ ਹੈ?

ਅੱਗ ਉਸਨੂੰ ਸ਼ੰਕਾ ਵਿਚ ਪਿਆ ਦੇਖ ਕੇ ਧੂੰਆਂ ਦੇਣ ਲਗੀ। ਫਿਰ ਮੱਚ ਗਈ, "ਸਾਂਡ ਨੇ ਜੋ ਦੱਸਿਆ ਸੀ ਉਹ ਦਿਸ਼ਾਵਾਂ ਦੀ ਗੱਲ ਸੀ। ਆਕਾਸ਼ ਦੀ। ਜਦੋਂ ਇਸ ਦੇਸ਼ ਵਿਚ ਅੰਗ੍ਰੇਜ਼ੀ ਭਾਸ਼ਾ ਬੋਲਣ ਵਾਲੇ ਆਉਣਗੇ ਤਾਂ ਉਹ ਇਸਨੂੰ ਸਪੇਸ ਕਹਿਣਗੇ। ਅਤੇ ਮੈਂ ਤੈਨੂੰ ਇਸ ਸਪੇਸ ਵਿਚ ਸਥਿਤ ਪਿੰਡਾਂ ਦੀ ਗੱਲ ਦੱਸ ਰਿਹਾ ਸਾਂ। ਇਹ ਧਰਤੀ, ਇਸਦੇ ਬਨ ਅਤੇ ਪਹਾੜ ਅਤੇ ਸਮੁੰਦਰ ਅਤੇ ਇਸਦੇ ਬਾਹਰ ਦਾ ਇਹ ਖਗੋਲ-ਲੋਕ ਅਤੇ ਪ੍ਰਕਾਸ਼-ਲੋਕ ਸਭ ਉਸ ਬ੍ਰਹਮ ਦੇ ਹੀ ਰੂਪ ਹਨ। ਉਸੇ ਦੇ ਅੰਸ਼। ਉਸਦੇ ਇਕ ਪਾਦ ਦੇ ਅੰਸ਼।"

ਗੱਲ ਫਿਰ ਵੀ ਸਮਝ ਵਿਚ ਨਹੀਂ ਆਈ। ਸਤਿਕਾਮ ਦੇ ਮੂੰਹ ਉਤੇ ਪੈ ਰਹੀਆਂ ਅੱਗ ਦੀਆਂ ਲਪਟਾਂ ਦੀ ਪ੍ਰਕਾਸ਼-ਛਾਇਆ ਵਾਂਗ ਉਸ ਦੇ ਮਨ ਵਿਚ ਵੀ ਧੁਪ ਅਤੇ ਧੁੰਧ ਬਣੀ ਹੋਈ ਸੀ। ਅੱਗ ਤੋਂ ਭਲਾ ਕੀ ਛਿਪਿਆ ਸੀ। ਪਰ ਅੱਗ ਨੇ ਉਡੀਕਿਆ। ਉਹ ਆਪਣੀ ਦੁਬਿਧਾ ਆਪ ਦੱਸੇ।

"ਅੰਤਰਿਕਸ਼ (ਖਗੋਲ) ਦਾ ਤਾਂ ਕੋਈ ਲੋਕ ਨਹੀਂ। ਉਹ ਤਾਂ ਆਕਾਸ਼ ਅਤੇ ਪ੍ਰਿਥਵੀ ਦੇ ਵਿਚ ਦਾ ਖਲਾਅ ਹੀ ਹੈ?"

"ਸਾਰੇ ਲੋਕ ਇਕ ਹੀ ਪਦਾਰਥ ਤੋਂ ਤਾਂ ਬਣੇ ਨਹੀਂ ਹਨ। ਜੇ ਤੂੰ ਧਰਤੀ ਉਤੇ ਰਹਿਣ ਕਾਰਨ ਹਰ ਪਾਸੇ ਇਸ ਦੇ ਗੁਣਾਂ ਅਤੇ ਪਦਾਰਥਾਂ ਦੀ ਖੋਜ ਕਰੇਂ, ਤਾਂ ਧਰਤੀ ਨੂੰ ਛੱਡ ਕੇ ਦੂਜਾ ਕੋਈ ਲੋਕ ਨਹੀਂ ਮਿਲੇਗਾ। ਇਸ ਸੀਮਾ ਤੋਂ ਮੁਕਤ ਹੋ ਕੇ ਵਿਚਾਰ ਕਰੇਂ ਤਾਂ ਲੋਕਾਂ ਦਾ ਕੋਈ ਅੰਤ ਨਹੀਂ ਹੈ। ਜੇ ਇਹ ਮੰਨ ਲਓ ਕਿ ਜਿਥੇ ਇਕ ਪਦਾਰਥ ਹੈ ਉਥੇ ਕੋਈ ਦੂਜਾ ਨਹੀਂ ਹੋ ਸਕਦਾ ਤਾਂ ਸ੍ਰਿਸ਼ਟੀ ਨੂੰ ਸਮਝਣ ਵਿਚ ਮੁਸ਼ਕਿਲ ਆਵੇਗੀ। ਇਸ ਨਾਲ ਤਾਂ ਤੂੰ ਪ੍ਰਿਥਵੀ ਦੇ ਪਦਾਰਥਾਂ ਨੂੰ ਵੀ ਨਹੀਂ ਸਮਝ ਸਕਦਾ। ਇਹ ਅੰਤਰਿਕਸ਼ ਸੂਖਮ ਪਦਾਰਥਾਂ ਤੋਂ ਬਣਿਆਂ ਹੈ। ਇਸ ਵਿਚ ਪਵਨ ਅਤੇ ਬੱਦਲ ਦਾ ਨਿਵਾਸ ਹੈ। ਵੱਖ ਵੱਖ ਪੱਧਰਾਂ 'ਤੇ ਪਵਨ ਦੀਆਂ ਉਣੰਜਾ ਤਾਂ ਸਥਿਤੀਆਂ ਹਨ ਅਤੇ ਇਹ ਸਾਰੀਆਂ ਪਵਨਾਂ ਇਕੋ ਸਮੇਂ ਨਹੀਂ ਚਲਦੀਆਂ। ਇਹ ਸਾਰੀਆਂ ਪਵਨਾਂ ਇਕ ਦਿਸ਼ਾ ਨੂੰ ਨਹੀਂ ਚਲਦੀਆਂ। ਇਹ ਸਾਰੀਆਂ ਪਵਨਾਂ ਇਕ ਪਦਾਰਥ ਤੋਂ ਨਹੀਂ ਬਣਦੀਆਂ। ਇਹ ਅੰਤਰਿਕਸ਼ ਲੋਕ ਵੀ ਇਕ ਸੋਨੇ ਦਾ ਪਾਤਰ ਹੀ ਹੈ ਜੋ ਸੂਰਜ ਦੇ ਸਾਰੇ ਸੱਚ ਨੂੰ ਧਰਤੀ ਤਕ ਨਹੀਂ ਪਹੁੰਚਣ ਦਿੰਦਾ। ਵਿਚ ਵਿਚਾਲੇ ਹੀ ਪੀ ਜਾਂਦਾ ਹੈ। ਸੂਰਜ ਮਰੀਚੀਆਂ ਦਾ ਪਾਨ। ਇਹੀ ਇਨ੍ਹਾਂ ਦਾ ਭੋਜਨ ਅਤੇ ਭੋਜਨ ਕਰਨ-ਯੋਗ ਹੈ। ਜੇ ਸੂਰਜ ਦਾ ਸਾਰਾ ਸੱਚ ਤੁਹਾਡੇ ਤਕ ਪਹੁੰਚੇ ਤਾਂ ਸਭ ਕੁਝ ਭਸਮ ਹੋ ਜਾਵੇਗਾ। ਇਸ ਅੰਤਰਿਕਸ਼ ਲੋਕ ਨੇ ਧਰਤੀ ਨੂੰ ਉਸੇ ਤਰ੍ਹਾਂ ਸੰਭਾਲ ਕੇ ਰਖਿਆ ਹੈ ਜਿਵੇਂ ਮਾਂ ਆਪਣੇ ਬੱਚੇ ਨੂੰ ਗਰਮੀ ਅਤੇ ਸਰਦੀ ਤੋਂ ਬਚਾਉਣ ਲਈ ਬੁੱਕਲ ਵਿਚ ਸਮੇਟ ਲੈਂਦੀ ਹੈ।

ਅਗਨੀ ਦੀ ਲਾਟ ਕੁਝ ਮੰਦੀ ਪੈਣ ਲਗੀ। ਸਤਿਕਾਮ ਨੇ ਕੁਝ ਹੋਰ ਲੱਕੜੀਆਂ ਪਾਈਆਂ ਅਤੇ ਉਸ ਵਿਚ ਹੋਰ ਜੋਤਿ ਉਭਰ ਆਈ, "ਬ੍ਰਹਮ ਦੇ ਇਸ ਚਾਰ ਕਲਾਵਾਂ ਵਾਲੇ ਪਾਦ ਨੂੰ 'ਅਨੰਤਵਾਨ' ਕਹਿੰਦੇ ਹਨ। ਜੋ ਇਸ ਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ ਉਹ ਅਨੰਤਵਾਨ ਹੋ ਜਾਂਦਾ ਹੈ।"

"ਸੱਚ"? ਇਹ ਪ੍ਰਸ਼ਨ ਨਹੀਂ ਸੀ ਪਰ ਸਤਿਕਾਮ ਦੇ ਮੂੰਹੋਂ ਨਿਕਲਿਆ ਕੁਝ ਇਸ ਤਰ੍ਹਾਂ ਸੀ ਜਿਵੇਂ ਪ੍ਰਸ਼ਨ ਹੀ ਹੋਵੇ। ਜਦੋਂ ਅਗਨੀ ਆਪ ਕਹਿ ਰਹੀ ਹੋਵੇ ਤਾਂ ਇਸ ਵਿਚ ਕੁਝ ਝੂਠ ਤਾਂ ਹੋ ਹੀ ਨਹੀਂ ਸਕਦਾ ਸੀ। ਸਤਿਕਾਮ ਤੁਰਤ ਆਪਣੀ ਭੁੱਲ ਸਮਝ ਗਏ। ਇਸ ਨੂੰ ਸੁਧਾਰਦੇ ਹੋਏ ਕਹਿਣ ਲਗੇ, "ਇਸ ਦੀ ਉਪਾਸਨਾ ਵਿਧੀ ਕੀ ਹੈ?"

"ਉਪਾਸਨਾ ਦੀ ਇਕ ਹੀ ਵਿਧੀ ਹੈ। ਆਤਮ-ਚਿੰਤਨ ਦੁਆਰਾ ਇਸ ਗਿਆਨ ਨੂੰ ਆਪਣੇ ਅੰਦਰ ਉਤਾਰਨਾ ਅਤੇ ਇਸ ਨੂੰ ਵਿਵਹਾਰ ਵਿਚ ਲਿਆਉਣਾ ਕਿ ਇਹ ਸਾਰੇ ਬ੍ਰਹਮ ਦੇ ਹੀ ਰੂਪ ਹਨ। ਤੂੰ ਆਪ ਵੀ ਬ੍ਰਹਮ ਦਾ ਹੀ ਰੂਪ ਹੈਂ, ਇਸ ਲਈ ਇਨ੍ਹਾਂ ਵਿਚੋਂ ਕੋਈ ਤੇਰੇ ਤੋਂ ਭਿੰਨ ਨਹੀਂ ਹੈ। ਕਿਸੇ ਤੋਂ ਤੂੰ ਵੀ ਵੱਖ ਨਹੀਂ ਹੈਂ। ਇਨ੍ਹਾਂ ਵਿਚੋਂ ਕਿਸੇ ਨੂੰ ਨਸ਼ਟ ਕਰਨ ਨਾਲ, ਮਲੀਨ ਕਰਨ ਨਾਲ ਤੂੰ ਆਪ ਵੀ ਨਸ਼ਟ ਹੁੰਦਾ ਹੈਂ, ਤੂੰ ਆਪ ਵੀ ਮਲੀਨ ਹੁੰਦਾ ਹੈਂ। ਉਹ ਬ੍ਰਹਮ ਵੀ ਨਸ਼ਟ ਹੁੰਦਾ ਹੈ, ਮਲੀਨ ਹੁੰਦਾ ਹੈ। ਕਿਸੇ ਦੀ ਅਵਗਿਆ ਕਰਨ ਨਾਲ ਤੇਰੀ ਅਵਗਿਆ ਹੁੰਦੀ ਹੈ। ਇਹ ਸਭ ਤੇਰੇ ਅੰਦਰ ਹਨ ਅਤੇ ਤੂੰ ਇਨ੍ਹਾਂ ਵਿਚ ਹੈਂ। ਤੇਰਾ ਜੀਵਨ ਇਨ੍ਹਾਂ ਸਾਰਿਆਂ 'ਤੇ ਨਿਰਭਰ ਕਰਦਾ ਹੈ। ਇਸ ਧਰਤੀ ਉਤੇ ਜੋ ਕੁਝ ਹੈ, ਉਸ ਉੱਤੇ ਵੀ ਅਤੇ ਇਸ ਤੋਂ ਬਾਹਰ ਦੂਰ ਅੰਤਰਿਕਸ਼ ਵਿਚ, ਉਸ ਤੋਂ ਵੀ ਦੂਰ ਪ੍ਰਕਾਸ਼ ਲੋਕ ਵਿਚ ਜੋ ਕੁਝ ਹੈ, ਸਭ ਤੇਰਾ ਆਪਣਾ ਵਿਸਥਾਰ ਹੈ ਅਤੇ ਤੂੰ ਇਨ੍ਹਾਂ ਦਾ ਅੰਗ ਹੀ ਹੈਂ। ਤੁਹਾਡਾ ਪਰਿਵੇਸ਼ ਕਹਿਣ ਨੂੰ ਹੀ ਤੁਹਾਡੇ ਤੋਂ ਬਾਹਰ ਹੈ। ਉਹ ਤੁਹਾੜੇ ਅੰਦਰ ਵੀ ਹੈ। ਵਾਤਾਵਰਣ ਨੂੰ ਨਸ਼ਟ ਕਰਕੇ ਤੂੰ ਬਚਿਆ ਨਹੀਂ ਰਹਿ ਸਕਦਾ। ਇਨ੍ਹਾਂ ਦੀ ਪੂਜਾ ਨਹੀਂ, ਇਨ੍ਹਾਂ ਦੀ ਰਖਿਆ, ਇਸ ਵਾਤਾਵਰਣ ਦੀ ਰਖਿਆ ਤੇਰੇ ਆਪਣੇ ਜੀਵਨ ਨਾਲ ਵੀ ਜੁੜੀ ਹੈ। ਇਸ ਦਾ ਵਿਨਾਸ਼ ਤੇਰਾ ਵਿਨਾਸ਼ ਹੈ। ਉਸਦਾ ਜੀਵਨ ਤੇਰਾ ਜੀਵਨ ਹੈ।

ਸਤਿਕਾਮ ਨੂੰ ਹੈਰਾਨ ਹੋਣ ਦੀ ਆਦਤ ਪੈ ਗਈ ਸੀ। ਸਭ ਕੁਝ ਏਨਾ ਸਪਸ਼ਟ ਹੁੰਦਿਆਂ ਵੀ ਕਿੰਨਾ ਭੇਦ ਭਰਿਆ ਲਗ ਰਿਹਾ ਸੀ। ਉਸਦੇ ਮੂੰਹ ਤੋਂ ਸ਼ਬਦ ਨਹੀਂ ਫੁਟ ਰਹੇ ਸਨ। ਕੁਝ ਰੁਕਦੇ ਅਤੇ ਕੁਝ ਝਿਝਕਦੇ ਹੋਏ ਪੁੱਛਿਆ, "ਇਸ ਦਾ ਅਰਥ ਤਾਂ ਇਹ ਹੋਇਆ ਅਸੀਂ ਨਾ ਕੁਝ ਖਾਈਏ ਨਾ ਪੀਵੀਏ, ਨਾ ਸਾਹ ਲਈਏ ਕਿਉਂਕਿ ਇਸ ਨਾਲ ਕੁਝ ਨਾ ਕੁਝ ਤਾਂ ਸਾਡੇ ਰਾਹੀਂ ਨਸ਼ਟ ਹੋਵੇਗਾ ਹੀ।"

ਅਗਨੀ ਨੇ ਕਿਹਾ, "ਅਜਿਹਾ ਨਹੀਂ ਹੈ। ਮਨਾਹੀ ਕਿਸੇ ਗੱਲ ਦੀ ਨਹੀਂ। ਜੀਵਨ ਦੇ ਵੱਖਰੇ ਵੱਖਰੇ ਰੂਪ ਇਕ ਦੂਜੇ ਉਤੇ ਨਿਰਭਰ ਕਰਦੇ ਹਨ। ਇਕ ਦੂਜੇ ਵਿਚ ਜੀਵਿਤ ਵੀ ਰਹਿੰਦੇ ਹਨ। ਪਰ ਜੇ ਜੀਵਨ ਦੇਣ ਵਾਲਾ ਅਤੇ ਜੀਵਨ ਗ੍ਰਹਿਣ ਕਰਨ ਵਾਲਾ ਦੋਵੇਂ ਨਸ਼ਟ ਹੋ ਜਾਣ ਤਾਂ?" ਅੱਗ ਦਾ ਰੰਗ ਤਾਂਬੇ-ਰੰਗਾ ਲਾਲ ਹੋ ਗਿਆ। ਉਸਨੇ ਕਿਹਾ, "ਕੁਝ ਚੀਜ਼ਾਂ ਇਕ ਵਿਸ਼ੇਸ਼ ਅਵਸਥਾ ਤੋਂ ਪਹਿਲਾਂ ਨਹੀਂ ਦਿਖਾਈ ਦਿੰਦੀਆਂ। ਇਨ੍ਹਾਂ ਲੱਕੜੀਆਂ ਵਿਚ ਉਹ ਅੱਗ ਦੀਆਂ ਲਪਟਾਂ ਵੀ ਛਿਪੀਆਂ ਹੋਈਆਂ ਹਨੰ ਜੋ ਅੱਗ ਦੀ ਛੋਹ ਨਾਲ ਬਾਹਰ ਨਿਕਲ ਆਈਆਂ ਹਨ। ਇਸ ਤੋਂ ਪਹਿਲਾਂ ਇਹ ਦਿਖਾਈ ਨਹੀਂ ਦੇ ਰਹੀਆਂ ਸਨ। ਇਸੇ

ਤਰ੍ਹਾਂ ਜੋ ਗਿਆਨ ਮੈਂ ਤੈਨੂੰ ਅਜ ਦੇ ਰਿਹਾ ਹਾਂ, ਉਸਦਾ ਪ੍ਰਤੱਖ ਬੋਧ ਅੱਜ ਗੰਭੀਰ ਚਿੰਤਨ ਤੋਂ ਹੀ ਸੰਭਵ ਹੈ ਅਤੇ ਇਹ ਤੇਰੇ ਵਰਗੇ ਬੁੱਧੀਮਾਨ ਵਿਅਕਤੀਆਂ ਨੂੰ ਹੀ ਪ੍ਰਾਪਤ ਹੋ ਸਕਦਾ ਹੈ। ਤੂੰ ਕੋਈ ਅਜਿਹਾ ਭੁੱਖੜ ਵਿਅਕਤੀ ਵੇਖਿਆ ਹੈ ਜੋ ਸੁੰਦਰ ਪਕਵਾਨਾਂ ਨੂੰ ਦੇਖ ਕੇ ਆਪਣੇ ਆਪ ਨੂੰ ਰੋਕ ਨਹੀਂ ਸਕਦਾ, ਓ ਖਾਈ ਹੀ ਜਾਂਦਾ ਹੈ, ਖਾਈ ਹੀ ਜਾਂਦਾ ਹੈ, ਅਤੇ ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਉਸਦਾ ਪੇਟ ਫਟ ਜਾਂਦਾ ਹੈ ਜਾਂ ਉਹ ਅੰਨ ਅਣਪਚ ਬਣ ਕੇ ਸਰੀਰ ਦੇ ਦੁਆਰਾਂ 'ਚੋਂ ਬਾਹਰ ਆਉਣ ਲਗਦਾ ਹੈ ਅਤੇ ਉਹ ਅੰਨ ਵੀ ਬੇਅਰਥ ਹੋ ਜਾਂਦਾ ਹੈ ਅਤੇ ਉਸਦਾ ਉਹ ਜੀਵਨ ਵੀ ਨਸ਼ਟ ਹੋ ਜਾਂਦਾ ਹੈ ਜਿਸਦੀ ਰਖਿਆ ਲਈ ਉਸਦਾ ਸੀਮਿਤ ਆਹਾਰ ਜ਼ਰੂਰੀ ਸੀ। ਇਕ ਯੁਗ ਆਵੇਗਾ, ਜਦੋਂ ਮਨੁੱਖ ਉਸ ਭੁੱਖੜ ਮਨੁੱਖ ਵਾਂਗ ਹੀ ਆਪਣੇ ਸੁਖ ਅਤੇ ਭੋਗ ਲਈ ਬਹੁਤ ਕੁਝ ਖਾਣਾ ਚਾਹੇਗਾ, ਬਹੁਤ ਕੁਝ ਪਾਉਣਾ ਚਾਹੇਗਾ। ਧਰਤੀ ਨੂੰ ਪੁਟ ਕੇ, ਆਕਾਸ਼ ਨੂੰ ਚੋ ਕੇ, ਜੰਗਲਾਂ ਨੂੰ ਕੱਟ ਕੇ, ਸਮੁੰਦ੍ਰ ਨੂੰ ਪਾੜ ਕੇ, ਬਹੁਤ ਕੁਝ ਪਕਾਉਣ ਲਈ, ਬਹੁਤ ਕੁਝ ਸਾੜ ਕੇ, ਰਲਾ ਕੇ, ਕੁਟ ਕੇ, ਪੀਹ ਕੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਰੂਪ ਵਿਚ ਖਾਣਾ ਚਾਹੇਗਾ ਅਤੇ ਉਹ ਆਪਣੀਆਂ ਬਸਤੀਆਂ ਨੂੰ ਧੂੰਆਂ ਘਰਾਂ ਵਿਚ ਬਦਲ ਦੇਵੇਗਾ। ਆਪਣੀਆਂ ਨਦੀਆਂ ਨੂੰ ਗੰਦੀਆਂ ਨਾਲੀਆਂ ਵਿਚ ਬਦਲ ਦੇਵੇਗਾ। ਆਪਣੇ ਆਕਾਸ਼ ਉਤੇ ਕਾਲਖ ਮਲ ਕੇ ਕਾਲਾ ਕਰ ਦੇਵੇਗਾ। ਆਪਣੇ ਸਮੁੰਦ੍ਰਾਂ ਨੂੰ ਵਿਸ਼ਾਲ ਕੂੜੇਦਾਨਾਂ ਵਿਚ ਬਦਲ ਦੇਵੇਗਾ। ਆਪਣੇ ਪਰਬਤਾਂ ਨੂੰ ਪੱਥਰ ਦੇ ਮੁਰਦਾ ਟਿਬਿਆਂ ਵਿਚ ਬਦਲ ਦੇਵੇਗਾ। ਆਪਣੇ ਹਰੇ ਭਰੇ ਆਲੇ ਦੁਆਲੇ ਨੂੰ ਅੰਤਹੀਣ ਬੰਜਰਾਂ ਅਤੇ ਮਾਰੂਥਲਾਂ ਨਾਲ ਭਰ ਦੇਵੇਗਾ। ਉਸ ਸਮੇਂ ਇਹ ਸਮਝ ਸਕਣਾ ਕਿਸੇ ਲਈ ਵੀ ਬਹੁਤ ਆਸਾਨ ਹੋਵੇਗਾ ਕਿ ਇਨ੍ਹਾਂ ਸਾਰਿਆਂ ਦਾ ਸਾਡੇ ਜੀਵਨ ਨਾਲ ਅਤੇ ਸਾਡੇ ਜੀਵਨ ਦਾ ਇਨ੍ਹਾਂ ਸਾਰਿਆਂ ਨਾਲ ਕਿੰਨਾ ਡੂੰਘਾ ਸੰਬੰਧ ਹੈ। ਮੂਰਖਤਾ ਦੀ ਹੱਦ ਇਹ ਹੈ ਕਿ ਉਹ ਜਿਸ ਯੁਗ ਵਿਚ ਇਹ ਸਭ ਕੁਝ ਕਰਨਗੇ ਉਸ ਨੂੰ ਵਿਗਿਆਨ ਕਹਿਣਗੇ। ਇਸ ਤੋਂ ਵੱਡਾ ਅਗਿਆਨ ਕੋਈ ਹੋ ਸਕਦਾ ਹੈ ਕੀ? ਗਿਆਨ ਦੀ ਅਧਿਕਤਾ ਵਿਗਿਆਨ ਨਹੀਂ ਹੈ। ਆਪਣੀ ਭੁੱਖ ਨੂੰ ਵਧਾਉਂਦੇ ਜਾਣਾ, ਆਪਣੀ ਪਿਆਸ ਨੂੰ ਵਧਾਉਂਦੇ ਜਾਣਾ, ਹੰਕਾਰ ਨੂੰ ਵਧਾਉਂਦੇ ਜਾਣਾ, ਵਿਨਾਸ਼ ਨੂੰ ਨੇੜੇ ਲਿਆਉਂਦੇ ਜਾਣਾ ਵਿਗਿਆਨ ਹੈ ਤਾਂ ਗਿਆਨ-ਅੰਧਕਾਰ ਕਿਸ ਨੂੰ ਆਖਾਂਗੇ।''

''ਫਿਰ ਵਿਗਿਆਨ ਕੀ ਹੈ?''

''ਵਿਗਿਆਨ ਤਾਂ ਇਕ ਹੀ ਹੈ। ਇਹ ਬੋਧ ਕਿ ਆਪਣੇ ਆਲੇ ਦੁਆਲੇ ਅਤੇ ਆਂਢ-ਗੁਆਂਢ ਅਤੇ ਵਾਤਾਵਰਣ ਨੂੰ ਨਸ਼ਟ ਕਰਨ ਦੇ ਨਾਲ ਤੁਹਾਡਾ ਆਪਣਾ ਵੀ ਨਾਸ਼ ਹੁੰਦਾ ਹੈ। ਜੀਓ! ਭੋਗੋ। ਪਰ ਓਨਾ ਜੋ ਜੀਵਨ ਨਿਰਬਾਹ ਲਈ ਜ਼ਰੂਰੀ ਹੈ। ਮਨੁੱਖ ਹੋਏ ਜਾਂ ਪਸ਼ੂ ਪੰਛੀ ਜਾਂ ਪੇੜ-ਪੌਦੇ, ਕਿਸੇ ਨੂੰ ਦੁਖੀ ਨਾ ਕਰੋ। ਕਿਸੇ ਨੂੰ ਸੀਮਾ ਤੋਂ ਜ਼ਿਆਦਾ ਨਾ ਤਾਂ ਵਧਣ ਦਿਓ ਨਾ ਸੀਮਾ ਤੋਂ ਅੱਗੇ ਜਾਣ ਦੇ ਲਈ ਉਨ੍ਹਾਂ ਨੂੰ ਤਬਾਹ ਕਰੋ। ਸਾਰਿਆਂ ਨੂੰ ਰਾਜ਼ੀ ਰਖਦੇ ਹੋਏ ਪੂਰੀ ਉਮਰ ਤਕ ਜੀਉਣ ਦੀ ਕਾਮਨਾ ਕਰੋ, ਸਾਰਿਆਂ ਦੇ ਨਾਲ ਇਕਾਤਮਕਤਾ ਦਾ ਅਨੁਭਵ ਕਰੋ। ਇਹੀ ਵਿਗਿਆਨ ਹੈ। ਕੇਵਲ ਇਹੀ। ਅਤੇ ਇਸ ਮਗਰੋਂ ਧੁੱਕ ਧੁੱਕ ਕਰਦੀ ਹੋਈ ਅੱਗ ਨੇ ਗਾਉਣਾ ਸ਼ੁਰੂ ਕਰ ਦਿੱਤਾ :

**ਈਸ਼ਾ ਵਾਸਯੰ ਇਦੰ ਸਰਵੰ ਯਤ ਕਿੰ ਚ ਜਗਤਯਾਂ ਜਗਤ।**
**ਤੇਨ ਤਯਕਤੇਨ ਭੁੰਜੀਥਾ ਮਾ ਗਿਧਃ ਕਸਯਸਵਿਤ ਧਨਮ।।**
**ਯਃ ਤੁ ਸਰਵਾਣਿ ਭੂਤਾਨਿ ਆਤਮਨਿ ਏਵ ਅਨੁਪਸ਼ਯਤਿ।**
**ਸਰਵਭੂਤੇਸ਼ੁ ਚ ਆਤਮਾਨੰ ਤਤੋ ਨ ਵਿਜੁਗੁਪਸਤੇ।**
**ਵਿਦਯਾਂ ਚ ਅਵਿਦਯਾਂ ਚ ਯਃ ਤਤ ਵੇਦ ਅਭਯੰ ਸਹ।**
**ਅਵਿਦਯਾ ਮ੍ਰਿਤਯੁੰ ਤੀਰਤਵਾ ਵਿਦਯਯਾ ਅਮ੍ਰਿਤੰ ਅਸ਼ਨੁਤੇ।**

ਸਤਿਕਾਮ ਨੇ ਹੋਰ ਬਾਲਣ ਪਾ ਦਿੱਤਾ, ''ਅਵਿਦਿਆ ਤੋਂ ਮੌਤ ਨੂੰ ਕਿਵੇਂ ਪਾਰ ਕੀਤਾ ਜਾ ਸਕਦਾ ਹੈ?''

ਅੱਗ ਨੇ ਇਕ ਤਿੱਖੀ ਲਪਟ ਉਪਰ ਸੁਟੀ, ''ਜਿਸ ਗਿਆਨ ਨਾਲ ਕੇਵਲ ਇੰਦ੍ਰੀਆਂ ਦਾ ਵਿਸਤਾਰ ਹੁੰਦਾ ਹੈ, ਯੰਤਰ ਅਤੇ ਉਪਕਰਣ ਬਣਦੇ ਹਨ, ਭੋਗਣ ਯੋਗ ਵਸਤੂਆਂ ਦਾ ਨਿਰਮਾਣ ਹੁੰਦਾ ਹੈ, ਜੀਵਨ ਰਖਿਆ ਦੇ ਉਪਾ ਕੀਤੇ ਜਾਂਦੇ ਹਨ, ਉਹ ਅਵਿਦਿਆ ਹੀ ਤਾਂ ਹੈ। ਇਸ ਨੂੰ ਹੀ ਕਦੀ ਕੋਈ ਵਿਗਿਆਨ ਕਹਿਣ ਲਗੇ ਤਾਂ ਅਜਿਹਾ ਕਹਿ ਦੇਣ ਨਾਲ ਤਾਂ ਉਹ ਵਿਗਿਆਨ ਨਹੀਂ ਹੋ ਜਾਵੇਗਾ। ਇਸ ਨਾਲ ਜੀਵਨ ਨਿਰਬਾਹ ਦੇ ਸਾਧਨ ਜ਼ਰੂਰ ਜੁਟਾਏ ਜਾ ਸਕਦੇ ਹਨ। ਮੌਤ ਤੋਂ ਬਚਿਆ ਜ਼ਰੂਰ ਜਾ ਸਕਦਾ ਹੈ। ਵਿਦਿਆ ਤਾਂ ਪ੍ਰਾਣੀ ਮਾਤਰ ਦੇ ਨਾਲ, ਸਾਰੇ ਜਗਤ ਦੇ ਨਾਲ, ਆਤਮ-ਭਾਵ ਦਾ ਵਿਸਥਾਰ ਹੈ। ਸਾਰਿਆਂ ਨਾਲ ਪ੍ਰੇਮ। ਆਪਣੇ ਆਪਨੂੰ ਸਭਦਾ ਅਤੇ ਸਭ ਨੂੰ ਆਪਣਾ ਅੰਗ ਮੰਨ ਕੇ ਉਨ੍ਹਾਂ ਦਾ ਆਦਰ-ਸਨਮਾਨ ਅਤੇ ਰਖਿਆ ਅਤੇ ਲੋਕ ਤੋਂ ਉਪਰ ਅਤੇ ਭੋਗ ਤੋਂ ਉਪਰ ਆਨੰਦ ਅਤੇ ਸ਼ਾਂਤੀ ਅਤੇ ਬ੍ਰਹਮ ਦੇ ਨਾਲ ਇਕਮਿਕਤਾ ਦੀ ਪ੍ਰਾਪਤੀ।''

ਹੁਣ ਅੱਗ ਨੇ ਬੁਝਦੇ ਹੋਇਆਂ ਸੁਆਹ ਦੇ ਅੰਦਰ ਆਪਣੇ ਆਪ ਨੂੰ ਸਮੇਟਦਿਆਂ ਕਿਹਾ, ''ਇਸ ਤੋਂ ਅੱਗੇ ਦਾ ਗਿਆਨ ਮੈਂ ਨਹੀਂ ਦੇ ਸਕਦੀ। ਅਗਲੇ ਚੌਥੇ ਹਿੱਸੇ ਦਾ ਗਿਆਨ ਤੈਨੂੰ ਹੰਸ ਦੇਵੇਗਾ।

ਅਗਲੇ ਦਿਨ ਸਵੇਰੇ ਹੀ ਗਊਆਂ ਅਤੇ ਸਾਂਡਾਂ ਦੇ ਨਾਲ ਡੇਰਾ ਅੱਗੇ ਤੁਰਿਆ। ਰਸਤਾ ਅਜੇ ਕਾਫ਼ੀ ਬਾਕੀ ਸੀ। ਮੁੜ ਸ਼ਾਮ ਹੋ ਗਈ। ਫਿਰ ਡੇਰਾ ਲਾਇਆ ਗਿਆ। ਨੱਕ ਤੋਂ ਧੂੰਆਂ, ਅੱਖਾਂ ਤੋਂ ਪ੍ਰਕਾਸ਼ ਅਤੇ ਚਮੜੀ ਤੋਂ ਗਰਮੀ ਦਾ ਸੁਆਦ ਲੈਣ ਲਈ ਅੱਗ ਬਾਲੀ ਗਈ। ਅੱਗ ਤੋਂ ਪੱਛਮ ਦੀ ਦਿਸ਼ਾ ਵਿਚ ਬੈਠਦਿਆਂ ਹੋਇਆਂ ਪੂਰਬ ਵਲ ਮੂੰਹ ਕਰਕੇ ਆਸਣ ਲਗਾਇਆ ਗਿਆ। ਅੱਗ ਨੇ ਤਾਂ ਪਹਿਲਾਂ ਹੀ ਕਿਹਾ ਸੀ ਕਿ ਹੁਣ ਉਹ ਹੋਰ ਕੁਝ ਵੀ ਦੱਸਣ ਵਾਲੀ ਨਹੀਂ। ਸਤਿਕਾਮ ਬੈਠੇ ਰਹੇ। ਕੁਝ ਹੋਰ ਰਾਤ ਬੀਤ ਗਈ। ਉਦੋਂ ਹੀ ਸਤਿਕਾਮ ਨੂੰ ਲੱਗਿਆ ਕੋਈ ਪੰਛੀ ਆਕਾਸ਼ ਵਲੋਂ ਉਸ ਵਲ ਹੀ ਉਡਦਾ ਹੋਇਆ ਆ ਰਿਹਾ ਹੈ। ਉਹ ਉਸ ਕੋਲ ਆ ਕੇ ਹੀ ਉਤਰਿਆ। ਉਤਰਦਿਆਂ ਹੀ ਉਸ ਨੇ ਸਤਿਕਾਮ ਦਾ ਨਾਂ ਲੈ ਕੇ ਆਵਾਜ਼ ਮਾਰੀ। ਇਹ ਹੰਸ ਸੀ। ਸ਼ੁੱਧ ਆਤਮਾ। ਸਮਝਦਾਰਾਂ ਦਾ ਬ੍ਰਹਮ ਅਤੇ ਅਨਾੜੀਆਂ ਦਾ ਪੰਛੀ।

ਸਤਿਕਾਮ ਉਸਨੂੰ ਹੈਰਾਨੀ ਨਾਲ ਦੇਖਣ ਲਗੇ ਤਾਂ ਉਹ ਬੋਲਿਆ, ''ਮੈਂ ਤੈਨੂੰ ਬ੍ਰਹਮ ਦੇ ਤੀਜੇ ਚਰਣ ਦਾ ਉਪਦੇਸ਼ ਦੇਣ ਆਇਆ ਹਾਂ।''

ਸਤਿਕਾਮ ਨੇ ਕਿਹਾ, ''ਮਹਾਰਾਜ, ਮੈਂ ਤਾਂ ਆਪ ਦੀ ਉਡੀਕ ਕਰ ਰਿਹਾ ਸਾਂ। ਜਿੰਨਾ ਗਿਆਨ ਦੇ ਸਕੋ ਦੇ ਦਿਉ।''

ਹੰਸ ਨੇ ਕਿਹਾ, ''ਪਿਆਰੇ, ਇਸ ਤੀਜੇ ਪਾਦ ਦਾ ਇਕ ਚੌਥਾਈ ਅਗਨੀ ਹੈ, ਇਕ ਚੌਥਾਈ ਸੂਰਜ, ਇਕ ਚੌਥਾਈ ਚੰਦ੍ਰਮਾ ਅਤੇ ਇਕ ਚੌਥਾਈ ਪ੍ਰਕਾਸ਼ (ਬਿਜਲੀ)। ਇਕ ਚਾਰ ਕਲਾਵਾਂ ਵਾਲਾ ਪਾਦ 'ਜੋਤਿਸ਼ਮਾਨ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸਦੀ ਉਪਾਸਨਾ ਕਰਨ ਨਾਲ ਮਨੁੱਖ ਪ੍ਰਕਾਸ਼ਮਈ ਹੁੰਦਾ ਹੈ ਅਤੇ ਪ੍ਰਕਾਸ਼ਮਈ ਲੋਕਾਂ ਨੂੰ ਜਿੱਤ ਲੈਂਦਾ ਹੈ।

ਸਤਿਕਾਮ ਨੇ ਦੇਖਿਆ ਕਿ ਆਚਾਰਯ ਨੇ ਉਸ ਲਈ ਜੋ ਸਹਾਇਕ ਅਧਿਆਪਕ ਲਗਾਏ ਹਨ, ਉਹ ਚਲਾਕ ਵੀ ਖਾਸੇ ਹਨ। ਬਲਦ ਨੇ ਆਕਾਸ਼ ਨੂੰ ਤਾਂ ਬ੍ਰਹਮ ਦਾ ਅੰਗ ਦੱਸਿਆ ਪਰ ਆਪਣੇ ਮੂੰਹੋ ਇਹ ਦੱਸਣਾ ਉਚਿਤ ਨਹੀਂ ਸਮਝਿਆ ਕਿ ਧਰਤੀ ਅਤੇ ਇਸ ਦੇ ਪਦਾਰਥ ਅਤੇ ਉਸ ਵਰਗੇ ਦੂਜੇ ਪ੍ਰਾਣੀ ਵੀ ਬ੍ਰਹਮ ਦੇ ਹੀ ਅੰਗ ਹਨ ਅਤੇ ਇਸ ਰੂਪ ਵਿਚ ਉਸਦੇ ਹੀ ਵਿਸਥਾਰ। ਇਹ ਕੰਮ ਉਸਨੇ ਅੱਗ ਲਈ ਛੱਡ ਦਿੱਤਾ। ਅੱਗ ਨੇ ਆਪਣੇ ਮੂੰਹੋਂ ਇਹ ਨਹੀਂ ਦੱਸਿਆ ਕਿ ਉਹ ਅਤੇ ਉਸਦੇ ਭਿੰਨ ਰੂਪ ਵੀ ਬ੍ਰਹਮ ਦੇ ਹੀ ਅੰਸ਼ ਹਨ। ਇਹ ਕੰਮ ਉਸਨੇ ਹੰਸ ਲਈ ਛੱਡ ਦਿੱਤਾ। ਹੁਣ ਸਤਿਕਾਮ ਕੁਝ ਸਮਝਦਾਰ ਹੋ ਰਿਹਾ ਸੀ ਅਤੇ ਉਸਦੀ ਹੈਰਾਨੀ ਕੁਝ ਘੱਟ ਹੁੰਦੀ ਜਾ ਰਹੀ ਸੀ। ਇਸ ਦੀ ਥਾਂ ਗਿਆਨ ਲੈਂਦਾ ਜਾ ਰਿਹਾ ਸੀ। ਸਤਿਕਾਮ ਨੇ ਜਿਗਿਆਸਾ ਪ੍ਰਗਟ ਕੀਤੀ, ''ਇਨ੍ਹਾਂ ਦੀ ਉਪਾਸਨਾ ਕਿਵੇਂ ਕਰਨੀ ਹੋਵੇਗੀ?''

ਹੰਸ ਨੇ ਕਿਹਾ, ''ਉਪਾਸਨਾ ਦੀ ਇਕ ਹੀ ਵਿਧੀ ਹੈ। ਇਹ ਬੋਧ ਕਿ ਜੋਤਿ ਦੇ ਸ੍ਰੋਤ ਤੈਥੋਂ ਬਾਹਰ ਨਹੀਂ ਹਨ। ਉਹ ਵੀ ਉਸੇ ਬ੍ਰਹਮ ਦੇ ਅੰਸ਼ ਹਨ ਜਿਸਦਾ ਅੰਸ਼ ਤੂੰ ਆਪ ਹੈਂ ਅਤੇ ਉਨ੍ਹਾਂ ਦੀ ਇਹ ਭਿੰਨਤਾ ਵੀ ਉਸੇ ਤਰ੍ਹਾਂ ਛਾਇਆਮਈ ਹੈ ਜਿਵੇਂ ਬ੍ਰਹਮ ਨਾਲ ਤੇਰੀ ਭਿੰਨਤਾ ਛਾਇਆ ਮਾਤਰ ਹੈ।''

ਸਤਿਕਾਮ ਸੋਚ ਰਿਹਾ ਸੀ ਕਿ ਹੰਸ ਅੱਗੋਂ ਵੀ ਕੁਝ ਕਹੇਗਾ ਪਰ ਉਹ ਬਿਨਾਂ ਕੁਝ ਕਹੇ ਉਡ ਗਿਆ। ਦੂਰ ਤੋਂ ਉਸ ਦੇ 'ਕੇਂਕਾਰ' ਦੀ ਧੁਨੀ ਆਈ। ਸ਼ਾਇਦ ਉਹ ਕਹਿ ਰਿਹਾ ਸੀ ਕਿ ਇਸ ਤੋਂ ਅਗਲਾ ਗਿਆਨ ਤੈਨੂੰ ਮਦਗੁ ਪੰਛੀ (ਇਕ ਜਲ ਪੰਛੀ) ਤੋਂ ਮਿਲੇਗਾ। ਉਸ ਨਾਲ ਤੇਰੀ ਭੇਂਟ ਕਲ੍ਹ ਹੋਵੇਗੀ।

ਕ੍ਰਮ ਉਹੀ ਜਾਰੀ ਰਿਹਾ। ਸਵੇਰੇ ਚਲਣਾ। ਸ਼ਾਮ ਨੂੰ ਕੋਈ ਸਾਫ਼ ਸੁਥਰੀ ਥਾਂ ਦੇਖ ਕੇ ਟਿਕਾਣਾ ਕਰਨਾ। ਅੱਗ ਸੇਕਣਾ। ਪਸ਼ੂਆਂ ਦਾ ਪੂਛ ਹਿਲਾਉਂਦੇ ਹੋਇਆਂ ਮੱਛਰਾਂ ਨੂੰ ਹਟਾਉਣਾ, ਜੁਗਾਲੀ ਕਰਨਾ ਅਤੇ ਗਊਆਂ ਦੇ ਪਸੀਨੇ ਤੋਂ ਉਠਦੀ ਹੱਮਕ ਨਾਲ ਵਾਤਾਵਰਣ ਸੁਗੰਧਿਤ ਕਰ ਦੇਣਾ ਅਤੇ ਸਤਿਕਾਮ ਦਾ ਅਗਲੇ ਅਧਿਆਪਕ ਦੀ ਉਡੀਕ ਕਰਨਾ। ਉਪਨਿਸ਼ਦ ਕਾਲ ਵਿਚ ਲੈਕਚਰ ਕੁਝ ਛੋਟੇ ਹੁੰਦੇ ਸਨ ਫਿਰ ਵੀ ਇਕ ਦਿਨ ਵਿਚ ਇਕ ਹੀ ਕਲਾਸ ਲਗਦੀ ਸੀ। ਸਮੇਂ ਦੀ ਵੀ ਕੋਈ ਪਾਬੰਦੀ ਨਹੀਂ ਸੀ। ਹਰ ਨਵਾਂ ਅਧਿਆਪਕ ਪਹਿਲੇ ਤੋਂ ਕੁਝ ਜ਼ਿਆਦਾ ਦੇਰ ਨਾਲ ਆ ਕੇ ਆਪਣੇ ਆਪ ਨੂੰ ਪਹਿਲੇ ਤੋਂ ਜ਼ਿਆਦਾ ਮਹੱਤਵਪੂਰਣ ਸਿੱਧ ਕਰਦਾ। ਸਮੇਂ 'ਤੇ ਨਾ ਪਹੁੰਚਣ ਦੀ ਮਹਾਨ ਭਾਰਤੀ ਪਰੰਪਰਾ ਉਸੇ ਸਮੇਂ ਤੋਂ ਚਲੀ ਆ ਰਹੀ ਹੈ। ਅਤੇ ਜੋ ਜਿੰਨੀ ਦੇਰ ਨਾਲ ਆਉਂਦਾ ਹੈ ਉਹ ਓਨਾ ਹੀ ਵੱਡਾ ਮੰਨਿਆ ਜਾਂਦਾ ਹੈ। ਵੱਡਪਣ ਦੀ ਇਸ ਹੋੜ ਵਿਚ ਪੀਰੀਅਡ ਖ਼ਤਮ ਹੋ ਜਾਣ ਤੋਂ ਬਾਅਦ

ਪਹੁੰਚਣ ਵਾਲਾ ਆਉਣ ਵਾਲਿਆਂ ਵਿਚੋਂ ਸਭ ਤੋਂ ਵੱਡਾ ਤਾਂ ਹੁੰਦਾ ਹੈ ਪਰ ਜਿੱਤ ਉਸ ਦੀ ਹੁੰਦੀ ਹੈ ਜੋ ਸਾਰੇ ਯਕੀਨ ਦਿਵਾਉਣ ਦੇ ਬਾਵਜੂਦ ਆਉਂਦਾ ਹੀ ਨਹੀਂ। ਇਸ ਗੌਰਵਸ਼ਾਲੀ ਪਰੰਪਰਾ ਦੀ ਨੀਂਹ ਰਖਣ ਵਾਲੇ ਇਨ੍ਹਾਂ ਅਧਿਆਪਕਾਂ ਵਿਚੋਂ ਚੌਥਾ ਮਦਗੁ ਪੰਛੀ ਉਸ ਸਮੇ ਜਲ-ਵਿਹਾਰ ਕਰ ਰਿਹਾ ਸੀ, ਜਦੋਂ ਉਡੀਕ ਨਾਲ ਭਾਰੀ ਹੋਈਆਂ ਪਲਕਾਂ ਨਾਲ ਸਤਿਕਾਮ ਅੱਖਾਂ ਝਪਕਾ ਰਿਹਾ ਸੀ। ਰਾਤ ਸਮੇਂ ਜਲ-ਵਿਹਾਰ ਦਾ ਆਨੰਦ ਕੁਝ ਹੋਰ ਹੀ ਹੈ। ਹੁਣ ਉਹ ਸਮਾਂ ਵੀ ਬੀਤ ਰਿਹਾ ਸੀ ਜਿਸ ਵੇਲੇ ਰਾਤੀਂ ਹੰਸ ਪ੍ਰਗਟ ਹੋਇਆ ਸੀ। ਸਤਿਕਾਮ ਨਿਰਾਸ਼ ਹੋ ਰਹੇ ਸਨ ਕਿ ਸਵੇਰ ਹੋਣ ਤੋਂ ਪਹਿਲਾਂ ਬ੍ਰਹਮ ਮਹੂਰਤ ਨਾਂ ਨਾਲ ਪ੍ਰਸਿੱਧ ਸਮੇ ਵਿਚ ਮਦਗੁ ਮਹਾਰਾਜ ਪ੍ਰਗਟ ਹੋਏ। ਉਨ੍ਹਾਂ ਦਾ ਪ੍ਰਗਟ ਹੋਣਾ ਸਤਿਕਾਮ ਨੂੰ ਦਿਖਿਆ ਨਹੀਂ, ਸੁਣਾਈ ਪਿਆ, ''ਮੈਂ ਤੈਨੂੰ ਬ੍ਰਹਮ ਦੇ ਚੌਥੇ ਪਾਦ ਦਾ ਉਪਦੇਸ਼ ਕਹਾਂਗਾ।'' ਉਹ ਹੌਲੀ ਜਿਹੇ ਆਏ ਹੀ ਨਹੀਂ ਸਨ ਸਗੋਂ ਬੋਲ ਵੀ ਏਨੇ ਹੌਲੀ ਰਹੇ ਸਨ ਜਿਵੇਂ ਕਹਿ ਰਹੇ ਹੋਣ, ਦੂਜਿਆਂ ਨੇ ਜੋ ਸਮਝਾਇਆ ਉਹ ਤਾਂ ਠੀਕ ਹੈ ਪਰ ਮੇਰੇ ਦੱਸਣ ਵਲ ਜ਼ਿਆਦਾ ਧਿਆਨ ਦੇਣਾ। ਪਰੀਖਿਆ ਵਿਚ ਇਹੀ ਪੁੱਛਿਆ ਜਾਵੇਗਾ। ਇਹ ਬਹੁਤ ਮਹੱਤਵਪੂਰਣ ਹੈ। ਲਿਖਣਾ ਤਾਂ ਨਾ ਤੂੰ ਜਾਣਦਾ ਹੈ, ਨਾ ਮੈਂ, ਪਰ ਆਏਗਾ, ਆਏਗਾ, ਆਏਗਾ, ਆਏਗਾ ਆਨੇ ਵਾਲਾ' ਵਾਲੀ ਨਿਸ਼ਠਾ ਦੇ ਨਾਲ ਤਿੰਨ ਟਿੱਕ ਲਗਾਉਣ ਵਾਲੇ ਅੰਦਾਜ਼ ਵਿਚ ਮਨ ਹੀ ਮਨ ਦੁਹਰਾ ਜ਼ਰੂਰ ਲਵੇ।

ਸਤਿਕਾਮ ਨੇ ਕਿਹਾ, ''ਆਪ ਉਪਦੇਸ਼ ਦਿਉ, ਭਗਵਨ। ਮੈਂ ਖੁੱਲ੍ਹੀਆਂ ਅੱਖਾਂ, ਸਜਗ ਕੰਨਾਂ ਅਤੇ ਖੁੱਲ੍ਹੇ ਮਨ ਨਾਲ ਆਪ ਦੇ ਪ੍ਰਵਚਨ ਨੂੰ ਗ੍ਰਹਿਣ ਕਰ ਰਿਹਾ ਹਾਂ।''

ਮਦਗੁ ਨੇ ਕਿਹਾ, ''ਇਸ ਚੌਥੇ ਪਾਦ ਵਿਚ ਇਕ ਕਲਾ ਪ੍ਰਾਣ ਹੈ, ਇਕ ਕਲਾ ਚਕਸ਼ੂ, ਇਕ ਕਲਾ ਕੰਨ ਅਤੇ ਇਕ ਕਲਾ ਮਨ ਹੈ। ਇਹ ਬ੍ਰਹਮ ਦਾ 'ਆਇਤਨਵਾਨ' ਪਾਦ ਹੈ। ਜੋ ਇਹ ਜਾਣ ਕੇ ਬ੍ਰਹਮ ਦੇ ਇਸ ਚੌਥੇ ਪਾਦ ਦੀ ਉਪਾਸਨਾ ਕਰਦਾ ਹੈ ਉਹ ਆਇਤਨਵਾਨ ਹੁੰਦਾ ਹੈ ਅਤੇ ਆਇਤਨਵਾਨ ਲੋਕਾਂ ਨੂੰ ਜਿੱਤ ਲੈਂਦਾ ਹੈ।''

ਇਹ ਇਕ ਅਜਿਹਾ ਪਾਠ ਹੈ ਜਿਸ ਬਾਰੇ ਸਤਿਕਾਮ ਨੇ ਕੋਈ ਪ੍ਰਸ਼ਨ ਨਹੀਂ ਕੀਤਾ। ਉਸਨੂੰ ਲਗ ਰਿਹਾ ਸੀ ਉਨ੍ਹਾਂ ਦੀਆਂ ਇੰਦ੍ਰੀਆਂ ਸਚਮੁਚ ਬ੍ਰਹਮ ਦਾ ਆਇਤਨ (ਘਰ) ਹੀ ਹਨ। ਇਹ ਬਾਹਰਲਾ ਜਗਤ ਉਸਦੇ ਅੰਦਰ ਹੀ ਸਥਿਤ ਹੈ। ਉਸਦੀਆਂ ਇੰਦ੍ਰੀਆਂ ਵਿਚ ਹੀ ਉਸਦਾ ਨਿਵਾਸ ਹੈ। ਪਰ ਅਸਲ ਗੱਲ ਇਹ ਸੀ ਕਿ ਸਾਰੀ ਰਾਤ ਉਡੀਕ ਕਰਦਿਆਂ ਬੀਤੀ ਸੀ, ਇਸ ਲਈ ਅਖੀਰਲਾ ਵਾਕ ਪੂਰਾ ਹੁੰਦੇ ਹੁੰਦੇ ਉਹ ਨੀਂਦ ਦੀ ਗੋਦ ਵਿਚ ਚਲਾ ਗਿਆ ਸੀ।

ਸੂਰਜ ਦੀ ਰੋਸ਼ਨੀ ਵਿਚ ਉਹ ਹੜਬੜਾ ਕੇ ਉਠਿਆ। ਦੇਖਿਆ ਗਊਆਂ ਗਰਦਨ ਝਾੜਦੀਆਂ ਹੋਈਆਂ ਉਠ ਖੜੋਤੀਆਂ ਸਨ ਅਤੇ ਸਾਂਡ ਉਨ੍ਹਾਂ ਦੇ ਪੂਰੇ ਵੱਗ ਦੇ ਪਿਛੇ ਚਲਣ ਲਈ ਤਿਆਰ ਖੜੋਤਾ ਸੀ। ਸਤਿਕਾਮ ਨੂੰ ਤਿਆਰ ਹੋਣ ਵਿਚ ਜੋ ਵੀ ਸਮਾਂ ਲਗਾ, ਉਹ ਅੱਖ ਦੇ ਪਲਕਾਰੇ ਵਿਚ ਡੰਡਾ ਚੁਕ ਕੇ ਉਨ੍ਹਾਂ ਨਾਲ ਚਲ ਪਿਆ। ਆਚਾਰਯ ਦੇ ਆਸ਼੍ਰਮ ਵਿਚ ਪਹੁੰਚਿਆ ਤਾਂ ਗੌਤਮ ਉਸਦੇ ਮੁਖ ਉਤੇ ਉਭਰੇ ਤੇਜ ਨੂੰ ਦੇਖ ਕੇ ਹੈਰਾਨ। ਸਿੱਖਿਆ ਅਤੇ ਸੰਸਕਾਰ ਚਮੜੀ ਵਿਚ ਜੋ ਮਾੜਾ ਜਿਹਾ ਪਰਿਵਰਤਨ ਲਿਆ ਦਿੰਦੇ ਹਨ, ਜਿਸ ਨਾਲ ਫਟੇ ਹੋਏ ਕਪੜੇ ਅਤੇ ਸੰਕਟਮਈ ਅਵਸਥਾ ਵਿਚ, ਕੁਝ ਬੋਲੇ-ਕਹੇ ਬਿਨਾਂ ਵੀ ਲਗਦਾ ਹੈ ਇਹ ਮਨੁੱਖ ਵਿਦਵਾਨ ਹੈ, ਉਸ ਨੂੰ ਹੀ ਗਿਆਨ ਦਾ ਤੇਜ ਕਹਿੰਦੇ ਹਨ। ਉਹ ਛਿਪਾਉਣ

'ਤੇ ਵੀ ਛਿਪਦਾ ਨਹੀਂ। ਗੌਤਮ ਇਸੇ ਤੋਂ ਪ੍ਰਭਾਵਿਤ ਸਨ।

ਗੌਤਮ ਨੇ ਆਵਾਜ਼ ਦਿੱਤੀ, "ਸਤਿਕਾਮ" ਸਤਿਕਾਮ ਨੇ ਨਿਮ੍ਰਤਾ ਨਾਲ ਉੱਤਰ ਦਿੱਤਾ, "ਭਗਵਨ"।

"ਪੁੱਤਰ, ਮੈਂ ਤਾਂ ਤੈਨੂੰ ਕੋਈ ਉਪਦੇਸ਼ ਦਿੱਤਾ ਨਹੀਂ, ਫਿਰ ਤੂੰ ਬ੍ਰਹਮਵੇਤਾ ਵਰਗਾ ਲੱਗ ਰਿਹਾ ਹੈਂ। ਤੈਨੂੰ ਉਪਦੇਸ਼ ਕਿਸ ਨੇ ਦਿੱਤਾ?" ਗੌਤਮ ਨੇ ਕਿਹਾ।

ਸਤਿਕਾਮ ਦੇ ਮਨ ਵਿਚ ਆਇਆ ਕਹਿ ਦੇਵੇ, ਹੁਣ ਇਹ ਨਾਟਕ ਤਾਂ ਨਾ ਕਰੋ, ਆਚਾਰਯ। ਆਪਦੀ ਕ੍ਰਿਪਾ ਬਿਨਾਂ ਇਹ ਗਿਆਨ ਸੰਭਵ ਸੀ? ਆਪਨੇ ਗਊਆਂ ਚਰਾਉਣ ਲਈ ਭੇਜਣ ਸਮੇਂ ਮੈਨੂੰ ਬਿਨਾਂ ਕੁਝ ਕਹੇ ਕੀ ਇਹ ਨਹੀਂ ਕਿਹਾ ਸੀ ਕਿ ਗਿਆਨ ਕਰਮ ਦੇ ਅੰਦਰੋਂ ਹੀ ਫੁਟਦਾ ਹੈ। ਕਿਤਾਬਾਂ ਪੜ੍ਹਨ ਨਾਲ ਪ੍ਰਾਪਤ ਗਿਆਨ – ਗਿਆਨ ਦਾ ਮੁੱਢਲਾ ਅਹਿਸਾਸ ਹੈ, ਗਿਆਨ ਨਹੀਂ। ਉਸ ਸਮੇਂ ਤਾਂ ਧਿਆਨ ਨਹੀਂ ਦਿੱਤਾ ਸੀ ਪਰ ਅੱਜ ਆਪ ਦਾ ਉਸ ਦਿਨ ਦਾ ਗੁਣਗੁਣਾਉਣਾ ਯਾਦ ਆ ਰਿਹਾ ਹੈ। ਹਾਂ, ਯਾਦ ਆ ਰਿਹਾ ਹੈ, ਆਪ ਧੀਮੀ ਸੁਰ ਵਿਚ ਗਾ ਰਹੇ ਸੌ – **ਕੁਰਵਨ ਇਵ ਇਹ ਕਰਮਾਣਿ ਜਿਜੀਵਿਸ਼ੇਤ ਸ਼ਤੰ ਸਮਾ**:। ਪਰ ਉਦੋਂ ਇਹ ਧਿਆਨ ਹੀ ਨਹੀਂ ਆਇਆ ਸੀ ਕਿ ਆਪ ਮੈਨੂੰ ਪਹਿਲਾ ਪਾਠ ਵੀ ਸਮਝਾ ਰਹੇ ਸੀ। ਅਗਲਾ ਗਿਆਨ ਵੀ ਮੈਂ ਜੀਵਨ ਦੇ ਅਨੁਭਵਾਂ ਅਤੇ ਚਿੰਤਨ ਦੇ ਕ੍ਰਮ ਵਿਚ ਹੀ ਪ੍ਰਾਪਤ ਕੀਤਾ ਹੈ। ਕਹਾਣੀਆਂ ਘੜਾਂ ਤਾਂ ਕਹਿ ਸਕਦਾ ਹਾਂ ਉਪਦੇਸ਼ ਸਾਂਡ ਨੇ ਦਿੱਤਾ, ਅੱਗ ਨੇ ਦਿੱਤਾ, ਪਸ਼ੂਆਂ-ਪੰਛੀਆਂ ਨੇ ਦਿੱਤਾ। ਪਰ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕਿਹਾ। ਕਿਹਾ ਕੇਵਲ ਇਹ ਕਿ ਇਸ ਦੌਰਾਨ ਚਿੰਤਨ ਕਰਦੇ-ਕਰਦੇ ਜੀਵਨ ਅਤੇ ਜਗਤ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਬਦਲ ਗਿਆ ਹੈ। ਉਨ੍ਹਾਂ ਨੇ ਆਪਣੇ ਅਨੁਭਵ ਨਾਲ ਜੋ ਕੁਝ ਜਾਣਿਆਂ ਅਤੇ ਸਮਝਿਆ ਸੀ ਉਸ ਨੂੰ ਗੁਰੂ ਦੇ ਸਾਹਮਣੇ ਬਿਨਾਂ ਕਿਸੇ ਸੰਕੋਚ ਦੇ ਰਖ ਦਿੱਤਾ ਅਤੇ ਫਿਰ ਕਹਿਣ ਲਗੇ, "ਹੁਣ ਅਨੁਭਵ ਜਨਿਤ ਗਿਆਨ ਤਾਂ ਹੋ ਗਿਆ। ਅਗਲਾ ਉਪਦੇਸ਼ ਆਪ ਖੁਦ ਕਰੋ। ਗੁਰੂ ਦੇ ਮੂੰਹ ਤੋਂ ਉਪਦੇਸ਼ ਪ੍ਰਾਪਤ ਕੀਤੇ ਬਿਨਾਂ ਬ੍ਰਹਮਵਾਦੀ ਦੀ ਸਿੱਖਿਆ ਪੂਰੀ ਕਿਥੇ ਹੁੰਦੀ ਹੈ।"

ਗੁਰੂ ਦਾ ਉਪਦੇਸ਼ ਸਭ ਤੋਂ ਛੋਟਾ ਸੀ। ਉਨ੍ਹਾਂ ਨੇ ਕਿਹਾ, "ਜੋ ਕੁਝ ਤੂੰ ਜਾਣ ਚੁਕਿਆ ਹੈਂ ਉਹੀ ਤਾਂ ਜਾਣਨ-ਯੋਗ ਹੈ। ਬਸ ਏਨਾ ਹੋਰ ਸਮਝ ਲੈ ਕਿ ਇਹ ਚਾਰੇ ਪਾਦ ਵੀ ਇਕ ਹੀ ਬ੍ਰਹਮ ਦੇ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਵੰਡ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਉਹ ਪੂਰਣ ਹੈ। ਅਸੀ ਆਪ ਵੀ ਪੂਰਣ ਹਾਂ, ਕਿਉਂਕਿ ਅਸੀਂ ਉਸੇ ਪੂਰਣ ਤੋਂ ਹੀ ਨਿਕਲੇ ਹਾਂ। ਇਹ ਸੰਸਾਰ ਆਪਣੇ ਆਪ ਵਿਚ ਪੂਰਣ ਹੈ। ਇਹ ਵੀ ਉਸ ਪੂਰਣ 'ਚੋਂ ਹੀ ਨਿਕਲਿਆ ਹੈ। ਇਸ ਪੂਰਣ ਦੇ ਨਿਕਲ ਜਾਣ ਨਾਲ ਉਹ ਘੱਟ ਨਹੀਂ ਹੁੰਦਾ ਕਿਉਂਕਿ ਇਹ ਸਭ ਉਸੇ ਵਿਚ ਹੈ। **ਨ ਕਿੰਚਨ ਵੀਯਾਯ ਇਤਿ**। ਅਤੇ ਉਹ ਫਿਰ ਗਾਉਣ ਲਗੇ, ਕਿਸੇ ਰਿਸ਼ੀ ਦਾ ਇਕ ਸਲੋਕ –

**ਪੂਰਣਮਦ: ਪੂਰਣਮਿਦੰ ਪੂਰਣਾਤ ਪੂਰਣੰ ਉਦਚਯਤੇ।**
**ਪੂਰਣਸਯ ਪੂਰਣਮਾਦਾਯ ਪੂਰਣਮਿਵਾਵਸ਼ਿਸਯਤੇ।**

ਸਤਿਕਾਮ ਇਸ ਦਾ ਭੇਦ ਤਾਂ ਪਹਿਲਾਂ ਹੀ ਸਮਝ ਚੁਕੇ ਸਨ। ਪੂਰਣਤਾ ਦਾ ਇਹ ਗਿਆਨ ਹੀ ਤਾਂ ਮਧੁਵਿਦਿਆ ਦਾ ਸਾਰ ਹੈ।

ਅੱਜ ਵੀ ਉਹ ਦ੍ਰਿਸ਼ ਇਸ ਤਰ੍ਹਾਂ ਯਾਦ ਆਉਂਦਾ ਹੈ ਜਿਵੇਂ ਹੁਣੇ ਹੁਣੇ ਦੇਖੀ ਕੋਈ ਘਟਨਾ ਹੋਵੇ।

# ਬ੍ਰਹਮਵਾਦੀ ਸਿੱਖਿਆ ਪ੍ਰਣਾਲੀ

ਜਦੋਂ ਹਾਰਿਦ੍ਰੁਮਤ ਗੌਤਮ ਨੇ ਜਾਬਾਲ ਨੂੰ ਗਊਆਂ ਚਰਾਉਣ ਦੇ ਕੰਮ 'ਤੇ ਲਗਾ ਕੇ ਇਕ ਪਾਸੇ ਉਸ ਨੂੰ ਬ੍ਰਹਮਚਰਜਾ ਦੀ ਅਧਿਕ ਕਠਿਨ ਸਾਧਨਾ 'ਚੋਂ ਗੁਜ਼ਾਰਿਆ ਸੀ ਅਤੇ ਦੂਜੇ ਪਾਸੇ ਇਕ ਵਿਚਿਤ੍ਰ ਅਵਸਰ ਦਿੱਤਾ ਸੀ ਕਿ ਉਨ੍ਹਾਂ ਨੂੰ ਅਗਨੀ ਆਦਿ ਆਪ ਹੀ ਪਹਿਲਾ ਉਪਦੇਸ਼ ਦੇਣ ਤਾਂ ਸਤਿਕਾਮ ਉਸਦਾ ਮਹੱਤਵ ਨਹੀਂ ਸਮਝ ਸਕੇ ਸਨ ਅਤੇ ਹੁਣ ਉਹ ਉਸੇ ਪ੍ਰਣਾਲੀ ਦਾ ਸਹਾਰਾ ਆਪਣੇ ਜ਼ਿਆਦਾ ਯੋਗ ਸ਼ਿਸ਼ਾਂ ਦੇ ਬਾਰੇ ਵੀ ਲੈਣ ਲਗੇ ਸਨ। ਉਹ ਸ਼ਾਇਦ ਮੰਨਦੇ ਸਨ ਕਿ ਗੁਰੂ-ਰਿਣ ਤੋਂ ਇਲਾਵਾ ਇਕ ਗੁਰੂ-ਕੁਲ ਰਿਣ ਵੀ ਹੁੰਦਾ ਹੈ। ਇਸ ਤੋਂ ਵੀ ਮੁਕਤ ਹੋਣਾ ਓਨਾ ਹੀ ਜ਼ਰੂਰੀ ਹੈ। ਗੁਰੂ-ਰਿਣ ਤੋਂ ਮੁਕਤ ਹੋਣ ਲਈ ਕਿਸੇ ਹੋਰ ਵਲੋਂ ਸਿੱਖਿਆ ਦਿੱਤੀ ਜਾਣੀ ਜ਼ਰੂਰੀ ਹੁੰਦੀ ਹੈ। ਗੁਰੂ-ਕੁਲ-ਰਿਣ ਤੋਂ ਮੁਕਤ ਹੋਣ ਲਈ ਤਾਂ ਉਸਦੀ ਸਿੱਖਿਆ ਪ੍ਰਣਾਲੀ ਨੂੰ ਅੱਗੇ ਵਧਾਉਣਾ ਹੁੰਦਾ ਹੈ।

ਹੋਇਆ ਭਾਵੇਂ ਜਿਸ ਕਾਰਣ ਹੋਵੇ, ਪਰ ਹੋਇਆ ਇਹ ਕਿ ਸਤਿਕਾਮ ਨੇ ਆਪਣੇ ਸਾਰੇ ਸ਼ਿਸ਼ਾਂ ਦਾ ਸ਼ਮਾਵਰਤਨ (ਅਧਿਐਨ ਪੂਰਾ ਹੋਣ ਦਾ) ਸੰਸਕਾਰ ਕਰ ਦਿੱਤਾ, ਪਰ ਉਪਕੋਸਲ ਤੋਂ ਸਿੱਖਿਆ ਲਈ ਆਏ ਕਾਮਲਾਯਨ ਦਾ, ਜਿਸਨੂੰ ਲੋਕ ਜਾਂ ਤਾਂ ਉਸਦੇ ਦੇਸ਼ ਦੇ ਨਾਂ ਨਾਲ ਜਾਂ ਆਪਣੇ ਪਿਤਾ ਕਮਲ ਦੇ ਪੁੱਤਰ ਦੇ ਰੂਪ ਵਿਚ ਜਾਣਦੇ ਸਨ, ਉਨ੍ਹਾਂ ਨੇ ਸਮਾਵਰਤਨ ਸੰਸਕਾਰ ਨਹੀਂ ਕਰਾਇਆ।

ਬੱਚੇ ਉਤੇ ਜੋ ਬੀਤ ਰਹੀ ਸੀ ਉਹ ਤਾਂ ਬੀਤ ਹੀ ਰਹੀ ਸੀ, ਆਚਾਰਯ ਦੀ ਪਤਨੀ ਨੂੰ ਵੀ ਉਸ ਨਾਲ ਹੋਇਆ ਅਨਿਆਂ ਚੁੱਭ ਰਿਹਾ ਸੀ। ਉਨ੍ਹਾਂ ਨੇ ਉਸ ਵਲੋਂ ਸਿਫ਼ਾਰਿਸ਼ ਵੀ ਕੀਤੀ ਕਿ ਇਸਨੇ ਬਹੁਤ ਮਨ ਲਗਾ ਕੇ ਅਗਨੀ ਸਾਧਨਾ ਕੀਤੀ ਹੈ। ਇਸਦਾ ਸਮਾਵਰਤਨ ਸੰਸਕਾਰ ਤਾਂ ਕਰਾ ਹੀ ਦਿਉ। ਉਨ੍ਹਾਂ ਦੀ ਗੱਲ ਦਾ ਅਸਰ ਨਾ ਹੋਇਆ, ਤਾਂ ਉਨ੍ਹਾਂ ਨੇ ਧਮਕਾਇਆ ਵੀ ਕਿ ਜਿਸ ਸ਼ਿਸ਼ ਨੇ ਅਗਨੀ ਦੀ ਵਿਧੀਵਤ ਸੇਵਾ ਕੀਤੀ ਹੈ ਉਸ ਨੂੰ ਜੇ ਸਮਾਵਰਤਨ ਸੰਸਕਾਰ ਤੋਂ ਵਾਂਝਿਆ ਰਖਿਆ ਜਾਏ ਤਾਂ ਅਗਨੀਆਂ ਆਚਾਰਯ ਦੀ ਨਿੰਦਾ ਕਰਦੀਆਂ ਹਨ।

ਸਤਿਕਾਮ 'ਤੇ ਇਸ ਦਾ ਵੀ ਅਸਰ ਨਾ ਹੋਇਆ। ਉਹ ਬਿਨਾਂ ਉਪਦੇਸ਼ ਦਿੱਤੇ ਹੀ ਬਾਹਰ ਚਲੇ ਗਏ। ਅੰਨ-ਤਿਆਗ ਨੂੰ ਆਤਮ-ਸ਼ੁੱਧੀ ਦੱਸ ਕੇ ਨੈਤਿਕ ਦਬਾ ਦੇ ਸ਼ਿਕੰਜੇ ਦੇ ਰੂਪ ਵਿਚ ਕੰਮ ਤੇ ਲਿਆਉਣ ਦਾ ਸਭ ਤੋਂ ਪੁਰਾਣਾ ਰਿਕਾਰਡ ਮੋਹਨ ਦਾਸ ਕਰਮ ਚੰਦ ਗਾਂਧੀ ਦਾ, ਜਾਂ ਭਰਟਕ ਬਤੀਸੀ ਦੇ ਝਗਟਕ ਸਾਧੂ ਦਾ ਨਹੀਂ, ਸਗੋਂ ਉਪਕੋਸਲ ਦੇ ਇਸ ਕਾਮਲਾਯਨ ਦਾ ਹੀ ਹੈ। ਗੁਰੂ ਦੇ ਵਿਵਹਾਰ ਤੋਂ ਦੁਖੀ ਹੋ ਕੇ ਉਸਨੇ ਖਾਣਾ ਪੀਣਾ ਬੰਦ

ਕਰ ਦਿੱਤਾ – **ਸ ਹ ਵਯਾਧਿਨਾ ਅਨਸ਼ਿਤੁੰ ਦਧ੍ਰੇ।** ਆਚਾਰਯ ਦੀ ਪਤਨੀ ਨੂੰ ਇਸਦਾ ਪਤਾ ਚਲਿਆ ਤਾਂ ਉਨ੍ਹਾਂ ਨੇ ਸਮਝਾਇਆ ਅਤੇ ਇਸਦੇ ਇਸ ਕਪਟ-ਪ੍ਰਬੰਧ ਲਈ ਉਸਨੂੰ ਝਿੜਕਿਆ ਵੀ, "ਹੇ ਬ੍ਰਹਮਚਾਰੀ, ਤੂੰ ਭੋਜਨ ਕਰ। ਭੋਜਨ ਕਿਉਂ ਨਹੀਂ ਕਰਦਾ?"

ਬ੍ਰਹਮਚਾਰੀ ਨੇ ਗੁਰੂ 'ਤੇ ਸਿੱਧਾ ਇਲਜ਼ਾਮ ਲਾਉਣਾ ਉਚਿਤ ਨਾ ਸਮਝਿਆ। ਉਸਨੇ ਬਹਾਨਾ ਬਣਾਇਆ, "ਆਚਾਰਯ, ਦੇਖੋ, ਭੁੱਖ ਦੀ ਪੀੜ ਮੈਂ ਜਾਣਦਾ ਹਾਂ, ਮਨੁੱਖ ਦੇ ਮਨ ਵਿਚ ਭੋਜਨ ਖਾਣ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀਆਂ ਕਾਮਨਾਵਾਂ ਰਹਿੰਦੀਆਂ ਹਨ, ਆਦਮੀ ਜਿਨ੍ਹਾਂ ਦੀ ਤ੍ਰਿਪਤੀ ਚਾਹੁੰਦਾ ਹੈ। ਮੈਂ ਇਸ ਸਮੇਂ ਇਨ੍ਹਾਂ ਬਹੁਮੁਖੀ ਚਿੰਤਾਵਾਂ ਤੋਂ ਦੁਖੀ ਹਾਂ। ਕਾਰਣ ਆਪ ਵੀ ਜਾਣਦੇ ਹੋ। ਮੇਰੇ ਪਾਸ ਇਕ ਹੀ ਉਪਾਉ ਰਹਿ ਗਿਆ ਹੈ ਮੈਂ ਅੰਨ ਤਿਆਗ ਕਰ ਕੇ ਬੈਠ ਜਾਵਾਂ ਅਤੇ ਫਿਰ ਜਿਵੇਂ ਕਿ ਆਪ ਦੇਖ ਰਹੇ ਹੋ, ਮੈਂ ਬੈਠ ਵੀ ਗਿਆ ਹਾਂ। ਹੁਣ ਜਦੋਂ ਤਕ ਮੈਨੂੰ ਇਸ ਦੁੱਖ ਤੋਂ ਮੁਕਤੀ ਨਹੀਂ ਮਿਲ ਜਾਂਦੀ, ਉਦੋਂ "ਤਕ ਮੈਂ ਕੁਝ ਵੀ ਨਾ ਤਾਂ ਖਾਵਾਂਗਾ, ਨਾ ਪੀਵਾਂਗਾ।"

ਆਚਾਰਯ ਨੇ ਨਿਰਾਸ਼ ਹੋ ਜਾਣ ਤੋਂ ਬਾਅਦ ਉਨ੍ਹਾਂ ਅਗਨੀਆਂ ਦੀ ਚਿੰਤਾ ਹੋਈ ਜਿਨ੍ਹਾਂ ਦੀ ਸਾਧਨਾ ਉਹ ਹੁਣ ਤਕ ਕਰਦਾ ਆਇਆ ਸੀ। ਉਨ੍ਹਾਂ ਅਗਨੀਆਂ ਨੇ ਇਕੱਠੇ ਹੋ ਕੇ ਕਿਹਾ, "ਇਹ ਬ੍ਰਹਮਚਾਰੀ ਤਪੱਸਿਆ ਕਰ ਚੁੱਕਾ ਹੈ। ਇਸ ਨੇ ਵਿਧੀਵਤ ਸਾਡੀ ਸੇਵਾ ਕੀਤੀ ਹੈ। ਆਚਾਰਯ ਨੇ ਤਾਂ ਇਸਨੂੰ ਉਪਦੇਸ਼ ਦਿੱਤਾ ਨਹੀਂ, ਅਸੀਂ ਆਪ ਇਸਨੂੰ ਉਪਦੇਸ਼ ਦੇਈਏ।" ਆਪਸ ਵਿਚ ਇਸ ਤਰ੍ਹਾਂ ਵਿਚਾਰ ਵਟਾਂਦਰਾ ਕਰਨ ਉਪਰੰਤ ਅਗਨੀਆਂ ਨੇ ਉਸਨੂੰ ਸਮੂਹਿਕ ਉਪਦੇਸ਼ ਦਿੰਦਿਆਂ ਕਿਹਾ, "ਪ੍ਰਾਣ ਬ੍ਰਹਮ ਹੈ। 'ਕ' ਬ੍ਰਹਮ ਹੈ, 'ਖ' ਬ੍ਰਹਮ ਹੈ।"

ਉਪਦੇਸ਼, ਨਿਸਚੇ ਹੀ ਭੇਦਭਰੀ ਭਾਸ਼ਾ ਵਿਚ ਦਿੱਤਾ ਗਿਆ ਸੀ ਜਿਸਦਾ ਭੇਦ ਖ਼ਤਮ ਕਰਨ ਲਈ ਬ੍ਰਹਮਵਾਦੀਆਂ ਨੂੰ ਗੁਰੂ ਦੇ ਨੇੜ ਦੀ ਜ਼ਰੂਰਤ ਹੋਇਆ ਕਰਦੀ ਹੈ ਕਾਮਲਾਯਨ ਅਜੇ ਇਸ ਭੇਦਭਰੀ ਭਾਸ਼ਾ ਤੋਂ ਪਰਿਚਿਤ ਨਹੀਂ ਸੀ ਹੋਇਆ। ਉਸਨੇ ਕਿਹਾ, "ਪ੍ਰਾਣ ਬ੍ਰਹਮ ਹੈ ਇਹ ਤਾਂ ਮੈਂ ਵੀ ਜਾਣਦਾ ਹਾਂ। ਪਰ ਇਹ 'ਕ' ਅਤੇ 'ਖ' ਕੀ ਹੈ?

ਉੱਤਰ ਮਿਲਿਆ, "ਜੋ 'ਕ' ਹੈ, ਉਹੀ 'ਖ' ਹੈ ਅਤੇ ਜੋ 'ਖ' ਹੈ ਉਹੀ 'ਕ' ਹੈ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਭੇਦਭਰੀ ਭਾਸ਼ਾ ਵਿਚ 'ਕ' ਅਰਥਾਤ ਪ੍ਰਾਣ ਅਤੇ 'ਖ' ਜਾਂ ਆਕਾਸ਼ ਦੀ ਅਭਿੰਨਤਾ ਦਾ ਉਪਦੇਸ਼ ਦੇ ਦਿੱਤਾ। ਕਮਾਲ ਇਹ ਕਿ ਭਾਸ਼ਾ ਉਹੀ ਰਹਿੰਦੇ ਹੋਇਆਂ ਵੀ ਇਸ ਵਾਰ ਇਹ ਗੱਲ ਕਾਮਲਾਯਨ ਦੀ ਸਮਝ ਵਿਚ ਆ ਗਈ।

ਅਗੋਂ ਉਨ੍ਹਾਂ ਨੇ ਵੱਖ-ਵੱਖ ਕੁਝ ਸਮਝਾਉਣ ਦਾ ਵਿਚਾਰ ਕੀਤਾ। ਕਾਮਲਾਯਨ ਨੂੰ ਕੋਈ ਪ੍ਰਸ਼ਨ ਕਰਨ ਦਾ ਮੌਕਾ ਦਿੱਤੇ ਬਿਨਾਂ ਹੀ ਗਾਰਹਸਪਤਯ ਅਗਨੀ ਨੇ ਉਸਨੂੰ ਸਿੱਖਿਆ ਦਿੰਦੇ ਹੋਇਆਂ ਦੱਸਿਆ ਕਿ ਧਰਤੀ, ਅਗਨੀ, ਅੰਨ ਅਤੇ ਆਦਿਤਯ ਇਹ ਮੇਰੇ ਹੀ ਪ੍ਰਤੀਰੂਪ ਹਨ। ਆਦਿਤਯ ਵਿਚ ਜੋ ਪੁਰਸ਼ ਦਿਸਦਾ ਹੈ ਉਹ ਅਗਨੀ ਹੀ ਹੈ। ਇਸਨੂੰ ਇਸ ਰੂਪ ਵਿਚ ਜਾਣ ਕੇ ਆਦਿਤਯ ਦੀ ਉਪਾਸਨਾ ਕਰਨ ਵਾਲਾ ਅਗਨੀ ਲੋਕਾਂ ਨੂੰ ਪ੍ਰਾਪਤ ਕਰਦਾ ਹੈ, ਪੂਰਣ ਆਯੂ ਹੁੰਦਾ ਹੈ ਅਤੇ ਉੱਜਲ ਜੀਵਨ ਬਤੀਤ ਕਰਦਾ ਹੈ। ਉਸਦੀ ਵੰਸ਼ ਪਰੰਪਰਾ ਵੀ ਛੀਣ ਨਹੀਂ ਹੁੰਦੀ। ਇਸ ਤੋਂ ਇਲਾਵਾ ਉਨ੍ਹਾਂ ਨੇ ਤਸੱਲੀ ਕਰਾਈ ਕਿ ਅਜਿਹੇ ਵਿਅਕਤੀ ਦਾ ਇਸ ਲੋਕ ਵਿਚ ਤਾਂ ਅਗਨੀਆਂ ਪਾਲਣ ਕਰਦੀਆਂ ਹੀ ਹਨ,

ਅਗਲੇ ਲੋਕ ਵਿਚ ਵੀ ਪਾਲਣ ਕਰਦੀਆਂ ਰਹਿੰਦੀਆਂ ਹਨ।

ਕਾਮਲਾਯਨ ਦੇ ਮਨ ਵਿਚ ਇਸ ਬਾਰੇ ਕਿਸੇ ਵੀ ਕਿਸਮ ਦਾ ਸ਼ੱਕ ਜਾਂ ਭਰਮ ਪੈਦਾ ਨਹੀਂ ਹੋਇਆ।

ਇਸ ਮਗਰੋਂ ਦੱਖਣ ਅਗਨੀ ਨੇ, ਜਿਸ ਨੂੰ ਅਨਵਾਹਾਰਯਪਚਨ ਅਗਨੀ ਵੀ ਕਹਿੰਦੇ ਹਨ, ਸਿੱਖਿਆ ਦਿੱਤੀ। ਉਸਨੇ ਕਿਹਾ, ''ਜਲ, ਦਿਸ਼ਾ, ਨਛੱਤਰ ਅਤੇ ਚੰਦ੍ਰਮਾ ਮੇਰੇ ਹੀ ਰੂਪ ਹਨ। ਚੰਦ੍ਰਮਾ ਵਿਚ ਜੋ ਪੁਰਸ਼ ਦਿਖਾਈ ਦਿੰਦਾ ਹੈ ਉਸਨੂੰ ਕਿਧਰੇ ਚਰਖਾ ਕੱਤਣ ਵਾਲੀ ਬੁੱਢੀ ਨਾ ਸਮਝ ਲਈਂ। ਉਹ ਮੈਂ ਹੀ ਹਾਂ।''

ਆਪਣਾ ਮਹਾਤਮ ਦੱਸਦੇ ਹੋਇਆਂ ਉਸਨੇ ਕਿਹਾ, ''ਜੋ ਮੇਰੇ ਇਸ ਰੂਪ ਨੂੰ ਜਾਣਦੇ ਹੋਇਆਂ ਮੇਰੀ ਉਪਾਸਨਾ ਕਰਦਾ ਹੈ, ਉਸਦੇ ਪਾਪ-ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਉਹ ਲੋਕਵਾਨ ਹੋ ਜਾਂਦਾ ਹੈ। ਉਸਦੀ ਅਕਾਲ ਮੌਤ ਨਹੀਂ ਹੁੰਦੀ ਅਤੇ ਉਹ ਆਪਣੀ ਚੁੰਨੀ ਨੂੰ ਇਸ ਤਰ੍ਹਾਂ ਪਹਿਨਦਾ ਹੈ ਕਿ ਇਸ ਵਿਚ ਇਕ ਵੀ ਦਾਗ਼ ਨਹੀਂ ਲਗ ਸਕਦਾ, ਉਹ ਮੈਲੀ ਨਹੀਂ ਹੁੰਦੀ। ਜਿਹੋ ਜਿਹੀ ਉਜਲੀ ਚਿੱਟੀ ਇਹ ਉਸ ਮਹਾਨ ਜੁਲਾਏ ਵਲੋਂ ਬੁਣ ਕੇ ਦਿੱਤੀ ਗਈ ਸੀ ਉਸੇ ਰੂਪ ਵਿਚ ਉਹ ਇਸ ਨੂੰ ਉਤਾਰ ਵੀ ਦਿੰਦਾ ਹੈ। ਉਸ ਦੇ ਵੰਸ਼ ਦਾ ਵਾਧਾ ਤਾਂ ਹੁੰਦਾ ਹੀ ਹੈ, ਉਸ ਦਾ ਆਪਣਾ ਇਸ ਲੋਕ ਅਤੇ ਪਰਲੋਕ ਵਿਚ ਪਾਲਣ ਮੈਂ ਹੀ ਕਰਦਾ ਹਾਂ।

ਇਸਦੇ ਮਗਰੋਂ ਆਹਵਨੀਯ ਅਗਨੀ ਨੇ ਉਪਦੇਸ਼ ਦਿੱਤਾ ਜਿਸ ਵਿਚ ਉਸਨੇ ਆਪਣੇ ਆਪ ਨੂੰ ਅਤੇ ਪ੍ਰਾਣ, ਆਕਾਸ਼, ਪ੍ਰਕਾਸ਼ ਲੋਕ ਅਤੇ ਬਿਜਲੀ ਨੂੰ ਆਪਣਾ ਸਰੀਰ ਦੱਸਦੇ ਹੋਇਆਂ ਬਿਜਲੀ ਵਿਚ ਦਿਸਣ ਵਾਲੇ ਪੁਰਸ਼ ਨੂੰ ਆਪਣਾ ਰੂਪ ਦੱਸਿਆ ਅਤੇ ਇਸ ਪਰਿਚੈ ਮਗਰੋਂ ਆਪਣੀ ਉਪਾਸਨਾ ਤੋਂ ਹੋਣ ਵਾਲੇ ਲਾਭਾਂ ਵਿਚ ਉਹ ਹੀ ਸਾਰੀਆਂ ਗੱਲਾਂ ਗਿਣਾ ਦਿੱਤੀਆਂ ਜੋ ਗਾਰਹਸਪਤਯ ਅਤੇ ਦੱਖਣ ਅਗਨੀ ਵਲੋਂ ਗਿਣਾਈਆਂ ਗਈਆਂ ਸਨ।

ਇਹ ਸਭ ਦਸਣ ਮਗਰੋਂ ਇਨ੍ਹਾਂ ਤਿੰਨਾਂ ਅਗਨੀਆਂ ਨੇ ਕਿਹਾ, ''ਪੁੱਤਰ ਉਪਕੋਸਲ, ਇਹ ਆਤਮ-ਵਿਦਿਆ ਜਾਂ ਅਗਨੀ ਵਿਦਿਆ ਤਾਂ ਅਸੀਂ ਤੈਨੂੰ ਦੱਸ ਦਿੱਤੀ ਹੈ। ਇਸ ਤੋਂ ਅਗਲਾ ਉਪਦੇਸ਼ ਆਚਾਰਯ ਆਪ ਦੇਣਗੇ।''

ਹੁਣ ਆਚਾਰਯ ਨੇ ਆਉਣਾ ਸੀ ਅਤੇ ਉਹ ਆਏ। ਆਉਂਦਿਆਂ ਹੀ ਪੁੱਛਿਆ, ''ਉਪਕੋਸਲ, ਤੇਰਾ ਮੁਖੜਾ ਤਾਂ ਬ੍ਰਹਮ-ਵੇਤਾਵਾਂ ਵਾਂਗ ਚਮਕ ਰਿਹਾ ਹੈ। ਤੈਨੂੰ ਮੇਰੀ ਗ਼ੈਰ ਹਾਜ਼ਰੀ ਦਾ ਫ਼ਾਇਦਾ ਉਠਾ ਕੇ ਕਿਸ ਨੇ ਉਪਦੇਸ਼ ਦੇ ਦਿੱਤਾ।''

ਕਾਮਲਾਯਨ ਆਚਾਰਯ ਦੀ ਚਤੁਰਾਈ ਸਮਝ ਚੁਕਾ ਸੀ। ਉਨ੍ਹਾਂ ਨੇ ਜਾਣ ਬੁਝ ਕੇ ਉਸਨੂੰ ਸਿੱਖਿਆ ਨਹੀਂ ਦਿੱਤੀ ਸੀ ਕਿ ਅਗਨੀ ਆਪ ਉਸਨੂੰ ਸਿੱਖਿਆ ਦੇਵੇ ਅਤੇ ਇਸ ਨਾਲ ਪ੍ਰਮਾਣਿਤ ਹੋ ਜਾਵੇ ਕਿ ਉਹ ਉਨ੍ਹਾਂ ਦੇ ਸ਼ਿਸ਼ਾਂ ਵਿਚੋਂ ਸਭ ਤੋਂ ਪਹੁੰਚਿਆਂ ਹੋਇਆ ਸ਼ਿਸ਼ ਹੈ। ਉਸਨੇ ਵੀ ਓਨਾ ਹੀ ਭੋਲਾ-ਪਨ ਦਿਖਾਉਂਦੇ ਹੋਇਆ ਕਿਹਾ, ''ਜਦੋਂ ਆਚਾਰਯ ਨੇ ਹੀ ਉਪਦੇਸ਼ ਨਹੀਂ ਦਿੱਤਾ ਤਾਂ ਫਿਰ ਦੂਜਾ ਕੋਈ ਕਿਉਂ ਦਿੰਦਾ।''

ਫਿਰ ਉਸਨੂੰ ਲੱਗਾ ਕਿ ਆਚਾਰਯ ਤਾਂ ਸਭ ਕੁਝ ਜਾਣਦੇ ਹਨ, ਉਨ੍ਹਾਂ ਦੀ ਕ੍ਰਿਪਾ

ਨਾਲ ਇਹ ਸੰਭਵ ਹੋਇਆ ਹੈ। ਉਨ੍ਹਾਂ ਤੋਂ ਕੀ ਛਿਪਾਉਣਾ। ਉਸਨੇ ਅਗਨੀਆਂ ਵਲ ਉਂਗਲੀ ਦਾ ਇਸ਼ਾਰਾ ਕਰਦੇ ਹੋਏ ਕਿਹਾ, "ਇਨ੍ਹਾਂ ਨੇ ਹੀ ਪ੍ਰਗਟ ਹੋ ਕੇ ਉਪਦੇਸ਼ ਦਿੱਤਾ ਸੀ ਅਤੇ ਹੁਣ ਫਿਰ ਅਗਨੀ ਵਿਚ ਰੂਪ ਵਟਾ ਗਈਆਂ ਹਨ।"

ਹੁਣ ਆਚਾਰਯ ਨੂੰ ਉਤਸੁਕਤਾ ਹੋਈ। ਪੁੱਛਿਆ ਕਿ ਅਗਨੀਆਂ ਨੇ ਉਸ ਨੂੰ ਕੀ ਉਪਦੇਸ਼ ਦਿੱਤਾ ਹੈ। ਉਪਕੋਸਲ ਨੇ ਇਸ ਦਾ ਵਿਓਰਾ ਦਿੱਤਾ ਤਾਂ ਸਤਿਕਾਮ ਨੇ ਉਸ ਨੂੰ ਕਿਹਾ, "ਉਪਕੋਸਲ, ਇਨ੍ਹਾਂ ਅਗਨੀਆਂ ਨੇ ਤਾਂ ਤੈਨੂੰ ਕੇਵਲ ਲੋਕਾਂ ਦਾ ਹੀ ਉਪਦੇਸ਼ ਦਿੱਤਾ ਹੈ, ਮੈਂ ਤੈਨੂੰ ਉਹ ਉਪਦੇਸ਼ ਦਿੰਦਾ ਹਾਂ ਜਿਸ ਨੂੰ ਜਾਣ ਲੈਣ ਮਗਰੋਂ ਪਾਪੀਆਂ ਵਿਚਕਾਰ ਰਹਿੰਦਿਆਂ ਹੋਇਆਂ ਵੀ ਤੇਰੇ ਉਤੇ ਪਾਪ-ਕਰਮ ਦਾ ਉਸ ਤਰ੍ਹਾਂ ਅਸਰ ਨਹੀਂ ਹੋਵੇਗਾ ਜਿਵੇਂ ਜਲ ਦਾ ਅਸਰ ਕਮਲ ਦੇ ਪੱਤਿਆਂ ਉਤੇ ਨਹੀਂ ਹੁੰਦਾ।"

ਉਪਕੋਸਲ ਤੋਂ ਆਏ ਅਤੇ ਉਪਕੋਸਲ ਨਾਂ ਨਾਲ ਜਾਣੇ ਜਾਣ ਵਾਲੇ ਕਮਲ ਦੇ ਪੁੱਤਰ ਕਾਮਲਾਯਨ ਨੂੰ ਉਤਸੁਕਤਾ ਤਾਂ ਹੋਣੀ ਹੀ ਸੀ, ਉਸਨੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਆਚਾਰਯ ਉਸਨੂੰ ਉਸਦਾ ਉਪਦੇਸ਼ ਕਰਨ।"

ਫਿਰ ਉਨ੍ਹਾਂ ਨੇ ਉਪਦੇਸ਼ ਦਿੰਦਿਆਂ ਦੱਸਿਆ ਕਿ ਨੇਤਰਾਂ ਵਿਚ ਦਿਖਾਈ ਦੇਣ ਵਾਲਾ ਪੁਰਸ਼ ਹੀ ਆਤਮਾ ਹੈ। ਇਹੀ ਅਭੈ, ਅੰਮ੍ਰਿਤ ਅਤੇ ਬ੍ਰਹਮ ਹੈ। ਅਤੇ ਇਸ ਕ੍ਰਮ ਵਿਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਅਤੇ ਲਾਭ ਦੱਸੇ ਜਿਨ੍ਹਾਂ ਨੂੰ ਦੱਸਣ ਦਾ ਉਸ ਸਮੇਂ ਰਿਵਾਜ ਸੀ, ਪਰ ਅੱਜ ਨਹੀਂ ਹੈ।

# ਉਸ਼ਸਤਿ

ਯੱਗ ਤੋਂ ਬਗ਼ੈਰ ਕੁਝ ਨਹੀਂ ਹੋ ਸਕਦਾ। ਜੇ ਆਪ ਚਾਹੁੰਦੇ ਹੋ ਕਿ ਲੜਕਾ ਹੀ ਪੈਦਾ ਹੋਵੇ ਅਤੇ ਉਹ ਲੜਕਾ ਨਾਲਾਇਕ ਨਾ ਹੋਵੇ, ਆਪਣੇ ਵਰਗਾ ਰੂਪ ਅਤੇ ਰੰਗ ਅਤੇ ਗੁਣ ਚਾਹੁੰਦੇ ਹੋ, ਉਸੇ ਅਨੁਸਾਰ ਪੈਦਾ ਹੋਵੇ, ਤਾਂ ਇਸ ਲਈ ਕੁਝ ਨੁਸਖੇ ਹਨ। ਉਨ੍ਹਾਂ 'ਤੇ ਚੱਲੋ। ਕੁਝ ਮੰਤਰ ਹਨ, ਉਨ੍ਹਾਂ ਨੂੰ ਪੜ੍ਹਦੇ ਹੋਏ ਉਹ ਸਭ ਕੁਝ ਕਰੋ ਜਿਸ ਨਾਲ ਬੱਚੇ ਪੈਦਾ ਹੁੰਦੇ ਹਨ ਅਤੇ ਬੱਚਾ ਪੈਦਾ ਹੋ ਗਿਆ ਅਤੇ ਉਨ੍ਹਾਂ ਰੋਗਾਂ ਤੋਂ ਬਚਿਆ ਰਹਿ ਗਿਆ ਜਿਨ੍ਹਾਂ ਦੇ ਡਰ ਤੋਂ ਆਪ ਬੱਚਿਆਂ ਤੇ ਬੱਚੇ ਪੈਦਾ ਕਰਦੇ ਚਲੇ ਜਾਂਦੇ ਹੋ ਤਾਂ ਵੱਡਾ ਹੋਣ ਤੇ ਉਹ ਉਹੋ ਜਿਹਾ ਹੀ ਨਿਕਲੇਗਾ ਜਿਹੋ ਜਿਹਾ ਆਪ ਚਾਹੁੰਦੇ ਸੀ। ਆਪਣੀ ਇਛਿੱਤ ਵਸਤੂ ਅਨੁਸਾਰ ਯੱਗ ਕਰੋ ਅਤੇ ਮਨ ਚਾਹੀ ਵਸਤੂ ਮਿਲ ਕੇ ਰਹੇਗੀ। ਇਸ ਲਈ ਉਸ ਜ਼ਮਾਨੇ ਵਿਚ ਲੋਕ ਕੰਮ ਘੱਟ ਅਤੇ ਯੱਗ ਜ਼ਿਆਦਾ ਕਰਦੇ ਸਨ, ਜਾਂ ਕੰਮ ਕੰਮਚੋਰੀ ਨਾਲ ਕਰਦੇ ਸਨ ਪਰ ਯੱਗ ਈਮਾਨਦਾਰੀ ਨਾਲ। ਇਕ-ਇਕ ਗੱਲ ਦਾ ਪੂਰਾ ਧਿਆਨ ਰਖਦੇ ਹੋਏ। ਇਸ ਪਿਛੋਂ ਵੀ ਇਛਿੱਤ ਫਲ ਨਹੀਂ ਮਿਲਦਾ ਸੀ।

ਅੱਜ ਦੇ ਨਾਸਤਿਕ ਯੁਗ ਵਿਚ ਲੋਕੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੋਣਗੇ ਪਰ ਇਹ ਸੱਚ ਜਾਂ ਸੱਚ ਦੇ ਨੇੜੇ ਤੇੜੇ ਦੀ ਚੀਜ਼ ਹੈ ਕਿ ਅੱਜ ਤਕ ਜਿੰਨੇ ਵੀ ਗਿਆਨ ਵਿਗਿਆਨ ਵਿਕਸਿਤ ਹੋਏ ਉਨ੍ਹਾਂ ਵਿਚੋਂ ਯੱਗ ਸਭ ਤੋਂ ਅਚੂਕ ਵਿਗਿਆਨ ਹੈ। ਇਸ ਵਿਚ ਇਕ ਹੀ ਖ਼ਰਾਬੀ ਹੈ। ਇਹ ਇਕ ਅਜਿਹਾ ਨਾਜ਼ੁਕ ਵਿਗਿਆਨ ਹੈ ਕਿ ਇਸ ਵਿਚ ਜ਼ਰਾ ਵੀ ਤ੍ਰੁਟੀ ਰਹਿ ਜਾਏ ਤਾਂ ਮਨੋਰਥ ਵਿਚ ਸਫਲਤਾ ਨਹੀਂ ਮਿਲ ਸਕਦੀ। ਤ੍ਰੁਟੀ ਵੱਡੀ ਹੋ ਗਈ ਤਾਂ ਯਜਮਾਨ ਦਾ ਸਤਿਆਨਾਸ਼ ਹੋ ਜਾਂਦਾ ਹੈ। ਫਲਸਰੂਪ ਜੋਤਿਸ਼ ਵਾਂਗ ਇਹ ਵਿਗਿਆਨ ਗੁੰਝਲਦਾਰ ਏਨਾ ਹੈ ਕਿ ਇਸਦੇ ਚੰਗੇ ਜਾਣਕਾਰ ਬਹੁਤ ਘੱਟ ਮਿਲਦੇ ਹਨ। ਲੱਭਦੇ ਰਹੋ, ਲੱਭਦੇ ਰਹੋ, ਵੱਡੇ ਭਾਗਾਂ ਨਾਲ ਕੋਈ ਸਹੀ ਯੱਗ-ਵਿਗਿਆਨੀ ਮਿਲੇਗਾ। ਉਕਾਈ ਤਾਂ ਉਸ ਤੋਂ ਵੀ ਹੋ ਸਕਦੀ ਹੈ ਪਰ ਸੌ ਪੰਜਾਹ ਵਿਚ ਜਿਥੇ ਅਜਿਹਾ ਕੋਈ ਮਿਲ ਗਿਆ ਉਥੇ ਕਾਮਨਾ ਪੂਰੀ ਹੋ ਕੇ ਹੀ ਰਹੇਗੀ। ਲਾਟਰੀ ਦੇ ਟਿਕਟ ਵਾਂਗ ਭਾਵੇਂ ਹਜ਼ਾਰ ਦੇ ਹਜ਼ਾਰ ਵਿਚ ਕਿਸੇ ਇਕ ਦਾ ਹੀ ਭਾਗ ਜਾਗੇ, ਪਰ ਯੱਗ ਕਰਾਉਣ ਵਾਲਿਆਂ ਦੀ, ਇਕ ਹੀ ਕਾਮਨਾ ਦੀ ਪੂਰਤੀ ਦੇ ਲਈ ਇਕ-ਤੇ-ਇਕ ਯੱਗ ਕਰਾਈ ਜਾਣ ਵਾਲਿਆਂ ਦੀ ਘਾਟ ਨਹੀਂ ਸੀ। ਯੱਗ ਦੇ ਗੁਣ ਗਾਉਣ ਵਾਲਿਆਂ ਦੀ ਘਾਟ ਤਾਂ ਅੱਜ ਤਕ ਨਹੀਂ ਹੋ ਸਕੀ ਹੈ।

ਚਕ੍ਰ ਦੇ ਪੁੱਤਰ ਉਸ਼ਸਿਤ ਨੂੰ ਯੱਗ-ਵਿਦਿਆ ਦਾ ਭੇਦ ਪਤਾ ਸੀ। ਉਹ ਕੁਰੂ ਦੇਸ਼ ਦੇ ਨਿਵਾਸੀ ਸਨ। ਆਪਣੇ ਅਸਾਧਾਰਣ ਗਿਆਨ ਕਾਰਣ ਉਨ੍ਹਾਂ ਨੂੰ ਲੋਕੀਂ ਦੂਰ ਦੂਰ ਤਕ ਜਾਣਦੇ ਸਨ। ਠੀਕ ਯੱਗ ਵੇਲੇ ਉਨ੍ਹਾਂ ਨੂੰ ਲਭਣ ਵਿਚ ਕਠਿਨਾਈ ਜ਼ਰੂਰ ਹੁੰਦੀ ਸੀ।

ਗਿਆਨ-ਵਿਗਿਆਨ ਦੇ ਖੇਤਰ ਵਿਚ ਜੋ ਕੁਝ ਦੁਖਦਾਇਕ ਮਾੜੇ ਯੋਗ ਹੁੰਦੇ ਹਨ ਉਨ੍ਹਾਂ ਵਿਚੋਂ ਇਕ ਉਨ੍ਹਾਂ ਨਾਲ ਵੀ ਵਾਪਰ ਗਿਆ ਸੀ। ਉਹ ਸਾਰੀਆਂ ਕਾਮਨਾਵਾਂ ਦੀ ਪੂਰਤੀ ਦੀ ਯੋਗਤਾ ਰਖਦੇ ਹੋਏ ਵੀ ਬੜੀ ਗ਼ਰੀਬੀ ਵਿਚ ਦਿਨ ਕਟੀ ਕਰ ਰਹੇ ਸਨ। ਉਨ੍ਹਾਂ ਦੀ ਉਮਰ ਕਾਫ਼ੀ ਜ਼ਿਆਦਾ ਸੀ, ਪਰ ਉਨ੍ਹਾਂ ਨੇ ਜਿਸ ਲੜਕੀ ਨੂੰ ਆਪਣੀ ਪਤਨੀ ਬਣਾਇਆ ਸੀ ਉਹ ਅਠਿੱਕੀ ਸੀ। ਜੋ ਅਠਿੱਕੀ ਦੀ ਥਾਂ ਅੱਠਾਂ ਦੀ ਕਹੀਏ ਤਾਂ ਵੀ ਅਰਥ ਉਹੀ ਨਿਕਲੇਗਾ। ਬੇਚਾਰੀ ਬੱਚੀ ਅਜੇ ਇਹ ਵੀ ਨਹੀਂ ਸੀ ਜਾਣਦੀ ਕਿ ਇਸਤ੍ਰੀਆਂ ਪੁਰਸ਼ਾਂ ਤੋਂ ਬੱਚ ਕੇ ਕਿਉਂ ਰਹਿਣਾ ਚਾਹੁੰਦੀਆਂ ਹਨ, ਇਸ ਲਈ ਇਧਰ ਉਧਰ ਆਉਣ ਜਾਣ ਵਿਚ ਅਤੇ ਇਧਰੋਂ-ਉਧਰੋਂ ਕੁਝ ਮੰਗ ਕੇ ਲੈ ਆਉਣ ਵਿਚ ਉਸਨੂੰ ਕੋਈ ਸੰਕੋਚ ਨਹੀਂ ਸੀ।

ਇਸ ਦੇਸ਼ ਦੀ ਧਰਤੀ ਜਿੰਨੀ ਕ੍ਰਿਪਾਲੂ ਰਹੀ ਹੈ, ਮੌਸਮ ਓਨੇ ਹੀ ਕਠੋਰ। ਅੰਤਾਂ ਦੀ ਬਾਰਿਸ਼ ਅਤੇ ਅੰਤਾਂ ਦੇ ਸੋਕੇ ਨਾਲ, ਗੜੇ ਅਤੇ ਠੰਢ ਨਾਲ, ਟਿੱਡੀਆਂ ਦੇ ਪ੍ਰਕੋਪ ਨਾਲ ਹਰ ਸਾਲ ਕਾਲ ਪੈਂਦਾ ਰਹਿੰਦਾ ਸੀ। ਇਸੇ ਤਰ੍ਹਾਂ ਦਾ ਕਾਲ ਇਕ ਵਾਰ ਗੜਿਆਂ ਕਾਰਣ ਪਿਆ। ਫਸਲ ਤਿਆਰ ਸੀ ਅਤੇ ਕਟ ਕੇ ਖੇਤ ਤੋਂ ਖਲਵਾੜੇ ਵਿਚ ਲਿਆਂਦੀ ਜਾਣ ਵਾਲੀ ਸੀ ਕਿ ਇਕ-ਦਮ ਗੜੇ ਪੈ ਗਏ ਅਤੇ ਦਾਣਾ-ਦਾਣਾ ਖੇਤ ਵਿਚ ਖਿੰਡ ਗਿਆ। ਕਾਲ ਦਾ ਸਭ ਤੋਂ ਭੈੜਾ ਅਸਰ ਉਨ੍ਹਾਂ ਲੋਕਾਂ 'ਤੇ ਪੈਂਦਾ ਹੈ ਜੋ ਕਿਸੇ ਉਤਪਾਦਨ ਕਾਰਜ ਨਾਲ ਸਿਧੇ ਜਾਂ ਅਸਿਧੇ ਢੰਗ ਨਾਲ ਜੁੜੇ ਨਹੀਂ ਹੁੰਦੇ ਅਤੇ ਸੰਸਾਰਿਕ ਜੀਵਨ ਬਤੀਤ ਕਰਨ ਲਈ ਲੋਕਾਂ ਦੀ ਸ਼ਰਧਾ ਉਤੇ ਹੀ ਨਿਰਭਰ ਰਹਿੰਦੇ ਹਨ। ਕਾਲ ਦੀ ਸੰਭਾਵਨਾ ਨੂੰ ਧਿਆਨ ਵਿਚ ਰਖਦੇ ਹੋਇਆਂ ਹੀ ਉਨ੍ਹਾਂ ਨੇ ਅਜਿਹੇ ਆਦਰਸ਼ ਚਰਿਤ੍ਰਾਂ ਦੀ ਸ੍ਰਿਸ਼ਟੀ ਕਰ ਰਖੀ ਸੀ ਜੋ ਕਈ ਦਿਨ ਬਿਨਾਂ ਖਾਏ ਰਹਿਣ ਤੋਂ ਬਾਅਦ ਵੀ ਜੇ ਖਾਣ ਲਈ ਬੈਠੇ ਅਤੇ ਉਸੇ ਵੇਲੇ ਕੋਈ ਮਹਿਮਾਨ ਪਧਾਰ ਗਿਆ ਤਾਂ ਸਮਝੋ ਸਾਹਮਣੇ ਆਈ ਥਾਲੀ ਵੀ ਉਸਨੂੰ ਦੇ ਕੇ ਆਪ ਭੁੱਖੇ ਰਹਿ ਜਾਂਦੇ ਸਨ ਅਤੇ ਇਸ ਇਕ ਛੋਟੇ ਜਿਹੇ ਤਿਆਗ ਨਾਲ ਸਵਰਗ ਜਿਤ ਲੈਂਦੇ ਸਨ। ਲੋਕ ਉਨ੍ਹਾਂ ਚਰਿਤ੍ਰਾਂ ਦੀ ਯਾਦ ਆਉਣ ਤੇ ਭਾਵਾਂ ਵਿਚ ਮਗਨ ਹੋ ਜਾਂਦੇ ਸਨ। ਪਰ ਭੁੱਖਾ ਆਦਮੀ ਨਾ ਦਿਲ ਨਾਲ ਸੋਚਦਾ ਹੈ, ਨਾ ਦਿਮਾਗ਼ ਨਾਲ। ਉਹ ਸਿੱਧਾ ਪੇਟ ਨਾਲ ਸੋਚਦਾ ਹੈ। ਇਸ ਲਈ ਸਾਧਾਰਣ ਹਾਲਾਤ ਵਿਚ ਤਾਂ ਇਹ ਆਦਰਸ਼ ਬਹੁਤ ਪ੍ਰੇਰਕ ਹੈ ਪਰ ਕਾਲ ਦੇ ਦਿਨਾਂ ਵਿਚ ਇਸ ਦਾ ਬਾਕੀ ਸਭ ਕੁਝ ਬਚਿਆ ਰਹਿੰਦਾ ਸੀ, ਸਿਰਫ਼ ਕਰਮ ਲੋਪ ਹੋ ਜਾਂਦਾ ਸੀ। ਇਸ ਵਾਰ ਵੀ ਇਹੀ ਹੋ ਰਿਹਾ ਸੀ। ਦੁਨੀਆ ਦੇ ਸਾਰੇ ਕਸ਼ਟਾਂ ਦਾ ਨਿਵਾਰਣ ਕਰਨ ਵਾਲੇ ਯੱਗ-ਵਿਗਿਆਨੀ ਨੂੰ ਜੀਵਨ ਦੇ ਨਿਰਵਾਹ ਲਈ ਕਠਿਨ ਸੰਘਰਸ਼ ਕਰਨਾ ਪੈ ਰਿਹਾ ਸੀ। ਉਨ੍ਹਾਂ ਦਾ ਮਨੋਬਲ ਟੁਟ ਰਿਹਾ ਸੀ।

ਜਿਸ ਪਿੰਡ ਵਿਚ ਉਸ਼ਸਿਤ ਚਾਕ੍ਰਾਯਣ ਰਹਿੰਦੇ ਸਨ, ਉਹ ਮਾਮੂਲੀ ਪਿੰਡ ਨਹੀਂ ਹੋਵੇਗਾ। ਉਸ ਵਿਚ ਵਸਣ ਵਾਲੇ ਬਹੁਤ ਅਮੀਰ ਸਨ ਅਤੇ ਇਸ ਲਈ, ਉਸਨੂੰ ਹਾਥੀ-ਨਸ਼ੀਨਾਂ ਦਾ ਪਿੰਡ ਜਾਂ 'ਇਭਯਗ੍ਰਾਮ' ਕਿਹਾ ਜਾਂਦਾ ਸੀ। ਅਜਿਹੇ ਖੁਸ਼ਹਾਲ ਪਿੰਡ ਵਿਚ ਏਨੇ ਯੋਗ ਵਿਅਕਤੀ ਦਾ ਏਨੀ ਤਰਸਯੋਗ ਹਾਲਤ ਵਿਚ ਰਹਿਣਾ ਹੋਰ ਵੀ ਦੁਖ-ਦਾਇਕ ਸੀ। ਉਸ ਪਿੰਡ ਵਿਚ ਇਸ ਰਿਸ਼ੀ ਨੂੰ ਉਹ ਭੋਜਨ ਤਕ ਨਸੀਬ ਨਹੀਂ ਸੀ ਜੋ ਉਥੋਂ ਦੇ ਨੌਕਰਾਂ-ਚਾਕਰਾਂ ਨੂੰ ਮਿਲਦਾ ਸੀ। ਜਾਂ ਹੋ ਸਕਦਾ ਹੈ ਇਹ ਪਿੰਡ ਬਹੁਤ ਮਾਮੂਲੀ ਰਿਹਾ ਹੋਵੇ ਪਰ ਉਸ ਦਸ਼ਾ ਵਿਚ ਇਹ ਮਹਾਵਤਾਂ ਦਾ ਹੀ ਪਿੰਡ ਰਿਹਾ ਹੋ ਸਕਦਾ ਹੈ।

ਪਿੰਡ ਜਿਸਦਾ ਵੀ ਰਿਹਾ ਹੋਵੇ, ਪੂਰੇ ਪਿੰਡ ਵਿਚ ਸਭ ਤੋਂ ਬੁਰੀ ਹਾਲਤ ਏਨੇ ਯੋਗ ਰਿਸ਼ੀ ਦੀ ਹੀ ਹੋਵੇ, ਇਹ ਇਕ ਅਜਿਹੇ ਸਮੇਂ ਰਾਸ਼ਟਰੀ ਦੁਰਭਾਗ ਦੀ ਗੱਲ ਸੀ ਜਦੋਂ ਲੋਕ ਰਾਸ਼ਟਰ ਦਾ ਸਹੀ ਅਰਥ ਤਕ ਨਹੀਂ ਜਾਣਦੇ ਸਨ।

ਇਕ ਦਿਨ ਉਸ਼ਸਿਤ ਨੂੰ ਅਸਹਿ ਭੁੱਖ ਲਗੀ ਸੀ, ਉਨ੍ਹਾਂ ਨੇ ਇਕ ਮਹਾਵਤ ਨੂੰ ਢੋਰਾ ਖਾਧੇ ਮਾਂਹ ਖਾਂਦੇ ਦੇਖਿਆ। ਇਸ ਨਾ ਖਾਣ ਯੋਗ ਤੁੱਛ ਚੀਜ਼ ਨੂੰ ਦੇਖ ਕੇ ਉਹ ਆਪਣੇ ਜਾਤੀ ਸੰਜਮ ਅਤੇ ਗੌਰਵ ਨੂੰ ਭੁੱਲ ਗਏ। ਭੁੱਖੇ ਆਦਮੀ ਦੀ ਇਕ ਹੀ ਜਾਤੀ ਹੁੰਦੀ ਹੈ। ਉਹ ਭੁੱਖਾ ਹੁੰਦਾ ਹੈ। ਹੋਰ ਸਾਰੇ ਵਰਣ ਅਤੇ ਜਾਤੀਆਂ ਬੇਅਰਥ ਹੋ ਜਾਂਦੀਆਂ ਹਨ। ਇਸ ਲਈ ਭੁੱਖਿਆਂ ਦੇ ਮਨੋਵਿਗਿਆਨ ਤੋਂ ਦੁੱਖੀ ਹੋ ਕੇ ਉਹ ਮਹਾਵਤ ਤੋਂ ਉਨ੍ਹਾਂ ਜੂਠੇ ਅਤੇ ਢੋਰਾ ਖਾਧੇ ਮਾਂਹ ਦੇ ਦਾਣਿਆਂ ਲਈ ਅਰਜ਼ੋਈ ਕਰਨ ਲਗੇ।

ਮਹਾਵਤ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਇਹ ਬੜੇ ਅਨਰਥ ਦੀ ਗੱਲ ਹੋ ਜਾਵੇਗੀ, ਪਰ ਉਸ਼ਸਿਤ ਗਿਆਨੀ ਸਨ। ਉਨ੍ਹਾਂ ਨੇ ਯਮਦੇਵ ਅਤੇ ਵਿਸ਼ਵਾਮਿਤਰ ਦੇ ਉਦਾਹਰਣ ਦੇ ਕੇ ਉਸਨੂੰ ਸਮਝਾਇਆ ਕਿ ਸੰਕਟ ਸਮੇਂ ਜੀਵਨ ਰਖਿਆ ਲਈ ਕੁਝ ਵੀ ਅਤੇ ਕਿਸੇ ਦੇ ਵੀ ਹੱਥ ਦਾ ਖਾਇਆ ਜਾ ਸਕਦਾ ਹੈ। ਮਹਾਵਤ ਦੇ ਦਿਮਾਗ਼ ਵਿਚ ਰਿਸ਼ੀ ਦੀ ਗੱਲ ਲੱਥ ਗਈ ਅਤੇ ਉਸਦੇ ਢੋਰਾ ਖਾਂਦੇ ਮਾਂਹ ਦਾ ਇਕ ਹਿੱਸਾ ਰਿਸ਼ੀ ਦੇ ਪੇਟ ਵਿਚ ਪਹੁੰਚ ਗਿਆ ਅਤੇ ਕੁਝ ਉਨ੍ਹਾਂ ਨੇ ਆਪਣੀ ਪਤਨੀ ਕਹੀ ਜਾਣ ਵਾਲੀ ਬੱਚੀ ਲਈ ਰਖ ਲਿਆ।

ਮਹਾਵਤ ਕੋਲ ਮਾਂਹ ਹੀ ਨਹੀਂ, ਪਾਣੀ ਵੀ ਸੀ। ਉਸਨੇ ਕਿਹਾ, "ਰਿਸ਼ੀਵਰ, ਮਾਂਹ ਤਾਂ ਉਬਾਲਣ ਅਤੇ ਘੀ ਨਾਲ ਤਰ ਕਰ ਦੇਣ ਮਗਰੋਂ ਵੀ ਖੁਸ਼ਕੀ ਪੈਦਾ ਕਰਦਾ ਹੈ। ਆਪ ਦਾ ਗਲਾ ਸੁੱਕ ਰਿਹਾ ਹੋਵੇਗਾ। ਹੁਣ ਦੋ ਘੁੱਟ ਪਾਣੀ ਵੀ ਪੀ ਲਓ।

ਇਸ ਨੁਕਤੇ 'ਤੇ ਆ ਕੇ ਰਿਸ਼ੀ ਨੂੰ ਧਰਮ ਦੀ ਚਿੰਤਾ ਸਵਾਰ ਹੋ ਗਈ। ਕਹਿਣ ਲੱਗੇ, ਤੇਰਾ ਛੋਹਿਆ ਹੋਇਆ ਪਾਣੀ ਪੀ ਲਿਆ ਤਾਂ ਮੇਰਾ ਧਰਮ ਚਲਾ ਜਾਵੇਗਾ। ਤੂੰ ਸ਼ੂਦਰ ਜੋ ਹੋਇਆ।

ਮਹਾਵਤ ਦਾ ਸ਼ੂਦਰ ਜਾਗ ਪਿਆ। ਉਸਨੇ ਕਿਹਾ, "ਧਰਮ ਉਦੋਂ ਕਿੱਥੇ ਸੀ ਜਦੋਂ ਆਪ ਮੇਰੇ ਜੂਠੇ ਮਾਂਹ ਖਾ ਰਹੇ ਸੀ। ਮੇਰੇ ਜੂਠੇ ਤਾਂ ਛੱਡੋ, ਪਰ ਉਹ ਤਾਂ ਢੋਰ ਦੇ ਕੀੜਿਆਂ ਨੇ ਸਚਮੁੱਚ ਅੰਦਰੋਂ ਖਾ ਕੇ ਜੂਠੇ ਹੀ ਨਹੀਂ, ਅਪਵਿੱਤਰ ਵੀ ਕਰ ਦਿੱਤੇ ਸਨ।

ਉਸ਼ਸਿਤ ਨੇ ਕਿਹਾ, "ਪਾਣੀ ਤਾਂ ਜਿੰਨਾ ਚਾਹਾਂ ਓਨਾ ਮਿਲ ਸਕਦਾ ਹੈ, ਇਸ ਨੂੰ ਪੀਵਾਂਗਾ ਤਾਂ ਧਰਮ ਚਲਾ ਜਾਵੇਗਾ। ਮਾਂਹ ਨਹੀਂ ਮਿਲ ਸਕਦੇ ਸਨ, ਉਹ ਜਿਹੋ ਜਿਹੇ ਵੀ ਸਨ, ਉਨ੍ਹਾਂ ਦੇ ਖਾਣ ਨਾਲ ਮੇਰਾ ਕੁਝ ਨਹੀਂ ਜਾਂਦਾ।"

ਮਹਾਵਤ ਲਈ ਇਹ ਇਕ ਚੰਗਾ ਤਰਕ ਸੀ ਅਤੇ ਜ਼ੋਰਦਾਰ ਵੀ। ਉਸਨੇ ਚੁੱਪੀ ਧਾਰ ਲਈ। ਪਰ ਸਾਨੂੰ ਲਗਦਾ ਹੈ ਕਿ ਕਹਾਣੀ ਦਾ ਇਹ ਭਾਗ ਕਿਸੇ ਬ੍ਰਹਮਵਾਦੀ ਕਵੀ ਦੀ ਸ਼ਰਾਰਤ ਵੀ ਹੋ ਸਕਦੀ ਹੈ ਜੋ ਇਹ ਦੱਸ ਰਿਹਾ ਸੀ ਕਿ ਸਾਰਾ ਅਨਾਜ ਸ਼ੂਦਰ ਪੈਦਾ ਕਰਦੇ ਹਨ ਕਿਉਂਕਿ ਛਤ੍ਰੀ ਅਤੇ ਬ੍ਰਾਹਮਣ ਤਾਂ ਹੱਲ ਦੇ ਮੁੱਠੇ ਤਕ ਨੂੰ ਹੱਥ ਲਗਾਉਂਦੇ ਹੀ ਛਤ੍ਰੀ ਅਤੇ ਬ੍ਰਾਹਮਣ ਨਹੀਂ ਰਹਿੰਦੇ, ਪਰ ਉਸਦੇ ਪੈਦਾ ਕੀਤੇ ਇਸ ਅਨਾਜ ਨੂੰ ਖਾਣ

ਵਿਚ ਉਨ੍ਹਾਂ ਦੀ ਜਾਤੀ ਨਹੀਂ ਜਾਂਦੀ। ਉਸਦੇ ਹੱਥ ਦਾ ਪਾਣੀ ਪੀਂਦਿਆਂ ਹੀ, ਕਿਸੇ ਖੂਹ ਤੋਂ ਉਸਦੇ ਪਾਣੀ ਭਰਦਿਆਂ ਹੀ, ਇਥੋਂ ਤਕ ਕਿ ਖੂਹ ਦੀ ਮਣ ਤੇ ਉਸਦੇ ਚੜ੍ਹਦਿਆਂ ਹੀ ਪੂਰੇ ਖੂਹ ਦਾ ਪਾਣੀ ਅਸ਼ੁੱਧ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਜਾਤੀ ਕਿੱਲਾ ਤੁੜਾ ਕੇ ਭੱਜ ਪੈਂਦੀ ਹੈ।

ਜੋ ਵੀ ਹੋਵੇ। ਰਿਸ਼ੀ ਨੇ ਮਹਾਵਤ ਦੇ ਦਿੱਤੇ ਮਾਂਹ ਵਿਚੋਂ ਜਿੰਨਾ ਆਪਣੀ ਬਾਲਿਕਾ ਪਤਨੀ ਲਈ ਰਖ ਲਿਆ ਸੀ ਉਸ ਨੂੰ ਲੈ ਕੇ ਘਰ ਪਹੁੰਚੇ। ਸੰਜੋਗ ਨਾਲ ਪਤਨੀ ਨੂੰ ਵੀ ਉਸ ਦਿਨ ਖਾਣ ਲਈ ਕੁਝ ਮਿਲ ਗਿਆ ਸੀ, ਇਸ ਲਈ ਉਸਨੇ ਉਨ੍ਹਾਂ ਢੇਰਾ ਖਾਧੇ ਮਾਂਹ ਦੇ ਦਾਣਿਆਂ ਨੂੰ ਅਗਲੇ ਦਿਨ ਲਈ ਰਖ ਦਿੱਤਾ।

ਇਹ ਸਾਰਾ ਕੰਮ ਇਕ ਅਜਿਹੇ ਮੌਕੇ ਹੋ ਰਿਹਾ ਸੀ ਜਦੋਂ ਉਸ ਦੇਸ ਦੇ ਰਾਜੇ ਨੇ ਇਕ ਯੱਗ ਦੀ ਵਿਵਸਥਾ ਕਰ ਰਖੀ ਸੀ। ਅਗਲੇ ਦਿਨ ਜਾਗਦਿਆਂ ਹੀ ਉਸ਼ਸਿਤ ਨੇ ਪਤਨੀ ਨੂੰ ਕਿਹਾ, "ਜੇ ਕੁਝ ਖਾਣ ਨੂੰ ਮਿਲ ਜਾਂਦਾ ਤਾਂ ਅਜ ਕੁਝ ਧਨ ਪ੍ਰਾਪਤ ਕਰ ਸਕਣ ਦੀ ਗੱਲ ਬਣ ਸਕਦੀ ਸੀ। ਇਸ ਦੇਸ਼ ਦੇ ਰਾਜੇ ਨੇ ਯੱਗ ਦੀ ਵਿਵਸਥਾ ਕਰ ਰਖੀ ਹੈ ਅਤੇ ਜਦੋ ਉਸਨੂੰ ਪਤਾ ਲਗਿਆ ਕਿ ਮੈਂ ਚਕ੍ਰ ਦਾ ਪੁੱਤਰ ਉਸ਼ਸਿਤ ਹਾਂ, ਉਹ ਸਾਰੇ ਯੱਗ ਦੀਆਂ ਰੀਤੀਆਂ ਲਈ ਮੈਨੂੰ ਨਿਯੁਕਤ ਕਰ ਦੇਵੇਗਾ।

ਪਤਨੀ ਨੇ ਕਿਹਾ, "ਹੋਰ ਕੁਝ ਤਾਂ ਹੈ ਨਹੀਂ। ਆਪ ਜੋ ਕਲ ਮਾਂਹ ਮੰਗ ਕੇ ਲਿਆਏ ਸੀ, ਉਹ ਉਸੇ ਤਰ੍ਹਾਂ ਰਖੇ ਹੋਏ ਹਨ। ਆਖੋ ਤਾਂ ਦੇ ਦਿਆਂ।"

ਰਾਜੇ ਨਾਲ ਬਹਿਸ ਕਰਕੇ ਉਸ ਉੱਤੇ ਆਪਣੀ ਧਾਂਕ ਜਮਾਉਣ ਲਈ ਵੀ ਗਲੇ ਵਿਚੋਂ ਆਵਾਜ਼ ਤਾਂ ਨਿਕਲਣੀ ਹੀ ਚਾਹੀਦੀ ਸੀ। ਅਜਿਹੀ ਹਾਲਤ ਵਿਚ ਉਨ੍ਹਾਂ ਮਾਂਹਾਂ ਨੂੰ ਗਲੇ ਤੋਂ ਉਤਾਰਨਾ ਹੀ ਪਿਆ।

ਜਿਵੇਂ ਕਿਵੇਂ ਉਸ਼ਸਿਤ ਉਸ ਰਾਜੇ ਕੋਲ ਪਹੁੰਚੇ ਤਾਂ ਕੀ ਦੇਖਿਆ ਕਿ ਯੱਗ ਨੂੰ ਸੰਪੂਰਣ ਕਰਨ ਲਈ ਸਾਰੀਆਂ ਨਿਯੁਕਤੀਆਂ ਹੋ ਚੁੱਕੀਆਂ ਹਨ ਅਤੇ ਯੱਗ ਆਰੰਭ ਹੋਣ ਹੀ ਵਾਲਾ ਹੈ। ਉਨ੍ਹਾਂ ਨੂੰ ਹੋਰ ਕੋਈ ਹੀਲਾ ਦਿਖਾਈ ਨਾ ਦਿੱਤਾ ਤਾਂ ਜਾ ਕੇ ਉਸਤਤ ਕਰਨ ਵਾਲੇ ਵਿਅਕਤੀ ਨੂੰ ਪ੍ਰਸ਼ਨ ਕਰ ਦਿੱਤਾ, "ਭਾਈ, ਤੈਨੂੰ ਹੋਰ ਕਿਸੇ ਗੱਲ ਦੀ ਚਿੰਤਾ ਹੋਵੇ ਜਾਂ ਨਾ, ਆਪਣੀ ਜਾਨ ਦੀ ਚਿੰਤਾ ਤਾਂ ਹੋਣੀ ਹੀ ਚਾਹੀਦੀ ਹੈ। ਦੱਸ, ਕੀ ਤੂੰ ਉਸ ਦੇਵਤੇ ਨੂੰ ਜਾਣਦਾ ਹੈ ਜੋ ਇਸ ਮੌਕੇ ਦੀ ਉੱਤਮ ਭਗਤੀ ਵਿਚ ਅਨੁਕੂਲ ਹੈ? ਕੀ ਤੂੰ ਇਹ ਨਹੀਂ ਜਾਣਦਾ ਕਿ ਜੇ ਇਹ ਜਾਣੇ ਬਿਨਾਂ ਉਸਤਤ ਕਰੇਂਗਾ ਤਾਂ ਤੇਰਾ ਸਿਰ ਕੱਟ ਕੇ ਡਿਗ ਪਵੇਗਾ।"

ਕੁਝ ਉਸ਼ਸਿਤ ਦੇ ਆਤਮ-ਵਿਸ਼ਵਾਸ ਕਾਰਣ, ਕੁਝ ਆਪਣੇ ਅਗਿਆਨ ਕਾਰਣ ਅਤੇ ਕੁਝ ਆਈ ਬਲਾ ਟਾਲਣ ਲਈ ਉਸਨੇ ਕਿਹਾ, "ਮਹਾਰਾਜ, ਮੈਨੂੰ ਤਾਂ ਇਹ ਪਤਾ ਨਹੀਂ।"

ਉਸ਼ਸਿਤ ਉਦਗਾਤਾ (ਯੱਗ ਵਿਚ ਸਾਮ-ਗਾਨ ਕਰਨ ਵਾਲਾ) ਵਲ ਮੁੜੇ। ਪ੍ਰਸ਼ਨ ਉਸਨੂੰ ਵੀ ਉਹੀ, "ਕੀ ਤੂੰ ਉਦਗੀਥ (ਸਾਮ-ਗਾਨ) ਦੇ ਦੇਵਤੇ ਨੂੰ ਜਾਣਦੇ ਹੋਇਆਂ ਹੀ ਉਦਗਾਨ ਕਰ ਰਿਹਾ ਹੈਂ? ਜੇ ਬਿਨਾਂ ਜਾਣੇ ਸਮਝੇ ਉਦਗਾਨ ਕੀਤਾ ਤਾਂ ਤੇਰਾ ਸਿਰ ਕਟ ਕੇ ਡਿਗ ਜਾਵੇਗਾ।"

ਫਿਰ ਪ੍ਰਤਿਹਰਤਾ (ਯੱਗ ਦਾ ਰਿਸ਼ੀ) ਨੂੰ ਵੀ ਧਮਕਾਇਆ ਕਿ ਜੇ ਉਹ ਪ੍ਰਤਿਹਾਰ

(ਸਾਮ-ਗਾਨ) ਅਨੁਕੂਲ ਦੇਵਤੇ ਨੂੰ ਜਾਣੇ ਬਿਨਾਂ ਪ੍ਰਤਿਹਰਣ ਕਰੇਗਾ ਤਾਂ ਉਸਦਾ ਮਸਤਕ ਡਿਗ ਜਾਏਗਾ।

ਧਮਕੀ ਦਾ ਅਸਰ ਕੁਝ ਅਜਿਹਾ ਹੋਇਆ ਕਿ ਉਹ ਸਾਰੇ ਚੁੱਪ ਹੋ ਗਏ ਅਤੇ ਆਪਣਾ ਕੰਮ ਜਿਥੇ ਸੀ, ਉਥੇ ਹੀ ਰੋਕ ਦਿੱਤਾ। ਹੁਣ ਯਜਮਾਨ ਨੂੰ ਹੋਸ਼ ਆਇਆ। ਇਹ ਯੱਗ ਵਿਚ ਕੋਈ ਛੋਟੀ ਮੋਟੀ ਉਕਾਈ ਰਹਿ ਜਾਣ ਦੀ ਸਮੱਸਿਆ ਨਹੀਂ ਸੀ। ਇਥੇ ਤਾਂ ਯੱਗ ਦਾ ਨਾਸ਼ ਹੋਣ ਵਾਲਾ ਸੀ। ਉਸਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਹ ਇਸ ਵਿਅਕਤੀ ਦਾ, ਜਿਸਨੇ ਯੱਗ ਨੂੰ ਆਉਂਦੇ ਹੀ ਰੁਕਵਾ ਦਿੱਤਾ, ਅਹਿਸਾਨ ਮੰਨਣ ਜਾਂ ਉਸ ਉਤੇ ਗੁੱਸਾ ਕਰਨ। ਜਿਸ ਤਰ੍ਹਾਂ ਯੱਗ ਹੋਣ ਵਾਲਾ ਸੀ, ਜੇ ਉਸ ਨਾਲ ਯੱਗ ਕਰਾਉਣ ਵਾਲਿਆਂ ਦਾ ਸਿਰ ਕਟ ਕੇ ਡਿਗ ਸਕਦਾ ਸੀ ਤਾਂ ਯਜਮਾਨ ਦਾ ਤਾਂ ਰੱਬ ਹੀ ਰਾਖਾ ਸੀ। ਉਸਨੇ ਹੱਥ ਜੋੜ ਲਏ, "ਦੇਵਤਾ ਜੀ, ਆਪ ਕੌਣ ਹੋ? ਕਿਥੋਂ ਪਧਾਰੇ ਹੋ?"

ਉਸ਼ਸਿਤ ਚਾਕ੍ਰਾਯਣ ਨੇ ਆਪਣਾ ਨਾਂ ਦੱਸਿਆ ਤਾਂ ਉਸਦੀ ਸ਼ਰਧਾ ਹੋਰ ਵਧ ਗਈ। ਉਸਨੇ ਕਿਹਾ, "ਮੈਂ ਤਾਂ ਸਾਰੇ ਯੱਗ ਦੇ ਕਰਮ ਆਪ ਤੋਂ ਹੀ ਕਰਾਉਣਾ ਚਾਹੁੰਦਾ ਸਾਂ। ਆਪ ਦੀ ਬਹੁਤ ਤਲਾਸ਼ ਕੀਤੀ। ਆਪ ਨਹੀਂ ਮਿਲੇ, ਤਾਂ ਇਨ੍ਹਾਂ ਲੋਕਾਂ ਨੂੰ ਲਗਾ ਦਿੱਤਾ ਜੋ ਆਪਣਾ ਤਾਂ ਜੋ ਜੀ ਵਿਚ ਆਉਂਦਾ ਕਰਦੇ, ਮੇਰਾ ਵੀ ਸਤਿਆਨਾਸ ਕਰਨ ਜਾ ਰਹੇ ਸਨ। ਹੁਣ ਆਪ ਮਿਲ ਗਏ ਹੋ ਤਾਂ ਆਪ ਹੀ ਕਾਰਜ ਭਾਰ ਸੰਭਾਲੋ।"

ਉਸ਼ਸਿਤ ਨੂੰ ਹੋਰ ਕੀ ਚਾਹੀਦਾ ਸੀ। ਕਹਿਣ ਲਗੇ, "ਠੀਕ ਹੈ। ਹੁਣ, ਇਹੀ ਲੋਕ ਮੇਰੀ ਆਗਿਆ ਨਾਲ ਯੱਗ ਕਰਾਉਣ। ਮੇਰੇ ਹੁੰਦਿਆਂ ਕੋਈ ਗੜਬੜੀ ਨਹੀਂ ਹੋਵੇਗੀ। ਹਾਂ, ਇਕ ਗੱਲ ਯਾਦ ਰੱਖੋ। ਜਿੰਨਾ ਧਨ ਤੁਸੀਂ ਇਨ੍ਹਾਂ ਸਾਰਿਆਂ ਨੂੰ ਦੇਣਾ ਹੈ ਓਨਾ ਮੈਂ ਇੱਕੱਲਾ ਲਵਾਂਗਾ।"

ਮਰਦਾ ਕੀ ਨਾ ਕਰਦਾ। ਯਜਮਾਨ ਨੂੰ ਇਹ ਪ੍ਰਸਤਾਵ ਮੰਨਣਾ ਪਿਆ।

ਉਹ ਪ੍ਰਸਤੋਤਾ (ਸਾਮ-ਗਾਨ ਕਰਨ ਵਾਲਾ) ਉਸ਼ਸਿਤ ਕੋਲ ਆਇਆ। ਕਹਿਣ ਲੱਗਿਆ, "ਗੁਰੂਵਰ, ਪ੍ਰਸਤਾਵ (ਇਸ ਮੌਕੇ) ਦੇ ਦੇਵਤੇ ਦਾ ਨਾਂ ਦੱਸੋ ਤਾਂ ਕਿ ਮੈਂ ਆਪਣਾ ਕੰਮ ਸ਼ੁਰੂ ਕਰ ਸਕਾਂ।"

ਉਸ਼ਸਿਤ ਦੀ ਨਿਰਧਨਤਾ ਅਤੇ ਇਸ ਅਸਾਧਾਰਣ ਧਾਂਕ ਦਾ ਕਾਰਣ ਇਹ ਸੀ ਕਿ ਉਨ੍ਹਾਂ ਨੇ ਪੁਰਾਣੇ ਯੱਗ-ਵਿਗਿਆਨ ਵਿਚ ਥੋੜ੍ਹਾ ਬ੍ਰਹਮ-ਵਿਗਿਆਨ ਮਿਲਾ ਦਿੱਤਾ ਸੀ। ਪਰੰਪਰਾਵਾਦੀ ਯੱਗ ਕਰਤਿਆਂ ਨੂੰ ਇਸਦਾ ਗਿਆਨ ਨਹੀਂ ਸੀ ਅਤੇ ਉਹ ਡਰ ਗਏ ਸਨ। ਉਸ਼ਸਿਤ ਨੇ ਦੱਸਿਆ, "ਪ੍ਰਸਤਾਵ ਦਾ ਉਹ ਦੇਵਤਾ ਪ੍ਰਾਣ ਹੈ। ਕਿਉਂਕਿ ਪ੍ਰਸਤਾਵ ਸ਼ਬਦ ਦਾ ਪਹਿਲਾ ਅੱਖਰ 'ਪ੍ਰ' ਹੈ ਜੋ ਪ੍ਰਾਣ ਦਾ ਵੀ ਪਹਿਲਾ ਅੱਖਰ ਹੈ। ਉਸਨੇ ਲਗਦੇ ਹੱਥ ਇਹ ਵੀ ਦੱਸ ਦਿੱਤਾ ਕਿ ਸਾਰੇ ਭੂਤ ਪ੍ਰਾਣਾਂ ਵਿਚ ਹੀ ਪ੍ਰਵੇਸ਼ ਕਰ ਜਾਂਦੇ ਹਨ ਅਤ ਪ੍ਰਾਣਾਂ ਨਾਲ ਹੀ ਜਨਮ ਲੈਂਦੇ ਹਨ। ਪ੍ਰਸਤਾਵ ਦੇ ਇਸ ਦੇਵਤੇ ਨੂੰ ਜਾਣੇ ਬਿਨਾਂ ਜੇ ਤੂੰ ਪ੍ਰਸਤਵਨ (ਉਸਤਤ) ਕਰ ਦਿੱਤਾ ਹੁੰਦਾ ਤਾਂ ਜਿਉਂ ਹੀ ਮੈਂ ਕਹਿੰਦਾ ਕਿ ਇਸਦਾ ਮਸਤਕ ਡਿਗ ਜਾਵੇ, ਪ੍ਰਾਣ ਦੇਵਤਾ ਤੈਨੂੰ ਛੱਡ ਕੇ ਚਲ ਪੈਂਦੇ ਅਤੇ ਤੂੰ ਮਰ ਜਾਂਦਾ।

ਹੁਣ ਉਦਗਾਤਾ ਆਇਆ। ਉਸਨੇ ਵੀ ਨਿਵੇਦਨ ਕੀਤਾ, "ਮੈਨੂੰ ਉਦਗੀਥ ਦੇ ਦੇਵਤੇ

ਦਾ ਗਿਆਨ ਕਰਾਓ, ਜਿਸਨੂੰ ਨਾ ਜਾਣਨ ਕਰਕੇ ਮੇਰਾ ਮਸਤਕ ਕਟ ਕੇ ਡਿਗਦੇ ਡਿਗਦੇ ਬਚਿਆ ਹੈ।"

ਉਸ਼ਸਿਤ ਨੇ ਉਸਨੂੰ ਦੱਸਿਆ ਕਿ ਉਦਗੀਥ ਦਾ ਦੇਵਤਾ ਆਦਿਤਯ ਹੈ। ਇਸਦਾ ਵੀ ਭੇਦ ਬਹੁਤ ਡੂੰਘਾ ਸੀ। ਉਦਗੀਥ ਦਾ ਉਪਸਰਗ 'ਉਤ' ਹੈ ਜਿਸਦਾ ਅਰਥ ਹੈ ਉਪਰ। ਅਤੇ ਉਪਰ ਤਾਂ ਆਦਿਤਯ ਹੀ ਹੈ, ਇਹ ਸਾਰੇ ਜਾਣਦੇ ਹਨ। ਇਨ੍ਹਾਂ ਨੂੰ ਜਾਣੇ ਬਿਨਾਂ ਜੇ ਉਸਨੇ ਉਦਗਾਨ ਕਰ ਦਿੱਤਾ ਹੁੰਦਾ ਤਾਂ ਉਸਦਾ ਵੀ ਉਹੀ ਹਾਲ ਹੁੰਦਾ ਜੋ ਉਸ਼ਸਿਤ ਨੇ ਦੱਸਿਆ ਸੀ।

ਹੁਣ ਪ੍ਰਤਿਹਰਤਾ ਦੀ ਵਾਰੀ ਸੀ। ਪ੍ਰਤਿਹਰਤਾ ਦੇ ਨਾਲ ਭਾਸ਼ਾ-ਵਿਗਿਆਨ ਕੁਝ ਢਿੱਲਾ ਪੈ ਗਿਆ। ਉਸਨੂੰ ਉਸ਼ਸਿਤ ਨੇ ਦੱਸਿਆ ਕਿ ਪ੍ਰਤਿਹਾਰ ਦਾ ਦੇਵਤਾ ਅੰਨ ਹੈ। ਇਸ ਅੰਨ ਨਾਲ ਹੀ ਸਾਰੇ ਪ੍ਰਾਣੀ ਜੀਵਿਤ ਰਹਿੰਦੇ ਹਨ। ਜੇ ਉਹ ਇਸ ਨੂੰ ਜਾਣੇ ਬਿਨਾਂ ਪ੍ਰਤਿਹਰਣ ਕਰਦਾ ਤਾਂ ਉਸਦਾ ਮਸਤਕ ਉਸ਼ਸਿਤ ਦੇ ਕਹਿੰਦੇ ਹੀ ਡਿਗ ਪਿਆ ਹੁੰਦਾ।

ਉਸ਼ਸਿਤ ਨੂੰ ਧਨ ਚਾਹੀਦਾ ਸੀ। ਉਹ ਉਸਨੂੰ ਮਿਲ ਗਿਆ। ਉਸਦੇ ਬ੍ਰਹਮ-ਗਿਆਨ ਦਾ ਜਿੰਨਾ ਹਿੱਸਾ ਰਿਤਵਿਕਾਂ (ਯੱਗ ਕਰਤਿਆਂ) ਦੇ ਪੱਲੇ ਪਿਆ ਹੋਵੇਗਾ, ਉਹ ਚਕ੍ਰ-ਵ੍ਰਿਧੀ ਨਿਯਮ ਨਾਲ ਦੂਜਿਆਂ ਨੂੰ ਧਮਕਾਉਣ ਦੇ ਕੰਮ ਜ਼ਰੂਰ ਆਇਆ ਹੋਵੇਗਾ।

# ਮੈਤ੍ਰੇਈ ਨੂੰ ਕੀ ਮਿਲਿਆ

ਪੁਰਾਣੇ ਜ਼ਮਾਨੇ ਵਿਚ ਬ੍ਰਹਮਗਿਆਨੀਆਂ ਦੇ ਲਈ ਵੀ ਬਹੁ-ਵਿਆਹ ਦੀ ਮਨਾਹੀ ਨਹੀਂ ਸੀ। ਅਜਿਹੇ ਮਾਮਲਿਆਂ ਵਿਚ ਬ੍ਰਹਮ ਅਕਸਰ ਰੁਕਾਵਟ ਨਹੀਂ ਪਾਉਂਦਾ। ਬ੍ਰਹਮ ਤਾਂ ਇਕ ਅਤੇ ਅਦੁੱਤੀ ਹੈ। ਬਾਕੀ ਸਭ ਭਰਮ। ਉਹੀ ਹੈ, ਦੂਜਾ ਤਾਂ ਕੋਈ ਹੈ ਹੀ ਨਹੀਂ। ਉਹੀ ਆਪਣੇ ਤੋਂ ਵੱਖ ਹੁੰਦਾ ਹੈ। ਉਹੀ ਆਪਣੇ ਆਪ ਨਾਲ ਮਿਲਦਾ ਹੈ। ਉਹ ਇਕ ਹੋ ਕੇ ਦੋ ਨੂੰ ਮਿਲੇ ਜਾਂ ਦੋ ਹੋ ਕੇ ਇਕ ਨੂੰ, ਇਸ ਨਾਲ ਕੀ ਫ਼ਰਕ ਪੈਂਦਾ ਹੈ। ਇਸ ਲਈ ਜੇ ਬ੍ਰਹਮਵੇਤਾ ਯਾਗਵਲਕਯ ਨੇ ਮੈਤ੍ਰੇਈ ਅਤੇ ਕਾਤਯਾਯਨੀ ਦੋ ਪਤਨੀਆਂ ਨੂੰ ਅਰਧੰਗਨੀ ਬਣਾਇਆ ਹੋਇਆ ਸੀ ਅਤੇ ਉਨ੍ਹਾਂ ਵਿਚੋਂ ਹਰੇਕ ਉਸਦੀ ਚਤੁਰਥਾਂਗਣੀ ਹੀ ਰਹਿ ਗਈ ਸੀ, ਤਾਂ ਇਹ ਕੋਈ ਅਨੁਚਿਤ ਗੱਲ ਨਹੀਂ ਸੀ। ਭੇਦ ਬੁੱਧੀ ਰੱਖਣ ਵਾਲੇ ਨੂੰ ਇਹ ਜਿਹੋ ਜਿਹਾ ਵੀ ਲੱਗੇ, ਤੱਤ-ਦਰਸ਼ੀਆਂ ਨੂੰ ਇਹ ਉਦੋਂ ਖਟਕਦਾ ਜਦੋਂ ਸਥਿਤੀ ਉਲਟ ਹੁੰਦੀ। ਅਸੀਂ ਤਾਂ ਇਹ ਵੀ ਨਹੀਂ ਜਾਣਦੇ ਕਿ ਪੂਰੇ ਜੀਵਨ ਕਾਲ ਵਿਚ ਉਨ੍ਹਾਂ ਨੂੰ ਇਨ੍ਹਾਂ ਦੋ ਨੂੰ ਹੀ ਪਤਨੀ ਬਣਾਉਣ ਦਾ ਮੌਕਾ ਮਿਲਿਆ ਸੀ ਜਾਂ ਇਹ ਗਿਣਤੀ ਦੋ ਵਚਨਾਂ ਤੋਂ ਬਹੁਵਚਨ ਵੱਲ ਵੀ ਵਧੀ ਸੀ। ਇਹ ਨਿਸਚਿਤ ਹੈ ਕਿ ਇਹ ਘਟਨਾ ਜਿਸ ਕਾਲ ਦੀ ਹੈ, ਉਸ ਸਮੇਂ ਉਨ੍ਹਾਂ ਕੋਲ ਸੰਭਵ ਹੈ, ਦੋ ਹੀ ਪਤਨੀਆਂ ਸਨ। ਪਰ ਇਹ ਗੱਲ ਵੀ ਓਨੀ ਨਿਸਚਿਤ ਨਹੀਂ ਹੈ ਜਿੰਨੀ ਹੋਣ ਦਾ ਅਸੀਂ ਵਿਸ਼ਵਾਸ ਦਿਵਾ ਚੁਕੇ ਹਾਂ ਕਿਉਂਕਿ ਮੈਤ੍ਰਾਯਣੀ ਸੰਘਤਾ ਵਰਗੇ ਨਾਂ ਸੁਣ ਕੇ ਲਗਦਾ ਹੈ ਕਿ ਇਸ ਨਾਂ ਦੀ ਕੋਈ ਰਿਸ਼ੀ-ਪਤਨੀ ਉਪਨਿਸ਼ਦ ਕਾਲ ਤੋਂ ਪਹਿਲਾਂ ਹੋਈ ਤਾਂ ਹੋ ਸਕਦੀ ਹੈ, ਪਰ ਜ਼ਰੂਰੀ ਨਹੀਂ ਕਿ ਉਹ ਯਾਗਵਲਕਯ ਦੀ ਪਤਨੀ ਹੀ ਹੋਵੇ ਜਾਂ ਜੇ ਉਹ ਯਾਗਵਲਕਯ ਦੀ ਪਤਨੀ ਹੀ ਰਹੀ ਹੋਵੇ ਤਾਂ ਵੀ ਜ਼ਰੂਰੀ ਨਹੀਂ ਕਿ ਇਹ ਕਹਾਣੀ ਉਸ ਨੂੰ ਪਾਤਰ ਬਣਾ ਕੇ ਕੇਵਲ ਕਲਪਨਾ ਦੇ ਆਧਾਰ ਤੇ ਹੀ ਨਾ ਘੜ ਲਈ ਗਈ ਹੋਵੇ।

ਕਹਾਣੀ ਅਨੁਸਾਰ ਯਾਗਵਲਕਯ ਦੀ ਅਵਸਥਾ ਢਲ ਚੱਲੀ ਸੀ। ਸਰੀਰ ਕਮਜ਼ੋਰ ਹੋ ਚਲਿਆ ਸੀ। ਇਕ ਦਿਨ ਉਨ੍ਹਾਂ ਨੂੰ ਅਚਾਨਕ ਲਗਿਆ, ਹੁਣ ਇਸ ਜੀਵਨ ਦਾ ਕੀ ਭਰੋਸਾ। ਪਤਾ ਨਹੀਂ ਵੱਡੀ ਪਤਨੀ ਕਾਤਯਾਯਨੀ ਮੈਤ੍ਰੇਈ ਨੂੰ ਗੁਜ਼ਾਰੇ ਲਈ ਕੁਝ ਦੇਵੇ ਜਾਂ ਨਾ ਦੇਵੇ। 'ਕਤਿ' ਦਾ ਤਾਂ ਅਰਥ ਹੀ ਲਾਲਸਾ ਹੁੰਦਾ ਹੈ। ਇਹ ਤਾਂ ਉਸਦਾ ਨਾਂ ਲੈਣ ਤੋਂ ਪਤਾ ਲਗ ਗਿਆ ਹੋਵੇਗਾ। ਉਸਦਾ ਮਨ ਕਿਸੇ ਚੀਜ਼ ਤੋਂ ਡਰਦਾ ਹੀ ਨਹੀਂ ਸੀ। ਹਮੇਸ਼ਾ ਫਰਮਾਇਸ਼ ਕਰਦੀ ਰਹਿੰਦੀ। ਇਹ ਲਿਆਓ, ਉਹ ਲਿਆਓ। ਯਾਗਵਲਕਯ ਦਾ ਆਪਣੇ ਸਮੇਂ ਦੇ ਰਾਜਿਆਂ ਰਾਣਿਆਂ ਵਿਚ ਜੋ ਸਨਮਾਨ ਸੀ, ਉਸ ਕਾਰਣ ਉਨ੍ਹਾਂ ਪਾਸ ਅਪਾਰ ਧਨ-ਦੌਲਤ ਸੀ।

ਬ੍ਰਹਮਵਾਦੀ ਹੋਣ ਕਰਕੇ, ਉਹ ਹੋਰ ਪੁਰਾਣੇ ਵਿਧਾਨਾਂ ਵਾਂਗ ਇਸ ਨਿਯਮ ਨੂੰ ਵੀ ਨਹੀਂ ਮੰਨਦੇ ਸਨ ਕਿ ਬ੍ਰਾਹਮਣ ਦਾ ਲੱਛਮੀ ਨਾਲ ਵੈਰ ਹੈ, ਪਰ ਕਿਧਰੇ ਅੰਤ ਤਾਂ ਹੋਣਾ ਹੀ ਚਾਹੀਦਾ ਹੈ। ਏਨਾ ਕੁਝ ਹੁੰਦੇ ਹੋਇਆਂ ਵੀ ਕਾਤਯਾਯਨੀ ਦੀਆਂ ਮੰਗਾਂ ਦਾ ਕੋਈ ਅੰਤ ਨਹੀਂ। ਉਤੋਂ ਸ਼ਿਕਾਇਤਾਂ ਦਾ ਪਟਾਰਾ ਏਨਾ ਵੱਡਾ। ਅੱਜ ਇਹ ਹੋ ਗਿਆ ਤਾਂ ਕੱਲ ਉਹ।

ਕੁਝ ਲੋਕ ਮੰਨਦੇ ਹਨ ਕਿ ਯਾਗਵਲਕਯ ਨੇ ਮਰਨ ਦੇ ਡਰੋਂ ਅਜਿਹਾ ਨਹੀਂ ਸੋਚਿਆ ਸੀ। ਉਹ ਸੰਨਿਆਸ ਲੈਣ ਜਾ ਰਹੇ ਸਨ। ਉਨ੍ਹਾਂ ਨੇ ਆਪਣਾ ਪ੍ਰਸਤਾਵ ਗੂੜ੍ਹ ਭਾਸ਼ਾ ਵਿਚ ਰਖਿਆ ਸੀ, ਜਿਸਦਾ ਕੋਈ ਵੀ ਅਰਥ ਲਗਾਇਆ ਜਾ ਸਕਦਾ ਹੈ। ਕਿਹਾ ਇਹ ਸੀ ਕਿ ਮੈਤ੍ਰੇਈ ਮੈਂ ਇਸ ਥਾਂ ਤੋਂ ਉਪਰ ਨੂੰ ਜਾਣ ਵਾਲਾ ਹਾਂ — **ਉਦਯਾਸੁ ਅਨੁ ਆ ਅਰੇ ਅਹੰ ਅਸਮਾਤ ਸਥਾਨਾਤ ਅਸਮਿ।** ਇਸ ਲਈ ਚਾਹੁੰਦਾ ਹਾਂ ਕਿ ਜਾਣ ਤੋਂ ਪਹਿਲਾਂ ਤੇਰੇ ਅਤੇ ਕਾਤਯਾਯਨੀ ਵਿਚਕਾਰ ਵੰਡ-ਵੰਡਾਰਾ ਕਰਦਾ ਜ਼ਾਂਵਾ ਤਾਂ ਜੋ ਬਾਅਦ ਵਿਚ ਕਲੇਸ਼ ਨਾ ਹੋਵੇ।

ਇਸ ਤਰ੍ਹਾਂ ਦੀ ਗੱਲ ਸੰਨਿਆਸ ਲੈਣ ਵੇਲੇ ਵੀ ਕਹੀ ਜਾ ਸਕਦੀ ਸੀ। ਪਰ ਜੇ ਬ੍ਰਹਮ-ਵਾਦੀਆਂ ਨੂੰ ਵੀ ਸੰਨਿਆਸ ਲੈਣਾ ਪਵੇ ਤਾਂ ਮੋਹ-ਮੁਕਤ ਕਰਮਯੋਗ ਦਾ ਕੀ ਹੋਵੇਗਾ? ਇਸ ਲਈ ਇਸਦਾ ਮਤਲਬ ਜੇ ਗ੍ਰਹਿਸਥ ਆਸ਼੍ਰਮ ਤੋਂ ਉਤੇ ਉਠ ਕੇ ਸੰਨਿਆਸ ਵੱਲ ਜਾਣ ਤੋਂ ਨਾ ਲਿਆ ਜਾਵੇ ਤਾਂ ਹਰਜ ਕੁਝ ਘਟ ਹੋ ਜਾਵੇਗਾ। ਜੋ ਵੀ ਹੋਵੇ, ਮੈਤ੍ਰੇਈ ਦੇ ਨਾਂ ਤੋਂ ਹੀ ਪ੍ਰਗਟ ਹੈ ਕਿ ਉਸ ਨਾਲ ਬ੍ਰਹਮ-ਗਿਆਨੀ ਦੀ ਅਧਿਕ ਬਣਦੀ ਹੋਵੇਗੀ। ਇਸ ਲਈ ਉਨ੍ਹਾਂ ਨੇ ਇਹ ਪ੍ਰਸਤਾਵ ਮੈਤ੍ਰੇਈ ਅੱਗੇ ਹੀ ਰਖਿਆ।

ਮੈਤ੍ਰੇਈ ਨਾਲ ਉਹ ਪ੍ਰੇਮ ਤੋਂ ਇਲਾਵਾ ਬ੍ਰਹਮ ਬਾਰੇ ਵੀ ਚਰਚਾ ਕਰਦੇ ਹੋ ਸਕਦੇ ਹਨ। ਪਤਨੀ ਦੇ ਸਾਹਮਣੇ ਦਰਸ਼ਨ ਅਤੇ ਸ਼ਾਸਤ੍ਰ ਚਰਚਾ ਬਿਰਧ ਪਤੀ ਦੀ ਅੰਤਿਮ ਢਾਲ ਹੈ। ਮੂਰਤ ਵਸਤੂਆਂ ਦੀ ਥਾਂ ਤੇ ਅਮੂਰਤ ਵਿਚਾਰਾਂ ਪ੍ਰਤੀ ਲਗਾਓ ਵੀ ਏਨਾ ਵਧ ਗਿਆ ਸੀ ਕਿ ਇਸ ਨਾਜ਼ੁਕ ਮੌਕੇ 'ਤੇ ਉਸਨੇ ਉਨ੍ਹਾਂ ਤੋਂ ਇਕ ਅਜਿਹਾ ਸਵਾਲ ਪੁੱਛ ਲਿਆ ਜਿਸਦੀ ਯਾਗਵਲਕਯ ਨੂੰ ਅਕਾਂਖਿਆ ਤਾਂ ਰਹੀ ਹੋ ਸਕਦੀ ਹੈ, ਪਰ ਮੈਤ੍ਰੇਈ ਦੇ ਇਸਤਰੀ ਹੋਣ ਕਾਰਣ ਉਸ ਤੋਂ ਇਸਦੀ ਆਸ ਨਹੀਂ ਰਹੀ ਹੋਵੇਗੀ। ਮੈਤ੍ਰੇਈ ਨੇ ਪੁੱਛਿਆ, "ਪ੍ਰਭੂ, ਆਪ ਤਾਂ ਉਪਰ ਜਾ ਰਹੇ ਹੋ। ਜਦੋਂ ਆਪ ਹੀ ਨਹੀਂ ਰਹੋਗੇ ਤਾਂ ਮੇਰੇ ਲਈ ਇਹ ਸਾਰੀ ਦੌਲਤ ਕਿਸ ਕੰਮ ਦੀ? ਮੈਨੂੰ ਤਾਂ ਆਪ ਇਹ ਦੱਸੋ ਕਿ ਜੇ ਸਾਰੀ ਦੁਨੀਆਂ ਦੀ ਦੌਲਤ ਮੈਨੂੰ ਮਿਲ ਜਾਵੇ ਤਾਂ ਕੀ ਮੈਂ ਅਮਰ ਹੋ ਸਕਦੀ ਹਾਂ?"

ਹੁਣ ਦੇਖਿਆ ਜਾਵੇ ਤਾਂ ਇਹ ਓਨਾ ਅਧਿਆਤਮਿਕ ਪ੍ਰਸ਼ਨ ਵੀ ਨਹੀਂ ਸੀ। ਇਹ ਏਨਾ ਠੋਸ ਸਵਾਲ ਸੀ ਜਿਸ ਨੂੰ ਕੋਈ ਅਜਿਹੀ ਚੜ੍ਹਦੀ ਜਵਾਨੀ ਵਾਲੀ ਪਤਨੀ ਹੀ ਪੁੱਛ ਸਕਦੀ ਸੀ ਜਿਸਦੇ ਗਰੀਬ ਮਾਤਾ ਪਿਤਾ ਨੇ ਪਤੀ ਦੀ ਹੈਸੀਅਤ ਅਤੇ ਦੌਲਤ ਤਾਂ ਦੇਖੀ, ਪਰ ਉਮਰ ਨਾ ਦੇਖੀ ਅਤੇ ਅੱਖਾਂ ਬੰਦ ਕਰ ਕੇ ਉਸਦੇ ਹਵਾਲੇ ਕਰ ਦਿੱਤਾ ਅਤੇ ਉਹ ਵੀ ਉਸ ਨੂੰ ਛੱਡ ਕੇ ਜਾਣ ਦੀ ਗੱਲ ਕਰ ਰਿਹਾ ਸੀ। ਦੌਲਤ, ਦੌਲਤ, ਦੌਲਤ। ਦੌਲਤ ਉਸਦੇ ਕਿਸ ਕੰਮ ਦੀ ਸੀ। ਪਰ ਆਸਥਾਵਾਦੀ ਜੋ ਚਾਹੁਣ, ਜਿਥੇ ਅਤੇ ਜਦੋਂ ਚਾਹੁਣ ਪੈਦਾ ਕਰ ਸਕਦੇ ਹਨ ਅਤੇ ਉਨ੍ਹਾਂ ਨੇ ਇਸ ਠੋਸ ਸਵਾਲ ਵਿਚੋਂ ਅਧਿਆਤਮਿਕ ਨਿਚੋੜ ਕੱਢ ਲਿਆ ਤਾਂ ਸਾਨੂੰ ਵੀ ਉਹ ਮੰਨਣਾ ਪਵੇਗਾ। ਉਂਜ ਦੇਖੀਏ ਤਾਂ ਯਾਗਵਲਕਯ ਆਪਣੇ

ਵਿਚਾਰਾਂ ਵਿਚ ਕਈ ਦ੍ਰਿਸ਼ਟੀਆਂ ਤੋਂ ਖ਼ਾਸੇ ਆਧੁਨਿਕ ਸਨ ਅਤੇ ਆਪਣੇ ਆਪ ਵਿਚ ਆਸਥਾਵਾਦੀਆਂ ਦਾ ਜਵਾਬ ਵੀ ਸਨ।

ਯਾਗਵਲਕਯ ਨੇ ਕਿਹਾ, "ਨਹੀਂ। ਇਸ ਨਾਲ ਤੂੰ ਅਮਰ ਤਾਂ ਨਹੀਂ ਹੋ ਸਕਦੀ। ਭੋਗਣ ਵਾਲੀਆਂ ਵਸਤੂਆਂ ਦੇ ਇਕੱਠਾ ਕਰਨ ਨਾਲ ਮਨੁੱਖ ਨੂੰ ਸੁਖ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਹਨ ਉਹ ਤੈਨੂੰ ਇਸ ਨਾਲ ਮਿਲ ਜਾਣਗੀਆਂ। ਹਾਂ ਧਨ ਨਾਲ ਅਮਰ-ਪਦ ਨਹੀਂ ਮਿਲ ਸਕਦਾ।

ਮੈਤ੍ਰੇਈ ਨੇ ਕਿਹਾ, "ਫਿਰ ਤਾਂ ਮੇਰੇ ਲਈ ਇਹ ਸਭ ਵਿਅਰਥ ਹੈ। ਜੇ ਆਪ ਨੂੰ ਅਮਰਤਾ ਪ੍ਰਾਪਤ ਕਰਨ ਦਾ ਉਪਾਉ ਪਤਾ ਹੋਵੇ ਤਾਂ ਮੈਨੂੰ ਉਹ ਜ਼ਰੂਰ ਦਸੋ। ਮੈਨੂੰ ਉਸਦਾ ਗਿਆਨ ਲੋੜੀਂਦਾ ਹੈ। ਆਪਦੀ ਦੌਲਤ ਨਹੀਂ।"

ਯਾਗਵਲਕਯ ਪ੍ਰਸੰਨ ਹੋ ਗਏ। ਕਹਿਣ ਲਗੇ, "ਮੈਤ੍ਰੇਈ, ਤੂੰ ਧੰਨ ਹੈਂ। ਅਮ੍ਰਿਤ ਗੱਲਾਂ ਨਾਲ ਹੀ ਸੰਤੁਸ਼ਟ ਹੋ ਜਾਣ ਦੇ ਆਪਣੇ ਇਸ ਸੁਭਾ ਕਾਰਣ ਤੂੰ ਪਹਿਲਾਂ ਵੀ ਮੇਰੀ ਚਹੇਤੀ ਰਹੀ ਹੈਂ ਅਤੇ ਅੱਜ ਵੀ ਅਜਿਹੀਆਂ ਗੱਲਾਂ ਕਰ ਰਹੀ ਹੈਂ ਜੋ ਮੈਨੂੰ ਚੰਗੀਆਂ ਲਗ ਰਹੀਆਂ ਹਨ। ਆ ਬੈਠ। ਮੈਂ ਤੈਨੂੰ ਇਸ ਦੀ ਵਿਆਖਿਆ ਕਰਕੇ ਦਸਦਾ ਹਾਂ। ਤੂੰ ਮੇਰੇ ਕਹੇ ਵੱਲ ਧਿਆਨ ਦੇ ਅਤੇ ਇਸ 'ਤੇ ਜ਼ਰਾ ਗੰਭੀਰਤਾ ਨਾਲ ਸੋਚ।"

ਇਸ ਮਗਰੋਂ ਯਾਗਵਲਕਯ ਨੇ ਇਕ ਲੰਮਾ ਭਾਸ਼ਣ ਦਿੱਤਾ। ਇਹ ਭਾਸ਼ਣ ਇਹ ਸੋਚ ਕੇ ਦਿੱਤਾ ਗਿਆ ਕਿ ਇਸ ਨੂੰ ਹਜ਼ਾਰ ਦੋ ਤਿੰਨ ਹਜ਼ਾਰ ਸਾਲ ਵੀ ਕੁਝ ਲੋਕ ਪੜ੍ਹਨਗੇ ਜ਼ਰੂਰ, ਇਸ ਲਈ ਇਸ ਦੀ ਗੂੰਜ ਏਨੀ ਸਾਫ਼ ਰਹਿਣੀ ਚਾਹੀਦੀ ਹੈ ਕਿ ਇਤਿਹਾਸ ਦੇ ਸ਼ੋਰ ਸ਼ਰਾਬੇ ਵਿਚ ਇਹ ਡੁਬ ਕੇ ਖ਼ਤਮ ਨਾ ਹੋ ਜਾਵੇ ਅਤੇ ਗ੍ਰਹਿਣਸ਼ੀਲ ਕੰਨਾਂ ਵਿਚ ਦੂਰ ਦੇ ਢੋਲ ਵਾਂਗ ਪ੍ਰਵੇਸ਼ ਕਰਦੀ ਰਹੇ।

ਉਨ੍ਹਾਂ ਨੇ ਕਿਹਾ, "ਮੈਤ੍ਰੇਈ! ਸੰਸਾਰ ਦੇ ਸਾਰੇ ਸੰਬੰਧ ਸਵਾਰਥ ਦੇ ਸੰਬੰਧ ਹਨ। ਪਰਉਪਕਾਰ ਭਾਵਨਾ ਨਾਲ ਕੋਈ ਵੀ ਕੰਮ ਨਹੀਂ ਕਰਦਾ। ਕੋਈ ਇਸਤਰੀ ਆਪਣੇ ਪਤੀ ਨਾਲ ਪਿਆਰ ਕਰਦੀ ਹੈ ਤਾਂ ਪਤੀ ਲਈ ਨਹੀਂ ਸਗੋਂ ਆਪਣੇ ਮਤਲਬ ਲਈ ਪਿਆਰ ਕਰਦੀ ਹੈ। ਜੇ ਪਤੀ ਉਸਨੂੰ ਉਸੇ ਤਰ੍ਹਾਂ ਪਿਆਰ ਨਾ ਕਰੇ ਤਾਂ ਉਹ ਵੀ ਉਸ ਨੂੰ ਪਿਆਰ ਨਹੀਂ ਕਰਦੀ ਰਹਿ ਸਕਦੀ। ਜੇ ਕੋਈ ਦੂਜਾ ਪਿਆਰ ਜਾਂ ਆਦਰ ਪ੍ਰਗਟ ਕਰੇ ਤਾਂ ਪਤੀ ਤੋਂ ਅਣਗੌਲੀ ਹੋਣ 'ਤੇ ਉਹ ਉਧਰ ਜ਼ਰੂਰ ਝੁਕ ਜਾਵੇਗੀ। ਯਾਗਵਲਕਯ ਨੇ ਠੀਕ ਇਨ੍ਹਾਂ ਸ਼ਬਦਾਂ ਵਿਚ ਕਿਹਾ ਤਾਂ ਨਹੀਂ, ਪਰ ਉਨ੍ਹਾਂ ਨੇ ਮੈਤ੍ਰੇਈ ਨੂੰ ਪਹਿਲਾਂ ਹੀ ਕਹਿ ਰਖਿਆ ਸੀ ਕਿ ਜੋ ਮੈਂ ਦਸਦਾ ਹਾਂ ਉਸਦੀ ਡੂੰਘਾਈ ਵਿਚ ਜਾ ਕੇ ਇਸ 'ਤੇ ਵਿਚਾਰ ਕਰਨਾ, ਇਸ ਲਈ ਦੂਜੇ ਢੰਗ ਨਾਲ ਉਹ ਇਹ ਵੀ ਸਮਝਾ ਰਹੇ ਸਨ ਕਿ ਤੇਰੇ ਨਾਲ ਵਿਆਹ ਕੀਤਾ ਉਹ ਤੇਰੇ ਲਈ ਨਹੀਂ, ਆਪਣੇ ਲਈ ਕੀਤਾ ਸੀ। ਉਹ ਇਹ ਵੀ ਸਮਝਾ ਰਹੇ ਸਨ ਕਿ ਸਤੀਪੁਣੇ ਆਦਿ ਦੀ ਜੋ ਗੱਲ ਲੋਕੀਂ ਕਿਹਾ ਕਰਦੇ ਹਨ, ਉਹ ਸਭ ਔਰਤਾਂ ਨੂੰ ਮੂਰਖ ਬਣਾ ਕੇ ਰਖਣ ਦੇ ਢਕੌਂਸਲੇ ਹਨ। ਅਜਿਹਾ ਉਹ ਇਸਤਰੀਆਂ ਦੇ ਭਲੇ ਲਈ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਲੂਲ੍ਹਾ ਬਣਾਉਣ ਲਈ, ਉਨ੍ਹਾਂ ਨੂੰ ਬੰਨ੍ਹ ਕੇ ਰਖਣ ਲਈ ਕਰਦੇ ਹਨ। ਅਸਲੀਅਤ ਇਹ ਹੈ ਜੋ ਮੈਂ ਤੈਨੂੰ ਦੱਸ ਰਿਹਾ ਹਾਂ ਅਤੇ ਬ੍ਰਹਮ-ਵਿਦਿਆ ਦੀ ਇਹ ਲਹਿਰ ਨਾ ਚੱਲੀ ਹੁੰਦੀ ਤਾਂ ਪੁਰਾਤਨ ਵਿਚਾਰਾਂ ਵਾਲਿਆਂ ਵਾਂਗ ਮੈਂ ਇਸ ਵੇਲੇ

ਸਤੀਪੁਣੇ ਦੀ ਹੀ ਗੱਲ ਕਹਿੰਦਾ। ਇਸੇ ਤਰ੍ਹਾਂ ਪੁਰਸ਼ ਇਸਤਰੀ ਨੂੰ ਇਸਤਰੀ ਦੇ ਹਿਤ ਲਈ ਪਿਆਰ ਨਹੀਂ ਕਰਦਾ। ਉਹ ਆਪਣੇ ਮਤਲਬ ਲਈ ਉਸ ਨੂੰ ਪਿਆਰ ਕਰਦਾ ਹੈ।'' ਜੇ ਯਾਗਵਲਕਯ ਇਹ ਨਹੀਂ ਕਹਿੰਦੇ ਤਾਂ ਵੀ ਘੱਟੋ-ਘੱਟ ਇਸ ਨੂੰ ਸਮਝਣ ਵਿਚ ਮੈਤ੍ਰੇਈ ਨੂੰ ਮੁਸ਼ਕਲ ਨਾ ਆਉਂਦੀ। ਉਦਾਹਰਣ ਉਥੇ ਹੀ ਉਪਲਬਧ ਸੀ। ਜੇ ਪਤੀ ਪਤਨੀ ਨੂੰ ਉਸਦੇ ਪਤਨੀ ਹੋਣ ਨਾਤੇ ਪਿਆਰ ਕਰਦਾ ਹੁੰਦਾ ਤਾਂ ਯਾਗਵਲਕਯ ਆਪ ਇਕ ਪਤਨੀ ਦੇ ਹੁੰਦਿਆਂ ਦੂਜਾ ਵਿਆਹ ਕਿਉਂ ਕਰਦੇ।

ਆਪਣੇ ਯੁਗ ਦੇ ਹੋਰ ਰਿਸ਼ੀਆਂ ਵਾਂਗ ਹੀ ਯਾਗਵਲਕਯ ਵੀ ਆਪਣੇ ਸ੍ਰੋਤਿਆਂ 'ਤੇ ਵਿਸ਼ਵਾਸ ਨਹੀਂ ਸਨ ਕਰਦੇ। ਜਾਂ ਅਨੁਭਵ ਅਤੇ ਚਿੰਤਨ ਦੇ ਇਸ ਸਿੱਟੇ 'ਤੇ ਪਹੁੰਚ ਚੁਕੇ ਸਨ ਕਿ ਮਨੁੱਖ ਦਾ ਮਨ ਕਿਸੇ ਗੱਲ ਨੂੰ ਸੁਣਦੇ, ਦੇਖਦੇ ਜਾਂ ਪੜ੍ਹਦੇ ਸਮੇਂ ਅਕਸਰ ਵਿਚਲਿਤ ਹੋ ਜਾਂਦਾ ਹੈ। ਇਸ ਲਈ ਆਪਣੀ ਗੱਲ ਸ੍ਰੋਤੇ ਦੇ ਮਨ ਵਿਚ ਪੂਰੀ ਤਰ੍ਹਾਂ ਉਤਾਰਨ ਲਈ ਉਹੀ ਗੱਲ ਕਈ ਤਰ੍ਹਾਂ ਦੀਆਂ ਉਦਾਹਰਣਾਂ ਦੇ ਕੇ ਦੁਹਰਾਉਂਦੇ ਹੋਏ ਕਹਿਣੀ ਚਾਹੀਦੀ ਹੈ। ਇਸ ਨਾਲ ਜੇ ਮੁੜ ਦੁਹਰਾਉਣ ਦਾ ਖਤਰਾ ਹੁੰਦਾ ਹੈ ਤਾਂ ਇਕ ਹੋਰ ਲਾਭ ਵੀ ਹੁੰਦਾ ਹੈ। ਸਾਰੀਆਂ ਸਥਿਤੀਆਂ ਅਤੇ ਸਾਰੇ ਖੇਤਰਾਂ ਵਿਚ ਉਸੇ ਸੱਚ ਦਾ ਸਾਖਿਆਤਕਾਰ ਕਰਨ 'ਤੇ ਵੀ ਸ੍ਰੋਤੇ ਨੂੰ ਇਸਦੀ ਅਕਾਟਤਾ ਅਤੇ ਸੰਸਾਰ-ਵਿਆਪਕਤਾ 'ਤੇ ਸ਼ੱਕ ਨਹੀਂ ਰਹਿ ਜਾਂਦਾ। ਇਸ ਲਈ ਇਸੇ ਗੱਲ ਨੂੰ ਉਨ੍ਹਾਂ ਨੇ ਹੋਰ ਕਈ ਉਦਾਹਰਣਾਂ ਨਾਲ ਜਿਸ ਤਰ੍ਹਾਂ ਸਮਝਾਇਆ ਅਤੇ ਜੋ ਕੁਝ ਮੈਤ੍ਰੇਈ ਦੀ ਸਮਝ ਵਿਚ ਆਇਆ, ਉਹ ਇਹ ਸੀ ਕਿ ਪੁੱਤਰ ਇਸ ਲਈ ਪਿਆਰਾ ਨਹੀਂ ਹੁੰਦਾ ਕਿ ਉਹ ਪੁੱਤਰ ਹੈ। ਜੇ ਇਹ ਗੱਲ ਹੁੰਦੀ ਤਾਂ ਕਿਸੇ ਮਾਤਾ-ਪਿਤਾ ਲਈ ਇਕ ਹੀ ਪੁੱਤਰ ਕਾਫ਼ੀ ਹੁੰਦਾ। ਉਹ ਉਸਦੀ ਭੀੜ ਨਾ ਲਗਾਈ ਜਾਂਦੇ। ਕਾਰਣ ਪੁੱਤਰਾਂ ਦੀ ਅਧਿਕਤਾ ਸੰਤਾਨ ਦੇ ਸਨੇਹ ਦਾ ਵੰਡੀਣਾ ਹੀ ਤਾਂ ਹੈ। ਇਸ ਲਈ ਲੋਕ ਆਪਣੇ ਨਿਜੀ ਸਵਾਰਥ ਲਈ ਪੁੱਤਰ ਨਾਲ ਪਿਆਰ ਕਰਦੇ ਹਨ। ਉਹ ਆਪਣੇ ਬੁਢਾਪੇ ਦੇ ਸਹਾਰੇ ਲਈ, ਮਰਨ ਉਪਰੰਤ ਆਪਣੇ ਕਲਿਆਣ ਲਈ ਤਰਪਣ ਆਦਿ ਵਾਸਤੇ ਸੰਤਾਨ ਪੈਦਾ ਕਰਦੇ ਹਨ। ਉਹ ਇਹ ਸੋਚ ਕੇ ਇਕ ਤੋਂ ਅਧਿਕ ਪੁੱਤਰ ਪੈਦਾ ਕਰਦੇ ਹਨ ਕਿ ਪੁੱਤਰ ਦੇ ਪੈਦਾ ਹੋਣ ਤਕ ਆਪਣੀ ਲਾਚਾਰੀ ਵਿਚ ਲੜਕੀਆਂ ਦੇ ਬਾਪ ਬਣਦੇ ਜਾਂਦੇ ਹਨ ਕਿ ਜੇ ਕਿਸੇ ਕਾਰਣ ਕੋਈ ਪੁੱਤਰ ਮਰ ਵੀ ਜਾਵੇ ਤਾਂ ਦੂਜਾ ਜਾਂ ਤੀਜਾ ਜਾਂ ਚੌਥਾ ਕੋਈ ਤਾਂ ਹੋਵੇ ਜੋ ਉਨ੍ਹਾਂ ਦੇ ਆਪਣੇ ਕੰਮ ਆਵੇ। ਜ਼ਿਆਦਾਤਰ ਬਾਪ ਆਪਣੇ ਪੁੱਤਰਾਂ ਨੂੰ ਨੌਕਰਾਂ ਜਾਂ ਪਸ਼ੂਆਂ ਦੀ ਤਰ੍ਹਾਂ ਆਪਣੇ ਹਿਤ ਅਤੇ ਲਾਭ ਲਈ ਵਰਤਦੇ ਹਨ।

ਧਨ ਨੂੰ ਕੋਈ ਇਸ ਲਈ ਪਿਆਰ ਨਹੀਂ ਕਰਦਾ ਕਿ ਉਹ ਧਨ ਹੈ। ਜੇ ਅਜਿਹਾ ਹੁੰਦਾ ਤਾਂ ਧਨ ਜਾਂ ਪਦਾਰਥ ਆਪਣਾ ਹੋਵੇ ਜਾਂ ਪਰਾਇਆ, ਉਹ ਇਸ ਵਿਚ ਸੰਗੀਤ ਜਾਂ ਕਲਾ ਜਾਂ ਸਾਹਿਤ ਜਾਂ ਸੁੰਦਰਤਾ ਵਾਂਗ ਇਸਦਾ ਆਨੰਦ ਲੈਂਦੇ ਅਤੇ ਆਪਣੇ-ਪਰਾਏ ਦਾ ਭੇਦ ਨਾ ਕਰਦੇ। ਧਨ ਤੇਰੇ ਕੋਲ ਹੋਵੇ ਜਾਂ ਕਾਤਯਾਯਨੀ ਕੋਲ ਜਾਂ ਕਿਸੇ ਹੋਰ ਕੋਲ ਤੈਨੂੰ ਕੋਈ ਫ਼ਰਕ ਨਾ ਪੈਂਦਾ। ਉਹ ਆਪਣੇ ਲਈ ਧਨ ਨੂੰ ਪਿਆਰ ਕਰਦੇ ਹਨ ਅਤੇ ਇਸ ਲਈ ਕਿਸੇ ਧਨ ਦੇ ਆਪਣਾ ਹੋ ਜਾਣ 'ਤੇ ਹੀ ਉਸ ਨਾਲ ਪ੍ਰੇਮ ਕਰਦੇ ਹਨ। ਦੂਜਿਆਂ ਦੇ ਧਨ ਨੂੰ ਦੇਖ ਕੇ ਉਹ ਪ੍ਰੇਮ ਕਰਨ ਦੀ ਥਾਂ ਉਸ ਨਾਲ ਈਰਖਾ ਕਰਨ ਲਗਦੇ ਹਨ। ਇਸ ਲਈ ਤਾਂ ਮੈਂ ਆਪਣਾ ਧਨ ਤੇਰੇ ਅਤੇ ਕਾਤਯਾਯਨੀ ਵਿਚ ਵੰਡ ਦੇਣਾ ਚਾਹੁੰਦਾ ਹਾਂ।

ਬ੍ਰਾਹਮਣ ਦੇ ਭਲੇ ਲਈ ਕੋਈ ਬ੍ਰਾਹਮਣ ਨੂੰ ਪ੍ਰੇਮ ਅਤੇ ਸਨਮਾਨ ਨਹੀਂ ਦਿੰਦਾ। ਆਪਣੇ ਫਾਇਦੇ ਲਈ ਹੀ ਉਹ ਬ੍ਰਾਹਮਣ ਪ੍ਰਤੀ ਪ੍ਰੇਮ ਅਤੇ ਆਦਰ ਪ੍ਰਗਟ ਕਰਦਾ ਹੈ। ਜੇ ਆਪਣੇ ਲਈ ਬ੍ਰਾਹਮਣ ਦਾ ਕੋਈ ਫ਼ਾਇਦਾ ਨਜ਼ਰ ਨਾ ਆਵੇ – ਜੇ ਬ੍ਰਾਹਮਣ ਤੋਂ ਸਿਖਿਆ, ਉਪਦੇਸ਼, ਧਰਮ, ਗਿਆਨ, ਆਦਿ ਦਾ ਲਾਭ ਨਾ ਹੋਵੇ – ਤਾਂ ਕੋਈ ਬ੍ਰਾਹਮਣ ਦਾ ਨਾ ਤਾਂ ਆਦਰ ਕਰੇ, ਨਾ ਉਸ ਨਾਲ ਪ੍ਰੇਮ ਕਰੇ, ਨਾ ਉਸਨੂੰ ਦਾਨ ਦੇਵੇ। ਜੇ ਬ੍ਰਾਹਮਣ ਵਿਚ ਯੋਗਤਾ ਦਾ ਬਿਲਕੁਲ ਅਭਾਵ ਹੋਵੇ, ਉਹ ਉਨ੍ਹਾਂ ਦੇ ਕਿਸੇ ਕੰਮ ਨਾ ਆ ਸਕੇ ਤਾਂ ਕੋਈ ਉਸਦਾ ਆਦਰ ਨਹੀਂ ਕਰੇਗਾ।

ਛੜ੍ਰੀ ਨਾਲ ਲੋਕੀਂ ਇਸ ਲਈ ਪ੍ਰੇਮ ਨਹੀਂ ਕਰਦੇ, ਉਸਨੂੰ ਇਸ ਲਈ ਸਨਮਾਨ ਨਹੀਂ ਦਿੰਦੇ ਕਿ ਉਹ ਛੜ੍ਰੀ ਹੈ, ਇਸ ਲਈ ਕਿਸੇ ਦਾ ਛੜ੍ਰੀ ਕੁਲ ਵਿਚ ਪੈਦਾ ਹੋਣਾ ਹੀ ਕਾਫੀ ਨਹੀਂ ਹੈ। ਲੋਕ ਛੜ੍ਰੀ ਦਾ ਸਨਮਾਨ ਆਪਣੇ ਸਵਾਰਥ ਲਈ ਕਰਦੇ ਹਨ, ਕਿਉਂਕਿ ਉਹ ਆਪਣੇ ਪ੍ਰਾਣਾਂ ਤੇ ਖੇਡ ਕੇ ਵੀ ਦੂਜਿਆਂ ਦੀ ਰਖਿਆ ਕਰਨ ਲਈ ਤਤਪਰ ਰਹਿੰਦਾ ਹੈ। ਜੇ ਇਸ ਗੁਣ ਦਾ ਅਭਾਵ ਹੋਵੇ, ਉਹ ਉਨ੍ਹਾਂ ਦੇ ਕਿਸੇ ਕੰਮ ਦਾ ਪ੍ਰਤੀਤ ਨਾ ਹੋਵੇ ਤਾਂ ਕੋਈ ਛੜ੍ਰੀ ਦਾ ਸਨਮਾਨ ਨਹੀਂ ਕਰੇਗਾ। ਇਸ ਲਈ ਜਨਮਜਾਤ ਸ੍ਰੇਸ਼ਠਤਾ ਦਾ ਕੋਈ ਅਰਥ ਨਹੀਂ ਹੈ। ਸਮਾਜ ਦੇ ਲਈ ਵਿਅਕਤੀ ਦੀ ਉਪਯੋਗਤਾ ਹੀ ਉਸਨੂੰ ਸਮਾਜ ਵਿਚ ਉਚਿਤ ਸਨਮਾਨ ਅਤੇ ਸਨੇਹ ਦਿਵਾਉਂਦੀ ਹੈ।

ਲੋਕੀਂ ਲੋਕੀਂ ਹੋਣ ਕਾਰਣ ਕਿਸੇ ਨੂੰ ਪਿਆਰੇ ਨਹੀਂ ਹੁੰਦੇ। ਉਨ੍ਹਾਂ ਦੇ ਲਾਭ ਲਈ ਕੋਈ ਲੋਕਾਂ ਨਾਲ ਪਿਆਰ ਨਹੀਂ ਕਰਦਾ ਆਪਣੇ ਮਨੋਰਥ ਲਈ ਹੀ ਲੋਕੀਂ ਲੋਕਾਂ ਨਾਲ ਪਿਆਰ ਕਰਦੇ ਹਨ ਕਿਉਂਕਿ ਲੋਕਾਂ ਦੇ ਵਿਚ ਰਹਿੰਦੇ ਹੋਏ ਹੀ ਅਸੀਂ ਮਨੁੱਖ ਦੇ ਰੂਪ ਵਿਚ ਜੋ ਕੁਝ ਸਿਖਦੇ ਜਾਣਦੇ ਹਾਂ ਉਹੀ ਸਿਖਦੇ ਅਤੇ ਜਾਣਦੇ ਹਾਂ। ਉਨ੍ਹਾਂ ਵਿਚ ਰਹਿੰਦੇ ਹੋਏ ਹੀ ਅਸੀਂ ਸੁਰੱਖਿਅਤ ਮਹਿਸੂਸ ਕਰਦੇ ਹਾਂ ਅਤੇ ਇਕ ਦੂਜੇ ਦੇ ਦੁੱਖ-ਸੁੱਖ ਵਿਚ ਕੰਮ ਆਉਂਦੇ ਹਾਂ।

ਦੇਵਤਿਆਂ ਦੇ ਲਾਭ ਲਈ ਕੋਈ ਦੇਵਤਿਆਂ ਨੂੰ ਪ੍ਰੇਮ ਨਹੀਂ ਕਰਦਾ। ਉਨ੍ਹਾਂ ਪ੍ਰਤੀ ਉਨ੍ਹਾਂ ਦੇ ਪ੍ਰੇਮ ਅਤੇ ਭਗਤੀ ਦਾ ਕਾਰਣ ਇਹ ਹੈ ਕਿ ਉਹ ਸਾਨੂੰ ਪ੍ਰਕਾਸ਼, ਮੀਂਹ, ਪ੍ਰਾਣਵਾਯੂ, ਗਰਮੀ, ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ। ਸਾਡੀਆਂ ਕਾਮਨਾਵਾਂ ਦੀ ਪੂਰਤੀ ਕਰਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਜਿਨ੍ਹਾਂ ਦੇਵਤਿਆਂ ਦੀ ਕ੍ਰਿਪਾ ਜਾਂ ਸੰਕਟ-ਮੋਚਨ ਸ਼ਕਤੀ 'ਤੇ ਸਾਡਾ ਭਰੋਸਾ ਨਹੀਂ ਹੈ, ਜਿਨ੍ਹਾਂ ਤੇ ਦੂਜੇ ਸੰਪ੍ਰਦਾਵਾਂ ਵਾਲਿਆਂ ਦੀ ਸ਼ਰਧਾ ਹੈ, ਉਨ੍ਹਾਂ ਵਿਚ ਵੀ ਲੋਕ ਭਗਤੀ ਭਾਵ ਰਖਦੇ।

ਇਸੇ ਤਰ੍ਹਾਂ ਲੋਕ ਭਿੰਨ ਭਿੰਨ ਪ੍ਰਾਣੀਆਂ ਨੂੰ ਉਨ੍ਹਾਂ ਲਈ ਪ੍ਰੇਮ ਨਹੀਂ ਕਰਦੇ ਸਗੋਂ ਆਪਣੇ ਲਈ ਪ੍ਰੇਮ ਕਰਦੇ ਹਨ। ਇਹੀ ਕਾਰਣ ਹੈ ਕਿ ਕੁੱਤਾ, ਗਊ, ਬਕਰੀ ਆਦਿ ਜੋ ਜਾਨਵਰ ਉਨ੍ਹਾਂ ਲਈ ਸੁਰਖਿਆ, ਦੁੱਧ ਅਤੇ ਮਾਸ ਆਦਿ ਦਾ ਸਾਧਨ ਹਨ ਉਨ੍ਹਾਂ ਨੂੰ ਤਾਂ ਉਹ ਪਾਲਦੇ ਹਨ ਅਤੇ ਸ਼ੇਰ, ਬਘਿਆੜ, ਸੱਪ, ਬਿੱਛੂ ਆਦਿ ਜਿਨ੍ਹਾਂ ਤੋਂ ਹਾਨੀ ਹੋ ਸਕਦੀ ਹੈ, ਉਨ੍ਹਾਂ ਤੋਂ ਡਰਦੇ ਹਨ ਅਤੇ ਗੰਦਗੀ ਅਤੇ ਬੀਮਾਰੀ ਪੈਦਾ ਕਰਨ ਵਾਲੇ ਜੋ ਕੁਝ ਕੀੜੇ-ਪਤੰਗੇ ਹਨ, ਉਨ੍ਹਾਂ ਨੂੰ ਘ੍ਰਿਣਾ ਕਰਦੇ ਹਨ।

ਇਹ ਆਪਣਾ ਹੋਣਾ, ਇਹ ਆਪਣਾ ਆਪਾ ਜਾਂ ਆਤਮ-ਤੱਤ ਹੀ ਪ੍ਰਿਯ (ਪਿਆਰਾ)

ਅਤੇ ਅਪ੍ਰਿਯ ਦਾ ਨਿਰਣਾ ਕਰਦਾ ਹੈ। ਇਸ ਲਈ ਇਹ ਆਤਮਾ ਹੀ ਸੁਣਨਯੋਗ ਹੈ, ਅਤੇ ਇਹੀ ਧਿਆਨ ਦੇਣ ਯੋਗ ਹੈ। ਇਸੇ ਨੂੰ ਦੇਖਣ, ਸੁਣਨ, ਜਾਣਨ ਨਾਲ, ਇਸੇ ਦਾ ਮਨਨ ਕਰਨ ਨਾਲ ਬਾਕੀ ਸਾਰਿਆਂ ਦਾ ਗਿਆਨ ਹੋ ਜਾਂਦਾ ਹੈ।

ਮੈਤ੍ਰੇਈ ਦੀ ਸਮਝ ਵਿਚ ਸ਼ਾਇਦ ਇਹ ਨਹੀਂ ਆ ਰਿਹਾ ਸੀ ਕਿ ਜੇ ਸਾਰੀਆਂ ਗੱਲਾਂ ਆਤਮਾ ਨੂੰ ਸੁਣਨ, ਦੇਖਣ, ਜਾਣਨ ਅਤੇ ਮੰਨਣ ਨਾਲ ਆਤਮਾ ਨੂੰ ਕਿਉਂ ਨਹੀਂ ਜਾਣਿਆ ਜਾ ਸਕਦਾ। ਸੰਭਵ ਹੈ ਉਸਦੇ ਮਨ ਵਿਚ ਇਹ ਸ਼ੰਕਾ ਕਿਸੇ ਹੋਰ ਰੂਪ ਵਿਚ ਉਠ ਰਹੀ ਹੋਵੇ ਪਰ ਯਾਗਵਲਕਯ ਨੂੰ ਲਗਿਆ ਕਿ ਅਜੇ ਮੈਤ੍ਰੇਈ ਦੇ ਮਨ ਵਿਚ ਕੁਝ ਉਲਝਣ ਬਣੀ ਰਹਿ ਗਈ ਹੈ। ਉਨ੍ਹਾਂ ਨੇ ਆਪਣੇ ਕਥਨ ਦਾ ਸੰਖੇਪ ਕਰਦਿਆਂ ਇਸ ਗੱਲ ਨੂੰ ਭਿੰਨ ਢੰਗ ਨਾਲ ਦਰਸਾਇਆ। ਕਿਹਾ, ''ਬਾਹਰ ਅਤੇ ਅੰਦਰ ਦੀ ਇਸ ਭਿੰਨਤਾ ਕਾਰਣ ਆਪਣੇ ਅਤੇ ਪਰਾਏ ਦੇ ਬੋਧ ਕਾਰਣ, ਕੁਝ ਲੋਕਾਂ ਨੂੰ ਆਪਣਾ ਅਤੇ ਬਾਕੀਆਂ ਨੂੰ ਪਰਾਇਆ ਮੰਨਣ ਕਾਰਣ ਹੀ ਦੁਨੀਆ ਦੇ ਜ਼ਿਆਦਾ ਫ਼ਸਾਦ ਪੈਦਾ ਹੁੰਦੇ ਹਨ। ਜਿਨ੍ਹਾਂ ਨੂੰ ਅਸੀਂ ਆਪਣਾ ਨਹੀਂ ਸਮਝਦੇ, ਉਹ ਸਾਨੂੰ ਆਪਣਾ ਕਿਵੇਂ ਸਮਝਣਗੇ। ਜੇ ਇਹ ਭਿੰਨਤਾ ਵਧੇਗੀ ਤਾਂ ਦੂਰੀ ਅਤੇ ਨਾਰਾਜ਼ਗੀ ਅਤੇ ਸ਼ੰਕਾਵਾਂ ਵੀ ਵਧਣਗੀਆਂ ਅਤੇ ਇਹ ਤੀਬਰ ਵਿਰੋਧ ਦਾ ਰੂਪ ਲੈ ਲੈਣਗੀਆਂ ਅਤੇ ਸਾਡੇ ਵਿਨਾਸ਼ ਦਾ ਕਾਰਣ ਬਣਨਗੀਆਂ ਹੀ। ਇਹੀ ਕਾਰਣ ਹੈ ਕਿ ਜੋ ਬ੍ਰਾਹਮਣ ਨੂੰ ਪਰਾਇਆ ਸਮਝਦਾ ਹੈ ਉਸ ਨੂੰ ਬ੍ਰਾਹਮਣ ਹਰਾ ਦਿੰਦਾ ਹੈ। ਜੋ ਛਤ੍ਰੀ ਨੂੰ ਪਰਾਇਆ ਮੰਨਦਾ ਹੈ ਉਸਨੂੰ ਛਤ੍ਰੀ ਹਰਾ ਦਿੰਦਾ ਹੈ। ਜੋ ਲੋਕ ਨੂੰ ਆਪਣੇ ਤੋਂ ਭਿੰਨ ਮੰਨਦਾ ਹੈ, ਲੋਕ ਉਸਦਾ ਵਿਰੋਧੀ ਹੋ ਜਾਂਦਾ ਹੈ ਅਤੇ ਉਸਨੂੰ ਹਾਨੀ ਪਹੁੰਚਾਉਣ ਲਈ ਲੱਕ ਬੰਨ੍ਹ ਲੈਂਦਾ ਹੈ। ਜੋ ਦੇਵਤਿਆਂ ਨੂੰ ਪਰਾਇਆ ਮੰਨਦਾ ਹੈ ਦੇਵਤੇ ਉਸਨੂੰ ਮਿਟਾਉਣ 'ਤੇ ਤੁਲ ਜਾਂਦੇ ਹਨ। ਭਿੰਨ ਭਿੰਨ ਮੱਤਾਂ ਅਤੇ ਸੰਪ੍ਰਦਾਵਾਂ ਦੇ ਟਕਰਾਉ ਦਾ ਇਹੀ ਕਾਰਣ ਤਾਂ ਹੈ। ਜੋ ਭੂਤਾਂ ਨੂੰ ਆਪਣੇ ਤੋਂ ਭਿੰਨ ਮੰਨਦਾ ਹੈ, ਭੂਤ-ਗਣ ਉਸ ਨੂੰ ਹਰਾ ਦਿੰਦੇ ਹਨ। ਜੋ ਸਾਰਿਆਂ ਨੂੰ ਆਪਣਾ ਦੁਸ਼ਮਣ ਮੰਨਦਾ ਹੈ, ਸਾਰੇ ਉਸਦੇ ਦੁਸ਼ਮਣ ਹੋ ਜਾਂਦੇ ਹਨ। ਇਹ ਨਾਨਾ ਪ੍ਰਕਾਰ ਦੇ ਜਨ, ਵਰਣ-ਵਿਭਾਗ, ਸੰਪ੍ਰਦਾਇ, ਪ੍ਰਾਣੀ, ਦੇਵਤੇ, ਭੂਤ-ਗਣ ਆਤਮਾ ਤੋਂ ਭਿੰਨ ਕਿਥੇ ਹਨ। ਇਨ੍ਹਾਂ ਦਾ ਆਤਮਾ ਨਾਲ ਕੋਈ ਵਿਰੋਧ ਹੈ ਹੀ ਨਹੀਂ। ਇਸੇ ਆਤਮਾ ਨੂੰ ਸਭ ਕੁਝ ਮੰਨੋ। ਇਸ ਤੋਂ ਸਾਰਿਆਂ ਨੂੰ ਅਭਿੰਨ ਮੰਨੋ – **ਆਤਮਨ: ਸਰਵੰ ਵੇਦ, ਇਦੰ ਬ੍ਰਹਮ, ਇਦੰ ਕਸ਼ਤ੍ਰੰ, ਇਮੇ ਲੋਕਾ, ਇਮੇ ਦੇਵਾ, ਇਮਾਨਿ ਭੂਤਾਨਿ, ਇਦੰ ਸਰਵੰ, ਯਤ ਅਯੰ ਆਤਮਾ।**

''ਕੀ ਆਤਮਾ ਨੂੰ ਸਮਝਣਾ, ਇਸ ਨੂੰ ਦੇਖਣਾ, ਪਕੜਨਾ ਅਤੇ ਕਾਬੂ ਕਰਨਾ ਏਨਾ ਆਸਾਨ ਹੈ?'' ਮੈਤ੍ਰੇਈ ਨੇ ਪ੍ਰਸ਼ਨ ਕੀਤਾ ਤਾਂ ਯਾਗਵਲਕਯ ਕੁਝ ਉਲਝਣ ਵਿਚ ਪੈ ਗਏ। ਜਿਸ ਪ੍ਰਸ਼ਨ ਕਾਰਣ ਉਹ ਜਨਕ ਵਰਗੇ ਤੱਤ-ਗਿਆਨੀ ਨਾਲ ਨਿਰੰਤਰ ਬਹਿਸ ਕਰਦੇ ਰਹੇ ਅਤੇ ਵਾਰ-ਵਾਰ ਘੋਖ ਕਰਨ ਉਪਰੰਤ ਵੀ ਅਨੇਕ ਤਰ੍ਹਾਂ ਨਾਲ ਧਿਆਨ ਅਤੇ ਚਿੰਤਨ ਤੋਂ ਬਾਅਦ ਵੀ ਕੁਝ ਸ਼ੰਕਾਵਾਂ ਮੁੜਮੁੜ ਸਾਹਮਣੇ ਆਉਂਦੀਆਂ ਰਹਿੰਦੀਆਂ, ਜਿਨ੍ਹਾਂ ਨੂੰ ਅਜਿਹਾ ਵੀ ਨਹੀਂ, ਉਂਜ ਵੀ ਨਹੀਂ, ਇਹ ਵੀ ਨਹੀਂ, ਉਹ ਵੀ ਨਹੀਂ, ਕਹਿਕੇ ਸੰਤੋਖ ਕਰ ਲੈਣਾ ਪੈਂਦਾ ਸੀ। ਉਸ ਕਠਿਨ ਵਿਸ਼ੇ ਬਾਰੇ ਮੈਤ੍ਰੇਈ ਨੂੰ ਕਿਵੇਂ ਸਮਝਾਉਂਦੇ। ਉਹ ਤਾਂ ਓਨਾ ਪੜ੍ਹੀ ਲਿਖੀ ਵੀ ਨਹੀਂ ਹੈ ਅਤੇ ਗੰਭੀਰ ਵਿਸ਼ਿਆਂ 'ਤੇ ਚਿੰਤਨ ਦੀ ਆਦਤ ਵੀ ਨਹੀਂ। ਘਰ

ਗ੍ਰਿਹਸਥੀ ਵਿਚ ਏਨੀ ਉਮਰ ਗੁਆ ਦਿੱਤੀ। ਸੋਚਿਆ ਵੀ ਹੋਵੇਗਾ ਤਾਂ ਕੇਵਲ ਇਸ ਸੁੰਗੜੇ ਹੋਏ ਘੇਰੇ ਵਿਚ ਹੀ ਕਿ ਯਾਗਵਲਕਯ ਉਸ ਨੂੰ ਜ਼ਿਆਦਾ ਪ੍ਰੇਮ ਕਰਦੇ ਹਨ ਜਾਂ ਕਾਤਯਾਯਨੀ ਨੂੰ।

ਉਹ ਇਸ ਸੋਚ ਵਿਚ ਡੁਬੇ ਹੋਏ ਹਨ ਕਿ ਉਨ੍ਹਾਂ ਨੂੰ ਇਕ ਉਪਮਾ ਸੁਝੀ ਅਤੇ ਇਸੇ ਨਾਲ ਇਕ ਤੱਤ ਦਾ ਬੋਧ ਹੋਇਆ। ਅਮੂਰਤ ਨੂੰ ਪਕੜਨ ਚਲੇ ਤਾਂ ਪਕੜਨਾ ਸੰਭਵ ਨਹੀ ਹੋਵੇਗਾ, ਪਰ ਜੇ ਮੂਰਤ ਨੂੰ ਪਕੜਿਆ ਜਾਵੇ ਤਾਂ ਉਸਦੇ ਮਾਧਿਅਮ ਨਾਲ ਅਮੂਰਤ ਅਤੇ ਮੂਰਤ ਦੋਵੇਂ ਕਾਬੂ ਹੋ ਜਾਣਗੇ। ਜੇ ਭੌਤਿਕ ਜਗਤ ਨੂੰ ਸਮਝ ਲਿਆ ਜਾਵੇ ਤਾਂ ਆਤਮ-ਤੱਤ ਜ਼ਿਆਦਾ ਆਸਾਨੀ ਨਾਲ ਸਮਝ ਵਿਚ ਆ ਜਾਵੇਗਾ।

ਉਨ੍ਹਾਂ ਨੂੰ ਲਗਿਆ, ਇਹੀ ਤਾਂ ਜੀਵਨ ਭਰ ਉਹ ਲੋਕਾਂ ਨੂੰ ਸਮਝਾਉਂਦੇ ਰਹੇ ਹਨ ਕਿ ਆਤਮਾ ਨੂੰ ਪਕੜਨ ਦਾ ਰਸਤਾ ਆਪਣੀਆਂ ਇੰਦ੍ਰੀਆਂ ਨੂੰ ਕਾਬੂ ਵਿਚ ਕਰਨ ਦੇ ਯਤਨ ਤੋਂ ਆਰੰਭ ਹੋਣਾ ਚਾਹੀਦਾ ਹੈ। ਇਨ੍ਹਾਂ ਦੀ ਬਾਹਰ ਦੀ ਦੌੜ ਰੁਕ ਗਈ, ਇਨ੍ਹਾਂ ਪਿਛੇ ਪਰੇਸ਼ਾਨ ਹੋਣਾ ਬੰਦ ਕਰ ਦਿੱਤਾ, ਵਿਸ਼ਿਆ ਵਿਚ ਮੋਹ ਖ਼ਤਮ ਹੋ ਗਿਆ ਤਾਂ ਆਪਣੇ ਆਪ ਉਤੇ ਕਾਬੂ ਹੋ ਗਿਆ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦ੍ਵੈਸ਼ ਤੋਂ ਮੁਕਤੀ ਮਿਲੀ ਤਾਂ ਆਤਮਾ ਦੀ ਹੋਂਦ ਦਾ ਬੋਧ ਵੀ ਹੋਵੇਗਾ, ਆਤਮਾ ਦੀ ਆਵਾਜ਼ ਵੀ ਸੁਣਾਈ ਪਵੇਗੀ, ਆਤਮ-ਸਾਖਿਆਤਕਾਰ ਵੀ ਹੋਵੇਗਾ। ਅਤੇ ਆਪਣੇ ਆਪ 'ਤੇ ਜਿੱਤ ਵੀ ਸੰਭਵ ਹੋ ਸਕੇਗੀ। ਇਥੇ ਪਹੁੰਚ ਕੇ ਤਾਂ ਤੇਰੀ-ਮੇਰੀ ਦਾ ਝੰਝਟ ਉਂਜ ਹੀ ਖ਼ਤਮ ਹੋ ਜਾਏਗਾ।

ਜੋ ਉਪਮਾ ਯਾਗਵਲਕਯ ਦੇ ਮਨ ਵਿਚ ਉਭਰੀ ਸੀ, ਉਹ ਨਗਾਰੇ ਦੀ ਸੀ। ਕੀ ਕਿਸੇ ਲਈ ਇਹ ਸੰਭਵ ਹੈ ਕਿ ਉਹ ਨਗਾਰੇ ਦੀ ਆਵਾਜ਼ ਨੂੰ ਪਕੜ ਲਵੇ? ਅਜਿਹਾ ਸੰਭਵ ਨਹੀਂ ਹੈ। ਆਵਾਜ਼ ਪੈਦਾ ਹੋ ਗਈ ਤਾਂ ਆਪਣੇ ਪ੍ਰਸਾਰ ਖੇਤਰ ਤਕ ਜਾਏਗੀ ਹੀ। ਪਰ ਜੇ ਅਸੀਂ ਨਗਾਰੇ ਨੂੰ ਪਕੜ ਲਈਏ, ਉਹ ਸਾਡੇ ਹੱਥ ਵਿਚ ਆ ਜਾਵੇ, ਤਾਂ ਇਕੋ ਵੇਲੇ ਨਗਾਰਾ ਅਤੇ ਉਸਦੀ ਆਵਾਜ਼ ਦੋਵੇਂ ਸਾਡੇ ਵਸ ਵਿਚ ਹਨ। ਅਸੀਂ ਚਾਹੀਏ ਤਾਂ ਵਜਾਈਏ, ਨਾ ਚਾਹੀਏ ਤਾਂ ਨਾ ਵਜਾਈਏ। ਠੀਕ ਇਹੀ ਗੱਲ ਸੰਖ ਦੇ ਨਾਲ ਹੈ, ਵੀਣਾ ਦੇ ਨਾਲ ਹੈ। ਇਨ੍ਹਾਂ ਦੀਆਂ ਆਪਣੀਆਂ ਧੁਨੀਆਂ ਵਿਚ ਭਿੰਨਤਾ ਹੈ ਪਰ ਇਨ੍ਹਾਂ ਦੀਆਂ ਧੁਨੀਆਂ ਨੂੰ ਅਤੇ ਇਸ ਭਿੰਨਤਾ ਨੂੰ ਧੁਨੀ ਦੇ ਸਿਰੇ ਤੋਂ ਨਹੀਂ ਵਸਤੂ ਦੇ ਸਿਰੇ ਤੋਂ, ਨਗਾਰੇ, ਸੰਖ ਅਤੇ ਵੀਣਾ ਦੇ ਸਿਰੇ ਤੋਂ ਹੀ ਪਕੜਿਆ ਜਾ ਸਕਦਾ ਹੈ। ਸੂਖਮ ਦਾ ਗਿਆਨ ਸਥੂਲ ਦੇ ਮਾਧਿਅਮ ਤੋਂ ਹੀ ਸੰਭਵ ਹੈ। ਜਦੋਂ ਉਨ੍ਹਾਂ ਨੇ ਇਹ ਗੱਲ ਦੱਸੀ ਤਾਂ ਮੈਤ੍ਰੇਈ ਦੇ ਮੁਖ ਤੇ ਜੋ ਚਮਕ ਆਈ ਉਸ ਤੋਂ ਉਨ੍ਹਾਂ ਨੂੰ ਇਹ ਨਿਸਚਾ ਹੋ ਗਿਆ ਕਿ ਉਨ੍ਹਾਂ ਦੀ ਤੁਲਨਾ ਵਿਅਰਥ ਨਹੀਂ ਗਈ। ਉਦਾਹਰਣ ਨਾਲ ਵਿਚਾਰ ਕਿੰਨੇ ਸਪਸ਼ਟ ਹੋ ਜਾਂਦੇ ਹਨ।

ਹੁਣ ਉਨ੍ਹਾਂ ਨੇ ਇਕ ਨਵੀਂ ਉਦਾਹਰਣ ਨਾਲ ਇਕ ਅਜਿਹੀ ਗੱਲ ਸਮਝਾਉਣੀ ਚਾਹੀ ਜਿਸ ਬਾਰੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਨਹੀਂ ਸੀ ਕਿ ਮੈਤ੍ਰੇਈ ਦੇ ਮਨ ਵਿਚ ਸਪਸ਼ਟ ਵੀ ਹੋ ਸਕੇਗੀ ਕਿ ਨਹੀਂ। ਇਹ ਸੀ ਵੇਦ ਅਤੇ ਸ਼ਾਸਤ੍ਰ ਦੀ ਭਰਮ-ਜਨਕਤਾ ਨੂੰ ਸਪਸ਼ਟ ਕਰਨਾ। ਪੁਰਾਤਨ-ਪੰਥੀ ਵਾਰ ਵਾਰ ਵੇਦ ਦੀ ਦੁਹਾਈ ਦੇ ਕੇ ਊਲ ਜਲੂਲ ਵਿਚਾਰਾਂ ਅਤੇ ਮਾਨਤਾਵਾਂ ਨੂੰ ਲਦਦੇ ਰਹਿੰਦੇ ਹਨ ਅਤੇ ਸਾਡੀ ਸਮਝ ਨੂੰ ਖੁੰਡਾ ਕਰਦੇ ਰਹਿੰਦੇ ਹਨ। ਗਿਆਨ ਤੋਂ ਪ੍ਰਕਾਸ਼ ਫੁਟਣਾ ਚਾਹੀਦਾ ਹੈ ਅਤੇ ਇਹ ਧੂਆਂ ਪੈਦਾ ਕਰਦੇ ਹਨ।

ਯਾਗਵਲਕਯ ਨੇ ਆਪਣੇ ਮਤ ਨੂੰ ਰਖਣ ਤੋਂ ਪਹਿਲਾਂ ਇਕ ਸਵਾਲ ਕੀਤਾ, "ਵੇਦ-ਸ਼ਾਸਤ੍ਰ ਵਿਚ ਤਾਂ ਤੇਰਾ ਯਕੀਨ ਹੈ ਨਾ, ਮੈਤ੍ਰੇਈ?"

ਮੈਤ੍ਰੇਈ ਨੇ ਹਾਂ ਵਿਚ ਸਿਰ ਹਿਲਾਇਆ। ਯਾਗਵਲਕਯ ਗੰਭੀਰ ਹੋ ਗਏ। ਸਾਰੀ ਦੁਨੀਆ ਵਿਚ ਉਹ ਗਿਆਨ ਫੈਲਾਉਂਦੇ ਰਹੇ ਅਤੇ ਆਪਣੇ ਹੀ ਘਰ ਹਨੇਰਾ ਛਾਇਆ ਹੋਇਆ ਹੈ। ਇਕ ਵਾਰੀ ਵੀ ਤਾਂ ਨਹੀਂ ਦਸਿਆ ਕਿ ਇਨ੍ਹਾਂ ਦੇ ਪਿਛੇ ਇਨ੍ਹਾਂ ਦੇ ਰਚੈਤਿਆਂ ਦੇ ਸਵਾਰਥ ਵੀ ਛਿਪੇ ਹੋਏ ਹਨ। ਉਨ੍ਹਾਂ ਨੇ ਆਪਣੇ ਸਵਾਰਥ ਲਈ, ਆਪਣੇ ਆਪ ਨੂੰ ਉੱਚਾ ਸਿੱਧ ਕਰਨ ਲਈ ਗਿਆਨ ਦਾ ਉਪਯੋਗ ਕਰਨਾ ਚਾਹਿਆ ਅਤੇ ਇਸ ਮੋਹ ਕਾਰਣ ਗਿਆਨ ਦੀ ਉਸ ਲਕੜੀ ਨੂੰ ਜਿਸ ਨਾਲ ਪ੍ਰਕਾਸ਼ ਪੈਦਾ ਹੋ ਸਕਦਾ ਹੈ ਗਿਲਾ ਕਰਕੇ ਅਜਿਹਾ ਬਣਾ ਦਿੱਤਾ ਹੈ ਕਿ ਇਸ ਨਾਲ ਗਰਮੀ ਅਤੇ ਪ੍ਰਕਾਸ਼ ਦੀ ਥਾਂ ਧੂੰਆਂ ਪੈਦਾ ਹੁੰਦਾ ਹੈ ਜੋ ਉਲਟਾ ਅੱਖਾਂ ਵਿਚ ਕੁੜੱਤਣ ਅਤੇ ਧੁੰਧਲਾਪਨ ਪੈਦਾ ਕਰਦਾ ਹੈ। ਅੱਜ ਤਾਂ ਉਨ੍ਹਾਂ ਨੂੰ ਇਹ ਦਸਣਾ ਹੀ ਹੋਵੇਗਾ ਅਤੇ ਉਪਮਾ ਵੀ ਇਸ ਤੋਂ ਚੰਗੀ ਕੀ ਹੋ ਸਕਦੀ ਹੈ। ਹੁਣ ਉਨ੍ਹਾਂ ਨੇ ਕੁਝ ਆਵੇਸ਼ ਵਿਚ ਆਕੇ ਸੰਸਕ੍ਰਿਤ ਬੋਲਣੀ ਸ਼ੁਰੂ ਕਰ ਦਿੱਤੀ – **ਸ ਯਥਾ ਆਦ੍ਰੈਧਾ ਅਗਨੇ: ਅਭਿ ਆਹਿਤਾਤ ਪ੍ਰਿਥਕ ਧੂਮਾ ਵਿਨਿਸ਼ਚਰੰਤਿ ਏਵੰ ਵਾ ਅਰੇ ਅਸਯ ਮਹਤੋ ਭੂਤਸਯ ਨਿਸ਼ਵਸਿਤੰ ਏਤਤ ਯਤ ਰਿਗਵੇਦੋ ਯਜੁਰਵੇਦ: ਸਾਮਵੇਦੋ ਅਥਰਵਾਂਗਿਰਸ ਇਤਿਹਾਸ: ਪੁਰਾਣੰ ਵਿਦਯਾ ਉਪਨਿਸ਼ਦ: ਸਲੋਕਾ: ਸੂਤ੍ਰਾਣਿ ਅਨੁਵਯਾਖਯਾਨਿ ਅਨੁ ਅਸਯ ਏਵ ਏਤਾਨਿ ਨਿਸ਼ਵਸਿਤਾਨਿ।** ਸੰਸਕ੍ਰਿਤ ਵਿਚ ਕਹੀ ਗੱਲ ਤੇ ਵਿਚਾਰੀ ਮੈਤ੍ਰੇਈ ਸ਼ੱਕ ਵੀ ਕਿਵੇਂ ਕਰ ਸਕਦੀ ਸੀ। ਇਸ ਵਿਚ ਤਾਂ ਯਾਗਵਲਕਯ ਨੇ ਉਪਨਿਸ਼ਦਾਂ ਤਕ ਦੇ ਪੁਸਤਕੀ ਗਿਆਨ ਨੂੰ ਸ਼ਾਮਲ ਕਰ ਲਿਆ ਸੀ। ਹੁਣ ਕੋਈ ਇਹ ਦੋਸ਼ ਤਾਂ ਲਗਾ ਨਹੀਂ ਸਕਦਾ ਸੀ ਕਿ ਉਨ੍ਹਾਂ ਨੇ ਵੇਦਾਂ ਪ੍ਰਤਿ ਤ੍ਰਿਸਕਾਰ ਕਾਰਣ ਇਹ ਗੱਲ ਆਖੀ ਹੈ। ਯਾਗਵਲਕਯ ਨੂੰ ਕੀ ਪਤਾ ਸੀ ਕਿ ਵੇਦਾਂ ਅਤੇ ਸ਼ਾਸਤ੍ਰਾਂ ਦੀ ਉਨ੍ਹਾਂ ਦੀ ਇਹ ਆਲੋਚਨਾ ਇਕ ਫੱਕੜ ਨੂੰ ਕਦੀਂ ਏਨੀ ਪਸੰਦ ਆ ਜਾਵੇਗੀ ਕਿ ਰਾਮਾਨੰਦ ਵਰਗੇ ਗੁਰੂ ਦੀ ਸ਼ਿਸ਼ਤਾ ਵਿਚ ਉਪਨਿਸ਼ਦਾਂ ਦਾ ਪੂਰੀ ਰੁਚੀ ਨਾਲ ਅਧਿਐਨ ਅਤੇ ਭੇਦ ਜਾਣਨ ਤੋਂ ਬਾਅਦ ਵੀ ਉਹ ਵੇਦ ਅਤੇ ਪੋਥੀ ਦੀ ਬੇਅਰਥਤਾ ਦੀ ਹੀ ਗੱਲ ਨਹੀਂ ਕਰੇਗਾ ਸਗੋਂ ਆਪਣੇ ਆਪ ਨੂੰ ਨਿਰਾ ਅਨਪੜ੍ਹ ਸਿੱਧ ਕਰਨ ਲਈ – **ਮਸਿ ਕਾਗਦ ਛੂਯੋ ਨਹਿੰ ਕਲਮ ਗਹੀ ਨਹਿੰ ਹਾਥ** – ਨੂੰ ਆਪਣਾ ਨਾਹਰਾ ਬਣਾ ਲਵੇਗਾ ਅਤੇ ਪੁਸਤਕੀ ਵਿਦਿਆ ਤੋਂ ਵਾਂਝੇ ਆਪਣੇ ਅਨੁਯਾਯੀਆਂ ਵਿਚ ਵੀ ਅਜਿਹਾ ਆਤਮ-ਵਿਸ਼ਵਾਸ ਪੈਦਾ ਕਰਨ ਵਿਚ ਸਫਲ ਹੋਵੇਗਾ ਕਿ ਇਸਦੇ ਸਾਹਮਣੇ ਵੇਦ-ਗਿਆਤਿਆਂ ਦਾ ਘੁਮੰਡ ਵੀ ਦੂਰ ਹੋ ਜਾਵੇਗਾ।

"ਜੇ ਇਹ ਸਾਰੇ ਗਿਆਨ ਭਰਮ ਪਸਾਰਨ ਵਾਲੇ ਹਨ ਤਾਂ ਭਰਮ ਰਹਿਤ ਕੀ ਹੈ ਇਹ ਪ੍ਰਕਾਸ਼ ਦੀ ਥਾਂ ਤੇ ਧੂੰਆਂ ਦਿੰਦੇ ਹਨ ਤਾਂ ਪ੍ਰਕਾਸ਼ ਦਾ ਸ੍ਰੋਤ ਕੀ ਹੈ?" ਮੈਤ੍ਰੇਈ ਅਨਪੜ੍ਹ ਤਾਂ ਸੀ ਪਰ ਤਰਕ ਕਰਨਾ ਜਾਣਦੀ ਸੀ। ਘੱਟੋ ਘੱਟ ਆਪਣੇ ਸ਼ੱਕ ਨੂੰ ਸਪਸ਼ਟ ਸ਼ਬਦਾਂ ਵਿਚ ਰਖਣ ਵਿਚ ਤਾਂ ਸਫਲ ਸੀ ਹੀ।

"ਪ੍ਰਕਾਸ਼ ਦਾ ਸ੍ਰੋਤ ਇਹ ਬੋਧ ਹੈ ਮੈਤ੍ਰਾਯਣੀ ਕਿ ਸਾਰੇ ਇੰਦ੍ਰਾਵੀ ਵਿਸ਼ਿਆਂ ਦਾ ਘਰ ਅੰਤਿਮ ਆਸਰਾ ਜਾਂ ਲੀਨ ਹੋਣ ਦਾ ਸਥਲ ਸਾਡੀਆਂ ਆਪਣੀਆਂ ਇੰਦ੍ਰੀਆਂ ਹਨ ਅਤੇ ਇਸ ਤਰ੍ਹਾਂ ਬਾਹਰੀ ਜਗਤ ਸਾਡੇ ਅੰਦਰ ਹੀ ਸਮਾਉਂਦਾ ਹੈ। ਉਨ੍ਹਾਂ ਨੇ ਇਕ-ਇਕ

ਉਦਾਹਰਣ ਦਿੰਦੇ ਹੋਏ ਕਹਿਣਾ ਆਰੰਭ ਕੀਤਾ, "ਮੈਤ੍ਰੇਈ, ਜਿਸ ਤਰ੍ਹਾਂ ਸਾਰੇ ਜਲਾਂ ਦਾ ਘਰ ਜਾਂ ਸ੍ਰੋਤ ਅਤੇ ਸਮਾਉਣ ਦੀ ਥਾਂ ਸਮੁੰਦਰ ਹੈ, ਉਸੇ ਤਰ੍ਹਾਂ ਸਾਰੀਆਂ ਛੋਹਾਂ ਦਾ ਇਕ ਘਰ ਸਾਡੀ ਤੁਚਾ (ਚਮੜੀ) ਹੈ, ਸਾਰੀਆਂ ਗੰਧਾਂ ਦਾ ਇਕ ਘਰ ਨੱਕ ਹੈ, ਸਾਰੇ ਰਸਾਂ ਦਾ ਇਕ ਘਰ ਜੀਭ ਹੈ, ਸਾਰੇ ਰੂਪਾਂ ਦਾ ਇਕ ਘਰ ਚਕਸ਼ੂ (ਅੱਖ) ਹਨ, ਸਾਰੇ ਸ਼ਬਦਾਂ ਦਾ ਇਕ ਘਰ ਕੰਨ ਹਨ, ਸਾਰੇ ਸੰਕਲਪਾਂ ਦਾ ਇਕ ਘਰ ਮਨ ਹੈ, ਸਾਰੀਆਂ ਵਿਦਿਆਵਾਂ ਦਾ ਇਕ ਘਰ ਹਿਰਦਾ ਹੈ, ਸਾਰੇ ਕੰਮਾਂ ਦਾ ਇਕ ਘਰ ਹੱਥ ਹੈ, ਸਾਰੇ ਆਨੰਦਾਂ ਦਾ ਇਕ ਘਰ ਜਨੇਨਡ਼ੀ ਹੈ, ਸਾਰੇ ਵਿਸਰਗਾਂ ਦਾ ਇਕ ਘਰ ਗੁਦਾ ਹੈ, ਸਾਰੇ ਮਾਰਗਾਂ ਦਾ ਇਕ ਘਰ ਚਰਣ ਹੈ, ਉਸੇ ਤਰ੍ਹਾਂ ਸਾਰੇ ਵੇਦਾਂ ਦਾ ਇਕ ਸ੍ਰੋਤ ਬਾਣੀ ਹੈ।

"ਪਰੰਤੂ ਆਪਣੀ ਅੰਤਿਮ ਸਥਿਤੀ ਵਿਚ ਅਸੀਂ ਖ਼ੁਦ ਕੀ ਹਾਂ?" ਸਮੁੰਦਰ ਤੋਂ ਅਲਗ ਹੋਏ, ਸੁੱਕ ਕੇ ਡਲੇ ਵਿਚ ਬਦਲੇ ਹੋਏ ਨਮਕ ਹੀ ਤਾਂ ਹਾਂ। ਦੇਖਣ ਵਿਚ ਉਸ ਸਮੁੰਦਰ ਦੇ ਜਲ ਤੋਂ ਅਲਗ ਅਤੇ ਭਿੰਨ, ਪਰ ਜੇ ਇਹ ਵੱਖਰਤਾ ਦਾ ਬੋਧ ਲੋਪ ਹੋ ਜਾਵੇ, ਨਮਕ ਦਾ ਡਲਾ ਉਸ ਜਲ ਵਿਚ ਘੁਲ ਜਾਵੇ ਤਾਂ ਕੀ ਉਸਨੂੰ ਜਲ ਤੋਂ ਵੱਖ ਪਛਾਣਿਆ ਜਾ ਸਕਦਾ ਹੈ? ਸਾਰੇ ਜਲ ਵਿਚ ਕਿਧਰੇ ਉਸਦੀ ਅਣਹੋਂਦ ਹੋ ਸਕਦੀ ਹੈ। ਉਹ ਤਾਂ ਉਸ ਮਹਾਨ ਤੱਤ ਦਾ ਅੰਸ਼ ਬਣ ਗਿਆ ਅਤੇ ਉਸੇ ਵਿਚ ਗੁਆਚ ਗਿਆ। ਪ੍ਰਕਾਸ਼ ਦਾ ਸ੍ਰੋਤ ਇਹ ਬੋਧ ਹੈ, ਮੈਤ੍ਰੇਈ, ਕਿ ਦੇਹ ਦੇ ਬੰਧਨ ਅਤੇ ਇੰਦ੍ਰੀਆਂ ਦੇ ਬੰਧਨ ਤੋਂ ਮੁਕਤ ਹੋਣ ਤੇ ਵਿਅਕਤੀ ਦੀ ਆਪਣੀ ਸਥਿਤੀ ਨਹੀਂ ਰਹਿ ਜਾਂਦੀ। ਆਪਣਾ ਵਿਸ਼ੇਸ਼ ਨਾਂ ਨਹੀਂ ਰਹਿ ਜਾਂਦਾ।" ਜੇ ਯਾਗਵਲਕਯ ਹਜ਼ਾਰ ਦੋ ਹਜ਼ਾਰ ਸਾਲ ਬਾਅਦ ਹੋਏ ਹੁੰਦੇ ਤਾਂ ਸੰਭਵ ਹੈ ਉਹ **'ਜਿਉਂ ਰਲਯੋ ਆਂਟੇ ਲੂਣ'** ਜਾਂ **'ਜਲ ਮੇਂ ਕੁੰਭ ਕੁੰਭ ਮੇ ਜਲ ਹੈ ਬਾਹਿਰ ਭੀਤਰ ਪਾਨੀ, ਫੂਟਿ ਕੁੰਭ ਜਲ ਜਲਹਿੰ ਸਮਾਨਾ ਯਹ ਤਤ ਕਹੋ ਗਿਆਨੀ'** ਵਾਲੇ ਉਦਾਹਰਣ ਨਾਲ ਗੱਲ ਕਰ ਰਹੇ ਹੁੰਦੇ।

ਯਾਗਵਲਕਯ ਤੱਤਦਰਸ਼ੀ ਸਨ ਅਤੇ ਉਨ੍ਹਾਂ ਲਈ ਮੌਤ ਦੀ ਕਲਪਨਾ ਮੁਕਤੀ ਦੀ ਕਲਪਨਾ ਤੋਂ ਭਿੰਨ ਨਹੀਂ ਸੀ। ਉਨ੍ਹਾਂ ਨੂੰ ਮੁਕਤੀ ਲਈ ਮਰਨ ਦੀ ਵੀ ਕੀ ਲੋੜ ਸੀ। ਸਿਰਫ਼ ਆਪਣੇ ਸਰੂਪ ਦਾ ਗਿਆਨ ਹੀ ਕਾਫ਼ੀ ਸੀ। ਪਰ ਮੈਤ੍ਰੇਯੀ ਲਈ ਮੌਤ ਦਾ ਇਕ ਭਿੰਨ ਹੀ ਅਰਥ ਸੀ। ਸਭ ਕੁਝ ਵਿਲੀਨ ਹੋ ਜਾਣ ਦੀ ਇਹ ਕਲਪਨਾ ਉਸ ਲਈ ਬਹੁਤ ਹੈਰਾਨ ਕਰਨ ਵਾਲੀ ਸੀ। ਔਰਤ ਦੀ ਜਾਤ। ਸੁਭਾ ਤੋਂ ਉਂਜ ਵੀ ਦੁਰਬਲ। ਫਿਰ ਪਤੀ ਨੇ ਜਿਥੋਂ ਗੱਲ ਆਰੰਭ ਕੀਤੀ ਸੀ ਉਸ ਦੀ ਯਾਦ ਵੱਖ। ਮੰਨਣ ਦੀ ਗੱਲ ਦੂਜੀ ਹੈ, ਪਰ ਮਰਨ ਤੋਂ ਬਾਅਦ ਜੀਵਨ ਜਾਂ ਹੋਂਦ ਦੀ ਅਕਾਂਖਿਆ ਤਾਂ ਉਨ੍ਹਾਂ ਲੋਕਾਂ ਵਿਚ ਵੀ ਹੁੰਦੀ ਹੈ ਜੋ ਮੰਨਦੇ ਹਨ ਕਿ ਭੌਤਿਕ ਜਗਤ ਤੋਂ ਅਲਗ ਕਿਸੇ ਬ੍ਰਹਮ ਜਾਂ ਈਸ਼ਵਰ ਦੀ ਹੋਂਦ ਹੀ ਨਹੀਂ ਹੈ। ਆਪਣੇ ਢੰਗ ਨਾਲ ਇਹੀ ਗੱਲ ਤਾਂ ਬ੍ਰਹਮ-ਵਾਦੀ ਵੀ ਕਹਿ ਰਹੇ ਸਨ ਕਿ ਇਕ ਹੀ ਬ੍ਰਹਮ ਜਾਂ ਪਰਮ-ਸੱਤਾ ਤੋਂ ਨਿਕਲੇ ਅਤੇ ਮੌਤ ਦੇ ਬਾਅਦ ਸਾਰੇ ਪ੍ਰਾਣੀ ਉਸੇ ਵਿਚ ਵਿਲੀਨ ਹੋ ਜਾਣ ਵਾਲੇ ਹਨ। ਫ਼ਰਕ ਇਹ ਸੀ ਕਿ ਉਹ ਆਪਣੇ ਯੁਗ ਅਨੁਸਾਰ ਇਕ ਭਿੰਨ ਮੁਹਾਵਰੇ ਅਤੇ ਇਕ ਵੱਖਰੀ ਸਮਝ ਨਾਲ ਇਹ ਗੱਲ ਕਰ ਰਹੇ ਸਨ। ਉਨ੍ਹਾਂ ਨੇ ਸਾਰੀਆਂ ਪ੍ਰਕ੍ਰਿਤੀਆਂ ਨੂੰ ਬ੍ਰਹਮਮਈ ਮੰਨ ਕੇ ਉਸਨੂੰ ਇਕ ਭਿੰਨ ਨਾਂ ਦੇ ਦਿੱਤਾ ਸੀ ਅਤੇ ਬ੍ਰਹਿਮੰਡ ਦੀ ਉਤਪੱਤੀ, ਵਿਕਾਸ ਅਤੇ ਲੀਨਤਾ ਬਾਰੇ ਇਕ ਵੱਖਰੀ ਦ੍ਰਿਸ਼ਟੀ ਅਪਣਾ ਰਖੀ ਸੀ। ਅਸੀਂ ਉਸਦੇ ਬ੍ਰਹਮ

ਨੂੰ ਭੌਤਿਕ ਪ੍ਰਪੰਚ ਵਿਚ ਹੀ ਸਮੇਟ ਲਿਆ ਹੈ ਅਤੇ ਚੇਤਨਾ ਨੂੰ ਉਸੇ ਦਾ ਇਕ ਵਿਸ਼ੇਸ਼ ਵਿਪਾਕ (ਫਲ) ਮੰਨ ਲੈਂਦੇ ਹਾਂ।

ਜੋ ਵੀ ਹੋਵੇ, ਏਨਾ ਤਾਂ ਸੱਚ ਹੈ ਹੀ ਕਿ ਸਭ ਕੁਝ ਲੀਨ ਹੋ ਜਾਣ ਦੀ ਕਲਪਨਾ ਨੇ ਮੈਤ੍ਰੇਈ ਨੂੰ ਦੁੱਖ-ਸੁੱਖ ਸਹਿਣ ਦੇ ਬਾਵਜੂਦ ਆਪਣੀ ਵੱਖਰੀ ਹੋਂਦ ਬਣਾਈ ਰਖਣ ਵਾਲੀ ਆਤਮਾ ਦੇ ਜੀਵਨ ਮਰਨ ਦੇ ਚਕ੍ਰ ਤੋਂ ਵੀ ਅਧਿਕ ਡਾਵਾਂਡੋਲ ਕਰ ਦਿੱਤਾ। ਉਹ ਕਹਿਣ ਲੱਗੀ, "ਆਪ ਨੇ ਤਾਂ ਇਹ ਕਹਿ ਕੇ ਮੈਨੂੰ ਮੋਹ ਵਿਚ ਪਾ ਦਿੱਤਾ ਕਿ ਸਰੀਰ ਦੇ ਖ਼ਾਤਮੇ ਤੋਂ ਬਾਅਦ ਵਿਅਕਤੀ ਜਾਂ ਪ੍ਰਾਣੀ ਦੀ ਕੋਈ ਵੱਖਰੀ ਸੱਤਾ ਜਾਂ ਨਾਂ ਹੀ ਨਹੀਂ ਰਹਿ ਜਾਂਦਾ।"

ਜਿਥੋਂ ਉਭਰਨ ਲਈ ਯਾਗਵਲਕਯ ਨੇ ਏਨਾ ਸਾਰਾ ਉਪਦੇਸ਼ ਅਤੇ ਵਿਖਿਆਨ ਦਿੱਤਾ ਸੀ, ਉਹ ਸਭ ਕੁਝ ਵਿਅਰਥ ਹੁੰਦਾ ਲਗਿਆ। ਕਹਿਣ ਲਗੇ, "ਕਮਲੀਏ, ਕੀ ਮੈਂ ਤੇਰੇ ਮਨ ਵਿਚ ਮੋਹ ਪੈਦਾ ਕਰਨ ਲਈ ਇਹ ਸਭ ਕਹਿ ਰਿਹਾ ਸਾਂ। ਇਹ ਤਾਂ ਮੈਂ ਉਸ ਮਹੱਤਵ-ਪੂਰਣ ਤੱਤ-ਬ੍ਰਹਮ ਦਾ ਵਿਸ਼ੇਸ਼ ਗਿਆਨ ਕਰਾਉਣ ਲਈ ਕਹਿ ਰਿਹਾ ਸਾਂ। ਜਿਸ ਅਮਰਤਾ ਦਾ ਉਪਦੇਸ਼ ਕਰਨ ਲਈ ਤੂੰ ਕਹਿ ਰਹੀ ਸੈਂ, ਉਹ ਇਹੀ ਤਾਂ ਹੈ। ਮੈਂ ਇਹੀ ਤਾਂ ਦੱਸ ਰਿਹਾ ਸਾਂ ਕਿ ਕਿਸੇ ਇਤਰ ਦਾ ਸਪਰਸ਼ ਕਰਨਾ, ਇਤਰ ਨੂੰ ਦੇਖਣਾ, ਇਤਰ ਨੂੰ ਸੁੰਘਣਾ ਇਤਰ ਨੂੰ ਸੁਣਨਾ, ਇਤਰ ਦਾ ਮਨਨ ਕਰਨਾ, ਇਹ ਸਭ ਭੇਦ-ਬੁੱਧੀ ਕਾਰਣ ਹੁੰਦਾ ਹੈ ਅਤੇ ਜਿਥੇ ਇਹ ਭੇਦ-ਬੁੱਧੀ ਖ਼ਤਮ ਹੋ ਗਈ, ਇਹ ਫ਼ਰਕ ਮਿਟ ਗਿਆ, ਉਥੇ ਤੇਰਾ ਕੀ ਤੇ ਮੇਰਾ ਕੀ? ਫਿਰ ਤਾਂ ਸਭ ਆਤਮਮਈ ਹੋ ਗਿਆ। ਬ੍ਰਹਮਮਈ ਹੋ ਗਿਆ। ਕੀ ਅੱਖ ਆਪਣੇ ਆਪ ਨੂੰ ਵੇਖ ਸਕਦੀ ਹੈ? ਕੀ ਚਮੜੀ ਆਪਣੇ ਆਪ ਨੂੰ ਛੋਹ ਸਕਦੀ ਹੈ? ਕੀ ਨੱਕ ਆਪਣੇ ਆਪ ਨੂੰ ਸੁੰਘ ਸਕਦੀ ਹੈ? ਕੀ ਜੀਭ ਆਪ ਆਪਣਾ ਸਵਾਦ ਲੈ ਸਕਦੀ ਹੈ? ਨਹੀਂ ਕਰ ਸਕਦੀ ਨਾ! ਤਾਂ ਫਿਰ ਬ੍ਰਹਮ-ਮਈ ਹੋ ਜਾਣ ਤੇ ਵੱਖਰਤਾ ਦਾ ਬੋਧ ਕਿਵੇਂ ਰਹਿ ਜਾਵੇਗਾ – **ਯਤ੍ਰ ਵਾ ਅਸਯ ਸਰਵੰ ਆਤਮ ਏਵ ਅਭੂਤ ਤਤ ਕੇਨ ਕੰ ਜਿਘ੍ਰੇਤ ਕੇਨ ਕੰ ਪਸ਼ਯੇਤ ਕੇਨ ਕੰ ਸ਼੍ਰਣੁਯਾਤ, ਕੇਨ ਕੰ ਅਭਿਵਦੇਤ, ਕੇਨ ਕੰ ਮਨਵੀਤ, ਤਤ ਕੇਨ ਕੰ ਵਿਜਾਨੀਯਾਤ੍ਰ।** ਜਿਸ ਰਾਹੀਂ ਸਾਰਿਆਂ ਨੂੰ ਜਾਣਿਆ ਜਾਂਦਾ ਹੈ ਉਸਨੂੰ ਕਿਸ ਦੁਆਰਾ ਜਾਣੀਏ, ਵਿਗਿਆਤਾ ਨੂੰ ਕਿਸ ਦੇ ਰਾਹੀਂ ਜਾਣੀਏ – **ਯੇਨ ਇਦੰ ਸਰਵ ਵਿਜਾਨਾਤਿ ਤੰ ਕੇਨ ਵਿਜਾਨੀਯਾਤ, ਵਿਗਯਾਤਾਰੰ ਅਰੇ ਕੇਨ ਵਿਜਾਨੀਯਾਤ।**"

ਮੈਤ੍ਰਾਯਣੀ ਨੂੰ ਸਚਮੁਚ ਲਗਿਆ ਕਿ ਉਸਦੇ ਸਾਹਮਣੇ ਪ੍ਰਕ੍ਰਿਤੀ ਅਤੇ ਜੀਵ ਅਤੇ ਬ੍ਰਹਮ ਦਾ ਸਾਰਾ ਵਿਆਪਾਰ ਸਪਸ਼ਟ ਹੋ ਗਿਆ ਹੈ। ਮਾਯਾ ਦਾ ਪਰਦਾ ਸਾਹਮਣਿਓਂ ਹਟ ਗਿਆ ਹੈ।

# ਮੌਤ ਹੀ ਬ੍ਰਹਮ ਹੈ

ਯਾਗਵਲਕਯ ਨੇ ਪਤਾ ਨਹੀਂ ਕਿੰਨੇ ਵਿਦਿਆਰਥੀਆਂ ਨੂੰ ਕਿੰਨੀ ਹੀ ਵਾਰ ਇਹ ਮੰਤ੍ਰ ਪੜ੍ਹਾਇਆ ਹੋਵੇਗਾ (ਕਿ ਮੌਤ ਹੀ ਬ੍ਰਹਮ ਹੈ)। ਕਿੰਨੀ ਵਾਰ ਦੁਹਰਾਇਆ ਹੋਵੇਗਾ ਉਹ ਅਰਥ ਜੋ ਉਨ੍ਹਾਂ ਨੇ ਆਪਣੇ ਗੁਰੂ ਤੋਂ ਸੁਣਿਆ ਸੀ। ਪਰ ਅੱਜ ਪਹਿਲਾ ਮੰਤ੍ਰ ਪੜ੍ਹਨਾ ਸ਼ੁਰੂ ਕੀਤਾ, **"ਨ ਅਸਤ ਆਸੀਤ ਨ ਸਤ ਆਸੀਤ ਤਦਾਨੀ"** ਕਿ ਹਠ-ਪੂਰਵਕ ਰੁਕ ਗਏ। ਸ਼ਿਸ਼ ਹੈਰਾਨੀ ਨਾਲ ਉਨ੍ਹਾਂ ਨੂੰ ਦੇਖ ਰਹੇ ਸਨ। ਉਨ੍ਹਾਂ ਦੇ ਹੋਠ ਖੁਲ੍ਹੇ ਸਨ ਪਰ ਨਾ ਉਨ੍ਹਾਂ ਵਿਚ ਫਰਕਨ ਸੀ ਨਾ ਗਤੀ। ਸ਼ਾਇਦ ਉਨ੍ਹਾਂ ਨੂੰ ਇਸ ਦਾ ਵੀ ਬੋਧ ਨਹੀਂ ਸੀ ਕਿ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਸ਼ਿਸ਼ ਬੈਠੇ ਹੋਏ ਹਨ। ਉਹ ਇਸ ਵਿਚਾ 'ਤੇ ਨਹੀਂ ਸਨ ਰੁਕੇ। ਪੂਰਾ ਮੰਤ੍ਰ ਇਕ ਕਾਲੀ ਲੋਅ ਵਾਂਗ ਉਨ੍ਹਾਂ ਦੀ ਚੇਤਨਾ ਵਿਚ ਇਕੋ ਵੇਲੇ ਕੰਬ ਰਿਹਾ ਸੀ। ਕਾਲੀ ਲੋਅ। ਕਿਸੇ ਨੂੰ ਸਮਝਾਉਣਾ ਚਾਹੀਏ ਤਾਂ ਕਿੰਨਾ ਮੁਸ਼ਕਲ ਹੋਵੇਗਾ। ਸਮਝੇਗਾ ਧੂੰਏਂ ਜਾਂ ਕੋਹਰੇ ਦੀ ਗੱਲ ਕਰ ਰਹੇ ਹਨ। ਪਰ ਧੂੰਏਂ ਅਤੇ ਕੋਹਰੇ ਨੂੰ ਦੇਖਣ ਲਈ ਵੀ ਰੌਸ਼ਨੀ ਤਾਂ ਚਾਹੀਦੀ ਹੈ। ਇਹ ਤਾਂ ਘੁੱਪ ਕਾਲੇ ਹਨੇਰੇ ਵਿਚ ਇਕ ਕਾਲੀ ਲਾਟ ਦੇ ਕੰਬਣ ਦਾ ਅਨੁਭਵ ਸੀ ਜਿਸ ਨੂੰ ਦੇਖਿਆ ਨਹੀਂ ਸੀ ਜਾ ਸਕਦਾ ਫਿਰ ਵੀ ਮਹਿਸੂਸ ਕੀਤਾ ਜਾ ਸਕਦਾ ਸੀ। ਅਨੁਭਵ ਕਰਨ ਯੋਗ ਵੀ ਨਹੀਂ, ਬਸ ਅਹਿਸਾਸ ਮਾਤਰ।

ਸਤ ਨਹੀਂ, ਅਸਤ ਨਹੀਂ, ਵਾਯੂ ਨਹੀਂ, ਆਕਾਸ਼ ਨਹੀਂ, ਕੋਈ ਦਿਸ਼ਾ ਨਹੀਂ, ਕੋਈ ਗਤੀ ਨਹੀਂ, ਕੋਈ ਆਧਾਰ ਨਹੀਂ, ਮੌਤ ਨਹੀਂ, ਅਮਰਤਾ ਨਹੀਂ, ਨਾ ਦਿਨ, ਨਾ ਰਾਤ, ਨਾ ਪ੍ਰਕਾਸ਼, ਨਾ ਅੰਧਕਾਰ।

"ਨਹੀਂ, ਅੰਧਕਾਰ ਤਾਂ ਸੀ। ਉਬਲਦਾ ਹੋਇਆ ਅੰਧਕਾਰ। ਤਰਲ। ਆਪਣੇ ਆਪ ਵਿਚ ਛਿਪਿਆ ਹੋਇਆ। ਅੰਧਕਾਰ ਤਾਂ ਸੀ।" ਉਨ੍ਹਾਂ ਦੇ ਮੂੰਹੋਂ ਨਿਕਲਿਆ ਪਰ ਇਸ ਵੇਲੇ ਵੀ ਨਾ ਤਾਂ ਉਨ੍ਹਾਂ ਨੂੰ ਇਹ ਬੋਧ ਸੀ ਕਿ ਉਨ੍ਹਾਂ ਦੇ ਸ਼ਿਸ਼ ਉਨ੍ਹਾਂ ਨੂੰ ਹੈਰਾਨੀ ਨਾਲ ਦੇਖ ਰਹੇ ਹਨ, ਨਾ ਹੀ ਇਹ ਕਿ ਉਹ ਉਨ੍ਹਾਂ ਨੂੰ ਪਾਠ ਪੜ੍ਹਾਉਂਦੇ ਬੈਠੇ ਹੋਏ ਸਨ। ਉਹ ਤਾਂ ਆਪਣੇ ਆਪ ਨਾਲ ਗੱਲ-ਬਾਤ ਕਰ ਰਹੇ ਸਨ। ਆਪਣੇ ਆਪ ਨਾਲ ਵੀ ਨਹੀਂ। ਬੋਲਦਿਆਂ ਹੋਇਆਂ ਸੋਚ ਰਹੇ ਸਨ।

ਪਰ ਇਸ ਅੰਧਕਾਰ ਤੋਂ ਪਹਿਲਾਂ। ਉਦੋਂ ਜਦੋਂ ਅੰਧਕਾਰ ਵੀ ਨਹੀਂ ਰਿਹਾ ਹੋਵੇਗਾ। ਜਦੋਂ ਕੁਝ ਨਹੀਂ ਰਿਹਾ ਹੋਵੇਗਾ, ਉਦੋਂ ਕੀ ਸੀ? ਕੁਝ ਨਹੀਂ ਦੇ ਹੋਣ ਨੂੰ ਕੀ ਕਹਿਣਗੇ ਉਹ? ਉਸ ਨੂੰ ਅੰਧਕਾਰ ਕਹਿਣਾ ਠੀਕ ਨਹੀਂ ਸੀ ਲਗ ਰਿਹਾ ਅਤੇ ਉਨ੍ਹਾਂ ਨੂੰ ਉਸ ਅਵਸਥਾ ਲਈ ਕੋਈ ਸ਼ਬਦ ਨਹੀਂ ਮਿਲ ਰਿਹਾ ਸੀ। ਸੂਕਤਕਾਰ ਨੂੰ ਵੀ ਸ਼ਬਦ ਨਹੀਂ

ਮਿਲਿਆ ਹੋਵੇਗਾ ਤਦੇ ਹੀ ਤਾਂ ਅੰਧਕਾਰ ਕਹਿ ਦਿੱਤਾ। ਭਾਸ਼ਾ ਤਾਂ ਉਸ ਦੇ ਰਚੇ ਹੋਏ ਸੰਸਾਰ ਨੂੰ ਵਿਅਕਤ ਕਰਨ ਦਾ ਸਾਧਨ ਹੈ। ਉਸ ਅਰਚਿਤ, ਅਰੂਪ, ਨਿਰਾਕਾਰ ਨੂੰ ਕਿਵੇਂ ਵਿਅਕਤ ਕਰ ਸਕੇਗੀ। ਅਤੇ ਫਿਰ ਪ੍ਰਸ਼ਨ ਸਿਰਫ਼ ਭਾਸ਼ਾ ਦਾ ਵੀ ਨਹੀਂ। ਵਿਕਾਸ ਦੀ ਉਸ ਪ੍ਰਕ੍ਰਿਆ ਦਾ ਸੀ ਜਿਸ ਦਾ ਨਾ ਕੋਈ ਵੇਖਣ ਵਾਲਾ ਸੀ, ਨਾ ਜਾਣਨ ਵਾਲਾ। ਜੋ ਸਿਰਫ਼ ਅਨੁਮਾਨ ਅਤੇ ਧਿਆਨ ਦਾ ਵਿਸ਼ਾ ਸੀ। ਇਕ ਲੰਮਾ ਸਮਾਂ ਗੁਜ਼ਰ ਗਿਆ ਆਪਣੇ ਆਪ ਨਾਲ ਜੂਝਦਿਆਂ। ਸ਼ਾਸਤ੍ਰਾਂ ਅਤੇ ਸ਼੍ਰੁਤੀਆਂ ਵਿਚ ਜੋ ਪੜ੍ਹਿਆ ਸੀ ਉਸਨੂੰ ਜੋੜਦਿਆਂ ਮਿਲਾਉਂਦਿਆਂ।

ਪਰ ਤਦੇ, ਉਨ੍ਹਾਂ ਦੀ ਕਲਪਨਾ ਦੇ ਸਾਹਮਣੇ, ਮੌਜੂਦ ਉਸ ਅੰਧਕਾਰ ਤੋਂ ਹੀ ਇਕ ਸ਼ਬਦ ਨਿਕਲਿਆ, ਕੁਝ ਇੰਜ ਕਿ ਜਿਵੇਂ ਅੰਧਕਾਰ ਹੀ ਸਿਮਟ ਕੇ ਸ਼ਬਦ ਬਣ ਗਿਆ ਹੋਵੇ, 'ਮੌਤ'। ਉਨ੍ਹਾਂ ਨੂੰ ਲਗਿਆ ਕਿ ਸ਼ਬਦ ਸੋਚਿਆ ਹੋਇਆ ਤਾਂ ਨਹੀਂ, ਸੁਣਿਆ ਹੋਇਆ ਹੈ। ਇਕ ਅਣਫੁਟੇ ਵਿਸਫੋਟ ਦੇ ਰੂਪ ਵਿਚ।

"ਜਦੋਂ ਕੁਝ ਨਹੀਂ ਸੀ ਤਾਂ ਮੌਤ ਸੀ।" ਜਿਵੇਂ ਕੋਈ ਸਮਝਾ ਰਿਹਾ ਹੋਵੇ ਉਨ੍ਹਾਂ ਨੂੰ, ਪਰਮ-ਗੁਰੂ ਦੀ ਤਰ੍ਹਾਂ, ਮੌਤ ਦਾ ਕੋਈ ਰੂਪ ਜਾਂ ਆਕਾਰ ਤਾਂ ਹੈ ਨਹੀਂ ਹੋਂਦ ਦਾ ਅਭਾਵ ਹੀ ਤਾਂ ਮੌਤ ਹੈ। ਰੂਪ ਦਾ, ਆਕਾਰ ਦਾ, ਕ੍ਰਿਆ ਦਾ, ਗਤੀ ਦਾ, ਕਿਸੇ ਦਾ ਵੀ ਨਾ ਰਹਿ ਜਾਣਾ। ਜੇ ਕਿਸੇ ਦੀ ਹੋਂਦ ਸੀ ਹੀ ਨਹੀਂ ਤਾਂ ਫਿਰ ਅੰਧਕਾਰ ਵੀ ਨਹੀਂ ਰਿਹਾ ਹੋਵੇਗਾ। ਮੌਤ ਹੀ ਰਹੀ ਹੋਵੇਗੀ। ਅੰਧਕਾਰ ਦਾ ਵੀ ਰੂਪ ਉਸੇ ਨੇ ਲਿਆ ਹੋਵੇਗਾ। ਜੇ ਕੋਈ ਆਪਣੇ ਜਨਮ ਤੋਂ ਪਹਿਲਾਂ ਦੀ ਅਵਸਥਾ ਨੂੰ ਨਹੀਂ ਸਮਝ ਸਕਦਾ ਤਾਂ ਬ੍ਰਹਮ ਕਿਵੇਂ ਸਮਝ ਸਕਦੇ। ਉਹ ਵੀ ਆਪਣੇ ਪੂਰਵ ਰੂਪ ਨੂੰ ਸਮਝ ਨਾ ਸਕੇ। ਉਸ ਅੰਧਕਾਰ ਤੋਂ ਪਹਿਲਾਂ ਉਹ ਆਪ ਮੌਤ ਰੂਪ ਹੀ ਸਨ। ਜੀਵਨ ਅਤੇ ਸਿਰਜਨ ਕੀ, ਜੋ ਨਹੀਂ ਸੀ ਉਸਦਾ ਹੋ ਜਾਣਾ, ਜਿਸਦੀ ਹੋਂਦ ਨਹੀਂ ਸੀ ਉਸਦੀ ਹੋਂਦ ਵਿਚ ਆ ਜਾਣਾ ਹੀ ਨਹੀਂ ਹੈ।

"ਸਭ ਕੁਝ ਮੌਤ ਤੋਂ ਨਿਕਲਿਆ ਹੈ। ਮੌਤ ਹੀ ਜੀਵਨ ਦਾ ਗਰਭ ਹੈ। ਸ੍ਰਿਸ਼ਟੀ ਦਾ ਮੂਲ।" ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ। ਹੁਣ ਉਹ ਕੁਝ ਸਾਵਧਾਨ ਹੋ ਗਏ ਸਨ।

ਸ਼ਿਸ਼ਾਂ ਵਲ ਨਜ਼ਰ ਗਈ ਤਾਂ ਹਾਸਾ ਆ ਗਿਆ, "ਸਭ ਕੁਝ ਉਸੇ ਵਿਚੋਂ ਨਿਕਲਿਆ ਹੈ। ਮੌਤ ਵਿਚੋਂ ਹੀ। ਉਹੀ ਸੀ। **ਮ੍ਰਿਤਯੁਨਾ ਇਵ ਇਦੰ ਆਵ੍ਰਿਤੰ ਆਸੀਤ।** ਮੌਤ ਨਾਲ ਹੀ ਸਭ ਕੁਝ ਢਕਿਆ ਹੋਇਆ ਸੀ। ਭੁਖ (ਕਸ਼ੁਧਾ) ਦਾ ਹੀ ਸਭ ਉਤੇ ਪਰਦਾ ਸੀ। ਅਸ਼ਨਾਯਾ ਦਾ **ਅਸ਼ਨਾਯਾ ਹਿ ਮਿਤਯੁਃ।** ਮੌਤ ਭੁਖ ਦਾ ਹੀ ਦੂਜਾ ਨਾਂ ਤਾਂ ਹੈ। ਸਭ ਕੁਝ ਨੂੰ ਨਿਗਲਦੀ ਚਲੀ ਜਾਂਦੀ ਹੈ। ਪਰਮ ਭੁਖ। ਅਮਿਟ ਅਤੇ ਅਨੰਤ ਭੁਖ। ਇਸੇ ਦਾ ਕਦੀ ਅੰਤ ਨਹੀਂ ਹੁੰਦਾ। ਸ੍ਰਿਸ਼ਟੀ ਤੋਂ ਪਹਿਲਾਂ ਹੀ ਇਹੀ ਸੀ ਅਤੇ ਸ੍ਰਿਸ਼ਟੀ ਤੋਂ ਬਾਅਦ ਵੀ ਇਹੀ ਕ੍ਰਿਆਸ਼ੀਲ ਰਹਿੰਦੀ ਹੈ। ਕਦੀ ਆਪਣੇ ਗਰਭ ਵਿਚ ਛਿਪੀ ਅਤੇ ਕਦੀਂ ਆਪਣੇ ਆਪ ਨੂੰ ਪ੍ਰਗਟਾਉਂਦੀ ਹੈ। ਆਪਣੇ ਤੋਂ ਬਾਹਰ ਆ ਕੇ ਆਪਣੇ ਆਪ ਨੂੰ ਗ੍ਰਹਸਦੀ ਹੈ।

"ਅਨੰਤ ਭੁਖ! ਇਹੀ ਤਾਂ ਮੌਤ ਦੀ ਲਾਲਸਾ (ਅਤਿਅਧਿਕ ਇੱਛਾ) ਹੈ। ਅਤੇ ਇਸੇ ਤੋਂ ਸਭ ਕੁਝ ਪੈਦਾ ਹੋਇਆ। ਮੌਤ ਦੀ ਇਸ ਲਾਲਸਾ ਤੋਂ ਹੀ।"

ਸ਼ਿਸ਼ ਹੈਰਾਨ ਹੋ ਕੇ ਆਚਾਰਯ ਨੂੰ ਦੇਖ ਰਹੇ ਸਨ। ਯਾਗਵਲਕਯ ਦੀ ਆਦਤ ਹੈ

ਪੜ੍ਹਾਉਂਦੇ ਪੜ੍ਹਾਉਂਦੇ ਕਿਧਰੇ ਗੁਆਚ ਜਾਣ ਦੀ। ਪਰ ਇਸ ਤਰ੍ਹਾਂ ਦਾ ਆਪਣੇ ਆਪ ਨਾਲ ਗੱਲਬਾਤ ਅਤੇ ਫਿਰ ਜ਼ਬਾਨੀ ਸੰਵਾਦ ਉਹ ਪਹਿਲੀ ਵਾਰ ਕਰ ਰਹੇ ਸਨ। ਸ਼ਿਸ਼ ਹੈਰਾਨੀ ਵਿਚ ਉਨ੍ਹਾਂ ਨੂੰ ਦੇਖ ਰਹੇ ਸਨ ਅਤੇ ਜੋ ਕੁਝ ਉਨ੍ਹਾਂ ਦੇ ਸ਼ਬਦਾਂ ਅਤੇ ਭਾਵਾਂ ਤੋਂ ਪ੍ਰਗਟ ਹੋ ਰਿਹਾ ਸੀ ਉਸਨੂੰ ਗ੍ਰਹਿਣ ਕਰਨ ਦਾ ਯਤਨ ਕਰ ਰਹੇ ਸਨ।

ਹੁਣ ਉਹ ਸਚਮੁਚ ਉਨ੍ਹਾਂ ਨੂੰ ਸਮਝਾ ਰਹੇ ਸਨ, ''ਇਸ ਮੌਤ ਤੋਂ ਇਹ ਜੀਵਨ ਕਿਵੇਂ ਨਿਕਲ ਆਇਆ? ਹੋਇਆ ਇਹ ਕਿ ਉਸ ਪਰਮ ਮੌਤ ਦੇ ਮਨ ਵਿਚ ਆਇਆ ਕਿ ਆਤਮਾ-ਸਹਿਤ ਹੋ ਜਾਵੇ।'' ਉਹ ਫਿਰ ਰੁਕ ਗਏ। ਰੁਕ ਕੇ ਕੁਝ ਸੋਚਣ ਲਗੇ। ਫਿਰ ਕਹਿਣ ਲਗੇ, ''ਇਸ ਲਈ ਉਸਨੇ ਲੰਮੇ ਸਮੇਂ ਤਕ ਪੂਜਾ ਕੀਤੀ। ਹੁਣ ਇਸ ਨਾਲ 'ਕ' ਜਾਂ ਜਲ ਪੈਦਾ ਹੋਇਆ। ਇਹ ਜਲ ਸਾਧਾਰਣ ਜਲ ਨਹੀਂ ਸੀ। ਇਸ ਵਿਚ ਤਰਲ ਪਦਾਰਥ ਵੀ ਸੀ ਅਤੇ ਸਥੂਲ ਵੀ, ਵਾਯੂ ਵੀ ਸੀ ਅਤੇ ਤੇਜ ਵੀ। ਆਕਾਸ਼ ਵੀ ਉਸੇ ਵਿਚ ਮੌਜੂਦ ਸੀ ਅਤੇ ਦਿਸ਼ਾਵਾਂ ਵੀ ਉਸੇ ਵਿਚ ਮਿਲੀਆਂ ਹੋਈਆਂ ਸਨ। ਇਹ ਕਾਰਣ-ਜਲ ਪੰਚ ਵਿਧਾਨ (ਪੰਜਾਂ ਤੱਤਾਂ ਦਾ ਮਿਸ਼ਰਿਤ ਰੂਪ) ਸੀ। ਸਾਰੇ ਘੁਲ ਕੇ ਤਰਲ ਪਦਾਰਥ ਵਿਚ ਬਦਲ ਗਏ ਸਨ। ਇਹੀ ਉਹ ਤਰਲ ਅੰਧਕਾਰ ਸੀ। ਆਪਣੇ ਆਪ ਵਿਚ ਸਿਮਟਿਆ ਹੋਇਆ। ਘੁੱਪ। ਸੰਘਣਾ। ਆਪਣੇ ਸੇਕ ਨਾਲ ਤਪਦਾ ਹੋਇਆ, ਪਰ ਆਪਣੇ ਹੀ ਦਬਾ ਵਿਚ ਏਨਾ ਕਸਿਆ ਹੋਇਆ ਕਿ ਉਬਲਣ ਦਾ ਵੀ ਸਥਾਨ ਨਹੀਂ।

''ਅਤੇ ਫਿਰ ਇਸਦੇ ਆਪਣੇ ਹੀ ਤਾਪ ਨਾਲ ਇਸ ਦਾ ਕਾਈ (ਸ਼ਰ) ਜਾਂ ਸਥੂਲ ਭਾਗ ਇਕੱਠਾ ਹੋ ਗਿਆ। ਜਮ ਗਿਆ। ਇਹੀ ਜਮ ਕੇ ਧਰਤੀ ਬਣ ਗਿਆ। ਇਹ ਧਰਤੀ ਸ਼ਰ ਭਾਗ ਤੋਂ ਬਣੀ, ਇਸ ਲਈ ਇਹੀ ਪ੍ਰਜਾਪਤੀ ਦਾ ਪਹਿਲਾ ਸਰੀਰ ਹੋਇਆ। ਉਸਦਾ ਵਿਅਕਤ ਰੂਪ।''

''ਫਿਰ?'' ਪ੍ਰਸ਼ਨ ਕਿਸੇ ਹੋਰ ਨੇ ਨਹੀਂ ਕੀਤਾ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਕੀਤਾ। ''ਕੀ ਹੋਇਆ ਹੋਵੇਗਾ ਉਸ ਤੋਂ ਬਾਅਦ?''

ਉਹ ਜੋ ਤਪ ਰਿਹਾ ਸੀ ਉਸਦੇ ਸਥੂਲ ਅੰਸ਼ ਦੇ ਵੱਖ ਹੋ ਜਾਣ 'ਤੇ ਉਸ ਦੇ ਉਸ ਤਾਪ ਦਾ ਕੀ ਹੋਇਆ? ਉਸ ਨਾਲ ਅਗਨੀ-ਰਸ ਜਾਂ ਤਰਲ ਸੇਕ ਵੱਖ ਹੋਇਆ, ਉਹੀ ਅਗਨੀ ਬਣ ਗਈ। ਇਹੀ ਪ੍ਰਜਾਪਤੀ ਹੀ ਪਹਿਲਾ ਸਰੀਰਧਾਰੀ ਹੋਇਆ। ਪਰ ਇਸ ਵਿਚ ਬਹੁਤ ਲੰਬਾ ਸਮਾ ਲਗ ਗਿਆ। ਬਹੁਤ ਲੰਬਾ।

''ਫਿਰ ਇਸ ਦੇ ਬਾਅਦ?''

ਜਦੋਂ ਯਾਗਵਲਕਯ ਦਾ ਚਿੰਤਕ ਕਵੀ ਵਿਚ ਬਦਲ ਗਿਆ। ਉਸਦੇ ਸਾਹਮਣੇ ਇਕ ਵਿਰਾਟ ਰੂਪ ਖੜ੍ਹਾ ਹੋ ਗਿਆ। ਉਸ ਪ੍ਰਜਾਪਤੀ ਨੇ ਆਪਣੇ ਆਪ ਨੂੰ ਤਿੰਨ ਭਾਗਾਂ ਵਿਚ ਵੰਡ ਲਿਆ। ਇਸਦਾ ਇਕ ਤਿਹਾਈ ਵਾਯੂ ਹੋ ਗਿਆ। ਇਕ ਤਿਹਾਈ ਆਦਿਤਯ (ਸੂਰਜ)। ਇਹ ਪੂਰਬ ਦਿਸ਼ਾ ਹੀ, ਉਸ ਪ੍ਰਜਾਪਤੀ ਦਾ ਸਿਰ ਹੈ। ਈਸ਼ਾਨੀ (ਉਤਰ-ਪੂਰਬ) ਅਤੇ ਅਗਨੇਯੀ (ਪੂਰਬ-ਦੱਖਣ) ਦਿਸ਼ਾਵਾਂ ਉਸ ਦੀਆਂ ਬਾਹਵਾਂ ਹਨ। ਪੱਛਮ ਦਿਸ਼ਾ ਉਸਦਾ ਪਿਛਲਾ ਭਾਗ ਹੈ ਅਤੇ ਵਾਯਵਯ (ਪੱਛਮ-ਉਤਰ) ਅਤੇ ਨੈਰਿਤਯ (ਪੱਛਮ-ਦੱਖਣ) ਦਿਸ਼ਾਵਾਂ ਉਸਦੀਆਂ ਜੰਘਾਂ ਹਨ। ਦੱਖਣ ਅਤੇ ਉਤਰ ਦਿਸ਼ਾਵਾਂ ਇਸ ਦੀਆਂ ਵੱਖੀਆਂ ਹਨ।

ਪ੍ਰਕਾਸ਼-ਲੋਕ ਪਿਠ ਵਾਲਾ ਹਿੱਸਾ ਹੈ, ਅੰਤ੍ਰਿਕਸ਼ (ਖਗੋਲ) ਪੇਟ ਅਤੇ ਪ੍ਰਿਥਵੀ ਉਸਦਾ ਹਿਰਦਾ ਹੈ। ਇਹ ਅਗਨੀ ਰੂਪੀ ਪ੍ਰਜਾਪਤੀ ਪਹਿਲਾਂ ਅਦਾਰਥ ਰੂਪ ਵਿਚ ਹੀ ਸੀ ਅਤੇ ਇਸ ਲਈ ਜਲ ਵਿਚ ਹੀ ਉਸਦਾ ਨਿਵਾਸ ਹੈ।

ਪਰ ਸ੍ਰਿਸ਼ਟੀ ਚੱਕਰ ਇਥੇ ਹੀ ਖਤਮ ਤਾਂ ਨਹੀਂ ਹੋ ਜਾਂਦਾ। ਬਹੁਤ ਕੁਝ ਹੈ ਇਸ ਸੰਸਾਰ ਵਿਚ। ਕਿਵੇਂ ਹੋ ਗਿਆ ਉਹ?

ਯਾਗਵਲਕਯ ਆਪਣੇ ਆਪ ਵਿਚ ਮੁਗਧ ਹੋਣ ਦੀ ਅਵਸਥਾ ਵਿਚ ਪਹੁੰਚ ਗਏ ਸਨ।

ਉਸਨੇ ਫਿਰ ਕਾਮਨਾ ਕੀਤੀ ਕਿ ਉਸਦਾ ਇਕ ਹੋਰ ਰੂਪ ਪੈਦਾ ਹੋਏ। ਉਸਨੇ ਬਾਣੀ ਦੀ ਸੰਜੋਗ ਰੂਪ ਵਿਚ ਭਾਵਨਾ ਕੀਤੀ ਅਤੇ ਇਸ ਨਾਲ ਸੰਵਤਸਰ (ਸੰਮਤ) ਦੀ ਉਤਪੱਤੀ ਹੋਈ। ਇਸ ਤੋਂ ਪਹਿਲਾਂ ਸੰਵਤਸਰ ਨਹੀਂ ਸੀ। ਸੰਵਤਸਰ ਦੀ ਜੋ ਅਵੱਧੀ ਹੈ ਓਨੇ ਸਮੇਂ ਤਕ ਮੌਤ ਰੂਪੀ ਪ੍ਰਜਾਪਤੀ ਨੇ ਉਸਨੂੰ ਗਰਭ ਵਿਚ ਧਾਰਣ ਕਰੀ ਰਖਿਆ। ਫਿਰ ਉਸਨੂੰ ਪੈਦਾ ਕੀਤਾ। ਪੈਦਾ ਕਰਨ ਮਗਰੋਂ ਉਸਨੇ ਉਸਦਾ ਮੂੰਹ ਪਾੜਿਆ। ਉਸਦਾ ਮੂੰਹ ਫਟਦੇ ਹੀ ਉਸ ਤੋਂ 'ਭਾਣ' ਦੀ ਆਵਾਜ਼ ਨਿਕਲੀ। ਇਸੇ ਨਾਲ ਵਾਕ ਦੀ ਉਤਪੱਤੀ ਹੋਈ। ਹੁਣ ਉਸਨੇ ਉਸ ਬਾਣੀ ਅਤੇ ਮਨ ਦੇ ਸੰਜੋਗ ਨਾਲ ਰਿਗ, ਸਾਮ, ਯਜੁਰਵੇਦ ਨੂੰ, ਛੰਦਾਂ ਨੂੰ ਅਤੇ ਇਹ ਜੋ ਪ੍ਰਜਾ ਅਤੇ ਪਸ਼ੂ ਹਨ, ਉਨ੍ਹਾਂ ਨੂੰ ਰਚਿਆ। ਪਰ ਪ੍ਰਜਾਪਤੀ ਆਪ ਹੀ ਮੌਤ ਰੂਪ ਹੈ, ਇਸ ਲਈ ਉਸਨੇ ਜਿਸ ਨੂੰ ਵੀ ਰਚਿਆ ਉਨ੍ਹਾਂ ਸਾਰਿਆਂ ਨੂੰ ਖਾਣ ਦਾ ਵਿਚਾਰ ਕੀਤਾ। ਇਸ ਲਈ ਮੌਤ ਨੂੰ ਹੀ 'ਅਦਿਤੀ' ਵੀ ਕਹਿੰਦੇ ਹਨ।

ਅਤੇ ਇਸ ਮੌਤ ਨੇ, ਸਤਿ ਅਤੇ ਅਸਤਿ ਦੋਹਾਂ ਦੇ ਇਸ ਅਭਾਵ ਨੇ, ਕੁਝ ਹੋਰ ਦਾ ਇਰਾਦਾ ਕੀਤਾ। ਜੋ ਹੈ ਹੀ ਨਹੀਂ ਉਹ ਸੋਚ ਸਕਦਾ ਹੈ ਕੀ? ਇਥੇ ਆ ਕੇ ਇਨ੍ਹਾਂ ਕਵੀਆਂ ਦੇ ਵੀ ਪ੍ਰੇਰਕ 'ਨਾਸਦੀਯ-ਸੂਕਤ' ਦੇ ਕਵੀ ਨੇ ਇਕ ਮੁਸੀਬਤ ਖੜੀ ਕਰ ਦਿੱਤੀ। ਪਰ ਆਰੰਭ ਤਾਂ ਕਿਤੋਂ ਹੋਣਾ ਸੀ। ਇਕ ਸਿਖਰਲੇ ਨੁਕਤੇ 'ਤੇ ਪਹੁੰਚ ਕੇ ਸਾਡੇ ਤਰਕ ਬੇਅਰਥ ਤਾਂ ਹੋ ਹੀ ਜਾਂਦੇ ਹਨ। ਸਾਡੀ ਮੋਟੀ ਬੁੱਧੀ ਸਾਡਾ ਸਾਥ ਨਹੀਂ ਦੇ ਸਕਦੀ। ਆਇਨਸਟਾਇਨ ਕਹਿੰਦੇ ਹਨ ਸਮੇਂ ਅਤੇ ਆਕਾਸ਼ ਦੋਹਾਂ ਦਾ ਅੰਤ ਹੈ ਪਰ ਉਹ ਏਨਾ ਵਿਰਾਟ ਹੈ ਕਿ ਇਸਦੀ ਅਸੀਂ ਕਲਪਨਾ ਤਕ ਨਹੀਂ ਕਰ ਸਕਦੇ। ਅੰਤ ਹੈ, ਪਰ ਨਹੀਂ ਹੈ। ਠੀਕ ਇਹੀ ਭਾਸ਼ਾ ਹੈ ਅਤੇ ਨਹੀਂ ਹੈ। ਅਤੇ ਇਹ ਭਾਸ਼ਾ ਜਾਂ-ਤਾਂ-ਇਹ-ਜਾਂ-ਉਹ ਵਾਲੀ ਅਨਿਸ਼ਚੇ ਵਾਲੀ ਭਾਸ਼ਾ ਵੀ ਨਹੀਂ ਹੈ। ਸਿੱਧਾ ਨਿਖੇਧ ਹੈ। ਇਹ ਵੀ ਨਹੀਂ ਅਤੇ ਉਹ ਵੀ ਨਹੀਂ। ਨਹੀਂ ਵੀ ਨਹੀਂ ਅਤੇ ਨਹੀਂ ਦਾ ਨਹੀਂ ਵੀ ਨਹੀਂ। ਨ ਇਤਿ ਨ ਇਤਿ। ਅਤੇ ਇਸ ਲਈ ਗਿਆਨ ਦਾ ਦਾਅਵਾ ਅਗਿਆਨ ਦਾ ਸੂਚਕ ਅਤੇ ਅਗਿਆਨ ਦੀ ਪ੍ਰਵਾਨਗੀ ਗਿਆਨ ਦਾ ਪ੍ਰਮਾਣ, ਕਿਉਂਕਿ ਇਥੇ ਗਿਆਨ ਦਾ ਅਰਥ ਹੀ ਨਾ-ਜਾਣਨ ਦਾ ਬੋਧ ਹੈ। ਇਸ ਲਈ ਇਹ ਕਹਿਣਾ ਕਿ ਮੌਤ ਦੇ ਮਨ ਵਿਚ, ਉਸ ਵਿਰਾਟ ਭੁਖ ਜਾਂ ਅਸ਼ਨਾਯਾ ਦੇ ਮਨ ਵਿਚ ਕੁਝ ਬਣਨ ਦਾ ਵਿਚਾਰ ਨਹੀਂ ਆ ਸਕਦਾ, ਓਨਾ ਹੀ ਔਖਾ ਹੈ ਜਿਵੇਂ ਇਹ ਵਿਚਾਰ ਕਿਵੇਂ ਅਤੇ ਕਿਉਂ ਆਇਆ ਹੋਵੇਗਾ। ਸਾਡੀ ਸਮਝ ਲਈ ਏਨਾ ਹੀ ਕਾਫ਼ੀ ਹੈ ਕਿ ਇਹ ਵਿਚਾਰ ਆਇਆ।

ਸ੍ਰਿਸ਼ਟੀ ਤੋਂ ਪਹਿਲਾਂ ਕੁਝ ਨਹੀਂ ਸੀ। ਹੋਂਦ ਤੋਂ ਪਹਿਲਾਂ ਹੋਂਦ ਦਾ ਅਭਾਵ ਸੀ। ਹੋਂਦ ਦੇ ਅਭਾਵ ਦਾ ਹੀ ਦੂਜਾ ਨਾਂ ਹੈ ਮੌਤ। ਜਦੋਂ ਕੁਝ ਨਹੀਂ ਤਾਂ ਮੌਤ ਹੀ ਸੀ। ਉਸ ਮਹਾਂ

ਅੰਧਕਾਰ ਵਾਂਗ ਜਿਸਨੂੰ ਵਿਗਿਆਨੀ ਬਲੈਕ ਹੋਲ ਜਾਂ ਹਨ੍ਹੇਰੀ-ਖੁਡ ਕਹਿੰਦੇ ਹਨ। ਜੋ ਆਪਣੇ ਪ੍ਰਬਲ ਭਾਰੀਪਨ ਕਰ ਕੇ ਪ੍ਰਕਾਸ਼ ਕਿਰਨਾਂ ਤਕ ਨੂੰ ਬਾਹਰ ਨਹੀਂ ਨਿਕਲਣ ਦਿੰਦਾ। ਜੋ ਆਪਣੇ ਸੰਘਣੇ ਦਬਾ ਕਾਰਣ, ਪਰਮ-ਪਦਾਰਥ ਨੂੰ ਉਬਲਣ ਤਕ ਨਹੀਂ ਦਿੰਦਾ। ਉਹ ਜਿਸਦਾ ਵਿਸਫੋਟ ਹੋਵੇ ਤਾਂ ਉਹ ਆਪਣੇ ਅਦ੍ਰਿਸ਼ ਆਕਾਰ ਦੇ ਹਜ਼ਾਰਾਂ ਲੱਖਾਂ ਗੁਣਾਂ ਦ੍ਰਿਸ਼ ਪਿੰਡ ਰੂਪਾਂ ਵਿਚ ਬਦਲ ਜਾਵੇ। ਯਾਗਵਲਕਯ ਅਤੇ ਉਨ੍ਹਾਂ ਦੇ ਯੁਗ ਲਈ ਹੀ ਨਹੀਂ, ਸਾਡੇ ਅੱਜ ਦੇ ਸਾਧਨ ਭਰਪੂਰ ਅਤੇ ਪਰਮ-ਗਿਆਨ ਦਾ ਦਾਵਾ ਕਰਨ ਵਾਲੇ ਯੁਗ ਲਈ ਵੀ ਉਹ ਨਾ ਇਤਿ, ਨਾ ਇਤਿ ਹੀ ਬਣਿਆ ਰਹਿ ਗਿਆ ਹੈ। ਸ੍ਰਿਸ਼ਟੀ ਦਾ ਆਰੰਭ ਕਿਵੇਂ ਹੋਇਆ? ਖੋਜ ਅੱਜ ਵੀ ਜਾਰੀ ਹੈ। ਜਦੋਂ ਕਿ ਉਹ ਆਰੰਭ ਖ਼ਤਮ ਨਹੀਂ ਹੋਇਆ ਹੈ ਅਤੇ ਉਹ ਮਹਾ ਸੱਤਾ ਪਰਮ ਵਿਓਮ (ਆਕਾਸ਼) ਵਿਚ ਅਜ ਵੀ ਆਪਣਾ ਵਿਸਥਾਰ ਕਰਦੀ ਜਾ ਰਹੀ ਹੈ। ਪਿੰਡ ਅਗਿਆਤ ਵੇਗ ਨਾਲ ਫੈਲਦੇ ਚਲੇ ਜਾ ਰਹੇ ਹਨ ਅਤੇ ਨਾਲ ਹੀ ਉਸ ਮਹਾਕਾਰ ਮੁਖ ਵਿਚ ਪੂਰੇ ਵੇਗ ਨਾਲ ਵਿਨਾਸ਼ ਲਈ ਦੌੜਦੇ ਜਾ ਰਹੇ ਹਨ। ਨਿਤ ਕਿੰਨੇ ਬ੍ਰਹਮੰਡ ਉਮਰ ਬਤੀਤ ਕਰ ਕੇ ਨਸ਼ਟ ਹੋ ਰਹੇ ਹਨ, ਪਿੰਡ ਤੋਂ ਮਹਾਚੂਰਣ ਵਿਚ ਬਦਲ ਕੇ ਮਹਾ ਵਿਓਮ ਵਿਚ ਗੁਲਾਲ ਦੀ ਤਰ੍ਹਾਂ ਖਿੰਡਦੇ ਜਾ ਰਹੇ ਹਨ। ਇਸਦਾ ਕੋਈ ਹਿਸਾਬ ਹੈ। ਸ੍ਰਿਸ਼ਟੀ ਦੇ ਆਦਿ ਬਿੰਦੂ ਨੂੰ ਲੈ ਕੇ ਸਿੱਧਾਂਤ ਬਣਦੇ ਹਨ ਪਰ ਯਾਗਵਲਕਯ ਦੀ ਭਾਸ਼ਾ ਵਿਚ ਕਹੀਏ ਤਾਂ ਉਨ੍ਹਾਂ ਨੂੰ ਸਥਾਨ ਅਤੇ ਪ੍ਰਤਿਸ਼ਠਾ ਨਹੀਂ ਮਿਲ ਸਕਦੀ। ਕੁਝ ਸਮੇਂ ਤਕ ਟਿਕੇ ਰਹਿੰਦੇ ਹਨ ਅਤੇ ਫਿਰ 'ਨਾ ਇਤਿ' ਵਿਚ ਬਦਲ ਜਾਂਦੇ ਹਨ। ਇਹ ਵੀ ਨਹੀਂ। ਇਸ ਵਿਆਖਿਆ ਦਾ ਕੋਈ ਅਰਥ ਹੈ? ਨਹੀਂ, ਇਹ ਵੀ ਨਹੀਂ। ਇਹ ਤਾਂ ਕਹਾਣੀ ਵੀ ਨਹੀਂ ਹੈ।

ਯਾਗਵਲਕਯ ਨੂੰ ਲੱਗਿਆ ਕੁਝ ਪ੍ਰਸ਼ਨਾਂ ਦਾ ਉੱਤਰ ਕੇਵਲ ਚੁੱਪ ਰਹਿਣ ਨਾਲ ਹੀ ਦਿੱਤਾ ਜਾ ਸਕਦਾ ਹੈ।

# ਸਾਖਿਆਤਕਾਰ ਆਤਮ-ਸਾਖਿਆਤਕਾਰ ਲਈ

ਸਾਖਿਆਤਕਾਰ ਸ਼ਬਦ ਬਹੁਤ ਹੀ ਭਰਮ ਪਾਉਣ ਵਾਲਾ ਹੈ। ਇਸ ਵਿਚ ਉਹ ਸ਼ਿਸ਼ਟਤਾ ਦਿਖਾਈ ਨਹੀਂ ਦਿੰਦੀ ਜੋ ਬ੍ਰਹਮ ਸਾਖਿਆਤਕਾਰ ਲਈ ਜ਼ਰੂਰੀ ਹੈ ਅਤੇ ਉਹ ਯਤਨ ਵੀ ਲੋਪ ਹੈ ਜੋ ਉਸ ਚੀਜ਼ ਦਾ ਸਾਖਿਆਤਕਾਰ ਕਰਨ ਲਈ ਕੀਤਾ ਜਾਂਦਾ ਹੈ, ਜਿਸਦਾ ਸਾਖਿਆਤਕਾਰ ਸੰਭਵ ਹੀ ਨਹੀਂ। ਤੱਤ-ਦਰਸ਼ਨ ਦੇ ਮਾਮਲੇ ਵਿਚ ਅਜਿਹਾ ਹੀ ਹੁੰਦਾ ਹੈ।

ਜੋ ਵੀ ਹੋਵੇ, ਪ੍ਰਾਚੀਨ ਕਾਲ ਵਿਚ ਇਕ ਸ਼ਿਸ਼ਟ-ਮੰਡਲ ਬਣ ਕੇ ਇਕ ਵਾਰ ਭਾਰਦਵਾਜ ਕੁਲ ਦੇ ਸੁਕੇਸ਼, ਸ਼ਿਵਿ ਕੁਲ ਦੇ ਸਤਿਕਾਮ, ਗਰਗਵੰਸ਼ੀ ਸੌਰਯਾਯਣੀ, ਕੋਸਲ ਨਿਵਾਸੀ ਆਸ਼ਵਲਾਯਨ, ਵਿਦਰਭ ਨਿਵਾਸੀ ਭਾਰਗਵ ਅਤੇ ਕਤ ਦੇ ਪੋਤੇ ਕਾਤਯਾਯਨ ਕਬੰਧੀ ਜੋ ਬ੍ਰਹਮ-ਵਿਦਿਆ ਵਿਚ ਪ੍ਰਕਾਂਡ ਸਨ, ਪਿੱਪਲਾਦ ਰਿਸ਼ੀ ਕੋਲ ਪਹੁੰਚੇ। ਉਹ ਪਿੱਪਲਾਦ ਦੇ ਗਿਆਨ ਦੀ ਪਰੀਖਿਆ ਲੈਣ ਨਹੀਂ ਗਏ ਸਨ। ਗਏ ਸਨ, ਉਹ ਆਪਣੀਆਂ ਉਨ੍ਹਾਂ ਸ਼ੰਕਾਵਾਂ ਦਾ ਨਿਵਾਰਣ ਕਰਨ ਲਈ ਜਿਨ੍ਹਾਂ ਦਾ ਨਿਵਾਰਣ ਉਨ੍ਹਾਂ ਦੇ ਆਪਣੇ ਚਿੰਤਨ ਅਤੇ ਆਪਸੀ ਵਿਚਾਰ ਵਟਾਂਦਰੇ ਨਾਲ ਨਹੀਂ ਹੋ ਸਕਿਆ ਸੀ।

ਪਿੱਪਲਾਦ, ਰਿਸ਼ੀ ਸੋਚਣ ਦਾ ਕੰਮ ਦੂਜਿਆਂ ਤੋਂ ਕੁਝ ਜ਼ਿਆਦਾ ਕਰ ਲੈਂਦੇ ਸਨ। ਖਾਣ ਦੀ ਚਿੰਤਾ ਨਹੀਂ ਸੀ। ਲਗਦਾ ਹੈ ਉਹ ਪਿੱਪਲ ਦਾ ਗੁੱਦਾ ਖਾ ਕੇ ਹੀ ਗੁਜ਼ਾਰਾ ਕਰ ਲੈਂਦੇ ਸਨ। ਕੋਈ ਹੋਰ ਝੰਝਟ ਨਾ ਹੋਣ ਕਰ ਕੇ ਬਸ ਗੁੱਦਾ ਖਾਇਆ ਅਤੇ ਸੋਚਣ ਲਗ ਪਏ। ਕੀ ਪਤਾ, ਖਾਂਦਿਆਂ-ਖਾਂਦਿਆਂ ਅਤੇ ਗੁੱਦੇ ਨੂੰ ਮੂੰਹ ਮਾਰਦਿਆਂ ਵੀ ਸੋਚੀਂ ਪਏ ਰਹਿੰਦੇ ਹੋਣ। ਆਪਣੀ ਘਰ ਵਾਲੀ ਨੂੰ ਕੀ ਖੁਆਉਂਦੇ ਸਨ ਅਤੇ ਜਿਨ੍ਹਾਂ ਮੌਸਮਾਂ ਵਿਚ ਗੁੱਦਾ ਨਹੀਂ ਪੱਕਿਆ ਹੁੰਦਾ ਸੀ, ਉਨ੍ਹਾਂ ਦਿਨਾਂ ਵਿਚ ਉਹ ਕੀ ਖਾਂਦੇ ਸਨ, ਇਸਦਾ ਸਾਨੂੰ ਵੀ ਪਤਾ ਨਹੀਂ ਹੈ। ਸੰਭਵ ਹੈ ਉਨ੍ਹਾਂ ਦੀ ਕੁਟੀਆ ਕਿਸੇ ਪਿੱਪਲਵਨ ਵਿਚ ਰਹੀ ਹੋਵੇ, ਜਿਥੇ ਹੋਰ ਕੁਝ ਮਿਲਦਾ ਹੀ ਨਾ ਹੋਵੇ ਪਰ ਗੁੱਦਾ ਇਤਨਾ ਜ਼ਿਆਦਾ ਮਿਲਦਾ ਰਿਹਾ ਹੋਵੇ ਕਿ ਇਸ ਨੂੰ ਇਕੱਠਾ ਕਰਕੇ ਅਤੇ ਸੁਕਾ ਕੇ ਪੂਰੇ ਸਾਲ ਲਈ ਰੱਖ ਲੈਂਦੇ ਹੋਣ। ਸੰਭਵ ਹੈ ਉਨ੍ਹਾਂ ਦਾ ਨਿਵਾਸ ਕਿਸੇ ਕੁਟੀਆ ਵਿਚ ਨਾ ਰਿਹਾ ਹੋਵੇ ਅਤੇ ਉਹ ਦਰਖਤ ਦੀ ਡਾਲੀ ਹੇਠਾਂ ਜਾਂ ਖੋਲ ਵਿਚ ਹੀ ਗੁਜ਼ਾਰਾ ਕਰ ਲੈਂਦੇ ਰਹੇ ਹੋਣ। ਬ੍ਰਹਮਵਾਦੀ ਉਪਦੇਸ਼ਕਾਂ ਬਾਰੇ ਤਾਂ ਇਹ ਨਿਸਚਿਤ ਕਰਨਾ ਵੀ ਕਠਿਨ ਹੈ ਕਿ ਉਹ ਮਨੁੱਖ ਸਨ ਜਾਂ ਮਨੁੱਖ ਤੋਂ ਭਿੰਨ ਪ੍ਰਾਣੀ।

ਆਪਣੇ ਸਾਦੇ ਜੀਵਨ ਅਤੇ ਕੁਝ ਦੂਜਿਆਂ ਦੇ ਮੁਕਾਬਲੇ ਉੱਚੇ ਵਿਚਾਰਾਂ ਕਾਰਣ ਉਨ੍ਹਾਂ ਦਾ ਨਾਂ ਚੌਹਾਂ ਪਾਸੇ ਪ੍ਰਸਿੱਧ ਹੋ ਚੁੱਕਿਆ ਸੀ ਅਤੇ ਇਨ੍ਹਾਂ ਬ੍ਰਹਮ-ਜਿਗਿਆਸੂਆਂ ਨੂੰ ਇਸ ਗੱਲ ਦੀ ਪੂਰੀ ਤਸੱਲੀ ਸੀ ਕਿ ਉਨ੍ਹਾਂ ਦੀਆਂ ਸ਼ੰਕਾਵਾਂ ਦਾ ਨਿਵਾਰਣ ਉਥੇ ਹੋ

ਜਾਵੇਗਾ।

ਉਹ ਹੱਥ ਵਿਚ ਜਿਗਿਆਸਾ ਦਾ ਪ੍ਰਤੀਕ ਸਮਿਧਾ (ਯੱਗ ਦੀ ਲਕੜੀ) ਲੈ ਕੇ ਪਿੱਪਲਾਦ ਰਿਸ਼ੀ ਕੋਲ ਪਹੁੰਚੇ। ਪਿੱਪਲਾਦ ਰਿਸ਼ੀ ਨੇ ਇਕੱਠੇ ਪ੍ਰਸ਼ਨਾਂ ਲਈ ਬੇਚੈਨ ਹੋਏ ਛੇ ਵਿਦਵਾਨਾਂ ਨੂੰ ਦੇਖਿਆ ਤਾਂ ਸਮਝ ਗਏ ਕਿ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਸ਼ਾਇਦ ਉਨ੍ਹਾਂ ਲਈ ਵੀ ਮੁਸ਼ਕਿਲ ਹੋਵੇਗਾ।

ਪਿੱਪਲਾਦ ਰਿਸ਼ੀ ਅੱਜ ਹੁੰਦੇ ਤਾਂ ਉਨ੍ਹਾਂ ਨੇ ਸਾਖਿਆਤਕਾਰਾਂ ਨੂੰ ਘੰਟੇ ਅੱਧੇ ਘੰਟੇ ਲਈ ਹੀ ਲਟਕਾਇਆ ਹੁੰਦਾ ਪਰ ਉਹ ਉਸ ਜ਼ਮਾਨੇ ਵਿਚ ਹੋਏ ਸਨ ਜਦੋਂ ਆਪਣੇ ਦੇਸ਼ ਵਿਚ ਸਮੇਂ ਦੀ ਘਾਟ ਨਹੀਂ ਸੀ। ਸਮਾਂ ਏਨੀ ਸੁਸਤ ਚਾਲ ਨਾਲ ਚਲਦਾ ਸੀ ਕਿ ਕਦੀ-ਕਦੀ ਇਸਨੂੰ ਤੇਜ਼ ਗਤੀ ਨਾਲ ਚਲਾਉਣ ਲਈ ਲੋਕ ਇਕ ਪੈਰ ਤੇ ਕਈ ਦਿਨ ਖੜ੍ਹੇ ਰਹਿੰਦੇ ਸਨ, ਕੰਡਿਆਂ ਉਤੇ ਬੈਠ ਜਾਂਦੇ ਸਨ, ਸਖਤ ਗਰਮੀ ਵਿਚ ਆਪਣੇ ਚੌਹਾਂ ਪਾਸੇ ਅੱਗ ਬਾਲ ਕੇ ਜਾਂ ਸਰਦੀ ਵਿਚ ਠੁਰਦੀ ਕਾਇਆ ਨੂੰ ਪੂਰੀ ਰਾਤ ਕਿਸੇ ਸਰੋਵਰ ਜਾਂ ਛਪੜ ਵਿਚ ਭਿਉਂ-ਭਿਉਂ ਕੇ ਆਪਣੀਆਂ ਸੰਵੇਦਨਾਵਾਂ ਨੂੰ ਤੇਜ਼ ਅਤੇ ਸਮੇਂ ਨੂੰ ਸੁਚੇਤ ਕਰਦੇ ਰਹਿੰਦੇ ਸਨ, ਅਤੇ ਫਿਰ ਵੀ ਸਮਾਂ ਨਹੀਂ ਕਟਦਾ ਸੀ। ਸਮੇਂ ਦੀ ਇਸ ਅਧਿਕਤਾ ਕਾਰਣ ਅੱਜ ਦਾ ਇਕ ਘੰਟਾ ਉਦੋਂ ਦੇ ਘੱਟੋ ਘੱਟ ਇਕ ਸਾਲ ਦੇ ਬਰਾਬਰ ਤਾਂ ਬੈਠਦਾ ਹੀ ਸੀ। ਅਸਚਰਜ ਨਹੀਂ ਕਿ ਪਿੱਪਲਾਦ ਰਿਸ਼ੀ ਨੇ ਇਨ੍ਹਾਂ ਜਿਗਿਆਸੂਆਂ ਨੂੰ ਕਿਹਾ, ''ਏਨੀ ਜਲਦੀ ਕੀ ਹੈ। ਪਹਿਲਾਂ ਆਪ ਇਕ ਸਾਲ ਤਕ ਮੇਰੇ ਆਸ਼੍ਰਮ ਵਿਚ ਰਹਿ ਕੇ ਤਪਸਿਆ ਕਰੋ, ਫਿਰ ਜੋ ਪੁਛਣਾ ਹੈ ਪੁਛ ਲੈਣਾ ਅਤੇ ਮੈਨੂੰ ਜੋ ਕੁਝ ਪਤਾ ਹੋਵੇਗਾ ਮੈਂ ਆਪ ਨੂੰ ਦੱਸ ਦਿਆਂਗਾ। ਆਪ ਦਾ ਕੰਮ ਹੋ ਗਿਆ ਤਾਂ ਠੀਕ, ਨਹੀਂ ਤਾਂ ਕਿਸੇ ਦੂਜੇ ਆਸ਼੍ਰਮ ਵਿਚ ਇਕ ਸਾਲ ਬਿਤਾ ਕੇ ਫਿਰ ਕਿਸੇ ਹੋਰ ਨੂੰ ਸਵਾਲ ਕਰਨ ਲਈ ਚਲੇ ਜਾਣਾ।''

ਇਹ ਗੱਲ ਪ੍ਰਸ਼ਨ ਕਰਨ ਲਈ ਬੇਚੈਨ ਜਿਗਿਆਸੂਆਂ ਨੂੰ ਪਸੰਦ ਆਈ। ਉਹ ਇਕ ਸਾਲ ਤਕ ਉਥੇ ਹੀ ਰਿਸ਼ੀ ਦੇ ਦੱਸੇ ਰਸਤੇ ਤੇ ਚਲਦੇ ਹੋਇਆਂ ਤਪਸਿਆ ਕਰਦੇ ਰਹੇ ਅਤੇ ਆਪਣੇ ਆਪ ਨੂੰ ਯਾਦ ਦਿਵਾਉਂਦੇ ਰਹੇ ਕਿ ਉਹ ਆਏ ਪ੍ਰਸ਼ਨ ਪੁੱਛਣ ਹੀ ਹਨ, ਤਪਸਿਆ ਕਰਨ ਨਹੀਂ, ਕਿ ਕਿਧਰੇ ਸਾਲ ਪੂਰਾ ਹੋਣ ਤਕ ਇਸ ਚਮਤਕਾਰੀ ਰਿਸ਼ੀ ਦੇ ਪ੍ਰਭਾਵ ਨਾਲ ਉਨ੍ਹਾਂ ਨੂੰ ਇਹ ਨਾ ਭੁਲ ਜਾਵੇ ਕਿ ਉਨ੍ਹਾਂ ਦੇ ਆਉਣ ਦਾ ਮਨੋਰਥ ਕੀ ਸੀ।

ਸਾਲ ਪੂਰਾ ਹੋਇਆ, ਤਾਂ ਉਹ ਰਿਸ਼ੀ ਕੋਲ ਆਪਣੀਆਂ ਸ਼ੰਕਾਵਾਂ ਦੇ ਸਮਾਧਾਨ ਲਈ ਪਹੁੰਚੇ। ਸਭ ਤੋਂ ਪਹਿਲਾਂ ਕਬੰਧੀ ਕਾਤਯਾਯਨ ਨੇ ਪ੍ਰਸ਼ਨ ਕੀਤਾ, ''ਮਹਾਰਾਜ, ਇਸ ਅਪਾਰ ਸੰਸਾਰ ਵਿਚ ਇਹ ਅਨੇਕ ਪ੍ਰਕਾਰ ਦੇ ਜੀਵ ਕਿਥੋਂ ਪੈਦਾ ਹੋ ਜਾਂਦੇ ਹਨ? ਇਨ੍ਹਾਂ ਦਾ ਪ੍ਰਤੱਖ ਕਾਰਣ ਤਾਂ ਸਾਰੇ ਜਾਣਦੇ ਹਨ ਕਿ ਜਨਮ ਲੈਣ ਵਾਲੇ ਸਾਰੇ ਪਦਾਰਥਾਂ ਦੀ ਉਤਪੱਤੀ ਕਿਵੇਂ ਹੁੰਦੀ ਹੈ। ਅਸੀਂ ਇਸਦਾ ਪਰਮ-ਕਾਰਣ ਜਾਣਨਾ ਚਾਹੁੰਦੇ ਹਾਂ। ਆਪ ਸਾਨੂੰ ਇਹ ਦੱਸੋ ਕਿ ਸਭ ਤੋਂ ਪਹਿਲਾਂ ਇਹ ਕਿਥੋਂ ਅਤੇ ਕਿਵੇਂ ਪੈਦਾ ਹੋਏ?

ਰਿਸ਼ੀ ਨੇ ਕਿਹਾ, ''ਉਹ ਜੋ ਆਦਿ-ਕਰਤਾ ਹੈ ਉਸ ਦੇ ਅੰਦਰ ਹੀ ਇਨ੍ਹਾਂ ਦੀ ਉਤਪੱਤੀ ਦੀ ਇੱਛਾ ਪੈਦਾ ਹੋਈ। ਬਿਨਾ ਸੰਕਲਪ ਅਤੇ ਵਿਚਾਰ ਦੇ ਤਾਂ ਕੁਝ ਹੁੰਦਾ ਨਹੀਂ। ਉਸਨੇ ਸੋਚਿਆ ਕਿ ਉਹ ਪ੍ਰਜਾਵਾਨ ਹੋਵੇ। ਉਸਦੀਆਂ ਸੰਤਾਨਾਂ ਹੋਣ ਅਤੇ ਪਰਿਵਾਰ ਦਾ ਵਿਸਥਾਰ ਹੋਵੇ। ਫਿਰ ਕੇਵਲ ਕਾਮਨਾ ਕਰਨ ਨਾਲ ਤਾਂ ਕੁਝ ਹੋ ਨਹੀਂ ਜਾਂਦਾ। ਇਸ ਲਈ ਮਿਹਨਤ

ਕਰਨੀ ਪੈਂਦੀ ਹੈ। ਖ਼ੂਨ ਪਸੀਨਾ ਇਕ ਕਰਨਾ ਪੈਂਦਾ ਹੈ। ਇਹ ਕੰਮ ਉਸ ਬ੍ਰਹਮ ਨੂੰ ਵੀ ਕਰਨਾ ਪਿਆ। ਉਸਨੇ ਮਿਹਨਤ ਕੀਤੀ। ਤਪਸਿਆ ਕੀਤੀ। ਲੰਮੇ ਸਮੇਂ ਤਕ ਜਫ਼ਰ ਜਾਲਦਾ ਰਿਹਾ। ਉਬਲਦਾ ਰਿਹਾ। ਫਿਰ ਉਸਨੇ ਰਯਿ ਜਾਂ ਭੋਗ ਪਦਾਰਥ ਅਤੇ ਪ੍ਰਾਣ ਬਣਾਏ। ਜਿਥੇ ਭੋਜਨ ਹੋਵੇਗਾ ਉਥੇ ਖਾਣ ਵਾਲਾ ਪਹੁੰਚ ਹੀ ਜਾਵੇਗਾ। ਬਿਨਾ ਭੋਜਨ ਦੇ ਜੀਵਨ ਸੰਭਵ ਹੀ ਨਹੀਂ। ਸੋ ਇਨ੍ਹਾਂ ਦੋਹਾਂ ਦੇ ਮੇਲ ਨਾਲ ਅਨੇਕਾਂ ਜੀਵ ਜੰਤੂਆਂ ਦਾ ਵਿਕਾਸ ਹੋਇਆ।''

ਕਬੰਧੀ ਦੇ ਮੁਖ ਤੋਂ ਹੀ ਲਗ ਰਿਹਾ ਸੀ ਕਿ ਪੂਰੀ ਤਰ੍ਹਾਂ ਜਾਂ ਤਾਂ ਉਸਦੇ ਪੱਲੇ ਗੱਲ ਪੈ ਨਹੀਂ ਰਹੀ ਸੀ ਜਾਂ ਉਸ ਨਾਲ ਤਸੱਲੀ ਨਹੀਂ ਸੀ ਹੋ ਰਹੀ। ਉਹ ਕਿਸੇ ਕਿਸੇ ਵੇਲੇ ਸਿਰ ਹਿਲਾ ਤਾਂ ਰਿਹਾ ਸੀ, ਪਰ ਕੁਝ ਇਸ ਤਰ੍ਹਾਂ ਮਾਨੋ ਉਸਦੀ ਗਲਤੀ ਨਾਲ ਹਿਲ ਜਾਂਦਾ ਹੋਵੇ ਅਤੇ ਉਸਨੂੰ ਸਥਿਰ ਕਰਕੇ ਉਹ ਆਪਣੀ ਗਲਤੀ ਦਾ ਸੁਧਾਰ ਕਰ ਲੈਂਦਾ ਹੋਵੇ। ਰਿਸ਼ੀ ਨੇ ਸਮਝ ਲਿਆ ਕਿ ਅਜੇ ਕੁਝ ਬੁਨਿਆਦੀ ਗੱਲਾਂ ਹੀ ਇਸਦੇ ਮਨ ਵਿਚ ਸਪਸ਼ਟ ਨਹੀਂ ਹਨ। ਕਹਿਣ ਲਗੇ, ''ਇਹ ਨਾ ਸਮਝ ਲੈਣਾ ਕਿ ਭੋਜਨ ਦੀ ਵਰਤੋਂ ਮੈਂ ਸਥੂਲ ਰੂਪ ਵਿਚ ਕਰ ਰਿਹਾ ਹਾਂ। ਮੈਂ ਇਹ ਨਹੀਂ ਕਹਿ ਰਿਹਾ ਕਿ ਪਹਿਲਾਂ ਜੀਵ-ਪਦਾਰਥ ਪੈਦਾ ਹੋ ਗਿਆ ਫਿਰ ਉਸੇ ਤੋਂ ਆਦਿ ਜੀਵ। ਭੌਤਿਕ ਜਗਤ ਵਿਚ ਵੀ ਖਾਧਿ ਪਦਾਰਥ ਅਤੇ ਖਾਣ ਵਾਲੇ ਦਾ ਤਰਕ ਚਲਦਾ ਹੈ। ਉਦਾਹਰਣ ਲਈ ਇਹ ਜੋ ਚੰਦ੍ਰਮਾ ਹੈ ਉਹ ਭਕਸ਼ਯ (ਖਾਧਿ ਪਦਾਰਥ) ਹੈ ਅਤੇ ਆਦਿਤਯ (ਸੂਰਜ) ਉਸਦਾ ਖਾਣ ਵਾਲਾ (ਭਕਸ਼ਕ)। ਸੋਮ ਭਕਸ਼ਯ ਹੈ ਆਦਿਤਯ ਭਕਸ਼ਕ। ਸੋਮ ਭੋਜਨ ਹੈ, ਅਗਨੀ ਭਕਸ਼ਕ।''

ਚੰਦ੍ਰਮਾ? ਕਬੰਧੀ ਨੂੰ ਸੰਤੋਸ਼ ਨਹੀਂ ਹੋ ਰਿਹਾ ਸੀ, ਫਿਰ ਵੀ ਪਤਾ ਨਹੀਂ ਕਿਉਂ ਉਸਨੇ ਆਪਣਾ ਵਾਕ ਵਿਚੋਂ ਹੀ ਰੋਕ ਲਿਆ। ਉਸਨੂੰ ਚਿੰਤਾ ਰਹੀ ਹੋਵੇਗੀ ਕਿ ਕਿਧਰੇ ਰਿਸ਼ੀ ਉਸਨੂੰ ਨਿਰਾ ਮੂਰਖ ਹੀ ਨਾ ਸਮਝ ਲੈਣ।

''ਇਹ ਚੰਦ੍ਰਮਾ ਵੀ ਭੋਜਨ ਹੀ ਹੈ, ਇਸ ਨੂੰ ਤਾਂ ਦੁੱਧ ਪੀਂਦੇ ਬੱਚਿਆਂ ਨੂੰ ਵੀ ਮਾਵਾਂ ਅਤੇ ਦੀਦੀਆਂ ਸਮਝਾ ਦਿੰਦੀਆਂ ਹਨ। ਚੰਦ ਅਤੇ ਚਾਂਦੀ ਅਤੇ ਦੁੱਧ-ਭਾਤ ਦਾ ਬੜਾ ਪੁਰਾਣਾ ਸੰਬੰਧ ਹੈ, ਇਸੇ ਲਈ ਮੁਹਾਵਰਾ ਘੜਨ ਵਾਲੇ ਤਕ ਕਿਸੇ ਦਾ ਸੋਨਾ ਨਹੀਂ, ਚਾਂਦੀ ਹੋਣ ਦੀ ਹੀ ਗੱਲ ਕਰਦੇ ਹਨ।''

ਰਿਸ਼ੀ ਦੇ ਵਿਨੋਦ ਨੇ ਸਮਝਾਇਆ ਘੱਟ ਤੇ ਉਲਝਾਇਆ ਜ਼ਿਆਦਾ। ਕਬੰਧੀ ਨੂੰ ਲੱਗਾ, ਰਿਸ਼ੀ ਸਾਤਵਿਕ ਅਤੇ ਸੰਤੋਸ਼ੀ ਜਿੰਨੇ ਵੀ ਬਣਦੇ ਹੋਣ, ਕਿਸੇ ਨਾ ਕਿਸੇ ਬਹਾਨੇ ਖਾਣ-ਪੀਣ ਦੀ ਗੱਲ 'ਤੇ ਹੀ ਆ ਜਾਂਦੇ ਹਨ। ਉਸਦੀ ਉਲਝਣ ਦਾ ਆਨੰਦ ਰਿਸ਼ੀ ਵੀ ਲੈ ਰਹੇ ਸਨ। ਕਹਿਣ ਲਗੇ, ''ਇਹ ਚੰਦ੍ਰਮਾ ਜੋ ਕ੍ਰਮਵਾਰ ਘਟਦਾ ਜਾਂਦਾ ਹੈ, ਉਹ ਇਸੇ ਲਈ ਕਿ ਆਦਿਤਯ ਦਾ ਉਹੀ ਆਹਾਰ ਹੈ। ਜਦੋਂ ਆਦਿਤਯ ਉਸ ਨੂੰ ਪੂਰੀ ਤਰ੍ਹਾਂ ਖਾ ਜਾਂਦੇ ਹਨ, ਤਦ ਉਹ ਦੁਬਾਰਾ ਪੈਦਾ ਹੁੰਦਾ ਹੈ। ਉਹ ਆਪ ਸੋਮ ਵੀ ਹੈ। ਅਮ੍ਰਿਤ ਭਰਿਆ ਹੈ ਉਸ ਵਿਚ। ਇਸੇ ਲਈ ਵੱਧ ਕੇ ਉਹ ਪੂਰਾ ਹੋ ਜਾਂਦਾ ਹੈ ਅਤੇ ਜਦੋਂ ਪੂਰਾ ਭਰ ਕੇ ਛਲਕਣ ਲਗਦਾ ਹੈ ਤਾਂ ਆਦਿਤਯ ਮੁੜ ਇਸਦੇ ਅਮ੍ਰਿਤ ਦਾ ਪਾਨ ਕਰਨਾ ਆਰੰਭ ਕਰ ਦਿੰਦੇ ਹਨ। ਇਸੇ ਤਰ੍ਹਾਂ ਜਦੋਂ ਧਰਤੀ ਵਾਲੇ ਸੋਮ ਨੂੰ ਕੜਾਹੇ ਉਤੇ ਚੜ੍ਹਾਇਆ ਜਾਂਦਾ ਹੈ ਤਾਂ ਉਸਦਾ ਰਸ ਸੜੀ ਜਾਂਦਾ ਹੈ। ਅਗਨੀ ਉਸ ਦੇ ਰਸ ਦਾ ਪਾਨ ਕਰੀ ਜਾਂਦੀ ਹੈ ਅਤੇ ਜੋ ਬਾਕੀ ਬਚ ਜਾਂਦਾ ਹੈ ਉਹ ਅਮ੍ਰਿਤ ਹੋ ਜਾਂਦਾ ਹੈ। ਜਲਦੀ ਨਾਲ ਖ਼ਰਾਬ ਨਹੀਂ ਹੁੰਦਾ

ਅਤੇ ਲੋੜ ਪੈਣ 'ਤੇ ਮੁੜ ਇਸ ਵਿਚ ਪਾਣੀ ਮਿਲਾ ਕੇ ਸੋਮ ਤਿਆਰ ਕੀਤਾ ਜਾ ਸਕਦਾ ਹੈ। ਇਸ ਨੂੰ 'ਜਲਗੁਲ' ਸੋਮ ਕਹਿੰਦੇ ਹਨ ਅਤੇ ਸੋਮ ਦੀ ਫਸਲ ਨਾ ਹੋਣ ਤੇ ਇੰਦਰ ਤਕ ਨੂੰ ਇਹੀ ਪੀਣਾ ਪੈਂਦਾ ਹੈ। ਹੁਣ ਇਥੇ ਚੰਦ੍ਰਮਾ ਭੋਜਨ ਹੈ ਤਾਂ ਆਦਿਤਯ ਪ੍ਰਾਣ। ਸੋਮ ਭੋਜਨ ਹੈ ਤਾਂ ਅਗਨੀ ਪ੍ਰਾਣ। ਭੋਜਨ ਦੇ ਉਪਸਥਿਤ ਹੁੰਦੇ ਹੀ ਇਸਦਾ ਭਕਸ਼ਕ ਪ੍ਰਾਣ ਅਤੇ ਪ੍ਰਾਣੀ ਪੈਦਾ ਹੋ ਹੀ ਜਾਂਦੇ ਹਨ। ਇਹੀ ਪੂਜਾ ਦੇ ਵਾਧੇ ਦਾ ਮੂਲ ਹੈ, ਪਰ ਇਹ ਹੈ ਸਭ ਕੁਝ ਉਸੇ ਦੀ ਇੱਛਾ ਦਾ ਸਿੱਟਾ ਇਸ ਚਰ ਅਤੇ ਅਚਰ ਵਿਚ ਜੋ ਕੁਝ ਵੀ ਮੂਰਤ ਹੈ ਉਹ ਰਯਿ (ਖਾਣ ਯੋਗ ਪਦਾਰਥ) ਹੈ, ਧਨ ਹੈ, ਭੋਗਣਯੋਗ ਵਸਤੂ ਹੈ ਅਤੇ ਜੋ ਅਮੂਰਤ ਹੈ ਉਹ ਪ੍ਰਾਣ ਹੈ, ਸ਼ਕਤੀ ਹੈ।''

''ਮੂਰਤ ਤਾਂ ਅਸੀਂ ਆਪ ਵੀ ਹਾਂ, ਰਿਸ਼ੀਵਰ। ਅਸੀਂ ਤਾਂ ਭੋਜਨ ਕਰਦੇ ਹਾਂ। ਅਸੀਂ ਤਾਂ ਪ੍ਰਾਣ-ਯੁਕਤ ਹਾਂ। ਪ੍ਰਾਣੀ ਹਾਂ।''

''ਅਸੀਂ ਮੂਰਤ ਹਾਂ ਤਾਂ ਕਿਸੇ ਨਾ ਕਿਸੇ ਦੇ ਭੋਜਨ ਵੀ ਤਾਂ ਹਾਂ। ਪ੍ਰਾਣੀ ਹਾਂ ਤਾਂ ਕਿਸੇ ਦਾ ਭੋਜਨ ਅਸੀਂ ਵੀ ਕਰਦੇ ਹਾਂ। ਇਹੀ ਤਾਂ ਚੱਕਰ ਹੈ। ਇਕ ਪ੍ਰਾਣੀ ਦੂਜੇ ਦਾ ਭੋਜਨ ਹੈ। ਸਾਗ ਵਾਂਗੂ ਅਸੀਂ ਵੀ ਪਚਾਣਯੋਗ ਅਤੇ ਅੰਨ ਹਾਂ, ਕਿਸੇ ਦੇ। ਇਕ ਪਦਾਰਥ ਦੂਜੇ ਦਾ ਭੋਜਨ ਹੈ। ਉਸ ਨੂੰ ਪਚਾ ਕੇ ਆਪਣੇ ਰੂਪ ਵਿਚ ਢਾਲ ਲੈਂਦਾ ਹੈ।''

''ਫਿਰ ਪ੍ਰਾਣ?'' ਉਹ ਕਿਥੋਂ ਆਇਆ ਤੇ ਕਿਥੇ ਚਲਾ ਜਾਂਦਾ ਹੈ।''

''ਦੱਸਿਆ ਤਾਂ ਹੈ। ਇਹ ਆਦਿਤਯ ਹੀ ਪ੍ਰਾਣ ਹੈ। ਉਸੇ ਦੀਆਂ ਕਿਰਣਾਂ ਹੀ ਸਾਰੇ ਪ੍ਰਾਣੀਆਂ ਵਿਚ ਪ੍ਰਾਣ ਬਣ ਕੇ ਮੌਜੂਦ ਹਨ। ਜਦੋਂ ਇਹ ਆਦਿਤਯ ਚੜ੍ਹਦਾ ਹੈ ਤਾਂ ਪੂਰਬ ਦਿਸ਼ਾ ਵਿਚ ਪ੍ਰਵੇਸ਼ ਕਰਦਾ ਹੈ। ਉਸ ਵੇਲੇ ਉਹ ਪੂਰਬ ਦਿਸ਼ਾ ਦੇ ਪ੍ਰਾਣਾਂ ਨੂੰ ਆਪਣੀਆਂ ਕਿਰਣਾਂ ਵਿਚ ਧਾਰਣ ਕਰਦਾ ਹੈ। ਇਸੇ ਤਰ੍ਹਾਂ ਦੱਖਣ, ਪੱਛਮ ਅਤੇ ਉੱਤਰ ਦਿਸ਼ਾਵਾਂ ਵਿਚ ਜਾ ਕੇ ਉਹ ਉਨ੍ਹਾਂ ਸਾਰੀਆਂ ਦਿਸ਼ਾਵਾਂ ਦੇ ਪ੍ਰਾਣਾਂ ਨੂੰ ਪ੍ਰਕਾਸ਼ਿਤ ਕਰਦਾ ਹੋਇਆ ਆਪਣੀਆਂ ਕਿਰਣਾਂ ਵਿਚ ਧਾਰਣ ਕਰਦਾ ਹੈ ਅਤੇ ਫਿਰ ਇਹ ਜੋ ਵੈਸ਼ਵਾਨਰ ਹੈ, ਉਹ ਸਾਰਿਆਂ ਦੇ ਅੰਦਰ ਪੇਟ ਦੀ ਅਗਨੀ ਦੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਇਹ ਵਿਸ਼ਵਰੂਪ ਪ੍ਰਾਣ ਹੈ। ਇਹ ਸੂਰਜ ਦਾ ਹੀ ਰੂਪ ਹੈ ਅਤੇ ਇਸੇ ਨੂੰ ਹੀ ਸੂਰਜ ਆਪਣੀਆਂ ਕਿਰਣਾਂ ਨਾਲ ਸਾਡੇ ਅੰਦਰ ਸਥਿਤ ਕਰਦਾ ਹੈ।'' ਇਸ ਵਿਆਖਿਆ ਤੋਂ ਬਾਅਦ ਰਿਸ਼ੀ ਆਪਣਾ ਰਚਿਆ ਹੋਇਆ ਇਕ ਸ਼ਲੋਕ ਮੌਜ ਵਿਚ ਆ ਕੇ ਗਾਣ ਲਗੇ ਜੋ ਇਸੇ ਗੱਲ ਨੂੰ ਹੋਰ ਵੀ ਸਪਸ਼ਟ ਰੂਪ ਵਿਚ ਪੇਸ਼ ਕਰਦਾ ਸੀ –

**ਵਿਸ਼ਵਰੂਪੰ ਹਰਿਣੰ ਜਾਤਵੇਦਸੰ ਪਰਾਯਣੰ ਜਯੋਤਿਰੇਕੰ ਤਪੰਤਮ।**
**ਸਹਸ੍ਰਰਸ਼੍ਮਿਛ ਸ਼ਤਧਾ ਵਰਤਮਾਨਃ ਪ੍ਰਾਣਃ ਪ੍ਰਜਾਨਾਂ ਉਦਯਤਿ ਏਸ਼ ਸੂਰਯਃ।**

ਜਦੋਂ ਉਨ੍ਹਾਂ ਨੇ ਸੂਰਜ ਦੀ ਕੁਝ ਅਜਿਹੀ ਵਿਆਖਿਆ ਕੀਤੀ ਕਿ ਸਾਲ ਦੀਆਂ ਪੰਜ ਰੁੱਤਾਂ ਉਸ ਸੂਰਜ ਦੀਆਂ ਪੰਜ ਇੰਦ੍ਰੀਆਂ ਹੋ ਗਈਆਂ। ਛੇ ਰੁੱਤਾਂ ਦਾ ਗਿਆਨ ਰੱਖਣ ਵਾਲੇ ਅਸਾਂ ਲੋਕਾਂ ਨੂੰ ਹੇਮੰਤ (ਮਘਰ-ਪੋਹ) ਅਤੇ ਸ਼ਿਸ਼ਿਰ (ਮਾਘ ਅਤੇ ਫਗਣ) ਨੂੰ ਮਿਲਾ ਕੇ ਇਕ ਬਣਾ ਦੇਣ ਵਾਲੇ ਉਪਨਿਸ਼ਦਕਾਰਾਂ ਵਲੋਂ ਪੰਜ ਰੁੱਤਾਂ ਦਾ ਇਹ ਵਿਧਾਨ ਕੁਝ ਅਜੀਬ ਜਿਹਾ ਲਗੇਗਾ ਪਰ ਜੋ ਸੀ, ਉਹ ਸੀ। ਉਹ ਹੀ ਇਨ੍ਹਾਂ ਮਹੀਨਿਆਂ ਨੂੰ ਵਖ ਕਰਕੇ ਛੇ ਦੀ

ਵੀ ਗਿਣਤੀ ਕਰ ਲੈਂਦੇ ਸਨ। ਲੋੜ ਕਾਢ ਦੀ ਮਾਂ ਤਾਂ ਹੈ ਹੀ, ਤਿਆਗ ਦੀ ਵੀ ਜਨਨੀ ਹੈ। ਸਾਲ ਦੇ ਬਾਰ੍ਹਾਂ ਮਹੀਨਿਆਂ ਨਾਲ ਉਸ ਆਦਿਤਯ ਦੀ ਸੂਰਤ ਦਾ ਨਿਰਮਾਣ ਹੋ ਗਿਆ, ਉਸਦਾ ਰੇਤਸ (ਵੀਰਜ) ਆਕਾਸ਼ ਵਿਚ ਸਥਿਤ ਜਲ ਹੋ ਗਿਆ, ਅਤੇ ਉਹ ਸੱਤ ਰੰਗਾਂ ਦੀਆਂ ਕਿਰਣਾਂ ਦੇ ਚੱਕਿਆ ਅਤੇ ਪ੍ਰਾਚੀਨ ਕ੍ਰਮ ਤੋਂ ਪਹਿਲਾਂ ਪੰਜ ਗਿਣਾਈਆਂ ਗਈਆਂ ਛੇ ਰੁੱਤਾਂ ਦੇ ਅਰਾਂ ਵਾਲੇ ਰੱਥ 'ਤੇ ਸਵਾਰ ਹੋ ਗਿਆ।

ਫਿਰ ਉਨ੍ਹਾਂ ਨੇ ਸਾਲ ਦੀ ਥਾਂ ਤੇ ਮਹੀਨੇ ਨੂੰ ਪ੍ਰਜਾਪਤੀ ਦੱਸਿਆ ਜਿਸ ਵਿਚ ਕ੍ਰਿਸ਼ਣ (ਹਨੇਰਾ) ਪੱਖ ਰਯਿ ਜਾਂ ਆਹਾਰ ਹੋ ਗਿਆ, ਸ਼ੁਕਲ (ਚਾਨਣਾ) ਪੱਖ ਪ੍ਰਾਣ ਹੋ ਗਿਆ। ਇਸ ਨਾਲ ਇਹ ਵੀ ਪ੍ਰਗਟ ਹੋ ਗਿਆ ਕਿ ਕਿਉਂ ਕੁਝ ਰਿਸ਼ੀ ਕ੍ਰਿਸ਼ਣ ਪੱਖ ਵਿਚ ਯੱਗ ਆਦਿ ਦੀ ਵਿਵਸਥਾ ਕਰਦੇ ਹਨ ਅਤੇ ਕੁਝ ਦੂਜੇ ਸ਼ੁਕਲ ਪੱਖ ਵਿਚ।

ਇਸ ਨੂੰ ਹੋਰ ਵੀ ਹੇਠਾਂ ਲਿਆਉਂਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਦਿਨ ਅਤੇ ਰਾਤ ਦਾ ਜੋੜਾ ਜਾਂ ਅਹੋਰਾਤ੍ਰ ਵੀ ਪ੍ਰਜਾਪਤੀ ਹਨ। ਇਸ ਵਿਚ ਦਿਨ ਪ੍ਰਾਣ ਅਤੇ ਰਾਤ ਰਯਿ ਹੋ ਗਈ। ਇਥੇ ਪਿੱਪਲਾਦ ਨੇ ਦੱਸਿਆ ਕਿ ਇਹੀ ਕਾਰਣ ਹੈ ਕਿ ਦਿਨ ਵਿਚ ਇਸਤਰੀ ਨਾਲ ਸਹਿਵਾਸ ਕਰਨ ਵਾਲੇ ਆਪਣੇ ਪ੍ਰਾਣਾਂ ਨੂੰ ਹੀ ਛੀਣ ਕਰਦੇ ਹਨ। ਜੇ ਇਹੀ ਸਹਿਵਾਸ ਰਾਤ ਵੇਲੇ ਕੀਤਾ ਜਾਵੇ ਤਾਂ ਉਹ ਵੀ ਬ੍ਰਹਮਚਰਯ ਹੀ ਹੈ – **ਬ੍ਰਹਮਚਰਯੰ ਏਵੰ ਤਤ ਯਤ ਰਾਤ੍ਰੌ ਰਤਯਾ ਸੰਯੁਜਯੰਤੇ।**

ਉਨ੍ਹਾਂ ਨੇ ਅੱਗੋਂ ਦੱਸਿਆ ਕਿ ਅੰਨ ਹੀ ਪ੍ਰਜਾਪਤੀ ਹੈ ਕਿਉਂਕਿ ਇਸੇ ਨਾਲ ਵੀਰਜ ਪੈਦਾ ਹੁੰਦਾ ਹੈ, ਜਿਸ ਨਾਲ ਸਾਰੀ ਪ੍ਰਜਾ ਉਤਪੰਨ ਹੁੰਦੀ ਹੈ। ਅੰਤਿਮ ਸਿੱਟੇ ਵਜੋਂ ਉਨ੍ਹਾਂ ਨੇ ਬ੍ਰਹਮ-ਪ੍ਰਾਪਤੀ ਦਾ ਇਕ ਸਰਲ ਉਪਾਉ ਇਹ ਦੱਸਿਆ ਕਿ ਜੋ ਲੋਕ ਪ੍ਰਜਾ-ਪਤਿ ਬ੍ਰਤ ਦਾ ਪਾਲਣ ਕਰਦੇ ਹਨ ਅਤੇ ਕੇਵਲ ਸੰਤਾਨ ਲਾਭ ਲਈ ਇਸਤਰੀ ਨਾਲ ਸੰਯੋਗ ਕਰਦੇ ਹਨ ਉਨ੍ਹਾਂ ਦਾ ਹੀ ਬ੍ਰਹਮ-ਲੋਕ ਹੈ। ਉਨ੍ਹਾਂ ਦਾ ਇਹ ਬ੍ਰਤ ਹੀ ਬ੍ਰਹਮਚਰਯ ਹੈ, ਉਹ ਸਤਿ ਵਿਚ ਸਥਿਰ ਹਨ ਅਤੇ ਸਤਿ ਉਨ੍ਹਾਂ ਵਿਚ ਸਥਿਰ ਹੈ। ਅਤੇ ਉਹ ਉਸ ਲੋਕ ਵਿਚ ਪਹੁੰਚਦੇ ਹਨ ਜਿਸ ਵਿਚ ਨਾ ਛਲ ਹੈ, ਨਾ ਝੂਠ, ਨਾ ਮਾਇਆ।

ਇਸ ਤਰ੍ਹਾਂ ਉਨ੍ਹਾਂ ਨੇ ਉਤਪੱਤੀ ਦੇ ਇਸ ਕ੍ਰਮ ਨੂੰ ਜੋ ਪ੍ਰਜਾਪਤੀ ਬ੍ਰਹਮ ਤੋਂ ਆਰੰਭ ਹੋ ਕੇ ਪ੍ਰਜਾ ਦੇ ਵਾਧੇ ਵਿਚ ਪੂਰੀ ਤਰ੍ਹਾਂ ਲਗੇ ਲੋਕਾਂ ਤਕ ਆਉਂਦਾ ਹੈ, ਇਕ ਯੱਗ ਦੇ ਰੂਪ ਵਿਚ ਪੇਸ਼ ਕਰ ਦਿੱਤਾ।

ਹੁਣ ਵਿਦਰਭ ਤੋਂ ਆਏ ਭਾਰਗਵ ਨੇ ਪਿੱਪਲਾਦ ਨੂੰ ਪ੍ਰਸ਼ਨ ਕੀਤਾ, "ਮਹਾਰਾਜ, ਕਿੰਨੇ ਦੇਵ ਪਰਜਾ ਨੂੰ ਧਾਰਣ ਕਰਦੇ ਹਨ, ਕਿੰਨੇ ਉਸਨੂੰ ਪ੍ਰਕਾਸ਼ਿਤ ਕਰਦੇ ਹਨ। ਅਤੇ ਇਨ੍ਹਾਂ ਦੋਹਾਂ ਵਿਚ ਸ੍ਰੇਸ਼ਠ ਕੌਣ ਹੈ?

ਪਿੱਪਲਾਦ ਨੇ ਕਿਹਾ, 'ਆਕਾਸ਼, ਵਾਯੂ, ਅਗਨੀ, ਜਲ ਪ੍ਰਿਥਵੀ, ਵਾਕ (ਬਾਣੀ), ਮਨ, ਚਕਸ਼ੂ (ਅੱਖਾਂ), ਕੰਨ ਇਹ ਸਾਰੇ ਦੇਵਤੇ ਹਨ ਇਨ੍ਹਾਂ ਇੰਦ੍ਰੀਆਂ ਰਾਹੀਂ ਹੀ ਭੂਤ-ਦੇਵ ਆਪਣੀ ਸ਼ਕਤੀ ਪ੍ਰਕਾਸ਼ਿਤ ਕਰਦੇ ਹਨ। ਇਨ੍ਹਾਂ ਵਿਚ ਸ੍ਰੇਸ਼ਠ ਕੌਣ ਹੈ? ਇਸ ਬਾਰੇ ਤਾਂ ਕਹਾਣੀ ਹੈ। ਕਹਿੰਦੇ ਹਨ ਪਹਿਲਾਂ ਇਨ੍ਹਾਂ ਵਿਚਕਾਰ ਆਪਣੀ ਸ੍ਰੇਸ਼ਠਤਾ ਸਥਾਪਿਤ ਕਰਨ ਦੀ ਹੋੜ ਜਿਹੀ ਲਗ ਗਈ। ਫਿਰ ਇਨ੍ਹਾਂ ਵਿਚ ਜੋ ਸਾਰਿਆਂ ਤੋਂ ਸ੍ਰੇਸ਼ਠ ਪ੍ਰਾਣ ਹੈ, ਉਸਨੇ ਸਮਝਾਇਆ

ਕਿ ਬੇਅਰਥ ਦੀ ਹੋੜ ਕਿਉਂ ਕਰਦੇ ਹੋ। ਮੈਂ ਤੁਹਾਡੇ ਸਾਰਿਆਂ ਵਿਚੋਂ ਸ੍ਰੇਸ਼ਠ ਹਾਂ। ਮੈਂ ਹੀ ਤੁਹਾਨੂੰ ਸਾਰਿਆਂ ਨੂੰ ਆਸਰਾ ਦੇ ਕੇ ਉਸੇ ਤਰ੍ਹਾਂ ਧਾਰਣ ਕਰਦਾ ਹਾਂ ਜਿਵੇਂ ਕੋਈ ਧਨੁਸ਼ਧਾਰੀ ਬਾਣ ਨੂੰ ਧਾਰਣ ਕਰਦਾ ਹੈ। ਉਸਦੇ ਸਮਝਾਉਣ ਨਾਲ ਵੀ ਕਿਸੇ ਨੇ ਉਸਦੀ ਗੱਲ ਉਤੇ ਯਕੀਨ ਨਹੀਂ ਕੀਤਾ ਤਾਂ ਉਸਨੇ ਸਰੀਰ ਨੂੰ ਛੱਡਣ ਦਾ ਨਿਸਚਾ ਕੀਤਾ। ਉਸਦੇ ਨਾਲ ਹੀ ਦੂਜੀਆਂ ਸਾਰੀਆਂ ਇੰਦ੍ਰੀਆਂ ਲਈ ਠਹਿਰਨਾ ਵੀ ਅਸੰਭਵ ਹੋ ਗਿਆ। ਉਹ ਵੀ ਨਿਕਲਣ ਲਗੀਆਂ। ਫਿਰ ਉਨ੍ਹਾਂ ਨੇ ਉਸਦੀ ਸ੍ਰੇਸ਼ਠਤਾ ਮੰਨ ਲਈ।

ਪਿੱਪਲਾਦ ਨੇ ਕਿਹਾ, ਇਸ ਲਈ ਸਾਰੇ ਸ਼ਾਸਤ੍ਰਾਂ ਅਤੇ ਧਰਮ-ਗ੍ਰੰਥਾਂ ਅਤੇ ਧਰਮਾਂ, ਸਾਰੇ ਜਾਤੀਗਤ ਭੇਦਾਂ ਅਤੇ ਧਾਰਮਿਕ ਵਿਵਸਥਾਵਾਂ ਅਤੇ ਅਨੁਸ਼ਠਾਨਾਂ ਦਾ ਆਧਾਰ ਜੀਵਨ ਹੀ ਹੈ। ਇਹ ਪ੍ਰਾਣ ਹੀ ਪਹੀਏ ਦੀ ਨਾਭ ਹੈ ਜਿਸ ਵਿਚ ਅਰਿਆਂ ਵਾਂਗ ਇਹ ਸਾਰੇ ਜੁੜੇ ਹੋਏ ਹਨ। ਇਹ ਸਮਝਾ ਕੇ ਇਸੇ ਆਸ਼ੇ ਦਾ ਇਕ ਸ਼ਲੋਕ ਪੜ੍ਹਨ ਲੱਗੇ –

**ਅਰਾ ਇਵ ਰਥਨਾਭੌ ਪ੍ਰਾਣੇ ਸਰਵੰ ਪ੍ਰਤਿਸ਼ਠਿਤਮ।**
**ਰਿਚੋ ਯਜੂੰਸ਼ਿ ਸਾਮਾਨਿ ਯਗਯ: ਕਸ਼ਤ੍ਰੰ ਚ ਬ੍ਰਹਮ ਚ।**

ਪਿੱਪਲਾਦ ਨੇ ਕਿਹਾ, "ਪ੍ਰਜਾਪਤੀ ਕਿਧਰੇ ਬਾਹਰ ਨਹੀਂ, ਉਹ ਤਾਂ ਤੇਰੇ ਅੰਦਰ ਹੀ ਹਨ। ਤੂੰ ਹੀ ਉਸ ਦੇ ਮਾਤਾ ਤੇ ਪਿਤਾ ਹੋ। ਤੇਰੇ ਅੰਦਰੋਂ ਹੀ ਤਾਂ ਉਹ ਪੈਦਾ ਹੁੰਦੇ ਹਨ। ਸਾਰੇ ਪ੍ਰਾਣੀ ਜਿਸਨੂੰ ਬਲੀਆਂ ਦਿੰਦੇ ਹਨ, ਉਹ ਤੁਸੀਂ ਤਾਂ ਹੋ ਸੋ ਇਸ ਪ੍ਰਾਣ ਦੇ ਨਾਲ ਪ੍ਰਤਿਸ਼ਠਿਤ ਹੋ। ਉਹ ਫਿਰ ਇਸੇ ਆਸ਼ੇ ਦਾ ਸ਼ਲੋਕ ਗਾਉਣ ਲਗੇ :

**ਪ੍ਰਜਾਪਤਿ: ਚਰਸਿ ਗਰਭੇ ਤਵਮੇਵ ਪ੍ਰਤਿਜਾਯਸੇ।**
**ਤੁਭਯੰ ਪ੍ਰਾਣ ਪ੍ਰਜਾਸਤਵਿਮਾ ਬਲਿੰ ਹਰੰਤਿ ਯ: ਪ੍ਰਾਣੈ: ਪ੍ਰਿਤਤਿਸ਼ਠਸਿ।**

ਸੰਭਵ ਹੈ ਉਨ੍ਹਾਂ ਨੇ ਆਪਣੇ ਪ੍ਰਵਚਨ ਨਾਲ ਮੁਗਧ ਹੋ ਕੇ ਤੁਰਤ ਸਲੋਕ ਘੜਨਾ ਸ਼ੁਰੂ ਕਰ ਦਿੱਤਾ ਹੋਵੇ, ਇਸ ਲਈ ਕੁਝ ਗੜਬੜਾ ਰਿਹਾ ਸੀ, ਪਰ ਉਨ੍ਹਾਂ ਦੇ ਵਿਚਾਰ ਇਸ ਵਿਚ ਪ੍ਰਗਟ ਹੋ ਗਏ, ਏਨਾ ਹੀ ਕਾਫ਼ੀ ਸੀ। ਉਹ ਹੁਣ ਕਿਸੇ ਨੂੰ ਸਮਝਾ ਨਹੀਂ ਰਹੇ ਸਨ। ਜੀਵਨ ਦੀ ਮਹਾਨਤਾ 'ਤੇ ਝੂੰਮਦੇ ਹੋਇਆਂ ਗਾ ਰਹੇ ਸਨ ਜਿਸਦਾ ਆਸ਼ਾ ਸੀ ਕਿ ਪ੍ਰਾਣ ਤੂੰ ਹੀ ਦੇਵਤਿਆਂ ਲਈ ਸਰਬ ਸ੍ਰੇਸ਼ਠ ਵਹਿਨ (ਸੋਮ) ਹੈ, ਪਿਤਰਾਂ ਲਈ ਪ੍ਰਥਮ ਸਵਧਾ (ਕੁਟੰਬ) ਹੈ, ਅਥਰਵਾਂਗਿਰਸ ਆਦਿ ਰਿਸ਼ੀਆਂ ਨੇ ਜਿਸ ਸੱਚ ਦਾ ਆਚਰਣ ਕੀਤਾ ਹੈ ਉਹ ਸੱਚ ਵੀ ਤੂੰ ਹੀ ਹੈਂ। ਤਾਂ ਹੀ ਤੇਜਸਵੀ ਇੰਦਰ ਹੈਂ, ਆਪਣੇ ਰਖਿਆ ਕਰਮ ਕਰ ਕੇ ਤੂੰ ਹੀ ਰੁਦ੍ਰ ਹੈਂ, ਅੰਤਰਿਕਸ਼ (ਖਗੋਲ) ਵਿਚ ਚਲਣ ਵਾਲਾ ਵਾਯੂ ਅਤੇ ਪ੍ਰਕਾਸ਼ ਸਮੁੱਚਾਂ ਵਿਚ ਸ੍ਰੇਸ਼ਠਤਮ ਸੂਰਜ ਤੂੰ ਹੀ ਹੈ :

**ਦੇਵਾਨਾਂ ਅਸਿ ਵਹਿਨਤਮ: ਪਿਤ੍ਰਿਣਾਂ ਪ੍ਰਥਮਾ ਸਵਧਾ।**
**ਰਿਸ਼ੀਣਾਂ ਚਰਿਤੰ ਸਤਯੰ ਅਥਰਵਾਂਗਿਰਾਸਾਂ ਅਸਿ।**
**ਇੰਦ੍ਰ: ਤਵੰ ਪ੍ਰਾਣ ਤੇਜਸਾ ਰੁਦ੍ਰ: ਅਸਿ ਪਰਿਰਕਸ਼ਿਤਾ।**
**ਤਵੰ ਅੰਤਰਿਕਸ਼ੇ ਚਰਸਿ ਸੂਰਯ: ਤਵੰ ਜਯੋਤਿਸ਼ਾਂ ਪਤਿ:।**

ਰਿਸ਼ੀ ਮੁਗਧ ਸਨ। ਉਹ ਗਾਉਂਦੇ ਜਾ ਰਹੇ ਸਨ ਪ੍ਰਾਣ ਦੀ ਮਹਿਮਾ। ਉਹੀ ਤਾਂ ਉਪਰ ਉਠ ਕੇ ਵਰਖਾ ਬਣ ਕੇ ਵਰ੍ਹਦਾ ਹੈ। ਅੰਨ ਬਣ ਜਾਂਦਾ ਹੈ। ਜੀਵਨ ਨੂੰ ਧਾਰਣ ਕਰਦਾ ਹੈ।

ਪਰ ਉਨ੍ਹਾਂ ਦੇ ਆਨੰਦ ਦਾ ਚਰਮ-ਬਿੰਦੂ ਇਹ ਸੀ ਕਿ ਪ੍ਰਾਣ ਤੂੰ ਕਿਸੇ ਪਰਮ ਨੂੰ ਨਹੀਂ ਮੰਨਦਾ। ਵ੍ਰਾਤਯ (ਸੰਸਕਾਰ-ਰਹਿਤ) ਹੈ ਤੂੰ। ਸਾਰੇ ਸੰਸਕਾਰਾਂ ਤੋਂ ਮੁਕਤ। ਸਾਰੇ ਧਰਮਾਂ ਤੋਂ ਉਪਰ। ਕਿਸੇ ਧਾਰਮਿਕ ਬੰਧਨ ਨੂੰ ਨਾ ਮੰਨਦਿਆਂ ਹੋਇਆਂ ਵੀ ਤੂੰ ਹੀ ਇਕੱਲਾ ਸਾਰਿਆਂ ਤੋਂ ਵੱਡਾ ਰਿਸ਼ੀ ਹੈਂ, ਵਿਸ਼ਵ ਦਾ ਸੁਆਮੀ ਹੈ : ਵ੍ਰਾਤਯ: ਤਵੰ ਪ੍ਰਾਣ ਏਕੰ ਰਿਸ਼ਿ: ਅੱਤਾ ਵਿਸ਼ਵਸਯ ਸਤਪਤਿ:। ਅਤੇ ਅੰਤ ਵਿਚ ਉਹ ਇਸ ਪ੍ਰਾਣ ਨਾਲ ਮਾਨਵਤਾ ਦੀ ਰਖਿਆ ਦੀ, ਮਨੁੱਖ ਦੀ ਸੁਬੁੱਧੀ ਅਤੇ ਸ਼ੋਭਾ ਦੀ ਰਖਿਆ ਦੀ ਪ੍ਰਾਰਥਨਾ ਕਰਦੇ ਹੋਇਆਂ ਚੁੱਪ ਹੋ ਗਏ। ਵਿਦਰਭੀ ਦੀਆਂ ਸ਼ੰਕਾਵਾਂ ਦਾ ਨਿਸਚੇ ਹੀ ਨਿਰਾਕਰਣ ਹੋ ਗਿਆ ਸੀ।

ਕੋਸਲ ਦੇਸ਼ ਦੇ ਆਸ਼ਵਲਾਯਨ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਇਕੱਠਿਆਂ ਹੀ ਪ੍ਰਸ਼ਨਾਂ ਦੀ ਝੜੀ ਲਗਾ ਦਿੱਤੀ। ਕਹਿਣ ਲਗੇ, 'ਭਗਵਨ, ਜਿਸ ਪ੍ਰਾਣ ਦੀ ਆਪ ਏਨੀ ਮਹਿਮਾ ਦੱਸ ਰਹੇ ਹੋ, ਉਹ ਕਿਸ ਤੋਂ ਉਤਪੰਨ ਹੁੰਦਾ ਹੈ? ਇਸ ਸਰੀਰ ਵਿਚ ਕਿਵੇਂ ਆਉਂਦਾ ਹੈ? ਆਪਣੇ ਆਪ ਨੂੰ ਵੰਡ ਕੇ ਸਰੀਰ ਵਿਚ ਕਿਵੇਂ ਰਹਿੰਦਾ ਹੈ? ਕਿਸ ਦੁਆਰ ਤੋਂ ਨਿਕਲ ਜਾਂਦਾ ਹੈ? ਕਿਵੇਂ ਬਾਹਰ ਦੇ ਰੂਪ ਨੂੰ ਧਾਰਣ ਕਰਦਾ ਹੈ ਅਤੇ ਕਿਵੇਂ ਅਧਿਆਤਮ ਨੂੰ?''

ਪਿੱਪਲਾਦ ਹੱਸੇ, ''ਪ੍ਰਸ਼ਨ ਤਾਂ ਤੂੰ ਇਕੋ ਵੇਲੇ ਏਨੇ ਉਛਾਲ ਦਿੱਤੇ ਹਨ। ਕਠਿਨ ਵੀ ਏਨੇ ਕਿ ਇਨ੍ਹਾਂ ਦਾ ਉੱਤਰ ਵੀ ਨਾ ਦਿੱਤਾ ਜਾਵੇ। ਅਤੇ ਜਿਸ ਤਰ੍ਹਾਂ ਤੂੰ ਇਹ ਪ੍ਰਸ਼ਨ ਕੀਤੇ ਹਨ ਉਸ ਤੋਂ ਇਹ ਵੀ ਪ੍ਰਗਟ ਹੈ ਕਿ ਇਨ੍ਹਾਂ ਬਾਰੇ ਤੂੰ ਬਿਲਕੁਲ ਅਣਭਿੱਜ ਵੀ ਨਹੀਂ ਹੈਂ, ਫਿਰ ਵੀ ਇਨ੍ਹਾਂ ਦਾ ਜੋ ਉੱਤਰ ਮੈਥੋਂ ਬਣੇਗਾ, ਦਿਆਂਗਾ।''

ਇਸ ਪਿਛੋਂ ਉਨ੍ਹਾਂ ਨੇ ਦੱਸਿਆ ਕਿ ਪ੍ਰਾਣ ਆਤਮਾ ਤੋਂ ਪੈਦਾ ਹੁੰਦਾ ਹੈ ਅਤੇ ਜਿਸ ਤਰ੍ਹਾਂ ਸਰੀਰ ਦੀ ਛਾਇਆ ਹੋਵੇ ਉਸੇ ਤਰ੍ਹਾਂ ਇਹ ਸਰੀਰ ਦੇ ਅੰਦਰ ਪਸਰਿਆ ਹੋਇਆ ਹੈ। ਮਨੋਵ੍ਰਿਤੀਆਂ ਨਾਲ ਸਰੀਰ ਵਿਚ ਪ੍ਰਾਣ ਆਉਂਦਾ ਹੈ ਅਤੇ ਇਹ ਇਨ੍ਹਾਂ ਦੇ ਨਾਲ ਹੀ ਚਲਦਾ ਰਹਿੰਦਾ ਹੈ। ਉਨ੍ਹਾਂ ਨੇ ਇਕ ਰੂਪਕ ਨਾਲ ਆਪਣੀ ਗੱਲ ਨੂੰ ਕੁਝ ਹੋਰ ਸਪਸ਼ਟ ਕਰਦਿਆਂ ਕਿਹਾ, ''ਜਿਵੇਂ ਕੋਈ ਰਾਜਾ ਆਪਣੇ ਰਾਜ ਦੇ ਪ੍ਰਦੇਸ਼ਾਂ, ਜਨਪਦਾਂ ਅਤੇ ਪਿੰਡਾਂ ਵਿਚ ਵੱਖਰੇ ਵੱਖਰੇ ਅਧਿਕਾਰੀਆਂ ਦੀ ਨਿਯੁਕਤੀ ਕਰਕੇ ਅਤੇ ਆਪਣੀ ਅਧੀਨਗੀ ਵਿਚ, ਕਰਮਚਾਰੀਆਂ ਵਿਚ ਕਾਰਜਾਂ ਤੇ ਵਿਭਾਗਾਂ ਦੀ ਵੰਡ ਕਰਕੇ ਕੰਮ ਉਤੇ ਲਗਾਉਂਦਾ ਹੈ, ਉਸੇ ਤਰ੍ਹਾਂ ਇਹ ਪ੍ਰਾਣ ਵੀ ਆਪਣੇ ਅੰਗ-ਭੂਤ ਅਪਾਨ, ਵਿਆਨ, ਸਮਾਨ ਆਦਿ ਵਿਚ ਕਾਰਜ-ਵੰਡ ਕਰ ਦਿੰਦਾ ਹੈ। ਆਪ ਇਹ ਮੁੱਖ ਅਤੇ ਨੱਕ ਦੁਆਰਾ ਵਿਚਰਦਾ ਹੋਇਆ ਨੇਤਰਾਂ ਅਤੇ ਕੰਨਾਂ ਵਿਚ ਰਹਿੰਦਾ ਹੈ।

ਇਸ ਸਰੀਰ ਵਿਚ ਇਸ ਪ੍ਰਾਣ ਦੀ ਗਤੀ ਅਤੇ ਪ੍ਰਕ੍ਰਿਤੀ ਅਤੇ ਸਥਿਤੀ ਨੂੰ ਲੈ ਕੇ ਜੋ ਸੂਖਮ ਵਿਵੇਚਨ ਪਿੱਪਲਾਦ ਨੇ ਕੀਤਾ, ਉਸਦੀ ਵਿਗਿਆਨਿਕਤਾ ਜਿੰਨੀ ਵੀ ਹੋਵੇ, ਪਰ ਲੰਮੇ ਅਰਸੇ ਤਕ ਉਨ੍ਹਾਂ ਦੇ ਇਸ ਵਿਵੇਚਨ ਨੂੰ ਲੈ ਕੇ ਹੀ ਅੰਦਰਲੀਆਂ ਨਾੜੀਆਂ ਤੇ ਪ੍ਰਣਾਲੀਆਂ ਦਾ ਵਿਖਿਆਨ ਅਨੇਕ ਰਿਸ਼ੀ ਕਰਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਇਹ ਜੀਵਾਤਮਾ ਹਿਰਦੇ-ਦੇਸ਼ ਵਿਚ ਰਹਿੰਦਾ ਹੈ, ਇਸ ਵਿਚ ਇਕ ਸੌ ਇਕ ਨਾੜੀਆਂ ਹਨ। ਇਨ੍ਹਾਂ ਵਿਚੋਂ ਇਕ ਇਕ ਤੋਂ ਇਕ-ਇਕ ਸੌ ਨਾੜੀਆਂ ਨਿਕਲਦੀਆਂ ਹਨ, ਫਿਰ ਇਨ੍ਹਾਂ ਵਿਚੋਂ ਹਰ ਇਕ ਦੀਆਂ ਬਹੱਤਰ ਬਹੱਤਰ ਹਜ਼ਾਰ ਉਪਸ਼ਾਖਾਵਾਂ ਹਨ ਅਤੇ ਇਨ੍ਹਾਂ ਵਿਚ

ਵਿਆਨ ਵਾਯੂ ਦਾ ਸੰਚਾਰ ਹੁੰਦਾ ਹੈ। ਇਨ੍ਹਾਂ ਵਿਚ ਸਥਿਤ ਪ੍ਰਾਣ ਦਾ ਨਾਮ 'ਵਿਆਨ' ਹੈ।

ਨਾਭੀ ਤੋਂ ਮਸਤਕ ਵਲ ਜਾਣ ਵਾਲੀ ਇਕ ਨਾੜੀ 'ਉਦਾਨ' ਵਾਯੂ ਦੇ ਸੰਚਾਰ ਲਈ ਹੈ। ਇਸ ਨਾਲ ਮਨੁੱਖ ਆਪਣੀ ਭਾਵਨਾ ਅਤੇ ਸੰਕਲਪ ਅਨੁਸਾਰ ਸ਼ੁਭ-ਅਸ਼ੁਭ ਕਰਮ ਕਰਦਾ ਅਤੇ ਪੁੰਨ ਜਾਂ ਪਾਪ ਲੋਕਾਂ ਦਾ ਭਾਗੀ ਬਣਦਾ ਹੈ। ਜੇ ਪੁੰਨ ਅਤੇ ਪਾਪ ਬਰਾਬਰ ਹੋਣ ਤਾਂ ਮਨੁੱਖ ਲੋਕ ਨੂੰ ਪ੍ਰਾਪਤ ਕਰਦਾ ਹੈ।

ਸੂਰਜ ਹੀ ਬਾਹਰਲਾ ਪ੍ਰਾਣ ਹੋ ਕੇ ਨੇਤਰਾਂ ਨੂੰ ਤੇਜ ਪ੍ਰਦਾਨ ਕਰਦਾ ਹੈ। ਭੂਮੀ ਜੋ ਦੇਵਤਾ ਸ਼ਕਤੀ ਹੈ, ਉਹ ਅਪਾਨ ਅਤੇ ਧਰਤੀ ਅਤੇ ਆਕਾਸ਼ ਦੇ ਵਿਚਕਾਰ ਦੀ ਵਾਯੂ 'ਸਮਾਨ' ਹੈ। ਇਹ ਪੂਰੇ ਬ੍ਰਹਿਮੰਡ ਦਾ ਪ੍ਰਾਣ ਹੈ।

ਤੇਜ 'ਉਦਾਨ' ਹੈ। ਤੇਜ ਦੇ ਸ਼ਾਂਤ ਹੋਣ ਤੇ ਹੀ ਮਨੁੱਖ ਪੁਨਰਜਨਮ ਲੈਂਦਾ ਹੈ। ਮਰਦੇ ਸਮੇਂ ਮਨ ਵਿਚ ਜੋ ਵਾਸਨਾ ਹੁੰਦੀ ਹੈ, ਚਿੱਤ ਦੀਆਂ ਜੋ ਵ੍ਰਿੱਤੀਆਂ ਹੁੰਦੀਆਂ ਹਨ, ਉਹ ਉਦਾਨ ਨੂੰ ਪ੍ਰਾਪਤ ਹੁੰਦੀਆਂ ਹਨ। ਪ੍ਰਾਣ ਉਦਾਨਯੁਕਤ ਆਤਮਾ ਦੇ ਨਾਲ ਸੂਖਮ ਸਰੀਰ ਨੂੰ ਸੰਕਲਪ ਦੇ ਅਨੁਰੂਪ ਲੋਕ ਨੂੰ ਲੈ ਜਾਂਦਾ ਹੈ ਅਤੇ ਮਾਨਸ ਵ੍ਰਿੱਤੀਆਂ ਅਨੁਸਾਰ ਹੀ ਉਸਦਾ ਪੁਨਰਜਨਮ ਹੁੰਦਾ ਹੈ। ਸੂਖਮ ਸਰੀਰ ਵਾਸਨਾ ਅਤੇ ਸੰਕਲਪ-ਯੁਕਤ ਸਰੀਰ ਹੀ ਹੈ।

ਹੁਣ ਸੌਰਯਾਯਣੀ ਗਾਰਗਯ ਨੇ ਵੀ ਆਸ਼ਵਲਾਯਨ ਵਾਂਗ ਹੀ ਇਕੋ ਵੇਲੇ ਕਈ ਸਵਾਲ ਕਰ ਦਿੱਤੇ, "ਭਗਵਨ, ਇਸ ਪੁਰਸ਼ ਵਿਚ ਕੌਣ ਹੈ ਜੋ ਸੌਂ ਜਾਂਦਾ ਹੈ? ਕੌਣ ਜਾਗਦਾ ਰਹਿੰਦਾ ਹੈ? ਸੌਣ ਦੌਰਾਨ ਸੁਫਨਾ ਦੇਖਣ ਵਾਲਾ ਕੌਣ ਹੈ? ਜਿਸਨੂੰ ਨੀਂਦ ਦਾ ਸੁਖ ਮਿਲਦਾ ਹੈ ਉਹ ਕੌਣ ਹੈ? ਕਿਸ ਦਾ ਆਸਰਾ ਲੈ ਕੇ ਸਾਰੇ ਰਹਿੰਦੇ ਹਨ?

ਪਿੱਪਲਾਦ ਨੇ ਪ੍ਰਸ਼ਨ ਕੀਤਾ, "ਡੁਬਦੇ ਸੂਰਜ ਨੂੰ ਦੇਖਿਆ ਹੈ?"

"ਦੇਖਿਆ ਹੈ, ਪ੍ਰਭੂ।" ਗਾਰਗਯ ਨੇ ਕਿਹਾ।

"ਤਾਂ ਇਹ ਵੀ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਉਹ ਆਪਣੀਆਂ ਕਿਰਣਾਂ ਨੂੰ ਆਪਣੇ ਅੰਦਰ ਸਮੇਟਦਾ ਚਲਾ ਜਾਂਦਾ ਹੈ। ਅਤੇ ਫਿਰ ਸਵੇਰ ਵੇਲੇ ਇਹ ਵੀ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਉਹ ਆਪਣੇ ਅੰਦਰੋਂ ਹੀ ਇਨ੍ਹਾਂ ਕਿਰਣਾਂ ਨੂੰ ਪਸਾਰਦਾ ਜਾਂਦਾ ਹੈ।"

ਗਾਰਗਯ ਨੇ ਹਾਮੀ ਭਰੀ।

ਪਿੱਪਲਾਦ ਨੇ ਕਿਹਾ, "ਇਸੇ ਤਰ੍ਹਾਂ ਨੀਂਦ ਵੇਲੇ ਸਾਰੀਆਂ ਇੰਦ੍ਰੀਆਂ ਇਸ ਆਤਮਾ ਵਿਚ ਹੀ ਸਿਮਟ ਜਾਂਦੀਆਂ ਹਨ ਅਤੇ ਉਹ ਇੰਦ੍ਰੀਆਂ ਆਪਣਾ-ਆਪਣਾ ਕੰਮ ਬੰਦ ਕਰ ਦਿੰਦੀਆਂ ਹਨ। ਨਾ ਅੱਖ ਦੇਖਦੀ ਹੈ, ਨਾ ਕੰਨ ਸੁਣਦਾ ਹੈ, ਨਾ ਚਮੜੀ ਛੋਹ ਮਹਿਸੂਸ ਕਰਦੀ ਹੈ, ਨਾ ਨਾਸਿਕਾ ਗੰਧ ਦਾ ਅਨੁਭਵ ਕਰਦੀ ਹੈ। ਅਤੇ ਉਸ ਦਸ਼ਾ ਵਿਚ ਲੋਕ ਕਹਿੰਦੇ ਹਨ ਉਹ ਸੌਂ ਰਿਹਾ ਹੈ। ਇਹ ਸਾਰੀਆਂ ਇੰਦ੍ਰੀਆਂ ਇਸ ਸਰੀਰ ਵਿਚ ਸੌਂਦੀਆਂ ਹਨ।

"ਪਰ ਪ੍ਰਾਣਾਂ ਦੀਆਂ ਅਗਨੀਆਂ ਇਸ ਵੇਲੇ ਵੀ ਜਾਗਦੀਆਂ ਰਹਿੰਦੀਆਂ ਹਨ। ਕਹੋ ਸਾਰੀਆਂ ਇੰਦ੍ਰੀਆਂ ਦੇ ਸੌਂ ਜਾਣ ਮਗਰੋਂ ਵੀ ਪ੍ਰਾਣ ਜਾਗਦਾ ਰਹਿੰਦਾ ਹੈ। ਉਨ੍ਹਾਂ ਨੇ ਉਨ੍ਹਾਂ

ਅਗਨੀਆਂ ਦਾ ਪਰਿਚੈ ਕਰਾਇਆ ਜੋ ਪ੍ਰਾਣਾਂ ਨੂੰ ਸੰਭਾਲ ਕੇ ਰਖਦੀਆਂ ਹਨ। ਅਗਨੀ-ਹੋਤਰ ਲਈ ਰਖੀ ਗਈ ਅੱਗ ਨੂੰ ਹੀ ਗਾਰਹਸਪਤਯ ਅਗਨੀ ਕਹਿੰਦੇ ਹਨ। ਇਹ ਅਪਾਨ ਵਾਯੂ ਹੀ 'ਗਾਰਹਸਪਤਯ ਅਗਨੀ' ਹੈ। ਯੱਗ ਵਿਚ ਜਿਸ ਅੱਗ ਨਾਲ ਭਾਤ ਆਦਿ ਪਕਾਇਆ ਜਾਂਦਾ ਹੈ ਉਸ ਨੂੰ ਹੀ 'ਅਨਥਹਾਰਯਪਚਨ' ਜਾਂ ਦਕਸ਼ਿਣਾਗਨਿ ਕਹਿੰਦੇ ਹਨ। ਵਿਆਨ ਹੀ ਦਕਸ਼ਿਣਾਗਨਿ ਹੈ। ਗਾਰਹਸਪਤਯ ਅਗਨੀ ਨਾਲ ਜੋ ਅੱਗ ਹਵਨ ਕੁੰਡ ਵਿਚ ਲਿਆਈ ਜਾਂਦੀ ਹੈ, ਉਸ ਨੂੰ 'ਆਹਵਨੀਜ' ਕਹਿੰਦੇ ਹਨ। ਇਹ ਪ੍ਰਾਣ ਹੀ ਆਹਵਨੀਜ ਹੈ ਅਤੇ ਇਸ ਤਰ੍ਹਾਂ ਪ੍ਰਾਣਾਯਾਮ ਨਾਲ ਪ੍ਰਾਣਪੰਚਕ ਦੀ ਸਾਧਨਾ ਹੀ ਪੰਚਾਗਨੀ ਬ੍ਰਤ ਹੈ। ਇਸ ਵਿਚ ਸੁਆਸ-ਪ੍ਰਸੁਆਸ ਵਾਸ ਹੀ ਦੋ ਅਹੂਤੀਆਂ ਹਨ। ਮਨ ਆਪ ਯਜਮਾਨ ਹੈ। ਸਮਾਧੀ ਹੀ ਉਦਾਨ ਹੈ। ਇਹ ਸਮਾਧੀ ਹੀ ਬ੍ਰਹਮੀ ਅਵਸਥਾ ਵਲ ਲੈ ਜਾਂਦੀ ਹੈ। ਇਹੀ ਅਧਿਆਤਮਿਕ ਯੱਗ ਹੈ।''

ਉਨ੍ਹਾਂ ਨੇ ਕੁਝ ਰੁਕ ਕੇ ਕਿਹਾ, ''ਅਤੇ ਜੋ ਤੁਸੀਂ ਸੁਫਨਾ ਦੇਖਣ ਵਾਲੇ ਪੁਰਸ਼ ਦੀ ਗੱਲ ਜਾਣਨਾ ਚਾਹੁੰਦੇ ਸੀ, ਉਹ ਆਤਮਾ ਹੀ ਤਾਂ ਹੈ। ਉਹ ਸੁਫਨੇ ਵਿਚ ਬਾਹਰ ਦਾ ਕੁਝ ਨਹੀਂ ਦੇਖਦਾ। ਆਪ ਆਪਣੀ ਹੀ ਮਹਿਮਾ ਦਾ ਵਿਸਥਾਰ ਕਰਕੇ ਉਸਨੂੰ ਹੀ ਦੇਖਦਾ ਰਹਿੰਦਾ ਹੈ। ਜੋ ਕੁਝ ਪਹਿਲਾਂ ਦੇਖ ਚੁਕਿਆ ਹੈ। ਉਸਨੂੰ ਹੀ ਇਸ ਵਿਚ ਦੇਖਦਾ ਹੈ। ਜੋ ਕੁਝ ਸੋਚ ਚੁਕਿਆ ਹੈ ਉਸਨੂੰ ਹੀ ਨਵੇਂ ਰੂਪ ਵਿਚ ਸੋਚਦਾ ਹੈ। ਜੋ ਅਨੁਭਵ ਕਰ ਚੁਕਿਆ ਹੈ। ਉਸਨੂੰ ਹੀ ਨਵੇਂ ਰੂਪ ਵਿਚ ਅਨੁਭਵ ਕਰਦਾ ਹੈ।

''ਠੀਕ ਇਹੀ ਗੱਲ ਨੀਂਦ ਦੇ ਸੁੱਖ ਬਾਰੇ ਵੀ ਕਹੀ ਜਾ ਸਕਦੀ ਹੈ। ਜਦੋਂ ਉਹ ਆਤਮ-ਸੱਤਾ ਦੇ ਭਾਰ ਨਾਲ ਸਿਥਲ ਗੂੜ੍ਹੀ ਨੀਂਦਰ ਵਿਚ ਚਲਿਆ ਜਾਂਦਾ ਹੈ ਤਾਂ ਉਹ ਆਪਣੀ ਸ਼ੁੱਧ ਸੱਤਾ ਵਿਚ ਪਹੁੰਚ ਜਾਂਦਾ ਹੈ, ਜਿਥੇ ਹੋਣ ਦੀ ਚੇਤਨਾ ਵੀ ਉਡ ਪੁਡ ਜਾਂਦੀ ਹੈ। ਪਿੱਪਲਾਦ ਨੇ ਆਪਣੇ ਵੇਲੇ ਦੇ ਹਰ ਮਨ ਪਿਆਰੇ ਰੂਪਕ ਦਾ ਸਹਾਰਾ ਲੈਂਦੇ ਹੋਇਆਂ ਕਿਹਾ, ''ਜਿਵੇਂ ਪੰਛੀ ਇਧਰ ਉਧਰ ਉਡਦੇ ਰਹਿਣ ਤੋਂ ਬਾਅਦ ਸ਼ਾਮ ਨੂੰ ਆਪਣੇ ਬ੍ਰਿਛ 'ਤੇ ਆ ਕੇ ਚੁਪ ਚਾਪ ਬੈਠ ਜਾਂਦੇ ਹਨ ਉਸੇ ਤਰ੍ਹਾਂ ਇਹ ਆਤਮਾ ਸੁਪਨੇ ਵਿਚ ਇਧਰ ਉਧਰ ਭਟਕਣ ਮਗਰੋਂ ਸੁਖੁਪਤੀ ਦੀ ਇਸ ਅਵਸਥਾ ਵਿਚ ਆਪਣੇ ਹੀ ਅੰਦਰ ਲੀਨ ਹੋ ਜਾਂਦੀ ਹੈ।'' ਅਤੇ ਫਿਰ ਉਨ੍ਹਾਂ ਨੇ ਇਸ ਲੀਨਤਾ ਦਾ ਬੜਾ ਹੀ ਸਪਸ਼ਟ ਵਿਵਰਣ ਦਿੱਤਾ ਜੋ ਪ੍ਰਲਯ ਕਾਲ ਦੀ ਕ੍ਰਮਿਕ ਲਯ ਵਾਂਗ ਸੀ ਅਤੇ ਅੰਤ ਵਿਚ ਕਹਿਣ ਲਗੇ, ''ਇਹ ਆਤਮਾ ਹੀ ਦ੍ਰਸ਼ਟਾ (ਦੇਖਣ ਵਾਲਾ) ਹੈ, ਇਹੀ ਛੋਹਣ ਵਾਲਾ ਜਾਂ ਸਪ੍ਰਸ਼ਟਾ ਹੈ, ਇਹੀ ਘ੍ਰਾਤਾ (ਸੁੰਘਣ ਵਾਲਾ) ਹੈ, ਇਹ ਰਸੀਆ ਹੈ, ਇਹੀ ਮਨਨ ਕਰਨ ਵਾਲਾ ਜਾਂ ਮੰਤਾ ਹੈ, ਇਹੀ ਬੋਧਾ (ਜਾਣਨ ਵਾਲਾ) ਹੈ, ਇਹੀ ਕਰਤਾ ਹੈ, ਇਹੀ ਵਿਗਿਆਤਾ ਹੈ। ਇਹੀ ਸੁਖੁਪਤੀ ਅਤੇ ਸਮਾਧੀ ਦੀ ਸਥਿਤੀ ਵਿਚ ਆਪਣੀ ਸ਼ੁੱਧ ਸੱਤਾ ਵਿਚ ਸਥਿਰ ਹੋ ਜਾਂਦਾ ਹੈ। ਇਸ ਛਾਇਆ-ਰਹਿਤ, ਰੰਗਹੀਣ ਜਾਂ ਨਿਰੰਜਨ, ਅੱਖਰ, ਜੋਤਿਮਈ ਆਤਮਾ ਨੂੰ ਜੋ ਜਾਣ ਲੈਂਦਾ ਹੈ, ਉਹ ਆਪ ਸ਼ੁਧ ਆਤਮਾ ਹੋ ਜਾਂਦਾ ਹੈ। ਸਰਵੱਗ ਹੋ ਜਾਂਦਾ ਹੈ।

ਸ਼ੈਵਯ ਸਤਿਕਾਮ ਨੇ ਬਹੁਤ ਸਰਲ ਜਿਹਾ ਸਵਾਲ ਕੀਤਾ, ''ਮਹਾਰਾਜ, ਜੇ ਮਨੁੱਖ

ਓਅੰਕਾਰ ਦਾ ਧਿਆਨ ਕਰੇ, ਉਸਦੇ ਨਾਂ ਦਾ ਸਿਮਰਨ ਕਰਦਾ ਰਹੇ ਤਾਂ ਉਹ ਕਿਸ ਲੋਕ ਨੂੰ ਪ੍ਰਾਪਤ ਹੁੰਦਾ ਹੈ?''

ਪਿੱਪਲਾਦ ਨੇ ਕਿਹਾ, ''ਇਹ ਓਅੰਕਾਰ ਹੀ ਤਾਂ ਪਰ ਅਤੇ ਅਪਰ ਬ੍ਰਹਮ ਹੈ। ਇਸ ਲਈ ਤੱਤ-ਦਰਸ਼ੀ ਭਗਤ ਇਸੇ ਦੇ ਬਲ ਤੇ ਬ੍ਰਹਮ ਜਾਂ ਨਾਮ-ਬ੍ਰਹਮ ਨੂੰ ਪਾ ਲੈਂਦਾ ਹੈ।'' ਅਤੇ ਫਿਰ ਉਨ੍ਹਾਂ ਨੇ ਇਕ-ਮਾਤ੍ਰਿਕ ਜਪ ਜਾਂ ਕੇਵਲ ਵਾਚਿਕ ਨਾਮ, ਜਪ, ਦ੍ਵਿਮਾਤ੍ਰਿਕ ਨਾਮ ਜਪ ਜਾਂ ਵਾਚਿਕ ਅਤੇ ਮਾਨਸਿਕ ਜਪ, ਤ੍ਰਿਮਾਸਿਕ ਜਪ ਜਾਂ ਮਨ, ਵਚਨ ਅਤੇ ਭਾਵਨਾ ਨਾਲ ਸਾਰੇ ਜਪ ਦੇ ਲਾਭ ਗਿਣਾਏ ਅਤੇ ਦੱਸਿਆ ਕਿ ਕਿਵੇਂ ਇਸ ਅੰਤਿਮ ਜਪ ਨਾਲ ਹੀ ਭਗਤ ਭਗਵਾਨਮਈ ਹੋ ਜਾਂਦਾ ਹੈ। ਵਾਚਕ ਵਾਚਯ ਨੂੰ ਪ੍ਰਾਪਤ ਕਰ ਲੈਂਦਾ ਹੈ। ਉਨ੍ਹਾਂ ਨੇ ਨਾਮ ਜਪ ਨੂੰ ਉਸ ਉੱਚਾਈ ਤਕ ਪਹੁੰਚਾ ਦਿੱਤਾ ਕਿ ਇਸ ਇਕ ਦੇ ਜਾਣ ਲੈਣ ਨਾਲ ਹੀ ਮਨੁੱਖ ਵੇਦ, ਪੁਰਾਣ ਸਾਰਿਆਂ ਦੇ ਗਿਆਨ ਤੋਂ ਉਪਰ ਚਲਿਆ ਜਾਂਦਾ ਹੈ ਅਤੇ ਉਸ ਧਾਮ ਨੂੰ ਚਲਿਆ ਜਾਂਦਾ ਹੈ ਜੋ ਅਜਰ, ਅਮਰ, ਸ਼ਾਂਤ, ਅਭੈ ਅਤੇ ਪਰਮ ਹੈ।

ਹੁਣ ਗੀਤਾ ਦੇ ਭਗਤੀ ਯੋਗ ਦੇ ਇਸ ਸੂਤਰ ਦੇ ਪ੍ਰਗਟ ਹੋ ਜਾਣ ਮਗਰੋਂ ਕੁਝ ਵੀ ਪੁੱਛਣ ਲਈ ਬਾਕੀ ਨਹੀਂ ਰਿਹਾ ਸੀ, ਪਰ ਪੁੱਛਣ ਵਾਲਾ ਇਕ ਬਾਕੀ ਰਹਿ ਗਿਆ ਸੀ, ਇਸੇ ਲਈ ਪ੍ਰਸ਼ਨ ਤਾਂ ਕੋਈ ਨਾ ਕੋਈ ਆਉਣ ਵਾਲਾ ਹੀ ਸੀ। ਸੁਕੇਸ਼ ਭਾਰਦਵਾਜ ਨੇ ਕਿਹਾ, ''ਭਗਵਨ, ਕੋਸਲ ਦੇ ਰਾਜੇ ਹਿਰਣਯਨਾਭ ਨੇ ਮੇਰੇ ਕੋਲ ਆ ਕੇ ਪੁਛਿਆ ਸੀ ਕਿ ਕੀ ਮੈਂ ਸੋਲ੍ਹਾਂ ਕਲਾਵਾਂ ਵਾਲੇ ਪੁਰਸ਼ ਨੂੰ ਜਾਣਦਾ ਹਾਂ। ਮੈਂ ਉਸਨੂੰ ਨਹੀਂ ਜਾਣਦਾ ਸਾਂ, ਇਸ ਲਈ ਉਸਨੂੰ ਦੱਸਿਆ ਕਿ ਮੈਂ ਉਸਨੂੰ ਨਹੀਂ ਜਾਣਦਾ। ਜਾਣਦਾ ਹੁੰਦਾ ਤਾਂ ਤੈਨੂੰ ਜ਼ਰੂਰ ਦੱਸਦਾ, ਕਿਉਂਕਿ ਝੂਠ ਬੋਲਣ ਵਾਲਾ ਤਾਂ ਜੜ ਤੋਂ ਹੀ ਸੁਕ ਜਾਂਦਾ ਹੈ – **ਸਮੂਲੋ ਵਾ ਏਸ਼ ਪਰਿਸ਼ੁਸ਼ਯਤਿ ਯੋਹਨ੍ਰਿਤੰ ਅਭਿਵਦਤਿ**। ਇਹ ਸੁਣ ਕੇ ਉਹ ਚੁਪਚਾਪ ਰਥ ਤੇ ਬੈਠ ਕੇ ਚਲਿਆ ਗਿਆ। ਹੁਣ ਉਹੀ ਸਵਾਲ ਮੈਂ ਆਪ ਤੋਂ ਪੁੱਛਣਾ ਚਾਹੁੰਦਾ ਹਾਂ।''

ਪਿੱਪਲਾਦ ਨੇ ਕਿਹਾ, ''ਜਿਸ ਪੁਰਸ਼ ਵਿਚ ਸੋਲ੍ਹਾਂ ਕਲਾਵਾਂ ਦਾ ਵਿਕਾਸ ਹੁੰਦਾ ਹੈ, ਉਹ ਮਾਨਵ ਸਰੀਰ ਹੀ ਹੈ।'' ਅਤੇ ਫਿਰ ਉਹ ਉਸ ਨੁਕਤੇ 'ਤੇ ਪਰਤ ਆਏ ਜਿਥੋਂ ਉਨ੍ਹਾਂ ਨੇ ਪ੍ਰਬੁੱਧ ਚਿੰਤਕਾਂ ਦਾ ਸਮਾਧਾਨ ਸ਼ੁਰੂ ਕੀਤਾ ਸੀ, ''ਉਸ ਬ੍ਰਹਮ ਨੇ ਸੋਚਿਆ ਕਿ ਕਿਸ ਨਾਲ ਬਾਹਰ ਨਿਕਲ ਕੇ ਆਪਣੇ ਆਪ ਨੂੰ ਪ੍ਰਗਟ ਕਰ ਸਕੇਗਾ ਅਤੇ ਕਿਸ ਰੂਪ ਵਿਚ ਪ੍ਰਤਿਸ਼ਠਿਤ ਹੋ ਸਕਦਾ ਹੈ। ਫਿਰ ਉਸ ਨੇ ਪ੍ਰਾਣ ਨੂੰ ਰਚਿਆ, ਪ੍ਰਾਣ ਤੋਂ ਸ਼ਰਧਾ ਨੂੰ ਰਚਿਆ ਅਤੇ ਫਿਰ ਆਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ, ਅਤੇ ਇੰਦ੍ਰੀਆਂ ਨੂੰ ਰਚਿਆ। ਫਿਰ ਮਨ ਨੂੰ ਅਤੇ ਅੰਨ ਨੂੰ ਅਤੇ ਅੰਨ ਤੋਂ ਸ਼ਕਤੀ ਨੂੰ ਰਚਿਆ। ਫਿਰ ਤਪ ਮੰਤ੍ਰ ਅਤੇ ਸ਼੍ਰੁਤੀਆਂ ਨੂੰ ਪ੍ਰਗਟ ਕੀਤਾ ਅਤੇ ਫਿਰ ਕਰਮ, ਲੋਕ ਅਤੇ ਲੋਕਾਂ ਵਿਚ ਨਾਮ ਨੂੰ ਰਚਿਆ। ਇਹੀ ਉਸ ਦਾ ਪ੍ਰਗਟਾਵਾ ਸੀ ਅਤੇ ਨਾਮ ਦੀ ਮਹਿਮਾ ਦਾ ਵੀ ਇਹੀ ਕਾਰਣ ਹੈ। ਅਤੇ ਫਿਰ ਉਨ੍ਹਾਂ ਨੇ ਕਿਹਾ, ''ਜਿਵੇਂ ਨਦੀਆਂ ਵਗਦੀਆਂ ਹੋਈਆਂ ਸਮੁੰਦਰ ਵਿਚ ਲੀਨ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਆਪਣਾ ਨਾਂ, ਰੂਪ ਅਤੇ ਭੇਦ ਮਿਟ ਜਾਂਦਾ ਹੈ, ਉਸੇ ਤਰ੍ਹਾਂ ਇਹ ਸੋਲ੍ਹਾਂ ਕਲਾਵਾਂ ਉਸੇ ਸਾਖੀ ਬ੍ਰਹਮ ਵਿਚੋਂ ਨਿਕਲ ਕੇ ਉਸੇ ਵਲ ਗਮਨ ਕਰਦੀਆਂ ਹਨ ਅਤੇ

ਉਸਨੂੰ ਪ੍ਰਾਪਤ ਕਰਕੇ ਉਸੇ ਵਿਚ ਲੀਨ ਹੋ ਜਾਂਦੀਆਂ ਹਨ। ਪ੍ਰਗਟ ਤੋਂ ਅਪ੍ਰਗਟ ਅਵਸਥਾ ਵਿਚ ਪਹੁੰਚ ਜਾਂਦੀਆਂ ਹਨ।'' ਅਤੇ ਅੰਤ ਵਿਚ ਉਸ ਪੁਰਸ਼ ਨੂੰ ਪਹੀਏ ਦੀ ਨੇਮਿ (ਘੇਰਾ) ਅਤੇ ਸੋਲ੍ਹਾਂ ਕਲਾਵਾਂ ਨੂੰ ਇਸ ਪਹੀਏ ਦੇ ਅਰੇ ਦੱਸਦੇ ਹੋਇਆਂ ਉਨ੍ਹਾਂ ਨੇ ਕਿਹਾ, ''ਜਿਸ ਪੁਰਸ਼ ਵਿਚ ਇਹ ਸਾਰੀਆਂ ਕਲਾਵਾਂ ਸਥਿਤ ਹਨ, ਉਸ ਨੂੰ ਹੀ ਜਾਣੋ। ਉਸ ਨੂੰ ਜਾਣ ਲੈਣ ਮਗਰੋਂ ਮੌਤ ਦਾ ਭੈ ਖ਼ਤਮ ਹੋ ਜਾਵੇਗਾ।''

ਸਾਖਿਆਤਕਾਰਾਂ ਦਾ ਜੀਵਨ ਸਚਮੁੱਚ ਧੰਨ ਹੋ ਗਿਆ।

# ਗੁਰੂ ਮਿਲੇ ਤਾਂ ਵਰੁਣ

ਵਰੁਣ ਇਕ ਜ਼ਮਾਨੇ ਵਿਚ ਸਭ ਤੋਂ ਵੱਡੇ ਦੇਵਤਾ ਸਨ। ਇੰਦਰ ਤੋਂ ਵੀ ਵੱਡੇ। ਜਿਸ ਕੰਮ ਲਈ ਬਾਅਦ ਵਿਚ ਇੰਦਰ ਬਦਨਾਮ ਹੋਏ ਉਸਦਾ ਵੀ ਕੁਝ ਸੰਬੰਧ ਵਰੁਣ ਨਾਲ ਸੀ। ਸਿੱਟਾ ਇਹ ਕਿ ਅਨੇਕ ਰਿਸ਼ੀਆਂ ਨੂੰ ਵਰੁਣ ਦੀ ਸੰਤਾਨ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇੰਦਰ ਦੇ ਕੁਝ ਕਾਰਨਾਮਿਆਂ ਵਿਚ ਵਿਸ਼ੇਸ਼ ਮੱਦਦਗਾਰ ਚੰਦ੍ਰਮਾ ਸਨ। ਵਰੁਣ ਨਾਲ ਸਹਿਯੋਗ ਕਰਨ ਵਾਲੇ ਮਿਤ੍ਰ ਸਨ। ਇਸ ਲਈ ਕੁਝ ਰਿਸ਼ੀ ਦੋਹਾਂ ਦੀ ਸੰਤਾਨ ਮੰਨੇ ਜਾਂਦੇ ਸਨ। ਇਹ ਕਹਾਣੀਆਂ ਨਿਸਚੇ ਹੀ ਇਹ ਪ੍ਰਮਾਣਿਤ ਕਰਨ ਲਈ ਘੜੀਆਂ ਗਈਆਂ ਸਨ ਕਿ ਇਹ ਰਿਸ਼ੀ ਹੋਰ ਰਿਸ਼ੀਆਂ ਤੋਂ ਜ਼ਿਆਦਾ ਸ੍ਰੇਸ਼ਠ ਹਨ, ਇਸ ਲਈ ਇਨ੍ਹਾਂ ਦੇ ਵਿਚਾਰ ਅਤੇ ਵਿਧਾਨ ਦੂਜਿਆਂ ਤੋਂ ਜ਼ਿਆਦਾ ਮਹੱਤਵ-ਪੂਰਣ ਹਨ। ਇਨ੍ਹਾਂ ਵਿਚ ਵਸਿਸ਼ਠ, ਅਗਸਤਯ ਦਾ ਨਾਂ ਤਾਂ ਆਉਂਦਾ ਹੀ ਹੈ, ਭ੍ਰਿਗੂ ਹੀ ਮੰਨੇ ਜਾ ਸਕਦੇ ਹਨ, ਕਿਉਂਕਿ ਇਨ੍ਹਾਂ ਦੇ ਵੰਸ਼ ਵਿਚ ਇੰਦਰ ਦੀ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ। ਇਹ ਲੋਕ ਕਹਿੰਦੇ ਸਨ ਕਿ ਇੰਦਰ ਨੂੰ ਨਹੀਂ ਜਾਣਦੇ ਹਾਂ, ਨਾ ਹੀ ਉਸਦੀ ਉਪਾਸਨਾ ਕਰਦੇ ਹਾਂ। ਜੇ ਕਿਸੇ ਹੋਰ ਦੀ ਲੋੜ ਹੋਵੇ ਤਾਂ ਕਰੇ। ਵਸਿਸ਼ਠ ਆਦਿ ਵਿਚ ਇਸ ਤਰ੍ਹਾਂ ਦੀ ਨਿਸ਼ਠਾ ਨਹੀਂ ਸੀ। ਜ਼ਾਹਿਰ ਹੈ ਕਿ ਜੇ ਸਿੱਧੇ ਵਰੁਣ ਤੋਂ ਕਿਸੇ ਨੂੰ ਉਪਦੇਸ਼ ਮਿਲ ਸਕਦਾ ਸੀ ਤਾਂ ਭ੍ਰਿਗੂ ਨੂੰ ਹੀ। ਇਹੀ ਭ੍ਰਿਗੂ ਇਕ ਵਾਰ ਆਪਣੀ ਜਿਗਿਆਸਾ ਕਾਰਣ ਪਿਤਾ ਜੀ ਕੋਲ ਪਹੁੰਚਿਆ ਅਤੇ ਕਿਹਾ, "ਭਗਵਨ, ਬ੍ਰਹਮ ਨੂੰ ਜਾਣਨ ਦੀ ਧੁੰਮ ਪਈ ਹੋਈ ਹੈ, ਇਸ ਲਈ ਜ਼ਮਾਨੇ ਨੂੰ ਦੇਖਦਿਆਂ ਆਪਣੀ ਆਬਰੂ ਬਚਾਉਣ ਲਈ ਉਸ ਬਾਰੇ ਮੈਂ ਵੀ ਕੁਝ ਜਾਣਨਾ ਚਾਹੁੰਦਾ ਹਾਂ। ਆਪ ਮੇਰੇ ਪਿਤਾ ਅਤੇ ਗੁਰੂ ਦੋਵੇਂ ਹੋ। ਆਪ ਤੋਂ ਜ਼ਿਆਦਾ ਜਾਣਕਾਰ ਤਾਂ ਸ਼ਾਇਦ ਹੀ ਕੋਈ ਮਿਲੇ, ਇਸ ਲਈ ਆਪ ਅਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਮੈਨੂੰ ਬ੍ਰਹਮ ਦਾ ਉਪਦੇਸ਼ ਦਿਉ।

ਵਰੁਣ ਨੇ ਕਿਹਾ, "ਅੰਨ, ਪ੍ਰਾਣ, ਨੇਤਰ, ਸ੍ਰੋਤਰ, ਮਨ ਅਤੇ ਬਾਣੀ ਇਹ ਸਾਰੇ ਬ੍ਰਹਮ ਦੀ ਸਿੱਧੀ ਦੇ ਦੁਆਰ ਹਨ। ਇਨ੍ਹਾਂ ਸਾਰਿਆਂ ਨੂੰ ਇਕਾਗਰ ਕਰਕੇ ਹੀ ਬ੍ਰਹਮ ਨੂੰ ਜਾਣ ਸਕਦਾ ਹੈਂ। ਇਹ ਸਮਝੋ ਕਿ ਬ੍ਰਹਮ ਉਹ ਹੈ ਜਿਸ ਨਾਲ ਸਾਰਾ ਭੌਤਿਕ ਜਗਤ ਉਤਪੰਨ ਹੁੰਦਾ ਹੈ, ਉਤਪੰਨ ਹੋ ਕੇ ਜਿਸਦੇ ਭਰੋਸੇ ਹੀ ਜੀਵਿਤ ਰਹਿੰਦਾ ਹੈ ਅਤੇ ਅੰਤ-ਕਾਲ ਆਉਣ ਤੇ ਜਿਸ ਵਿਚ ਲੀਨ ਹੋ ਜਾਂਦਾ ਹੈ। ਉਸ ਨੂੰ ਹੀ ਜਾਣੋ। ਇਹੀ ਤੁਹਾਡੀ ਤਪਸਿਆ ਹੈ।

ਵਰੁਣ ਨੇ ਪਿਤਾ ਦੇ ਕਥਨ ਅਨੁਸਾਰ ਅੰਨ ਨੂੰ ਬ੍ਰਹਮ ਮੰਨ ਕੇ ਚਿੰਤਨ ਆਰੰਭ ਕੀਤਾ। ਉਨ੍ਹਾਂ ਨੂੰ ਲੱਗਾ ਕਿ ਅੰਨ ਤੋਂ ਹੀ ਵੀਰਜ ਉਤਪੰਨ ਹੁੰਦਾ ਹੈ, ਜਿਸ ਤੋਂ ਪ੍ਰਾਣੀ ਉਤਪੰਨ ਹੁੰਦੇ ਹਨ, ਇਸ ਲਈ ਬ੍ਰਹਮ ਦਾ ਪਹਿਲਾ ਲੱਛਣ ਤਾਂ ਇਸ ਵਿਚ ਹੈ ਹੀ। ਫਿਰ ਇਸੇ ਨਾਲ

ਲੋਕ ਜੀਉਂਦੇ ਵੀ ਰਹਿੰਦੇ ਹਨ। ਭੋਜਨ ਨਾ ਮਿਲੇ ਤਾਂ ਲੋਕ ਮਰ ਜਾਣ। ਮਰਨ ਉਪਰੰਤ ਵੀ ਮਨੁੱਖ ਦੂਜਿਆਂ ਜੀਵਾਂ ਦਾ ਅੰਨ ਬਣ ਕੇ ਹੀ ਭੂਮੀ ਵਿਚ ਸਮਾ ਜਾਂਦਾ ਹੈ। ਉਹ ਇਸ ਬੋਧ ਮਗਰੋਂ ਵਰੁਣ ਦੇ ਕੋਲ ਆਏ ਅਤੇ ਦੱਸਿਆ ਕਿ ਪ੍ਰਭੂ, ਮੈਂ ਬ੍ਰਹਮ ਨੂੰ ਜਾਣ ਲਿਆ ਹੈ। ਉਹ ਅੰਨ ਹੀ ਹੈ।

ਵਰੁਣ ਨੇ ਕਿਹਾ, "ਹੋਰ ਤਪੱਸਿਆ ਕਰੋ। ਬ੍ਰਹਮ ਨੂੰ ਹੋਰ ਗੰਭੀਰਤਾ ਨਾਲ ਜਾਣੋ।"

ਹੁਣ ਉਸਨੇ ਚਿੰਤਨ ਕਰਦਿਆਂ ਮਹਿਸੂਸ ਕੀਤਾ ਕਿ ਪ੍ਰਾਣ ਹੀ ਬ੍ਰਹਮ ਹੈ। ਬ੍ਰਹਮ ਦੇ ਜੋ ਲੱਛਣ ਪਿਤਾ ਜੀ ਨੇ ਦੱਸੇ ਸਨ ਉਹ ਸਾਰੇ ਪ੍ਰਾਣ ਵਿਚ ਮਿਲ ਜਾਂਦੇ ਹਨ। ਸਾਰੇ ਪ੍ਰਾਣੀ ਪ੍ਰਾਣਾਂ ਤੋਂ ਪੈਦਾ ਹੁੰਦੇ ਹਨ। ਪ੍ਰਾਣ ਦੇ ਕਾਰਣ ਹੀ ਜੀਵਿਤ ਰਹਿੰਦੇ ਹਨ, ਅਤੇ ਅੰਤ ਵਿਚ ਪ੍ਰਾਣ ਦੇ ਨਿਕਲਣ ਨਾਲ ਖ਼ਤਮ ਹੋ ਜਾਂਦੇ ਹਨ। ਇਸ ਬੋਧ ਦੇ ਮਗਰੋਂ ਉਹ ਮੁੜ ਵਰੁਣ ਕੋਲ ਪਹੁੰਚਿਆ ਅਤੇ ਕਹਿਣ ਲਗਾ, "ਮਹਾਰਾਜ, ਇਸ ਵਾਰ ਤਾਂ ਮੈਂ ਸਚਮੁੱਚ ਬ੍ਰਹਮ ਨੂੰ ਜਾਣ ਲਿਆ ਹੈ। ਪ੍ਰਾਣ ਹੀ ਬ੍ਰਹਮ ਹੈ।"

ਵਰੁਣ ਨੇ ਉਹੀ ਜਵਾਬ ਇਸ ਵਾਰ ਵੀ ਦਿੱਤਾ, "ਹੋਰ ਸਾਧਨਾ ਕਰੋ। ਬ੍ਰਹਮ ਨੂੰ ਹੋਰ ਡੂੰਘਾਈ ਨਾਲ ਜਾਣੋ।"

ਹੁਣ ਉਹ ਮਨ ਦੇ ਵਿਸ਼ੇ ਵਿਚ ਉਸੇ ਸਿੱਟੇ 'ਤੇ ਪਹੁੰਚਿਆ। ਉਸੇ ਤਰ੍ਹਾਂ ਦੌੜਦਾ ਹੋਇਆ ਵਰੁਣ ਕੋਲ ਗਿਆ। ਇਸ ਵਾਰ ਵੀ ਉਹੀ ਜਵਾਬ ਮਿਲਿਆ। ਵਾਪਿਸ ਆ ਕੇ ਮੁੜ ਚਿੰਤਨ ਕਰਦਾ ਰਿਹਾ। ਇਸ ਵਾਰ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਵਿਗਿਆਨ ਹੀ ਬ੍ਰਹਮ ਹੈ, ਪਰ ਇਸ ਨਾਲ ਵੀ ਕੰਮ ਨਾ ਚਲਿਆ। ਜੇ ਵਰੁਣ ਨੂੰ ਦੱਸਣਾ ਹੀ ਸੀ ਤਾਂ ਆਪ ਦੱਸ ਦਿੰਦੇ ਕਿ ਬ੍ਰਹਮ ਕੀ ਹੈ, ਪਰ ਉਹ ਲੜਕੇ ਨੂੰ ਆਤਮ-ਚਿੰਤਨ ਦੇ ਮਾਧਿਅਮ ਰਾਹੀਂ ਸਭ ਕੁਝ ਸਮਝਾਉਣਾ ਚਾਹੁੰਦੇ ਸਨ। ਇਸ ਵਾਰ ਵੀ ਉਹੀ ਉੱਤਰ ਮਿਲਣ 'ਤੇ ਭ੍ਰਿਗੂ ਮੁੜ ਪਰਤੇ ਅਤੇ ਗੰਭੀਰ ਚਿੰਤਨ ਵਿਚ ਡੁਬੇ ਰਹੇ ਅਤੇ ਅੰਤ ਨੂੰ ਇਸ ਸਿੱਟੇ ਤੇ ਪਹੁੰਚੇ ਕਿ ਆਨੰਦ ਹੀ ਬ੍ਰਹਮ ਹੈ। ਆਨੰਦ ਨਾਲ ਹੀ ਸਾਰੇ ਪ੍ਰਾਣੀ ਉਤਪੰਨ ਹੁੰਦੇ ਹਨ। ਆਨੰਦ ਪੂਰਵਕ ਹੀ ਜੀਉਂਦੇ ਰਹਿੰਦੇ ਹਨ ਅਤੇ ਅੰਤ ਨੂੰ ਆਨੰਦ ਵਿਚ ਲੀਨ ਹੋ ਜਾਂਦੇ ਹਨ। ਇਸ ਵਾਰ ਉਹ ਆਪਣੇ ਇਸ ਗਿਆਨ ਬਾਰੇ ਏਨੇ ਯਕੀਨ ਵਿਚ ਸਨ ਕਿ ਉਨ੍ਹਾਂ ਨੇ ਵਰੁਣ ਤੋਂ ਇਸਦੀ ਪੁਸ਼ਟੀ ਦੀ ਵੀ ਜ਼ਰੂਰਤ ਨਾ ਸਮਝੀ। ਉਹ ਆਪ ਇਸ ਸਿੱਟੇ 'ਤੇ ਪਹੁੰਚ ਗਏ ਕਿ ਉਹੀ ਵਾਰੁਣੀ ਵਿਦਿਆ ਹੈ। ਜੋ ਇਸ ਨੂੰ ਜਾਣ ਲੈਂਦਾ ਹੈ ਉਹ ਪ੍ਰਤਿਸ਼ਠਿਤ ਹੁੰਦਾ ਹੈ। ਅੰਨਵਾਨ ਅਤੇ ਭੋਗਣ ਯੋਗ ਪਦਾਰਥਾਂ ਦਾ ਸੇਵਨ ਕਰਨ ਵਾਲਾ ਹੁੰਦਾ ਹੈ। ਉਸਦੀ ਹੈਸੀਅਤ ਉੱਚੀ ਹੋ ਜਾਂਦੀ ਹੈ। ਉਸਦੇ ਬਾਲ ਬੱਚੇ ਵੀ ਖ਼ੂਬ ਹੁੰਦੇ ਹਨ। ਪਸ਼ੂਆਂ ਦੀ ਵੀ ਘਾਟ ਨਹੀਂ ਹੁੰਦੀ। ਉਸਦਾ ਬ੍ਰਹਮਤੇਜ ਵੀ ਅਸਾਧਾਰਣ ਹੁੰਦਾ ਹੈ ਅਤੇ ਚਾਰੇ ਪਾਸੇ ਉਸ ਦਾ ਜਸ ਪਸਰ ਜਾਂਦਾ ਹੈ।

ਪਰ ਵਿਚਿਤ੍ਰ ਗੱਲ ਇਹ ਹੋਈ ਕਿ ਭ੍ਰਿਗੂ ਨੇ ਚੁਪ ਚਾਪ ਇਹ ਸਿੱਟਾ ਕੱਢਿਆ ਕਿ ਕੀ ਆਨੰਦ ਭੁੱਖੇ ਨੂੰ ਪ੍ਰਾਪਤ ਹੋ ਸਕਦਾ ਹੈ? ਕੀ ਉਨ੍ਹਾਂ ਦਾ ਇਹ ਸੋਚਣਾ ਗ਼ਲਤ ਸੀ ਕਿ ਅੰਨ ਖ਼ੁਦ ਬ੍ਰਹਮ ਹੈ। ਪ੍ਰਾਣ, ਮਨ, ਗਿਆਨ ਆਦਿ ਵੀ ਕੀ ਅੰਨ ਦੇ ਅਭਾਵ ਵਿਚ ਸੰਭਵ ਹਨ, ਉਨ੍ਹਾਂ ਨੂੰ ਇਸ ਵਾਰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਹੀਂ ਵਿਚ ਹੀ ਮਿਲਿਆ।

ਉਨ੍ਹਾਂ ਨੇ ਕਿਹਾ ਨਹੀਂ। ਅੰਨ ਨੂੰ ਤੁੱਛ ਸਮਝਣਾ ਗਲਤ ਹੈ। ਅੰਨ ਦੀ ਨਿੰਦਾ ਨਹੀਂ ਕੀਤੀ ਜਾਣੀ ਚਾਹੀਦੀ। ਉਹੀ ਬ੍ਰਤ ਹੈ। ਉਹੀ ਪ੍ਰਾਣ ਹੈ – **ਅੰਨੰ ਨ ਨਿੰਦਯਾਤ। ਤਤ ਵ੍ਰਤਮ। ਪ੍ਰਾਣੋ ਵਾ ਅਨੰਮ।** ਅੰਨ ਦੇ ਅਭਾਵ ਵਿਚ ਸਰੀਰ ਦਾ ਪਾਲਣ ਨਹੀਂ ਹੋ ਸਕਦਾ। ਸਰੀਰ ਵਿਚ ਹੀ ਪ੍ਰਾਣ ਪ੍ਰਤਿਸ਼ਠਿਤ ਹੁੰਦਾ ਹੈ। ਇਸ ਤਰ੍ਹਾਂ ਅੰਨ ਅੰਨ ਵਿਚ ਸਥਿਤ ਹੈ ਅਤੇ ਜੋ ਇਸ ਤੱਥ ਨੂੰ ਜਾਣ ਲੈਂਦਾ ਹੈ ਉਸਨੂੰ ਉਹ ਸਾਰੇ ਲਾਭ ਪ੍ਰਾਪਤ ਹੁੰਦੇ ਹਨ ਜੋ ਬ੍ਰਹਮ ਨੂੰ ਆਨੰਦ ਰੂਪ ਵਿਚ ਜਾਣਨ ਤੇ ਪ੍ਰਾਪਤ ਹੁੰਦੇ ਹਨ।

ਮਨੁੱਖ ਨੂੰ ਅੰਨ ਦੀ ਅਵਗਿਆ ਨਹੀਂ ਕਰਨੀ ਚਾਹੀਦੀ। ਇਹੀ ਬ੍ਰਤ ਹੈ। ਜਲ ਵੀ ਅੰਨ ਹੈ। ਜੋਤਿ ਅੰਨ ਖਾਣ ਵਾਲਾ ਹੈ। ਜਲ ਵਿਚ ਜੋਤਿ ਪ੍ਰਤਿਸ਼ਠਿਤ ਹੈ। ਇਸ ਤਰਕ ਨਾਲ ਵੀ ਅੰਨ ਅੰਨ ਵਿਚ ਹੀ ਪ੍ਰਤਿਸ਼ਠਿਤ ਹੈ ਇਸ ਲਈ ਮਨੁੱਖ ਨੂੰ ਭੌਤਿਕ ਵਿਕਾਸ ਪ੍ਰਤੀ ਬੇਪਰਵਾਹੀ ਨਹੀਂ ਕਰਨੀ ਚਾਹੀਦੀ। ਜ਼ਿਆਦਾ ਤੋਂ ਜ਼ਿਆਦਾ ਅੰਨ ਪੈਦਾ ਕਰਨਾ ਚਾਹੀਦਾ ਹੈ – **ਅੰਨੰ ਬਹੁ ਕੁਰਵੀਤ।** ਇਹੀ ਬ੍ਰਤ ਹੈ – **ਤਤ ਵ੍ਰਤਮ।** ਧਰਤੀ ਆਪ ਅੰਨ ਹੈ – **ਪ੍ਰਿਥਿਵੀ ਵਾ ਅਨੰਮ।** ਪ੍ਰਿਥਵੀ ਵਿਚ ਆਕਾਸ਼ ਅਤੇ ਆਕਾਸ਼ ਵਿਚ ਪ੍ਰਥਵੀ ਪ੍ਰਤਿਸ਼ਠਿਤ ਹੈ। ਇਥੇ ਵੀ ਅੰਨ ਅੰਨ ਵਿਚ ਪ੍ਰਤਿਸ਼ਠਿਤ ਹੈ – **ਤਤ ਏਤਤ ਅੰਨੰ ਅੰਨੇ ਪ੍ਰਤਿਸ਼ਠਿਤਮ।**

ਸੱਚੀ ਗੱਲ ਇਹ ਹੈ ਕਿ ਜੋ ਇਸ ਭੇਦ ਨੂੰ ਜਾਣ ਲੈਂਦਾ ਹੈ ਅਤੇ ਭੌਤਿਕ ਪੱਖ ਦੀ ਘੌਲ ਨਹੀਂ ਕਰਦਾ। ਉਹੀ ਪ੍ਰਤਿਸ਼ਠਿਤ ਹੁੰਦਾ ਹੈ। ਉਹ ਭੌਤਿਕ ਅਮੀਰੀ, ਮਹਾਨਤਾ, ਪਰਿਵਾਰਿਕ ਸੁਖ ਤਾਂ ਪ੍ਰਾਪਤ ਕਰਦਾ ਹੀ ਹੈ, ਉਹੀ ਤੇਜਸਵੀ ਹੁੰਦਾ ਹੈ ਅਤੇ ਉਸੇ ਦਾ ਜਸ ਚੌਹਾਂ ਪਾਸੇ ਪਸਰਦਾ ਹੈ – **ਸ ਯ ਏਤਤ ਅੰਨੰ ਅੰਨੇ ਵੇਦ ਪ੍ਰਤਿਸ਼ਠਤੰ ਪ੍ਰਤਿਸ਼ਠਤਿ। ਅੰਨਵਾਨ ਅੰਨਾਦੋ ਭਵਤਿ। ਮਹਾਨ ਭਵਤਿ ਪ੍ਰਜਯਾ ਪਸ਼ੂਭਿ: ਬ੍ਰਹਮਵਰਚਸੇਨ। ਮਹਾ ਕੀਰਤਯਾ।**

# ਕੁੱਤੇ ਦਾ ਬ੍ਰਹਮ-ਗਿਆਨ

ਗੱਲ ਬਹੁਤ ਪੁਰਾਣੀ ਹੈ। ਉਸ ਸਮੇਂ ਕੁੱਤੇ ਆਦਮੀ ਦੀ ਅਤੇ ਆਦਮੀ ਕੁੱਤੇ ਦੀ ਭਾਸ਼ਾ ਜਾਣਦੇ ਸਨ ਅਤੇ ਕੁਝ ਕੁੱਤੇ ਤਾਂ ਸਮੂਹ ਗਾਨ ਕਰਦੇ ਹੋਏ ਭੌਂਕਦੇ ਸਨ। ਜੋ ਲੋਕ ਕੁੱਤਿਆਂ ਦੀ ਭਾਸ਼ਾ ਸਮਝ ਲੈਂਦੇ ਸਨ ਉਹ ਕੁੱਤਿਆਂ ਦੇ ਗਿਆਨ ਉਤੇ ਆਦਮੀ ਦੇ ਗਿਆਨ ਤੋਂ ਜ਼ਿਆਦਾ ਭਰੋਸਾ ਕਰਦੇ ਸਨ। ਇਕ ਖਾਸ ਅਧਿਆਤਮਿਕ ਉੱਚਾਈ ਉਤੇ ਪਹੁੰਚੇ ਹੋਏ ਕੁੱਤੇ ਅਜਿਹੇ ਲੋਕਾਂ ਨਾਲ ਉਸੇ ਅੰਦਾਜ਼ ਅਤੇ ਤਰਜ਼ ਵਿਚ ਗੱਲ ਕਰਦੇ ਸਨ ਜਿਵੇਂ ਰਿਸ਼ੀਆਂ ਵਿਚ ਆਪਣੇ ਆਪ ਨੂੰ ਸੀਨੀਅਰ ਮੰਨਣ ਵਾਲੇ ਨਵੇਂ ਸਨਾਤਕਾਂ ਨਾਲ ਕਰਿਆ ਕਰਦੇ ਸਨ। ਕਹਿੰਦੇ ਹਨ ਉਨ੍ਹਾਂ ਦਿਨਾਂ ਵਿਚ ਹੀ ਇਕ ਰਿਸ਼ੀ ਕੁਮਾਰ ਸ਼ਾਸਤ੍ਰ ਅਧਿਐਨ ਲਈ ਪਿੰਡੋਂ ਬਾਹਰ ਇਕਾਂਤ ਵਿਚ ਬਣੇ ਇਕ ਤਲਾਅ ਦੇ ਨੇੜੇ ਗਿਆ। ਉਸ ਦੇ ਬਾਰੇ ਵਿਚ ਇਹ ਨਿਸਚਿਤ ਨਹੀਂ ਹੋ ਸਕਿਆ ਹੈ ਕਿ ਉਹ ਦਲਭ ਦਾ ਪੁੱਤਰ ਬਕ ਸੀ ਜਾਂ ਮਿਤ੍ਰਾ ਦਾ ਪੁੱਤਰ ਗਲਾਵ। ਕਾਰਣ ਇਹ ਸੀ ਕਿ ਉਸਦਾ ਨਾਂ ਕੁਝ ਦੁਬਿਧਾ ਨਾਲ ਜਾਂ ਤਾਂ ਦਲਭ ਦਾ ਲੜਕਾ ਜਾਂ ਮਿਤ੍ਰਾ ਦਾ ਲੜਕਾ ਗਲਾਵ – **ਬਕੋ ਦਾਲਭਯੋ ਗਲਾਵੋ ਵਾ ਮੈਤ੍ਰੇਯ** – ਦੱਸਿਆ ਗਿਆ ਹੈ। ਇਨ੍ਹਾਂ ਦੋ ਸ਼ਨਾਖਤਾਂ ਦੇ ਬਾਵਜੂਦ ਉਸਦਾ ਪਰਿਚੈ ਇਕ-ਵਚਨ ਵਿਚ ਹੀ ਦਿੱਤਾ ਗਿਆ ਹੈ, ਇਸ ਲਈ ਸੰਭਾਵਨਾ ਇਸ ਗੱਲ ਦੀ ਹੈ ਕਿ ਇਹ ਦੋਹਾਂ ਦਾ ਪੁੱਤਰ ਹੋਵੇ। ਨਾਨਕੇ ਜਨਮ ਲੈਣ ਕਾਰਣ ਇਸਦੇ ਨਾਨੇ ਨੇ ਜਨਮ ਵੇਲੇ ਉਸਦਾ ਨਾਂ ਸੋਮ-ਰਸ ਕੱਢਣ ਵਾਲਾ 'ਗ੍ਰਾਵ' ਰਖ ਦਿੱਤਾ ਹੋਵੇ ਜੋ ਪੂਰਬੀ ਪ੍ਰਭਾਵ ਕਾਰਣ ਗਲਾਵ ਹੋ ਗਿਆ ਹੋਵੇ ਅਤੇ ਜਦੋਂ ਮਿਤ੍ਰਾ ਉਸਨੂੰ ਲੈ ਕੇ ਸੌਹਰੇ ਘਰ ਪਹੁੰਚੀ ਹੋਵੇ ਤਾਂ ਉਸਦੇ ਦਾਦੇ ਨੇ ਨਾਨੇ ਨਾਲੋਂ ਆਪਣੀ ਹੈਸੀਅਤ ਉੱਚੀ ਸਿੱਧ ਕਰਨ ਲਈ ਪਿਆਰ ਨਾਲ ਉਸਦਾ ਨਾਂ 'ਬਕ' ਰਖ ਦਿੱਤਾ ਹੋਵੇ।

ਸੰਭਵ ਹੈ ਦਾਦਕਿਆਂ ਵਲੋਂ ਦਿੱਤਾ ਗਿਆ ਨਾਂ ਉਸਦੀ ਯੋਗਤਾ ਨੂੰ ਦੇਖਦੇ ਹੋਇਆਂ ਕੁਝ ਜ਼ਿਆਦਾ ਠੀਕ ਲਗਦਾ ਹੋਵੇ। ਜਦੋਂ ਉਹ ਉਸ ਤਲਾ ਦੇ ਕੰਢੇ ਟਹਿਲਦਾ ਹੋਇਆ ਰੱਟਾ ਲਗਾ ਰਿਹਾ ਸੀ ਤਾਂ ਉਸ ਵੇਲੇ ਉਸਦੇ ਸਾਹਮਣੇ ਇਕ ਚਿੱਟਾ ਕੁੱਤਾ ਪ੍ਰਗਟ ਹੋਇਆ। ਉਹ ਕੁੱਤਾ ਜਾਂ ਤਾਂ ਪਿਛਲੇ ਜਨਮ ਵਿਚ ਸਾਮਗਾਨ ਦੀ ਕੋਈ ਪਾਠਸ਼ਾਲਾ ਚਲਾਉਂਦਾ ਸੀ ਜਾਂ ਇਸ ਜਨਮ ਵਿਚ ਕਿਸੇ ਸਾਮਗਾਇਕ ਦੇ ਆਸ਼੍ਰਮ ਦੇ ਨੇੜੇ ਤੇੜੇ ਘੁੰਮਦਾ ਰਹਿੰਦਾ ਸੀ ਅਤੇ ਸਾਮਗਾਨ ਸੁਣਦਿਆਂ ਸੁਣਦਿਆਂ ਉਸਦਾ ਸਵਰ ਏਨਾ ਪੱਕ ਗਿਆ ਸੀ ਕਿ ਰਿਸ਼ੀਆਂ ਦਾ ਸਾਮਗਾਨ ਭਾਵੇਂ ਵਿਅਰਥ ਚਲਾ ਜਾਵੇ, ਉਸਦਾ ਨਹੀਂ ਸੀ ਜਾ ਸਕਦਾ। ਉਹ ਘੱਟ ਤੋਂ ਘੱਟ ਆਪਣੀ ਬਿਰਾਦਰੀ ਨੂੰ ਦੇਖਦਿਆਂ ਵਿਦਵਾਨ ਵੀ ਇਤਨਾ ਹੋ ਗਿਆ ਸੀ ਕਿ ਦੇਸ਼ ਦੇਸ਼ਾਂਤਰ ਵਿਚ ਘੁੰਮਦਾ ਹੋਇਆ ਦੂਜੇ ਕੁੱਤਿਆਂ ਨੂੰ ਸ਼ਾਸਤ੍ਰ-ਅਰਥ ਲਈ ਲਲਕਾਰਦਾ

ਰਹਿੰਦਾ ਸੀ। ਇਸ ਅਨੁਮਾਨ ਦਾ ਕਾਰਣ ਇਹ ਹੈ ਕਿ ਉਸ ਦੇ ਪ੍ਰਗਟ ਹੋਣ ਦੇ ਕੁਝ ਹੀ ਪਿਛੋਂ ਦੂਜੇ ਕਈ ਕੁੱਤੇ ਉਸਦੇ ਕੋਲ ਆਏ ਅਤੇ ਕਹਿਣ ਲਗੇ, ''ਭਗਵਨ, ਸਾਨੂੰ ਬਹੁਤ ਭੁੱਖ ਲੱਗੀ ਹੈ, ਇਸ ਲਈ ਆਪ ਸਾਡੇ ਲਈ ਅੰਨ ਦਾ ਪ੍ਰਬੰਧ ਕਰੋ।'' ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਕੁੱਤੇ ਵੀ ਆਮ ਕੁੱਤੇ ਨਹੀਂ ਸਗੋਂ ਉਸੇ ਦੇ ਚੇਲੇ ਸਨ ਜੋ ਉਸ ਦੇ ਨਾਲ ਹੀ ਘੁੰਮ ਫਿਰ ਰਹੇ ਸਨ ਅਤੇ ਸ਼ਾਸਤ੍ਰੀ ਸੰਕਟ ਆਉਣ ਦੇ ਦੂਜੇ ਕੁੱਤਿਆਂ ਨੂੰ ਹੂਟ ਕਰ ਸਕਦੇ ਸਨ। ਇਹ ਸਾਰੇ ਕਈ ਦਿਨਾਂ ਤੋਂ ਭੁੱਖੇ ਸਨ।

ਉਸ ਕੁੱਤੇ ਨੇ ਜੇ ਤੁਰਤ ਅੰਨ-ਵਰਸ਼ੀ ਸਾਮਗਾਨ ਕਰ ਦਿੱਤਾ ਹੁੰਦਾ ਤਾਂ ਉਸਦੀ ਆਪਣੀ ਹੈਸੀਅਤ ਨੂੰ ਧੱਕਾ ਲਗਦਾ ਸੀ। ਦੇਖਣ ਅਤੇ ਸੁਣਨ ਵਾਲੇ ਸਮਝਦੇ ਕਿ ਉਹ ਉਨ੍ਹਾਂ ਕੁੱਤਿਆਂ ਦਾ ਹੁਕਮ ਪਾਲ ਰਿਹਾ ਹੈ। ਇਸ ਭਰਮ ਵਾਲੀ ਸਥਿਤੀ ਨੂੰ ਟਾਲਣ ਲਈ ਉਸਨੇ ਇਸ ਵਿਵਸਥਾ ਨੂੰ ਘੱਟੋ ਘੱਟ ਚੌਵੀ ਘੰਟਿਆਂ ਲਈ ਟਾਲ ਦੇਣਾ ਜ਼ਿਆਦਾ ਉਚਿਤ ਸਮਝਿਆ। ਉਸਨੇ ਆਦੇਸ਼ ਦੇ ਸੁਰ ਵਿਚ ਕਿਹਾ – ''ਤੁਸੀਂ ਲੋਕ ਠੀਕ ਇਸੇ ਵੇਲੇ ਕੱਲ੍ਹ ਇਥੇ ਆਉਣਾ।''

ਇਹ ਗੱਲ ਗਲਾਵ ਅਤੇ ਬਕ ਦੋਹਾਂ ਨਾਵਾਂ ਨਾਲ ਜਾਣੇ ਜਾਣ ਵਾਲੇ ਰਿਸ਼ੀ ਕੁਮਾਰ ਨੇ ਵੀ ਸੁਣ ਲਈ। ਭੁੱਖ ਮਿਟਾਉਣ ਦਾ ਇਹ ਇਕ ਦੁਰਲਭ ਤਰੀਕਾ ਸੀ। ਗਾਨ ਗਾਓ, ਭੋਜਨ ਦੀ ਥਾਲੀ ਸਾਹਮਣੇ ਆ ਜਾਵੇ। ਖੇਤੀ ਬਾੜੀ ਅਤੇ ਚੁਲ੍ਹੇ ਚੱਕੀ ਦੇ ਝੰਜਟ ਤੋਂ ਛੁੱਟੀ। ਇਸ ਨੂੰ ਜਾਣਨਾ ਜਿੰਨਾ ਕੁੱਤਿਆਂ ਲਈ ਜ਼ਰੂਰੀ ਸੀ ਓਨਾ ਹੀ ਜ਼ਰੂਰੀ ਰਿਸ਼ੀਆਂ ਲਈ ਵੀ ਸੀ ਕਿਉਂਕਿ ਇਸ ਇਕ ਭੇਦ ਦਾ ਗਿਆਨ ਨਾ ਹੋਣ ਕਾਰਣ ਔਖੀ ਘੜੀ ਵਿਚ ਵਾਮਦੇਵ ਅਤੇ ਵਿਸ਼ਵਾਮਿਤਰ ਨੂੰ ਕੁੱਤਿਆਂ ਦੀਆਂ ਆਂਦਰਾਂ ਪਕਾ ਕੇ ਖਾਣੀਆਂ ਪਈਆਂ ਸਨ ਅਤੇ ਉਸ਼ਸ੍ਰਿਤ ਚਾਕ੍ਰਾਯਣ ਨੂੰ ਮਹਾਵਤ ਦੇ ਜੂਠੇ ਅਤੇ ਘੁਣ ਖਾਧੇ ਹੋਏ ਮਾਂਹ।

ਉਸ ਕੁਮਾਰ ਨੂੰ ਭਾਵੇਂ ਉਚੇਚਾ ਸੱਦਾ ਨਹੀਂ ਦਿੱਤਾ ਗਿਆ ਸੀ ਪਰ ਇਸ ਮੰਤਰ ਨੂੰ ਜਾਣਨ ਦੀ ਉਤਸੁਕਤਾ ਕਾਰਣ ਅਗਲੇ ਦਿਨ ਉਹ ਵੀ ਠੀਕ ਉਸੇ ਸਮੇਂ ਉਥੇ ਹਾਜ਼ਰ ਹੋ ਗਿਆ।

ਬਕ ਉਰਫ਼ ਗਲਾਵ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਉਹ ਕੁੱਤੇ ਠੀਕ ਵੇਦ ਪਾਠੀਆਂ ਵਾਂਗ ਆਚਰਣ ਕਰ ਰਹੇ ਸਨ। ਜਿਸ ਤਰ੍ਹਾਂ ਸਾਮਗਾਨ ਕਰਨ ਵਾਲੇ ਬ੍ਰਿਹਿਸ੍ਰਪਵਮਾਨ ਸਤੋਤ੍ਰ ਦਾ ਪਾਠ ਕਰਦੇ ਹੋਏ ਇਕੱਠੇ ਮਿਲ ਕੇ ਪਰਿਕ੍ਰਮਾ ਕਰਦੇ ਹਨ, ਉਸੇ ਤਰ੍ਹਾਂ ਕੁੱਤਿਆਂ ਨੇ ਇਕ ਦੂਜੇ ਦੀ ਪੂਛਲ ਦੰਦਾਂ ਵਿਚ ਦਬਾ ਕੇ ਪਰਿਕ੍ਰਮਾ ਕੀਤੀ ਅਤੇ ਬੈਠ ਕੇ ਘੂਰਨ ਲਗੇ। ਉਹ ਗਾ ਰਹੇ ਸਨ – ''ਓਮ ਅਸੀਂ ਖਾਂਦੇ ਹਾਂ, ਓਮ ਅਸੀਂ ਪੀਂਦੇ ਹਾਂ, ਓਮ ਦੇਵਤਾ, ਵਰੁਣ, ਪ੍ਰਜਾਪਤੀ, ਸੂਰਜਦੇਵ ਇਥੇ ਅੰਨ ਲਿਆਉਣ। ਹੇ ਅੰਨ-ਪਤੀ, ਇਥੇ ਅੰਨ ਲਿਆਓ, ਅੰਨ ਲਿਆਓ, ਓਮ।''

ਕਹਾਣੀਕਾਰ ਨੇ ਇਹ ਨਹੀਂ ਦਸਿਆ ਕਿ ਇਸ ਪਿਛੋਂ ਉਥੇ ਅੰਨ ਆਇਆ ਵੀ ਜਾਂ ਨਹੀਂ ਕਿਉਂਕਿ ਕਹਾਣੀ ਇਥੇ ਹੀ ਖ਼ਤਮ ਮੰਨ ਲਈ ਗਈ ਹੈ। ਪਰ ਇਥੇ ਇਕ ਬਹੁਤ ਵੱਡਾ ਕਲਾਤਮਕ ਭੇਦ ਛਿਪਿਆ ਹੋਇਆ ਹੈ। ਲੋਕ ਕਹਿੰਦੇ ਹਨ ਕਿ ਕਹਾਣੀ ਵਿਚ ਸਭ ਕੁਝ ਕਹਿਣਾ ਜ਼ਰੂਰੀ ਨਹੀਂ। ਪਾਠਕਾਂ ਦੇ ਅਨੁਮਾਨ ਤੇ ਭਰੋਸਾ ਕਰਦੇ ਹੋਇਆਂ ਸਭ ਕੁਝ ਕਹਿਣ ਦੀ ਥਾਂ ਕੁਝ ਛੱਡਿਆ ਵੀ ਜਾ ਸਕਦਾ ਹੈ। ਇਸ ਸੂਝ ਨੂੰ ਲੋਕੀਂ ਅੱਜ ਦੀ ਕਹਾਣੀ

ਦੇ ਦੇਣ ਮੰਨਦੇ ਹਨ। ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਆਧੁਨਿਕ ਕਹਾਣੀ ਦੇ ਜਨਮਦਾਤਾ ਹੋਣ ਦਾ ਸਿਹਰਾ ਵੀ ਉਪਨਿਸ਼ਦਕਾਰਾਂ ਨੇ ਉਨ੍ਹਾਂ ਦੇ ਯੁਗ ਲਈ ਨਹੀਂ ਛੱਡਿਆ।

ਇਸ ਮੰਤ੍ਰ ਦਾ ਪ੍ਰਭਾਵ ਕਲਿ-ਕਾਲ ਵਿਚ ਵੀ ਓਹੀ ਰਹਿ ਗਿਆ ਹੈ ਜਾਂ ਨਹੀਂ, ਇਸਦੀ ਪਰੀਖਿਆ ਕਰਨੀ ਹੋਵੇ ਤਾਂ ਇਸਦਾ ਆਸਾਨ ਤਰੀਕਾ ਇਹ ਹੈ ਕਿ ਪਹਿਲਾਂ ਉਪਰ ਦੇ ਮੰਤ੍ਰ ਨੂੰ ਸ਼ੁੱਧ ਵੈਦਿਕ ਵਿਚ ਸਾਮਪਾਠੀਆਂ ਨਾਲ ਪੜ੍ਹਨ ਦਾ ਅਭਿਆਸ ਕਰੋ। ਮੂਲਮੰਤ੍ਰ ਇਸ ਪ੍ਰਕਾਰ ਹੈ :

**ਓ 3 ਮਦਾ 3 ਮੋਂ 3 ਪਿਬਾ 3 ਮੋਂ 3 ਦੇਵੋ ਵਰੁਣ: ਪ੍ਰਜਾਪਤਿ: ਸਵਿਤਾ 2 ਨਨਮਿਹਾ 2 ਹਰਦਨਨਾਪਤੇ 3 ਹਨਨਮਿਹਾ 2 ਹਰਾ 2 ਹਰੋ 3 ਮਿਤਿ।**

ਜਦੋਂ ਅਭਿਆਸ ਪੂਰਾ ਹੋ ਜਾਵੇ ਤਾਂ ਇਕ ਦਰਜਨ ਕੁੱਤੇ ਪਾਲੋ ਅਤੇ ਇਹ ਮੰਤ੍ਰ ਸੁਰੀਲੇ ਢੰਗ ਨਾਲ ਜ਼ਬਾਨੀ ਯਾਦ ਕਰਾਓ ਅਤੇ ਨਾਲ ਹੀ ਉਨ੍ਹਾਂ ਵਿਚ ਕੁੱਤਿਆਂ ਵਾਲੀ ਦੁਰਭਾਵਨਾ ਦੂਰ ਕਰਾਉਂਦੇ ਹੋਇਆਂ ਇਕ ਦੂਜੇ ਦੀ ਪੂਛਲ ਪਕੜ ਕੇ ਪਰਿਕ੍ਰਮਾ ਕਰਨ ਦਾ ਅਭਿਆਸ ਕਰਾਓ। ਇਹ ਕੰਮ ਪੂਰਾ ਹੋ ਜਾਣ ਤੇ ਉਨ੍ਹਾਂ ਨੂੰ ਕੁਝ ਦਿਨ ਭੁੱਖਾ ਰੱਖੋ ਫਿਰ ਉਪਰੋਕਤ ਵਿਧੀ ਨਾਲ ਇਸ ਮੰਤ੍ਰ ਦਾ ਪਾਠ ਕਰਨ ਦਾ ਇਸ਼ਾਰਾ ਕਰੋ ਅਤੇ ਫਿਰ ਨਤੀਜਾ ਦੇਖੋ। ਹੋ ਸਕਦਾ ਹੈ ਮੰਤ੍ਰ-ਸ਼ਕਤੀ ਅਜ ਤਕ ਬਚੀ ਰਹਿ ਗਈ ਹੋਵੇ। ਸਫਲ ਹੋ ਗਏ ਤਾਂ ਦੁਨੀਆ ਦੇ ਭੁੱਖੜਾਂ ਵਿਚ ਆਪਨੂੰ ਜੋ ਹਰਮਨ ਪਿਆਰਤਾ ਮਿਲੇਗੀ ਓਨੇ ਨਾਲ ਹੀ ਭਾਰਤ ਦਾ ਕੁਝ ਭਲਾ ਹੋ ਜਾਵੇਗਾ।

# ਬਹੁਤ ਔਖਾ ਹੈ ਸ੍ਵੇਤਕੇਤੂ ਨੂੰ ਸਮਝਾਉਣਾ

ਸ੍ਵੇਤਕੇਤੂ ਨੂੰ ਜਦ ਇਹ ਗੱਲ ਸਮਝ ਆ ਗਈ ਕਿ ਅੰਨ ਦਾ ਜੀਵਨ ਵਿਚ ਕੀ ਮਹੱਤਵ ਹੈ ਤਦ ਉੱਦਾਲਕ ਨੇ ਉਸਨੂੰ ਇਕ ਅਧਿਕ ਗੂੜ੍ਹ ਗੱਲ ਸਮਝਾਈ। ਰਿਸ਼ੀ ਨੇ ਕਿਹਾ, ਪਹਿਲਾਂ ਤਾਂ ਤੂੰ ਇਹ ਸਮਝ ਕਿ ਜਦ ਭੁੱਖ ਨਾਲ ਨਿਢਾਲ ਜਿਹਾ ਹੋ ਜਾਣ ਕਰਕੇ ਤੈਨੂੰ ਕੁਝ ਵੀ ਯਾਦ ਨਹੀਂ ਆ ਰਿਹਾ ਸੀ, ਉਦੋਂ ਵੀ ਇਹ ਗਿਆਨ ਤੇਰੇ ਅੰਦਰ ਸੀ, ਪਰ ਜਾਗ ਨਹੀਂ ਰਿਹਾ ਸੀ। ਅੰਨ ਨੇ ਬਾਲਣ ਦਾ ਕੰਮ ਕੀਤਾ ਅਤੇ ਤੇਰੀ ਪ੍ਰਾਣ-ਸ਼ਕਤੀ ਨਾਲ ਇਹ ਸਮ੍ਰਿਤੀ ਵੀ ਮੁੜ ਆਈ।

ਇਸੇ ਤਰ੍ਹਾਂ ਜਦ ਤੂੰ ਸੌਂ ਜਾਂਦਾ ਹੈ ਤਾਂ ਵੀ ਅਚੇਤ ਹੋ ਜਾਂਦਾ ਹੈ। ਉਸ ਵੇਲੇ ਅੰਨ ਦਾ ਅਭਾਵ ਨਹੀਂ ਹੁੰਦਾ ਫਿਰ ਵੀ ਅਜਿਹਾ ਕਿਉਂ ਹੁੰਦਾ ਹੈ, ਇਹ ਜਾਣਨਾ ਅੰਨ ਦੀ ਮਹਿਮਾ ਜਾਣਨ ਤੋਂ ਜ਼ਿਆਦਾ ਜ਼ਰੂਰੀ ਹੈ। ਇਸ ਅਵਸਥਾ ਵਿਚ ਮਨੁੱਖ ਆਪਣੇ ਸੁਭਾਅ ਨੂੰ ਪ੍ਰਾਪਤ ਹੋ ਜਾਂਦਾ ਹੈ। ਨੀਂਦ ਜਾਂ ਸੁਫਨੇ ਦਾ ਤਾਂ ਅਰਥ ਹੀ ਹੈ ਆਪਣੇਪਨ ਜਾਂ ਸੁਭਾਅ ਨੂੰ ਪ੍ਰਾਪਤ ਹੋ ਜਾਣਾ। ਉਸ ਹਾਲਤ ਵਿਚ ਆਤਮਾ ਦੀ ਸਥਿਤੀ ਕਾਂ ਵਰਗੀ ਹੁੰਦੀ ਹੈ ਜਿਸ ਦੇ ਪੈਰ ਨੂੰ ਲੰਮੇ ਧਾਗੇ ਨਾਲ ਕਿਸੇ ਥਾਂ 'ਤੇ ਬੰਨ੍ਹ ਦਿੱਤਾ ਗਿਆ ਹੋਵੇ ਅਤੇ ਉਹ ਚੌਹਾਂ ਪਾਸੇ ਉਡ ਕੇ ਨੱਸ ਜਾਣਾ ਚਾਹੇ, ਪਰ ਨੱਸ ਨਾ ਸਕੇ ਅਤੇ ਅੰਤ ਵਿਚ ਥੱਕ ਕੇ ਉਥੇ ਹੀ ਆ ਕੇ ਬੈਠ ਜਾਏ। ਇਹ ਤੇਰੀ ਆਤਮਾ ਜਾਂ ਪੁਰਸ਼ ਪ੍ਰਾਣ ਦੀ ਡੋਰ ਨਾਲ ਇਸ ਸਰੀਰ ਨਾਲ ਬੰਨ੍ਹਿਆ ਹੋਇਆ ਹੈ ਅਤੇ ਇਸ ਲਈ ਸੁਫਨੇ ਵਿਚ ਅਨੇਕ ਦਿਸ਼ਾਵਾਂ ਵਿਚ ਭਟਕਣ ਤੋਂ ਬਾਅਦ ਵੀ ਮੁੜ ਕੇ ਇਸੇ ਕੋਲ ਆ ਜਾਂਦਾ ਹੈ।

ਹੁਣ ਉਨ੍ਹਾਂ ਨੇ ਜਲ ਦਾ ਮਹੱਤਵ ਸਮਝਾਉਂਦੇ ਹੋਇਆਂ ਕਿਹਾ, ਜਿਸ ਅੰਨ ਉਤੇ ਤੇਰਾ ਜੀਵਨ ਟਿਕਿਆ ਹੈ ਉਸ ਨੂੰ ਲੈ ਜਾਣ ਵਾਲਾ ਇਹ ਜਲ ਹੀ ਹੈ। ਜਿਵੇਂ ਗਊ, ਘੋੜੇ ਅਤੇ ਆਦਮੀਆਂ ਨੂੰ ਲੈ ਜਾਣ ਨੂੰ ਗੋਨਾਯ, ਅਸ਼ਵਨਾਯ ਜਾਂ ਪੁਰਸ਼ਨਾਯ ਕਹਿੰਦੇ ਹਨ, ਉਸੇ ਤਰ੍ਹਾਂ ਜਲ ਨੂੰ ਅਸ਼ਨਾਯ ਕਹਿੰਦੇ ਹਨ। ਇਸ ਲਈ ਜਲ ਤੋਂ ਹੀ ਇਹ ਸਰੀਰ ਰੂਪੀ ਸ਼ੁੰਗ ਜਾਂ ਅੰਕੁਰ ਪੈਦਾ ਹੁੰਦਾ ਹੈ। ਉਹ ਇਸ ਗੱਲ ਨੂੰ ਹੋਰ ਵਿਸਤਾਰ ਦਿੰਦੇ ਹੋਇਆਂ ਕਹਿਣ ਲਗੇ, ''ਜਿਵੇਂ ਅੰਨ ਦਾ ਮੂਲ ਜਲ ਹੈ, ਉਵੇਂ ਹੀ ਜਲ ਦਾ ਮੂਲ ਤੇਜ ਹੈ ਅਤੇ ਤੇਜ ਦਾ ਮੂਲ ਸਤ ਹੈ। ਉਹ ਅਨੇਕ ਉਦਾਹਰਣਾਂ ਰਾਹੀਂ ਜੀਵਨ ਦੇ ਇਸ ਭੇਦ ਨੂੰ ਸਮਝਾਉਣ ਤੋਂ ਬਾਅਦ ਕਹਿਣ ਲਗੇ, ''ਜੇ ਜੀਵਨ ਦਾ ਭੇਦ ਪਾਉਣਾ ਹੈ ਤਾਂ ਇਸ ਦੇ ਨਾਲ ਮੌਤ ਦੇ ਭੇਦ ਨੂੰ ਵੀ ਸਮਝ। ਮਰਨ ਵੇਲੇ ਮਨੁੱਖ ਦਾ ਵਾਕ (ਬਾਣੀ) ਮਨ ਵਿਚ ਲੀਨ ਹੋ ਜਾਂਦਾ ਹੈ। ਮਨ ਪ੍ਰਾਣ ਵਿਚ ਲੀਨ ਹੋ ਜਾਂਦਾ ਹੈ ਅਤੇ ਪ੍ਰਾਣ ਤੇਜ ਵਿਚ ਲੀਨ ਹੋ ਜਾਂਦਾ ਹੈ ਅਤੇ ਤੇਜ ਪਰਮ-ਦੇਵਤਾ ਵਿਚ ਲੀਨ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਜੋ ਪਰਮ-ਅਣੂ ਭਾਵ ਹੈ, ਇਹੀ

ਤੂੰ ਹੈਂ।''

ਇਹ ਗੱਲ ਸ੍ਵੇਤਕੇਤੂ ਦੀ ਸਮਝ ਵਿਚ ਨਹੀਂ ਆਈ, ਇਸ ਲਈ ਉਸ ਨੇ ਇਸ ਨੂੰ ਫਿਰ ਸਮਝਾਉਣ ਲਈ ਕਿਹਾ।

ਉੱਦਾਲਕ ਕਹਿਣ ਲਗੇ – ''ਪੁੱਤਰ, ਜਿਵੇਂ ਸ਼ਹਿਦ ਦੀਆਂ ਮੱਖੀਆਂ ਅਨੇਕ ਦਿਸ਼ਾਵਾਂ ਵਿਚ ਅਨੇਕ ਤਰ੍ਹਾਂ ਦੇ ਫੁਲਾਂ ਦਾ ਰਸ ਲਿਆ ਕੇ ਸ਼ਹਿਦ ਤਿਆਰ ਕਰਦੀਆਂ ਹਨ ਅਤੇ ਇਸ ਸ਼ਹਿਦ ਵਿਚ ਇਹ ਪਛਾਣਨਾ ਅਸੰਭਵ ਹੋ ਜਾਂਦਾ ਹੈ ਕਿ ਕਿਹੜਾ ਰਸ ਕਿਸ ਫੁੱਲ ਦਾ ਹੈ। ਉਹ ਰਸ ਦੇ ਕਿਣਕੇ ਵੀ ਇਹ ਨਹੀਂ ਦੱਸ ਸਕਦੇ ਕਿ ਉਹ ਕਿਹੜੇ ਵਿਸ਼ੇਸ਼ ਬ੍ਰਿਛ ਦੇ ਹਨ, ਉਸੇ ਤਰ੍ਹਾਂ ਸਤ ਭਾਵ ਨੂੰ ਪ੍ਰਾਪਤ ਹੋ ਜਾਣ ਤੇ ਭੇਦ-ਦ੍ਰਿਸ਼ਟੀ ਮਿਟ ਜਾਂਦੀ ਹੈ। ਵਿਅਕਤੀ ਸਰਬਮਈ ਹੋ ਜਾਂਦਾ ਹੈ। ਏਕਾਤਮਕਤਾ ਦੀ ਸਥਿਤੀ ਪ੍ਰਾਪਤ ਕਰ ਲੈਂਦਾ ਹੈ।

ਇਸ ਉਦਾਹਰਣ ਨਾਲ ਇਹ ਗੂੜ੍ਹ ਗੱਲ ਸ੍ਵੇਤਕੇਤੂ ਦੀ ਸਮਝ ਵਿਚ ਨਹੀਂ ਆਈ। ਉਸ ਨੇ ਕਿਹਾ ਕਿ ਮੈਨੂੰ ਫਿਰ ਸਮਝਾਓ।

ਉੱਦਾਲਕ ਆਰੁਣੀ ਨੇ ਕਿਹਾ, ''ਤੂੰ ਨਦੀਆਂ ਦੇ ਵਹਾਉ ਨੂੰ ਤਾਂ ਵੇਖਿਆ ਹੈ ਨਾ?

''ਵੇਖਿਆ ਹੈ।''

''ਇਨ੍ਹਾਂ ਨਦੀਆਂ ਵਿਚੋਂ ਕੁਝ ਪੂਰਬ ਵਲ ਵਹਿੰਦੀਆਂ ਹਨ ਅਤੇ ਕੁਝ ਪੱਛਮ ਵਲ?''

ਸ੍ਵੇਤਕੇਤੂ ਨੇ ਹੁੰਗਾਰਾ ਭਰਨ ਲਈ ਸਿਰ ਹਿਲਾਇਆ।

ਹੁਣ ਇਹੀ ਨਦੀਆਂ ਜਦ ਸਮੁੰਦਰ ਵਿਚ ਮਿਲ ਜਾਂਦੀਆਂ ਹਨ ਤਾਂ ਉਹ ਨਾ ਤਾਂ ਪੂਰਬ ਦਿਸ਼ਾ ਵਿਚ ਵਹਿਣ ਵਾਲੀਆਂ ਰਹਿ ਜਾਂਦੀਆਂ ਹਨ ਅਤੇ ਨਾ ਹੀ ਪੱਛਮ ਦਿਸ਼ਾ ਵਿਚ ਵਹਿਣ ਵਾਲੀਆਂ। ਉਹ ਨਦੀਆਂ ਰਹਿ ਹੀ ਨਹੀਂ ਜਾਂਦੀਆਂ। ਸਮੁੰਦਰ ਹੋ ਜਾਂਦੀਆਂ ਹਨ। ਉਹ ਉਥੇ ਪਹੁੰਚ ਕੇ ਇਹ ਨਹੀਂ ਕਹਿ ਸਕਦੀਆਂ ਕਿ ਮੈਂ ਫਲਾਣੀ ਨਦੀ ਹਾਂ। ਇਸੇ ਤਰ੍ਹਾਂ ਜਦ ਸਾਰੇ ਪ੍ਰਾਣੀ ਮਰਨ ਉਪਰੰਤ ਸਦ-ਗਤੀ (ਮੁਕਤੀ) ਨੂੰ ਪ੍ਰਾਪਤ ਕਰ ਲੈਂਦੇ ਹਨ, ਤਾਂ ਉਨ੍ਹਾਂ ਦੀ ਵੱਖਰਤਾ ਸਮਾਪਤ ਹੋ ਜਾਂਦੀ ਹੈ।

ਗੱਲ ਫਿਰ ਵੀ ਸ੍ਵੇਤਕੇਤੂ ਦੀ ਸਮਝ ਵਿਚ ਨਹੀਂ ਆਈ। ਉਸਨੇ ਫਿਰ ਇਸ ਪੱਖ ਨੂੰ ਕੁਝ ਹੋਰ ਸਪਸ਼ਟ ਕਰਨ ਨੂੰ ਕਿਹਾ।

ਉੱਦਾਲਕ ਸਮਝਾਉਣ ਲਗੇ, ''ਜੇ ਕੋਈ ਕਿਸੇ ਵੱਡੇ ਬ੍ਰਿਛ ਦੀ ਜੜ੍ਹ ਉਤੇ ਸੱਟ ਮਾਰੇ ਤਾਂ ਉਸ ਵਿਚੋਂ ਰਸ ਨਿਕਲੇਗਾ। ਉਸ ਦੇ ਤਣੇ ਉਤੇ ਸੱਟ ਮਾਰੇ ਤਾਂ ਉਸ ਵਿਚੋਂ ਵੀ ਰਸ ਨਿਕਲੇਗਾ। ਉਸ ਦੀ ਟਹਿਣੀ ਉਤੇ ਸੱਟ ਮਾਰੇ ਤਾਂ ਉਸ ਵਿਚੋਂ ਵੀ ਉਹੀ ਰਸ ਨਿਕਲੇਗਾ ਜੋ ਜੜ੍ਹ ਜਾਂ ਤਣੇ ਉਤੇ ਸੱਟ ਮਾਰਨ 'ਤੇ ਨਿਕਲਿਆ ਸੀ।''

ਸ੍ਵੇਤਕੇਤੂ ਕੁਝ ਇਸ ਤਰ੍ਹਾਂ ਵੇਖ ਰਿਹਾ ਸੀ, ਜਿਸ ਤੋਂ ਲਗਦਾ ਸੀ ਕਿ ਉਹ ਇਸ ਵਾਰ ਕੁਝ ਕੁਝ ਸਮਝ ਰਿਹਾ ਸੀ।

''ਬ੍ਰਿਛ ਵਿਚ ਜੀਵਨ ਹੈ। ਉਹੀ ਜੀਵਨ ਸਾਰੇ ਬ੍ਰਿਛ ਵਿਚ ਵਿਆਪਤ ਹੈ। ਇਹ ਬ੍ਰਿਛ ਆਤਮਾ ਨਾਲ ਯੁਕਤ ਹੈ ਅਤੇ ਜਲ ਦੁਆਰਾ ਅੰਨ ਗ੍ਰਹਿਣ ਕਰਦਾ ਹੋਇਆ ਜੀਵਿਤ ਹੈ। ਇਹ ਜੀਵਨ, ਜੇ ਉਸ ਦੀ ਕਿਸੇ ਇਕ ਸ਼ਾਖ ਨੂੰ ਛੱਡ ਦੇਵੇ, ਤਾਂ ਉਹ ਸੁਕ ਜਾਵੇਗੀ। ਦੂਜੀ ਨੂੰ ਛੱਡ ਦੇਵੇ ਤਾਂ ਉਹ ਵੀ ਸੁੱਕ ਜਾਵੇਗੀ। ਜੇ ਇਹ ਜੀਵਨ ਪੂਰੇ ਬ੍ਰਿੱਛ ਨੂੰ ਛੱਡ ਦੇਵੇ ਤਾਂ

ਪੂਰਾ ਬ੍ਰਿਛ ਹੀ ਸੁੱਕ ਜਾਵੇਗਾ।''

ਸ੍ਵੇਤਕੇਤੂ ਨੂੰ ਇਹ ਗੱਲ ਵੀ ਸਮਝ ਵਿਚ ਆ ਗਈ।

ਉੱਦਾਲਕ ਕਹਿਣ ਲੱਗੇ, ''ਇਸੇ ਤਰ੍ਹਾਂ ਤੂੰ ਸਮਝ ਕਿ ਸਰੀਰ ਮਰਦਾ ਹੈ, ਜੀਵ ਨਹੀਂ ਮਰਦਾ। ਉਹ ਅਣੂ ਭਾਵ ਨਾਲ ਸਰੀਰ ਵਿਚ ਸਥਿਤ ਹੁੰਦਾ ਹੈ ਅਤੇ ਇਸ ਸਰੀਰ ਨੂੰ ਛੱਡ ਦਿੰਦਾ ਹੈ। ਉਸ ਦੁਆਰਾ ਸਰੀਰ ਤਿਆਗਦਿਆਂ ਹੀ ਸਰੀਰ ਸੜਨ ਅਤੇ ਨਸ਼ਟ ਹੋਣ ਲਗਦਾ ਹੈ।''

ਇਥੇ ਆ ਕੇ ਫਿਰ ਗੜਬੜੀ ਹੋ ਗਈ। ਸ੍ਵੇਤਕੇਤੂ ਨੂੰ ਇਸ ਅਣੂ ਭਾਵ ਵਿਚ ਮੌਜੂਦ ਜੀਵ ਦੀ ਗੱਲ ਸਮਝ ਵਿਚ ਨਹੀਂ ਆਈ, ਇਸ ਲਈ ਉਨ੍ਹਾਂ ਨੂੰ ਫਿਰ ਤੋਂ ਇਸ ਗੱਲ ਨੂੰ ਸਮਝਾਉਣ ਲਈ ਬੇਨਤੀ ਕਰਨੀ ਪਈ।

ਆਰੁਣੀ ਨੇ ਸੋਚਿਆ, ਹੁਣ ਇਸ ਨੂੰ ਬਿਨਾ ਉਦਾਹਰਣ ਦੇ ਇਹ ਗੱਲ ਸਮਝਾਈ ਨਹੀਂ ਜਾ ਸਕਦੀ, ਇਸ ਲਈ ਕਹਿਣ ਲਗੇ, ''ਪਹਿਲਾਂ ਤੂੰ ਬੋਹੜ ਦਾ ਇਕ ਫਲ ਲੈ ਕੇ ਆ।''

ਸ੍ਵੇਤਕੇਤੂ ਫਲ ਲੈ ਕੇ ਹਾਜ਼ਰ ਹੋ ਗਿਆ।

''ਇਸ ਨੂੰ ਤੋੜ।''

ਸ੍ਵੇਤਕੇਤੂ ਨੇ ਉਸ ਨੂੰ ਤੋੜ ਵੀ ਦਿੱਤਾ।

ਆਰੁਣੀ ਨੇ ਪੁੱਛਿਆ, ''ਇਸ ਵਿਚ ਕੀ ਵੇਖਦਾ ਹੈਂ?''

''ਇਸ ਵਿਚ ਅਣੂ ਵਰਗੇ ਸੂਖਮ ਬੀਜ ਹਨ।''

''ਹੁਣ ਇਨ੍ਹਾਂ ਬੀਜਾਂ ਵਿਚੋਂ ਵੀ ਇਕ ਨੂੰ ਤੋੜ।''

''ਤੋੜ ਦਿੱਤਾ, ਭਗਵਨ।''

''ਇਸ ਵਿਚ ਕੀ ਦਿਖਦਾ ਹੈ?''

''ਹੁਣ ਤਾਂ ਇਸ ਵਿਚ ਕੁਝ ਵੀ ਦਿਖਾਈ ਨਹੀਂ ਦਿੰਦਾ।''

ਉੱਦਾਲਕ ਹੱਸਣ ਲਗੇ, ''ਇਸ ਬੋਹੜ ਬ੍ਰਿਛ ਦੀ ਜਿਸ ਅਣਿਮਾ ਨੂੰ ਤੂੰ ਉਥੇ ਦੇਖਦਾ ਹੈਂ, ਉਸੇ ਵਿਚ ਇਹ ਬ੍ਰਿਛ ਅਣੂ ਭਾਵ ਨਾਲ ਮੌਜੂਦ ਹੈ। ਇਸੇ ਵਾਂਗ ਆਪਣੀ ਅਣੂ ਰੂਪ ਆਤਮਾ ਵਿਚ ਹੀ ਤੂੰ ਹੈਂ। ਉਹੀ ਤੂੰ ਹੈਂ। ਇਹ ਸਰੀਰ ਤਾਂ ਕੇਵਲ ਉਸ ਦਾ ਭੋਛਣ ਹੈ।''

ਸ੍ਵੇਤਕੇਤੂ ਜਾਂ ਤਾਂ ਬਿਲਕੁਲ ਜ਼ਿੱਦ ਬੰਨ੍ਹ ਬੈਠਾ ਸੀ ਕਿ ਉਹ ਸਮਝੇਗਾ ਹੀ ਨਹੀਂ, ਵੇਖਦੇ ਹਾਂ ਪਿਤਾ ਜੀ ਸਮਝਾ ਕਿਵੇਂ ਸਕਦੇ ਹਨ ਜਾਂ ਉਸ ਦੇ ਮਨ ਵਿਚ ਇਕ ਇਕ ਬਿੰਦੂ ਨੂੰ ਲੈ ਕੇ ਕੋਈ ਗੰਢ ਜਿਹੀ ਪੈ ਗਈ ਸੀ। ਗੱਲ ਸਮਝ ਵਿਚ ਆਉਂਦੇ ਆਉਂਦੇ ਰਹਿ ਜਾਂਦੀ ਸੀ। ਉਸਨੇ ਫਿਰ ਹੱਥ ਖੜੇ ਕਰ ਦਿੱਤੇ।

ਉੱਦਾਲਕ ਆਰੁਣੀ ਨੇ ਲੂਣ ਦੀ ਇਕ ਡਲੀ ਸ੍ਵੇਤਕੇਤੂ ਨੂੰ ਦਿੰਦੇ ਹੋਇਆਂ ਕਿਹਾ, ''ਇਸ ਨੂੰ ਜਾ ਕੇ ਪਾਣੀ ਵਿਚ ਪਾ ਦੇ ਅਤੇ ਫਿਰ ਕੱਲ੍ਹ ਉਸ ਪਾਣੀ ਨੂੰ ਲੈ ਕੇ ਮੇਰੇ ਕੋਲ ਆਈਂ।''

ਸ੍ਵੇਤਕੇਤੂ ਨੇ ਅਜਿਹਾ ਹੀ ਕੀਤਾ। ਜਦ ਅਗਲੇ ਦਿਨ ਉਹ ਪਿਤਾ ਜੀ ਕੋਲ ਉਸ

ਬਰਤਨ ਸਹਿਤ ਆਇਆ ਤਾਂ ਪਿਤਾ ਨੇ ਪੁੱਛਿਆ, ''ਕੱਲ੍ਹ ਲੂਣ ਦੀ ਡਲੀ ਤੂੰ ਪਾਣੀ ਵਿਚ ਪਾਈ ਸੀ, ਉਸ ਨੂੰ ਬਾਹਰ ਕੱਢ।''

ਸ੍ਵੇਤਕੇਤੂ ਲੂਣ ਦੀ ਡਲੀ ਨੂੰ ਲੱਭਦਾ ਰਿਹਾ, ਪਰ ਡਲੀ ਨਾ ਤਾਂ ਮਿਲਣੀ ਸੀ, ਨਾ ਹੀ ਮਿਲੀ।

ਉੱਦਾਲਕ ਨੇ ਕਿਹਾ, ''ਚੰਗਾ, ਹੁਣ ਤੂੰ ਇਸ ਦੇ ਉਪਰੋਂ ਕੁਝ ਜਲ ਲੈ ਕੇ ਚੱਖ।''

ਸ੍ਵੇਤਕੇਤੂ ਨੇ ਉਂਜ ਹੀ ਕੀਤਾ।

ਉੱਦਾਲਕ ਨੇ ਪੁੱਛਿਆ, ਇਸਦਾ ਸਵਾਦ ਕਿਹੋ ਜਿਹਾ ਹੈ? ਤਾਂ ਉਸ ਨੇ ਦੱਸਿਆ ਕਿ ਇਸ ਦਾ ਸਵਾਦ ਲੂਣਾ ਹੈ। ਫਿਰ ਉੱਦਾਲਕ ਨੇ ਮੱਧ ਭਾਗ ਵਿਚੋਂ ਕੁਝ ਜਲ ਲੈ ਕੇ ਚੱਖਣ ਲਈ ਕਿਹਾ ਅਤੇ ਉਸਦਾ ਸਵਾਦ ਜਾਣਨਾ ਚਾਹਿਆ। ਸਵਾਦ ਉਸਦਾ ਵੀ ਲੂਣਾ ਹੀ ਲੱਗਿਆ। ਫਿਰ ਉਸ ਨੇ ਹੇਠਲੇ ਹਿੱਸੇ ਤੋਂ ਜਲ ਲੈ ਕੇ ਚਖਣ ਲਈ ਕਿਹਾ ਅਤੇ ਉਸ਼ ਦਾ ਸਵਾਦ ਵੀ ਲੂਣਾ ਹੀ ਨਿਕਲਿਆ। ਹੁਣ ਉੱਦਾਲਕ ਨੇ ਸਮਝਾਇਆ, ਇਹ ਲੂਣ ਉਸ ਪੂਰੇ ਜਲ ਵਿਚ ਵਿਆਪਤ ਹੋ ਗਿਆ ਹੈ। ਉਸੇ ਵਿਚ ਲੀਨ ਹੋ ਗਿਆ ਹੈ, ਇਸ ਲਈ ਉਹ ਕਿਤੇ ਇਕ ਥਾਂ ਤੇ ਨਹੀਂ ਰਹਿ ਗਿਆ। ਆਪਣਾ ਨਿਜ-ਰੂਪ ਖਤਮ ਕਰ ਕੇ ਸਭ ਦਾ ਹੋ ਗਿਆ। ਇਹ ਜੋ ਅਣਿਮਾ ਹੈ, ਉਹੀ ਤੂੰ ਹੈਂ।

ਸ੍ਵੇਤਕੇਤੂ ਭਲਾ ਕੀ ਸਮਝਣ ਵਾਲਾ ਸੀ। ਉਸਨੇ ਫਿਰ ਸਮਝਾਉਣ ਲਈ ਕਿਹਾ।

ਉੱਦਾਲਕ ਕੁਝ ਸਮੇਂ ਤਕ ਸੋਚਦੇ ਰਹੇ, ਫਿਰ ਕਹਿਣ ਲਗੇ, ''ਕਿਸੇ ਵਿਅਕਤੀ ਨੂੰ ਗਾਂਧਾਰ ਦੇਸ਼ ਤੋਂ ਅੱਖਾਂ ਉਤੇ ਪੱਟੀ ਬੰਨ੍ਹ ਕੇ ਕੋਈ ਲਿਆਏ ਅਤੇ ਕਿਸੇ ਸੁਨਸਾਨ ਸਥਲ ਵਿਚ ਛਡ ਦੇਵੇ। ਹੁਣ ਉਹ ਵਿਅਕਤੀ ਵਾਰੋ ਵਾਰੀ ਸਾਰੀਆਂ ਦਿਸ਼ਾਵਾਂ ਵਲ ਮੂੰਹ ਕਰਕੇ ਚੀਖੇ – ਮੈਨੂੰ ਗਾਂਧਾਰ ਦੇਸ਼ ਤੋਂ ਅੱਖਾਂ ਉਤੇ ਪੱਟੀ ਬੰਨ੍ਹ ਕੇ ਇਥੇ ਲਿਆ ਕੇ ਛੱਡ ਦਿੱਤਾ ਗਿਆ ਹੈ। ਮੈਂ ਨਹੀਂ ਜਾਣਦਾ ਕਿ ਮੈਂ ਕਿਸ ਦਿਸ਼ਾ ਵਿਚ ਜਾਵਾਂ। ਫਿਰ ਕੋਈ ਹੋਰ ਵਿਅਕਤੀ ਉਸ ਦੇ ਬੰਧਨ ਨੂੰ ਖੋਲ੍ਹ ਕੇ ਉਸ ਦੀ ਪੱਟੀ ਉਤਾਰ ਕੇ ਦੱਸੇ ਕਿ ਗਾਂਧਾਰ ਫਲਾਣੀ ਦਿਸ਼ਾ ਵਿਚ ਹੈ ਤਾਂ ਉਹ ਪੁੱਛਦਾ-ਪੁਛਾਂਦਾ ਇਕ ਪਿੰਡ ਤੋਂ ਦੂਜੇ ਪਿੰਡ ਨੂੰ ਜਾਂਦਾ ਹੋਇਆ ਇਕ ਨਾ ਇਕ ਦਿਨ ਗਾਂਧਾਰ ਦੇਸ਼ ਪਹੁੰਚ ਜਾਏਗਾ। ਉਸੇ ਤਰ੍ਹਾਂ ਇਹ ਆਤਮਾ ਵੀ ਆਪਣੇ ਮੂਲ ਆਸਰੇ ਸਤ ਵਿਚ ਪਹੁੰਚ ਜਾਏਗਾ। ਪ੍ਰਸ਼ਨ ਤਾਂ ਕੇਵਲ ਮੁਕਤੀ ਦਾ ਜਾਂ ਉਨ੍ਹਾਂ ਬੰਧਨਾਂ ਨੂੰ ਖੋਲ੍ਹਣ ਦਾ ਹੈ ਅਤੇ ਇਸ ਬੋਧ ਦਾ ਹੈ ਕਿ ਆਪ ਕੌਣ ਹੋ ਅਤੇ ਕੀ ਹੋ।''

ਸ੍ਵੇਤਕੇਤੂ ਨੂੰ ਲੱਗਿਆ ਹੁਣ ਗੱਲ ਕੁਝ ਕੁਝ ਸਮਝ ਵਿਚ ਤਾਂ ਆ ਰਹੀ ਹੈ, ਪਰ ਪੂਰੀ ਤਰ੍ਹਾਂ ਨਹੀਂ। ਉਸ ਨੇ ਕੁਝ ਹੋਰ ਸਮਝਾ ਕੇ ਦੱਸਣ ਲਈ ਬੇਨਤੀ ਕੀਤੀ।

ਆਚਾਰਯ ਕਹਿਣ ਲਗੇ, ''ਤੂੰ ਕਿਸੇ ਮਰ ਰਹੇ ਵਿਅਕਤੀ ਨੂੰ ਵੇਖਿਆ ਹੈ?''

ਸ੍ਵੇਤਕੇਤੂ ਨੇ ਕਿਹਾ, ''ਵੇਖਿਆ ਤਾਂ ਹੈ।''

''ਤਾਂ ਇਹ ਵੀ ਵੇਖਿਆ ਹੋਵੇਗਾ ਕਿ ਲੋਕੀਂ ਉਸ ਨੂੰ ਘੇਰ ਕੇ ਵਾਰੋ ਵਾਰੀ ਪੁੱਛਦੇ ਹਨ ਕਿ ਕੀ ਉਹ ਉਨ੍ਹਾਂ ਨੂੰ ਪਛਾਣਦਾ ਹੈ।''

''ਵੇਖਿਆ ਹੈ, ਭਗਵਨ।''

''ਜਦ ਤਕ ਉਸ ਦੀ ਬਾਣੀ (ਬੋਲ) ਮਨ ਵਿਚ ਲੀਨ ਨਹੀਂ ਹੋ ਜਾਂਦੀ ਤਦ ਤਕ ਉਹ

ਸਭ ਨੂੰ ਪਛਾਣਦਾ ਹੈ। ਜਦ ਬਾਣੀ ਮਨ ਵਿਚ ਲੀਨ ਹੋ ਜਾਂਦੀ ਹੈ, ਫਿਰ ਮਨ ਪ੍ਰਾਣ ਵਿਚ ਲੀਨ ਹੋ ਜਾਂਦਾ ਹੈ, ਪ੍ਰਾਣ ਅੰਤ 'ਤੇ ਤੇਜ ਵਿਚ ਅਤੇ ਤੇਜ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ, ਤਾਂ ਉਹ ਕਿਸੇ ਨੂੰ ਨਹੀਂ ਪਛਾਣਦਾ। ਇਹ ਤਾਂ ਕ੍ਰਮਵਾਰ ਲੀਨ ਹੋ ਕੇ ਪਰਮਾਤਮਾ ਵਿਚ ਗ਼ਰਕ ਹੋ ਜਾਂਦਾ ਹੈ, ਉਹੀ ਤੇਰਾ ਅਣੂ ਰੂਪ ਆਤਮਾ ਹੈ।''

ਹੈਰਾਨੀ ਹੈ ਕਿ ਸ਼੍ਵੇਤਕੇਤੂ ਹੁਣ ਵੀ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ। ਉਸਨੇ ਇਕ ਵਾਰ ਹੋਰ ਇਸ ਗੱਲ ਨੂੰ ਸਮਝਾਉਣ ਲਈ ਬੇਨਤੀ ਕੀਤੀ।

ਉੱਦਾਲਕ ਨੇ ਇਸ ਲਈ ਅਜਿਹੀ ਉਦਾਹਰਣ ਚੁਣੀ ਜੋ ਉਨ੍ਹਾਂ ਦੇ ਜ਼ਮਾਨੇ ਲਈ ਜਿੰਨੀ ਵੀ ਸਹੀ ਰਹੀ ਹੋਵੇ, ਸਾਡੇ ਲਈ ਬੁਝਾਰਤ ਹੀ ਬਣੀ ਰਹੀ ਹੋਵੇਗੀ।

ਉਹ ਕਹਿਣ ਲਗੇ ਕਿ ਜਿਵੇਂ ਰਾਜੇ ਦੇ ਸਿਪਾਹੀ ਕਿਸੇ ਚੋਰ ਨੂੰ ਪਕੜ ਕੇ ਲਿਆਉਂਦੇ ਹਨ, ਇਸ ਉਤੇ ਸਾਨੂੰ ਸ਼ੱਕ ਹੈ ਕਿ ਇਸ ਨੇ ਚੋਰੀ ਕੀਤੀ ਹੈ। ਉਹ ਕਹਿੰਦੇ ਹਨ ਕਿ ਸਚਾਈ ਦਾ ਪਤਾ ਲਗਾਉਣ ਲਈ ਇਸ ਨੂੰ ਗਰਮ ਗੰਡਾਸੇ ਨਾਲ ਸੇਕ ਦਿਓ। ਹੁਣ ਜੇ ਉਹ ਚੋਰ ਹੈ ਤਾਂ ਉਹ-ਉਸ ਗੰਡਾਸੇ ਨੂੰ ਛੋਹਣ 'ਤੇ ਉਸ ਨਾਲ ਸੜ ਜਾਏਗਾ ਅਤੇ ਫਿਰ ਮਾਰਿਆ ਜਾਵੇਗਾ, ਪਰ ਜੇ ਉਸ ਨੇ ਚੋਰੀ ਨਹੀਂ ਕੀਤੀ ਹੈ ਤਾਂ ਸਚਾਈ ਨਾਲ ਆਪਣੇ ਆਪ ਨੂੰ ਢਕ ਕੇ ਗੰਡਾਸੇ ਨੂੰ ਛੋਹੇਗਾ ਅਤੇ ਉਸਨੂੰ ਕੁਝ ਨਹੀਂ ਹੋਏਗਾ। ਉਹ ਉਸ ਤਰ੍ਹਾਂ ਸੜਦਾ ਨਹੀਂ ਹੈ ਅਤੇ ਜੁਰਮ ਤੋਂ ਮੁਕਤ ਹੋ ਜਾਂਦਾ ਹੈ, ਉਸੇ ਤਰ੍ਹਾਂ ਵਿਦਵਾਨ ਪੁਰਸ਼ ਜੋ ਆਪਣੀ ਆਤਮਾ ਦੇ ਸਰੂਪ ਨੂੰ ਜਾਣਦਾ ਹੈ ਉਸ ਦਾ ਪੁਨਰ-ਜਨਮ ਨਹੀਂ ਹੁੰਦਾ, ਪਰ ਜੋ ਮੂਰਖ ਹੈ ਅਤੇ ਇਸ ਭੇਦ ਨੂੰ ਨਹੀਂ ਸਮਝ ਸਕਦਾ, ਉਨ੍ਹਾਂ ਨੂੰ ਜੀਵਨ-ਮਰਨ ਦੇ ਬੰਧਨ ਤੋਂ ਮੁਕਤੀ ਨਹੀਂ ਮਿਲਦੀ।

ਉੱਦਾਲਕ ਆਰੁਣੀ ਨੇ ਵੇਖਿਆ ਕਿ ਸ਼੍ਵੇਤਕੇਤੂ ਦੇ ਮੂੰਹ 'ਤੇ ਹੁਣ ਕੁਝ ਚਮਕ ਜਿਹੀ ਆ ਗਈ ਹੈ। ਉਨ੍ਹਾਂ ਪੁੱਛਿਆ, ''ਕਿਉਂ, ਇਹ ਗੱਲ ਸਮਝ ਵਿਚ ਆਈ?''

ਸ਼੍ਵੇਤਕੇਤੂ ਨੇ ਹੱਥ ਜੋੜ ਲਏ, ''ਸਮਝ ਗਿਆ।''

ਪਤਾ ਨਹੀਂ ਸ਼੍ਵੇਤਕੇਤੂ ਨੇ ਤਪਦੇ ਗੰਡਾਸੇ ਦਾ ਨਾਂ ਸੁਣ ਕੇ, ਡਰ ਦੇ ਮਾਰੇ ਸਵੀਕਾਰ ਕਰ ਲਿਆ ਜਾਂ ਕਿ ਇਹ ਗੱਲ ਉਸ ਦੀ ਸਮਝ ਵਿਚ ਆ ਗਈ ਜਾਂ ਗੱਲ ਸਚਮੁੱਚ ਸਮਝ ਵਿਚ ਆ ਗਈ ਸੀ।

# ਦ੍ਰਿਪਤ ਬਾਲਾਕੀ

ਆਪਣੀ ਅਲਪੱਗਤਾ ਦੇ ਬਾਵਜੂਦ ਫੜ੍ਹ ਮਾਰਨ ਵਾਲੇ ਸਦਾ ਰਹੇ ਹਨ। ਗਾਰਗਯ ਕੁਲ ਵਿਚ ਦ੍ਰਿਪਤ ਵੀ ਅਜਿਹਾ ਹੀ ਸੀ। ਲਗਦਾ ਹੈ ਕਿ ਨਾਂ ਰੱਖਣ ਤੋਂ ਪਹਿਲਾਂ ਹੀ ਉਸ ਦੇ ਹੋਣ ਵਾਲੇ ਗੁਣਾਂ ਦਾ ਪਤਾ ਲੱਗ ਗਿਆ ਸੀ। ਇਕ ਸੰਭਾਵਨਾ ਇਹ ਹੈ ਕਿ ਲੋਕਾਂ ਨੇ ਉਸ ਦੇ ਮੁੰਡਪੁਣੇ ਅਤੇ ਸ਼ੇਖੀ ਮਾਰਨ ਦੀ ਆਦਤ ਨੂੰ ਵੇਖ ਕੇ ਉਸ ਨੂੰ ਦ੍ਰਿਪਤ ਬਾਲਾਕੀ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਫਿਰ ਇਹ ਨਾਂ ਏਨਾ ਪ੍ਰਸਿੱਧ ਹੋ ਗਿਆ ਕਿ ਇਸ ਹੇਠਾਂ ਉਸ ਦਾ ਅਸਲੀ ਨਾਂ ਦਬ ਗਿਆ ਅਤੇ ਉਹ ਖੁਦ ਵੀ ਆਪਣਾ ਪਰਿਚੈ ਇਸ ਨਾਂ ਨਾਲ ਦੇਣ ਲੱਗਿਆ। ਮਾਮਲਾ ਕਹਾਣੀ ਦਾ ਹੈ, ਇਸ ਲਈ ਇਸ ਵਿਚ ਕਹਾਣੀਕਾਰ ਦੀ ਬੁੱਧੀਮਾਨਤਾ ਦਾ ਵੀ ਕੁਝ ਯੋਗਦਾਨ ਹੋ ਸਕਦਾ ਹੈ। ਹੋਵੇ ਚਾਹੇ ਜੋ ਵੀ, ਉਹ ਸੀ ਖ਼ਾਸਾ ਬੜਬੋਲਾ ਅਤੇ ਇਸ ਲਈ ਜਗਤ ਵਿਚ ਖਿੱਲੀ ਉਡਾਏ ਜਾਣ ਦੇ ਬਾਵਜੂਦ ਲੋਕੀਂ ਉਸ ਨੂੰ ਦੂਰ ਦੂਰ ਤਕ ਜਾਣਨ ਲਗ ਗਏ ਸਨ।

ਇਕ ਵਾਰ ਇਹੀ ਦ੍ਰਿਪਤ ਬਾਲਾਕੀ ਕਾਸ਼ੀ ਦੇ ਰਾਜੇ ਅਜਾਤਸ਼ਤ੍ਰੂ ਕੋਲ ਪਹੁੰਚ ਗਿਆ। ਅਜਾਤਸ਼ਤ੍ਰੂ ਦੀ ਬ੍ਰਹਮ-ਵਿਦਿਆ ਵਿਚ ਕੁਝ ਉਹੋ ਜਿਹੀ ਹੀ ਰੁਚੀ ਸੀ ਜਿਹੋ ਜਿਹੀ ਜਨਕ ਵੈਦੇਹ ਜਾਂ ਅਸ਼ਵਪਤੀ ਦੀ ਸੀ। ਫਰਕ ਕੇਵਲ ਇਹ ਸੀ ਕਿ ਜਨਕ ਦੀ ਉਦਾਰਤਾ ਅਤੇ ਗਿਆਨ ਦੀ ਚੌਹਾਂ ਪਾਸੇ ਧੁੰਮ ਪਈ ਹੋਈ ਸੀ ਜਿਸ ਵਿਚ ਇਹ ਨਿਸਚਾ ਕਰ ਸਕਣਾ ਕਿਸੇ ਲਈ ਔਖਾ ਹੁੰਦਾ ਸੀ ਕਿ ਉਹ ਆਪਣੀ ਉਦਾਰਤਾ ਕਰਕੇ ਗਿਆਨੀ ਮੰਨ ਲਏ ਗਏ ਹਨ ਜਾਂ ਤੱਤ-ਗਿਆਨ ਕਰਕੇ ਇਤਨੇ ਨਿਰਲੋਭ ਹੋ ਗਏ ਹਨ ਕਿ ਕੁਝ ਆਪਣੇ ਕੋਲ ਰਖਣਾ ਹੀ ਨਹੀਂ ਚਾਹੁੰਦੇ। ਜੋ ਵੀ ਹੋਵੇ, ਅਜਾਤਸ਼ਤ੍ਰੂ ਨੂੰ ਇਸ ਗੱਲ ਦਾ ਬਹੁਤ ਦੁੱਖ ਸੀ ਕਿ ਜਿਸ ਨੂੰ ਵੇਖੋ ਉਹੀ ਆਪਣਾ ਬ੍ਰਹਮਵਾਦ ਸੰਭਾਲੀ ਜਨਕ ਜਨਕ ਕਰਦਾ ਮਿਥਿਲਾ ਵਲ ਭਜਿਆ ਜਾ ਰਿਹਾ ਹੈ। ਬਾਲਾਕੀ ਵਰਗੇ ਲੋਕਾਂ ਨੂੰ ਅਜਾਤਸ਼ਤ੍ਰੂ ਵਰਗਿਆਂ ਦੀਆਂ ਕਮਜ਼ੋਰੀਆਂ ਦਾ ਪਤਾ ਹੁੰਦਾ ਹੈ, ਇਸ ਲਈ ਉਹ ਸਿੱਧਾ ਉਨ੍ਹਾਂ ਕੋਲ ਪਹੁੰਚਿਆ ਤਾਂ ਕੁਝ ਗ਼ਲਤ ਵੀ ਨਹੀਂ ਕੀਤਾ।

ਬਾਲਾਕੀ ਨੇ ਅਜਾਤਸ਼ਤ੍ਰੂ ਕੋਲ ਪਹੁੰਚਦਿਆਂ ਹੀ ਇਹ ਘੋਸ਼ਣਾ ਕਰ ਦਿੱਤੀ ਕਿ ਉਹ ਉਨ੍ਹਾਂ ਨੂੰ ਬ੍ਰਹਮ ਦਾ ਉਪਦੇਸ਼ ਕਰਨਾ ਚਾਹੁੰਦਾ ਹੈ। ਲਗਦਾ ਹੈ ਕਿ ਅਜ ਦੇ ਮਾਡਰਨ ਆਰਟ ਵਾਂਗ ਉਸ ਜ਼ਮਾਨੇ ਵਿਚ ਬ੍ਰਹਮ-ਵਿਦਿਆ ਵੀ ਆਦਮੀ ਦੀ ਸੁਰੁਚੀ ਨਾਲੋਂ ਜ਼ਿਆਦਾ ਹੈਸੀਅਤ ਦਾ ਪ੍ਰਤੀਕ ਬਣ ਗਈ ਸੀ। ਤਕੜੀ ਰਕਮ ਖਰਚ ਕੇ ਅਜਿਹੇ ਲੋਕ ਵੀ ਕਲਾ-ਕ੍ਰਿਤੀਆਂ ਨੂੰ ਚੁਕਾ ਲਿਆਉਂਦੇ ਹਨ ਜਿਨ੍ਹਾਂ ਦਾ ਕਲਾ ਬਾਰੇ ਗਿਆਨ ਇਸ ਸੀਮਾ ਦੇ ਅੰਦਰ ਹੀ ਸਿਮਟਿਆ ਰਹਿੰਦਾ ਹੈ ਕਿ ਕੁਝ ਪੱਲੇ ਨਹੀਂ ਪੈ ਰਿਹਾ ਹੈ, ਇਸ ਲਈ

ਕਲਾ-ਕ੍ਰਿਤੀ ਜ਼ਰੂਰ ਚੰਗੀ ਹੋਵੇਗੀ, ਉਸੇ ਤਰ੍ਹਾਂ ਉਸ ਜ਼ਮਾਨੇ ਵਿਚ ਬ੍ਰਹਮ ਬਾਰੇ ਵੀ ਜੋ ਜਿੰਨੀਆਂ ਉਲਝੀਆਂ ਹੋਈਆਂ ਗੱਲਾਂ ਕਰ ਸਕਦਾ ਸੀ ਉਹ ਨਾ-ਸਮਝ ਲੋਕਾਂ ਵਿਚਾਲੇ ਓਨਾ ਹੀ ਵੱਡਾ ਬ੍ਰਹਮ-ਗਿਆਨੀ ਮੰਨਿਆ ਜਾਂਦਾ ਸੀ ਅਤੇ ਤਦ ਤਕ ਉਸ ਨੂੰ ਆਪਣੇ ਗਿਆਨ ਦੀ ਤਕੜੀ ਕੀਮਤ ਵਸੂਲਣ ਵਿਚ ਸਫਲਤਾ ਮਿਲ ਜਾਇਆ ਕਰਦੀ ਸੀ। ਬਾਲਾਕੀ ਨੂੰ ਵੀ ਇਸੇ ਗੱਲ ਦਾ ਭਰੋਸਾ ਰਿਹਾ ਹੋਵੇਗਾ। ਭਾਵੇਂ ਉਸਦੀ ਹੈਕੜ ਅਤੇ ਮੁੰਡਪੁਣਾ ਉਸ ਦੀ ਸਫਲਤਾ ਵਿਚ ਰੁਕਾਵਟ ਨਹੀਂ ਸਨ, ਸਗੋਂ ਇਨ੍ਹਾਂ ਦਾ ਉਸ ਨੂੰ ਭਰਪੂਰ ਲਾਭ ਮਿਲਦਾ ਸੀ।

ਬ੍ਰਹਮ ਦੀ ਧੁੰਮ ਤਾਂ ਉਸ ਜ਼ਮਾਨੇ ਵਿਚ ਚੌਹਾਂ ਪਾਸੇ ਮਚੀ ਹੋਈ ਸੀ ਪਰ ਬ੍ਰਹਮ ਗਿਆਨ ਏਨਾ ਦੁਰਲਭ ਸੀ ਕਿ ਹੱਥ ਜੋੜ ਕੇ ਬੇਨਤੀ ਕਰਨ 'ਤੇ ਵੀ ਜਾਣਕਾਰ ਲੋਕ ਘਬਰਾ ਕੇ ਕਹਿੰਦੇ ਸਨ, "ਹੇ ਭਰਾ, ਤੂੰ ਮੈਥੋਂ ਹਾਥੀ, ਘੋੜਾ, ਚਾਂਦੀ, ਸੋਨਾ ਜੋ ਚਾਹੀਦਾ ਹੈ ਮੰਗ ਲੈ, ਪਰ ਇਹ ਅਨਮੋਲ ਬ੍ਰਹਮ-ਗਿਆਨ ਨਾ ਮੰਗ। ਗੱਲ ਇਹ ਨਹੀਂ ਸੀ ਕਿ ਗਿਆਨ ਦਿੰਦਿਆਂ ਹੀ ਗੁਰੂ ਤੋਂ ਖਿਸਕ ਕੇ ਸ਼ਿਸ਼ ਕੋਲ ਪਹੁੰਚ ਜਾਂਦਾ ਸੀ ਅਤੇ ਗੁਰੂ ਗਿਆਨ-ਵਿਹੂਣਾ ਹੋ ਜਾਂਦਾ ਸੀ, ਸਗੋਂ ਇਹ ਕਿ ਜੇ ਇਹ ਗਿਆਨ ਕਿਸੇ ਮੂਰਖ ਦੇ ਹੱਥ ਚੜ ਗਿਆ ਅਤੇ ਇਸ ਨੂੰ ਜਾਣਨ ਤੋਂ ਬਾਅਦ ਉਸ ਨੂੰ ਇਹ ਭਰਮ ਹੋ ਗਿਆ ਕਿ ਉਹ ਕੁਝ ਜਾਣਦਾ ਹੈ ਤਾਂ ਗੁਰੂ ਨੂੰ ਸ਼ਰਮ ਨਾਲ ਡੁਬ ਮਰਨ ਦੀ ਨੌਬਤ ਆ ਜਾਂਦੀ ਹੈ। ਕੁਝ ਲੋਕ ਇਹ ਵੀ ਕਹਿਣਗੇ ਕਿ ਸਾਰਾ ਰੌਲਾ ਰੱਪਾ ਇਸ ਦਾ ਬਾਜ਼ਾਰ ਵਿਚ ਭਾਅ ਨੂੰ ਵਧਾਉਣ ਲਈ ਕੇਵਲ ਪਬਲਿਸਿਟੀ ਸਟੰਟ ਸੀ। ਕਾਰਣ ਕੁਝ ਵੀ ਹੋਵੇ, ਪਰ ਅਜਾਤਸ਼ਤ੍ਰੂ ਨੂੰ ਜਦੋਂ ਇਹ ਪਤਾ ਲਗਿਆ ਕਿ ਦ੍ਰਿਪਤ ਬਾਲਾਕੀ ਉਨ੍ਹਾਂ ਨੂੰ ਬ੍ਰਹਮ ਦਾ ਉਪਦੇਸ਼ ਖੁਦ ਹੀ ਕਰਨ ਨੂੰ ਬੇਚੈਨ ਹੈ ਤਾਂ ਉਹ ਤੁਰਤ ਉਸ ਨੂੰ ਇਕ ਹਜ਼ਾਰ ਗਊਆਂ ਪੇਸ਼ਗੀ ਵਜੋਂ ਦੇ ਬੈਠਾ। ਉਸ ਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਬ੍ਰਹਮ-ਵਿਦਿਆ ਦਾ ਕਦਰਦਾਨ ਸਮਝ ਕੇ ਕੋਈ ਉਸ ਕੋਲ ਆਇਆ ਤਾਂ ਹੈ। ਕਦਰਦਾਨੀ ਤੇ ਜਨਕ ਦੀ ਮੋਨੋਪਲੀ ਤਾਂ ਟੁੱਟੀ ਆਪਣੇ ਇਸ ਭਾਵ ਨੂੰ ਉਸ ਨੇ ਲੁਕਾਣਾ ਵੀ ਜ਼ਰੂਰੀ ਨਹੀਂ ਸਮਝਿਆ।

ਉਸ ਨੇ ਗਊਆਂ ਦਿੰਦਿਆਂ ਕਹਿ ਵੀ ਦਿੱਤਾ, "ਜਿਸ ਨੂੰ ਵੇਖੋ ਉਹੀ ਜਨਕ ਜਨਕ ਕਰਦਾ ਦੌੜਦਾ ਹੋਇਆ ਮਿਥਿਲਾ ਨੂੰ ਚਲਿਆ ਜਾਂਦਾ ਹੈ। ਨਾਲਾਇਕਾਂ ਨੂੰ ਇਹ ਪਤਾ ਹੀ ਨਹੀਂ ਕਿ ਬ੍ਰਹਮ-ਵਿਦਿਆ ਵਿਚ ਅਜਾਤਸ਼ਤ੍ਰੂ ਦਾ ਵੀ ਕੁਝ ਸਥਾਨ ਹੈ। ਤੁਸੀਂ ਪਹਿਲੇ ਵਿਦਵਾਨ ਹੋ ਜੋ ਮੇਰੇ ਕੋਲ ਆਏ, ਇਸ ਲਈ ਹਜ਼ਾਰ ਗਊਆਂ ਤਾਂ ਮੈਂ ਸਿਰਫ਼ ਇਸੇ ਗੱਲ ਲਈ ਦਿੰਦਾ ਹਾਂ – "ਸਹਸ੍ਰੰ ਏਤਸਯਾਂ ਵਾਚਿ ਦਦਮੋ।" ਬਾਲਾਕੀ ਦਾ ਪਹਿਲਾ ਹੀ ਦਾਅ ਸਹੀ ਨਿਸ਼ਾਣੇ ਉਤੇ ਬੈਠਾ। ਪਰ ਇਸ ਤੋਂ ਅਗੇ ਵਧਦਿਆਂ ਹੀ ਬਾਲਾਕੀ ਨੂੰ ਉਸ ਜ਼ਮਾਨੇ ਵਿਚ ਵੀ ਬਿਜਲੀ ਦਾ ਝਟਕਾ ਲਗਿਆ ਹੋਵੇਗਾ। ਜਦ ਬਿਜਲੀ ਦੇ ਨਾਂ 'ਤੇ ਲੋਕੀਂ ਆਕਾਸ਼ ਵਾਲੀ ਬਿਜਲੀ ਨੂੰ ਹੀ ਜਾਣਦੇ ਸਨ। ਉਹ ਜੋ ਵਿਵਹਾਰਕ ਤੌਰ ਤੇ ਸਮਝਦਾਰ ਰਿਹਾ ਹੋਵੇਗਾ, ਜੋ ਕਿ ਉਹ ਸੀ, ਤਾਂ ਉਸ ਨੇ ਪਹਿਲੀ ਹੀ ਠੋਕਰ ਵਿਚ ਸਮਝ ਲਿਆ ਹੋਵੇਗਾ ਕਿ ਪੇਸ਼ਗੀ ਦੱਛਣਾ ਦੇਣ ਵਿਚ ਅਜਾਤਸ਼ਤ੍ਰੂ ਦਾ ਕੋਈ ਡੂੰਘਾ ਸਵਾਰਥ ਵੀ ਹੋ ਸਕਦਾ ਹੈ।

ਜਦ ਬਾਲਾਕੀ ਨੇ ਕਿਹਾ, "ਆਦਿਤਯ ਵਿਚ ਜੋ ਪੁਰਸ਼ ਸਥਿਤ ਹੈ, ਉਹੀ ਬ੍ਰਹਮ ਹੈ।

ਮੈਂ ਇਸ ਦੀ ਭਗਤੀ ਬ੍ਰਹਮ ਦੇ ਰੂਪ ਵਿਚ ਕਰਦਾ ਹਾਂ।'' ਤਾਂ ਅਜਾਤਸ਼ਤ੍ਰੂ ਨੇ ਉਸਨੂੰ ਟੋਕ ਦਿੱਤਾ। ਉਸਨੇ ਕਿਹਾ, ''ਇਹ ਕੀ ਕਹਿ ਰਹੇ ਹੋ ਮਹਾਰਾਜ, ਇਹ ਜੋ ਸਭ ਦਾ ਉਲੰਘਨ ਕਰਕੇ ਬੈਠਾ ਹੈ ਉਹ ਤਾਂ ਸਾਰੇ ਭੂਤਾਂ (ਭੌਤਿਕ ਤੱਤਾਂ) ਦਾ ਮਸਤਕ ਅਤੇ ਰਾਜਾ ਹੈ। ਮੈਂ ਤਾਂ ਇਸ ਦੀ ਇਸੇ ਰੂਪ ਵਿਚ ਭਗਤੀ ਕਰਦਾ ਹਾਂ। ਜੋ ਪੁਰਸ਼ ਇਸਦੀ ਇਸ ਰੂਪ ਵਿਚ ਪੂਜਾ ਕਰਦਾ ਹੈ ਉਹ ਸਭ ਦਾ ਹੀ ਉਲੰਘਨ ਕਰ ਜਾਂਦਾ ਹੈ ਅਤੇ ਉਨ੍ਹਾਂ ਦਾ ਸਿਰਮੌਰ ਅਤੇ ਰਾਜਾ ਹੋ ਜਾਂਦਾ ਹੈ।'' ਹੋ ਸਕਦਾ ਹੈ ਕਿ ਅਜਾਤਸ਼ਤ੍ਰੂ ਨੂੰ ਆਪਣਾ ਰਾਜ ਇਸ ਭਗਤੀ ਦੇ ਬਲ 'ਤੇ ਹੀ ਮਿਲਿਆ ਹੋਵੇ। ਇਤਿਹਾਸ ਇਸ ਬਾਰੇ ਚੁਪ ਹੈ।

ਜੇ ਵਿਚਾਰਾਂ ਦੀ ਟੱਕਰ ਦਾਤਾ ਅਤੇ ਦਾਨ-ਲੈਣ ਵਾਲੇ ਦੇ ਵਿਚਾਲੇ ਹੋਵੇ ਤਾਂ ਸਹੀ ਵਿਚਾਰ ਦਾਤੇ ਦੇ ਹੀ ਸਿੱਧ ਹੁੰਦੇ ਹਨ, ਇਹ ਇਕ ਨਿਯਮ ਹੈ ਅਤੇ ਇਸ ਨਿਯਮ ਦੀ ਸਰਬ-ਵਿਆਪਕਤਾ ਮੰਨਦੇ ਹੋਇਆਂ ਗਾਰਗਯ ਨੂੰ ਸਵੀਕਾਰ ਕਰਨਾ ਪਿਆ ਕਿ ਉਹ ਗ਼ਲਤੀ 'ਤੇ ਸੀ। ਹੁਣ ਗਾਰਗਯ ਨੇ ਦੱਸਿਆ ਕਿ ਉਹ ਚੰਦ੍ਰਮਾ ਵਿਚ ਸਥਿਤ ਪੁਰਸ਼ ਦੀ ਬ੍ਰਹਮ ਦੇ ਰੂਪ ਵਿਚ ਭਗਤੀ ਕਰਦਾ ਸੀ।

ਅਜਾਤਸ਼ਤ੍ਰੂ ਨੂੰ ਇਸ 'ਤੇ ਵੀ ਇਤਰਾਜ਼ ਸੀ। ਉਨ੍ਹਾਂ ਨੇ ਕਿਹਾ, ''ਇਹ ਤਾਂ ਅਨਰਥ ਹੋ ਜਾਏਗਾ। ਹੇ ਭਾਈ, ਇਹ ਆਤਾਂ ਸਫੈਦ ਬਸਤ੍ਰ ਧਾਰਨ ਕਰਨ ਵਾਲਾ ਮਹਾਨ ਸੋਮ ਰਾਜਾ ਹੈ। ਮੈਂ ਤਾਂ ਇਨ੍ਹਾਂ ਦੀ ਇਸੇ ਰੂਪ ਵਿਚ ਉਪਾਸਨਾ ਕਰਦਾ ਹਾਂ। ਜੋ ਇਨ੍ਹਾਂ ਦੀ ਇਸ ਰੂਪ ਵਿਚ ਪੂਜਾ ਕਰਦਾ ਹੈ ਸੋਮ ਉਸ ਲਈ ਨਿੱਤ ਪੀੜਿਆ ਅਤੇ ਪਰੋਸਿਆ ਜਾਂਦਾ ਹੈ ਅਤੇ ਉਸ ਨੂੰ ਕਦੇ ਵੀ ਖਾਣ-ਪੀਣ ਦੀ ਘਾਟ ਨਹੀਂ ਹੁੰਦੀ।''

ਗਾਰਗਯ ਬਾਲਾਕੀ ਇਸ ਗੱਲ ਦਾ ਵੀ ਕਾਇਲ ਹੋ ਗਿਆ। ਹੁਣ ਉਸ ਨੇ ਇਕ ਨਵੇਂ ਬ੍ਰਹਮ ਦਾ ਪ੍ਰਗਟਾਵਾ ਕੀਤਾ। ਕਹਿਣ ਲਗਾ, ''ਇਸ ਬਿਜਲੀ ਵਿਚ ਪੁਰਸ਼ ਹੈ ਉਸਦੀ ਮੈਂ ਬ੍ਰਹਮ ਦੇ ਰੂਪ ਵਿਚ ਪੂਜਾ ਕਰਦਾ ਹਾਂ।''

ਅਜਾਤਸ਼ਤ੍ਰੂ ਇਸ ਗੱਲ 'ਤੇ ਵੀ ਆਪਣੀ ਅਸਹਿਮਤੀ ਜਤਾ ਬੈਠਾ, ''ਅਜਿਹਾ ਨਾ ਕਹੋ ਗਾਰਗਯ। ਇਸ ਨੂੰ ਤਾਂ ਮੈਂ ਤੇਜਸਵੀ ਮੰਨ ਕੇ ਉਪਾਸਨਾ ਕਰਦਾ ਹਾਂ। ਜੋ ਇਸ ਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ ਉਹ ਤੇਜਸਵੀ ਹੁੰਦਾ ਹੈ ਅਤੇ ਉਸ ਦੀ ਸੰਤਾਨ ਵੀ ਤੇਜਸਵੀ ਹੁੰਦੀ ਹੈ।''

ਗਾਰਗਯ ਹਾਰਦੇ ਹੋਏ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਸਨ, ''ਇਹ ਜੋ ਆਕਾਸ਼ ਵਿਚ ਪੁਰਸ਼ ਹੈ ਉਸੇ ਨੂੰ ਬ੍ਰਹਮ ਮਨ ਕੇ ਮੈਂ ਉਸਦੀ ਪੂਜਾ ਕਰਦਾ ਹਾਂ।

ਅਜਾਤਸ਼ਤ੍ਰੂ ਦੀ ਨਜ਼ਰ ਵਿਚ ਇਹ ਵੀ ਗਲਤ ਸੀ। ਉਹ ਇਸ ਦੀ ਪੂਜਾ ਪੂਰਣ ਅਤੇ ਅਬਦਲ ਰੂਪ ਵਿਚ ਕਰਦਾ ਸੀ ਜਿਸਦਾ ਲਾਭ ਇਹ ਸੀ ਕਿ ਅਜਿਹਾ ਕਰਨ ਵਾਲੇ ਨੂੰ ਸੰਤਾਨ ਅਤੇ ਪਸ਼ੂ-ਧਨ ਵਿਚ ਖ਼ੂਬ ਵਾਧਾ ਹੁੰਦਾ ਸੀ ਅਤੇ ਉਸ ਦੀ ਵੰਸ਼-ਪਰੰਪਰਾ ਕਦੇ ਵੀ ਨਸ਼ਟ ਨਹੀਂ ਹੁੰਦੀ ਸੀ।

ਹੁਣ ਗਾਰਗਯ ਨੇ ਵਾਯੂ ਦੇ ਸਥਿਤ ਪੁਰਸ਼ ਨੂੰ ਬ੍ਰਹਮ ਮੰਨ ਕੇ ਉਸ ਦੀ ਉਪਾਸ਼ਨਾ ਦਾ ਦਾਅਵਾ ਕੀਤਾ। ਅਜਾਤਸ਼ਤ੍ਰੂ ਨੇ ਫਿਰ ਝਿੜਕ ਦਿੱਤਾ, ''ਅਜਿਹਾ ਨਾ ਕਹਿ, ਬਾਲਾਕੀ। ਇਸ ਦੀ ਤਾਂ ਮੈਂ ਇੰਦਰ, ਬੈਕੁੰਠ ਅਤੇ ਨਾ ਜਿਤੀ ਜਾ ਸਕਣ ਵਾਲੀ ਸੈਨਾ ਦੇ ਰੂਪ ਵਿਚ

ਪੂਜਾ ਕਰਦਾ ਹਾਂ। ਅਜਿਹਾ ਕਰਨ ਵਾਲਾ ਕਦੇ ਹਾਰਦਾ ਨਹੀਂ ਹੈ ਅਤੇ ਉਸ ਨੂੰ ਆਪਣੇ ਵੈਰੀਆਂ ਉਤੇ ਸਦਾ ਜਿਤ ਪ੍ਰਾਪਤ ਹੁੰਦੀ ਹੈ।''

ਗਊਆਂ ਤਾਂ ਇਕ ਹਜ਼ਾਰ ਮਿਲ ਗਈਆਂ ਸਨ ਗਾਰਗਯ ਬਾਲਾਕੀ ਨੂੰ ਪਰ ਉਸ ਦੀ ਦੁਰਦਸ਼ਾ ਬਹੁਤ ਹੋ ਰਹੀ ਸੀ। ਆਇਆ ਸੀ ਗੁਰੂ ਬਣ ਕੇ ਉਪਦੇਸ਼ ਦੇਣ ਅਤੇ ਇਥੇ ਸੰਭਾਵਿਤ ਸ਼ਿਸ਼ ਤੋਂ ਹਰ ਵਾਕ ਤੇ ਝਿੜਕ ਖਾਣ ਨੂੰ ਮਿਲ ਰਹੀ ਸੀ। ਪਰ ਜਿਹਾ ਕਿ ਉਸ ਦਾ ਸੁਭਾਅ ਸੀ, ਉਹ ਉਸ ਲਈ ਕੋਈ ਨਵੀਂ ਚੀਜ਼ ਨਹੀਂ ਰਹੀ ਹੋਵੇਗੀ। ਇਸ ਲਈ ਉਹ ਪਿਟ ਪਿਟ ਕੇ ਪੱਕਾ ਹੁੰਦਾ ਜਾ ਰਿਹਾ ਸੀ। ਉਸ ਨੇ ਕਿਹਾ, ਅਸਲ ਵਿਚ ਮੈਂ ਅਗਨੀ ਵਿਚ ਸਥਿਤ ਪੁਰਸ਼ ਦੀ ਉਪਾਸਨਾ ਬ੍ਰਹਮ ਦੇ ਰੂਪ ਵਿਚ ਕਰਦਾ ਹਾਂ।'' ਪਰ ਅਜਾਤਸ਼ਤ੍ਰੂ ਇਸ ਤੋਂ ਕਿਥੇ ਸੰਤੁਸ਼ਟ ਹੋਣ ਵਾਲਾ ਸੀ। ਉਸ ਨੇ ਫਿਰ ਵਰਜ ਦਿੱਤਾ। ਇਸ ਦੀ ਉਪਾਸਨਾ ਅਜਾਤਸ਼ਤ੍ਰੂ ਵਿਸ਼ਾਸਹਿ ਰੂਪ ਵਿਚ ਕਰਦਾ ਸੀ। ਇਸ ਰੂਪ ਵਿਚ ਉਪਾਸਨਾ ਕਰਨ ਨਾਲ ਰਾਜਾ ਖ਼ੁਦ ਸਹਿਨਸ਼ੀਲ ਬਣ ਜਾਂਦਾ ਸੀ ਅਤੇ ਉਸ ਦੀ ਪ੍ਰਜਾ ਵੀ ਸਹਿਨਸ਼ੀਲ ਹੋ ਜਾਂਦੀ ਸੀ। ਜੇ ਰਾਜ-ਕਰਮਚਾਰੀ ਪ੍ਰਜਾ ਨਾਲ ਕੁਝ ਸਖ਼ਤਾਈ ਨਾਲ ਵੀ ਪੇਸ਼ ਆਉਣ ਤਾਂ ਉਹ ਵੀ ਦੌੜੀ ਦੌੜੀ ਸ਼ਿਕਾਇਤ ਕਰਨ ਲਈ ਰਾਜੇ ਕੋਲ ਨਹੀਂ ਚਲੀ ਆਉਂਦੀ ਸੀ। ਕੌੜੇ ਕਸੈਲੇ ਘੁਟ ਚੁੱਪਚਾਪ ਸਹਿ ਲਿਆ ਕਰਦੀ ਸੀ। ਇਸ ਲਾਭ ਨੂੰ ਵੇਖਦੇ ਹੋਇਆ ਸ਼ਾਇਦ ਹੀ ਕੋਈ ਅਜਿਹਾ ਰਾਜਾ ਹੋਵੇ ਜੋ ਇਸ ਦੀ 'ਵਿਸ਼ਾਸਹਿ' ਰੂਪ ਵਿਚ ਪੂਜਾ ਕਰਨਾ ਨਾ ਚਾਹੇ।

ਹੁਣ ਗਾਰਗਯ ਨੂੰ ਜਲ ਵਿਚ ਬ੍ਰਹਮ ਦਿਸਣ ਲਗਾ ਅਤੇ ਯਾਦ ਆਇਆ ਕਿ ਉਹ ਤਾਂ ਇਸੇ ਦੀ ਉਪਾਸਨਾ ਬ੍ਰਹਮ ਦੇ ਰੂਪ ਵਿਚ ਕਰਦਾ ਆਇਆ ਸੀ। ਅਜਾਤਸ਼ਤ੍ਰੂ ਪ੍ਰਤਿਰੂਪ ਰੂਪ ਵਿਚ ਇਸ ਦੀ ਉਪਾਸਨਾ ਕਰਦਾ ਆਇਆ ਸੀ ਜਿਸ ਕਰਕੇ ਉਸ ਦੇ ਸਾਹਮਣੇ ਜੋ ਵੀ ਆਏ ਉਸ ਦਾ ਪ੍ਰਤਿਰੂਪ ਬਣ ਕੇ ਹੀ ਆਏ ਅਤੇ ਉਸ ਦੀਆਂ ਸੰਤਾਨਾਂ ਵੀ ਉਸਦੇ ਪ੍ਰਤਿਰੂਪ ਹੀ ਹੋਣ।

ਗਾਰਗਯ ਦਰਪਣ ਉਤੇ ਆ ਪਹੁੰਚਿਆ। ਦਰਪਣ ਵਿਚ ਪੈਣ ਵਾਲੀ ਪਰਛਾਈ ਦੀ ਪੂਜਾ ਵੀ ਉਹ ਬ੍ਰਹਮ ਦੇ ਰੂਪ ਵਿਚ ਕਰਦਾ ਆਇਆ ਸੀ। ਪਰ ਇਸ ਦੀ ਉਪਾਸਨਾ ਅਜਾਤਸ਼ਤ੍ਰੂ ਰੋਚਿਸ਼ਣੂ ਜਾਂ ਦੇਦੀਪਯਮਾਨ ਰੂਪ ਵਿਚ ਕਰਦਾ ਮਿਲਿਆ, ਇਸ ਲਈ ਇਸ ਦੇ ਲਾਭ ਦੱਸ ਕੇ ਉਸ ਨੇ ਬਾਲਾਕੀ ਨੂੰ ਫਿਰ ਝਿੜਕ ਦਿੱਤਾ। ਰੋਚਿਸ਼ਣੂ ਰੂਪ ਵਿਚ ਇਸ ਪੁਰਸ਼ ਜਾਂ ਪ੍ਰਤਿਬਿੰਬ (ਪਰਛਾਈ) ਦੀ ਪੂਜਾ ਕਰਨ ਵਾਲੇ ਦਾ ਲਾਭ ਇਹ ਸੀ ਕਿ ਮਨੁੱਖ ਖ਼ੁਦ ਤਾਂ ਰੋਚਿਸ਼ਣੂ ਹੁੰਦਾ ਹੀ ਹੈ, ਉਸ ਦੇ ਆਲੇ ਦੁਆਲੇ ਦੇ ਲੋਕ ਵੀ ਰੋਚਿਸ਼ਣੂ ਹੋ ਜਾਂਦੇ ਸਨ।

ਗਾਰਗਯ ਕਹਿਣ ਲੱਗਾ, ''ਰਾਤ ਵਿਚ ਇਕਲੇ ਚਲਣ ਵੇਲੇ ਇਹ ਮਹਿਸੂਸ ਹੁੰਦਾ ਹੈ ਕਿ ਕੋਈ ਸਾਡੇ ਪਿੱਛੇ ਚੁੱਪਚਾਪ ਚਲਿਆ ਆ ਰਿਹਾ ਹੈ। ਮੈਂ ਪਿਛੇ ਚਲਣ ਵਾਲੇ ਇਸ ਪੁਰਸ਼ ਦੀ ਪੂਜਾ ਬ੍ਰਹਮ ਰੂਪ ਵਿਚ ਕਰਦਾ ਹਾਂ।''

ਅਜਾਤਸ਼ਤ੍ਰੂ ਨੇ ਕਿਹਾ, ''ਇਸ ਦੀ ਤਾਂ ਮੈਂ ਪ੍ਰਾਣ ਰੂਪ ਵਿਚ ਉਪਾਸਨਾ ਕਰਦਾ ਹਾਂ। ਜੋ ਇਸ ਨੂੰ ਇਸ ਰੂਪ ਵਿਚ ਜਾਣਦਾ ਅਤੇ ਇਸ ਦੀ ਇਸ ਰੂਪ ਵਿਚ ਉਪਾਸਨਾ ਕਰਦਾ ਹੈ, ਉਸ ਨੂੰ ਪੂਰੀ ਉਮਰ ਪ੍ਰਾਪਤ ਹੁੰਦੀ ਹੈ। ਉਸ ਦੀ ਬੇ-ਵਕਤੀ ਮਿਰਤੂ ਨਹੀਂ ਹੁੰਦੀ।''

ਬਾਲਾਕੀ ਇਸ ਤਰ੍ਹਾਂ ਘਿਰ ਗਿਆ ਸੀ ਕਿ ਉਸ ਨੂੰ ਭੱਜਣ ਦਾ ਕੋਈ ਰਾਹ ਨਹੀਂ ਸੁਝ ਰਿਹਾ ਸੀ। ਹੁਣ ਉਸਨੇ ਦੱਸਿਆ ਕਿ "ਉਹ ਦਿਸ਼ਾਵਾਂ ਵਿਚ ਸਥਿਤ ਪੁਰਸ਼ ਦੀ ਉਪਾਸਨਾ ਬ੍ਰਹਮ ਰੂਪ ਵਿਚ ਕਰਦਾ ਹੈ।" ਉਸ ਨੂੰ ਫਿਰ ਝਿੜਕ ਖਾਣੀ ਪਈ, "ਅਜਿਹਾ ਨਾ ਕਹਿ ਬਾਲਾਕੀ, ਇਸ ਦੀ ਤਾਂ ਮੈਂ ਅਨਪਗ ਰੂਪ ਵਿਚ ਪੂਜਾ ਕਰਦਾ ਹਾਂ। ਇਸ ਨਾਲ ਮਨੁੱਖ ਦੇ ਗਣ (ਜਾਤਿ) ਦਾ ਵਿਛੋੜਾ ਨਹੀਂ ਹੁੰਦਾ।"

ਗਾਰਗਯ ਦੇ ਮੁਖ ਉਤੇ ਹਵਾਈਆਂ ਉਡਣ ਲਗੀਆਂ। ਉਸ ਨੇ ਫਿਰ ਇਕ ਯਤਨ ਕੀਤਾ, "ਮਨੁੱਖ ਦੀ ਛਾਇਆ ਵਿਚ ਸਥਿਤ ਪੁਰਸ਼ ਦੀ ਉਪਾਸਨਾ ਮੈਂ ਬ੍ਰਹਮ ਰੂਪ ਵਿਚ ਕਰਦਾ ਹਾਂ।"

ਅਜਾਤਸ਼ਤ੍ਰੂ ਬੋਲਿਆ, "ਕਿਹੋ ਜਿਹੀਆਂ ਗੱਲਾਂ ਕਰਦੇ ਹੋ, ਗਾਰਗਯ। ਇਸ ਦੀ ਉਪਾਸਨਾ ਤਾਂ ਮੈਂ ਮਿਰਤੂ ਦੇ ਰੂਪ ਵਿਚ ਕਰਦਾ ਹਾਂ ਜਿਸ ਤੋਂ ਪੂਰਣ ਆਯੂ ਪ੍ਰਾਪਤ ਹੋਏ ਅਤੇ ਸਮੇਂ ਤੋਂ ਪਹਿਲਾਂ ਮਿਰਤੂ ਨਾ ਹੋਵੇ।"

ਦ੍ਰਿਪਤ ਬਾਲਾਕੀ ਰੋਣ-ਹਾਕਾ ਹੋ ਗਿਆ, ਤਦੋਂ ਉਸ ਨੂੰ ਆਸ ਦੀ ਇਕ ਕਿਰਣ ਦਿਸੀ। ਤਤਵਮਸਿ। ਤੁਸੀਂ ਉਹੀ ਹੋ। ਉਸ ਨੂੰ ਪਛਤਾਵਾ ਹੋਇਆ ਕਿ ਉਸ ਨੂੰ ਹੁਣ ਤਕ ਇਹ ਵਾਕ ਯਾਦ ਕਿਉਂ ਨਹੀਂ ਆਇਆ। ਹਿੰਮਤ ਕਰ ਕੇ ਉਸ ਨੇ ਕਿਹਾ, "ਆਤਮਾ ਵਿਚ ਜੋ ਪੁਰਸ਼ ਹੈ, ਉਸ ਦੀ ਬ੍ਰਹਮ ਦੇ ਰੂਪ ਵਿਚ ਮੈਂ ਉਪਾਸਨਾ ਕਰਦਾ ਹਾਂ।"

ਇਹ ਅਖੀਰਲਾ ਦਾਅ ਵੀ ਨਿਸ਼ਾਣੇ 'ਤੇ ਨਾ ਲਗਿਆ। ਅਜਾਤਸ਼ਤ੍ਰੂ ਨੇ ਕਿਹਾ, "ਅਜਿਹਾ ਨਾ ਆਖੋ। ਇਸ ਦੀ ਤਾਂ ਮੈਂ ਆਤਮਸਵੀ ਰੂਪ ਵਿਚ ਪੂਜਾ ਕਰਦਾ ਹਾਂ। ਅਜਿਹਾ ਕਰਨ ਵਾਲੇ ਦੀ ਸੰਤਾਨ ਵੀ ਆਤਮ-ਵਾਨ ਹੁੰਦੀ ਹੈ।"

ਹੁਣ ਦ੍ਰਿਪਤ ਬਾਲਾਕੀ ਦਾ ਭੱਥ ਖਾਲੀ ਹੋ ਚੁੱਕਿਆ ਸੀ। ਉਸ ਨੇ ਹੱਥ ਜੋੜ ਲਏ। ਰਾਜਨ, ਮੈਨੂੰ ਜੋ ਕੁਝ ਪਤਾ ਸੀ, ਸਭ ਮੈਂ ਆਪ ਜੀ ਨੂੰ ਦੱਸ ਦਿੱਤਾ। ਇਸ ਤੋਂ ਵਧ ਦਾ ਗਿਆਨ ਮੈਨੂੰ ਨਹੀਂ ਹੈ।"

ਅਜਾਤਸ਼ਤ੍ਰੂ ਨੇ ਕਿਹਾ, "ਏਨੇ ਨਾਲ ਤਾਂ ਬ੍ਰਹਮ ਦਾ ਅਤਾ-ਪਤਾ ਮਾਲੂਮ ਹੁੰਦਾ ਨਹੀਂ।"

ਗੌਰਗਯ ਨੇ ਕਿਹਾ, "ਹੁਣ ਆਪ ਹੀ ਮੈਨੂੰ ਉਪਸੰਪਦਾ (ਦੀਖਿਆ) ਦਿਉ।"

ਅਜਾਤਸ਼ਤ੍ਰੂ ਨੇ ਕਿਹਾ, "ਅੱਜ ਤਕ ਤਾਂ ਬ੍ਰਾਹਮਣ ਹੀ ਛਤ੍ਰੀਆਂ ਨੂੰ ਦੀਖਿਆ ਦਿੰਦੇ ਆਏ ਸਨ। ਕੋਈ ਬ੍ਰਾਹਮਣ ਆ ਕੇ ਛਤ੍ਰੀ ਨੂੰ ਕਹੇ ਕਿ ਮੈਨੂੰ ਦੀਖਿਆ ਦਿਓ, ਇਹ ਤਾਂ ਉਲਟੀ ਗੱਲ ਹੋ ਜਾਏਗੀ। ਫਿਰ ਵੀ ਮੈਨੂੰ ਤੈਨੂੰ ਗਿਆਨ ਤਾਂ ਦੇਣਾ ਹੀ ਹੋਏਗਾ। ਹੁਣ ਅਜਾਤਸ਼ਤ੍ਰੂ ਨੇ ਉਸਦਾ ਹੱਥ ਫੜ ਕੇ ਉਠਾਇਆ ਅਤੇ ਦੋਵੇਂ ਇਕ ਸੁੱਤੇ ਹੋਏ ਪੁਰਸ਼ ਕੋਲ ਗਏ। ਅਜਾਤਸ਼ਤ੍ਰੂ ਨੇ ਉਸ ਨੂੰ ਕਿਹਾ, "ਹੇ ਬ੍ਰਹਮਨ, ਹੇ ਸ਼ੁਕਲਬਸਤ੍ਰਧਾਰੀ, ਹੇ ਸੋਮ ਰਾਜਾ।" ਪਰ ਉਸ 'ਤੇ ਕੋਈ ਅਸਰ ਨਾ ਹੋਇਆ। ਫਿਰ ਉਸ ਨੇ ਉਸਦਾ ਹੱਥ ਦਬਾ ਕੇ ਜਗਾਇਆ ਅਤੇ ਉਹ ਉਠ ਬੈਠਾ।

ਅਜਾਤਸ਼ਤ੍ਰੂ ਨੇ ਪੁੱਛਿਆ, "ਕੀ ਤੁਸੀਂ ਦਸ ਸਕਦੇ ਹੋ ਕਿ ਇਹ ਵਿਗਿਆਨਮਈ ਪੁਰਸ਼ ਸੌਣ ਵੇਲੇ ਕਿਥੇ ਚਲਿਆ ਗਿਆ ਸੀ ਕਿ ਇਸਨੂੰ ਅਸੀਂ ਆਵਾਜ਼ ਦਿੱਤੀ ਤਾਂ ਉਸਨੂੰ

ਇਸ ਦਾ ਅਹਿਸਾਸ ਨਹੀਂ ਹੋਇਆ। ਅਤੇ ਫਿਰ ਇਹ ਆ ਕਿਥੋਂ ਗਿਆ?''

ਗਾਰਗਯ ਨੂੰ ਇਸ ਦਾ ਉੱਤਰ ਨਾ ਸੁਝਿਆ।

ਅਜਾਤਸ਼ਤ੍ਰੂ ਨੇ ਦੱਸਿਆ ਕਿ ਸੌਣ ਵੇਲੇ ਇਹ ਆਪਣੇ ਵਿਗਿਆਨ ਰਾਹੀਂ ਪ੍ਰਾਣਾਂ ਦੇ ਵਿਗਿਆਨ ਨੂੰ ਗ੍ਰਹਿਣ ਕਰਕੇ ਹਿਰਦੇ ਦੇ ਆਕਾਸ਼ ਵਿਚ ਸੌਂ ਰਿਹਾ ਸੀ। ਜਿਸ ਵੇਲੇ ਇਹ ਉਨ੍ਹਾਂ ਵਿਗਿਆਨਾਂ ਨੂੰ ਗ੍ਰਹਿਣ ਕਰ ਲੈਂਦਾ ਹੈ ਉਸ ਸਮੇਂ ਇਸਦਾ ਨਾਂ ਸਵਪਿਤਿ ਹੁੰਦਾ ਹੈ। ਉਸ ਸਮੇਂ ਪ੍ਰਾਣ ਪਕੜਿਆ ਰਹਿੰਦਾ ਹੈ। ਬਾਣੀ ਪਕੜੀ ਰਹਿੰਦੀ ਹੈ। ਚਕਸ਼ੂ (ਅੱਖਾਂ) ਪਕੜਿਆ ਰਹਿੰਦਾ ਹੈ। ਸ੍ਰੋਤ ਪਕੜੇ ਰਹਿੰਦੇ ਹਨ। ਮਨ ਪਕੜਿਆ ਰਹਿੰਦਾ ਹੈ।

ਉਸ ਨੇ ਅਗੇ ਸਮਝਾਇਆ, ''ਜਿਸ ਵੇਲੇ ਇਹ ਸੁਪਨੇ ਵਿਚ ਲੀਨ ਰਹਿੰਦਾ ਹੈ, ਉਸ ਵੇਲੇ ਉਸ ਦੇ ਸਨਮੁਖ ਲੋਕ ਜਾਂ ਅਨੁਭਵ ਜਗਤ ਮੌਜੂਦ ਹੁੰਦਾ ਹੈ। ਉਸ ਦੀਆਂ ਸਮ੍ਰਿਤੀਆਂ ਪ੍ਰਗਟ ਹੁੰਦੀਆਂ ਹਨ। ਉਸ ਅਵਸਥਾ ਵਿਚ ਵੀ ਉਸ ਦੀ ਭੇਦ-ਬੁੱਧੀ ਕਾਇਮ ਰਹਿੰਦੀ ਹੈ। ਸ੍ਰੇਸ਼ਠਤਾ ਅਤੇ ਹੀਨਤਾ ਦਾ ਭਾਵ ਬਣਿਆ ਰਹਿੰਦਾ ਹੈ। ਵਰਣ ਅਤੇ ਜਾਤੀ ਦੀ ਚੇਤਨਾ ਵੀ ਬਣੀ ਰਹਿੰਦੀ ਹੈ। ਜਿਵੇਂ ਕੋਈ ਰਾਜਾ ਆਪਣੀ ਅਧੀਨਗੀ ਵਿਚ ਰਹਿਣ ਵਾਲੇ ਕਰਮਚਾਰੀਆਂ ਨੂੰ ਲੈ ਕੇ ਮਨ-ਚਾਹੇ ਰੂਪ ਵਿਚ ਆਪਣੇ ਜਨਪਦ ਵਿਚ ਵਿਚਰ ਰਿਹਾ ਹੋਵੇ, ਉਸੇ ਤਰ੍ਹਾਂ ਇਹ ਪ੍ਰਾਣਾਂ ਨੂੰ ਲੈ ਕੇ ਸਰੀਰ ਵਿਚ ਇੱਛਾ ਅਨੁਸਾਰ ਵਿਚਰਦਾ ਹੈ – **ਯਥਾ ਮਹਾਰਾਜੋ ਜਾਨਪਦਾਨ ਗ੍ਰਿਹੀਤਵਾ ਸਵੇ ਜਨਪਦੇ ਯਥਾਕਾਮ ਪਰਿਵਰਤਤੇ ਏਵੇ ਏਸ਼ ਏਤਤ ਪ੍ਰਾਣਾਨ ਗ੍ਰਿਹੀਤ੍ਵਾ ਸਵੇ ਯਥਾਕਾਮੰ ਪਰਿਵਰਤਤੇ।**

''ਗੂੜ੍ਹੀ ਨੀਂਦਰ ਜਾਂ ਸੁਖੁਪਤੀ ਵਿਚ ਇਹ ਕੁਝ ਨਹੀਂ ਜਾਣਦਾ। ਇਹ ਪੂਰੀ ਤਰ੍ਹਾਂ ਅਚੇਤ ਹੋ ਜਾਂਦਾ ਹੈ। ਸਾਡੇ ਸਰੀਰ ਵਿਚ 'ਹਿਤਾ' ਨਾਂ ਦੀਆਂ ਬਹੱਤਰ ਹਜ਼ਾਰ ਨਾੜੀਆਂ ਹਨ। ਇਹ ਹਿਰਦੇ ਤੋਂ ਲੈ ਕੇ ਪੂਰੇ ਸਰੀਰ ਵਿਚ ਵਿਆਪਤ ਹਨ। ਇਹ ਉਨ੍ਹਾਂ ਰਾਹੀਂ ਪੂਰੇ ਸਰੀਰ ਵਿਚ ਵਿਆਪਤ ਹੋ ਕੇ ਬੁੱਧੀ ਨਾਲ ਸੌਂਦਾ ਹੈ। ਉਸ ਵੇਲੇ ਉਸ ਦੀ ਅਵਸਥਾ ਉਹੋ ਜਿਹੀ ਹੀ ਹੁੰਦੀ ਹੈ ਜਿਹੋ ਜਿਹੀ ਕੋਈ ਰਾਜਾ ਜਾਂ ਮਹਾਬ੍ਰਾਹਮਣ ਜਾਂ ਬਾਲਕ ਆਨੰਦ ਦੀ ਉਸ ਅਵਸਥਾ ਵਿਚ ਪਹੁੰਚ ਕੇ ਸੌਂਵੇ ਜਿਸ ਵਿਚ ਨਾ ਚਿੰਤਾ ਹੁੰਦੀ ਹੈ, ਨਾ ਫ਼ਿਕਰ, ਨਾ ਘਬਰਾਹਟ ਹੁੰਦੀ ਹੈ, ਨਾ ਖੇਦ, ਨਾ ਦੁਖ, ਨਾ ਅਭਾਵ।''

ਅਤੇ ਫਿਰ ਅਜਾਤਸ਼ਤ੍ਰੂ ਨੇ ਆਪਣਾ ਆਖਰੀ ਸੂਤ੍ਰ ਸਮਝਾਇਆ, ''ਜਿਵੇਂ ਮੱਕੜੀ ਆਪਣੀ ਹੀ ਨਾਭੀ ਵਿਚੋਂ ਤਾਰ ਕੱਢ ਕੇ ਆਪਣਾ ਜਾਲਾ ਬੁਣਦੀ ਹੈ, ਜਾਂ ਜਿਵੇਂ ਬਲਦੀ ਹੋਈ ਅੱਗ ਤੋਂ ਅਨੰਤ ਨਿੱਕੀਆਂ ਨਿੱਕੀਆਂ ਚਿੰਗਾਰੀਆਂ ਨਿਕਲਦੀਆਂ ਹਨ, ਉਸੇ ਤਰ੍ਹਾਂ ਸਾਰੇ ਪ੍ਰਾਣ, ਸਾਰੇ ਲੋਕ, ਸਾਰੇ ਦੇਵਗਣ ਅਤੇ ਸਾਰੇ ਭੂਤ ਸਮੁੱਚ, ਆਤਮਾ ਤੋਂ ਵੱਖਰੇ ਵੱਖਰੇ ਰੂਪਾਂ ਵਿਚ ਪੈਦਾ ਹੁੰਦੇ ਹਨ। ਇਹੀ ਸੱਚਾਂ ਦਾ ਸੱਚ ਹੈ। ਇਹੀ ਪ੍ਰਾਣਾਂ ਦਾ ਪ੍ਰਾਣ ਹੈ। ਇਹੀ ਗੂੜ੍ਹ ਬ੍ਰਹਮ-ਵਿਦਿਆ ਜਾਂ ਉਪਨਿਸ਼ਦ ਹੈ।'' ਇਸ ਉਪਦੇਸ਼ ਤੋਂ ਬਾਅਦ ਗਾਰਗਯ ਦ੍ਰਿਪਤ ਬਾਲਾਕੀ ਦਾ ਘੁਮੰਡ ਅਤੇ ਮੁੰਡਪੁਣਾ ਦੋਵੇਂ ਖਤਮ ਹੋ ਗਏ।

Printed at Tarang Printers, Delhi-110092

ਵੇਦ, ਪੁਰਾਣ, ਉਪਨਿਸ਼ਦ ਆਦਿ ਅਜਿਹੇ ਸਾਂਸਕ੍ਰਿਤਕ [illegible] ਆਂ ਤੋਂ ਸਾਡੀ ਸਭਿਅਤਾ ਦੇ ਵਿਕਾਸ ਦਾ ਸਭਿਅਕ ਰੂਪ ਸੰਕਲਿਤ ਹੈ [illegible] ਵਿਅਕਤੀ-ਕਥਾ ਵੀ ਕਿੱਸਾਗੋਈ ਦੇ ਸੰਜੋਗ ਨਾਲ ਸਮਾਂ ਪਾ ਕੇ ਵਿਚਿੱਤਰ [illegible] ਅਤੇ ਫਿਰ ਇਹ ਹੀ ਸਾਰੀਆਂ ਗੱਲਾਂ ਬਾਅਦ ਵਿਚ ਦੰਦ ਕਥਾ, ਪੁਰਾਣ ਕਥਾ, [illegible] ਕਥਾ ਅਤੇ ਮਿਥਿਕ ਦੇ ਰੂਪ ਵਿਚ ਜਾਣੀਆਂ ਗਈਆਂ।

ਅੱਜ ਦਾ ਸਾਹਿਤ ਪੁਰਾਣੇ ਮਿਥਕ ਦੀ ਨਵੀਂ ਵਿਆਖਿਆ ਕਰਨ ਲੱਗਾ ਹੈ। ਹੱਥਲੀ ਪੁਸਤਕ ਉਪਨਿਸ਼ਦਾਂ ਦੀਆਂ ਕਹਾਣੀਆਂ ਦੀ ਨਵੀਂ ਵਿਆਖਿਆ ਕਰਦੀ ਹੈ। ਇਨ੍ਹਾਂ ਵਿਚ ਨਾ ਕੇਵਲ ਕਹਾਣੀਆਂ ਦਾ ਹੂ-ਬ-ਹੂ ਅਨੁਵਾਦ ਪੇਸ਼ ਕੀਤਾ ਗਿਆ ਹੈ, ਸਗੋਂ ਥਾਂ ਥਾਂ ਉਨ੍ਹਾਂ ਦੀ ਕਥਾ, ਉਪ-ਕਥਾ ਦੀਆਂ ਖ਼ੂਬੀਆਂ, ਖ਼ਾਮੀਆਂ ਵੱਲ ਸੰਕੇਤ ਕਰਦਿਆਂ ਬਹੁਤ ਹੀ ਦਿਲਚਸਪ ਵਿਆਖਿਆ ਵੀ ਕੀਤੀ ਗਈ ਹੈ। ਇਹ ਵਿਆਖਿਆ ਜਿਥੇ ਇਕ ਪਾਸੇ ਸਾਧਾਰਨ ਪਾਠਕ ਦਾ ਉਪਨਿਸ਼ਦਾਂ ਦੀਆਂ ਕਹਾਣੀਆਂ ਨਾਲ ਪਰਿਚਯ ਕਰਾਉਂਦੀ ਹੈ ਉਥੇ ਦੂਜੇ ਪਾਸੇ ਸਦੀਆਂ ਤੋਂ ਪੱਸਰੀ ਵਰਗ-ਵਿਵਸਥਾ ਅਤੇ ਵਰਣ-ਵਿਵਸਥਾ ਦੀਆਂ ਊਣਤਾਈਆਂ 'ਤੇ ਵਿਅੰਗ ਵੀ ਕਰਦੀ ਹੈ।

ਇਸ ਪੁਸਤਕ ਦੇ ਲੇਖਕ ਭਗਵਾਨ ਸਿੰਘ (ਜਨਮ : 1921) ਹਨ। ਇਨ੍ਹਾਂ ਦੀਆਂ ਮਹੱਤਵਪੂਰਣ ਰਚਨਾਵਾਂ ਹਨ : ਅਪਨੇ ਸਮਾਨਾਂਤਰ (ਕਾਵਿ ਸੰਗ੍ਰਹਿ); ਕਾਲੇ ਉਜਲੇ ਪੀਲੇ, ਮਹਾਂਭਿਸ਼ਵ, ਅਪਨੇ ਆਪਨੇ ਰਾਮ (ਨਾਵਲ); ਆਰੀਆ ਦਰਾਵੜ ਭਾਸ਼ਾਓਂ ਕੀ ਮੂਲਭੂਤ ਏਕਤਾ, ਹੜੱਪਾ ਸਭਿਅਤਾ ਅਤੇ ਵੈਦਿਕ ਸਾਹਿਤ (ਸ਼ੋਧ ਗ੍ਰੰਥ)।

ਇਸ ਪੁਸਤਕ ਦਾ ਪੰਜਾਬੀ ਅਨੁਵਾਦ ਪੰਜਾਬੀ ਦੇ ਪ੍ਰਸਿੱਧ ਆਲੋਚਕ, ਸੰਪਾਦਕ ਅਤੇ ਅਨੁਵਾਦਕ ਡਾ. ਰਤਨ ਸਿੰਘ ਜੱਗੀ ਨੇ ਸਰਲ, ਸਪੱਸ਼ਟ ਤੇ ਰੋਚਿਕ ਸ਼ੈਲੀ ਵਿਚ ਕੀਤਾ ਹੈ।

ਮੁੱਲ : 45.00

ISBN 978-81-237-2855-1

ਨੈਸ਼ਨਲ ਬੁਕ ਟਰੱਸਟ, ਇੰਡੀਆ